ਕਾਮਾਗਾਟਾ ਮਾਰੂ ਦਾ ਸਫਰ

ਸਿੱਖ ਜੋਹਨਸਟਨ

ਸਿੱਖਾਂ ਦੀ ਕੈਨੇਡਾ ਦੇ ਨਸਲਵਾਦ ਨੂੰ ਚੁਣੌਤੀ

ਕਾਮਾਗਾਟਾ ਮਾਰੂ ਦਾ ਸਫਰ

ਹਿਊ ਜੌਹਨਸਟਨ

ਸੰਨ 1989 ਇਤਿਹਾਸ ਵਿਚ ਇਕ ਨਾਟਕੀ-ਅਚੰਭੇ ਵਾਲੀ ਘਟਨਾ ਦੀ 75 ਵੀਂ ਵਰ੍ਹੇ ਗੰਢ ਹੈ। ਇਹ ਘਟਨਾ ਸਿੱਖ ਕਿਸਾਨਾਂ ਦੇ ਇਕ ਗਰੁੱਪ ਵਲੋਂ ਕੈਨੇਡਾ ਦੇ ਪਰਿਵਾਸੀ ਕਾਨੂੰਨਾਂ ਨੂੰ ਵੰਗਾਰਨ ਦਾ ਇਕ ਅਸਧਾਰਨ ਅਤੇ ਦ੍ਰਿੜ ਯਤਨ ਸੀ। "ਕਾਮਾਗਾਟਾਮਾਰੂ ਦਾ ਸਫਰ" ਵਿਚ ਇਸ ਯਤਨ ਦਾ ਵਰਨਣ ਕੀਤਾ ਗਿਆ ਹੈ।

ਮਈ, 1914 ਵਿਚ 400 ਸਿੱਖ, ਬਰਤਾਨਵੀ ਸਲਤਨਤ ਵਿਚ ਗੋਰੇ ਸ਼ਹਿਰੀਆਂ ਦੇ ਬਰਾਬਰ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਅਤੇ ਕੈਨੇਡਾ ਵਿਚ ਪ੍ਰਵੇਸ਼ ਕਰਨ ਦੇ ਦ੍ਰਿੜ੍ਹ ਸੰਕਲਪ ਨਾਲ, ਇਕ ਚਾਰਟਰਡ ਸਮੁੰਦਰੀ ਜਹਾਜ ਰਾਹੀਂ ਬ੍ਰਿਟਿਸ਼ ਕੋਲੰਬੀਆ ਨੂੰ ਰਵਾਨਾ ਹੋਏ। ਉਹਨਾਂ ਨੂੰ ਵੈਨਕੂਵਰ ਤੋਂ ਪਰ੍ਹੇ ਲੰਗਰ ਸੁਟ ਕੇ ਖੜ੍ਹਨਾ ਪਿਆ। ਜੀਵਨ ਦੀਆਂ ਲੋੜਾਂ ਤੋਂ ਉਕਾ ਵਾਂਝੇ ਭੁਖੇ ਭਾਣੇ, ਇੰਮੀਗਰੇਸ਼ਨ ਦੇ ਅਮਲੇ ਵਲੋਂ ਅਤਿ ਦੀ ਪ੍ਰੇਸ਼ਾਨੀ ਝਲਦੇ ਰਹੇ। ਪਰ ਉਹਨਾਂ ਨੇ ਕੇਂਦਰੀ ਸਰਕਾਰ ਦੇ ਉਹਨਾਂ ਨੂੰ ਡਿਪੋਰਟ ਕਰਨ ਦੇ ਆਦੇਸ਼ਾਂ ਦੀ ਪ੍ਰਵਾਹ ਨ ਕੀਤੀ, ਤਾਂਹ ਵੀ, ਜਦੋਂ ਕਨੇਡੀਅਨ ਸਰਕਾਰ ਨੇ ਉਹਨਾਂ ਅਦੇਸ਼ਾਂ ਨੂੰ ਗੱਨ ਬੋਟਾਂ ਨਾਲ ਲਾਗੂ ਕਰਨ ਦੇ ਯਤਨ ਕੀਤੇ। ਅਖੀਰ ਵਿਚ ਇਸ ਗਰੁੱਪ ਦੇ ਨੇਤਾਵਾਂ ਨੂੰ, ਜਿਹੜੇ ਕਿ ਹਿੰਦ ਦੀਆਂ ਕੌਮਵਾਦੀ ਤੇ ਅਤਿਵਾਦੀ ਲਹਿਰਾਂ ਨਾਲ ਸੰਬੰਧਤ ਖਿਆਲ ਕੀਤੇ ਜਾਂਦੇ ਸਨ, ਵਾਪਸ ਜਾਣ ਲਈ ਮਨਾ ਲਿਆ ਗਿਆ। ਉਸ ਸਮੇਂ ਤੀਕਰ ਉਹਨਾਂ ਦੇ ਮਨ ਅੰਗਰੇਜ਼ੀ ਰਾਜ ਦੇ ਵਿਰੁੱਧ ਤਿੱਖੀਆਂ ਕ੍ਰਾਂਤੀਕਾਰੀ ਭਾਵਨਾਵਾਂ ਨਾਲ ਭਰੇ ਹੋਏ ਸਨ। ਉਤਰਨ ਤੇ ਮੁਸਾਫਰਾਂ ਨੂੰ ਕੰਟਰੋਲ ਕਰਨ ਲਈ ਪੋਲੀਸ ਨੇ ਉਹਨਾਂ ਤੇ ਗੋਲੀ ਚਲਾ ਦਿੱਤੀ। ਕੁਝ ਮੁਸਾਫਰ ਮਾਰੇ ਗਏ। ਕਾਮਾਗਾਟਾ ਮਾਰੂ ਦੀ ਘਟਨਾ ਜੋ ਭਾਰਤੀ ਅਤੇ ਕੈਨੇਡਾ ਦੀਆਂ ਸਰਕਾਰਾਂ ਲਈ ਪਹਿਲਾ ਹੀ ਅਤਿ ਦਿਲਚਸਪੀ ਅਤੇ ਚਿੰਤਾ ਦਾ ਕਾਰਨ ਬਣ ਚੁੱਕੀ ਸੀ, ਹੁਣ ਹਿੰਦੁਸਤਾਨੀ ਦੇਸ਼ ਭਗਤਾਂ ਲਈ ਟ੍ਰੈਜਿਡੀ ਭਰਪੂਰ ਮਹੱਤਤਾ ਧਾਰਨ ਕਰ ਗਈ। ਜਿਸ ਦੀ ਤੁਲਨਾਂ ਜੱਲ੍ਹਿਆਂ ਵਾਲੇ ਬਾਗ ਨਾਲ ਕੀਤੀ ਜਾ ਸਕਦੀ ਸੀ। ਇਸ ਦੇ ਨੇਤਾ ਗੁਰਦਿੱਤ ਸਿੰਘ ਨੂੰ ਪ੍ਰਸਿੱਧ ਕਾਂਗਰਸੀ ਨੇਤਾਵਾਂ ਵਲੋਂ ਇਨਕਲਾਬੀ ਨਾਇਕ ਦਾ ਰੁਤਬਾ ਦਿੱਤਾ ਗਿਆ।

ਲੇਖਕ ਨੇ ਇਸ ਰੌਂਗਟੇ ਖੜੇ ਕਰਨ ਵਾਲੀ ਘਟਨਾ ਦੀ ਪਹਿਲੀ ਵਾਰ ਭਰਪੂਰ ਖੋਜ ਕੀਤੀ ਹੈ ਅਤੇ ਇਸ ਨੂੰ ਕੈਨੇਡੀਅਨ ਅਤੇ ਭਾਰਤੀ ਦਫਤਰੀ ਦਸਤਾਵੇਜ਼ਾਂ, ਅਤੇ ਪੁਸਤਕ ਲਿਖਣ ਸਮੇਂ ਇੱਕੋ ਇੱਕ ਜੀਉਂਦੇ ਮੁਸਾਫਰ ਦੀਆਂ ਯਾਦਾਂ ਤੇ ਆਧਾਰਿਤ ਕੀਤਾ ਹੈ। ਭਾਰਤੀ ਕੌਮੀ ਲਹਿਰ ਦੇ ਵਿਦਿਆਰਥੀਆਂ ਤੋਂ ਇਲਾਵਾ "ਕਾਮਾਗਾਟਾ ਮਾਰੂ ਦਾ ਸਫਰ" ਉਹਨਾ ਲੋਕਾਂ ਲਈ ਭੀ ਮਹੱਤਵਪੂਰਣ ਹੈ ਜਿਹਨਾਂ ਨੂੰ ਨਸਲੀ ਸੰਬੰਧਾਂ ਅਤੇ ਬ੍ਰਤਾਨਵੀ ਸਲਤਨਤ ਵਿਚ ਪਰਿਵਾਸ ਦੇ ਕਾਨੂੰਨਾਂ ਵਿਚ ਦਿਲਚਸਪੀ ਹੈ।

ਹਿਊਜੌਹਨਸਟਨ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਇਤਿਹਾਸ ਦਾ ਪ੍ਰੋਫੈਸਰ ਹੈ। "ਬ੍ਰਿਟਿਸ਼ ਇਮੀਗਰੇਸ਼ਨ ਪਾਲਿਸੀ, 1815-1830, ਅਤੇ ਸੋਵਲਿੰਗ ਆਊਟ ਪਾਪਰਜ਼" (1972) ਪੁਸਤਕਾਂ ਦਾ ਲੇਖਕ ਹੈ।

-

ਕਾਮਾਗਾਟਾ ਮਾਰੂ ਦਾ ਸਫਰ

ਸਿੱਖਾਂ ਦੀ ਕੈਨੇਡਾ ਦੇ ਨਸਲਵਾਦ ਨੂੰ ਚੁਣੌਤੀ

ਹਿਊ ਜੌਹਨਸਟਨ

ਅਨੁਵਾਦਕ: ਦਲੀਪ ਸਿੰਘ ਉੱਪਲ ਐਮ. ਏ. ਬੀ. ਟੀ.
ਸੋਧ: ਅਜਮੇਰ ਰੋਡੇ

ਪ੍ਰਕਾਸ਼ਕ: ਦੀ ਪ੍ਰੋਗ੍ਰੈਸਿਵ ਇੰਡੋਕਨੇਡੀਅਨ ਕਮਿਊਨਿਟੀ ਸਰਵਿਸਜ਼ ਸੋਸਾਇਟੀ ਸਰੀ 1989
ਛਾਪਕ: ਹਾਂਸ ਪ੍ਰਿੰਟਿਗ 9446-127 ਸਟਰੀਟ ਸਰੀ ਬੀ. ਸੀ.

ਸਮਰਪਣ

ਕਰਤਾਰ ਸਿੰਘ ਦੀ ਯਾਦ ਨੂੰ ਜੋ ਫੇਰ ਵੀ ਕੈਨੇਡਾ ਆ ਗਿਆ ।

ਇਸ ਤੋਂ ਇਲਾਵਾ, ਯਾਤਰਾ ਦੁਆਰਾ ਮਨੁੱਖੀ-ਦ੍ਰਿਸ਼ਟੀ ਵਿਸ਼ਾਲ ਹੋ ਜਾਂਦੀ ਹੈ। ਸੁਤੰਤਰ ਦੇਸ਼ ਦੇ ਸ਼ਹਿਰੀਆਂ ਨਾਲ ਸੰਪਰਕ, ਸੁਤੰਤਰਤਾ ਦੀ ਰੂਹ ਝੁਕਦਾ ਹੈ ਅਤੇ ਵਿਦੇਸ਼ੀ ਰਾਜ ਹੇਠ ਨਿਪੁੰਸਕ ਹੋਈ ਪਰਜਾ ਦੇ ਮਨਾ ਵਿਚ ਆਜ਼ਾਦੀ ਦੀ ਇੱਛਾ ਪ੍ਰਬਲ ਕਰਦਾ ਹੈ''

ਗੁਰਦਿੱਤ ਸਿੰਘ
ਕਾਮਾਗਾਟਾ ਮਾਰੂ ਦੀ ਯਾਤਰਾ

ਇਹ ਕਿਤਾਬ ਹਰਮਨ ਸਿੰਘ ਬੜੈਚ ਦੀ ਯਾਦ ਵਿੱਚ ਸਮਰੱਪਣ ਕੀਤੀ ਜਾਂਦੀ ਹੈ (ਮਈ 21, 1911—ਮਈ 21, 1976) ਆਪ ਜ਼ਿਲ੍ਹਾ ਲੁਧਿਆਣਾ ਪਿੰਡ ਬੜੈਚ ਪੰਜਾਬ,ਭਾਰਤ, ਵਿਚ ਪੈਦਾ ਹੋਏ ਸਨ । ਇਸ ਸੁਝਵਾਨ ਸਿੱਖ ਨੇ ਆਪਣੇ ਮਿਤਰਾਂ ਦੋਸਤਾਂ ਖਾਸ ਕਰਕੇ ਭਾਰਤਵਾਸੀਆਂ ਦੇ ਭਲੇ ਲਈ ਬਹੁਤ ਸ਼ੁਭ ਕੰਮ ਕੀਤੇ ।

ਉਸਦੀਆਂ ਬਗੈਰ ਲਾਲਚ ਤੋਂ ਕੋਸ਼ਿਸ਼ਾਂ ਕਰਕੇ ਭਾਰਤੀ ਕਮਿਊਨਿਟੀ ਨੂੰ ਵੱਧਣ ਫੁਲਣ ਵਿਚ ਬਹੁਤ ਹੀ ਫਾਇਦਾ ਹੋਇਆ। ਇਸ ਸਫਲ ਬਿਜ਼ਨਸਮੈਨ ਨੇ ਕਈ ਨਵੀਂਆਂ ਚੀਜ਼ਾਂ ਵੱਲ ਧਿਆਨ ਦਿੱਤਾ ਉਸਦੀਆਂ ਲੱਕੜ ਦੀ ਦਸਤਕਾਰੀ ਵਿੱਚ ਸਫਲਤਾਵਾਂ ਅਤੇ ਚੰਗੀ ਜ਼ਮੀਨ ਆਬਾਦ ਕਰਨ ਵਿਚ ਇਕ ਨਵਾਂ ਉੱਚਾ ਦਰਜਾ ਹੈ । ਉਨ੍ਹਾਂ ਚੰਗੀ ਨਸਲ ਦੇ ਘੋੜੇ ਪਾਲੇ ਤੇ ਇਸ ਨਾਲ ਉਨ੍ਹਾਂ ਨੂੰ ਅੰਤਰਰਾਸ਼ਟਰੀ ਮਹਾਨਤਾ ਮਿਲੀ ।

ਇਸ ਚੰਗੇ ਸੁਭਾ ਵਾਲੇਇੰਮੀਗਰੈਂਟ ਨੇ ਆਪਣੇ ਆਲੇ ਦੁਆਲੇ ਦੇ ਮਿਤਰਾਂ ਦੋਸਤਾਂ ਦੇ ਦਿਲਾਂ ਵਿਚ ਡੂੰਘਾ ਅਸਰ ਛੱਡਿਆ । ਉਸਦੀ ਨਰਮ ਦਿਲੀ, ਪਿਆਰ ਅਤੇ ਚੜ੍ਹਦੀ ਕਲਾ ਵਾਲਾ ਸੁਭਾਅ ਹਮੇਸ਼ਾ ਯਾਦ ਰਹੇਗਾ ਅਤੇ ਇਸਦੀ ਘਾਟ ਪੂਰੀ ਨਹੀਂ ਹੋ ਸਕੇਗੀ ।

ਦੀ ਪ੍ਰੋਗ੍ਰੈਸਿਵ ਇੰਡੋਕਨੇਡੀਅਨ ਕਮਿਊਨਿਟੀ ਸਰਵਿਸਜ਼ ਸੋਸਾਇਟੀ

ਦੀ ਪ੍ਰੋਗ੍ਰੈਸਿਵ ਇੰਡੋਕਨੇਡੀਅਨ ਕਮਿਊਨਿਟੀ ਸਰਵਿਸਜ਼ ਸੋਸਾਇਟੀ
ਪੰਜਾਬੀ ਐਡੀਸ਼ਨ 1989

ਪਹਿਲੀ ਅੰਗ੍ਰੇਜ਼ੀ ਐਡੀਸ਼ਨ: ਔਕਸਫੋਰਡ ਯੂਨੀਵਰਸਿਟੀ ਪ੍ਰੈੱਸ 1979
ਦੂਜੀ ਅੰਗ੍ਰੇਜ਼ੀ ਐਡੀਸ਼ਨ: ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਪ੍ਰੈੱਸ ਵੈਨਕੂਵਰ 1989

ਹਿਊ ਜੌਹਨਸਟਨ, 1939
ਮੁਲ- $10

ਅੰਗ੍ਰੇਜ਼ੀ ਵਿਚ ਇਹ ਪੁਸਤਕ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਪ੍ਰੈੱਸ ਤੋਂ ਮਿਲ ਸਕਦੀ ਹੈ।

ਸੂਚੀ

1. ਦਾਖਲੇ ਤੇ ਰੋਕ	1
2. ਹੌਸਲਾ ਹਫਜਾਈ	14
3. ਰਵਾਨਗੀ	23
4. ਆਮਦ	34
5. ਦੇਰੀ	43
6. ਅਪੀਲ ਦੀ ਕਚਹਿਰੀ	51
7. ਸ਼ਕਤੀ ਦਾ ਪ੍ਰਯੋਗ	61
8. ਡਰਾਵਾ	73
9. ਵਾਪਸੀ	84
10. ਗ੍ਰਿਫਤਾਰੀ ਅਤੇ ਨਜ਼ਰਬੰਦੀ	94
11. ਆਤਮ ਸਮਰਪਣ	105
12. ਕਤਲ	114
Notes	126
Index	**144**

ਮੁਖਬੰਦ

ਮੈਨੂੰ ਖੁਸ਼ੀ ਹੈ ਕਿ ਮੇਰੀ ਕਿਤਾਬ ਦਾ ਪੰਜਾਬੀ ਅਨੁਵਾਦ ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇ ਗੰਢ ਤੇ ਲੋਕਾਂ ਨੂੰ ਪਹੁੰਚ ਰਿਹਾ ਹੈ। ਮੈਂ ਪਰੋਗਰੈਸਿਵ ਇੰਡੋ ਕੈਨੇਡੀਅਨ ਕਮਿਊਨਿਟੀ ਸਰਵਿਸਿਜ਼ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਉਪਰਾਲਾ ਕਰਕੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਜਦ ਤੋਂ ਕਾਮਾਗਾਟਾ ਮਾਰੂ ਜਹਾਜ਼ 1914 ਵਿਚ ਵੈਨਕੂਵਰ ਦੀ ਬੰਦਰਗਾਹ ਤੋਂ ਵਾਪਿਸ ਮੋੜਿਆ ਗਿਆ ਸੀ ਉਸ ਦਿਨ ਤੋਂ ਹੁਣ ਤਕ ਬਹੁਤ ਤਬਦੀਲੀਆਂ ਆ ਚੁੱਕੀਆਂ ਹਨ। ਖੁਲ੍ਹਮ ਖੁਲਾ ਵਿਤਕਰਾ ਬੰਦ ਹੋ ਚੁਕਿਆ ਹੈ ਤੇ ਭਾਰਤੀ ਕਮਿਊਨਿਟੀ ਨੇ ਕੈਨੇਡਾ ਨੂੰ ਆਪਣਾ ਘਰ ਸਵੀਕਾਰ ਕਰ ਲਿਆ ਹੈ। ਪਰ ਸਾਡਾ ਅੱਗੋਂ ਦਾ ਪਿਛੋਕੜ ਮਕਾਰ ਤਰੀਕੇ ਨਾਲ ਅਜੇ ਸਾਡੇ ਨਾਲ ਹੈ।

ਭਾਰਤੀਆਂ ਲਈ ਇਹ ਮਹੱਤਵ ਪੂਰਣ ਕਹਾਣੀ ਹੈ, ਖਾਸ ਕਰਕੇ ਨੌਜੁਆਨ ਸਿੱਖ ਬਚਿਆਂ ਲਈ ਜੋ ਇਥੋਂ ਦੇ ਜਮਪਲ ਹਨ। ਉਨ੍ਹਾਂ ਨੂੰ ਆਪਣੇ ਲੋਕਾਂ ਦੀ ਜਦੋ ਜਹਿਦ ਤੋਂ ਜਾਣੂ ਹੋਣਾ ਜ਼ਰੂਰੀ ਹੈ। ਸਚਾਈ ਤਾਂ ਇਹ ਹੈ ਕਿ ਇਹ ਕਹਾਣੀ ਸਾਰੇ ਕੈਨੇਡੀਅਨ ਲੋਕਾਂ ਲਈ ਮਹੱਤਵ ਪੂਰਨ ਹੈ ਜੋ ਵਰਤਮਾਨ ਨਾਲ ਸਤੁੰਸ਼ਟ ਨਹੀਂ ਤੇ ਆਪਣੇ ਭੂਤਕਾਲ ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ।

ਡਾਕਟਰ ਹਿਊ ਜੌਹਨਸਟਨ
ਹੈਡਆਫ ਦੀ ਹਿਸਟਰੀ ਡੀਪਾਰਟਮੈਂਟ
ਸਾਈਮਨ ਫਰੇਜ਼ਰ ਯੂਨੀਵਰਸਿਟੀ
ਬਰਨਬੀ, ਬੀ. ਸੀ., ਕੈਨੇਡਾ

ਮੁਖ ਸ਼ਬਦ

ਪੁਸਤਕ 'ਕਾਮਾਗਾਟਾ ਮਾਰੂ ਦਾ ਸਫਰ' ਅੰਗਰੇਜ਼ੀ ਵਿਚ ਪ੍ਰੋਫੈਸਰ ਹਿਊ ਜੌਹਨਸਟਨ ਨੇ 1979 ਵਿਚ ਲਿਖੀ ਜਿਸਨੂੰ ਔਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਲੋਂ ਛਾਪਿਆ ਗਿਆ। ਇਸ ਪੁਸਤਕ ਨੂੰ ਪੰਜਾਬੀ ਵਿਚ ਅਨੁਵਾਦ ਕਰਵਾਉਣ ਲਈ ਸਾਡੀ ਸੋਸਾਇਟੀ (PICS) ਕਈ ਸਾਲਾਂ ਤੋਂ ਵਿਚਾਰ ਕਰ ਰਹੀ ਸੀ। ਇਸ ਸਾਲ, 1989, ਵਿਚ ਸੋਸਾਇਟੀ ਨੇ ਇੰਡੋਕਨੇਡੀਅਨ ਕਮਿਊਨਿਟੀ ਨੂੰ ਕਾਮਾਗਾਟਾ ਮਾਰੂ ਦੀ 75ਵੀਂ ਵਾਰ੍ਹੇਗੰਢ ਮਨਾਉਣ ਦਾ ਸੱਦਾ ਦਿੱਤਾ। ਕਈ ਜੱਥੇਬੰਦੀਆਂ ਨੇ ਪ੍ਰੋਗਰਾਮ ਕੀਤੇ ਅਤੇ ਵਿਤ ਅਨੁਸਾਰ ਹਿੱਸਾ ਪਾ ਕੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਨੂੰ ਤਾਜ਼ਾ ਕੀਤਾ।

ਅਸੀਂ ਫੈਸਲਾ ਕੀਤਾ ਕਿ ਵਰ੍ਹੇਗੰਢ ਉਤੇ ਕਾਮਾਗਾਟਾ ਮਾਰੂ ਦੇ ਸੂਰਮਿਆਂ ਦੀ ਕਹਾਣੀ ਪੰਜਾਬੀ ਲੋਕਾਂ ਤੱਕ ਪਹੁੰਚਾਈ ਜਾਵੇ, ਜਿਨ੍ਹਾਂ ਨੇ ਉਸ ਸਮੇਂ ਦੇ ਉਸ ਸ਼ਕਤੀਸ਼ਾਲੀ ਬ੍ਰਿਟਿਸ਼ ਹਕੂਮਤ ਦੇ ਨਸਲਵਾਦ ਨੂੰ ਚੁਣੌਤੀ ਦਿਤੀ ਜਿਸ ਦੇ ਰਾਜ ਵਿਚ ਸੂਰਜ ਨਹੀਂ ਸੀ ਡੁਬਦਾ। ਨਤੀਜੇ ਵਜੋਂ 'ਕਾਮਾਗਾਟਾ ਮਾਰੂ ਦਾ ਸਫਰ' ਪੰਜਾਬੀ ਰੂਪ ਵਿਚ ਹਾਜ਼ਰ ਹੈ।

ਅਸੀਂ ਬੜੈਚ ਪਰਿਵਾਰ ਦੇ ਅਤਿ ਧੰਨਵਾਦੀਹਾਂ ਜਿਨ੍ਹਾਂ ਨੇ ਇਹ ਪੁਸਤਕ ਛਾਪਣ ਲਈ ਮਾਇਕ ਸਹਾਇਤਾ ਦਿੱਤੀ। ਵਿਸ਼ੇਸ਼ ਕਰਕੇ ਅਸੀਂ ਪ੍ਰਿੰਸੀਪਲ ਦਲੀਪ ਸਿੰਘ ਉੱਪਲ ਐਮ. ਏ. ਬੀ. ਟੀ. ਪਿੰਡ ਬਿੰਜਲ (ਲੁਧਿਆਣਾ), ਜੋ ਪਿਛਲੇ ਅੱਠ ਸਾਲ ਤੋਂ ਕੈਨੇਡਾ ਨਿਵਾਸੀ ਹਨ, ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਅਣਥੱਕ ਮਿਹਨਤ ਕਰਕੇ ਪੁਸਤਕ ਦਾ ਅਨੁਵਾਦ ਕੀਤਾ। ਉਨ੍ਹਾਂ ਦੀ ਨੂੰਹ.....ਦੇ ਵੀ ਰਿਣੀ ਹਾਂ ਜਿਨ੍ਹਾਂ ਨੇ ਖਰੜੇ ਨੂੰ ਦੋ ਵਾਰ ਲਿਖਿਆ। ਅਜਮੇਰ ਰੋਡੇ, ਜੋ ਪੰਜਾਬੀ ਦੇ ਮੰਨੇ ਪਰਮੰਨੇ ਲੇਖਕ ਹਨ, ਨੇ ਅਨੁਵਾਦ ਸੋਧ ਕੇ ਇਸ ਇਤਿਹਾਸਕ ਪੁਸਤਕ ਨੂੰ ਸਾਹਿਤਕ ਪੱਧਰ ਤੇ ਲਿਆਂਦਾ।

ਸੋਸਾਇਟੀ ਵਲੋਂ ਡਾਕਟਰ ਹਿਊਜੌਹਨਸਟਨ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਬਿਨ੍ਹਾਂ ਕਿਸੇ Royality ਲੈਣ ਤੋਂ ਸੋਸਾਇਟੀ ਨੂੰ ਪੁਸਤਕ ਛਾਪਣ ਦੇ ਹੱਕ ਦਿੱਤੇ। ਅੰਤ ਵਿਚ ਪੰਜਾਬੀ ਕਮਿਊਨਿਟੀ ਨੂੰ ਇਹ ਪੁਸਤਕ ਭੇਂਟ ਕਰਕੇ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਉਮੀਦ ਹੈ ਪਾਠਕ ਇਸ ਨੂੰ ਜੀ ਆਇਆਂ ਕਹਿਣਗੇ।

ਚਰਨਪਾਲ ਗਿੱਲ
ਕੋਆਰਡੀਨੇਟਰ
ਦੀ ਪ੍ਰੋਗ੍ਰੈਸਿਵ ਇੰਡੋਕਨੇਡੀਅਨ ਕਮਿਊਨਿਟੀ ਸਰਵਿਸਜ਼ ਸੋਸਾਇਟੀ

ਦਾਖਲੇ ਉਤੇ ਰੋਕ

1

ਇਸ ਸਦੀ ਦੇ ਪਹਿਲੇ ਦਹਾਕੇ ਵਿਚ, ਜਦੋਂ ਪੰਜਾਬ ਤੇ ਬੰਗਾਲ ਵਿਚ ਸਥਿਤ ਗੁਪਤ ਇਨਕਲਾਬੀ ਸੰਸਥਾਵਾਂ ਨੇ ਸਮੁੰਦਰੋਂ ਪਾਰ ਵਸਦੇ ਭਾਰਤੀਆਂ ਵਿਚ ਆਪਣੀਆਂ ਸਰਗਰਮੀਆ ਦਾ ਜਾਲ ਵਿਛਾ ਲਿਆ ਸੀ, ਇਕ ਖੁਫੀਆ ਜਥੇਬੰਦੀ ਹੋਂਦ ਵਿਚ ਆਈ ਇਹ ਜਥੇਬੰਦੀ ਖੁਫੀਆ ਸੇਵਾਵਾਂ ਨਾਲ ਸੰਬਧਤ ਰਿਟਣਤੀ ਦੇ ਅਫਸਾਰਾਂ ਉਤੇ ਨਿਰਭਰ ਸੀ ਜਿਹੜੇ ਲਗਨ ਨਾਲ ਇਸ ਕਾਰਜ ਨਾਲ ਬੱਝੇ ਹੋਏ ਸਨ। ਉਹਨਾਂ ਅਫਸਰਾਂ ਵਿਚੋਂ ਇਕ ਵਿਲੀਅਮ ਚਾਰਲਸ ਹਾਪਕਿਨਸਨ ਸੀ ਜਿਸਨੂੰ ਉਦੋਂ ਤੋਂ ਹੀ ਵੈਨਕੂਵਰ ਵਿਚ ਵਸਣ ਵਾਲੀ ਭਾਰਤੀ ਯਾਦ ਕਰਦੇ ਆਏ ਹਨ।

ਹਾਪਕਿਨਸਨ ਸੰਨ 1880 ਵਿਚ ਦਿਲੀ ਵਿਚ ਪੈਦਾ ਹੋਇਆ ਸੀ ਉਸ ਸਮੇਂ ਉਸਦਾ ਪਿਤਾ ਅਲਾਹਾਬਾਦ ਵਿਚ ਵਾਲੰਟੀਅਰਾਂ ਦਾ ਸਾਰਜੈਂਟ ਅਧਿਆਪਕ ਸੀ। ਹਾਪਕਿਨਸਨ ਉਤੱਰੀ ਭਾਰਤ ਵਿਚ ਪਲਿਆ ਜਿਥੇ ਉਸਨੇ ਸਥਾਨਕ ਬੋਲੀਆ ਸਿੱਖੀਆਂ। ਸੰਨ 1903 ਜਾਂ 1904 ਵਿਚ ਉਹ ਕਲਕੱਤੇ ਦੀ ਪੁਲਿਸ ਵਿਚ ਬਤੌਰ ਇਨਸਪੈਕਟਰ ਦੇ ਨਿਯੁਕਤ ਹੋਇਆ ਅਤੇ ਉਹ ਇਸੇ ਅਹੁਦੇ ਉਤੇ ਸੰਨ 1907 ਤੱਕ ਜਾਂ 1908 ਦੇ ਅਰੰਭ ਤਕ ਕੰਮ ਕਰਦਾ ਰਿਹਾ ਜਿਸ ਉਪਰਤ ਉਹ ਵੈਨਕੂਵਰ ਆ ਗਿਆ। ਫਰਵਰੀ 1909 ਵਿਚ'' ਕੈਨੇਡਾ ਦੀ ਸਰਕਾਰ ਨੇ ਉਸਦੀ ਨਿਯੁਕਤੀ ਪਰਿਵਾਸੀ ਇਨਸਪੈਕਟਰ ਅਤੇ ਦੁਭਾਸ਼ੀਏ ਦੇ ਤੌਰ ਉਤੇ ਕਰ ਦਿਤੀ ਪਰ ਉਸਨੇ ਭਾਰਤੀ ਪੁਲਿਸ ਖਾਤਰ ਕੰਮ ਕਰਨਾ ਨਾ ਛੱਡਿਆ ਪਰ ਗੁਪਤ ਮਾਮਲਿਆ ਵਿਚ ਹਾਪਕਿਨਸਨ ਆਟਵਾ ਵਿਚ ਅੰਦਰੂਨੀ ਮਾਮਲਿਆਂ ਦੇ ਡਿਪਟੀ ਕਮਿਸ਼ਨਰ ਨੂੰ ਅਤੇ ਯੂ. ਕੇ ਵਿਚ ਜੇ. ਏ. ਵਾਲਿਗਰ ਨੂੰ ਜਿਹੜਾ ਕਿ ਲੰਡਨ ਵਿਖੇ ਭਾਰਤ ਸਰਕਾਰ ਦਾ ਏਜੰਟ ਸੀ, ਸੂਚਨਾਵਾਂ ਪਹੁੰਚਾਦਾ ਸੀ। ਉਸਦੀ ਪਹੁੰਚ ਭਾਰਤ ਦੀਆਂ ਫੌਜਦਾਰੀ ਗੁਪਤ ਸਮਗਰੀ ਤੱਕ ਸੀ ਜਿਸ ਸਮਗਰੀ ਤੱਕ ਕੈਨੇਡਾ ਦੇ ਉੱਚ ਅਧਿਕਾਰੀ ਭੀ ਪਹੁੰਚ ਨਹੀਂ ਸੀ ਸਕਦੇ। ਉਸਦੇ ਸੰਬੰਧ ਇਤਨੇ ਵਿਸ਼ਾਲ ਸਨ ਕਿ ਅਮਰੀਕਾ ਵਿਚ, ਪਰਿਵਾਸੀ ਮਹਿਕਮੇ ਦੇ ਅਮਰੀਕੀ ਕਮਿਸ਼ਨਰ ਦੀ ਜੈਨਰਲ ਨੇ ਉਸਦੀ ਪੁੱਛ ਪੜਤਾਲ ਕਰਨ ਦੇ ਸਾਰੇ ਰਸਤੇ ਹਮਵਾਰ ਕਰ ਦਿੱਤੇ ਸਨ। ਉਸਨੂੰ ਕੈਨੇਡਾ ਦੀ ਸਰਕਾਰ ਕੋਲੋ ਵਾਰਸ਼ਿਕ ਤਨਖਾਹ ਮਿਲਦੀ ਸੀ। ਇੰਡੀਆ ਆਫਿਸ ਤੋਂ ਉਸਨੂੰ ਭੱਤਾ ਤੇ ਖਰਚਾ ਉਪਲਭਦ ਹੁੰਦਾ ਸੀ ਅਤੇ ਅਮਰੀਕੀ ਇਮੀਗਰੇਸ਼ਨ ਤੋਂ ਉਸਨੂੰ ਰਾਖਵੀ ਫੀਸ ਮਿਲਦੀ ਸੀ। ਇਹਨਾਂ ਸਾਰੀਆਂ ਸਰਗਰਮੀਆਂ ਲਈ ਉਸਨੂੰ ਅੰਦਰੂਨੀ ਮਹਿਕਮੇ ਦੇ ਉਚ ਅਧਿਕਾਰੀਆਂ ਦੀ ਸੰਪਤੀ ਪ੍ਰਾਪਤ ਸੀ। ਉਸਦਾ ਕੰਮ ਕੈਨੇਡਾ ਵਿਚ ਭਾਰਤੀਆਂ ਉਤੇ ਤਾੜ ਰੱਖਣਾ ਸੀ ਉਹਨਾਂ ਦੀਆਂ ਹਰਕਤਾਂ ਅਤੇ ਸਰਗਰਮੀਆਂ ਦੀ ਜਾਣਕਾਰੀ ਪ੍ਰਾਪਤ ਕਰਨੀ, ਅਤੇ ਇਸ ਕਾਰਨ ਲਈ ਜਿਨ੍ਹੇ ਵਧ ਤੋਂ ਵਧ ਸੰਪਰਕ ਉਹ ਕਾਇਮ ਕਰ ਸਕਦਾ ਸੀ, ਉਨ੍ਹਾਂ ਹੀ ਸਫਲਤਾ ਨਾਲ ਉਹ ਇਹ ਕੰਮ ਕਰ ਸਕਦਾ ਸੀ। ਇਮੀਗਰੇਸ਼ਨ ਦੇ ਮਹਿਕਮੇ ਵਿਚ ਉਸਦੇ ਸਮਾਨ ਕੋਈ ਹੋਰ ਨਹੀਂ ਸੀ। ਕੋਈ ਅਜਿਹਾ ਇੰਨਸਪੈਕਟਰ ਨਹੀਂ ਸੀ ਜਿਸਨੂੰ ਭਾਸ਼ਾਵਾ ਵਿਚ ਵਿਸ਼ੇਸ਼ ਮੁਹਾਰਤ ਪ੍ਰਾਪਤ ਹੋਵੇ। ਅਤੇ ਜਿਸਦਾ ਸਾਰਾ ਧਿਆਨ ਕੇਵਲ ਇਕ ਐਥਨਿਕ ਗਰੁੱਪ ਤੇ ਹੀ ਕੇਂਦਰਤ ਹੋਵੇ। ਚੀਨੀ ਤੇ ਜਾਪਾਨੀ ਲੋਕਾਂ ਤੇ ਵੀ ਇਸ ਤਰ੍ਹਾਂ ਦੀ ਕਰੜੀ ਨਿਗਾਹ ਨਹੀਂ ਰੱਖੀ ਜਾਂਦੀ ਸੀ। ਪਰ ਹਾਪਕਿਨਸਨ ਭਾਰਤੀਆਂ ਦੀ ਸਹਾਇਤਾ ਲਈ ਨਹੀਂ ਸੀ। ਸਗੋਂ ਉਹਨਾਂ ਨੂੰ ਕਾਬੂ ਵਿਚ ਰੱਖਣ ਲਈ ਸੀ। ਉਸਦੇ ਭਾਰਤੀਆਂ ਨਾਲ ਸੰਬੰਧ ਦੋਸਤਾਨਾਂ ਨਹੀਂ ਸਨ। ''ਹਾਪਕਿਨਸਨ ਹਿੰਦੂਆਂ ਦੇ ਮੁਆਮਲੇ ਵਿਚ ਸ਼ਾਂਤ ਸਾਗਰ ਦਾ ਭੱਟ ਕੰਟਰੋਲ ਕਰਚਾ ਹੈ'' ਭਾਰਤੀਆਂ ਦਾ ਗਿਲਾ ਸੀ, ਅਤੇ ਉਹਨਾਂ ਦਾ ਇਹ ਦੋਸ਼ ਬਹੁਤਾ ਗਲਤ ਨਹੀਂ ਸੀ। ਭਾਰਤੀਆਂ ਵਿਚ ਬਹੁਗਿਣਤੀ ਪੰਜਾਬੀ ਸਿਖਾਂ ਦੀ ਸੀ। ਦਿਹਾਤੀ ਲੋਕ ਜਿਹਨਾਂ ਨੇ ਵੈਨਕੂਵਰ ਦੇ ਕਿਰਾਏ ਜੋਗੇ ਪੈਸੇ ਇਕੱਠੇ ਕਰਨ ਲਈ ਆਪਣੀ ਸਾਰੀ ਜ਼ਮੀਨ ਦਸ ਜਾਂ ਬਾਰ੍ਹਾਂ ਪ੍ਰਤੀਸ਼ਤ ਸੂਦ ਤੇ ਗਿਰਵੀ ਕੀਤੀ ਹੋਈ ਸੀ। ਇਸ ਮੰਤਵ ਲਈ 65 ਡਾਲਰ ਕਾਫੀ ਸਨ। ਉਹਨਾਂ ਨੂੰ ਆਸ ਸੀ ਕਿ ਵੈਨਕੂਵਰ ਵਿਚ ਉਹ ਭਾਰਤ ਨਾਲੋਂ ਦਸ ਜਾਂ ਬਾਰ੍ਹਾਂ ਗੁਣੀ ਕਮਾਈ ਕਰ ਸਕਦੇ ਸਨ। ਵੈਨਕੂਵਰ ਅਤੇ ਵਿਕਟੋਰੀਆਂ ਦੇ ਆਲੇ-ਦੁਆਲੇ ਲੰਬਰ ਯਾਰਡਾਂ ਅਤੇ ਲੱਕੜੀ ਮਿੱਲਾਂ ਵਿਚ ਉਹ ਪ੍ਰਤੀ ਦਿਨ ਡੇੜ੍ਹ ਜਾਂ ਦੋ ਡਾਲਰ ਕਮਾ ਸਕਦੇ ਸਨ ਅਤੇ ਕਫਾਇਤ ਦੀ ਜਿੰਦਗੀ ਜੀ ਕੇ, ਇਕ ਕਮਰੇ ਵਿਚ ਤਿੰਨ ਜਾਂ ਚਾਰ ਜਣੇ ਰਹਿਕੇ, ਘੱਟ ਪਰ ਗੁਜਾਰੇ ਯੋਗ ਖੁਰਾਕ ਖਾਕੇ, ਉਹ ਆਪਣੀ ਕਮਾਈ ਵਿਚ ਚੋਖੀ ਬੱਚਤ ਕਰ ਲੈਂਦੇ ਸਨ। ਜੋ ਕੁਝ ਉਹ ਕਮਾਦੇ ਸਨ, ਇਸ ਤਰ੍ਹਾਂ

ਕੁਝ ਨੇ ਤਾਂ 3000,4000, ਅਤੇ 5000, ਡਾਲਰ ਤੱਕ ਕਮਾ ਲਏ ਸਨ, ਕੈਨੇਡਾ ਆਉਣ ਪਿਛੋਂ । ਉਹਨਾਂ ਦਾ ਮੁੱਖ ਮੰਤਵ ਸੀ ਆਪਣੇ ਆਪਣੇ ਪਿੰਡਾਂ ਨੂੰ ਵਾਪਸ ਜਾਣਾ ਜਿਥੇ ਦੋ ਸੌ ਡਾਲਰ ਵੀ ਵੱਡੀ ਪੂੰਜੀ ਸਨ । ਭਾਵੇਂ ਇਹਨਾ ਵਿਚੋਂ ਬਹੁਤੇ ਅਣਵਿਆਹੇ ਸਨ ਪਰ ਸ਼ਾਦੀ ਸ਼ੁਦਹ ਵੀ ਕਾਫੀ ਗਿਣਤੀ ਵਿਚ ਸਨ । ਜਿਨ੍ਹਾਂ ਦੀਆਂ ਪਤਨੀਆਂ ਭਾਰਤ ਵਿਚ ਸਨ ।

ਇਹਨਾ ਵਿਚ 1909 ਦੇ ਪਹਿਲਾਂ ਆਏ ਹੋਏ ਉਹ ਸਿੱਖ ਸਨ ਜਿਨ੍ਹਾਂ ਨੂੰ ਸੀ. ਪੀ. ਆਰ ਕੈਨੇਡੀਅਨ ਪੈਸਫਿਕ ਰੇਲਵੇ ਦੀ ਕੰਪਨੀ ਦੇ ਅਧਿਕਾਰੀਆਂ ਨੇ ਉਤਸ਼ਾਹਤ ਕੀਤਾ ਸੀ । ਕੰਪਣੀ ਦਾ ਮੁੱਖ ਮਨੋਰਥ ਇਹਨਾਂ ਭਾਰਤੀਆਂ ਨਾਲ ਕੰਮ ਕਰਨ ਲਈ ਉਹ ਖਾਲੀ ਥਾਵਾਂ ਭਰਨਾ ਸੀ ਜਿਹੜੀਆਂ ਕਿ ਚੀਨੀ ਪਰਿਵਾਸੀਆਂ ਤੇ "ਹੈਡ ਟੈਕਸ" ਵਧਣ ਕਾਰਨ ਖਾਲੀ ਹੋਈਆਂ ਸਨ । ਸੀ. ਪੀ. ਆਰ. ਦੇ ਏਜੰਟਾਂ ਦਾ ਖਿਆਲ ਸੀ ਕਿ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਮੁੜ ਚਾਲੂ ਕੀਤਾ ਜਾਵੇ । ਇਹ ਗੱਲ ਸੰਨ 1904 ਈਸਵੀ ਦੀ ਸੀ ਮਾਰਚ 1904 ਨੂੰ "ਐਂਪਰਰੈਸ ਆਫ ਇੰਡੀਆ" ਰਾਹੀਂ ਪੰਜ ਸਿੱਖ ਕੈਨੇਡਾ ਆਏ ਉਹਨਾ ਦੇ ਦਾਹੜੀਆਂ ਸਨ ਅਤੇ ਦਸਤਾਰਾਂ ਸਜਾਈਆਂ ਹੋਈਆਂ ਸਨ । ਸੂਟ ਹਲਕੇ ਸੂਤੀ ਕਪੜੇ ਦੇ ਯੂਰਪੀ ਨਮੂੰਨੇ ਦੇ ਸਨ । ਇਸੇਤ ਰ੍ਹਾਂ ਮਈ ਦੇ ਮਹੀਨੇ ਦਸ ਹੋਰ ਸਿੱਖ 'ਐਂਪਰੈਸ ਆਫ ਜਾਪਾਨ" ਰਾਹੀ ਆਏ । ਇਸ ਪਿਛੋਂ ਹਰ ਮਹੀਨੇ ਦੋ ਜਾਂ ਤਿੰਨ ਹੋਰ ਸਿੱਖ ਆ ਜਾਂਦੇ । ਪ੍ਰਦੇਸੀ ਧਰਤੀ ਸੀ ਅਤੇ ਉਹਨਾ ਸਿੱਖਾਂ ਵਿਚੋਂ ਬਹੁਤ ਘੱਟ ਅੰਗਰੇਜ਼ੀ ਪੜ੍ਹ ਲਿਖ ਜਾਂ ਬੋਲ ਸਕਦੇ ਸਨ । ਭਾਂਵੇ ਉਹਨਾਂ ਲਈ ਕੰਮ ਪ੍ਰਾਪਤ ਕਰਨ ਦੇ ਅਵਸਰ ਮੌਜੂਦ ਸਨ ਕਿਉਂਕਿ ਚੀਨੀ ਲੋਕਾਂ ਦਾ ਦਾਖਲਾ ਥੰਮ ਗਿਆ ਸੀ, ਪਰ ਕੰਮ ਦੀ ਤਲਾਸ਼ ਕਰਨ ਲਈ ਸਮਾਂ ਲਗਦਾ ਸੀ । ਉਹਨਾ ਵਿਚ ਕੁਝ ਲੱਕੜ ਮਿਲਾਂ ਵਿਚ ਲੱਗ ਗਏ ਅਤੇ ਕੁਝ ਸੀਮੈਂਟ ਬਨਾਉਣ ਵਾਲੀਆਂ ਕੰਪਨੀਆਂ ਵਿਚ । ਬਾਕੀਆਂ ਨੂੰ ਕੁਝ ਠੇਕੇਦਾਰਾਂ ਨੇ ਵੱਧ ਤੋਂ ਵੱਧ ਕੰਮਾਂ ਲਈ ਜਿਵੇਂ ਕਿ ਸੜਕਾਂ ਬਨਾਉਣ ਲਈ ਜਾਂ ਜੰਗਲਾਂ ਨੂੰ ਸਾਫ ਕਰਨ ਲਈ ਜਾਂ ਉਹਨਾ ਨੂੰ ਵੱਢਣ ਲਈ ਰੱਖ ਲਿਆ ਕੁਝ ਮਹੀਨਿਆਂ ਬਾਦ ਹੀ ਉਹਨਾਂ ਨੇ ਆਪਣੇ ਆਪਣੇ ਘਰਾਂ ਨੂੰ ਪੋਸਟਲ ਆਰਡਰ ਘੱਲਣੇ ਅਰੰਭ ਕਰ ਦਿਤੇ, ਕਿਸੇ ਨੇ 15 ਕਿਸੇ ਨੇ 20 ਅਤੇ ਕਿਸੇ ਨੇ 50 ਡਾਲਰ ।

ਮਲਾਇਆ ਤੇ ਹਾਂਗਕਾਗ ਵਿਚ ਸਿੱਖਾ ਨੂੰ ਵਾਚਮੈਨੀ, ਚੌਕਦਾਰੀ ਜਾਂ ਹਿਫਾਜ਼ਤੀ ਅਮਲੇ ਵਿਚ ਨੌਕਰੀਆਂ ਮਿਲਦੀਆਂ ਸਨ । ਸਥਾਨਕ ਚੀਨੀਆਂ ਨਾਲੋਂ ਸਿੱਖਾਂ ਨੂੰ ਤਰਜੀਹ ਦਿਤੀ ਜਾਂਦੀ ਸੀ ਅਤੇ ਇਹਨਾ ਬਸਤੀਆਂ ਤੋਂ ਹੀ ਉਹ ਥਾਈਲੈਂਡ, ਸੁਮਾਟਰਾ, ਸ਼ੰਘਾਈ ਅਤੇ ਮਨੀਲਾ ਵਿਚ ਗਏ ਸਨ ਉਤਰੀ ਅਮਰੀਕਾ ਉਹਨਾਂ ਲਈ ਨਵੀਂ ਲੱਭਤ ਸੀ । ਇਥੇ ਭਾਰਤੀ ਪਰਿਵਾਸੀ ਢਾਈ ਸਾਲਾਂ ਦੇ ਸਮੇਂ ਅੰਦਰ ਚੌਖੀ ਸੰਖਿਆ ਵਿਚ ਹੋ ਗਏ ਸਨ ਪਰੰਤੂ ਸੰਨ 1916 ਦੀ ਪੱਤ ਝੜ ਵਿਚ, ਬਰਿਟਸ਼ ਕੋਲੰਬੀਆਂ ਦੀਆਂ ਨਜ਼ਰਾਂ ਵਿਚ, ਤਾਂ ਉਹਨਾ ਨੇ ਹੱਲਾ ਹੀ ਬੋਲ ਦਿਤਾ ਸੀ । ਅਗਸਤ ਤੋਂ ਦਸੰਬਰ ਵਿਚਕਾਰਲੇ ਸਮੇਂ ਵਿਚ, ਤਕਰੀਬਨ ਹਰ ਇਕ ਸੀ. ਪੀ. ਆਰ ਦਾ ਜ਼ਹਾਜ ਸੈਂਕੜਿਆਂ ਦੀ ਗਿਣਤੀ ਵਿਚ ਹਿੰਦੁਸਤਾਨੀਆਂ ਨੂੰ ਕੈਨੇਡਾ ਲਿਆਉਂਦਾ ਰਿਹਾ । ਨਵੰਬਰ ਮਹੀਨੇ ਦੇ ਮੱਧ ਵਿਚ 'ਤਾਰਤਾਰ' ਰਾਹੀਂ 616 ਭਾਰਤੀ ਆਏ ਭਾਵੇਂ ਉਹਨਾਂ ਨੂੰ ਕੋਈ ਸੁਆਗਤ ਨਹੀਂ ਸੀ ਮਿਲਦਾ ਫੇਰ ਵੀ ਉਹ ਹੀ ਆਉਂਦੇ ਰਹੇ । ਲੰਬਰ ਕੰਪਨੀਆਂ ਤੇ ਰੇਲਵੇ ਦੇ ਠੇਕੇਦਾਰਾਂ ਨੂੰ ਉਹਨਾਂ ਦੀ ਲੋੜ ਸੀ । ਓਕਨਆਗਨ ਦੇ ਫਲ ਉਤਪਾਦਕਾਂ ਨੂੰ ਉਹਨਾਂ ਦੀ ਜ਼ਰੂਰਤ ਸੀ । ਪਰ ਸਥਾਨਕ ਲੋਕ ਜਿਹੜੇ ਕਿ ਟਰੇਡ ਕਾਉਂਸਲ ਅਤੇ ਲੇਬਰ ਕਾਉਂਸਲ ਦੇ ਇਸ਼ਾਰਿਆਂ ਤੇ ਨਚਦੇ ਸਨ ਵਿਰੋਧਤਾ ਪ੍ਰਗਟਾ ਰਹੇ ਸਨ । ਪਰੈਸ ਵਿਚ ਕੋਝਾ ਅਤੇ ਬੇਸਮਝ ਜਹਾਦ ਚਲਾ ਰਿਹਾ ਸੀ । ਉਦਾਹਰਣ ਵਜੋਂ, ਅਖਬਾਰਾਂ ਦੇ ਪਹਿਲੇ ਪੰਨਿਆਂ ਦੀਆਂ ਮੁੱਖ ਸੁਰਖੀਆਂ ਇਸ ਤਰ੍ਹਾਂ ਦੀਆਂ ਗੁਮਰਾਹ ਕੁਨ ਸੀ, ਹਿੰਦੂ ਆਪਣੇ ਮੁਰਦਿਆਂ ਨੂੰ ਮੱਖਣ ਨਾਲ ਕਜਦੇ ਹਨ" ।

ਵੈਨਕੂਵਰ ਦੇ ਮੇਅਰ ਨੇ ਪਾਣੀ ਵਿਚ ਸਮੁੰਦਰ ਦੇ ਕੰਢੇ ਇਮੀਗ੍ਰੇਸ਼ਨ ਸੈਡ ਦੇ ਆਲੇ ਦੁਆਲੇ ਪੁਲਿਸ ਤਾਇਨਾਤ ਕਰ ਦਿਤੀ ਸੀ ਤਾਂ ਜੋ ਨਵੇਂ ਆਏ ਲੋਕਾਂ ਨੂੰ ਸੀ. ਪੀ. ਆਰ. ਦੀ ਪ੍ਰਾਪਰਟੀ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਹੀ ਉਹਨਾਂ ਨੂੰ ਸ਼ਹਿਰੋ ਬਾਹਰ ਸਿੱਧਾ ਦੇਸ਼ ਦੇ ਅੰਦਰੂਨੀ ਹਿੱਸੇ ਵਿਚ ਕੰਮ ਕਰਨ ਲਈ

ਲਿਜਾਇਆ ਜਾ ਸਕੇ। ਪ੍ਰੰਤੂ ਨਵਾਸੀ ਫੇਰ ਵੀ ਕਿਵੇਂ ਨਾ ਕਿਵੇਂ ਵਾਪਸ ਆ ਜਾਂਦੇ ਸਨ। ਨਵੰਬਰ ਮਹੀਨੇ ਦੇ ਅੰਤ ਵਿਚ ਵੈਨਕੂਵਰ ਦੇ ਹਾਕਮਾ ਨੇ ਕੁਝ ਸ਼ਕਾਇਤਾਂ ਨੂੰ ਅਧਾਰ ਰੱਖਕੇ, ਭਾਰਤੀਆਂ ਦੇ ਕੁਝ ਢਾਰਿਆ ਤੇ ਹੱਲਾ ਬੋਲ ਦਿਤਾ ਅਤੇ ਉਹਨਾਂ ਨੂੰ ਕੜਕਦੀ ਸਰਦੀ ਵਿਚ ਪੱਧਰੇ ਮੈਦਾਨ ਪਟਕਾ ਮਾਰਿਆ ਕੁਝ ਦਿਨਾਂ ਪਿਛੋਂ ਵੈਨਕੂਵਰ ਦੇ ਮੇਅਰ ਨੇ ਉਹਨਾਂ ਹਿੰਦੁਸਤਾਨੀਆਂ ਨੂੰ ਜਿਹੜੇ ਕਿ ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚ ਮੰਦਭਾਗੀਆਂ ਇਮਾਰਤਾ ਵਿਚ ਵਸਦੇ ਸਨ ਨੂੰ ਘੇਰਕੇ ਇੱਕਠਿਆਂ ਕਰਨਾ ਆਰੰਭ ਕਰ ਦਿਤਾ ਤਾਂ ਜੋ ਉਹਨਾਂ ਨੂੰ ਸ਼ਹਿਰ ਤੋਂ ਬਾਹਰ ਦੇ ਅਸਥਾਨ ਐਬਰਕ ਵਿਚ ਲਿਜਾਇਆ ਜਾ ਸਕੇ। ਉਨ੍ਹਾਂ ਨੂੰ ਉਹਨਾਂ ਦੇ ਹੀ ਖਰਚੇ ਤੇ ਇਕ ਵਿਸਾਰੀ ਗਈ ਕੈਨਰੀ ਦੀ ਬਿਲਡਿੰਗ ਵਿਚ ਵਸਣ ਲਈ ਮਜ਼ਬੂਰ ਕਰ ਦਿਤਾ ਗਿਆ। ਉਹਨਾਂ ਨੂੰ ਪ੍ਰਤਿ ਮਨੁੱਖ 3 ਡਾਲਰ ਭਾਰਨੇ ਪੈਦੇ ਸਨ,ਉਥੇ ਵਗਦੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਕਾਹਲੀ ਨਾਲ ਉਥੇ ਕੁਝ ਸਟੋਵ ਲਗਵਾ ਦਿਤੇ ਗਏ ਅਤੇ ਬਿਜਲੀ ਦਾ ਵੀ ਪ੍ਰਬੰਧ ਕਰ ਦਿਤਾ ਗਿਆ। ਇਹਨਾਂ ਪਰਦੇਸੀਆਂ ਦੀ ਭਲਾਈ ਲਈ ਨਾ ਹੀ ਕੋਈ ਸਰਕਾਰੀ ਤੇ ਨਾ ਹੀ ਕੋਈ ਦਾਨੀ ਸੰਸਥਾ ਮੈਦਾਨ ਵਿਚ ਆਈ ਇਸ ਦੇ ਉਲਟ ਜਦੋਂ ਕਦੀ ਉਹਨਾਂ ਦੇ ਪੈਰ ਵੈਨਕੂਵਰ ਦੀਆਂ ਗਲੀਆ ਵਿਚ ਪੈਂਦੇ ਜਾਂ ਉਹ ਪਾਰਕਾਂ ਵਿਚ ਆਉਂਦੇ ਤਾਂ ਉਹਨਾਂ ਨੂੰ ਪੁਲਿਸ ਵਲੋਂ ਪੂਰੀ ਤਰ੍ਹਾਂ ਪਰੇਸ਼ਾਨ ਕੀਤਾ ਜਾਂਦਾ।

ਪਰਿਵਾਸੀਆਂ ਨੇ ਇਹਨਾਂ ਬੇਪਨਾਹ ਮੁਸ਼ਕਲਾਂ ਨੂੰ ਰੱਬੀ ਭਾਣਾ ਮੰਨਦੇ ਸਹਿਨ ਕੀਤਾ। ਜਿਸਦੀ ਵੈਨਕੂਵਰ ਦੇ ਬਹੁਤੇ ਸ਼ਹਿਰੀਆਂ ਨੇ ਕੋਈ ਸਮਝ ਨਹੀਂ ਸੀ। ਪਰਿਵਾਸੀ,ਉਹ ਲੋਕ ਆਪਣੇ ਹੀ ਸਾਧਨਾਂ ਨੂੰ ਵਰਤੋਂ ਵਿਚ ਲਿਆਉਂਦੇ ਸਨ ਅਤੇ ਵੈਨਕੂਵਰ ਵਿਚ ਵਸਣ ਵਾਲੇ ਕੁਝ ਵਸਨੀਕਾਂ ਦੀ ਦੀ ਸਹਾਇਤਾ ਦੇ ਸਕਦੇ,ਉਹਨਾਂ ਹੌਸਲਾ ਨਾਂਹ ਹਾਰਿਆ। ਵੈਨਕੂਵਰ ਦੇ ਇਹ ਵਸਨੀਕ ਭਾਰਤ ਵਿਚ ਕਿਸੇ ਸਮੇਂ ਬਰਤਾਨਵੀਂ ਵਸਨੀਕ ਸਨ। ਸੰਨ 1906 ਦੇ ਪਿਛਲੇ ਅੱਧ ਵਿਚ 2000 ਭਾਰਤੀ ਵੈਨਕੂਵਰ ਪੁੱਜੇ। ਦਸੰਬਰ ਮਹੀਨੇ ਦੇ ਅੰਤ ਤਕ ਉਹਨਾਂ ਚੋਂ 300 ਸਿਆਟਲ ਅਤੇ ਸਨਫਰਾਂਸਿਸਕੋ ਨੂੰ ਜਾਣ ਵਾਲੇ ਸਮੁੰਦਰੀ ਜਹਾਜ਼ 'ਚ ਚਲੇ ਗਏ। ਬਾਕੀਆਂ ਵਿਚੋਂ 50 ਜਾਂ 60 ਨੂੰ ਬੜੀ ਮੁਸ਼ਕਲ ਨਾਲ ਬੀ. ਸੀ. ਵਿਚ ਰੁਜ਼ਗਾਰ ਮਿਲਿਆ ਅਤੇ ਇਹਨਾਂ ਵਿਚੋਂ ਬਹੁਤੇ ਆਰਾ ਮਿੱਲਾਂ ਵਿਚ ਕੰਮਾਂ ਤੇ ਲੱਗੇ। ਅਧਿਕਾਰੀ ਖੁਸ਼ੀ ਨਾਲ ਉਸ ਮਨੁੱਖ ਨੂੰ ਜਿਸ ਤੇ ਅਵਾਰਾਗਰਦੀ ਦਾ ਦੋਸ਼ ਲਾਇਆ ਜਾਂਦਾ ਡੀਪੋਰਟ ਕਰ ਦਿੰਦੇ, ਪਰ ਅਜਿਹੇ ਕੇਸ ਬਹੁਤੇ ਨਹੀਂ ਸਨ। ਉਹਨਾਂ ਵਿੱਚੋਂ ਜੇ ਕੋਈ ਬੇਰੁਜਗਾਰ ਹੁੰਦਾ ਸੀ ਉਸਦੀ ਦੇਖਭਾਲ ਉਸ ਦੇ ਸਾਥੀ ਕਰਦੇ ਸਨ। ਅਤੇ ਵੈਨਕੂਵਰ ਕੌਂਸਲ ਦੀ ਭਵਿੱਖ ਬਾਣੀ ਦੇ ਬਾਵਜੂਦ ਕੋਈ ਭੀ ਕਿਸੇ ਤੇ ਭਾਰੂ ਨਾ ਬਣਿਆ। ਉਹਨਾਂ ਨੇ ਆਪਣੇ ਆਪ ਨੂੰ ਬਰਿਟਸ਼ ਕੋਲੰਬੀਆਂ ਦੇ ਹਾਲਾਤ ਮੁਤਾਬਕ ਢਾਲ ਲਿਆ ਸੀ। ਭਾਵੇਂ ਕਿ ਉਹਨਾਂ ਦੀ ਉਪਸਥਿਤੀ ਨੂੰ ਕਬੂਲਿਆ ਨਹੀਂ ਸੀ ਗਿਆ ਅਤੇ ਜਨਤਾ ਤੇ ਅਖਬਾਰ ਉਹਨਾਂ ਦੇ ਵਿਰੁੱਧ ਭੈੜੇ ਤੋਂ ਭੈੜੇ ਦੋਸ਼ਾਂ ਨੂੰ ਮੰਨਣ ਤੋਂ ਹਿਚਕਚਾਂਦੇ ਸਨ।

ਜਦੋਂ ਤੋਂ ਹੀ ਸੀ. ਪੀ. ਆਰ ਦੇ ਠੇਕੇਦਾਰਾ ਨੇ ਸੰਨ 1970-80 ਦੇ ਸਾਲਾਂ ਦੇ ਦੌਰਾਨ ਚੀਨੀ ਕੁਲੀਆਂ ਨੂੰ ਵੈਨਕੂਵਰ ਵਿਚ ਲਿਆਉਣਾ ਅਰੰਭਿਆ ਸੀ, ਉਦੋਂ ਤੋਂ ਹੀ ਬ੍ਰਿਟਸ਼ ਕੋਲੰਬੀਆ ਦੇ ਨੀਤੀਵਾਨਾ ਤੇ ਲੇਬਰ ਨੇਤਾਵਾਂ ਨੇ ਪੂਰਬੀ ਪਰਿਵਾਸੀ ਨੀਤੀ ਵਿਰੁਧ ਜਹਾਦ ਚਲਾਇਆ ਹੋਇਆ ਸੀ। ਜਦੋਂ ਪਹਿਲੇ ਪਹਿਲ ਹਿੰਦੁਸਤਾਨੀਆਂ ਦੀ ਆਮਦ ਸ਼ੁਰੂ ਹੋਈ ਤਾਂ ਉਹਨਾਂ ਵਿਰੁੱਧ ਤਿੱਖਾ ਪ੍ਰਤਿਕਰਮ ਪ੍ਰਗਟਾਇਆ ਗਿਆ ਸੀ। ਪਰ ਉਹਨਾਂ ਨੀਤੀਵਾਨਾ ਨੂੰ ਨਿਰਾਸਤਾ ਦਾ ਸਾਹਮਣਾ ਕਰਨਾ ਪਿਆ ਜਦੋਂ ਸਰਕਾਰਾਂ ਨੇ ਇਸ ਨੂੰ ਇਕ ਗੰਭੀਰ ਸਮੱਸਿਆ ਮਿਥਣ ਤੋਂ ਇਨਕਾਰ ਕਰ ਦਿਤਾ। ਸਰ ਵਿਲਫ੍ਰਰਡ ਲੌਰੀਏ ਨੂੰ ਜਿਹੜਾ ਕਿ ਉਸ ਸਮੇਂ ਪ੍ਰਧਾਨ ਮੰਤਰੀ ਸੀ, ਬੀ. ਸੀ. ਵਿਚ ਕੋਈ ਘਟ ਵੱਧ ਹੀ ਹਮ-ਖਿਆਲੀ ਮਿਲਿਆ ਜਦੋਂ ਉਸਨੇ ਸਪਸ਼ਟ ਸ਼ਬਦਾਂ ਵਿਚ ਆਖਿਆ 'ਮੇਰੇ ਜਾਂਚੇ ਬਿਨਾਂ ਕੈਨੇਡਾ ਕਿਸੇ ਵੀ ਬਰਤਾਨਵੀ ਨਾਗਰਿਕ ਨੂੰ ਕੈਨੇਡਾ ਵਿਚ ਪਰਵੇਸ਼ ਕਰਨ ਤੋਂ ਨਹੀਂ ਰੋਕ ਸਕਦਾ। ਉਹ ਕਿਸੇ ਨੂੰ ਵੀ ਇਸ ਮਾਮਲੇ ਵਿਚ ਵਖਰਿਆਂ ਨਹੀਂ ਸਕਦਾ ਭਾਵੇਂ ਉਸਦੀ ਕੋਈ ਵੀ ਨਸਲ ਹੋਵੇ ਤੇ ਕਿਹੋ ਜਿਹੀ ਸ਼ਕਲ ਹੋਵੇ। ਸੰਨ 1907 ਵਿਚ ਜਦੋਂ ਕਿ ਪੂਰਬੀ ਪਰਿਵਾਸ ਵਿਚ ਫੇਰ ਵਾਧਾ ਹੋ ਗਿਆ ਸੀ ਤੇ ਆਰਥਕ ਮੰਦਹਾਲੀ ਆ ਗਈ ਤਾਂ ਵੈਨਕੂਵਰ

ਦੀਆਂ ਟਰੇਡ ਤੇ ਲੇਬਰ ਕੌਂਸਲਾਂ ਨੇ ਇਕ ਸੰਸਥਾ ਦੀ ਨੀਂਹ ਰੱਖੀ ਜਿਸ ਦਾ ਨਾਉ ਸੀ ਏਸ਼ੀਆਟਕ ਐਕਸਕਲਜਨ ਲੀਗ ਇਸ ਦੇ ਸਬੰਧ ਕੈਲੇਫੋਰਨੀਆਂ ਦੀ ਪੁਰਬ ਵਿਰੋਧੀ ਸੰਸਥਾ ਅਰਥਾਤ ਐਂਟੀ ਉਰੀਐਂਟਲ ਲੀਗ ਨਾਲ ਸਨ। ਇਸ ਦਾ ਪ੍ਰਧਾਨ ਬਾਰਏਡਰ ਯੂਨੀਅਨ ਦਾ ਇਕ ਮੈਂਬਰ ਸੀ। ਪਰ ਇਸ ਦੇ ਸਮਰਥਕ ਜਾਂ ਤਾਂ ਪ੍ਰੋਫੈਸ਼ਨਲ ਲੋਕ ਸਨ ਜਾਂ ਸਿਆਸਤ ਦਾਨ,ਸਤੰਬਰ ਵਿਚ ਉਕਤਲੀਗ ਨੇ ਇਕ ਪੈਰੇਡ ਦਾ ਆਯੋਜਨ ਕੀਤਾ ਜੋ ਬਾਦ ਵਿਚ ਹਿੰਸਾ ਦਾ ਰੂਪ ਧਾਰ ਗਈ,ਜਦੋਂ ਭੜਕਾਊ ਅਨਸਰਾਂ ਨੇ ਪੈਰੇਡ ਦਾ ਮੂੰਹ ਜਪਾਨੀਆਂ ਤੇ ਚੀਨਿਆਂ ਦੇ ਕੁਆਰਟਰਾਂ ਵੱਲ ਕਰ ਦਿਤਾ ਅੰਤ ਵਿਚ ਇਸ ਘਟਨਾ ਦਾ ਪ੍ਰਭਾਵ ਲੋਗੀਏ ਤੇ ਪਏ ਬਿੰਨਾ ਨਾ ਰਹਿ ਸਕਿਆ ਅਤੇ ਉਹ ਜਪਾਨੀਆਂ ਅਤੇ ਹਿੰਦੁਸਤਾਨੀਆਂ ਦੇ ਦਾਖਲੇ ਤੇ ਰੋਕ ਲਾਉਣ ਦੇ ਹੱਕ ਵਿਚ ਹੋ ਗਿਆ।

ਜਾਪਾਨੀ ਸਰਕਾਰ ਨੇ ਸਾਉਆਂ ਦੇ ਸਮਝੌਤੇ ਵਾਂਗ ਜਿਵੇਂ ਕਿ ਉਸ ਨੇ ਅਮਰੀਕਾ ਨਾਲ ਸੰਧੀ ਕੀਤੀ ਸੀ। ਕੈਨੇਡੀਅਨ ਸਰਕਾਰ ਨੂੰ ਵਚਨ ਦਿੱਤਾ ਅਤੇ ਜਪਾਨੀਆਂ ਦੇ ਕੈਨੇਡਾ ਵਿਚ ਦਾਖਲ ਹੋਣ ਦੀ ਸੀਮਾਂ 400 ਨਿਸਚਿਤ ਕੀਤੀ। ਪਰ ਅਜਿਹਾ ਵਾਅਦਾ ਹਿੰਦੁਸਤਾਨ ਦੀ ਅੰਗਰੇਜੀ ਸਰਕਾਰ ਤੋਂ ਪ੍ਰਾਪਤ ਨਾ ਹੋ ਸਕਿਆ। ਕਿਉਂ ਜੋ ਅੰਗਰੇਜੀ ਸਰਕਾਰ ਨੂੰ ਤੌਖਲਾ ਸੀ ਕਿ ਕਿਤੇ ਭਾਰਤੀ ਕੌਮਵਾਦੀਆਂ ਨੂੰ ਇਸ ਤਰ੍ਹਾਂ ਸਰਕਾਰ ਵਿਰੁੱਧ ਪ੍ਰਚਾਰ ਕਰਨ ਦਾ ਮੌਕਾ ਨਾ ਮਿਲ ਜਾਵੇ। ਇਹ ਕਿਹੋ ਜਿਹੀ ਸਲਤਨਤ ਸੀ ਜਿਸ ਵਿਚ ਉਸਦੀ ਆਪਣੀ ਹੀ ਪਰਜਾ ਨੂੰ ਸੁਤੰਤਰਤਾ ਨਾਲ ਫਿਰਨ ਝੁਰਨ ਦੀ ਆਗਿਆ ਪ੍ਰਾਪਤ ਨਹੀਂ ਸੀ। ਵਾਇਸਰਾਏ ਤੇ ਉਸਦੀ ਕੌਂਸਲ ਨੇ ਕੈਨੇਡਾ ਦੇ ਪਰਿਵਾਸ ਬੰਦ ਕਰਨ ਦੇ ਹੱਕ ਵਿਰੁਧ ਕੋਈ ਟੀਕਾ ਟਿਪਣੀ ਨਹੀਂ ਸੀ ਕੀਤੀ। ਸੱਚੀ ਗੱਲ ਤਾਂ ਇਹ ਸੀ ਕਿ ਭਾਰਤ ਦੀ ਅੰਗਰੇਜੀ ਸਰਕਾਰ ਦਾ ਵਿਚਾਰ ਸੀ ਕਿ ਉਤਰੀ ਅਮਰੀਕਾ ਵਿਚੋਂ ਭਾਰਤੀਆਂ ਦਾ ਅਪਮਾਨ ਤੇ ਭੈੜੀ ਦਸ਼ਾ ਹਿੰਦੁਸਤਾਨ ਵਿਚ ਅਸ਼ਾਂਤੀ ਤੇ ਬਦਅਮਨੀ ਦਾ ਕਾਰਣ ਬਣ ਸਕਦਾ ਹੈ। ਜੋ ਕੁਝ ਭਾਰਤੀ ਸਰਕਾਰ ਚਾਹੁੰਦੀ ਸੀ ਉਹ ਇਹ ਸੀ ਕਿ ਵਖਰੇਵਾਂ ਲੁਕਵੇਂ ਰੂਪ ਵਿਚ ਹੋਵੇ। ਇਸ ਇੱਛਾ ਨੂੰ ਸਵੀਕਾਰ ਕਰਦਿਆਂ ਲੌਰੀਏ ਸਰਕਾਰ ਨੇ ਦੋ ਆਪਣੇ ਹੀ ਬਣਾਏ ਆਰਡਰ ਇਨ-ਕੌਂਸਲ ਲਾਗੂ ਕੀਤੇ। ਪਹਿਲਾਂ ਤਾਂ ਇਹ ਸੀ ਕਿ ਜਦੋਂ ਕਿਸੇ ਏਸ਼ੀਆਈ ਨੇ ਕੈਨੇਡਾ 'ਚ ਪਰਵੇਸ਼ ਕਰਨਾ ਹੋਵੇ ਤਾਂ ਉਸ ਕੋਲ 200 ਡਾਲਰ ਹੋਵੇ· ਦੂਜਾ ਇਹ ਸੀ ਕਿ ਪਰਿਵਾਸੀ ਆਪਣੇ ਦੇਸ਼ ਤੋਂ ਇਕ ਹੀ ਜਹਾਜ਼ ਤੇ ਨਿਰੰਤਰ ਸਫਰ ਕਰਦਾ ਆਇਆ ਹੋਵੇ। ਪਹਿਲੇ ਆਰਡਰ ਦਾ ਮਨੋਰਥ ਕਠੋਰ ਪਾਬੰਦੀ ਲਾਉਣੀ ਸੀ। ਕਿਉਂਕਿ ਪਰਿਵਾਸੀਆ ਦੇ ਆਰਥਿਕ ਸਾਧਨ ਸੀਮਤ ਸਨ। ਉਹ ਆਪਣੇ ਦੇਸ਼ ਵਿਚ ਅਤੀ ਮੁਸ਼ਕਲ ਨਾਲ ਦਸ ਜਾਂ ਪੰਦਰਾ ਸੈਂਟ ਪ੍ਰਤੀ ਦਿਨ ਕਮਾ ਸਕਦੇ ਸਨ। ਦੂਜੇ ਆਰਡਰ ਨੂੰ ਅਜੀਬ ਢੰਗ ਨਾਲ ਲਾਗੂ ਕੀਤਾ ਗਿਆ ਸਮੁੰਦਰੀ ਜਹਾਜ਼ਾ ਦੀਆਂ ਕੰਪਨੀਆਂ ਤੇ ਦਬਾਉ ਪਾਉਣ ਲਈ ਕਿ ਉਹ ਭਾਰਤ ਤੋਂ ਕਨੇਡਾ ਪੁੱਜਣ ਦੇ ਸਾਧਨ ਉਪਲਭਦ ਨਾ ਕਰਨ ਅਤੇ ਭਾਰਤ ਦੀਆਂ ਬੰਦਰਗਾਹਾਂ ਤੋਂ ਕਨੇਡਾ ਦੇ ਟਿਕਟ ਜਾਰੀ ਨਾਹ ਕਰਨ। ਇਹਨਾਂ ਦੋਹਾਂ ਦੇ ਨਿਸ਼ਾਨੇ ਭਾਰਤੀ ਹੀ ਸਨ। ਸੰਨ 1880 ਵਿਚ ਇਹ ਆਰਡਰ ਜਾਰੀ ਕੀਤੇ ਗਏ ਅਤੇ ਇਹਨਾਂ ਨਾਲ ਸਿੱਖਾਂ ਦਾ ਪਰਵੇਸ਼ ਇਕ· ਦਮ ਰੁਕ ਗਿਆ।

ਇਸ ਸਮੇਂ ਤੀਕਰ 6000 ਹਿੰਦੁਸਤਾਨੀ ਕੈਨੇਡਾ ਦੀ ਭੂੰਮੀ ਤੇ ਪਰਵੇਸ਼ ਕਰ ਚੁੱਕੇ ਸਨ। ਭਾਵੇਂ ਇਹਨਾਂ ਵਿਚੋਂ ਬਹੁਤੇ ਦੇਸ਼ ਵਿਚ ਨਹੀਂ ਸਨ। ਜਿਹੜੇ ਲੋਕ ਸੰਨ 1907 ਵਿਚ ਆਰਥਿਕ ਮੰਦਵਾੜੇ ਸਮੇਂ ਆਏ ਸਨ ਉਹਨਾਂ ਨੂੰ ਕੰਮ ਦੀ ਭਾਲ ਕਰਨ ਵਿਚ ਤੇ ਰਿਹਾਇਸ਼ ਪ੍ਰਾਪਤ ਕਰਨ ਲਈ ਬੇਪਨਾਹ ਜੋਖਮਾਂ ਦਾ ਸਾਹਮਣਾ ਕਰਨਾ ਪਿਆ। ਅਗਲੀ ਗਰਮੀ ਦੀ ਰੁੱਤ ਵਿਚ 600 ਤੋਂ 700 ਬੰਦਿਆਂ ਦੇ ਲੱਗਭਗ ਬੇਰੁਜ਼ਗਾਰ ਸਨ। ਨਗਰ ਵਿਚ ਉਹ ਢੱਠੇ ਅਤੇ ਵਿਸਾਰੇ ਗਏ ਘਰਾਂ, ਕੁਲੀਆਂ ਵਿਚ ਰਹਿੰਦੇ ਸਨ ਜਾਂ ਸ਼ਹਿਰ ਤੋਂ ਬਾਹਰ ਜੰਗਲਾਂ ਵਿਚ ਰਹਿੰਦੇ ਸਨ। ਉਹ ਹਰ ਰੋਜ਼ ਡਾਊਨ ਟਾਊਨ ਵਿਚ ਆਉਂਦੇ, ਘਰਾਂ ਦੇ ਪਿਛਲੇ ਬੂਹੇ ਖੜਕਾਉਂਦੇ ਕੰਮ ਲਈ ਪੁੱਛ ਗਿਛ ਕਰਦੇ ਜਾਂ ਪੈਸੇ ਮੰਗਦੇ। ਉਹਨਾਂ ਦੇ ਅਨੇਕਾਂ ਮਿੱਤਰ ਵਾਸ਼ਿੰਗਟਨ ਤੇ ਆਰਗਨ ਸਟੇਟ ਵਿਚ ਚਲੇ ਗਏ ਸਨ। ਸੰਨ 1908 ਦੀ ਗਰਮੀ ਜਾਂ ਪਤਝੜ ਦੀ ਰੁੱਤ ਤੀਕਰ ਉਹਨਾਂ ਵਿਚੋਂ ਕੁਝ ਕਿਵੇਂ ਨਾਂਹ ਕਿਵੇਂ ਕੈਲੋਫੋਰਨੀਆਂ ਦੀ ਖੇਤੀ ਵਾੜੀ ਦੀ ਵਾਦੀ ਵਿਚ ਦਾਖਲ

ਹੋ ਗਏ। ਉਥੇ ਉਹਨਾਂ ਨੂੰ ਬਾਹਰਲੇ ਕੰਮ ਜਿਵੇਂ ਅੰਗੂਰ ਜਾਂ ਸੰਗਤਰਿਆਂ ਨੂੰ ਇਕੱਤਰ ਕਰਨ ਭਾਜੀਆਂ ਗੁੱਛਣ ਜਾਂ ਚਕੰਦਰ ਨੂੰ ਵਿਰਲੇ ਆਦਿ ਕਰਨ ਦੇ ਕੰਮ ਲੱਭ ਗਏ ਸਨ। ਸੰਨ 1913 ਵਿਚ ਜਾਂ ਯੂ. ਐਸ. ਏ. ਵਿਚ ਕੈਨੇਡਾ ਨਾਲੋਂ ਤਿੱਗਣੇ ਸਿੱਖ ਹੋ ਗਏ। ਉਹਨਾਂ ਵਿਚੋਂ ਬਹੁਤੇ ਫਲਾਂ ਦੇ ਰੈਂਚਾ ਵਿਚ ਸਨ। ਜਾਂ ਸੈਕਰਾਮੈਂਟ ਦੀ ਵਾਦੀ ਵਿਚ ਸਨ। ਇਸ ਵਿਕਾਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਸੀ ਅਤੇ 1908 ਵਿਚ ਅਮਰੀਕਾ ਦੇ ਪਰਿਵਾਸੀ ਮਹਿਕਮੇ ਤੇ ਦਬਾਓ ਪਾਇਆ ਗਿਆ ਕਿ ਉਹ ਕਿਵੇਂ ਨਾਂਹ ਕਿਵੇਂ ਸਿੱਖਾਂ ਨੂੰ ਦੇਸ਼ ਤੋਂ ਬਾਹਰ ਰੱਖਣ। ਬਹੁਤ ਸਾਰਿਆਂ ਨੂੰ ਇਸ ਅਧਾਰ ਤੇ ਪਰਤਾ ਦਿੱਤਾ ਗਿਆ ਕਿ ਪੱਛਮੀ ਕੰਢੇ ਦੇ ਲੋਕਾਂ ਦਾ ਵਤੀਰਾ ਉਹਨਾਂ ਵੱਲ ਸੁਖਾਵਾਂ ਨਹੀਂ। ਇਹ ਅਮਰੀਕੀ ਕਾਨੂੰਨ ਦੀ ਅਸਚਰਜ ਮਈ ਵਰਤੋਂ ਸੀ।

ਸੰਨ 1907-08 ਪਿੱਛੋਂ ਜਿਹੜੇ ਹਿੰਦੁਸਤਾਨੀ ਕੈਨੇਡਾ ਵਿਚ ਠਹਿਰੇ ਹੋਏ ਸਨ ਉਹਨਾਂ ਲਈ ਸਥਿਤੀ ਸੁਧਰ ਗਈ ਸੀ। ਸੰਨ 1908 ਵਿਚ ਵੈਨਕੂਵਰ ਵਿਚ ਅਤੇ ਵਿਕਟੋਰੀਆ ਸੰਨ 1912 ਵਿਚ ਸਿੱਖ ਗੁਰਦੁਆਰੇ ਬਣਾਏ ਗਏ। ਇਹ ਗੁਰਧਾਮ ਸਿੱਖੀ ਰਵਾਇਤਾ ਅਨੁਸਾਰ ਹਰੇਕ ਲਈ ਖੁੱਲੇ ਸਨ। ਭਾਵੇਂ ਕੋਈ ਹਿੰਦੂ ਹੋਵੇ ਮੁਸਲਮਾਨ ਹੋਵੇ, ਈਸਾਈ ਹੋਵੇ ਜਾਂ ਸਿੱਖ ਹੋਵੇ। ਇਹਨਾਂ ਅਸਥਾਨਾਂ ਤੇ ਜੋੜ ਮੇਲੇ ਹੁੰਦੇ ਸਨ ਅਤੇ ਹਰ ਇਕ ਨੂੰ ਏਥੇ ਸ਼ਰਨ ਮਿਲਦੀ ਸੀ ਪ੍ਰੰਤੂ ਸਿਖ ਤੇ ਭਾਰਤੀ ਕਮਿਊਨਟੀ ਦੇ ਹੋਰ ਲੋਕ ਕੈਨੇਡਾ ਦੀ ਵਿਸ਼ਾਲ ਕਮਿਊਨਟੀ ਤੋਂ ਵਖਰੇ ਹੀ ਰਹੇ ਅਤੇ ਇਹੀ ਕਾਰਣ ਸੀ ਕਿ ਉਹ ਆਪਣੇ ਆਪ ਨੂੰ ਵਖਰਿਆਏ ਗਏ ਸਮਝਦੇ ਅਤੇ ਉਹਨਾਂ ਨੂੰ ਜਾਪਦਾ ਸੀ ਜਿਵੇਂ ਉਹਨਾਂ ਤੇ ਹਮਲਾ ਕੀਤਾ ਗਿਆ ਹੋਵੇ। ਜਿੰਨਾ ਨੇ ਅੰਗਰੇਜੀ ਭਾਰਤੀ ਸੈਨਾ ਵਿਚ ਕੰਮ ਕੀਤਾ ਹੋਇਆ ਸੀ ਜਾਂ ਸਿੰਘਾਪੁਰ ਹਾਂਗਕਾਂਗ ਜਾਂ ਸੰਘਾਈ ਦੀ ਪੁਲਿਸ ਵਿਚ ਨੌਕਰੀ ਕੀਤੀ ਹੁੰਦੀ ਅਤੇ ਜਿਹਨਾਂ ਨੂੰ ਅੰਗਰੇਜੀ ਭਾਸ਼ਾ ਆਉਂਦੀ ਸੀ ਜਾਂ ਜਿੰਨਾਂ ਨੇ ਅੰਗਰੇਜ਼ੀ ਅਫਸਰਾਂ ਤੋਂ ਟਰੇਨਿੰਗ ਪ੍ਰਾਪਤ ਕੀਤੀ ਹੁੰਦੀ ਸੀ, ਉਹ ਲੋਕ ਯੂਰਪੀ ਲੋਕਾਂ ਅੱਗੇ ਝੁਕਦੇ ਨਹੀਂ ਸਨ ਅਤੇ ਆਮ ਤੌਰ ਤੇ ਉਹ ਚੰਗਾ ਪ੍ਰਭਾਵ ਪਾਉਂਦੇ ਸਨ। ਪ੍ਰੰਤੂ ਅੱਧ ਦੇ ਲੱਗਭਗ ਅਜਿਹੇ ਪਰਿਵਾਸੀ ਸਨ ਜਿਹੜੇ ਦਿਹਾਤਾ ਤੋਂ ਆਏ ਸਨ। ਜਿੰਨਾਂ ਨੂੰ ਅੰਗਰੇਜ਼ੀ ਬੋਲੀ ਤਾਂ ਕੀ ਆਪਦੀ ਮਾਂ ਬੋਲੀ ਭੀ ਪੜਨੀ ਲਿਖਣੀ ਨਹੀਂ ਆਉਂਦੀ ਸੀ। ਉਹ ਲੋਕ ਆਪਣੇ ਲੋਕਾਂ ਤੋਂ ਬਾਹਰ ਇਕ ਕਿਸਮ ਦੇ ਗੁਆਚੇ ਹੁੰਦੇ ਸਨ। ਉਹ ਯੂਰਪੀਆਂ ਵਿਚ ਰਹਿੰਦੇ ਸਨ, ਉਹਨਾ ਦੇ ਕੰਮ ਕਰਦੇ ਸਨ। ਪਰ ਇਹ ਸਭ ਕੁਝ ਉਹ ਉਹਨਾਂ ਨੂੰ ਸੰਬੋਧਨ ਕੀਤੇ ਬਿਨ੍ਹਾਂ ਹੀ ਕਰਦੇ ਸਨ। ਉਹਨਾਂ ਨਾਲ ਨਿੱਜੀ ਸੰਪਰਕ ਕਾਇਮ ਕੀਤੇ ਬਿਨ੍ਹਾਂ ਹੀ ਕਰਦੇ ਸਨ। ਉਹ ਉਹਨਾਂ ਕੁਝ ਕੁ ਲੋਕਾਂ ਤੇ ਨਿਰਭਰ ਕਰਦੇ ਸਨ। ਜਿਹੜੇ ਅੰਗਰੇਜ਼ੀ ਭਾਸ਼ਾ ਬੋਲ ਸਕਦੇ ਸਨ। ਬਾਹਰਲੇ ਸੰਸਾਰ ਨਾਲ ਵਿਚਾਰ ਕਰਨ ਦੇ ਯੋਗ ਸਨ ਉਹਨਾਂ ਦੇ ਦਿਲ ਪਰਚਾਵੇ ਲਈ ਕੋਈ ਥਾਂ ਨਹੀਂ ਸੀ। ਉਹ ਡਾਊਨ ਟਾਊਨ ਵਿਚ ਇੱਕਠੇ ਹੋ ਜਾਂਦੇ ਤੇ ਇਕ ਦੂਜੇ ਨਾਲ ਮੇਲ ਮਿਲਾਪ ਕਰਦੇ। ਉਹ ਟੋਲੀਆਂ ਵਿਚ ਇੱਕਠੇ ਹੋ ਜਾਂਦੇ ਅਤੇ ਜਾਂ ਪਾਵਲ ਸਟਰੀਟ ਤੇ ਜਾਂ ਮੇਨ ਸਟਰੀਟ ਤੇ ਖਲੋ ਜਾਂਦੇ। ਜਿਥੇ ਉਹ ਸਹਿਜੇ ਹੀ ਰੁੱਕੇ ਜਾ ਸਕਦੇ ਸਨ। ਅਜਿਹੀਆਂ ਗੱਲਾਂ ਸਥਾਨਕ ਲੋਕਾਂ ਦੀ ਈਰਖਾਵਾਦੀ ਰੁਚੀ ਨੂੰ ਜਿੰਦਾ ਰੱਖਦੀਆਂ ਸਨ।

ਹਿੰਦੁਸਤਾਨੀ ਆਮ ਤੌਰ 'ਤੇ ਅਮਨ ਪਸੰਦ ਲੋਕ ਸਨ। ਉਹ ਨੀਵੇਂ ਮਿਆਰ ਦੇ ਘਰਾਂ ਵਿਚ ਰਹਿੰਦੇ ਸਨ। ਤੇ ਉਹਨਾਂ ਦਾ ਜਿਆਦਾ ਝਗੜਾ ਪੁਲਿਸ ਨਾਲੋਂ ਸਫਾਈ ਇੰਨਸਪੈਕਟਰਾਂ ਨਾਲ ਹੁੰਦਾ ਸੀ। ਤਾਂ ਵੀ ਉਹ ਕਨੇਡੀਅਨ ਲੋਕਾਂ ਦੀ ਵਿਰੋਧਤਾਂ ਤੋਂ ਬੇਖਬਰ ਨਹੀਂ ਸਨ ਜਿਹੜੀ ਕਿ ਨਿੱਤ ਨਵੇਂ ਤੋਂ ਨਵੇਂ ਰੂਪ ਵਿਚ ਅਧਿਕਾਰੀਆਂ ਵਲੋਂ ਕੀਤੀ ਜਾਂਦੀ ਸੀ। ਅਧਿਕਾਰੀ ਉਹਨਾਂ ਹੈ ਖੁੱਲਮ ਖੁਲਿਆ ਪਰੇਸ਼ਾਨ ਕਰਦੇ ਭਾਵੇਂ ਇਹ ਪਰੇਸ਼ਾਨੀ ਉਤਨੀ ਗੰਭੀਰ ਨਹੀਂ ਸੀ ਜਿੰਨੀ ਕਿ ਪਰਿਵਾਸੀ ਕਨੂੰਨ ਰਾਹੀਂ ਕੀਤੀ ਜਾਂਦੀ ਸੀ ਅਤੇ ਜਿਹੜੀ ਉਹਨਾਂ ਦੇ ਸੰਬੰਧੀਆਂ ਤੇ ਮਿੱਤਰਾਂ ਨੂੰ ਇਸ ਦੇਸ਼ ਵਿਚ ਦਾਖਲ ਹੋਣ ਤੋਂ ਰੋਕਦੀ ਸੀ ਅਤੇ ਜਿਸ ਤੇਜ਼ੀ ਨਾਲ ਅਸੰਬਲੀ ਨੇ ਉਹਨਾਂ ਨੂੰ ਵੋਟ ਪਾਉਣ ਦੇ ਹੱਕ ਤੋਂ ਵਾਂਝਿਆ ਕਰ ਦਿਤਾ ਸੀ। ਉਹ ਜਾਣਦੇ ਸਨ ਕਿ ਕਨੇਡਾ ਦੀ ਸਰਕਾਰ ਬੜੀ ਖੁਸ਼ੀ ਨਾਲ ਸਾਰੀ ਦੀ ਸਾਰੀ ਕਮਿਊਨਿਟੀ ਨੂੰ ਡਿਪੋਰਟ ਕਰ ਦੇਵੇਗੀ। ਜੇ ਕਰ ਉਸ ਨੂੰ ਅਜਿਹਾ ਕਰਨ ਦੇ ਸਾਧਨ ਪ੍ਰਾਪਤ ਹੋ ਜਾਣ ਸੰਨ 1908 ਦੀ ਪੱਤਝੜ ਦੀ ਰੁੱਤ ਸੀ ਅਤੇ ਅਨੇਕਾਂ ਬੰਦੇ ਬੇਰੁਜ਼ਗਾਰ ਹੋ ਗਏ ਸਨ। ਉਹਨਾਂ ਨੂੰ ਹੁਡਰਸ ਵਿਚ ਜਾਣ ਦਾ "ਸੱਦਾ ਪੱਤਰ" ਦਿਤਾ ਗਿਆ ਜਿਥੇ ਕਿ

ਸਰਕਾਰ ਦੇ ਆਪਣੇ ਸ਼ਬਦ ਅਨੁਸਾਰ ਮਜ਼ਦੂਰਾਂ ਦੀ ਡਾਢੀ ਮੰਗ ਸੀ। ਅੰਦਰੂਨੀ ਮਾਮਲਿਆ ਦੇ ਵਜ਼ੀਰ ਦਾ ਪਰਾਈਵੇਟ ਸਕੱਤਰ ਜੇ. ਬੀ. ਹਾਰਕਿਨ. ਹਾਰਪਕਿਨ ਤੇ ਦੋ ਹੋਰ ਹਿੰਦੁਸਤਾਨੀਆਂ ਦੇ ਡੈਲੀਗੇਟਾਂ ਨੂੰ ਲੈ ਕੇ ਖੁਦ ਹੁੰਡਰਸ ਵਿਖਾਉਣ ਲਈ ਗਿਆ। ਜਦੋਂ ਇਹ ਡੈਲੀਗੇਟ ਅਸੁਖਾਵੀਂ ਖਬਰ ਲੈ ਕੇ ਵਾਪਸ ਪਰਤੇ ਤਾਂ ਇਮੀਗਰੇਸ਼ਨ ਦੇ ਅਫਸਰਾਂ ਨੇ ਸਿੱਖਾਂ ਨੂੰ ਤਾੜਨਾ ਕੀਤੀ ਕਿ ਜੇਕਰ ਉਹ ਆਵਾਰਾਗਰਦੀ ਕਰਦੇ ਤੱਕੇ ਗਏ ਤਾਂ ਉਹਨਾਂ ਨੂੰ ਡਿਪੋਰਟ ਕੀਤਾ ਜਾਵੇਗਾ। ਇਹ ਇਕ ਗੰਭੀਰ ਧਮਕੀ ਸੀ। ਇਸ ਦੇ ਟਾਕਰੇ ਲਈ ਸਿੱਖਾਂ ਨੇ, ਪਰਸਪਰ ਮਦਦ ਕਰਨ ਲਈ, ਆਪਣੇ ਆਪਨੂੰ ਜਥੇਬੰਦ ਕਰ ਲਿਆ ਤਾਂ ਜੋ ਉਹਨਾਂ ਵਿਚੋਂ ਕਿਸੇ ਇਕ ਨੂੰ ਵੀ ਇੱਕਲਿਆਂ ਜਾਣਕੇ ਹੱਥ ਨਾ ਪਾਇਆ ਜਾ ਸਕੇ।

ਇਹਨਾਂ ਲੋਕਾਂ ਦੀ ਅਜੀਬ ਮਾਨਸਿਕ ਅਵਸਥਾ ਸੀ ਉਹਨਾਂ ਦੇ ਮਨਾਂ ਵਿਚ ਹਿੰਦੁਸਤਾਨੀ ਸਰਕਾਰ ਦੇ ਵਿਰੁਧ ਬਹੁਤ ਕੁੜੱਤਣ ਸੀ ਉਹਨਾਂ ਵੇਖਿਆ ਕਿ ਓਹਨਾਂ ਨਾਲੋਂ ਜਾਪਾਨੀਆਂ ਨਾਲ ਚੰਗੇਰਾ ਸਲੂਕ ਕੀਤਾ ਜਾਂਦਾ ਸੀ। ਉਹਨਾਂ ਦੇ ਵਿਸ਼ਵਾਸ ਵਿਚ ਹੋਰ ਦ੍ਰਿੜਤਾ ਆ ਗਈ। ਹਿੰਦੁਸਤਾਨੀਆਂ ਦੀ ਚਮੜੀ ਚਿੱਟੀ ਨਹੀਂ ਸੀ। ਇਸ ਲਈ ਹੀ ਉਹ ਅੰਗਰੇਜ਼ੀ ਸਾਮਰਾਜ ਦੇ 'ਮਤਰੇਈ ਮਾਂ' ਦੇ ਪੁੱਤਰ ਮਿਥੇ ਗਏ ਸੀ। ਨਾਟਾਲ ਤੇ ਟਰਾਂਸਵਾਲ ਵਿਚ ਹਿੰਦੁਸਤਾਨੀਆਂ ਨਾਲ ਵਖਰੇਵੇਂ ਭਰਿਆ ਸਲੂਕ ਕੀਤਾ ਗਿਆ ਸੀ ਤੇ ਇਸ ਦੇ ਵਿਰੁਧ ਗਾਂਧੀ ਨੇ ਜੱਦੋ ਜਹਿਦ ਕਰਨ ਦਾ ਬਿਗਲ ਵਜਾਇਆ ਸੀ। ਇਸ ਗਲ ਨੇ ਉਹਨਾਂ ਦੇ ਖਿਆਲ ਨੂੰ ਠੀਕ ਸਿੱਧ ਕਰ ਦਿੱਤਾ ਸੀ। ਆਸਟਰੇਲੀਆ ਤੇ ਨਿਊਜੀਲੈਂਡ ਵਿਚ ਵਿਤਕਰੇ ਭਰੇ ਕਨੂੰਨ ਘੜੇ ਗਏ ਸਨ ਤੇ ਹਿੰਦੁਸਤਾਨੀ ਲੋਕ ਇਸ ਤੋਂ ਭਲੀ ਭਾਂਤ ਸੁਚੇਤ ਸਨ। ਉਹਨਾਂ ਦੀ ਆਪਣੀ ਹੀ ਸਰਕਾਰ ਸਰਕਾਰ ਮਾਈ ਬਾਪ'-ਉਹਨਾਂ ਦੀ ਪੀੜਾ ਤੋਂ ਬੇਨਿਆਜ਼ ਸੀ। ਅਤੇ ਉਹਨਾਂ ਦੀ ਦੇਖ ਭਾਲ ਕਰਨ ਤੋਂ ਕਤਰਾਂਦੀ ਸੀ ਪਰ ਜਪਾਨੀਆ ਦੀ ਸਰਕਾਰ ਜਪਾਨੀਆਂ ਦੇ ਦੁੱਖ ਸੁੱਖ ਵਿਚ ਭਾਈਵਾਲ ਸੀ।

ਉਹ ਪੰਜਾਬ ਵਿਚ ਅਜਿਹੀ ਗੱਲ ਨਹੀਂ ਕਰ ਸੀ ਸਕਦੇ ਜਿਥੇ ਕਿ ਪੰਜਾਬ ਦੇ ਵੱਡੇ ਵੱਡੇ ਜਿਮੀਦਾਰ ਤੇ ਚੌਹਦਰੀ ਸਰਕਾਰ ਦੀ ਪਿੱਠ ਪੂਰਦੇ ਸਨ, ਜਿਥੇ ਕਿ ਉਹਨਾਂ ਦੇ ਗੁਰਧਾਮਾਂ ਤੇ ਪੁਜਾਰੀਆਂ ਦਾ ਕਬਜ਼ਾ ਸੀ ਜਿਹੜੇ ਕਿ ਸਰਕਾਰ ਦੇ ਇਸ਼ਾਰਿਆਂ ਤੇ ਨਚਦੇ ਸਨ, ਜਿੱਥੇ ਸਿੰਘ ਸਭਾ ਵਰਗੀ ਜਥੇਬੰਦੀ ਸੀ ਜੋ ਸ਼ੁਧ ਸਿੱਖੀ ਦਾ ਪ੍ਰਚਾਰ ਕਰਦੀ ਸੀ ਜਾਂ ਚੀਫ ਖਾਲਸਾਦੀਵਾਨ ਸਿੱਖਾਂ ਦੀ ਮੁੱਖ ਸਿਆਸੀ ਸੰਸਥਾ ਸੀ। ਇਹ ਦੋਵੇਂ ਹੀ ਫਰੰਗੀ ਸਰਕਾਰ ਦੀ ਵਫਾਦਾਰੀ ਦਾ ਦਮ ਭਰਦੀਆਂ ਸਨ। ਸੰਨ 1857 ਦੇ ਗਦਰ ਉਪਰੰਤ ਅੰਗਰੇਜ਼ਾ ਨੇ ਇਕ ਨਵਾਂ ਵਿਤਕਰੇ ਭਰਿਆ ਪੈਂਤੜਾ ਬਦਲਿਆ। ਫੌਜ ਵਿਚ ਅਤੇ ਸਿਵਲ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਮੁਕਾਬਲੇ ਸਿੱਖਾਂ ਨੂੰ ਪਹਿਲ ਦਿਤੀ ਜਾਣ ਲੱਗੀ। ਹਾਲਾਂ ਕਿ ਸੰਨ 1911 ਦੀ ਮਰਦਮਸ਼ੁਮਾਰੀ ਅਨੁਸਾਰ ਸਿੱਖਾਂ ਦੀ ਗਿਣਤੀ ਕੇਵਲ 12 ਫੀਸਦੀ ਸੀ ਘੱਟ ਗਿਣਤੀ ਸਿੱਖਾਂ ਦੀ ਭਾਵਨਾ ਨੂੰ ਅਲਹਿਦਗੀ ਦਾ ਰੂਪ ਦੇ ਕੇ ਇਸਨੂੰ ਉਭਾਰਿਆ ਗਿਆ। ਸਿੱਖਾਂ ਦੀਆਂ ਵਖਰੀਆਂ ਪਲਟਨਾਂ ਸਥਾਪਤਾ ਕੀਤੀਆਂ ਗਈਆਂ ਸਨ ਅਤੇ ਉਹਨਾਂ ਵਿਚ ਸਿੱਖਾਂ ਨੂੰ ਪੰਜ ਕਕਾਰ ਕੇਸ, ਕੰਘਾ, ਕੜਾ, ਕਿਰਪਾਨ ਤੇ ਕੱਛਾ ਰੱਖਵੇ ਲਾਜ਼ਮੀ ਕਰਾਰ ਦਿਤੇ ਗਏ। ਸਿੱਖ ਧਰਮ ਦੀ ਸ਼ਕਤੀ ਦਾ ਪ੍ਰਤੱਖ ਤੌਰ ਤੇ ਪਤਣ ਉਨੀਵੀ ਸਦੀ ਦੇ ਪਿਛਲੇ ਅੱਧ ਵਿਚ ਸ਼ੁਰੂ ਹੋ ਗਿਆ ਸੀ। ਹੁਣ ਉਸਨੂੰ ਮੁੜ ਜੀਵਤ ਕਰ ਦਿਤਾ ਗਿਆ ਅਤੇ ਸਿੱਖ ਧਰਮ ਦੇ ਆਗੂ ਅੰਗਰੇਜ਼ੀ ਰਾਜ ਨਾਲ ਬੱਝ ਗਏ। ਜੇਕਰ ਕਦੀ ਕਦਾਈ ਅੰਗਰੇਜ਼ਾ ਦੇ ਵਿਰੁੱਧ ਕੋਈ ਭਾਵਨਾ ਪੈਦਾ ਹੁੰਦੀ ਤਾਂ ਉਸਨੂੰ ਪਿੰਡਾਂ ਤੀਕਰ ਅਪੜਣ ਨਹੀਂ ਸੀ ਦਿਤਾ ਜਾਂਦਾ। ਇਹਨਾਂ ਪਿੰਡਾਂ ਵਿਚ ਅੰਗਰੇਜ਼ ਦੇ ਹੁਕਮ ਨੂੰ ਬਿਨ੍ਹਾਂ ਕਿਸੇ ਰਖ ਰਖਾ ਦੇ ਸਵੀਕਾਰ ਕੀਤਾ ਜਾਂਦਾ ਸੀ ਤੇ ਉਸਨੂੰ ਰੱਬੀ ਫੁਰਮਾਨ ਦੇ ਰੂਪ ਵਿਚ ਸਤਿਕਾਰਿਆ ਜਾਂਦਾ ਸੀ।

ਬਰਿਟਸ਼ ਕੋਲੰਬੀਆ ਦੇ ਹੋਰ ਅਨੇਕਾਂ ਸਮੁੰਦਰੋ ਪਾਰ ਦੀਆਂ ਬਸਤੀਆਂ ਵਿਚ ਸਿੱਖ ਉਹਨਾਂ ਅਨਸਰਾਂ ਨਾਲ ਘੁਲ ਮਿਲ ਗਏ ਸਨ। ਜਿਹੜੇ ਅੰਗਰੇਜ਼ਾ ਵਿਰੋਧੀ ਪਰਚਾਰ ਕਰਦੇ ਸਨ ਅਤੇ ਇਨਕਲਾਬ ਦੇ ਹੱਕ ਵਿਚ ਖੁਲ੍ਹਮ ਖੁਲਿਆ ਹੋਕਾ ਦਿੰਦੇ ਸਨ। ਅਜਿਹੇ ਲੋਕ ਜਿਹੜੇ ਪੁਲਿਸ ਦੇ ਡਰੋਂ ਹਿੰਦੁਸਤਾਨ ਨਹੀਂ ਜਾ ਸਕਦੇ ਸਨ ਅਤੇ ਵਿਦੇਸ਼ਾਂ ਵਿਚ ਹੀ ਅੰਗਰੇਜ਼ ਵਿਰੁਧ ਜੂਝਦੇ ਸਨ। ਇਸ ਸ਼੍ਰੇਣੀ ਦੇ ਲੋਕਾਂ ਵਿਚ ਤਾਰਕ

ਨਾਥ ਵਰਗੇ ਬੰਦੇ ਸਨ ਜਿੰਨਾਂ ਨੇ ਹਿੰਦ ਵਿਚ ਵੀ ਅਤਿਵਾਦ ਦਾ ਪਰਚਾਰ ਕੀਤਾ ਸੀ। ਤਾਰਕ ਨਾਥ ਕੱਲਕੱਤਾ ਯੂਨੀਵਰਸਿਟੀ ਵਿਚ ਅਜੇ ਉਨ੍ਹੀ ਸਾਲਾਂ ਵਿਦਿਆਰਥੀ ਹੀ ਸੀ ਜਦੋਂ ਕਿ ਉਸਨੇ ਢਾਕੇ ਦੀ ਅਨੁਸਿਲਕ ਸੰਮਤੀ ਦੀ ਸਥਾਪਨਾ ਵਿਚ ਅਹਿਮ ਰੋਲ ਅਦਾ ਕੀਤਾ ਸੀ। ਇਹ ਗੁਪਤ ਇਨਕਲਾਬੀ ਸੰਸਥਾ ਉਸ ਕੌਮਵਾਦੀ ਐਜੀਟੇਸ਼ਨ ਦੇ ਦੌਰਾਨ ਜਨਮੀ ਸੀ। ਜਿਸ ਨੇ ਸੰਨ 1905-06 ਵਿਚ ਬੰਗਾਲ ਨੂੰ ਤੂਫਾਨ ਵਾਂਗ ਆਪਣੇ ਕਲਾਵੇ ਵਿਚ ਲੈ ਲਿਆ। ਸੰਨ 1908 ਦੇ ਆਰੰਭਕ ਮਹੀਨੇ ਜਨਵਰੀ ਵਿਚ ਤਾਰਕ ਨਾਥ ਨੇ ਵੈਨਕੂਵਰ ਲਾਗੇ ਨਿਊਵੈਸਟ ਮਨਿਸਟਰ ਦੇ ਮਿੱਲਸਾਈਡ ਦੇ ਅਸਥਾਨ ਤੇ ਸਿੱਖ ਪਰਿਵਾਸੀਆ ਲਈ ਇਕ ਸਕੂਲ ਖੋਲਿਆ। ਹਾਪਕਿਨਸਨ ਨੇ ਕੁਝ ਮਹੀਨੇ ਤਾਰਕ ਦੀਆ ਸਰਗਰਮੀਆਂ ਦੇ ਕੇਂਦਰ ਉਤੇ ਤਾੜ ਰੱਖੀ, ਇਸ ਤੋਂ ਬਾਦ ਹਾਪਕਿਨਸਨ ਨੇ ਕੈਨੇਡਾ ਦੇ ਅੰਗਰੇਜ਼ੀ ਅਖਬਾਰਾਂ ਵਿਚ ਖਬਰ ਛਾਪੀ ਜਿਸਦਾ ਸਾਰ ਇਹ ਸੀ ਕਿ ਭਾਰਤ ਵਿਚ ਚਲਾਈ ਜਾ ਰਹੀ ਇਨਕਲਾਬੀ ਲਹਿਰ ਦੀ ਅਗਵਾਈ ਉਤਰੀ ਅਮਰੀਕਾ ਦੇ ਸਾਂਤ ਸਾਗਰ ਦੇ ਤੱਟ ਤੋਂ ਕੀਤੀ ਜਾਂਦੀ ਹੈ ਅਤੇ ਕਰਾਂਤੀਕਾਰੀ ਸਰਗਰਮੀਆਂ ਦਾ ਕੇਂਦਰ ਮਿੱਲਸਾਈਡ, ਹਾਪਕਿਨਸਨ ਦੇ ਇਸ ਭੇਤ ਖੋਲਣ ਦਾ ਸਿੱਟਾ ਇਹ ਨਿਕਲਿਆ ਕਿ ਕੈਨੇਡਾ ਸਰਕਾਰ ਦੇ ਅਧਿਕਾਰੀਆ ਨੇ ਇਸ ਸਕੂਲ ਨੂੰ ਬੰਦ ਕਰਵਾ ਦਿਤਾ। ਤਾਰਕਨਾਥ ਆਪ ਤਾਂ ਸਿਆਟਲ ਚਲਿਆ ਗਿਆ ਪਰ ਇਸਦਾ ਇਹ ਮਤਲਬ ਨਹੀਂ ਸੀ ਕਿ ਬਰਿਟਿਸ਼ ਕੋਲੰਬੀਆ ਵਿਚ ਉਸਦੀਆਂ ਸਰਗਰਮੀਆਂ ਦਾ ਅੰਤ ਹੋ ਗਿਆ। ਉਸ ਸਮੇਂ ਹਾਪਕਿਨਸਨ ਨੂੰ ਕੈਨੇਡਾ ਦੀ ਸਰਕਾਰ ਵਿਚ ਕੋਈ ਪਦਵੀ ਪ੍ਰਾਪਤ ਨਹੀਂ ਸੀ। ਉਹ ਸੰਨ 1908 ਵਿਚ ਵੈਨਕੂਵਰ ਵਿਚ ਆਇਆ ਸੀ। ਉਸਦੀ ਆਯੂ 28 ਸਾਲ ਦੀ ਸੀ। ਉਹ ਸਮੇਂ ਕੱਲਕੱਤੇ ਦੀ ਸ਼ਹਿਰੀ ਪੁਲਿਸ ਦਾ ਇੰਨਸਪੈਕਟਰ ਸੀ। ਉਸਦਾ ਇਸ ਵਿਭਾਗ ਵਿਚ ਤਜ਼ਰਬਾ ਕੋਈ ਚਾਰ ਸਾਲਾਂ ਦਾ ਸੀ। ਹੁਣ ਉਹ ਦਫਤਰੀ ਤੌਰ ਤੇ ਛੁੱਟੀ ਉਤੇ ਸੀ। ਪਰ ਅਸਲ ਵਿਚ ਉਹ ਹਿੰਦੁਸਤਾਨ ਦੇ ਸੀ. ਆਈ. ਡੀ. ਵਿਭਾਗ ਲਈ ਤਫਤੀਸ਼ ਕਰਦਾ ਸੀ। ਜਲਦੀ ਹੀ ਉਸਦੀ ਜਾਣ ਪਛਾਣ ਅੰਦਰੂਨੀ ਮਾਮਲਿਆ ਦੇ ਵਜੀਰ ਨਾਲ ਹੋ ਗਈ ਸੀ ਅਤੇ ਥੋੜੇ ਹੀ ਸਮੇਂ ਪਿੱਛੋਂ ਕੈਨੇਡਾ ਦੀ ਪਰਿਵਾਸੀ ਸਾਖਾ ਨੇ ਉਸਨੂੰ ਆਪਣੇ ਮਹਿਕਮੇ ਵਿਚ ਰੱਖ ਲਿਆ ਉਸਨੂੰ ਉਚ ਅਧਿਕਾਰ ਪ੍ਰਾਪਤ ਸਨ ਅਤੇ ਉਸ ਦੇ ਕਰਤੱਵ ਦੇ ਘੇਰੇ ਵਿਚ ਤਾਰਕਨਾਥ ਵਰਗੇ ਇਨਕਲਾਬੀਆਂ ਦੀਆਂ ਹਰਕਤਾਂ ਤੇ ਤਾੜ ਰੱਖਣੀ ਸ਼ਾਮਲ ਸੀ।

ਗੁਰਦਿੱਤਾ ਕੁਮਾਰ ਤਾਰਕਨਾਥ ਨਾਲ ਚੁੱਟ ਕਿ ਕੰਮ ਕਰ ਰਿਹਾ ਸੀ। ਉਸਦੀ ਜਨਮ ਭੂਮੀ ਬਾਨੂ ਸੀ ਜਿਹੜੀ ਕਿ ਹਿੰਦ ਦੇ ਉਤਰ ਪੱਛਮੀ ਸਰਹੱਦੀ ਸੂਬੇ ਵਿਚ ਸਥਿਤ ਸੀ। ਇਸਨੇ ਕੁਝ ਸਮੇਂ ਲਈ ਰਾਵਲਪਿੰਡੀ ਦੇ ਇਕ ਫੋਟੋਗਰਾਫਰ ਦੀ ਸ਼ਾਗਿਰਦੀ ਕੀਤੀ ਸੀ। ਉਹ ਕੁਝ ਅਰਸੇ ਲਈ ਕਲਕੱਤੇ ਦੇ ਨੈਸ਼ਨਲ ਕਾਲਜ ਵਿਚ ਹਿੰਦੀ ਤੇ ਉਰਦੂ ਦਾ ਅਧਿਆਪਕ ਮੁਕਰਰ ਹੋਇਆ ਸੀ। ਕਲਕੱਤੇ ਵਿਚ ਹੀ ਕੁਮਾਰ ਦੀ ਮਿਲਣੀ ਤਾਰਕਨਾਥ ਨਾਲ ਹੋਈ ਸੀ। ਉਹ ਤਾਰਕਨਾਥ ਨੂੰ ਕਲਕੱਤੇ ਦੀ ਮਸ਼ਹੂਰ ਮਰਾਠਾ ਲੌਜ ਵਿਚ ਮਿਲਿਆ ਸੀ। ਇਹ ਲੌਜ ਇਨਕਲਾਬੀਆਂ ਦੀਆਂ ਸਰਗਰਮੀਆਂ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਸੀ। ਅਕਤੂਬਰ 1097 ਵਿਚ ਕੈਨੇਡਾ ਆਉਣ ਪਿੱਛੋਂ ਕੁਮਾਰ ਨੇ ਤਾਰਕਨਾਥ ਦੀ ਸਹਾਇਤਾ ਨਾਲ ਹੀ ਵਿਕਟੋਰੀਆ ਵਿਚ ਇਕ ਗਰੋਸਰੀ ਦਾ ਸਟੋਰ ਖੋਲਿਆ ਸੀ।

ਦਸੰਬਰ 1909 ਵਿਚ ਕੁਮਾਰ ਨੇ ਵੈਨਕੂਵਰ ਵਿਚ ਇਕ "ਸਵਦੇਸ਼ ਸੇਵਕ" ਅਸਥਾਨ ਖੋਲਿਆ ਅਸਲ ਵਿਚ ਇਹ ਥਾਂ ਇਨਕਲਾਬੀਆਂ ਦੇ ਪਰਸਪਰ ਮੇਲ ਕਰਨ ਲਈ ਅਤੇ ਉਹਨਾਂ ਨੂੰ ਪਨਾਹ ਦੇਣ ਲਈ ਵਰਤਿਆ ਜਾਂਦਾ ਸੀ। ਭਾਵੇਂ ਇਸਨੂੰ ਮਖੌਟਾ ਹੋਰ ਪਵਾਇਆ ਗਿਆ ਸੀ ਅਤੇ ਉਹ ਸੀ ਸਿੱਖ ਪਰਿਵਾਸੀਆਂ ਨੂੰ ਅੰਗਰੇਜ਼ੀ ਤੇ ਹਿਸਾਬ ਪੜਾਉਣ ਲਈ ਸਕੂਲ ਖੋਲਣਾ। ਤਾਰਕਨਾਥ ਅਤੇ ਕੁਮਾਰ ਦੀ ਅੱਖ ਭਾਰਤ ਵਿਚ ਸਿੱਖ ਰਜਮੈਂਟਾਂ ਵਿਚ ਗੜਬੜ ਪੈਦਾ ਕਰਨ ਤੇ ਲੱਗੀ ਹੋਈ ਸੀ। ਉਹ ਚਾਹੁੰਦੇ ਸਨ ਕਿ ਸਿੱਖ ਫੌਜਾਂ ਵਿਚ ਇਹ ਪਰਚਾਰ ਕਰਨ ਕਿ ਉਹਨਾਂ ਦੇ ਸਿਖ ਭਾਈ ਕੈਨੇਡਾ ਦੀ ਧਰਤੀ ਤੇ ਕਿਸ ਤਰ੍ਹਾਂ ਬਿਪਤਾ ਵਿਚ ਸਨ। ਉਹਨਾਂ ਦਾ ਖਿਆਲ ਸੀ ਕਿ ਸਿੱਖ ਫੌਜਾਂ ਵਿਚ ਅੰਗਰੇਜ਼ਾਂ ਵਿਰੁਧ ਵਿਰੋਧੀ ਭਾਵਨਾ ਪੈਦਾ ਹੋਵੇਗੀ ਅਤੇ ਫਰੰਗੀਆਂ ਪ੍ਰਤੀ ਉਹਨਾਂ ਦੀ ਵਫਾਦਾਰੀ ਨੂੰ ਠੇਸ ਪਹੁੰਚੇਗੀ। ਕੁਝ ਸਮੇਂ ਤੀਕਰ ਤਾਰਕਨਾਥ ਨੇ ਇਕ

ਅੰਗਰੇਜ਼ੀ ਦਾ ਅਖਬਾਰ 'ਅਜਾਦ ਹਿੰਦੁਸਤਾਨ' ਕੱਢਿਆ ਜਿਸ ਵਿਚ ਉਸਨੇ ਸਿੱਖ ਫੌਜੀਆਂ ਨੂੰ ਸੰਬੋਧਨ ਕਰਨ ਦਾ ਯਤਨ ਕੀਤਾ। ਕੁਮਾਰ ਨੇ ਆਪਣੇ ਪਰਚਾਰ ਦਾ ਮਾਧਿਅਮ ਗੁਰਮੁਖੀ ਵਿਚ ਛਪਦੇ ਮਾਹਾਵਾਰੀ ਅਖਬਾਰ ''ਸਵਦੇਸ਼ ਸੇਵਕ'' ਨੂੰ ਬਣਾਇਆ ਜਿਸਨੂੰ ਭਾਰੀ ਮਾਤਰਾ ਵਿਚ ਹਿੰਦੁਸਤਾਨ 'ਚ ਘੱਲਿਆ ਗਿਆ। ਇਹ ਕੰਮ ਉਸ ਸਮੇਂ ਤੀਕਰ ਚਾਲੂ ਰਿਹਾ। ਜਦੋਂ ਤੀਕਰ ਹਿੰਦੁਸਤਾਨੀ ਸਰਕਾਰ ਨੂੰ ਇਸਦੀ ਖਬਰ ਨਾ ਹੋਈ। ਪਿਛੋਂ ਹਿੰਦੁਸਤਾਨੀ ਸਰਕਾਰ ਨੇ ਇਸ ਅਖਬਾਰ ਦਾ ਸੁਮਾਰ ਵਰਜਿਤ ਅਖਬਾਰਾ ਦੀ ਸੂਚੀ ਵਿਚ ਕਰ ਦਿਤਾ।

ਕੈਨੇਡਾ ਦੇ ਕਾਨੂੰਨ ਵਿਚ ਕੋਈ ਅਜਿਹੀ ਚੀਜ਼ ਨਹੀਂ ਸੀ ਜਿਸ ਦੀ ਆੜ ਲੈ ਕੇ ਹਾਪਕਿਨਸਨ, ਕੁਮਾਰ ਤੇ ਉਸਦੇ ਦੋਸਤਾਂ ਵਿਰੁਧ ਕੁਝ ਕਰ ਸਕਦਾ। ਉਹ ਹਿੰਦੁਸਤਾਨੀ ਸਰਕਾਰ ਨੂੰ ਨਿੱਕੀ ਤੋਂ ਨਿੱਕੀ ਸੂਚਨਾ ਪਹੁੰਚਾ ਦਿੰਦਾ ਸੀ। ਜਿਹੜੀ ਉਸਨੂੰ ਪ੍ਰਾਪਤ ਹੁੰਦੀ ਸੀ। ਇਹ ਉਸਦੇ ਰਾਹੀ ਹੀ ਸੀ ਕਿ ਹਿੰਦੁਸਤਾਨ ਦੀ ਸੀ. ਆਈ. ਡੀ. ਦੇ ਮਹਿਕਮੇ ਨੇ ਤਾਰਕਨਾਥ ਕੁਮਾਰ ਅਤੇ ਕੈਨੇਡਾ ਤੇ ਅਮਰੀਕਾ ਵਿਚ ਵਸਦੇ ਹੋਰ ਸਰਗਰਮ ਮੈਬਰਾ ਦੀਆਂ ਨਿੱਜੀ ਫਾਈਲਾਂ ਖੋਲ ਦਿਤੀਆਂ ਸਨ। ਉਸਦੇ ਭੇਜੇ ਨਾਵਾ ਅਤੇ ਪਤਿਆ ਦੇ ਫਲਸਰੂਪ ਸੀ. ਆਈ. ਡੀ. ਨੇ ਭਾਰਤ ਵਿਚ ਘੱਲੇ ਜਾ ਰਹੇ ਸਾਹਿਤ ਜਿਵੇਂ ਕਿ 'ਸਵਦੇਸ਼ ਸਵੇਕ' ਦੀ ਪੈੜ ਰੱਖਦੀ ਸੀ। ਸਥਾਨਕ ਹਿੰਦੁਸਤਾਨੀਆ ਨੂੰ ਇਸ ਗੱਲ ਦੀ ਪੂਰੀ ਤਰ੍ਹਾ ਜਾਣਕਾਰੀ ਸੀ ਕਿ ਹਾਪਕਿਨਸਨ ਸੀ. ਆਈ. ਡੀ. ਦਾ ਪੁਰਜਾ ਸੀ। ਪਰ ਫੇਰ ਵੀ ਉਹ ਇਸ ਗੱਲੋਂ ਲਾਪਰਵਾਹ ਸਨ। ਜਦੋਂ ਹਾਪਕਿਨਸਨ ਕੈਨੇਡਾ ਵਿਚ ਹਿੰਦੁਸਤਾਨੀਆ ਵਲੋਂ ਕੀਤੀਆਂ ਜਾ ਰਹੀਆਂ ਮੀਟਿੰਗਾਂ ਵਿਚ ਆਪਣੇ ਸਟੈਨੋ ਸਮੇਤ ਜਾਂਦਾ ਅਤੇ ਸਟੈਨੋ ਨੂੰ ਹਰ ਇਕ ਕੀਤੀ ਜਾ ਰਹੀ ਤਕਰੀਰ ਦਾ ਉਲੱਥਾ ਕਰਕੇ ਲਿਖਵਾਂਦਾ। ਉਹਨਾਂ ਨੇ ਤਾਂ ਉਲਟਾ ਦੋਸ਼ ਲਾਇਆ ਕਿ ਹਾਪਕਿਨਸਨ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ ਅਤੇ ਉਸਦੀ ਥਾਂ ਕਿਸੇ ਹੋਰ ਨੂੰ ਲਾਇਆ ਜਾਵੇ ਕਿਉਂਕਿ ਹਾਪਕਿਨਸਨ ਉਹਨਾ ਦੀ ਭਾਸ਼ਾਂ ਨਹੀਂ ਸੀ ਜਾਣਦਾ। ਉਸਨੂੰ ਹਿੰਦੀ ਭਾਸ਼ਾ ਵਿਚ ਮੁਹਾਰਤ ਪ੍ਰਾਪਤ ਸੀ। ਪਰ ਉਹ ਸਿੱਖਾ ਦੀ ਪੰਜਾਬੀ ਅਤੇ ਗੁਰਮੁਖੀ ਸਿੱਖੀ ਤੋਂ ਇਤਨਾ ਜਾਣੂ ਨਹੀਂ ਸੀ। ਪਰ ਇਸ ਵਿਚ ਉਹ ਸਫਲਤਾ ਪ੍ਰਾਪਤ ਨਾ ਕਰ ਸਕੇ। ਉਹਨਾਂ ਨੇ ਹਾਪਕਿਨਸਨ ਵਿਰੁੱਧ ਮੁੜ ਦੋਸ਼ ਲਾਇਆ ਕਿ ਉਹ ਅਮਰੀਕਾ 'ਚੋਂ ਕੈਨੇਡਾ ਵਿਚ ਦਾਖਲ ਹੋਣ ਵਾਲੇ ਹਿੰਦੁਸਤਾਨੀਆ ਤੋਂ ਪੈਸੇ ਬਟੋਰਦਾ ਸੀ। ਇਹ ਇਕ ਅਜਿਹਾ ਦੋਸ਼ ਸੀ ਜਿਸ ਨੂੰ ਪੜਤਾਲ ਕਰਨ ਪਿਛੋਂ ਠੱਪ ਦਿਤਾ ਗਿਆ ਸੀ।

ਸੰਨ 1913 ਦੀ ਬਹਾਰ ਰੁੱਤ ਵਿਚ ਕੁਮਾਰ ਵੈਨਕੂਵਰ ਤੋਂ ਮੁਨੀਲਾ ਚਲਿਆ ਗਿਆ। ਉਸਦੇ ਖਿਆਲ ਅਨੁਸਾਰ ਮਨੀਲਾ ਅਜਿਹਾ ਮਹੱਤਵ ਪੂਰਣ ਅਸਥਾਨ ਸੀ ਜਿਥੇ ਕਿ ਉਹ ਦੂਰ ਪੂਰਬ ਵਿਚ ਵਸਣ ਵਾਲੇ ਸਿੱਖਾਂ ਵਿਚ ਇਨਕਲਾਬੀ ਕੰਮ ਕਰ ਸਕਦਾ ਸੀ। (ਬੀ. ਸੀ. ਵਿਚ) ਸਥਾਨਕ ਹਾਲਾਤ ਉਤੇ ਉਸ ਸਮੇਂ ਤੀਕਰ 48 ਸਾਲਾ ਹਿੰਦੂ ਛਗਨ ਖੇਰਾਜ ਵਰਮਾ ਛਾ ਚੁੱਕਾ ਸੀ ਜੋ ਪਿਛੋਂ ਗੁਜਰਾਤ ਵਿਚ ਪੋਰਬੰਦਰ ਕੋਲ ਸੀ ਅਤੇ ਕਈ ਸਾਲ ਪਹਿਲਾਂ ਜਪਾਨ ਵਿਚ ਰਿਹਾ ਸੀ। ਪ੍ਰੰਤੂ ਆਰਥਿਕ ਕਠਨਾਈਆ ਦੇ ਕਾਰਣ ਉਹ ਜਪਾਨ ਤੋਂ ਫਰਜ਼ੀ ਮੁਸਲਮਾਨੀ ਨਾਂ ਹੁਸੈਨ ਰਹੀਮ ਰੱਖਕੇ ਹੋਨੋਲੂਲੂ ਫਰਾਰ ਹੋ ਗਿਆ ਸੀ। ਕੈਨੇਡਾ ਵਿਚ ਉਹ ਇਸੇ ਨਾਉ ਦੀ ਵਰਤੋਂ ਕਰਦਾ ਰਿਹਾ। ਜਿੱਥੇ ਉਹ ਜਨਵਰੀ 1910 ਵਿਚ ਸੈਲਾਨੀ ਦੇ ਤੌਰ ਉਤੇ ਦਾਖਲ ਹੋਇਆ। ਉਹ ਹੋਨੋਲੂਲੂ ਤੋਂ ਐਸ. ਐਸ. ਮੋਨਾ ਜਹਾਜ਼ ਰਾਹੀਂ ਵੈਨਕੂਵਰ ਅਪੜਿਆ ਅਤੇ ਉਸ ਕੋਲ ਮੋਂਟਰੀਅਲ ਤੱਕ ਦਾ ਰੇਲ ਦੇ ਪਹਿਲੇ ਦਰਜੇ ਦਾ ਟਿਕਟ ਸੀ। ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਵੈਨਕੂਵਰ ਪਰਤਣ ਤੇ ਨੌ ਮਹੀਨੇ ਪਿਛੋਂ ਕੈਨੇਡਾ ਤੋਂ ਡਿਪੋਰਟ ਦਾ ਹੁਕਮ ਕਰ ਦਿਤਾ ਗਿਆ। ਉਸਨੇ ਵਪਾਰ ਕਰਨਾ ਆਰੰਭ ਕਰ ਦਿਤਾ ਅਤੇ ਠਹਿਰਨ ਦੀ ਆਗਿਆ ਲੈਣ ਲਈ ਅਰਜ਼ੀ ਦੇ ਦਿੱਤੀ। ਪੁਲੀਸ ਸਟੇਸ਼ਨ ਵਿਚ ਤਲਾਸ਼ੀ ਕੀਤੀ ਗਈ ਅਤੇ ਉਸਦੀ ਜੇਬ ਵਿਚੋਂ ਇਕ ਨੋਟ ਬੁੱਕ ਨਿਕਲੀ। ਜਿਸ ਵਿਚ ਨਾਈਟਰੋ ਗਲਿਸਰੀਨ ਬਨਾਉਣ ਦਾ ਫਾਰਮੂਲਾ ਅੰਕਤ ਕੀਤਾ ਹੋਇਆ ਸੀ ਅਤੇ ਅਮਰੀਕਾ, ਫਰਾਂਸ, ਨਟਾਲ ਅਤੇ ਹੋਰ ਥਾਵਾਂ ਵਿਚ ਰਹਿੰਦੇ ਹੋਏ ਸਰਗਰਮ ਲੋਕਾਂ ਦੇ ਨਾਉਂ ਭੀ ਲਿਖੇ ਹੋਏ ਸਨ। ਜਦੋਂ ਉਹ ਪਹਿਲੀ ਵਾਰ ਵੈਨਕੂਵਰ ਵਿਚ ਦਾਖਲ ਹੋਇਆ। ਹਾਪਕਿਨਸਨ ਨੇ ਉਸਦੀ ਪੜਤਾਲੀਆ ਪੁੱਛ ਗਿਛ

ਕੀਤੀ ਸੀ । ਉਸਦੀ ਗ੍ਰਿਫਤਾਰੀ ਸਮੇਂ ਭੀ ਹਾਪਕਿਨਸਨ ਮੌਜੂਦ ਸੀ । ਰਹੀਮ ਨੇ ਹਾਪਕਿਨਸਨ ਨੂੰ ਸੰਬੋਧਨ ਕਰਦਿਆਂ ਕਰੋਧਮਈ ਸ਼ਬਦਾਂ ਵਿਚ ਆਖਿਆ ਸੀ "ਤੁਸੀਂ ਸਾਨੂੰ ਹਿੰਦੂਆ ਨੂੰ ਕੈਨੇਡਾ 'ਚੋਂ ਬਾਹਰ ਕੱਢੋ ਅਤੇ ਅਸੀਂ ਭਾਰਤ ਵਿਚੋਂ ਹਰ ਗੋਰੇ ਨੂੰ ਬਾਹਰ ਕੱਢ ਦੇਵਾਂਗੇ । ਪਰ ਹਾਪਕਿਨਸਨ ਉਸਨੂੰ ਬਾਹਰ ਨਾਂਹ ਕੱਢ ਸਕਿਆ । ਰਹੀਮ ਨੇ ਅਦਾਲਤ ਦਾ ਬੂਹਾ ਖੜਕਾਇਆ ਸੀ ਅਤੇ ਜਿੱਤ ਗਿਆ ਸੀ । ਜੱਜ ਦੇ ਕਹਿਣ ਅਨੁਸਾਰ ਇਮੀਗਰੇਸ਼ਨ ਦੇ ਅਧਿਕਾਰੀਆਂ ਨੇ ਯੋਗ ਵਿਧੀਆ ਨਹੀਂ ਅਪਨਾਈਆ ।" ਇਮੀਗਰੇਸ਼ਨ ਮਹਿਕਮੇ ਉਤੇ ਉਸਦੀ ਇਸ ਜਿੱਤ ਨੇ ਵੈਨਕੂਵਰ ਦੇ ਹਿੰਦੁਸਤਾਨੀਆ ਵਿਚ ਉਸਦਾ ਵਿਸ਼ੇਸ਼ ਸਥਾਨ ਬਣਾ ਦਿਤਾ ਸੀ ।

ਰਹੀਮ ਨੇ "ਕੈਨੇਡਾ ਇੰਡੀਆ ਸਬਲਾਈ ਐਂਡ ਟਰੱਸਟ ਕੰਪਨੀ" ਚਲਾਈ ਇਹ ਇਨਕਾਰਪੋਰੇਟਡ ਕੰਪਨੀ ਸੀ ਅਤੇ ਵੈਨਕੂਵਰ ਅਤੇ ਇਸ ਦੇ ਦੁਆਲੇ ਦੇ ਇਲਾਕਿਆ ਵਿਚ ਜਾਇਦਾਦਾ ਦਾ ਵਪਾਰ ਕਰਦੀ ਸੀ । ਉਸਦੇ ਗਾਹਕ ਮਿਲਾਂ ਵਿਚ ਕੰਮ ਕਰਨ ਵਾਲੇ ਸਿਖ ਸਨ ਅਤੇ ਦੂਜੇ ਹਿੰਦੂ ਵਪਾਰੀਆਂ, ਸਟੋਰ ਕੀਪਰਾਂ ਤੇ ਲੇਬਰ ਦੇ ਠੇਕਦੇਦਾਰਾਂ ਵਾਂਗ, ਜਿੰਨਾਂ ਨੇ ਵੈਨਕੂਵਰ ਵਿਚ ਦੁਕਾਨਾਂ ਖੋਲੀਆਂ ਹੋਈਆਂ ਸਨ ਰਹੀਮ ਨੇ ਵੈਨਕੂਵਰ ਵਿਚ ਦੁਕਾਨ ਖੋਲ ਲਈ ਸੀ ਅਤੇ ਇਸ ਤਰ੍ਹਾਂ ਕਮਿਊਨਟੀ ਵਿਚ ਭਾਈਵਾਲ ਬਣ ਗਿਆ ਸੀ। ਵਖਰੇ ਹਾਲਾਤ ਵਿਚ ਉਹ ਸ਼ਾਇਦ ਸਾਵਧਾਨੀ ਦਾ ਰਸਤਾ ਅਪਨਾਦਾ। ਪਰ ਉਹ ਐਕਟਿਵਿਸਟ ਪਹਿਲਾਂ ਸੀ ਤੇ ਜਾਇਦਾਦਾ ਦਾ ਏਜੰਟ ਪਿਛੋਂ ਕੈਨੇਡਾ ਦੇ ਹਾਲਾਤ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਜੋ ਉਸਨੂੰ ਇਉਂ ਕਰਨ ਤੋਂ ਰੋਕਦੀ । ਉਸਨੇ ਕੈਨੇਡਾ ਸਰਕਾਰ ਤੇ ਕੈਨੇਡਾ ਦੇ ਗੁਲਾਮ ਪਰੇਸ ਸੰਬੰਧੀ ਆਪਣੇ ਗਏ ਨੂੰ ਕਦੇ ਨਾਂਹ ਲੁਕਾਇਆ। ਉਹ ਇਹਨਾਂ ਨੂੰ ਨੀਵੇਂ ਮਿਆਰ ਦੇ ਕਹਿੰਦਾ ਸੀ । ਉਹ ਜਨਤਕ ਮੀਟਿਗਾਂ ਵਿਚ ਨਿੱਡਰਤਾ ਨਾਲ ਖੁੱਲਮ ਖੁਲਿਆ ਕਹਿੰਦਾ ਸੀ । "ਜਪਾਨੀਆਂ ਨੂੰ ਅਮਨ ਕਾਇਮ ਰੱਖਣ ਖਾਤਰ ਦਖਲ ਹੋਣ ਦੀ ਆਗਿਆ ਦਿਤੀ ਜਾਂਦੀ ਹੈ ਅਤੇ ਕੈਨੇਡਾ ਵਿਚ ਆਪਣੇ ਹਿੰਦੁਸਤਾਨੀਆ ਦੇ ਹੱਕਾਂ ਦੀ ਬਹਾਲੀ ਲਈ ਉਹ ਆਖਦਾ ਸੀ" ਸਾਨੂੰ ਪੈਟੀਸ਼ਨ ਲੈ ਕੇ ਵਾਪਸ ਹਿੰਦੁਸਤਾਨ ਜਾਣਾ ਚਾਹੀਦਾ ਹੈ ਜਿੱਥੇ ਅਸੀਂ 33 ਕਰੋੜ ਹਾਂ । ਉਹ ਹਿੰਦੁਸਤਾਨੀ ਅਸੈਂਬਲੀ ਉਤੇ ਦਬਾਓ ਪਾਉਣ ਦੀ ਗੱਲ ਕਰਦਾ ਸੀ । ਪ੍ਰੰਤੂ ਖੁੱਲਮ ਖੁਲਿਆ ਤੌਰ 'ਤੇ ਉਸਨੂੰ ਇਹ ਆਖਣ ਵਿਚ ਰਤੀ ਭਰ ਭੈ ਨਹੀਂ ਸੀ। ਉਦੋਂ ਤੀਕਰ ਸਮੁੰਦਰੋਂ ਪਾਰ ਵਸਦੇ ਹਿੰਦੁਸਤਾਨੀਆਂ ਦੀ ਰਖਸ਼ਾ ਨਹੀਂ ਹੋਵੇਗੀ ਜਦੋਂ ਤੀਕਰ ਉਹ ਆਪਣੇ ਘਰ ਵਿਚ ਸਵਰਾਜ ਪ੍ਰਾਪਤ ਨਹੀਂ ਕਰ ਲੈਂਦੇ ।

ਹਾਪਕਿਨਸਨ ਰਹੀਮ, ਕੁਮਾਰ, ਤਾਰਕਨਾਥ, ਅਤੇ ਬੰਬ ਤੇ ਪਸਤੌਲ ਦੀ ਵਕਾਲਤ ਕਰਨ ਵਾਲਿਆ ਨਾਲ ਮੇਲ ਮਿਲਾਪ ਰੱਖਦਾ ਸੀ । ਉਸ ਕੋਲ ਕੁਮਾਰ ਤੇ ਤਾਰਕਨਾਥ ਵਿਰੁਧ ਕਾਫੀ ਸਬੂਤ ਮੌਜੂਦ ਸਨ ਅਤੇ ਰਹੀਮ ਦੀ ਗੱਲ ਇਹ ਸੀ ਕੁਨਦ ਹਮਜਿਨਸ, ਹਮਜਿਨਸ ਪਰਵਾਜ, ਕਬੂਤਰ ਬਾ ਕਬੂਤਰ, ਬਾਜ਼ ਬਾ ਬਾਜ਼" ਅਰਥਾਤ ਇਕ ਰੰਗ ਦੀਆਂ ਚਿੜੀਆਂ ਇਕੱਠੀਆਂ ਉਡਦੀਆਂ ਹਨ ।

ਢਾਕਾ ਦੀ "ਅਨੁਸ਼ਾਲੀਨ ਸੰਮਤੀ" ਜਿਸ ਦੇ ਕੰਮਾਂ ਵਿਚ ਤਾਰਕਨਾਥ ਨੇ ਸਰਗਰਮ ਰੋਲ ਅਦਾ ਕੀਤਾ ਸੀ ਨੂੰ ਬੰਗਾਲ ਦੀ ਪੁਲਿਸ ਨੇ 1910 ਵਿਚ ਮਸਲ ਕੇ ਰੱਖ ਦਿਤਾ ਸੀ । ਉਸਦੇ 36 ਮੈਂਬਰਾਂ ਤੇ ਅਤਿਵਾਦੀ ਕਾਰਵਾਈਆਂ ਕਰਨ ਦੇ ਦੋਸ਼ ਥੋਪੇ ਗਏ ਸਨ । ਜਿਵੇਂ ਕਿ ਕਤਲ ਕਰਨ ਦੇ ਇਰਾਦਾ ਕਤਲ ਦੇ ਜਾਂ ਚੋਰੀ ਕਰਨ ਆਦਿ ਦੇ ਤਾਰਕਨਾਥ ਸੰਬੰਧੀ ਸੀ. ਆਈ. ਡੀ. ਨੇ ਪਤਾ ਕਰ ਲਿਆ ਸੀ ਕਿ ਉਹ ਜੈਨੀਵਾ ਤੋਂ ਪ੍ਰਕਾਸ਼ਤ ਹੋਣ ਵਾਲੇ "ਬੰਦੇ ਮਾਤਰਮ" ਵਿਚ ਲਿਖਦਾ ਸੀ । ਇਹ ਅਖਬਾਰ ਮਿਸ਼ਿਜ਼ ਭਿਕੇਜੀ ਰੁਸਤਮ ਜਮਾ ਵਲੋਂ ਜਿਹੜੀ ਕਿ ਯੂਰਪ ਵਿੱਚ ਵਸਦੇ ਇਨਕਲਾਬੀਆਂ ਵਿਚੋਂ ਸਿਰਕੱਢ ਸੀ ਪ੍ਰਕਾਸ਼ਤ ਕੀਤਾ ਜਾਂਦਾ ਸੀ ਉਸਦੇ ਡਾਕਟਰ ਹਰਦਿਆਲ ਨਾਲ ਬੁਹਤ ਨੇੜੇ ਦੇ ਸਬੰਧ ਸਨ । ਡਾਕਟਰ ਹਰਦਿਆਲ ਇੱਕ ਸਮੇਂ ਬੰਦਾ ਬੰਦਰਮ ਦਾ ਐਡੀਟਰ ਰਿਹਾ ਸੀ ਅਤੇ ਹੁਣ ਕੈਲੇਫੋਰਨੀਆ ਪੋਲੋ ਆਲਟਾ ਵਿੱਚ ਰਹਿੰਦਾ ਸੀ ਅਤੇ ਸਟੈਨੋਫੋਰਡ ਯੂਨੀਵਰਸਿਟੀ ਵਿਚ ਭਾਰਤੀ ਦਰਸ਼ਨ ਪ੍ਰੋਫੈਸਰ ਸੀ ।

ਇਹਨਾਂ ਲੋਕਾਂ ਦੀ ਭਾਸ਼ਾ ਮਾਮੂਲੀ ਨਹੀਂ ਸੀ । ਬੰਦੇ ਮਾਤਰਮ ਦੇ ਇੱਕ ਲੇਖ ਵਿਚ ਲਿਖਿਆ ਸੀ

ਕੋਈ ਖੁਨਾਮੀ ਦੀ ਗੱਲ ਨਹੀਂ। ਜੇਕਰ ਇੱਕ ਹਿੰਦੁਸਤਾਨੀ ਵਿਦਿਆਰਥੀ ਆਪਣੇ ਅੰਗਰੇਜ਼ ਪ੍ਰੋਫੈਸਰ ਨੂੰ ਗੋਲੀ ਨਾਲ ਭੁੰਨ ਸੁੱਟੇ ਜਾਂ ਇੱਕ ਹਿੰਦੁਸਤਾਨੀ ਕਲਰਕ ਆਪਣੇ ਗੋਰੇ ਅਫਸਰ ਨੂੰ ਆਪਣੀ ਗੋਲੀ ਦਾ ਨਿਸ਼ਾਨ ਬਣਾ ਲਵੇ ਜਾਂ ਇੱਕ ਹਿੰਦਸਤਾਨੀ ਮਰੀਜ ਆਪਦੇ ਅੰਗਰੇਜ਼ ਡਾਕਟਰ ਨੂੰ ਗੋਲੀ ਮਾਰਕੇ ਮੁਕਾ ਦੇਵੇ'' ''ਮੀਟਿਗ ਵਿੱਚ ਜਾਂ ਬੰਗਲੇ ਵਿਚ,ਰੇਲ ਗੱਡੀ ਵਿਚ ਜਾਂ ਬੱਘੀ ਵਿਚ, ਦੁਕਾਨ ਵਿੱਚ ਜਾਂ ਗਿਰਜੇ ਵਿੱਚ ਬਾਗ ਵਿਦ ਜਾਂ ਮੇਲੇ ਵਿਚ ਜਿੱਥੇ ਕਿਤੇ ਵੀ ਮੌਕਾ ਲੱਗੇ ਜ਼ਰੂਰੀ ਹੈ ਅੰਗਰੇਜ਼ਾਂ ਨੂੰ ਮਾਰ ਦਿੱਤਾ ਜਾਵੇ।''

ਦਸੰਬਰ 1912 ਵਿੱਚ ਜਦੋਂ ਦਿੱਲੀ ਵਿਚ ਸਰਕਾਰੀ ਜਲੂਸ ਕੱਢਿਆ ਗਿਆ ਸੀ ਕਿਸੇ ਅਤਿਵਾਦੀ ਨੇ ਵਾਇਸਰਾਏ ਤੇ ਬੰਬ ਸੁੱਟਿਆ। ਵਾਇਸਰਾਇ ਨੂੰ ਜ਼ਖਮੀ ਕਰ ਦਿੱਤਾ ਅਤੇ ਉਸਦਾ ਨੌਕਰ ਮਾਰਿਆ ਗਿਆ। ਪੁਲਿਸ ਨੇ ਸ਼ੱਕੀ ਬੰਦਿਆਂ ਵਿੱਚੋਂ ਇੱਕ ਬੰਦੇ ਦੇ ਡਾਕਟਰ ਹਰਦਿਆਲ ਨਾਲ ਨੇੜਲੇ ਸੰਬੰਧ ਹੋਣ ਬਾਰੇ ਲੱਭ ਲਿਆ ਸੀ। ਇਸ ਵਾਰਦਾਤ ਵਿੱਚ ਡਾਕਟਰ ਹਰਦਿਆਲ ਸਿੱਧੇ ਤੌਰ ਤੇ ਹਿੱਸੇਦਾਰ ਨਹੀਂ ਸੀ। ਪਰ ਜਦੋਂ ਹੀ ਉਸਨੂੰ ਇਹ ਖਬਰ ਮਿਲੀ ਤਾਂ ਉਸਨੇ ਇਸਦੀ ਬਹੁਤ ਸ਼ਲਾਘਾ ਕੀਤੀ। ਇਸ ਬਾਰੇ ਲਿਖਦਿਆਂ ਉਸਨੇ ਆਖਿਆ ਸੀ ''ਹਿੰਦੁਸਤਾਨ ਵਿੱਚ ਫਟਣ ਵਾਲਾ ਬੰਬ ਸਭ ਤੋਂ ਮਿੱਠਾ ਅਤੇ ਸੱਭ ਤੋਂ ਪਿਆਰਾ ਹੈ। ਸੰਸਾਰ ਭਰ ਦੇ ਅਜ਼ਾਦੀ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਧ ਸੇਵਾਦਾਰ ਅਤੇ ਸਫਲ ਬੰਬ ਹੈ।

ਅਮਰੀਕਾ ਵਿੱਚ ਹਰਦਿਆਲ ਇਸ ਸਮੇਂ ਬਿਨਾਂ ਕਿਸੇ ਸਜ਼ਾ ਦੇ ਡਰ ਤੋਂ ਅਜਿਹਾ ਪ੍ਰਾਪੇਗੰਡਾ ਪ੍ਰਕਾਸ਼ਤ ਕਰ ਸਕਦਾ ਸੀ। ਹਿੰਦੁਸਤਾਨ ਵਿੱਚ ਉਸਨੂੰ ਤੁਰੰਤ ਹੀ ਖਾਮੋਸ਼ ਕਰ ਦਿੱਤਾ ਜਾਂਦਾ। ਜਨਵਰੀ 1913 ਵਿੱਚ ਹਾਪਕਿਨਸਨ ਸਨਫਰਾਂਸਿਸਕੋ ਗਿਆ ਅਤੇ ਇੱਕ ਹੋਟਲ ਵਿਚ ਇਕ ਫਰਜ਼ੀ ਨਾਂ ਥੱਲੇ ਰਜਿਸਟਰ ਹੋਇਆ ਉਸਨੇ ਅੰਗਰੇਜ਼ੀ ਕੌਂਸਲ ਜੈਨਰਲ ਨੂੰ ਕਿਹਾ '' ਜੇਕਰ ਮੈਨੂੰ ਕੋਈ ਹਾਨੀ ਪੁੱਜ ਜਾਵੇ ਤਾਂ ਮੇਰੇ ਕਾਗਜ਼ਾਂ ਨੂੰ ਸੰਭਾਲ ਲੈਣਾ।'' ਉਸਨੇ ਤਿੰਨ ਹਫਤੇ ਹਰਦਿਆਲ ਦਾ ਪਿੱਛਾ ਕੀਤਾ ਹਰਦਿਆਲ ਦੇ ਲੈਕਚਰ ਅਟੈਂਡ ਕੀਤੇ ਅਤੇ ਲੋੜੀ ਦੀ ਸਮੱਗਰੀ ਲੱਭਦਾ ਰਿਹਾ ਜਿਸਦੇ ਸਹਾਰੇ ਉਹ ਹਰਦਿਆਲ ਨੂੰ ਅਮਰੀਕਾ ਤੋਂ ਡਿਪੋਰਟ ਕਰਵਾ ਦੇਵੇ। ਉਸਨੇ ਇਹ ਸਿੱਧ ਕਰ ਲਿਆ,ਕਿ ਹਰਦਿਆਲ ਅਤਿ ਖਤਰਨਾਕ ਬੰਦਾ ਸੀ ਅਤੇ ਉਸਦਾ ਸਟੈਨਫੋਰਡ ਤੇ ਬਾਰਕਲੇ ਦੀਆਂ ਯੂਨੀਵਰਸਿਟੀਆਂ ਦੇ 100 ਤੋਂ ਵੱਧ ਵਿਦਿਆਰਥੀਆਂ ਦੇ ਸ਼ਕਤੀਸ਼ਾਲੀ ਪ੍ਰਭਾਵ ਸੀ। ਪਰ ਹਪਕਿਨਸਨ ਅਮਰੀਕਾ ਸਰਕਾਰ ਅੱਗੇ ਕੋਈ ਐਸਾ ਸਬੂਤ ਪੇਸ਼ ਨਾ ਕਰ ਸਕਿਆ ਜਿਸਦੇ ਆਧਾਰ ਤੇ ਉਹ ਹਰਦਿਆਲ ਨੂੰ ਡਿਪੋਰਟ ਕਰ ਸਕਦੇ।

ਹਰਦਿਆਲ ਤਾਰਕ ਨਾਥ ਕੁਮਾਰ, ਰਹੀਮ ਅਤੇ ਉਹਨਾਂ ਦੇ ਹੋਰ ਸਰਗਰਮ ਦੋਸਤ ਕਲੀਨ ਸੇਵਡ ਸਨ ਪੜ੍ਹੇ ਲਿਖ ਅਤੇ ਪੱਛਮੀ ਢੰਗਾਂ ਤੋਂ ਸੁਚੇਤ ਹਿੰਦੂ ਸਨ। ਜਿਨ੍ਹਾਂ ਦੇ ਨਜ਼ਰੀਏ ਸਿੱਖ ਪਰਵਾਸੀਆਂ ਨਾਲੋਂ ਜਿਨ੍ਹਾਂ ਨਾਲ ਉਹ ਕੰਮ ਕਰਦੇ ਸਨ ਕਿਤੇ ਵੱਖਰੇ ਸਨ। ਕੱਟੜਪੰਥੀ ਵਿਚਾਰਧਾਰਾ ਵਾਲੇ ਸਿੱਖ ਇਹ ਨਹੀਂ ਚਾਹੁੰਦੇ ਕਿ ਕਿਸੇ ਬਾਹਰਲੇ ਬੰਦੇ ਦੀ ਅਗਵਾਈ ਕਬੂਲੀ ਜਾਵੇ। ਸਿੱਟੇ ਵਜੋਂ ਵੈਨਕੂਵਰ ਵਿੱਚ ਇਕ ਵੀ ਅਜੇਹੀ ਸੰਸਥਾ ਨਹੀਂ ਸੀ ਜਿਹੜੀ ਕਿ 'ਸਮੁੱਚੀ' ਕਮਿਊਨਿਟੀ ਦੀ ਤਰਜਮਾਨੀ ਕਰ ਸਕੇ। ਸਿੱਖਾਂ ਕੋਲ ਆਪਣੀ ਇਕ ਸੰਸਥਾ ਸੀ ਅਤੇ ਉਹ ਸੀ ਖਾਲਸਾ ਦੀਵਾਨ ਅਤੇ ਉਹਨਾਂ ਵਿੱਚ ਕੇਵਲ ਸੁੰਤਤਰ ਖਿਆਲੀਏ ਹੀ ਕੁਮਾਰ ਅਤੇ ਤਾਰਕ ਵਲੋਂ ਸਥਾਪਤ ਕੀਤੀ ਯੂਨਾਈਟਡ ਇੰਡੀਆ ਲੀਗ ਵਿੱਚ ਹਿੱਸਾ ਲੈਂਦੇ ਸਨ। ਸਿੱਖਾਂ ਵਿੱਚ ਬਹੁਗਿਣਤੀ ਅਜਿਹੇ ਲੋਕਾਂ ਦੀ ਸੀ ਜੋ ਅਜਿਹੇ ਕੰਮ ਕਰਨ ਤੋਂ ਕਤਰਾਂਦੇ ਸਨ ਜੋ ਉਹਨਾਂ ਤੇ ਇੰਮੀਗਰੇਸ਼ਨ ਦੇ ਅਧਿਕਾਰੀਆ ਵਿਚਕਾਰ ਝਗੜੇ ਦਾ ਕਾਰਣ ਬਨਣ। ਇੱਕ ਸਮੇਂ ਤਾਂ ਇਹ ਲੋਕ ਲੰਡਨ ਨੂੰ ਡੈਲੀਗੇਸ਼ਨ ਘੱਲਣ ਤੋਂ ਡਰਦੇ ਸਨ ਇਹ ਸੋਚਕੇ ਕਿ ਕੈਨੇਡੀਅਨ ਅਧਿਕਾਰੀ ਨਾਰਾਜ਼ ਨਾ ਹੋ ਜਾਣ ਉਹਨਾਂ ਵਿੱਚ ਕੁਝ ਪੁਰਾਣੇ ਕੱਟੜ ਫੌਜੀ ਵੀ ਸਨ ਜਿਹੜੇ ਕਿ ਆਪਣੀ ਪੁਰਾਣੀ ਫੌਜੀ ਸੇਵਾ ਨੂੰ ਬੜੇ ਫਖਰ ਨਾਲ ਯਾਦ ਕਰਦੇ ਸਨ ਅਤੇ ਬਿਨਾ ਕਿਸੇ ਖੇਦ ਪ੍ਰਗਟ ਕੀਤੇ ਆਪਣੇ ਤਗਮਿਆਂ ਨੂੰ ਪਹਿਨਦੇ ਸਨ। ਰਹੀਮ ਉਹਨਾ ਦੇ ਇਸ ਵਤੀਰੇ ਸਬੰਧੀ ਕਿਹਾ ਕਰਦਾ ਸੀ, ''ਉਹ ਕੁਝ ਕੁ ਉਹਨਾਂ ਜੰਗੀ ਕੁੱਤਿਆ ਵਿੱਚੋਂ ਹਨ

ਜਿਨ੍ਹਾਂ ਨੂੰ ਅੰਗਰੇਜ਼ ਹਾਂਗਕਾਗ ਦੇ ਚੀਨੇ ਮਾਰਨ ਲਈ ਵਰਤਦਾ ਸੀ।'' ਨਿਰਸੰਦੇਹ ਉਹਨਾਂ ਦਾ ਇਹ ਰਵਈਆ ਸਾਂਝੇ ਮੁਹਾਜ਼ ਦੇ ਕਾਇਮ ਕਰਨ ਵਿਚ ਇਕ ਅਹਿੱਲ ਰੋੜਾ ਬਣਿਆ ਹੋਇਆ ਸੀ।

ਜਦੋਂ ਸਤੰਬਰ 1912 ਵਿੱਚ ਗਵਰਨਰ ਜੈਨਰਲ ਨੇ ਵੈਨਕੂਵਰ ਦਾ ਦੌਰਾ ਕੀਤਾ ਤਾਂ ਉਸ ਸਮੇਂ ਸਮੁੱਚੀ ਭੀੜ ਵਿਚ ਇਹ ਜੰਗੀ ਕੁੱਤੇ ਪ੍ਰਤੱਖ ਤੌਰ ਤੇ ਤੱਕੇ ਜਾ ਸਕਦੇ ਸਨ। ਉਹ ਮਸਖਰਿਆ ਵਾਂਗ ਆਪਣੇ ਤਗਮਿਆਂ ਨੂੰ ਇਸ ਤਰ੍ਹਾਂ ਹਿਲਾਉਂਦੇ ਸਨ ਕਿ ਦਰਸ਼ਕ ਉਨ੍ਹਾਂ ਵੱਲ ਵੇਖ ਵੇਖ ਹਾਸੇ ਨਾਲ ਲੋਟ ਪੋਟ ਹੁੰਦੇ ਵਿਖਾਈ ਦਿੰਦੇ ਸਨ।ਇਹ ਲੋਕ ਖਾਲਸਾ ਦੀਵਾਨ ਦੇ ਪ੍ਰਧਾਨ ਨਾਲ ਵੀ ਦੋ ਹੱਥ ਕਰਨ ਲਈ ਤਿਆਰ ਸਨ। ਜਿਸਨੇ ਜਲੂਸ ਵਿਚ ਸ਼ਾਮਲ ਹੋਣ ਦੇ ਸੱਦੇ ਪੱਤਰ ਨੂੰ ਠੁਕਰਾ ਦਿੱਤਾ ਸੀ। ਭਾਗ ਸਿੰਘ ਜੋ ਆਪ ਵੀ ਦਸ ਨੰਬਰ ਬੰਗਾਲ ਲਾਨਸਰ (ਰਿਸਾਲਾ) ਰਜਮੈਂਟ ਦਾ ਪੁਰਾਣਾ ਪੰਜ ਸਾਲਾ ਫੌਜੀ ਸੀ ਨੇ ਆਪਣੇ ਬਾਇਜ਼ਤ ਡਿਸਚਾਰਜ ਸਰਟੀਫਿਕੇਟ ਨੂੰ ਕੈਨੇਡਾ ਚੋਂ ਆਉਣ ਤੋਂ ਤਿੰਨ ਸਾਲ ਬਾਅਦ ਹੀ ਸਾੜ ਦਿੱਤਾ ਸੀ। ਉਹ ਇਸ ਗੱਲ ਨੂੰ ਸਿੱਧ ਕਰਨਾ ਚਾਹੁੰਦਾ ਸੀ ਕਿ ਅੰਗਰੇਜ਼ ਦੀ ਹਿੰਦੁਸਤਾਨ ਦੀ ਫੌਜ ਵਿੱਚ ਨੌਕਰੀ ਕਰਨੀ ਗੁਲਾਮੀ ਦੀ ਨੌਕਰੀ ਕਰਨ ਦਾ ਚਿੰਨ ਸੀ। ਉਹ ਅਤੇ ਖਾਲਸਾ ਦੀਵਾਨ ਦੀ ਇਗਜੈਕਟਿਵ ਕਮੇਟੀ ਦੇ ਹੋਰ ਮੈਂਬਰਾਂ ਨੇ ਰਹੀਮ ਅਤੇ ਕੁਮਾਰ ਨਾਲ ਮਿਲਕੇ ਸੋਸਲਿਸਟ ਪਾਰਟੀ ਦੀ ਵੈਨਕੂਵਰ ਸ਼ਾਖ ਖੜੀ ਕੀਤੀ ਸੀ। ਭਾਵੇਂ ਉਸਨੂੰ ਯੁੱਧ ਦੀ ਅੱਧ ਪਚੱਧੀ ਹੀ ਸਮਝ ਸੀ ਉਹ ਮਿਲੀਟੈਂਟ ਸਨ ਭਾਵੇਂ ਕਮਿਊਨਿਟੀ ਦੇ ਸਿੱਖ ਇਸ ਵਿਚਾਰਧਾਰਾ ਦੇ ਧਾਰਨੀ ਨਹੀਂ ਸਨ।

ਉਸ ਦੇ ਮੁਕਾਬਲੇ ਨਰਮ ਖਿਆਲੀਏ ਆਗੂ ਵੀ ਸਨ। ਭਾਵੇਂ ਇੰਮੀਗਰੇਸ਼ਨ ਮਹਿਕਮੇ ਦੀਆਂ ਨਜ਼ਰਾਂ ਵਿੱਚ ਕੋਈ ਵੀ ਸਿੱਖ ਨਰਮ ਖਿਆਲੀਆ ਨਹੀਂ ਸੀ ਉਹਨਾਂ ਵਿੱਚ ਇਕ ਮੰਨਿਆ ਪਰਮੰਨਿਆ ਆਗੂ ਤੇਜਾ ਸਿੰਘ ਸੀ ਉਹ ਸੰਨ 1908 ਵਿੱਚ ਵੈਨਕੂਵਰ ਆਇਆ ਸੀ ਅਤੇ ਸਨ 1912 ਵਿੱਚ ਉਸ ਦੀ ਹਮਾਇਤ ਦਾ ਪਤਨ ਹੋ ਗਿਆ ਸੀ। ਤੇਜਾ ਸਿੰਘ ਅੰਮ੍ਰਿਤਸਰ ਤੋਂ ਸੀ ਅਤੇ ਉੱਚ ਕੋਟੀ ਦਾ ਵਿਦਵਾਨ ਸਿੱਖ ਸੀ। ਉਹ ਲਾਹੌਰ ਦਾ ਐਮ ਏ, ਕੈਂਬਰਜ ਦਾ ਐਲ ਐੱਲ ਬੀ ਅਤੇ ਹਰਵਰਡ ਯੂਨੀਵਰਸਿਟੀ ਦਾ ਐਮ. ਏ. ਸੀ। ਉਹ ਸਿਆਸਤ ਨਾਲੋਂ ਰੱਬ ਦੇ ਪ੍ਰਕਾਸ਼ ਸਬੰਧੀ ਜ਼ਿਆਦਾ ਪਰਚਾਰ ਕਰਦਾ ਸੀ। ਰਹੀਮ ਦੇ ਕਹਿਣ ਅਨੁਸਾਰ ਉਹ ਉਹਨਾਂ ਅਣਸਥਾਰਥਕ ਗੁਮਰਾਹਾ ਵਿੱਚੋ ਸੀ ਜਿਹੜੇ ਆਪਣੇ ਸੰਸਾਰ ਨੂੰ ਅੰਗਰੇਜ਼ਾਂ ਦੇ ਆਸਰੇ ਤੇ ਛੱਡ ਦਿੰਦੇ ਹਨ ਤੇ ਖੁਦ ਮੁਕਤੀ ਪ੍ਰਾਪਤੀ ਦੇ ਚੱਕਰ ਵਿੱਚ ਪੈ ਜਾਂਦੇ ਹਨ। ਫੇਰ ਵੀ ਤੇਜਾ ਸਿੰਘ ਨੇ ਆਪਣੇ ਲੋਕਾਂ ਨੂੰ ਕੁੱਝ ਅਸਲੀ ਸੇਧਾ ਦਿੱਤੀਆਂ। ਜਿਵੇਂ ਕਾਮਿਆਂ ਦੀ ਸਹਾਇਤਾ ਲਈ ਸੁਸਾਇਟੀ ਬਣਾਉਣੀ ਅਤੇ ਪੈਸੇ ਇਨਵੈਸਟ ਕਰਨ ਲਈ ''ਗੁਰੂ ਨਾਨਕ ਮਾਈਨਿੰਗ ਐਡ ਟਰੱਸਟ ਕੰਪਨੀ ਦੀ ਬੁਨਿਆਦ ਰੱਖਣੀ '' ਪਹਿਲਾ ਪਹਿਲ ਵੈਨਕੂਵਰ ਦੇ 60 ਜਾਂ 70 ਸਿੱਖਾਂ ਨੇ ਉਸਦੇ ਵੈਨਕੂਵਰ ਵਿੱਚ ਰਹਿਣ ਦੇ ਖਰਚੇ ਦੀ ਜਿੰਮੇਵਾਰੀ ਲੈ ਲਈ ਸੀ। ਪਰ ਸੰਨ 1912 ਵਿੱਚ ਉਹਨਾਂ ਨੇ ਇੰਜ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਇੱਕ ਗੰਭੀਰ ਸਮੱਸਿਆ ਖੜੀ ਹੋ ਗਈ ਸੀ ਜਦੋਂ ਭਾਗ ਸਿੰਘ ਅਤੇ ਉਸਦੇ ਸਾਥੀ ਭਾਈ ਬਲਵੰਤ ਸਿੰਘ ਨੇ ਇੱਕ ਸਿੰਘ ਤੋਂ ਭਾਵ ਬੱਬਰ ਸ਼ੇਰ ਹੈ। ਇਹ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾ ਦਾ ਅੰਮ੍ਰਿਤ ਛਕਣ ਤੋਂ ਉਪਰੰਤ ਦਾ ਨਾਮ ਹੈ।

ਬਲਵੰਤ ਸਿੰਘ 1909 ਵਿੱਚ ਇੰਡੀਆ ਪਰਤਿਆ ਅਤੇ ਭਾਗ ਸਿੰਘ 1911 ਵਿੱਚ, ਸੰਨ 1911 ਦੇ ਆਰੰਭ ਵਿਚ ਉਹ ਆਪਣੀਆਂ ਪਤਨੀਆਂ ਨੂੰ ਤੇ ਬਲਵੰਤ ਸਿੰਘ ਦੇ ਦੋ ਪੁੱਤਰਾਂ ਨੂੰ ਲੈ ਕੇ ਕੱਲਕੱਤੇ ਤੋਂ ਰਵਾਨਾ ਹੋ ਗਏ ਸਨ। ਉਹ ਨਾ ਕਲਕੱਤੇ ਤੋਂ ਨਾ ਰੰਗੂਨ ਤੋਂ ਤੇ ਨਾਂ ਹੀ ਹਾਂਗਕਾਂਗ ਤੋਂ ਕੈਨੇਡਾ ਦਾ ਟਿਕਟ ਲੈਣ ਵਿਚ ਸਫਲ ਹੋਏ। ਕੈਨੇਡਾ ਵਿੱਚ ਦਾਖਲੇ ਲਈ ਨਿਰੰਤਰ ਸਫਰ ਦਾ ਕਾਨੂੰਨ ਇਸ ਤਰ੍ਹਾਂ ਵਰਤਿਆ ਜਾਂਦਾ ਸੀ। ਜਦੋਂ ਇਨ੍ਹਾਂ ਨੇ ਸਨਫਰਾਂਸਿਸਕੋ ਅਤੇ ਫਿਰ ਸਿਆਟਲ ਦਾਖਲ ਹੁਣ ਦਾ ਹੋਣ ਦਾ ਯਤਨ ਕੀਤਾ ਤਾਂ ਉਹਨਾਂ ਨੂੰ ਪਿਛਾਂਹ ਮੋੜ ਦਿੱਤਾ ਗਿਆ। ਸਾਲ ਦੇ ਅੰਤ ਵਿੱਚ ਉਹ ਇੱਕ ਵਾਰ ਫੇਰ ਹਾਂਗਕਾਂਗ ਵਿਚ ਸਨ ਇੱਥੇ ਹੀ ਭਾਗ ਸਿੰਘ ਦੀ ਪਤਨੀ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਤਾਰਕ

ਨਾਥ ਦਾਸ ਅਤੇ ਹੋਰ ਐਜੀਟੇਸ਼ਨ ਕਰਨ ਵਾਲਿਆਂ ਨੇ ਉਨ੍ਹਾਂ ਦੇ ਅਮਰੀਕਾ ਦੀਆਂ ਬੰਦਰਗਾਹਾ ਰਾਹੀ ਦਾਖਲ ਹੋਣ ਦੇ ਯਤਨਾ ਦਾ ਸਮਰਥਨ ਕੀਤਾ ਅਤੇ ਇਸ ਗੱਲ ਨੂੰ ਕਾਫੀ ਪਬਲਿਸਟੀ ਦਿੱਤੀ। ਅਮਰੀਕਾ ਵਿਚ ਵਸਣ ਵਾਲੇ ਹਿੰਦੁਸਤਾਨੀ ਇਸ ਸਥਿਤੀ ਤੋਂ ਭਲੀਭਾਂਤ ਜਾਣੂ ਸਨ। ਇਸ ਸਮੇਂ ਤੇਜਾ ਸਿੰਘ ਇੱਕ ਡੈਲੀਗੇਸ਼ਨ ਲੈ ਕੇ ਅਟਵਾ ਗਿਆ ਅਤੇ ਨਵੰਬਰ ਦੇ ਅੰਤਲੇ ਜਾਂ ਦਸੰਬਰ ਦੇ ਪਹਿਲੇ ਹਫਤੇ ਵਿੱਚ ਅੰਦਰੂਨੀ ਮਾਮਲਿਆ ਦੇ ਵਜ਼ੀਰ ਨੂੰ ਮਿਲਿਆ। ਉਸਨੇ ਵੈਨਕੂਵਰ ਵਿਚ ਪਰਤਕੇ ਇਹ ਐਲਾਨ ਕੀਤਾ ਕਿ ਸਬੰਧਤ ਵਜ਼ੀਰ ਸੱਭ ਕੁਝ ਮੰਨ ਗਿਆ ਹੈ। ਅਤੇ ਪਤਨੀਆ ਅਤੇ ਬੱਚਿਆਂ ਨੂੰ ਦਖਲ ਹੋਣ ਦੀ ਆਗਿਆ ਦਿੱਤੀ ਜਾਵੇਗੀ। ਇਸ ਜਿੱਤ ਦੀ ਖਬਰ ਹਾਂਗਕਾਂਗ ਵੀ ਅਪੜ ਗਈ ਅਤੇ ਇਸ ਤੋਂ ਇਕ ਮਹੀਨੇ ਬਾਅਦ ਬਲਵੰਤ ਸਿੰਘ ਅਤੇ ਭਾਗ ਸਿੰਘ ਆਪਣੇ ਪਰੀਵਾਰਾਂ ਸਮੇਤ ਐਸ. ਐਸ. ਮੋਟੀਗਲ ਜਹਾਜ਼ ਰਾਹੀਂ ਵੈਨਕੂਵਰ ਅਪੜ ਗਏ।

ਉਹਨਾਂ ਦੋਹਾਂ ਨੂੰ ਉਤਰਨ ਦਿੱਤਾ ਗਿਆ ਸੀ ਕਿਉਂਕਿ ਪਹਿਲਾ ਕੈਨੇਡਾ ਵਿੱਚ ਰਹੇ ਸਨ। ਪ੍ਰੰਤੂ ਇਸਤਰੀਆ ਤੇ ਤਿੰਨਾਂ ਬੱਚਿਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਉਹਨਾਂ ਲਈ ਡਿਪਰੋਟ ਦੇ ਆਦੇਸ਼ ਜਾਰੀ ਕਰ ਦਿੱਤੇ ਗਏ। ਬਾਅਦ ਵਿਚ ਮਨਿਸਟਰ ਨੂੰ ਕੀਤੀ ਅਪੀਲ ਦੇ ਫੈਸਲੇ ਤੱਕ ਉਹਨਾਂ ਨੂੰ 2000 ਡਾਲਰ ਦੀ ਜ਼ਮਾਨਤ ਤੇ ਛੱਡ ਦਿੱਤਾ ਗਿਆ। ਹੁਣ ਇਹ ਗੱਲ ਸੱਭ ਨੂੰ ਸਾਫ ਹੋ ਗਈ ਸੀ ਕਿ ਤੇਜਾ ਸਿੰਘ ਖਾਲੀ ਹੱਥੀਂ ਵਾਪਸ ਆਇਆ ਸੀ। ਅਤੇ ਉਸਨੂੰ ਕੁੱਝ ਵੀ ਪ੍ਰਾਪਤ ਨਹੀਂ ਸੀ ਹੋਇਆ। ਕਮਊਨਿਟੀ ਨੇ ਉਸਦੇ ਅਟਵਾ ਜਾਣ ਤੇ 1500 ਡਾਲਰ ਖਰਚ ਕੀਤੇ ਸਨ। ਸਿੱਖਾ ਨੂੰ ਤੇਜਾ ਸਿੰਘ ਵਿਰੁੱਧ ਸ਼ਕਾਇਤਾਂ ਸਨ ਸਿੱਖ ਆਪਣੀਆਂ ਇਸਤਰੀਆਂ ਨੂੰ ਲਿਆਉਣਾ ਚਾਹੁੰਦੇ ਸਨ। ਸਮੁੱਚੀ ਕਮਿਊਨਿਟੀ ਵਿੱਚ ਕਰੋਧ ਦੀ ਅੱਗ ਭੜਕ ਉੱਠੀ ਕਿਉਂਕਿ ਕੈਨੇਡਾ ਦੀ ਸਰਕਾਰ ਦੋਨਾ ਗਰੰਥੀਆ ਦੇ ਪਰਿਵਾਰਾਂ ਨੂੰ ਉਹਨਾਂ ਤੋਂ ਨਿਖੜੇਨਾ ਚਾਹੁੰਦੀ ਸੀ। ਅਤੇ ਜਦੋਂ ਤੀਕਰ ਇਹਨਾਂ ਪਰਿਵਾਰਾਂ ਨੂੰ ਖਤਰਾ ਰਿਹਾ ਉਦੋਂ ਤੀਕਰ ਸਿੱਖਾਂ ਵਿਚ ਗੁੱਸਾ ਮੱਠਾ ਨਾ ਹੋਇਆ। ਉਸ ਸਮੇਂ ਕੈਨੇਡਾ ਵਿਚ ਇਸਤਰੀਆਂ ਦੀ ਨੈਸ਼ਨਲ ਕੌਂਸਲ ਜਿਹੜੀ ਕਿ ਆਪਣੇ ਆਪ ਨੂੰ 400 ਸਥਾਨਕ ਇਸਤਰੀਆਂ ਦੀ ਨੁਮਾਇਦਗੀ ਕਰਨ ਦਾ ਦਾਹਵਾ ਕਰਦੀ ਸੀ ਅਤੇ ਵੈਨਕੂਵਰ ਦੀ ਇੱਕ ਹੋਰ ਜਥੇਬੰਦੀ ਮਿਨਿਸਟਰੀਅਲ ਐਸੋਸੀਏਸ਼ਨ ਦੋਹਾਂ ਨੇ ਹਿੰਦੁਸਤਾਨੀ ਇਸਤਰੀਆਂ ਦੇ ਕੈਨੇਡਾ ਵਿਚ ਦਾਖਲੇ ਦੀ ਵਿਰੋਧਤਾ ਕੀਤੀ ਇਸ ਤੋਂ ਉਸ ਸਮੇਂ ਦੀ ਜਨਤਾ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਾਪਕਿਨਸਨ ਜਿਹੜਾ ਕਿ ਸੀ. ਆਈ. ਡੀ ਦਾ ਪੁਰਜਾ ਸੀ ਦਾ ਖਿਆਲ ਸੀ ਕਿ ਗਰੰਥੀਆਂ ਦੀਆਂ ਪਤਨੀਆਂ ਨੂੰ ਕੈਨੇਡਾ ਵਿਚ ਰਹਿਣ ਦੀ ਆਗਿਆ ਦੇ ਦਿੱਤੀ ਜਾਵੇ ਪਰ ਦੂਜੇ ਹਿੰਦੁਸਤਾਨੀਆਂ ਨੂੰ ਇਸ ਤਰ੍ਹਾਂ ਦੀ ਰਿਆਇਤ ਨਾ ਦਿੱਤੀ ਜਾਵੇ। ਉਸਦਾ ਖਿਆਲ ਸੀ ਕਿ ਅਜਿਹਾ ਕਰਨ ਪਿੱਛੋ ਲੋਕ ਸ਼ਾਤ ਹੋ ਜਾਣਗੇ ਅਤੇ ਕਿਸੇ ਕਿਸਮ ਦੀ ਐਜੀਟੇਸ਼ਨ ਵਿਚ ਭਾਗ ਨਹੀਂ ਲੈਣਗੇ ਪਰ ਇਹ ਮਾਮਲਾ ਛੇ ਮਹੀਨਿਆਂ ਤੋਂ ਲਟਕਦਾ ਰਿਹਾ ਸੀ। ਇਸ ਸਮੇਂ ਦੇ ਦੌਰਾਨ ਭਾਗ ਸਿੰਘ ਤੇ ਬਲਵੰਤ ਸਿੰਘ ਅਤੇ ਉਹਨਾਂ ਦੇ ਹੋਰ ਮਿੱਤਰਾ ਨੇ ਨਰਮ ਧੜੇ ਅਤੇ ਹੋਰ ਨਿਰਪੱਖ ਲੋਕਾਂ ਨੂੰ ਆਪਣੇ ਪ੍ਰਭਾਵ ਹੇਠ ਲੈ ਆਂਦਾ ਸੀ। ਇਸ ਸਾਰੀ ਸਮੱਸਿਆ ਦਾ ਸਿੱਟਾ ਇਹ ਹੋਇਆ ਕਿ ਤੇਜਾ ਸਿੰਘ ਕਮਿਊਨਿਟੀ ਵਿੱਚ ਆਪਣੀ ਪੋਜੀਸ਼ਨ ਖੋ ਬੈਠਾ। ਇਸ ਤੋਂ ਥੋੜੇ ਸਮੇਂ ਬਾਅਦ ਹੀ ਉਹ ਇੰਡੀਆ ਪਰਤ ਗਿਆ।

ਤੇਜਾ ਸਿੰਘ ਦੇ ਇੰਡੀਆ ਵਾਪਸ ਜਾਣ ਨਾਲ ਸੁੰਦਰ ਸਿੰਘ ਹੀ ਅਜਿਹਾ ਨਰਮ ਖਿਆਲੀ ਸੀ ਜੋ ਲੀਡਰ ਬਨਣ ਦਾ ਇੱਛਕ ਸੀ। ਸੰਨ 1907 ਵਿੱਚ ਸੁੰਦਰ ਸਿੰਘ ਕੈਨੇਡਾ ਵਿਚ ਹੈਲੀਫੈਕਸ ਦੇ ਅਸਥਾਨ ਤੇ ਉੱਤਰਿਆ ਸੀ। ਜਿੱਥੇ ਇੰਮੀਗਰੇਸ਼ਨ ਦੇ ਅਧਿਕਾਰੀ ਇਤਨੇ ਸੁਚੇਤ ਨਹੀਂ ਸਨ। ਉਸਨੇ ਅੰਗਰੇਜ਼ੀ ਵਿੱਚ ਇਕ ਸਮਾਚਾਰ ਪੱਤਰ ਦਾ ਸੰਪਾਦਨ ਕੀਤਾ ਸੀ। ਜਿਸਦਾ ਨਾਉਂ "ਦੀ ਏਰੀਅਨ" ਸੀ। ਇਸ ਪਿੱਛੋਂ ਉਸ ਨੇ ਇੱਕ ਹੋਰ ਅਖਬਾਰ ਪੰਜਾਬੀ ਵਿਚ ਕੱਢਿਆ। ਜਿਸਦੀ ਲਿੱਪੀ ਗੁਰਮੁਖੀ ਸੀ। ਸੁੰਦਰ ਸਿੰਘ ਅਨੁਸਾਰ ਕੈਨੇਡਾ ਵਿਚ ਕਿਸੇ ਹਿੰਦੁਸਤਾਨੀ ਭਾਸ਼ਾ ਵਿੱਚ ਛਪਣ ਵਾਲਾ ਇਹ ਇੱਕੋ ਇੱਕ ਅਖਬਾਰ ਹੈ। ਉਸਦੀ ਆਪਣੀ ਇੱਕ ਸੰਸਥਾ ਸੀ। "ਹਿੰਦੁਸਤਾਨੀ ਐਸੋਸੀਏਸ਼ਨ। ਜਿਸਦਾ ਇੱਕੋ ਇੱਕ ਮੈਂਬਰ ਉਹ ਆਪ

ਹੀ ਲਗਦਾ ਸੀ। ਵਿਕਟੋਰੀਆ ਵਿਚ ਹਿੰਦੂ ਫਰੈਡਜ਼ ਸੋਸਾਇਟੀ ਦੇ ਉਹ ਆਪ ਅਤੇ ਐਲ ਡਬਲਯੂ ਹਾਲ ਜੋ ਪਰੈਸਬੀਟੀਰੀਅਲ ਮਿਸ਼ਨਰੀ ਤੋਂ ਸਿੱਖ ਸਜੀ ਖਿਆਲ ਕੀਤੀ ਜਾਂਦੀ ਸੀ ਦੋ ਸਿਰਕੱਢ ਮੈਂਬਰ ਸਨ। ਨਵੰਬਰ ਸੰਨ 1911 ਵਿੱਚ ਅਟਵੇ ਨੂੰ ਜਾਣ ਵਾਲੇ ਤੇਜਾ ਸਿੰਘ ਦੇ ਡੈਲੀਗੇਸ਼ਨ ਵਿੱਚ ਸੁੰਦਰ ਸਿੰਘ ਤੇ ਹਾਲ ਵੀ ਸ਼ਾਮਲ ਸਨ। ਸੰਨ 1913 ਵਿੱਚ ਸੁੰਦਰ ਸਿੰਘ ਇੱਕ ਹੋਰ ਡੈਲੀਗੇਸ਼ਨ ਲੈ ਕੇ ਅਟਵਾ ਗਿਆ ਅਤੇ ਉਸਨੇ ਬੀ ਸੀ ਦੇ ਸਿੱਖਾਂ ਦਾ ਵਾਹਦ ਲੀਡਰ ਹੋਣ ਦਾ ਢੰਗ ਕੈਨੇਡੀਅਨ ਅਫਸਰਾ ਅਤੇ ਲੋਕਾ ਅੱਗੇ ਰਚਾਇਆ। ਉਹ ਵੱਡਾ ਬਨਣਾ ਸੋਚਦਾ ਸੀ ਪਰ ਸੱਚੀ ਗੱਲ ਤਾਂ ਇਹ ਸੀ ਕਿ ਉਸਦੇ ਦੇਸ਼ ਵਾਸੀਆ ਤੇ ਨੂੰ ਉਸਤੇ ਕੋਈ ਵਿਸ਼ਵਾਸ਼ ਨਹੀਂ ਸੀ ਅਤੇ ਨਾ ਹੀ ਉਸਨੂੰ ਆਪਣੇ ਦੇਸ਼ ਵਾਸੀਆਂ ਤੇ ਯਕੀਨ ਸੀ। ਉਸਨੇ ਸਾਰੀ ਕਮਊਨਿਟੀ ਦੀ ਨੁਮਾਇੰਦਗੀ ਕਰਨ ਦਾ ਦਾਹਵਾ ਕੀਤਾ ਪਰ ਕੈਨੇਡੀਅਨ ਅਫਸਰਾ ਨੇ ਉਸ ਵੱਲ ਬਹੁਤਾ ਧਿਆਨ ਨਾ ਦਿੱਤਾ। ਉਹ ਇਤਨਾ ਭੇਦ ਭਰਿਆ ਮਨੁੱਖ ਸੀ ਕਿ ਹਾਪਕਿਨਸਨ ਦੇ ਸੁਹੀਏ ਵੀ ਉਸਦਾ ਪਤਾ ਨਹੀਂ ਸੀ ਲਾ ਸਕੇ ਕਿ ਉਹ ਕੌਣ ਸੀ ਅਤੇ ਕਿੱਥੋਂ ਆਇਆ ਸੀ।

ਗਰਮ ਦਲੀਆਂ ਲਈ ਸਮੱਸਿਆ ਸੁੰਦਰ ਸਿੰਘ ਅਤੇ ਉਸਦੀ ਲੀਡਰੀ ਨਹੀਂ ਸੀ। ਸਗੋਂ ਆਮ ਪਰਿਵਾਸੀਆਂ ਦੀ ਗੁਲਾਮੀ, ਨਿਰਾਸਤਾ ਅਤੇ ਉਦਾਸੀਨਤਾ ਦੀ ਸੀ। ਉਹ ਲੋਕ ਉਤਰੀ ਅਮਰੀਕਾ ਵਿਚ ਪੈਸੇ ਕਮਾਉਣ ਲਈ ਆਏ ਸਨ ਅਤੇ ਕੰਮ ਦੀ ਪ੍ਰਾਪਤੀ ਦੀ ਜੱਦੋ ਜਹਿਦ ਵਿਚ ਜੁਟੇ ਹੋਏ ਸਨ। ਜਦੋਂ ਉਹਨਾਂ ਨੂੰ ਕਿਸੇ ਖਾਲੀ ਥਾਂ ਦਾ ਪਤਾ ਲਗਦਾ ਤਾਂ ਉਹ ਮਾਲਕ ਦੇ ਬੂਹੇ ਦੇ ਅੱਗੇ ਘੰਟਿਆ ਅਤੇ ਦਿਨਾਂ ਪ੍ਰਤੀ ਉਡੀਕਦੇ ਰਹਿੰਦੇ ਸਨ। ਕੈਲੇਫੋਰਨੀਆਂ ਦੇ ਸਿੱਖਾਂ ਵਿਚ ਇਹ ਕੋਈ ਅਸਾਧਰਨ ਗੱਲ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਠੌਸਣ ਦਾ ਯਤਨ ਕਰਨ। ਉਹ ਬਿੰਨਾ ਪੁੱਛਿਆ ਖੇਤਾਂ ਵਿਚ ਜਾ ਵੜਦੇ ਸਨ ਤੇ ਬਿਨ੍ਹਾ ਆਖਿਆ ਕੰਮ ਕਰਨ ਲੱਗ ਪੈਂਦੇ ਸਨ। ਉਹ ਆਪਣੇ ਮੰਤਵ ਦੀ ਪੂਰਤੀ ਲਈ ਅਥਾਹ ਕਠਨਾਈਆਂ ਝੱਲਦੇ ਸਨ। ਹਰਦਿਆਲ ਅਨੁਸਾਰ "ਉਹ ਹੌਸਲੇ ਤੋਂ ਸੱਖਣੇ ਫਟੇ ਪੁਰਾਣੇ ਪਹਿਰਾਵੇ ਵਾਲੇ ਅਤੇ ਗਿਆਨ ਤੋਂ ਵਾਂਝੇ ਸਨ।" ਉਮੀਦ ਇਹ ਸੀ ਕਿ ਇਹਨਾਂ ਲੋਕਾਂ ਨੂੰ ਸੋਚ ਅਤੇ ਕਰਮ ਦੇ ਪੱਧੋਂ ਉਚਿਆ ਕੀਤਾ ਜਾ ਸਕੇਗਾ। ਭਾਗ ਸਿੰਘ ਨੇ ਉਹਨਾਂ ਨੂੰ ਫਰਜ਼ ਦਾ ਅਹਿਸਾਸ ਦੁਆਇਆ। ਉਸ ਇੱਕਤਰਤਾ ਵਿਚ ਜਿਹੜੀ ਕਿ ਕੁੱਝ ਅਮਰੀਕਾ ਵਿੱਚੋਂ ਡਿਪੋਰਟ ਕੀਤੇ ਜਾਣ ਵਾਲੇ ਹਿੰਦੁਸਤਾਨੀਆਂ ਦੇ ਹੱਕ ਵਿਚ ਬੁਲਾਈ ਗਈ ਸੀ, ਭਾਗ ਸਿੰਘ ਨੇ ਕਿਹਾ "ਤੁਸੀਂ ਇਸ ਦੇਸ਼ ਵਿਚ ਬਹੁਤ ਪੈਸਾ ਕਮਾਇਆ ਹੈ। ਹੁਣ ਸਮਾਂ ਆ ਗਿਆ ਹੈ ਕਿ ਉਸ ਦਾ ਕੁਝ ਹਿੱਸਾ ਆਪਣੇ ਵੀਰਾਂ ਦੀ ਸਹਾਇਤਾ ਲਈ ਖਰਚ ਕਰੀਏ।"

ਸੰਨ 1913 ਦੀ ਪੱਤਝੜ ਸਾਂਤ ਸਾਗਰ ਦੇ ਤੱਟ ਤੇ ਹਾਪਕਿਨਸਨ ਵਲੋਂ ਤਾੜ ਰੱਖਣ ਦੀ ਮਹੱਤਤਾ ਹੋਰ ਵੀ ਵੱਧ ਗਈ। ਹਰਦਿਆਲ ਸਾਰੀ ਬਹਾਰ ਦੀ ਅਤੇ ਗਰਮੀ ਦੀ ਰੁੱਤ ਦੇ ਦੌਰਾਨ ਸਰਗਰਮ ਰਿਹਾ ਸੀ। ਉਸਨੇ ਵਾਸ਼ਿੰਗਟਨ, ਆਰੇਗਨ ਅਤੇ ਕੈਲਫੋਰਨੀਆ ਦਾ ਦੌਰਾ ਕੀਤਾ ਅਤੇ ਆਪਣੀ ਨਵੀਂ ਸੰਸਥਾ, ਹਿੰਦੂ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੌਸਟ ਲਈ ਵਧ ਤੋਂ ਵਧ ਸਹਾਇਤਾ ਮੰਗੀ ਸੀ। ਉਸਨੇ ਥਾਂ ਥਾਂ ਤੇ ਕੀਤੀਆਂ ਗਈਆ ਇੱਕਤਰ-ਤਾਵਾਂ ਵਿਚ ਸਿੱਖਾ ਨੂੰ ਦਸਿਆ ਸੀ ਕਿ ਅਮਰੀਕੀ ਨਾਗਰਤਾ ਤੇ ਇਮੀਗਰੇਸ਼ਨ ਦੇ ਕਾਨੂੰਨ ਦੀ ਬਾਬਤ ਗੱਲਾਂ ਕਰਨ ਦਾ ਕੋਈ ਲਾਭ ਨਹੀਂ ਅੰਗਰੇਜਾਂ ਤੇ ਸੱਟ ਮਾਰਨ ਦੀ ਜ਼ਰੂਰਤ ਹੈਕਿਉਂਕਿ ਅਮਰੀਕਾ ਵਿਚ ਹਿੰਦੁਸਤਾਨੀਆਂ ਦੀ ਕੀਤੀ ਜਾਂਦੀ ਦੁਰਦਿਸ਼ਾ ਲਈ ਬਰਤਾਨੀਆਂ ਹੀ ਦੋਸ਼ੀ ਹੈ ਉਸਦੀ ਅਗਵਾਈ ਅਧੀਨ ਸਾਨਫਰਾਂਸਿਸਕੋ ਦੀ 1324 ਵੈਲੇਂਨਸੀਆ ਸਟਰੀਟ, ਭਾਰਤੀਆਂ ਦੀਆਂ ਕਰਾਂਤੀਕਾਰੀ ਸਰਗਰਮੀਆਂ ਦਾ ਸਭ ਤੋਂ ਮਹੱਤਵ ਪੂਰਨ ਕੇਂਦਰ ਬਣ ਗਈ ਸੀ। ਅਤੇ ਮੈਡਮ ਕਾਮਾ ਵਲੋਂ ਪੈਰਸ ਵਿਚ ਕਾਇਮ ਕੀਤੀ ਹੋਈ ਸੰਸਥਾ 'ਅਬਿਨਵ ਭਾਰਤ ਤੋਂ ਵੀ ਅਗੇ ਲੰਘ ਗਈ ਸੀ। ਹਰਦਿਆਲ ਨੇ ਆਪਣੀ ਸੰਸਥਾਂ ਨੂੰ ਉਸ ਮਾਡਲ ਦੇ ਅਧਾਰ ਤੇ ਖੜਾ ਕੀਤਾ ਸੀ ਜਿਹੜਾ ਕੁਝ ਉਸਨੇ ਲੰਡਨ ਅਤੇ ਪੈਰਿਸ ਵਿਚ ਵੇਖਿਆ ਸੀ। ਹਿੰਦੂ ਐਸੋਸੀਏਸ਼ਨ ਜੋ ਸਭ ਲਈ ਖੁਲੀ ਸੀ ਇਕ ਅਧਾਰ ਸੀ ਜਿਸ 'ਚੋਂ ਗਦਰ ਪਾਰਟੀ ਤੇ ਉਸ ਤੋਂ ਅੱਗੇ ਚੌਣਵੇ ਯੁੰਗਤਰ ਆਸ਼ਰਮ'' (ਨਵਾਂ ਯੁਗ) ਲਈ ਮੈਂਬਰ ਚੁਣੇ ਜਾਂਦੇ ਸਨ। ਅੰਦਰੂਨੀ ਘੇਰੇ' ਦੀ ਸਿਫਾਰਸ਼ ਤੋਂ ਬਿਨਾਂ ਕਿਸੇ ਨੂੰ ਭੀ ਪਾਰਟੀ ਵਿਚ ਦਾਖਲ ਨਹੀਂ ਹੋਣ ਦਿਤਾ ਜਾਂਦਾ ਸੀ। ਕਿਸੇ ਨੂੰ ਭੀ ਆਸ਼ਰਮ ਦੇ ਭੇਤਾਂ ਤੇ ਗੁਪਤ ਸਰਗਰਮੀਆਂ ਬਾਰੇ ਉਦੋਂ ਤਕ ਨਹੀਂ ਸੀ ਦੱਸਿਆ ਜਾਂਦਾ ਜਦੋਂ ਤੀਕਰ ਉਹ ਸੰਸਥਾ ਵਿਚ ਘੱਟੋਘੱਟ ਛੇ ਮਹੀਨੇ ਕੰਮ ਨਾ ਕਰ ਲਵੇ। ਜਿਹੜਾ ਕੋਈ ਉਹਨਾਂ ਭੇਤਾਂ ਨੂੰ ਨਸ਼ਰ ਕਰਨ ਦੀ ਗਦਾਰੀ ਕਰਦਾ ਜਾਂ ਆਸ਼ਰਮ ਦੇ ਭੇਤਾਂ ਨੂੰ ਚੁਰਾਂਦਾ ਉਸ ਨੂੰ ਗੋਲੀ ਮਾਰ ਦਿਤੀ ਜਾਂਦੀ ਸੀ। ਟੀਚੇ ਇਹੀ ਮਿਥੇ ਗਏ ਸਨ ਭਾਵੇਂ ਵਰਤੋਂ ਕਰਨ ਵਿਚ ਇਹ ਸਭ ਕੁਝ ਇਤਨੀ ਦ੍ਰਿੜਤਾ ਤੇ ਕੁਸ਼ਲਤਾ ਨਾਲ ਲਾਗੂ ਨਹੀਂ ਸੀ ਕੀਤਾ ਜਾਂਦਾ। ਮੁੱਢਲੇ ਪੜਾਅ ਵਿਚ ਗਦਰ ਪਾਰਟੀ ਦਾ ਕੰਮ ਪ੍ਰਾਪੇਗੰਡਾ ਕਰਨਾ ਸੀ। ਨਵੰਬਰ ਸੰਨ 1913 ਨੂੰ ਹਰਦਿਆਲ ਨੇ ਸੰਪਾਦਕ ਤੇ ਪ੍ਰਕਾਸ਼ਕ ਦੀ ਹੈਸੀਅਤ ਵਿਚ 'ਗਦਰ' ਦੀ ਪਹਿਲੀ ਜਿਲਦ ਦਾ ਪ੍ਰਕਾਸ਼ਨ ਕੀਤਾ,ਇਹ ਇਕ ਸਪਤਾਹਿਕ ਪੱਤਰ ਸੀ ਜਿਹੜਾ ਉਰਦੂ ਤੇ ਗੁਰਮੁਖੀ ਵਿਚ ਕੱਢਿਆ ਜਾਂਦਾ ਸੀ। ਮੁੱਖ ਲੇਖ ਵਿਚ ਇਸ ਦੇ ਮੰਤਵ ਨੂੰ ਉਲੀਕਦਿਆਂ ਹਰਦਿਆਲ ਨੇ ਆਖਿਆ ਸੀ।'' ਸਾਡਾ ਨਾਂ ਕੀ ਹੈ ? ਗਦਰ ਸਾਡਾ ਕੰਮ ਕੀ ਹੈ ? ਗਦਰ,ਇਹ ਗਦਰ ਕਿਥੇ ਹੋਵੇਗਾ ? ਹਿੰਦੁਸਤਾਨ ਵਿਚ। ਇਹ ਕਦੋਂ ਹੋਵੇਗਾ ? ਕੁਝ ਹੀ ਸਾਲਾਂ ਵਿਚ। ਇਹ ਕਿਉਂ ਹੋਵੇਗਾ ?-ਕਿਉਂਕਿ ਸਾਡੇ ਲੋਕ ਹੁਣ ਜ਼ਿਆਦਾ ਦੇਰ ਤੱਕ ਬਰਤਾਨਵੀ ਰਾਜ ਦਾ ਜੁਲਮ ਸਹਿਨ ਨਹੀਂ ਕਰ ਸਕਦੇ। ਅਸੀਂ ਅਜ਼ਾਦੀ ਲਈ ਲੜਨ ਤੇ ਮਰਨ ਲਈ ਤਿਆਰ ਹਾਂ।' ਗਦਰ, ਹਿੰਦੂ ਸੰਸਥਾ ਦੇ ਮੈਂਬਰਾਂ, ਨੂੰ ਪੁਚਾ ਦਿਤਾ ਜਾਂਦਾ ਸੀ ਅਤੇ ਤੱਟ ਉਤੇ ਹਰ ਖੇਤਰ ਵਿਚ ਰਹਿਣ ਵਾਲੇ ਸਿਖ ਕਾਮਿਆਂ ਨੂੰ ਇਸਨੂੰ ਪੜਕੇ ਸੁਣਾ ਦਿਤਾ ਜਾਂਦਾ ਸੀ। ਭਾਗ ਸਿੰਘ ਨੇ ਇਸ ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਪੜ੍ਹਿਆ ਅਤੇ ਸਰੋਤਿਆਂ ਨੂੰ 'ਯੁਗਾਂ ਤਰ ਆਸ਼ਰਮ' ਨੂੰ ਚੰਦੇ ਭੇਜਣ ਦੀ ਅਪੀਲ ਕੀਤੀ ਤਾਂ ਜੋ ਗਦਰ ਦੀਆ ਹੋਰ ਜਿਲਦਾਂ ਛਾਪੀਆਂ ਜਾ ਸਕਣ, ਜੋ ਕੁਝ ਤੁਸੀਂ ਗਦਰ ਵਿਚ ਪੜੋ, ਉਸਨੂੰ ਆਪਣੇ ਮਨ ਵਿਚ ਵਸਾ ਲਵੋ। ਖੁਦ ਪੜੋ ਤੇ ਦੂਜਿਆਂ ਨੂੰ ਪੜਾਵੋ। ਜਦੋਂ ਪੜ ਚੁੱਕੋ ਤਾਂ ਇਹਨਾ ਕਾਪੀਆਂ ਨੂੰ ਆਮ ਲਿਫਾਫਿਆ ਵਿਚ ਪਾ ਕੇ ਹਿੰਦੁਸਤਾਨ ਡਾਕ ਰਾਹੀਂ ਘੱਲ ਦੇਵੋ।

ਸਾਨਫਰਾਂਸਿਸਕੋ ਵਿਚ ਨਿਯੁਕਤ ਬਰਤਾਨਵੀ ਕੌਂਸਲ ਜੈਨਰੈਲ ਇਹਨਾਂ ਘਟਨਾਵਾ ਤੋਂ ਅਵੇਸਲਾ ਨਹੀਂ ਸੀ ਅਤੇ ਅਮਰੀਕਾ ਦੇ ਇਮੀਗਰੇਸ਼ਨ ਅਫਸਰ ਵੀ ਇਸ ਗੱਲ ਤੋਂ ਭਲੀ ਭਾਂਤ ਜਾਣੂ ਸਨ। ਹਿੰਦੂ ਐਸੋਸੀਏਸ਼ਨ ਦੀਆਂ ਇਕੱਤਰਤਾਵਾਂ ਨੂੰ ਪੂਰੀ ਪਬਲਿਸਟੀ ਦਿਤੀ ਜਾਂਦੀ ਸੀ ਅਤੇ ਭਾਵੇਂ ਇਸ ਸਾਹਿਤ ਨੂੰ ਭੇਜਣ ਵਾਲਿਆ ਦੇ ਪਤੇ ਅਸਲੀ ਨਹੀਂ ਸੀ, ਫੇਰ ਭੀ ਇਸ ਸਾਹਿਤ ਨੂੰ ਭੇਜਣ ਵਾਲਿਆ ਦੇ ਪਤੇ ਅਸਲੀ ਨਹੀਂ ਸੀ ਫੇਰ ਭੀ ਇਸ ਵਿਚੋਂ ਬਹੁਤ ਸਾਰਾ ਸਾਹਿਤ ਫੜਿਆ ਗਿਆ ਸੀ। 'ਗਦਰ ਦੇ ਪਹਿਲੇ ਅੰਕ ਛੱਪਣ ਤੋ ਕਈ ਹਫਤੇ ਪਹਿਲਾਂ ਹੀ ਇਹ ਫੈਸਲਾ ਕਰ ਲਿਆ ਗਿਆ ਸੀ ਕਿ ਹਾਪਕਿਨਸਨ ਸਰਦੀ ਦੀ ਰੁੱਤ ਸਾਨਫਰਾਂਸਿਸਕੋ ਦੇ ਖੇਤਰ ਵਿਚ ਬਤਾਵੇ। (ਉਸਦੀ ਯੋਜਨਾ ਇਹ ਸੀ ਕਿ ਆਪਣੇ ਵੈਨਕੂਵਰ ਵਾਲੇ ਘਰ

ਨੂੰ ਕਰਾਏ ਤੇ ਦੇਵੇਂ ਅਤੇ ਖੁਦ ਆਪਣੀ ਪਤਨੀ ਤੇ ਬੱਚਿਆਂ ਸਮੇਤ ਸਾਨਫਰਾਂਸਿਸਕੋ ਵਿਚ, ਨਵੰਬਰ ਤੋਂ ਫਰਵਰੀ ਤੀਕਰ ਰਹੇ) ਅਤੇ ਇਸ ਗੱਲ ਦਾ ਫੈਸਲਾ ਕਰਕੇ, ਕਿ ਹਾਪਕਿਨਸਨ ਨੇ ਅੱਗੇ ਨਾਲੋਂ ਭੀ ਬਹੁਤੇ ਰੁਝੇਵਿਆ ਵਿਚ ਕੁਝ ਜਾਣਾ ਸੀ। ਵੈਨਕੂਵਰ ਸਥਿਤ ਇਮੀਗਰੇਸ਼ਨ ਦੇ ਏਜੰਟ ਨੇ ਉਸਦੀ ਥਾਂ ਕਿਸੇ ਹੋਰ ਦੁਭਾਸ਼ੀਏ ਦੀ ਮੰਗ ਕੀਤੀ ਸੀ।

ਹਾਪਕਿਨਸਨ ਦਾ ਇਰਾਦਾ ਪਹਿਲੀ ਨਵੰਬਰ ਨੂੰ ਵੈਨਕੂਵਰ ਤੋਂ ਜਾਣ ਦਾ ਸੀ, ਪ੍ਰੰਤੂ ਉਸਦੀ ਰਵਾਨਗੀ ਵਿਚ ਦੇਰੀ ਹੋ ਗਈ। ਪੰਜ ਮਹੀਨੇ ਪਹਿਲਾਂ ਉਸਨੇ ਭਾਗਵਾਨ ਸਿੰਘ ਜਾਖ ਜਿਹੜਾ ਕਿ ਹਰਦਿਆਲ ਦੇ ਪਾਏ ਦਾ ਕਰਾਂਤੀਕਾਰੀ ਸੀ, ਨੂੰ ਦੇਸ਼ ਅੰਦਰ ਅਛੋਪਲੇ ਆ ਜਾਣ ਦੀ ਆਗਿਆ ਦੇ ਦਿਤੀ ਸੀ। ਭਗਵਾਨ ਸਿੰਘ, ਜਲੰਧਰ ਜਿਲੇ ਦੇ ਪਿੰਡ ਵੜੈਚ ਦਾ ਜੰਮਪਲ ਸੀ ਅਤੇ 30 ਸਾਲਾਂ ਦੀ ਉਮਰ ਦਾ ਸੀ। ਪੰਜਾਬ ਦੀ 1907 ਦੀ ਗੜ ਬੜ ਵਿਚ ਉਸ ਦਾ ਚੋਖਾ ਹੱਥ ਸੀ ਅਤੇ ਆਪਣੀ ਗ੍ਰਿਫਤਾਰੀ ਤੋਂ ਬਚਣ ਲਈ ਹੀ ਉਸਨੇ 1908 ਵਿਚ ਹਿੰਦੁਸਤਾਨ ਛੱਡ ਦਿਤਾ ਸੀ। ਤਿੰਨ ਸਾਲਾ ਲਈ ਉਹ ਹਾਂਗਕਾਂਗ ਦੇ ਗੁਰਦੁਆਰੇ ਦਾ ਹੈੱਡ ਗਰੰਥੀ ਰਿਹਾ ਅਤੇ ਉਸ ਸਮੇਂ ਦੇ ਦਰਮਿਆਨ ਉਸਨੇ ਸਿਖਾ ਦੀ ਬਸਤੀ ਵਿਚ ਖਲਬਲੀ ਮਚਾ ਦਿਤੀ ਸੀ। ਦੋ ਵਾਰ ਉਸਨੂੰ ਸਿੱਖ ਫੌਜਾਂ ਵਿਚ ਵਿਦਰੋਹ ਫੈਲਾਉਣ ਦੇ ਦੋਸ ਹੇਠਾਂ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਅਖੀਰ ਮਈ 1913 ਨੂੰ ਉਹ ਹਾਂਗਕਾਂਗ ਚੋਂ ਡਿਪੋਰਟ ਕਰ ਦਿਤਾ ਗਿਆ ਕੁਝ ਹਫਤਿਆਂ ਪਿਛੋਂ ਹੀ, ਉਹ ਕਿਸੇ ਹੋਰ ਦੇ ਸ਼ਨਾਖਤੀ ਪੱਤਰ ਅਧੀਨ ਪੈਸੇਫਿਕ ਦੇ ਸਮੁੰਦਰੀ ਜਹਾਜ਼ ਐਮਪ੍ਰੈਸ ਆਫ ਰਸ਼ੀਆ ਰਾਹੀ ਵਿਕਟੋਰੀਆ ਅਪੜਿਆ। ਉਸਨੂੰ, ਉਤਰ ਪਹਿਲਾਂ ਹੀ ਰਟਾ ਦਿਤੇ ਗਏ ਸਨ ਅਤੇ ਉਹ ਹਾਪਕਿਨਸਨ ਨੂੰ ਵਿਸ਼ਵਾਸ਼ ਦਿਵਾਉਣ ਵਿਚ ਕਾਮਯਾਬ ਹੋ ਗਿਆ ਸੀ ਕਿ ਉਹ ਨੱਥਾ ਸਿੰਘ ਸੀ ਜਿਸ ਦੀ ਪੱਕਿਆਂ ਤੌਰ ਤੇ ਕੈਨੇਡਾ ਵਿਚ ਰਹਾਇਸ਼ ਸੀ।

ਭਗਵਾਨ ਸਿੰਘ ਸ਼ਕਤੀਸ਼ਾਲੀ ਪਰਚਾਰਕ ਸੀ। ਉਸ ਦੇ ਸ਼ਬਦ ਅਲੰਕਾਰ ਜੜ੍ਹਤ ਹੁੰਦੇ ਸਨ ਤੇ ਉਸਦੀ ਤਕਰੀਰ ਵਿਚ ਹੜ੍ਹ ਵਾਂਗ ਸੀ ਰਵਾਨੀ ਸੀ ਜਦੋਂ ਕਦੀ ਉਹ ਮੀਟਿੰਗ ਵਿਚ ਬੋਲਦਾ ਹਾਪਕਿਨਸਨ ਆਪਣੇ ਸਟੈਨੋ ਸਮੇਤ ਮੀਟਿੰਗ ਦੇ ਪਿਛੇ ਖਲੋ ਜਾਂਦਾ ਸੀ, ਪ੍ਰੰਤੂ ਉਸਦੀ ਅਲੰਕਾਰਾਂ ਨਾਲ ਪੋਤ ਤਕਰੀਰ ਨੂੰ ਉਹ ਅਨੁਵਾਦ ਨਹੀਂ ਸਕਦਾ ਸੀ। ਵੈਨਕੂਵਰ ਪੁੱਜਣ ਉਪਰੰਤ ਭਗਵਾਨ ਸਿੰਘ ਗੁਰਦੁਆਰੇ ਹਰ ਹਫਤੇ ਮੀਟਿੰਗਾਂ ਵਿਚ ਲੈਕਚਰ ਕਰਦਾ ਸੀ ਕਿ ਉਹ ਦੂਸਰੇ ਭਾਰਤੀਆਂ ਨਾਲ ਏਕਤਾ ਦੇ ਪ੍ਰਗਟਾਵੇ ਲਈ ਬੰਗਾਲ ਦੇ ਅਤਿਵਾਦੀਆਂ ਦੇ ਲਾਏ ਹੋਏ ਨਾਹਰੇ 'ਬੰਦੇ ਮਾਤਰਮ' (ਜੈ ਮਾਤਾ) ਨੂੰ ਆਪਣਾ ਲੈਣਾ ਉਹ ਆਖਦਾ ਸੀ। "ਕੈਨੇਡਾ ਦੇ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਪਰਤਨ ਅਤੇ ਬਰਤਾਨੀਆਂ ਦੇ ਵਿਰੁਧ ਚਲਾਈ ਗਈ ਜਦੋਂ ਜਹਿਦ ਵਿਚ ਆਪਣਾ ਯੋਗਦਾਨ ਪਾਉਣ" ਅਤੇ ਜਦੋਂ ਉਸਦੀ ਇਹ ਅਪੀਲ ਹੁੰਦੀ ਤਾਂ ਭਾਗ ਸਿੰਘ ਅਤੇ ਹੋਰ ਐਕਟਿਵਿਸਟ ਉੱਠ ਖਲੋਂਦੇ ਸਨ ਤੇ ਅਜਿਹਾ ਕਰਨ ਦਾ ਵਚਨ ਦਿੰਦੇ ਸਨ। ਉਸਦੀ ਤਕਰੀਰ ਦੇ ਲਾਏ ਗਏ ਭੰਬੂਕਿਆਂ ਤੋਂ ਸਰਕਾਰ ਨਿਸਚੰਤ ਨਹੀਂ ਸੀ ਬੈਠੀ ਪ੍ਰੰਤੂ ਇਮੀਗਰੇਸ਼ਨ ਦੇ ਅਫਸਰਾਂ ਨੂੰ ਉਸਦੇ ਵਿਰੁਧ ਗਵਾਹ ਖੜੇ ਕਰਨੇ ਇਕ ਮੁਸ਼ਕਲਾਂ ਭਰਿਆ ਸਵਾਲ ਸੀ। ਉਸ ਵਿਰੁਧ ਉਸ ਸਮੇਂ ਤੀਕਰ ਕੁਝ ਨ ਕੀਤਾ ਜਾ ਸਕਿਆ ਜਦੋਂ ਤੀਕਰ 30 ਸਤੰਬਰ ਨੂੰ "ਐਪਰੈਸ ਆਫ ਰਸ਼ੀਆ" ਜਹਾਜ਼ ਮੁੜ ਵੈਨਕੂਵਰ ਨਹੀਂ ਆਇਆ ਤੇ ਚੀਨੀ ਮੈਨੇਜਰ ਉਸ ਵਿਰੁਧ ਗਵਾਹੀ ਦੇਣ ਲਈ ਤਿਆਰ ਨਹੀਂ ਹੋਇਆ। ਇਸ ਦੇ ਫਲਸਰੂਪ ਭਾਗਵਾਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸਦੇ ਡਿਪੋਰਟ ਕੀਤੇ ਜਾਣ ਦੇ ਆਦੇਸ਼ ਜਾਰੀ ਕਰ ਦਿਤੇ ਗਏ। ਫੇਰ ਵੀ ਉਸਨੇ ਵਕੀਲ ਨੇ ਸਬੰਧਤ ਮੰਤਰੀ ਨੂੰ ਅਪੀਲ ਕੀਤੀ ਅਤੇ ਉਹ ਮੁੜ ਫੇਰ ਅਦਾਲਤੀ ਸੁਨਵਾਦੀ ਹੋਣ ਤੀਕਰ, ਉਸਨੂੰ ਜਮਾਨਤ ਤੇ ਛਡਾਉਣ ਵਿਚ ਸਫਲ ਹੋ ਗਿਆ, ਹੁਣ ਉਹ ਜਮਾਨਤ ਤੇ ਅਜ਼ਾਦ ਸੀ।

ਅਜੇ ਮਕੁੱਦਮਾ ਵਿਚ ਵਿਚਾਲੇ ਹੀ ਸੀ ਕਿ ਜਾਪਾਨੀ ਸਮੁੰਦਰੀ ਜਹਾਜ 'ਪਾਨਾਮਾ ਮਾਰੂ' ਰਾਹੀਂ 17 ਅਕਤੂਬਰ ਨੂੰ ਹੋਰ 56 ਹਿੰਦੁਸਤਾਨੀ ਵਿਕਟੋਰੀਆਂ ਆ ਗਏ ਸਨ। 1908 ਤੋਂ ਲੈ ਕੇ ਹੁਣ ਤੀਕਰ ਇਤਨੇ

ਹਿੰਦੁਸਤਾਨੀ ਕਿਸੇ ਵੀ ਇਕ ਜਹਾਜ਼ ਰਾਹੀ ਨਹੀਂ ਸਨ ਆਏ । ਹੁਣ ਹਾਪਕਿਨਸਨ ਨੂੰ ਹੋਸ਼ ਆਈ ਕਿ ਭਗਵਾਨ ਸਿੰਘ ਤੋਂ ਬਿਨਾਂ ਹੋਰ ਕਈ ਹਿੰਦੁਸਤਾਨੀਆਂ ਨੇ ਵੀ ਉਸਨੂੰ (ਉਲੂ) ਬਣਾਇਆ ਸੀ । ਉਹ ਇਸ ਸਿੱਟੇ ਤੇ ਅਪੜਿਆ ਕਿ ਸਥਾਨਕ ਹਿੰਦੁਸਤਾਨੀਆਂ ਨੇ ਪਿਛੇ ਦੂਜੇ ਹਿੰਦੁਸਤਾਨੀਆਂ ਨੂੰ ਵੀ ਆਉਣ ਲਈ ਯਤਨ ਕਰਨ ਦੀ ਹੌਸਲਾ ਅਫਜਾਈ ਕੀਤੀ ਸੀ । 'ਪਾਨਾਮਾ' ਦੇ ਯਾਤਰੂਆਂ ਦੀ ਪੜਤਾਲ ਕਰਨ ਪਿਛੋਂ ਉਸਨੂੰ ਇਹ ਗੱਲ ਸੱਚੀ ਜਾਪੀ 'ਪਾਨਾਮਾ ਮਾਰੂ' ਰਾਹੀਂ ਆਏ ਹੋਏ ਸਾਰੇ ਦੇ ਸਾਰੇ 56 ਹਿੰਦੁਸਤਾਨੀਆਂ ਨੇ ਆਖਿਆ ਕਿ ਉਹ ਪਹਿਲਾਂ ਵੀ ਕੈਨੇਡਾ ਰਹੇ ਸਨ । ਉਹਨਾਂ 'ਚੋਂ ਬਹੁਤਿਆ ਕੋਲ ਕਿਸੇ ਨਾ ਕਿਸੇ ਕਿਸਮ ਦੇ ਦਸਤਾਵੇਜ਼ੀ ਕਾਗਜ਼ ਸਨ—ਜਿਵੇਂ ਕਿ ਟੈਕਸ ਦੀ ਰਸੀਦਾਂ, ਮਨੀਆਰਡਰ ਰਸੀਦਾਂ, ਟਾਈਮ ਕਾਰਡ ਰਜਿਸਟਰੀਆਂ ਜਾਂ ਇਕਰਾਰ ਨਾਮੇ ਆਦਿ । ਇਹ ਉਹਨਾਂ ਨੇ ਆਪਣੇ ਬਿਆਨ ਦੀ ਪੁਸ਼ਟੀ ਲਈ ਸਬੂਤਾਂ ਵਜੋਂ ਪੇਸ਼ ਕੀਤੇ । ਜਿਵੇਂ ਕਿ ਪਿਛੋਂ ਪਤਾ ਲੱਗਿਆ ਸੀ ਕਿ ਇਹ ਡਿੱਗੇ ਹੋਏ ਰੱਦੀ ਕਾਗਜਾਂ ਨੂੰ ਉਹਨਾਂ ਨੇ ਕਲਕੱਤੇ ਜਾਂ ਹਾਂਗਕਾਂਗ ਤੋਂ ਚੁਕਿਆ ਸੀ ਕਿਉਂਕਿ ਉਹ ਲੋੜੀਂਦੇ ਪੇਪਰ ਪ੍ਰਾਪਤ ਨਹੀਂ ਕਰ ਸਕੇ ਸਨ । ਉਸ ਸਮੇਂ ਨਿਯਮ ਇਹ ਸੀ ਕਿ ਵੈਨਕੂਵਰ ਦੇ ਇਮੀਗਰੇਸ਼ਨ ਅਧਿਕਾਰੀ ਹਿੰਦੁਸਤਾਨ ਨੂੰ ਜਾਣ ਵਾਲੇ ਹਿੰਦੁਸਤਾਨੀਆਂ ਨੂੰ ਕੋਈ ਸ਼ਨਾਖਤੀ ਕਾਗਜ਼ ਨਹੀਂ ਸਨ ਦਿੰਦੇ । ਇਸਦਾ ਭਾਵ ਇਹ ਨਹੀਂ ਸੀ ਕਿ ਉਹਨਾਂ ਦੀ ਮਨਸ਼ਾ ਉਹਨਾਂ ਨੂੰ ਰੋਕਣ ਦੀ ਸੀ । ਸਗੋਂ ਅਸਲ ਗੱਲ ਇਹ ਸੀ ਕਿ ਉਹਨਾਂ ਦੇ ਕੈਨੇਡਾ ਵਾਪਸ ਮੁੜਣ ਦੇ ਰਾਹ ਵਿਚ ਰੋੜੇ ਅਟਕਾਏ ਜਾਣ ਜੇਕਰ ਇਮੀਗਰੇਸ਼ਨ ਵਾਲਿਆਂ ਨੂੰ ਯਕੀਨ ਹੁੰਦਾ ਸੀ ਕਿ ਉਹ ਇਸ ਤਰ੍ਹਾਂ ਕਰਕੇ ਬਚ ਸਕਦੇ ਹਨ ਤਾਂ ਸੰਭਵ ਸੀ ਕਿ ਉਹ ਕਿਸੇ ਵੀ ਹਿੰਦੁਸਤਾਨੀ ਦੇ ਦਾਖਲੇ ਨੂੰ ਭਾਵੇਂ ਉਸਦੀ ਪਹਿਲਾਂ ਕੈਨੇਡਾ ਵਿਚ ਰਹਾਇਸ਼ ਸੀ ਜਾਂ ਨਹੀਂ, ਰੋਕ ਦਿੰਦੇ । ਪ੍ਰੰਤੂ ਰਿਹਾਇਸ਼ ਦੇ ਮਾਮਲੇ ਵਿਚ ਕਾਨੂੰਨ ਅਸਪਸ਼ਟ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਤੌਖਲਾ ਸੀ ਕਿ ਜੇਕਰ ਅਦਾਲਤਾਂ ਉਹਨਾਂ ਦੇ ਵਿਰੁਧ ਗਈਆਂ ਤਾਂ ਉਹ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ । ਕਿਉਂਕਿ ਇਮੀਗਰੇਸ਼ਨ ਵਾਲੇ ਪਰਿਵਾਸੀਆਂ ਨੂੰ ਕੋਈ ਦਫਤਰੀ ਸਰਟੀਫਿਕੇਟ ਨਹੀਂ ਦਿੰਦੇ ਸਨ, ਉਹਨਾਂ ਨੂੰ ਹੋਰ ਕਿਸਮ ਦੇ ਤਸਦੀਕੀ ਕਾਗਜਾਂ ਨੂੰ ਸਵੀਕਾਰ ਕਰਨਾ ਪੈਂਦਾ ਸੀ ।

ਜਦੋਂ ਹਾਪਕਿਨਸਨ ਕਿਸੇ ਨੂੰ ਪਛਾਣ ਲੈਂਦਾ ਸੀ ਤਾਂ ਫੇਰ ਕੋਈ ਸਮੱਸਿਆ ਨਹੀਂ ਸੀ ਰਹਿੰਦੀ । ਉਸਨੇ 56 ਵਿੱਚੋਂ 16 ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦੇ ਦਿੱਤੀ । ਪ੍ਰੰਤੂ ਦੂਜਿਆਂ ਨੂੰ ਉਸਨੇ ਇਤਰਾਜ਼ ਯੋਗ ਸਮਝਿਆ ਤੇ ਉਹਨਾਂ ਨੂੰ ਇਮੀਗਰੇਸ਼ਨ ਹਾਲ ਵਿੱਚ ਦਾਖਲ ਕਰਕੇ ਬਾਹਰੋਂ ਜੰਦਰਾ ਮਾਰ ਦਿੱਤਾ। ਤਿੰਨ ਦਿਨ ਬੀਤ ਗਏ ਇਕ ਐਤਵਾਰ ਇਕ ਛੁਟੀ ਅਤੇ ਇਕ ਦਿਨ ਭਗਵਾਨ ਸਿੰਘ ਦੇ ਕੇਸ ਦੀ ਮੁੜ ਸੁਣਵਾਈ ਦੇ ਸੰਬੰਧ ਵਿਚ ਜਦੋਂ ਹਾਪਕਿਨਸਨ ਮੁੜ ਕੇ ਵਿਕਟੋਰੀਆ ਪਰਤਿਆ । ਜਦੋਂ ਪਰਤਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਹਿਰਾਸਤ ਵਿੱਚ ਲਏ ਹੋਏ ਆਦਮੀਆਂ ਨੇ ਆਪਣੀਆਂ ਕਹਾਣੀਆਂ ਹੀ ਬਦਲ ਲਈਆਂ ਹਨ । ਉਹਨਾਂ ਵਿਚੋਂ ਸਿਰਫ ਇੱਕ ਨੇ ਹੀ ਸਵੀਕਾਰ ਕੀਤਾ ਕਿ ਉਹ ਕੈਨੇਡਾ ਵਿਚ ਪਹਿਲਾਂ ਵਸਨੀਕ ਰਿਹਾ ਸੀ । ਦੂਜਿਆਂ ਨੇ ਅਜਿਹੇ ਹੋਣ ਦਾ ਕੌਦੀ ਵੀ ਕੋਈ ਦਾਹਵਾ ਨਹੀਂ ਸੀ ਕੀਤਾ । ਉਹਨਾ ਆਖਿਆ ਕਿ ਹਾਪਕਿਨਸਨ ਕਿਸੇ ਗਲਤੀ ਦਾ ਸ਼ਿਕਾਰ ਹੋ ਗਿਆ ਸੀ । ਉਹਨਾਂ ਨੂੰ ਇਕ ਤਫਤੀਸ਼ੀ ਬੋਰਡ ਦੇ ਰੂਬਰੂ ਜਿਸ ਵਿਚ ਇਮੀਗਰੇਸ਼ਨ ਦੇ ਤਿੰਨ ਅਫਸਰ ਸਨ ਲਿਆਂਦਾ ਗਿਆ । ਬੋਰਡ ਸਹਮਣੇ ਉਹਨਾਂ ਦੀ ਨੁਮਾਂਇਦਗੀ ਇਕ ਵਕੀਲ ਨੇ ਕੀਤੀ ਜਿਸ ਨੂੰ ਉਹਨਾ ਦੇ ਵੈਨਕੂਵਰ ਅਤੇ ਵਿਕਟੋਰੀਆ ਦੇ ਵਸਨੀਕ ਮਿੱਤਰਾ ਨੇ ਉਹਨਾਂ ਲਈ ਨੀਯਤ ਕੀਤਾ ਸੀ । ਸੁਨਵਾਈ ਦੇ ਦੌਰਾਨ ਵਕੀਲ ਨੇ ਉਹਨਾਂ ਵਿਚੋਂ ਇਕ ਨੂੰ ਸੰਬੋਧਨ ਕਰਦਿਆ ਹੋਇਆ ਆਖਿਆ ਕੀ ਤੁਸੀਂ ਹਾਪਕਿਨਸ਼ਨ ਨੂੰ ਸੱਚੀ ਸੱਚੀ ਗੱਲ ਦੱਸੀ ਹੈ ? ਉੱਤਰ ਵਿੱਚ ਉਸ ਨੇ ਕਿਹਾ "ਮੈਂ ਤਾਂ ਹਾਂਗਕਾਂਗ ਵਿੱਚ ਇੱਕ ਹਿੰਦੁਸਤਾਨੀ ਮਿੱਤਰ ਤੋਂ ਮਸ਼ਵਰਾ ਲਿਆ ਸੀ ।" ਵਕੀਲ ਨੇ ਕਿਹਾ "ਜਿਵੇ ਮੈਂ ਆਖਦਾ ਹਾਂ ਉਵੇਂ ਹੀ ਆਖੋ । ਤੁਹਾਨੂੰ ਉਤਰਨ ਦੀ ਆਗਿਆ ਮਿਲ ਜਾਵੇਗੀ ।" ਜਦੋਂ ਇਹ ਸਕੀਮ ਕਾਰਗਰ ਸਿੱਧ ਨਾ ਹੋਈ ਤਾਂ ਉਸਨੇ ਸੱਚੀ ਗੱਲ ਨਾਲ ਚਿਮਟੇ ਰਹਿਣ ਦਾ ਫੈਸਲਾ ਕਰ ਲਇਆ ਦੂਜੇ ਇਤਨੇ ਈਮਾਨਦਾਰ ਨਹੀਂ ਸਨ । ਪਰ ਕੀ ਫਰਕ ਪੈਂਦਾ ਸੀ ਇਮੀਗਰੇਸ਼ਨ ਵਾਲਿਆਂ ਨੇ ਤਾਂ ਪਹਿਲਾਂ ਹੀ ਨਿਰਨਾ ਕਰ ਲਿਆ ਸੀ ਉਹਨਾ ਸਾਰਿਆਂ ਨੂੰ ਡਿਪੋਰਟ ਕਰਨ

ਦੇ ਆਦੇਸ਼ ਜਾਰੀ ਹੋ ਗਏ। ਭਗਵਾਨ ਸਿੰਘ ਅਤੇ "ਪਨਾਮਾ ਮਾਰੂ" ਦੇ ਮੁਸਾਫਰਾਂ ਸਬੰਧੀ ਉਠੇ ਵਾਵੇਲੇ ਕਾਰਨ ਹੀ ਹਾਪਕਿਨਸਨ ਨੂੰ 1 ਨਵੰਬਰ ਤੋਂ ਪਿਛੋਂ ਵੈਨਕੂਵਰ ਰਹਿਨਾ ਪਿਆ। ਭਗਵਾਨ ਸਿੰਘ ਦੇ ਮੁਕੱਦਮੇ ਦੀ ਦੂਜੀ ਸਣਵਾਈ ਦੇ ਦੌਰਾਨ ਹਿੰਦੁਸਤਾਨੀ ਹਾਪਕਿਨਸਨ ਕੋਲ ਗਏ ਤੇ ਉਸਨੂੰ ਧਮਕੀਆਂ ਦਿੱਤੀਆਂ ਕਿ ਉਹ ਉਸਦੇ ਵਿਰੁੱਧ ਗਿਸ਼ਵਤਖੋਰੀ ਦਾ ਦੋਸ਼ ਲਾਉਣਗੇ ਤੇ ਇਸ ਗੱਲ ਦੇ ਪੱਖ ਵਿਚ ਗਵਾਹ ਪੇਸ਼ ਕਰਨਗੇ। ਇਹ ਪੁਰਾਨੀ ਨੀਤੀ ਸੀ ਜਿਸਨੂੰ ਇਕ ਵਾਰ ਫੇਰ ਦੁਹਾਰਾਇਆ ਗਿਆ ਸੀ। ਹਾਪਕਿਨਸਨ ਨੇ ਆਪਣੇ ਤੋਂ ਉਚੇਰੇ ਅਫਸਰਾਂ ਨੂੰ ਸੂਚਤ ਕਰਦਿਆਂ ਕਿਹਾ "ਮੈਂ ਇੱਕ ਹਾਂ ਮੇਰੇ ਵਿਰੁੱਧ ਸਾਰੀ ਕਾਲੋਨੀ" ਰਹੀਮ ਤੇ ਭਾਗ ਸਿੰਘ ਲੋਹੇ ਨੂੰ ਲਾਲ ਵੇਖ ਕੇ ਸੱਟਾਂ ਮਾਰ ਰਹੇ ਸਨ। ਉਹ ਇਸ ਅਵਸਰ ਤੋਂ ਪੂਰਾ ਪੂਰਾ ਲਾਭ ਉਠਾਉਣਾ ਚਾਹੁੰਦੇ ਸਨ। ਉਹ ਭਗਵਾਨ ਸਿੰਘ ਦੀ ਮਦਦ ਕਰਨੀ ਚਾਹੁੰਦੇ ਸਨ ਤੇ ਇਮੀਗਰੇਸ਼ਨ ਵਲੋਂ ਲਾਈ ਹੋਈ ਰੋਕ ਦੀ ਫੁਲਾਦੀ ਕੰਧ ਦਾ ਸਫਾਇਆ ਕਰਨਾ ਚਾਹੁੰਦੇ ਸਨ ਉਹਨਾ ਦਾ ਵਿਚਾਰ ਸੀ ਕਿ ਅਦਾਲਤਾਂ ਵਿੱਚ ਮੁਕੱਦਮੇ ਲੜਣਦਾ ਮੰਤਵ ਸਫਲ ਹੋ ਜਾਵੇਗਾ। ਜੇਕਰ ਅਜਿਹਾ ਕਰਨ ਨਾਲ ਉਹ ਕਨੇਡਾ ਦੇ ਸਿੱਖਾਂ ਤੇ ਹਿੰਦੁਸਤਾਨੀ ਸਿੱਖਾਂ ਵਿਚ ਇਕ ਖਲਬਲੀ ਮਚਾਉਣ ਵਿੱਚ ਕਾਮਯਾਬ ਹੁ ਜਾਣ। ਜਿਸ ਵਕੀਲ ਨੂੰ ਮੁਕਦਮੇ ਦੀ ਪੈਰਵੀ ਲਈ ਚੁਣਿਆ ਸੀ ਉਹ ਜੇ. ਐਡਵਰਡ ਬਰਡ ਸੀ ਰਹੀਮ ਇਸ ਵਿਅਕਤੀ ਨੂੰ ਵੈਨਕੂਵਰ ਵਿਚ ਕੀਤੇ ਗਏ ਇਕ ਸੋਸ਼ਲਿਸਟ ਸਾਮਾਗਮ ਵਿਚ ਮਿਲਿਆ ਸੀ। ਭਾਵੇਂ ਬਰਡ ਤਜ਼ਰਬੇਕਾਰ ਸੀ ਪਰ ਫੇਰ ਵੀ ਮੱਧ ਚਾਲ੍ਹੀਆਂ ਦੀ ਉਮਰ ਵਿਚ ਉਹ ਚੋਟੀ ਦੇ ਵਕੀਲਾਂ ਵਿੱਚੋਂ ਨਹੀਂ ਸੀ। ਅਦਾਲਤਾਂ ਵਿੱਚ ਮੁਕੱਦਮਾ ਲਿਜਾਣਾ ਆਸਾਨ ਨਹੀਂ ਸੀ ਕਿਉਂਕਿ ਸੋਧੇ ਹੋਏ 1910 ਦੇ ਐਕਟ ਦੀ ਤੇਈਵੀਂ ਧਾਰਾ ਅਨੁਸਾਰ ਬੋਰਡ ਆਫ ਇਨਕੁਆਇਰੀ ਦੇ ਕੀਤੇ ਫੈਸਲੇ ਵਿਚ ਨਾ ਹੀ ਕੋਈ ਅਦਾਲਤ ਤੇ ਨਾ ਹੀ ਕੋਈ ਜੱਜ ਦਖਲ ਦੇ ਸਕਦਾ ਸੀ। ਬਰਡ ਨੇ ਅੰਦਰੂਨੀ ਮਾਮਲਿਆਂ ਦੇ ਵਜੀਰ ਕੋਲੋ ਅਪੀਲ ਕਰਨ ਦਾ ਨੋਟਿਸ ਦਿੱਤਾ ਇਹ ਇੱਕੋ ਇੱਕ ਅਪੀਲ ਸੀ ਜਿਸਨੂੰ ਕਰਨ ਦੀ ਆਗਿਆ ਮਿਲੀ ਸੀ ਪ੍ਰੰਤੂ ਉਹ ਵਿਕਟੋਰੀਆ ਦੇ ਜੱਜ ਮਿਸਟਰ ਜਸਟਿਸ ਮਰਫੀ ਕੋਲ ਵੀ ਹੋਬੀਅਨ ਕਾਰਪਸ ਦੀ ਰਿੱਟ ਪ੍ਰਾਪਤ ਕਰਨ ਲਈ ਅਰਜ਼ੀ ਲੈ ਗਿਆ ਸੀ। ਉਸਨੇ ਦਲੀਲ ਨੂੰ ਪੇਸ਼ ਕਰਦਿਆਂ ਕਿਹਾ ਕਿ ਉਹਨਾਂ ਕੌਂਸਲ ਦੇ ਆਰਡਰਾਂ ਜਿਹੜੇ ਕਿ ਨਿਰੰਤਰ ਯਾਤਰਾ ਦੇ ਸਰਟੀਫੀਕੇਟ ਤੇ 200 ਡਾਲਰ ਕੋਲ ਹੋਦ ਸਬੰਧੀ ਸਨ ਤੇ ਜਿਸਦਾ ਕਿ ਕੋਰਟ ਆਫ ਇਨਕੁਆਇਰੀ ਨੇ ਹਵਾਲਾ ਦਿੱਤਾ ਸੀ ਉਹ ਐਕਟ ਨਾਲ ਮੇਲ ਨਹੀਂ ਸਨ ਖਾਂਦੇ। ਉਹਨਾਂ ਵਿਚ ਨਸਲ ਨੇਟਿਵ ਜਾਂ ਸ਼ਹਿਰੀ ਦੀ ਬਜਾਏ ਮੁਲ ਦਾ ਪ੍ਰਯੋਗ ਕੀਤਾ ਗਿਆ ਸੀ ਅਤੇ ਅਸਲੀ ਨਿੱਜੀ ਕਬਜੇ ਵਿਚ 200 ਡਾਲਰ 'ਆਪਣੇ ਅਧਿਕਾਰ 'ਚ ਹੋਣ ਵਾਲਾ ਮਲਕੀਅਤ' ਦੀ ਥਾਂ ਦਰਜ ਕੀਤਾ ਸੀ। ਮਰਫੀ ਨੇ ਇਸ ਦਲੀਲ ਵੱਲ ਵਿਸ਼ੇਸ਼ ਰੁਚੀ ਨਹੀਂ ਵਿਖਾਈ ਭਾਵੇਂ ਉਸ਼ਨੇ ਆਖਿਆ ਕਿ ਅਦਾਲਤਾਂ ਨੂੰ ਦਖਲ ਦੇਣ ਦਾ ਹੱਕ ਪ੍ਰਾਪਤ ਹੈ ਜੇਕਰ ਆਰਡਰਜ਼ -ਇਨ-ਕੌਂਸਲ ਨੂੰ ਗਲਤ ਸਿੱਧ ਕੀਤਾ ਜਾ ਸਕੇ। ਸਰਕਾਰੀ ਵਕੀਲ ਦਾ ਮੱਤ ਇਹ ਸੀ ਕਿ ਇਹ ਗੱਲ ਕਿਵੇਂ ਵੀ ਅਦਾਲਤਾਂ ਦੇ ਅਧਿਕਾਰ ਹੇਠ ਨਹੀਂ ਸੀ ਆਉਂਦੀ। ਬਰਡ ਨੇ ਬਰਿਟਸ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ, ਮਿਸਟਰ ਗਾਰਡਨ ਹੰਟਰ ਸਾਹਮਣੇ ਅਪੀਲ ਪੇਸ਼ ਕੀਤੀ ਉਸਨੂੰ ਇਹ ਕੇਸ ਠੀਕ ਲੱਗਾ ਜਦੋਂ ਕਿ ਮਰਫੀ ਨੇ ਟੈਸਟ ਕੇਸ ਮਨਜ਼ੂਰ ਨਹੀਂ ਕੀਤਾ ਸੀ ਇਸ ਨੁਕਤੇ ਤੋਂ ਇਮੀਗਰੇਸ਼ਨ ਵਾਲਿਆਂ ਨੂੰ ਇਹ ਗੱਲ ਮਹਿਸੂਸ ਹੋਈ ਕਿ ਉਹ ਹਾਰ ਦੇ ਨੇੜੇ ਸਨ ਅਤੇ ਇਹ ਗੱਲ ਉਹਨਾਂ ਨੂੰ ਕੰਡੇ ਦੀ ਚੋਭ ਵਾਂਗ ਲਗੀ। ਇਸ ਗੱਲ ਦਾ ਸੰਕੇਤ ਹਾਪਕਿਨਸਨ ਦੇ ਉਚੇਰੇ ਅਫਸਰ, ਮੈਲਕਾਮ ਆਰ. ਜੇ. ਗ੍ਰੀਡ ਜਿਹੜਾ ਵੈਨਕੂਵਰ ਦਾ ਇਮੀਗਰੇਸ਼ਨ ਏਜੰਟ ਸੀ, ਦੇ ਵਤੀਰੇ ਤੋਂ ਮਿਲਿਆ ਸੀ ਉਸ ਸਮੇਂ ਦੇ ਹੋਰ ਅਫਸਰਾਂ ਵਾਂਗ ਗ੍ਰੀਡ ਦੀ ਨਿਯੁਕਤੀ ਵੀ ਸਿਆਸੀ ਸੀ। ਉਹ ਕਨਜ਼ਰਵੇਟਿਵ ਪਾਰਟੀ ਵਿਚ ਭਾੜੇ ਦਾ ਟੱਟੂ ਸੀ। ਉਹ ਪਹਿਲਾਂ ਇਕ ਐਲੀਮੈਂਟਰੀ ਸਕੂਲ ਵਿੱਚ ਅਧਿਆਪਕ ਸੀ ਪਰ ਸੰਨ 1911 ਦੀਆ ਚੋਣਾਂ ਵਿਚ ਕਨਜ਼ਰਵੇਟਿਵ ਪਾਰਟੀ ਦੀ ਜਿੱਤ ਪਿੱਛੋਂ ਉਸਨੂੰ ਇਮੀਗਰੇਸ਼ਨ ਦੀ ਏਜੰਨਸੀ ਦਿੱਤੀ ਗਈ ਸੀ। ਗ੍ਰੀਡ ਨੂੰ ਇਹ ਨੌਕਰੀ ਕਨਜ਼ਰਵੇਟਿਵ ਪਾਰਟੀ ਦੇ ਐਮ. ਪੀ., ਐਚ. ਐਚ. ਸਟੀਵਨਜ਼ ਦੀ ਕਿਰਪਾ ਸਦਕਾ ਹੀ ਮਿਲੀ ਸੀ। ਸਟੀਵਨਜ਼ ਭਾਰਤੀਆ ਦੇ ਪਰਿਵਾਸ

ਦਾ ਕਟੱੜ ਵਿਰੋਧੀ ਸੀ। ਗ੍ਰੀਡ ਸਟੀਵਨਜ਼ਦਾ ਦ੍ਰੁਮ ਛੱਲਾ ਸੀ ਅਤੇ ਉਸਨੂੰ ਸਾਰੇ ਮਾਮਲਿਆਂ ਦੀਆਂ ਸਬੰਧਤ ਸਮਗਰੀ ਦੀਆਂ ਨਕਲਾਂ ਘੱਲਿਆ ਕਰਦਾ ਸੀ। ਜਿਨਾਂ ਨਾਲ ਹਿੰਦੁਸਤਾਨੀਆਂ ਦਾ ਸਬੰਧ ਹੁੰਦਾ ਸੀ। ਜਦੋਂ ਸਟੀਵਨਜ਼ ਨੇ ਸ਼ਿਕਾਇਤ ਕੀਤੀ ਕਿ ਹਿੰਦੁਸਤਾਨੀਆਂ ਨੇ ਇਕ ਕਨਜ਼ਰਵਿਟਿਵ ਰੋਜ਼ਾਨਾ ਅਖਬਾਰ ਵਿੱਚ ਕੁਝ ਪੱਤਰ ਪ੍ਰਕਾਸ਼ਤ ਕਰਵਾਏ ਹਨ ਤਾ ਗ੍ਰੀਡ ਸਿਧਿਆਂ ਹੀ ਦੋ ਅਖਬਾਰਾਂ ਦੇ ਸੰਪਾਦਕਾਂ ਕੋਲ ਗਿਆ ਤੇ ਉਹਨਾਂ ਦੇ ਅਖਬਾਰਾਂ ਵਿਚ ਕਾਲਮ ਬੰਦ ਕਰਵਾ ਦਿਤੇ। ਦੋਵੇਂ ਇਸ ਢੰਗ ਨਾਲ ਕੰਮ ਕਰਦੇ ਸਨ। ਹਿੰਦੋਸਤਾਨੀ, ਹਾਪਕਿਨਸਨ ਨੂੰ ਹਿੰਦ ਸਰਕਾਰ ਦਾ ਹੱਥ ਠੋਕਾ ਮਿਥਦੇ ਸਨ।ਪਰ ਗ੍ਰੀਡ ਅਤੇ ਸਟੀਵਨਜ਼ ਵਿਚ ਉਹਨਾਂ ਨੂੰ ਸਿੱਧੇ ਤੇ ਸਾਫ ਸਥਾਨਕ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ। ਵਜੀਰ ਦੇ ਫੈਸਲੇ ਤੀਕਰ, ਭਗਵਾਨ ਸਿੰਘ ਜ਼ਮਾਨਤ ਤੇ ਆਜਾਦ ਸੀ। ਉਸਦਾ ਵਕੀਲ, ਬਰਡ, ਫੈਸਲੇ ਦੀ ਉਡੀਕ ਵਿੱਚ ਸੀ, ਕਿਉਂਕਿ ਉਸ ਕੋਲ ਹੇਬੀਅਸ ਕਾਰਪਸ ਦੀ ਰਿੱਟ ਸੀ, ਜਿਸ ਅਨੁਸਾਰ ਜ਼ਮਾਨਤ ਦੀ ਸਮਾਪਤੀ ਪਿੱਛੋਂ ਉਹ ਭਗਵਾਨ ਸਿੰਘ ਨੂੰ ਖੁਲ੍ਹਾ ਛਡਵਾ ਸਕਦਾ ਸੀ ਜਦੋਂ ਮੰਤਰੀ ਨੇ ਫੈਸਲਾ ਦੇ ਦਿੱਤਾ ਤਾਂ ਗ੍ਰੀਡ ਨੇ ਗਰੰਥੀ ਭਗਵਾਨ ਸਿੰਘ ਨੂੰ ਬੁਲਾਇਆ ਸੀ। ਇਹ ਆਸ ਕੀਤੀ ਜਾਂਦੀ ਸੀ ਕਿ ਉਸ ਦੀ ਮੁੜ ਨਵੇਂ ਸਿਰੇ ਤੋਂ ਜ਼ਮਾਨਤ ਕੀਤੀ ਜਾਵੇਗੀ। ਜਦੋਂ ਭਗਵਾਨ ਸਿੰਘ ਆਇਆ ਤਾਂ ਉਸ ਨੂੰ ਰਿਹਾ ਕਰ ਦਿੱਤਾ ਗਿਆ। ਉਸ ਨੂੰ ਜ਼ਮਾਨਤ ਦੇ 2000 ਡਾਲਰ ਵੀ ਮੋੜ ਦਿੱਤੇ ਗਏ। ਪਰ ਜਦੋਂ ਹੀ ਉਹ ਜਾਣ ਲਈ ਮੁੜਿਆ ਤਾਂ ਉਸ ਨੂੰ ਮੁੜ ਗਿਰਫਤਾਰ ਕਰ ਲਿਆ ਗਿਆ ਉਸਦੇ ਹਥਕੜੀਆ ਮਾਰ ਲਈਆਂ ਗਈਆ ਅਤੇ ਦੁਪਿਹਰ ਬਾਅਦ ਹੀ ਵਿਕਟੋਰੀਆ ਜਾਣਵਾਲੀ ਫੈਰੀ ਵਿੱਚ ਉਸਨੂੰ ਸੁੱਟ ਦਿੱਤਾ ਗਿਆ,ਬਰਡ ਦਾ ਇਕ ਕਾਨੂੰਨੀ ਪਾਰਟਨਰ ਵਕੀਲ ਬਰਿਟਸ਼ ਕੋਲੰਬੀਆਂ ਦੀ ਸੁਪਰੀਮ ਕੋਰਟ ਦੇ ਜੱਜ ਕੋਲ ਨੱਸਿਆ ਨੱਸਿਆ ਗਿਆ ਉਸ ਸਮੇਂ ਜੱਜ ਇਕ ਫੌਜਦਾਰੀ ਮੁਕੱਦਮੇ ਦੀ ਮੀਟਿੰਗ ਵਿਚ ਸੀ। ਵਕੀਲ ਨੇ, ਉਸਦੇ ਕੰਮ ਵਿਚ ਦਖਲ ਦਿੰਦਿਆਂ ਜੱਜ ਤੋਂ ਵਾਇਰਲੈਂਸ ਰਾਹੀ ਗ੍ਰੀਡ ਨੂੰ ਸੁਨੇਹਾ ਭਿਜਵਾਇਆ ਕਿ ਰਿਹਾਈ ਦੀ ਰਿੱਟ ਜਾਰੀ ਕੀਤੀ ਜਾ ਚੁੱਕੀ ਸੀ। ਪਰ ਗ੍ਰੀਡ ਨੇ ਆਦੇਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਵਿਕਟੋਰੀਆ ਅਪੜਕੇ ਭਗਵਾਨ ਸਿੰਘ ਨੂੰ ਵਾਰਟ ਉੱਤੇ ਉਸ ਥਾਂ ਲਿਜਾਇਆ ਗਿਆ ਸੀ ਜਿਥੋਂ ਕਿ "ਐਂਪਰੈਸ ਆਫ ਜਾਪਾਨ" ਸਮੁੰਦਰੀ ਜਹਾਜ਼ ਯੋਕੋਹਾਮਾ ਤੇ ਹਾਗਕਾਂਗ ਨੂੰ ਜਾਣ ਲਈ ਤਿਆਰ ਖਲੋਤਾ ਸੀ। ਅੰਤਿ ਦੀ ਹੱਥੋ ਪਾਈ ਹੋਈ ਜਿਸ ਵਿਚ ਇਕ ਪੁਲਿਸ ਵਾਲੇ ਦੇ ਕੰਨ ਦਾ ਟੁਕੜਾ ਲਹਿ ਗਿਆ ਅਤੇ ਇੱਕ ਹੋਰ ਪੁਲਿਸ ਅਫਸਰ ਦੇ ਹੱਥ ਨਾਲੋਂ ਮਾਸ ਦੀ ਬੋਟੀ ਲਹਿ ਗਈ। ਅੰਤ ਗੈਂਗ ਵੇ ਨੂੰ ਧੱਕ ਦਿੱਤਾ ਗਿਆ। ਜਹਾਜ਼ ਦੀ ਰਵਾਨਗੀ ਵਿਚ ਕੁਝ ਹੀ ਮਿੰਟ ਰਹਿੰਦੇ ਸਨ ਜਦੋਂ ਬਰਡ ਦੂਜੀ ਰਿੱਟ ਲੈ ਕੇ ਜਹਾਜ਼ ਵਿਚ ਦਾਖਲ ਹੋ ਗਿਆ। 'ਐਪਰਸ' ਦੀ ਕਪਤਾਨ ਡਿਕਸਨ ਹੌਪਕਰਾਫਟ ਨੇ ਭਗਵਾਨ ਸਿੰਘ ਨੂੰ ਬੁਲਾਇਆ ਉਸਨੂੰ ਲਕੜੀ ਦੇ ਪੁਲ ਤੀਕਰ ਲਿਆਇਆ ਅਤੇ ਆਖਿਆ ਤੁਹਾਨੂੰ ਜਾਣ ਦੀ ਆਗਿਆ ਹੈ " ਜਿਨ੍ਹਾਂ ਚਿਰ ਭਗਵਾਨ ਸਿੰਘ ਪੁਲ ਤੇ ਸੀ, ਉਹ ਆਜ਼ਾਦ ਸੀ। ਪਰ ਤੱਟ ਤੇ ਆ ਕੇ ਉਸਨੂੰ ਗ੍ਰੀਡ ਤੇ ਉਸਦੀ ਪੁਲਿਸ ਦਾ ਸਾਹਮਣਾ ਕਰਨਾ ਪਿਆ। ਭਗਵਾਨ ਸਿੰਘ ਨੂੰ ਜਬਰਦਸਤੀ ਕਾਬੂ ਕਰ ਲਿਆ ਗਿਆ ਅਤੇ ਮੋੜਕੇ ਫੇਰ ਜਹਾਜ਼ ਵੱਲ ਧੂਹ ਕੇ ਲਿਜਾਇਆ ਗਿਆ। ਇਸ ਸਾਰੀ ਘਟਨਾ ਨੂੰ ਜਹਾਜ਼ ਚਲਣ ਵਾਲੀ ਥਾਂ ਦੇ ਨੇੜੇ ਖਲੋਤੇ ਹੋਏ ਸਿੱਖਾਂ ਦਾ ਇਕ ਗ੍ਰੋਹ ਤੱਕ ਰਿਹਾ ਸੀ। ਪਰ ਉਹਨਾਂ ਨੂੰ ਦਰਜਨ ਦੇ ਕਰੀਬ ਵਿਕਟੋਰੀਆ ਦੀ ਪੁਲਿਸ ਨੂੰ ਘੇਰਿਆ ਹੋਇਆ ਸੀ। ਭਗਵਾਨ ਸਿੰਘ ਨੂੰ ਵਾਪਸ ਜਹਾਜ਼ ਦੀ ਕੇਬਿਨ ਵਿਚ ਸੁੱਟ ਦਿਤਾ ਗਿਆ ਅਤੇ ਜੰਦਰੇ ਮਾਰ ਦਿੱਤੇ ਗਏ। ਕਪਤਾਨ ਨੇ ਜਹਾਜ਼ ਨੂੰ ਹੋਰ ਦੇਰ ਲਈ ਰੋਕਣ ਤੋਂ ਇਨਕਾਰ ਕਰ ਦਿੱਤਾ ਅਤੇ ਐਂਪਰੈਸ ਰਵਾਨਾ ਹੋ ਗਿਆ। ਵੈਨਕੂਵਰ ਦੇ ਇਕ ਵਕੀਲ ਨੇ, ਜਿਹੜਾ ਕਿ ਇਸ ਸਥਿਤੀ ਸਬੰਧੀ ਜਾਣਕਾਰੀ ਰਖਦਾ ਸੀ, ਆਖਿਆ "ਚੰਗਾ ਹੁੰਦਾ ਜੇ ਗ੍ਰੀਡ ਕਾਨੂੰਨ ਦੀਆਂ ਧੱਜੀਆਂ ਉਡਾ ਕੇ, ਭਗਵਾਨ ਸਿੰਘ ਦੀ ਥਾਂ ਸਾਧਾਰਨ ਸੌ ਹਿੰਦੁਸਤਾਨੀਆਂ ਨੂੰ ਡਿਪੋਰਟ ਕਰਵਾ ਦਿੰਦਾ," ਇਮੀਗਰੇਸ਼ਨ ਦਾ ਏਜੰਟ ਸਮੁੱਚੀ ਹਿੰਦੁਸਤਾਨੀ ਕਮਿਊਨਿਟੀ ਨਾਲ ਟੱਕਰ ਲੈਣ ਤੇ ਤੁਲਿਆ ਹੋਇਆ ਸੀ। ਉਸਨੇ ਰਹੀਮ ਤੇ ਉਸਦੇ ਮਿੱਤਰਾਂ ਨੂੰ ਬਰੂਦ ਦਾ ਪਲੀਤਾ ਪਰਦਾਨ ਕਰ ਦਿੱਤਾ ਸੀ ਅਤੇ ਇਹ ਸਭ ਕੁਛ ਉਸਨੇ ਆਪਣੀ ਤਾਕਤ ਦਿਖਾਉਣ ਲਈ ਕੀਤਾ ਸੀ। ਰਹੀਮ ਨੇ ਮਾਣ ਨਾਲ ਆਖਿਆ ਸੀ," ਮੇਰੇ ਲੋਕ ਹਮੇਸ਼ਾਂ ਅਦਾਲਤਾਂ ਵਿੱਚ

ਜਿੱਤਾਂ ਪ੍ਰਾਪਤ ਕਰਦੇ ਹਨ'' ਗ੍ਰੀਡ ਨੇ ਇਸ ਦਾ ਜਵਾਬ ਤਾਕਤ ਨਾਲ ਦਿੱਤਾ। ਗ੍ਰੀਡ ਤੇ ਸਟੀਵਨਜ਼ ਨੇ ਭਗਵਾਨ ਸਿੰਘ ਨੂੰ ਬਾਗੀ ਕਰਾਰ ਦੇ ਕੇ ਸਭ ਕੁਝ ਕੀਤਾ ਸੀ। ਪਰ ਦੋ ਰਿੱਟਾਂ ਨੂੰ ਛਿੱਕੇ ਤੇ ਟੰਗ ਕੇ ਤੇ ਉਸਨੂੰ ਧੱਕੇ ਨਾਲ ਖੋਹਕੇ ਉਸਨੂੰ ਨਿੱਜੀ ਚੀਜਾਂ ਨੂੰ ਭੀ ਚੁੱਕਣ ਦੀ ਆਗਿਆ ਨਾਂ ਦੇ ਕੇ, ਉਹਨਾਂ ਨੇ ਭਗਵਾਨ ਸਿੰਘ ਨੂੰ ਇੱਕ ਸ਼ਹੀਦ ਬਣਾ ਦਿੱਤਾ ਸ।ੀ ਬਗਾਵਤ ਦੀਆਂ ਭਾਵਨਾਵਾਂ ਨੂੰ ਇਕ ਹੋਰ ਸ਼ਕਤੀਸ਼ਾਲੀ ਹੁਲਾਰਾ ਪਰਦਾਨ ਕਰ ਦਿੱਤਾ ਸੀ।

ਇਸਤੋਂ ਪੰਜ ਦਿਨਾਂ ਪਿੱਛੋਂ ਅਰਥਾਤ 24 ਨਵੰਬਰ ਨੂੰ 'ਪਾਨਾਮਾ' ਜਹਾਜ਼ ਦੇ 36 ਸਿੱਖਾਂ ਨੂੰ ਇਕ ਕਾਰ ਵਿਚ ਤੁੰਨ ਲਿਆ ਗਿਆ ਉਹਨਾਂ ਦੇ ਨਾਲ ਨਾਲ ਘੋੜ ਸਵਾਰ ਪੁਲਿਸ ਦੀ ਇੱਕ ਟੁਕੜੀ ਜਾ ਰਹੀ ਸੀ। ਉਹਨਾਂ ਨੂੰ ਪਰਿਵਾਸੀ ਹਾਲ ਤੋਂ ਅਦਾਲਤ ਤੀਕਰ ਲਿਜਾਇਆ ਜਾ ਰਿਹਾ ਸੀ। ਉਹਨਾਂ ਵਿਚੋਂ ਇਕ ਗੁੰਮ ਸੀ। ਉਸਨੇ ਜਾਪਦਾ ਸੀ। ਹਾਲ ਦੀ ਇਕ ਸਿਲਾਖ ਢਿੱਲੀ ਕਰ ਲਈ ਸੀ ਅਤੇ ਧੱਕ ਕੇ ਲੰਘਣ ਜੋਗੀ ਥਾਂ ਬਣਾ ਲਈ ਸੀ, ਉਹ ਇਕ ਪਾਈਪ ਰਾਹੀਂ ਬਾਹਰ ਉੱਤਰ ਕੇ ਗੁੰਮ ਹੋ ਗਿਆ ਸੀ। ਦੂਜੇ ਭੀ ਇੰਜ ਕਰ ਸਕਦੇ ਸਨ ਪਰ ਉਹਨਾ ਨੇ ਮਿਥਿਆ ਹੋਇਆ ਸੀ ਕਿ ਉਹ ਅਦਾਲਤ ਦੀ ਕਾਰਵਾਈ ਜਰੂਰ ਵੇਖਣਗੇ। ਇਸ ਲਈ ਉਹਨਾਂ ਨੇ ਇਕ ਦੂਜੇ ਤੇ ਤਾੜ ਰੱਖੀ। ਕਚਹਿਰੀ ਦੇ ਬਾਹਰ 200 ਦੇ ਕ੍ਰੀਬ ਸਿੱਖ ਖਲੋਤੇ ਹੋਏ ਸਨ। ਅਦਾਲਤ ਦੇ ਅੰਦਰ ਵਕੀਲ ਆਪਣੀਆਂ ਆਪਣੀਆਂ ਦਲੀਲਾਂ ਦੇ ਰਹੇ ਸਨ। ਦੁਪਹਿਰ ਤੋਂ ਕਿਤੇ ਬਾਅਦ ਜਾ ਕੇ ਚੀਫ ਜਸਟਿਸ ਨੇ ਆਪਣੇ ਫੈਸਲੇ ਦਾ ਐਲਾਨ ਕੀਤਾ। ਉਸਨੇ ਆਖਿਆ ਸੀ, ''ਆਰਡਰਜ਼ -ਇਕ-ਕਾਉਂਸਲ ਐਕਟ ਦੀ ਸੀਮਾ ਵਿੱਚ ਨਹੀਂ ਆਉਂਦੇ ਅਤੇ ਇਸ ਲਈ ਉਹ ਲਾਗੂ ਨਹੀਂ ਹੁੰਦੇ। ਏਸ਼ੀਆ ਇਕ ਮੂਲ, ਏਸ਼ੀਆਂ ਇਕ ਨਸਲ ਦਾ ਬਦਲ ਨਹੀਂ ਕਿਉਂਕਿ ਇਸ ਦਾ ਘੇਰਾ ਵਿਸ਼ਾਲ ਹੈ। ਇਸ ਵਿੱਚ ਉਹ ਸਾਰੇ ਮਾਨੁੱਖ ਆ ਜਾਂਦੇ ਹਨ ਜਿਹੜੇ ਕਿ ਏਸ਼ੀਆਂ ਜਾਂ ਹਿੰਦੁਸਤਾਨ ਵਿਚ ਜਨਮਦੇ ਹਨ ਭਾਵੇਂ ਉਹ ਯੂਰਪੀ ਹੋਣ, ਜਾਂ ਹਿੰਦੁਸਤਾਨੀ ਹੋਣ। 'ਐਕਚੁਅਲ ਪਰਸਨਲ ਪੋਜ਼ੈਸ਼ਨ'' ਅਤੇ 'ਪੋਜ਼ੈਸ਼ਨ ਇਨ ਵਨਜ਼ ਰਾਈਟ' ਦੋਵੇਂ ਸਮਅਰਥੀ ਸ਼ਬਦ ਨਹੀਂ ਹਨ ਕਿਉਂਕਿ ਪਿਛਲੇ ਦਾ ਭਾਵ ਹੈ ਕਿ ਜਿਹੜੇ ਪੈਸੇ ਤੁਹਾਡੇ ਕੋਲ ਹੋਣ ਨਾ ਕਿ ਬੈਂਕ ਵਿਚ। ਅਤੇ ਨੇਟਿਵ ਜਾਂ ਸਿਟੀਜ਼ਨ ਸ਼ਬਦ 'ਨੇਟਿਵ ਸਿਟੀਜ਼ਨ' ਜਾਂ ''ਨੈਚੁਰਲਾਈਜ਼ਡ ਸਿਟੀਜ਼ਨ'' ਦੀ ਥਾਂ ਨਹੀਂ ਲਏ ਜਾ ਸਕਦੇ ਕਿਉਂਕਿ ਨੇਟਿਵ ਸ਼ਹਿਰੀ ਨਾਲੋਂ ਨੇਟਿਵ ਸ਼ਬਦ ਦਾ ਘੇਰਾ ਵਿਸ਼ਾਲ ਹੈ।

ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਸਿੱਖਾਂ ਨੇ ਆਪਣੇ ਆਪਨੂੰ ਗਲਤ ਰੂਪ ਵਿਚ ਪੇਸ਼ ਕੀਤਾ ਹੈ। ਜਦੋਂ ਪਹਿਲੀ ਵਾਰ ਹਾਪਕਿਨਸਨ ਨੇ ਇਹਨਾਂ ਦੀ ਪੜਤਾਲ ਕੀਤੀ, ਤਦ ਉਹਨਾ ਨੇ ਝੂਠ ਬੋਲਿਆ ਸੀ। ਇਸੇ ਕਾਰਨ ਹੀ ਇਹਨਾਂ ਨੂੰ ਡਿਪੋਰਟ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ'' ਪ੍ਰੰਤੂ ਚੀਫ ਜਸਟਿਸ ਨੂੰ ਡਿਪੋਰਟ ਦੇ ਆਦੇਸ਼ਾਂ ਵਿੱਚ ਇਸ ਦੋਸ਼ ਬਾਬਤ ਕੋਈ ਜ਼ਿਕਰ ਨਾ ਮਿਲਿਆ। ਇਸ ਲਈ ਉਸ ਨੇ ਇਸ ਦੋਸ਼ ਨੂੰ ਰੱਦ ਕਰ ਦਿੱਤਾ। ਅਦਾਲਤ ਨੂੰ ਹੱਕ ਹਾਸਲ ਹੈ ਉਸ ਨੇ ਕਿਹਾ ਕਿ ਉਹ ਦਖਲ ਅੰਦਾਜ਼ੀ ਕਰੇ ਕਿਉਂਕਿ ਆਰਡਰਜ਼-ਇਨ-ਕਾਉਂਸਲ ਨੂੰ ਐਕਟ ਦੀ ਮਨਸ਼ਾਅਨੁਸਾਰ ਨਹੀਂ ਸੀ ਘੜਿਆ ਗਿਆ? '' ਚੀਫ ਜਸਟਿਸ ਨੇ ਚਾਰ ਸਿੱਖਾਂ ਤੋਂ ਬਿਨਾਂ ਜਿਨਾਂ ਨੂੰ ਡਾਕਟਰੀ ਅਧਾਰ ਤੇ ਡਿਪੋਰਟ ਕੀਤਾ ਜਾ ਰਿਹਾ ਸੀ, ਬਾਕੀ ਸਾਰੇ ਸਿੱਖਾਂ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਕੁਝ ਮੁੱਖ ਸ਼ਬਦਾਂ ਦੀ ਤੰਗ ਅਤੇ ਟੈਕਨੀਕਲ ਵਿਆਖਿਆ ਜਿਸ ਵਿਆਖਿਆ ਨੂੰ ਉਸਦੇ ਬੈਂਚ ਦੇ ਹੋਰ ਭਾਈ ਸਵੀਕਾਰ ਕਰਨ ਤੋਂ ਸੰਕੋਚ ਕਰ ਸਕਦੇ ਸਨ, ਸਿੱਖਾਂ ਦੀ ਜਿੱਤ ਦਾ ਕਾਰਨ ਬਣੀ। ਇਹ ਜਿੱਤ ਉਸ ਚੀਫ ਜਸਟਿਸ ਦੀ ਅਦਾਲਤ ਵਿੱਚ ਹੋਈ ਜਿਸ ਨੇ ਪਹਿਲਾਂ ਇਕ ਤੋਂ ਵੱਧ ਵਾਰ ਨਸ਼ਈ ਹਾਲਤ ਵਿਚ ਬੈਂਚ ਦੀ ਪਰਧਾਨਗੀ ਕੀਤੀ ਸੀ। ਸਰਕਾਰ ਲਈ ਜਿਸਨੇ ਉਸਦੀ ਨਿਯੁਕਤੀ ਕੀਤੀ ਸੀ ਉਹ ਪਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਸੀ ਅਤੇ ਆਪਣੇ ਸਿਆਸੀ ਮਿਤਰਾਂ ਲਈ ਸਿਰ ਦਰਦੀ ਹੋ ਨਿਬੜਿਆ ਸੀ ਜਿਨ੍ਹਾਂ ਮਿੱਤਰਾਂ ਨੇ ਹਰ ਹਾਲਤ ਵਿਚ ਉਸਦੀ ਪਿੱਠ ਪੂਰੀ ਸੀ। ਪਰ ਫੇਰ ਵੀ ਇਹ ਇਕ ਐਸੀ ਵਿਆਖਿਆ ਸੀ ਜਿਸਨੇ ਪਰਿਵਾਨ ਦੇ ਅਧਿਕਾਰੀਆਂ ਦੇ ਸਾਰੇ ਕਾਨੂੰਨੀ ਰਸਤੇ ਮੁੰਦ ਦਿੱਤੇ ਸਨ। ਜ਼ਖਮ ਤੇ ਇੱਕ ਹੋਰ ਸੱਟ ਵੱਜੀ ਸੀ ਜਦੋਂ ਕਿ ਉਹ ਚਾਰੇ ਸਿੱਖ, ਜਿਨ੍ਹਾਂ ਨੂੰ ਕਿ ਡਾਕਟਰੀ ਕਾਰਨਾਂ ਦੇ ਅਧਾਰ ਤੇ ਰੱਦ ਕਰ ਦਿੱਤਾ ਗਿਆ ਸੀ। ਮਫਰੂਰ ਹੋ

ਗਏ, ਉਹਨਾਂ ਨੂੰ ਪਰਿਵਾਸ ਹਾਲ ਵਿਚ ਵਾਪਸ ਲਿਆਉਣ ਤੋਂ ਕੇਵਲ ਇਕ ਘੰਟੇ ਬਾਅਦ ਡਿਊਟੀ ਤੇ ਲੱਗੇ ਹੋਏ ਵਿਸ਼ੇਸ਼ ਅਫਸਰ ਨੇ ਇਹ ਸੋਚ ਕੇ ਕਿ ਕਿਤੇ ਆਟੇ ਦੀ ਬੋਰੀ ਨੂੰ ਚੂਹੇ ਨਾ ਟੁੱਕ ਦੇਣ, ਉਸ ਨੂੰ ਉੱਪਰ ਲਿਆਉਣ ਲਈ ਬੇਸਮੇਂਟ ਵਿਚ ਚਲਿਆ ਗਿਆ ਸੀ। ਜਦੋਂ ਉਹ ਵਾਪਸ ਮੁੜਿਆ ਤਦ ਉਸਨੇ ਦੇਖਿਆ ਸੀ ਕਿ ਕਸਰਤ ਕਰਨ ਵਾਲੀ ਬਾਲਕੋਨੀ ਵਿਚ ਲੱਗੀਆਂ ਹੋਈਆਂ ਤਾਰਾਂ ਵਿਚ ਇਕ ਮੋਗ਼ਰਾ ਹੋ ਗਿਆ ਸੀ ਅਤੇ ਉਸ ਰਾਹੀਂ ਸਿੱਖ ਦੌੜ ਗਏ ਸਨ। ਇਕ ਬਲਾਕ ਪਰ੍ਹੇ ਇਕ ਅਫਸਰ ਨੇ, ਜਿਹੜਾ ਕਿ ਕੁਝ ਸਮੇਂ ਪਹਿਲਾਂ ਹੀ ਡਿਊਟੀ ਤੋਂ ਫਾਰਗ ਹੋਇਆ ਸੀ, ਇਕ ਕਾਰ ਨੂੰ ਚਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਤੇ ਪਹਿਲਾਂ ਹੀ ਡਿਊਟੀ ਤੋਂ ਫਾਰਗ ਹੋਇਆ ਸੀ, ਇਕ ਕਾਰ ਨੂੰ ਚਾਲੀ ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਤੇ ਨਸਦਿਆਂ ਤੱਕਿਆ ਸੀ।

ਇਮੀਗਰੇਸ਼ਨ ਦੇ ਸੁਪਰਡੈਂਟ ਨੇ ਆਖਿਆ ਸੀ ਜੇਕਰ ਲੋੜ ਪਈ ਤਾਂ ਉਹ ਉਚੇਰੀਆਂ ਅਦਾਲਤਾਂ ਵਿਚ ਕਾਨੂੰਨੀ ਲੜਾਈ ਲੜਣਗੇ। ਪਰ ਜਦੋਂ ਉਸ ਨੇ ਬੜੀ ਛਾਣ ਬੀਣ ਨਾਲ ਇਸ ਮਾਮਲੇ ਨੂੰ ਘੋਖਿਆ ਸੀ ਤਦ ਉਸਨੂੰ ਪਤਾ ਲੱਗਿਆ ਕਿ ਅਜਿਹਾ ਨਹੀਂ ਸੀ ਕੀਤਾ ਜਾ ਸਕਦਾ। ਬਰਿਟਸ਼ ਕੋਲੰਬੀਆ ਦੇ ਕਾਨੂੰਨ ਅਨੁਸਾਰ ਹੇਬੀਅਸ ਕਾਰਪਸ ਦੀ ਅਰਜ਼ੀ ਦੇਣ ਵਾਲਾ ਹੀ ਅਪੀਲ ਕਰਨ ਦਾ ਹੱਕ ਰੱਖਦਾ ਸੀ। ਸਰਕਾਰ ਲਈ ਇੱਕੋ ਇੱਕ ਰਾਹ ਰਹਿ ਗਿਆ ਸੀ ਕਿ ਉਹ ਤਰੁੱਟੀਆਂ ਵਾਲੇ ਕਾਨੂੰਨ ਨੂੰ ਰੱਦ ਕਰ ਦੇਵੇ ਅਤੇ ਉਸ ਦੀ ਬਜਾਏ ਇਕ ਨਵਾਂ ਆਦੇਸ਼ ਜਾਰੀ ਕਰੇ ਜਿਹੜਾ ਕਿ ਐਕਟ ਦੀ ਮਨਸ਼ਾ ਦੇ ਅਨਕੂਲ ਹੋਵੇ। ਇਕ ਦਸੰਬਰ ਵਾਲੇ ਦਿਨ ਮੰਤਰਾਲੇ ਨੇ ਇਸ ਤੇ ਬਹਿਸ ਕੀਤੀ ਅਤੇ ਬਾਅਦ ਵਿਚ ਉਹਨਾਂ ਨੇ ਇਸਤੇ ਮੁੜ ਵਿਚਾਰ ਕੀਤੀ। ਦਰਮਿਆਨੇ ਸਮੇਂ ਲਈ 8 ਦਸੰਬਰ ਨੂੰ ਇਕ ਹੁਕਮ ਜਾਰੀ ਕੀਤਾ ਗਿਆ ਜਿਸ ਅਨੁਸਾਰ ਬਰਿਟਸ਼ ਕੋਲੰਬੀਆ ਦੀ ਕਿਸੇ ਵੀ ਬੰਦਰਗਾਹ ਤੇ 31 ਮਾਰਚ ਤੀਕਰ ਕੋਈ ਵੀ ਕਾਰੀਗਰ ਜਾਂ ਮਜ਼ਦੂਰ, ਸਿਖਲਾਈ ਸ਼ੁਦਾ ਜਾਂ ਗੈਰ ਸਿਖਲਾਈ ਸ਼ੁਦਾ ਨਹੀਂ ਉੱਤਰ ਸਕਦਾ।

ਉਸ ਸਮੇਂ ਜਦੋਂ ਕਿ ਬੇਰੁਜ਼ਗਾਰੀ ਬਹੁਤ ਵਧੀ ਹੋਈ ਸੀ ਇਹ ਮਸਲਾ ਵਿਸਫੋਟਕ ਪਦਾਰਥ ਵਾਂਗੂ ਫਟਿਆ। ਬਰਿਟਿਸ਼ ਕੋਲੰਬੀਆ ਦੇ ਪਰੀਮੀਅਰ, ਸਰ ਰਿਚਰਡ ਮੈਕਬਰਾਈਡ, ਨੇ ਇਸਨੂੰ ਇਕ 'ਨਾਜਕ ਸਥਿਤੀ' ਕਹਿ ਕੇ ਬਿਆਨਿਆ ਸੀ। ਵੈਨਕੂਵਰ ਦੇ 'ਪਰੋਵਿੰਸ' ਸਮਾਚਾਰ ਪੱਤਰ ਨੇ ਆਖਿਆ ਸੀ ਕਿ ਹਿੰਦੂਆਂ ਦੀ ਸਮੱਸਿਆ ਅਤਿਅੰਤ ਗੰਭੀਰ ਤੇ ਤਬਾਹਕੁਨ ਸਥਿਤੀ ਧਾਰਨ ਕਰ ਚੁੱਕੀ ਹੈ। ਕੇਵਲ 39 ਸਿੱਖ ਦੇਸ਼ ਵਿੱਚ ਆਏ ਸਨ ਪਰ ਸਮਾਚਾਰ ਪੱਤਰਾਂ ਵਿੱਚ ਪਾਏ ਗਏ ਵਾਵੇਲੇ ਤੋਂ ਇਉਂ ਲਗਦਾ ਸੀ ਜਿਵੇਂ ਕਿ ਅੱਗੋਂ ਬਹੁਤ ਕੁਝ ਵਾਪਰਨ ਵਾਲਾ ਸੀ। ਇਸ ਪ੍ਰਤਿਕਰਮ ਦਾ ਲਾਭ ਆਟਵਾ ਦੀ ਸਰਕਾਰ ਨੂੰ ਪੁੱਜਦਾ ਸੀ। ਇਸ ਨਾਲ ਕੈਬਨਿਟ ਮੰਤਰਾਲਾ ਨਿਰੰਤਰ ਹਰਕਤ ਵਿਚ ਰਹਿੰਦਾ ਸੀ। ਸਟੀਵਨਜ਼ ਨੂੰ ਸਭ ਤੋਂ ਵਧ ਲਾਭ ਹੋਇਆ। ਉਸਨੇ ਵੈਨਕੂਵਰ ਵਿਖੇ ਇਕ ਸਮੂਹ ਭੀੜ ਨੂੰ ਸੰਬੋਧਨ ਕਰਦਿਆਂ ਹੋਇਆ ਆਖਿਆ ਮੈਂ ਇਹ ਚੁਣੌਤੀ ਟੋਰਾਂਟੋ ਵੀ ਦਿੱਤੀ ਸੀ ਤੇ ਐਥੇ ਵੀ ਦਿੰਦਾ ਹਾਂ ਕਿ ਹੈ ਕੋਈ ਜਿਉਂਦਾ ਮਨੁੱਖ ਜੋ ਦੱਸੇ ਕਿ ਹਿੰਦੁਸਤਾਨੀ ਕੌਮ ਦੇ ਸਮੁੱਚੇ ਇਤਿਹਾਸ ਵਿੱਚ ਕੋਈ ਅਜੇਹੀ ਮਿਸਾਲ ਮਿਲਦੀ ਹੈ ਜਿਸਤੋਂ ਪਤਾ ਲੱਗੇ ਕਿ ਉਹਨਾਂ ਦੀ ਸਭਿਅਤਾ ਨੇ ਕੋਈ ਅਜੇਹੀ ਗਲ ਕੀਤੀ ਹੈ ਜਿਸ ਨਾਲ ਸੰਸਾਰ ਦੀਆਂ ਹੋਰ ਨਸਲਾਂ ਨੂੰ ਉਚੇਰਿਆਂ ਕੀਤਾ ਜਾ ਸਕਦਾ ਹੋਵੇ। ਮੈਂ ਹਿੰਦੁਸਤਾਨੀ ਤਹਿਜੀਬ ਦੇ ਇਤਿਹਾਸ ਦੇ ਵਰਕੇ ਵਰਕੇ ਨੂੰ ਫਰੋਲ ਮਾਰਿਆ ਹੈ। ਮੈਂ ਇਸ ਇਤਿਹਾਸ ਨੂੰ ਪੜ੍ਹਿਆ ਹੈ, ਘੋਖਿਆ ਹੈ, ਪੜਤਾਲਿਆ ਹੈ, ਪਰ ਅਜਿਹੀ ਇੱਕ ਵੀ ਮਿਸਾਲ ਨਹੀਂ ਮਿਲੀ ਮੈਂ ਆਖਦਾ ਹਾਂ ਕਿ ਉਹਨਾਂ ਦੀ ਸਭਿਅਤਾ ਸਮੁੱਚੀ ਮਨੁੱਖੀ ਨਸਲ ਲਈ ਇੱਕ ਅਣ-ਉਪਜਾਊ ਬੰਜਰ ਹੈ।''

ਰਹੀਮ ਅਤੇ ਉਸਦੇ ਸਾਥੀ ਖਤਰਨਾਕ ਮੂਡ ਵਿਚ ਸਨ। ਭਾਵੇਂ ਜਿੱਤ ਤੋਂ ਖੁਸ਼ ਸਨ ਪਰ ਭਗਵਾਨ ਸਿੰਘ ਨਾਲ ਕੀਤੇ ਗਏ ਅਣਮਨੁੱਖੀ ਸਲੂਕ ਕਾਰਨ ਅਤਿ ਨਿਰਾਸ਼ ਸਨ। ਸਟੀਵਨਜ਼ ਤੋਂ ਇਕ ਪਾਦਰੀ ਨੇ ਇੱਕ ਪ੍ਰਸ਼ਨ ਦਾ ਉੱਤਰ ਮੰਗਿਆ ਸੀ,'' ,ਜੇਕਰ ਕਰਾਈਸਟ ਪੱਗ ਬੰਨ੍ਹ ਕੇ ਗਰੈਨਵੈਲ ਸਟਰੀਟ ਤੇ ਆ ਜਾਵੇ ਕੀ ਉਸਦੀ ਪਰਿਵਾਸੀ ਮਹਿਕਮੇ ਕੋਲ ਰੀਪੋਰਟ ਕੀਤੀ ਜਾਵੇਗੀ ਅਤੇ ਉਸਨੂੰ ਦੇਸ਼ ਤੋਂ ਬਾਹਰ ਕੱਢ

ਦਿੱਤਾ ਜਾਵੇਗਾ? ਉੱਤਰ ਵਿਚ ਸਟੀਵਨਜ਼ਨ ਨੇ ਕਿਹਾ, ''ਕ੍ਰਾਈਸਟ ਬਗਾਵਤ ਕਰਦਾ ਨਹੀਂ ਆਵੇਗਾ, ਰਹੀਮ ਨੇ ਉਸ ਦੀ ਏਸ ਗੱਲ ਦੀ ਟੂਕ ਫੜਦਿਆਂ ਹੋਇਆ ਆਖਿਆ ਸੀ, ''ਕਰਾਈਸਟ ਨੂੰ ਇਸੇ ਦੋਸ਼ ਦੇ ਅਧਾਰ ਤੇ ਹੀ ਸਲੀਬ ਤੇ ਚੜ੍ਹਾਇਆ ਗਿਆ ਸੀ,'' ਰਹੀਮ ਨੇ ਹੋਰ ਆਖਿਆ ਸੀ,'' ਜੇਕਰ ਇਮੀਗਰੇਸ਼ਨ ਦੇ ਅਧਿਕਾਰੀ ਭਗਵਾਨ ਸਿੰਘ ਨਾਲ ਉਹੀ ਕੁਛ ਕਰਦੇ ਜਿਹੜਾ ਕੁਛ ਕਿ ਯਹੂਦੀਆਂ ਨੇ ਜੀਜ਼ਜ਼ ਨਾਲ ਕੀਤਾ ਸੀ ਤਦ ਉਸਦੀ ਸਟੀਵਨਜ਼ ਦੀ ਤਸੱਲੀ ਹੋ ਜਾਣੀ ਸੀ''। ਪਰ ਕੁਝ ਸਿੱਖ ਇਸ ਤੋਂ ਵੀ ਅੱਗੇ ਟੱਪ ਗਏ (ਜਦੋਂ ਕਿ ਭਗਵਾਨ ਸਿੰਘ ਅਜੇ ਡਿਪੋਰਟ ਨਹੀਂ ਸੀ ਕੀਤਾ ਗਿਆ ਕੁਝ ਟੋਡੀ ਸਿੱਖ ਭੱਜੇ ਭੱਜੇ ਹਾਪਕਿਨਸਨ ਕੋਲ ਗਏ ਜਦੋਂ ਭਗਵਾਨ ਸਿੰਘ ਨੇ ਭਾਸ਼ਨ ਦੇਣਾ ਸ਼ੁਰੂ ਕੀਤਾ ਸੀ 'ਗਦਰ' ਦੀ ਪੰਜਵੀ ਲੜੀ ਵਿਚ ਹਿੰਦੁਸਤਾਨੀਆਂ ਨੂੰ ਕੜੀ ਤੰਬੀਹ ਕੀਤੀ ਗਈ ਸੀ ਕਿ ਕੈਨੇਡਾ ਵਿੱਚ ਟੋਡੀਆਂ ਦੀ ਕਾਫੀ ਗਿਣਤੀ ਹੋ ਗਈ ਸੀ । ਦਸੰਬਰ ਦੇ ਅਖੀਰ ਵਿੱਚ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਚ ਇੱਕ ਕਵਿਤਾ ਪੜ੍ਹੀ ਗਈ ਸੀ । ਜਿਸ ਵਿਚ ਤਿੰਨ ਟੋਡੀਆਂ, ਬੇਲਾ ਸਿੰਘ, ਬਾਬੂ ਸਿੰਘ ਤੇ ਗੰਗਾ ਰਾਮ ਦੇ ਨਾਉਂ ਸਨ । ਰਹੀਮ ਨੇ ਪ੍ਰਧਾਨਗੀ ਪਦ ਤੋਂ ਬੋਲਦਿਆਂ ਆਖਿਆ ਸੀ ''ਮੈਨੂੰ ਆਸ ਹੈ ਸਾਡੇ ਵਿੱਚੋਂ ਕੋਈ ਨ ਕੋਈ ਗ੍ਰੀਡ ਤੋ ਹੌਪਕਿਨਸਨ ਦੇ ਨਾਲ ਇਹਨਾਂ ਤਿੰਨਾ ਦਾ ਵੀ ਬੰਦੋਬਸਤ ਕਰ ਦੇਵੇਗਾ ਰਹੀਮ ਦੇ ਮਿੱਤਰਾ 'ਚ ਇੱਕ ਮੁਨਸ਼ਾਂ ਸਿੰਘ ਨੇ, ਜਿਸ ਨੂੰ ਮਖੌਲ ਨਾਲ ਅਬਦੁੱਲਾ ਸੱਦਿਆ ਜਾਂਦਾ ਸੀ ਕਿਉਂਕਿ ਉਸਨੇ ਮੁਸਲਮਾਨਾਂ ਵਾਂਗ ਆਪ ਦੀ ਦਾੜ੍ਹੀ ਕੁਤਰੀ ਹੋਈ ਸ ।। ਇੱਕਤ੍ਰਤਾ ਨੂੰ ਸੰਬੋਧਨ ਕਰਦਿਆਂ ਆਖਿਆ ਸੀ । '' ਮੈਂ ਆਖਦਾ ਹਾਂ ਕਿ ਉਹ ਕੌਮ ਕਦੀ ਵੀ ਜੀਵਤ ਨਹੀਂ ਰਹਿ ਸਕਦੀ ਜਿਹੜੀ ਕਿ ਆਪਣੇ ਗੱਦਾਰਾਂ ਦਾ ਬੀਜ ਨਾਸ਼ ਨਾ ਕਰ ਸਕੇ।'' ਹਾਜ਼ਰ ਬੰਦਿਆਂ ਵਿੱਚੋਂ ਕਈਆਂ ਨੂੰ ਇਹ ਗੱਲ ਨਹੀਂ ਭਾਈ ਸੀ ਅਤੇ ਉਹਨਾਂ ਚੋਂ ਦਸ ਬੰਦੇ, ਇੰਮੀਗਰੇਸ਼ਨ ਦੇ ਦਫਤਰ ਵਿਚ ਗਏ ਅਤੇ ਸਭ ਕੁਝ ਦੀ ਸੂਚਨਾ ਦੇ ਦਿੱਤੀ ਜੋ ਕੁਝ ਉਕਤ ਇਕਤੱਰਤਾ ਵਿੱਚ ਹੋਇਆ ਸੀ ।

ਹੰਟਰ ਦੀ ਅਦਾਲਤ ਵਿੱਚ ਜਿੱਤ ਪ੍ਰਾਪਤ ਕਰਨ ਪਿੱਛੋਂ ਕਨੇਡਾ ਦੇ ਸਿੱਖਾਂ ਨੇ ਆਪਣੇ ਆਪਣੇ ਘਰਾਂ ਨੂੰ ਲਿਖਿਆ ਸੀ, ਟਿਕਟ ਖਰੀਦ ਲਵੋ ਤੇ ਜਹਾਜ਼ ਤੇ ਚੜ੍ਹ ਆਵੋ । ਅਸੀਂ ਇਸ ਗੱਲ ਦੀ ਜਿੰਮੇਵਾਰੀ ਲੈਂਦੇ ਹਾਂ ਕਿ ਤੁਸੀਂ ਸਹੀ ਸਲਾਮਤ ਵੈਨਕੂਵਰ ਦੀ ਬੰਦਰਗਾਹ ਤੇ ਉੱਤਰ ਸਕੋਗੇ। ਕੁਝ ਲੋਕ ਹੰਟਰ ਦੇ ਫੈਸਲੇ ਦਾ ਇਹ ਅਰਥ ਲਾਉਂਦੇ ਸਨ ਕਿ ਕੁਝ ਹੀ ਸਮੇਂ ਪਿੱਛੋ ਕਨੂੰਨ ਦਾ ਘਾਪਾ ਮੁੰਦ ਦਿੱਤਾ ਜਾਵੇਗਾ ਅਤੇ ਉਹਨਾਂ ਨੇ ਆਪਣੇ ਮਿਤਰਾਂ ਨੂੰ ਤੇ ਸਬੰਧੀਆਂ ਨੂੰ ਆਖਿਆ ਸੀ ਛੇਤੀ ਤੋਂ ਛੇਤੀ ਜਦੋਂ ਸੰਭਵ ਹੋਵੇ, ਆ ਜਾਓ'। ਹਾਂਗਕਾਂਗ, ਸੰਘਾਈ ਅਤੇ ਮਨੀਲਾ ਵਿਚ ਪਹਿਲਾਂ ਹੀ ਢੇਰ ਹਿੰਦੁਸਤਾਨੀ ਬੈਠੇ ਹੋਏ ਸਨ ਅਤੇ ਇਸ ਗੱਲ ਦੀ ਉਡੀਕ ਕਰਦੇ ਰਹੇ ਸਨ ਕਿ ਉਹ ਕਿਵੇਂ ਨਾ ਕਿਵੇਂ ਉੱਤਰੀ ਅਮਰੀਕਾ ਅਪੜ ਜਾਣ । ਬਹੁਤੇ ਲੋਕਾਂ ਨੇ ਪੰਜਾਬ ਨੂੰ ਇਸ ਲਈ ਛੱਡਿਆ ਸੀ ਕਿ ਉਹ ਫਿਲਪਾਈਨ ਰਾਹੀਂ ਅਮਰੀਕਾ ਵਿੱਚ ਦਾਖਲ ਹੋ ਜਾਣਗੇ । ਪ੍ਰੰਤੂ ਇਸ ਪਿਛਲੇ ਰਸਤੇ ਨੂੰ ਅਮਰੀਕਾ ਦੇ ਇਮੀਗਰੇਸ਼ਨ ਵਾਲਿਆਂ ਨੇ ਸਾਨਫਰਾਂਸਿਸਕੋ ਦੇ ਅਸਥਾਨ ਤੇ ਹੀ ਬੰਦ ਕਰ ਦਿੱਤਾ ਸੀ । ਉਹਨਾਂ ਨੇ ਉਹਨਾਂ 22 ਹਿੰਦੁਸਤਾਨੀਆਂ ਨੂੰ ਵੀ ਰੋਕ ਦਿੱਤਾ ਸੀ ਜੋ ਅਮਰੀਕਾ ਦੇ ਕਬਜੇ ਵਾਲੇ ਦੇਸ਼ ਤੋਂ ਹੀ ਆਏ ਸਨ । ਕਈ ਆਖਦੇ ਸਨ ਸੈਂਕੜਿਆਂ ਦੀ ਸੰਖਿਆ ਵਿੱਚ ਕਈ ਕਹਿੰਦੇ ਸਨ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਮਨੀਲਾ ਤੋਂ ਦੂਰ ਪੂਰਬ ਦੀਆਂ ਬੰਦਰਗਾਹਾਂ ਤੇ ਬੈਠੇ ਹੋਏ ਸਨ ਅਤੇ ਉਹ ਬੜੀ ਬੇਤਾਬੀ ਨਾਲ ਕੈਲੇਫੋਰਨੀਆਂ ਦੀ ਡਿਸਟਰਿਕਟ ਜੱਜ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਸਨ । ਪਰ ਜਦੋਂ 5 ਦਸੰਬਰ ਨੂੰ ਹੰਟਰ ਦੇ ਫੈਸਲੇ ਤੋਂ ਗਿਆਰਾਂ ਦਿਨ ਪਿੱਛੋਂ (ਡਿਸਟ੍ਰਿਕਟ ਜੱਜ ਨੇ) ਇਹ ਫੈਸਲਾ ਸੁਣਾਇਆ ਉਸ ਨੇ (ਅਮਰੀਕਨ) ਇਮੀਗਰੇਸ਼ਨ ਵਾਲਿਆਂ ਨੂੰ ਠੀਕ ਕਰਾਰ ਦਿੱਤਾ । ਇਸ ਫੈਸਲੇ ਦੇ ਫਲਸਰੂਪ ਕੈਨੇਡਾ ਵਾਲੀ ਖਬਰ ਦੀ ਦੋਹਰੀ ਮਹਾਨਤਾ ਹੋ ਗਈ ।

27 ਦਸੰਬਰ ਨੂੰ, ਅਮਰੀਕਾ ਦੀ ਇਮੀਗਰੇਸ਼ਨ ਸ਼ਾਖਾ ਦੇ ਸਾਬਕਾ ਮੁਖੀ, ਡੇਨੀਅਲ ਕੀਫ ਆਪਣੇ ਹਾਂਗਕਾਂਗ ਵਾਲੇ ਹੋਟਲ 'ਚੋਂ ਬਾਹਰ ਟਹਿਲਣ ਲਈ ਨਿਕਲਿਆ ਕਿ ਉਹਨਾਂ ਨੇ ਚੌਂਕ ਵਿਚ ਕੁਝ ਸਿੱਖਾਂ ਨਾਲ ਗੱਲ ਬਾਤ ਕਰਨੀ ਆਰੰਭ ਲਈ । ਉਹਨਾਂ ਵਿਚੋਂ ਇਕਨੇ ਉਸਨੂੰ ਇੱਕ ਖਤ ਵਿਖਾਇਆ ਸੀ ਜੋ

ਹਾਂਗਕਾਂਗ ਦੇ ਛੇ ਸੌ ਸਿਖਾਂ ਨੇ ਅਮਰੀਕਾ ਵਿਚ ਵਸਣ ਵਾਲੇ ਆਪਣੇ ਮਿੱਤਰਾਂ ਨੂੰ ਲਿਖਿਆ ਸੀ। ਇਸ ਵਿਚ ਲਿਖਿਆ ਸੀ ''ਰੱਬ ਦੇ ਵਾਸਤੇ ਅਮਰੀਕਾ ਜਾਂ ਕਨੇਡਾ ਵਿਚ ਪੁੱਜਣ ਵਿਚ ਅਸਾਡੀ ਮਦਦ ਕਰੋ ਕਨੇਡਾ ਦਾ ਨਵਾਂ ਕਾਨੂੰਨ 15 ਮਾਰਚ 1914 ਨੂੰ ਚਾਲੂ ਹੋ ਜਾਵੇਗਾ। ਉਸ ਦੇ ਪਿਛੋਂ ਬਹੁਤ ਘਟ ਹਿੰਦੂ ਕਨੇਡਾ ਵਿਚ ਦਾਖਲ ਹੋ ਸਕਣਗੇ'' ਇਹ ਗੱਲ ਭਾਵੇਂ ਬਿਲਕੁਲ ਸੱਚੀ ਨਹੀਂ ਸੀ ਪਰ ਸੱਚ ਦੇ ਕਾਫੀ ਨੇੜੇ ਤੇੜੇ ਸੀ)'' ਪਿਛਲੇ ਛੇ ਮਹੀਨਿਆਂ ਤੋਂ ਮਨੀਲਾ 'ਚ ਆਉਣਾ ਬਹੁਤ ਕਠਨ ਹੋ ਗਿਆ। ਅਸਾਡੇ ਲਈ ਆਸਟਰੇਲੀਆਂ ਤੇ ਨਿਊਜ਼ੀਲੈਂਡ ਦੇ ਦਰਵਾਜ਼ੇ ਵੀ ਬੰਦ ਹਨ। ਰੱਬ ਦੇ ਵਾਸਤੇ ਸਾਡੀ ਮਦਦ ਕਰੋ ਤਾਂ ਜੋ ਅਸੀਂ ਅਮਰੀਕਾ ਵਿਚ ਜਾਂ ਕੇਨੇਡਾ ਵਿਚ ਦਾਖਲ ਹੋਣ ਦੇ ਯੋਗ ਹੋ ਸਕੀਏ।

ਦੂਰ ਪੂਰਬ ਅਤੇ ਬਰਿਟਸ਼ ਕੋਲੰਬੀਆ ਵਿਚਕਾਰ ਚਲਣ ਵਾਲੇ ਸਮੁੰਦਰੀ ਜਹਾਜਾਂ ਦੀਆਂ ਕੰਪਨੀਆਂ ਜਿਵੇਂ ਕਿ ਕੈਨੇਡੀਅਨ ਪੈਸੇਫਿਕ, ਦੀ ਬਲੂ ਫੱਨਲ ਲਾਈਨ, ਓਸਾਕਾ ਸ਼ੋਸਨ ਕੇਸ਼ਾ, ਪਾਨਾਮਾ ਮਾਰੂ ਆਦਿ - ਨੇ ਸਿਖਾਂ ਨੂੰ ਟਿਕਟ ਵੇਚਣੇ ਬੰਦ ਕਰ ਦਿੱਤੇ ਸਨ, ਕਿਉਂ ਜੋ ਉਹ ਜਾਣਦੇ ਸਨ ਕਿ ਅਜੇਹਾ ਕਰਨ ਨਾਲ ਉਹਨਾਂ ਦੇ ਅਤੇ ਕੈਨੇਡਾ ਦੇ ਇਮੀਗਰੇਸ਼ਨ ਅਧਿਕਾਰੀਆਂ ਵਿਚ ਰੱਟਾ ਪੈਣ ਦੀ ਪੂਰੀ ਸੰਭਾਵਨਾ ਸੀ।

ਗੁਰਦਿੱਤ ਸਿੰਘ ਸੰਨ 1913 ਈਸਵੀ ਵਿਚ ਪਚਵੰਜਾ ਸਾਲਾਂ ਦਾ ਸੀ,ਉਹ ਚਿੱਟੀ ਦਾੜ੍ਹੀ ਖਿੱਚ ਪਾਊ ਤੇ-ਪ੍ਰਭਾਵਸ਼ਾਲੀ ਚਿਹਰੇ ਵਾਲਾ ਸੀ,ਉਸਦੀਆਂ ਅੱਖਾਂ ਚੋਂ ਮੁਸਕਾਨਾ ਛੁਲ੍ਹ ਛੁਲ੍ਹ ਪੈਂਦੀਆਂ ਸਨ। ਉਹ ਇੱਕ ਸਨਿਮਾਨਤ ਬਜ਼ੁਰਗ ਸੀ ਅਤੇ ਆਪਣੇ ਹੀ ਯਤਨਾਂ ਨਾਲ ਪੜ੍ਹਿਆ ਸੀ ਅਤੇ ਆਪਣੀ ਕਿਸਮਤ ਨੂੰ ਆਪ ਹੀ ਘੜਣ ਵਾਲਾ ਸੀ । ਉਸ ਦਾ ਪਿਤਾ, ਸਰਦਾਰ ਹੁਕਮ ਸਿੰਘ, ਉਸ ਦੇ ਜਨਮ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਰਹਾਲੀ ਵਿੱਚ ਖੇਤੀਬਾੜੀ ਦਾ ਕੰਮ ਕਰਦਾ ਸੀ । ਗੁਰਦਿੱਤ ਸਿੰਘ ਨੇ ਵੀ ਆਪਣੀ ਆਯੂ ਦੇ ਪਹਿਲੇ ਭਾਗ 18 ਜਾਂ 20 ਸਾਲ ਤੱਕ ਖੇਤੀ ਬਾੜੀ ਦਾ ਪੇਸ਼ਾ ਹੀ ਅਪਨਾਇਆ ਹੋਇਆ ਸੀ । 6 ਸਾਲ ਦੀ ਉਮਰ ਵਿਚ ਗੁਰਦਿੱਤ ਸਿੰਘ ਪਿੰਡ ਦੇ ਗੁਰਦਆਰੇ ਵਿਚ ਧਾਰਮਿਕ ਵਿਦਿਆ ਪ੍ਰਾਪਤੀ ਲਈ ਗਿਆ ਪਰ ਜਲਦੀ ਹੀ ਉਸਦੀ ਗ਼ਰੰਥੀ ਨਾਲ ਠਣ ਗਈ ਸੀ । ਗੁਰਦਿੱਤ ਸਿੰਘ ਇਤਨਾ ਜਿੱਦੀ ਸੀ ਕਿ ਹਜ਼ਾਰਾਂ ਵਾਰ ਕਹਿਣ ਦੇ ਬਾਵਜੂਦ ਵੀ ਉਹ ਮੁੜ ਗੁਰਦੁਆਰੇ ਨਹੀਂ ਗਿਆ । ਉਸ ਦਾ ਪਿਤਾ ਮਲਾਇਆ ਵਿਚ ਚਲਿਆ ਗਿਆ ਸੀ ਜਦੋਂ ਕਿ ਗੁਰਦਿੱਤ ਸਿੰਘ ਗਿਆਰਾਂ ਬਾਰਾਂ ਵਰ੍ਹਿਆ ਦਾ ਸੀ । ਉਸ ਸਮੇਂ ਪੰਜਾਬ ਨੂੰ ਸੋਕੇ ਨੇ ਘੇਰ ਲਿਆ ਸੀ । ਇਸ ਸੰਕਟ ਦੇ ਸਮੇਂ ਉਹ ਆਪਣੇ ਪਿਤਾ ਨੂੰ ਖਤ ਲਿਖਣਾ ਚਾਹੁੰਦਾ ਸੀ । ਪਰ ਉਹ ਅਤਿ ਅੰਤ ਸ਼ਰਮਸਾਰ ਹੋਇਆ ਜਦੋਂ ਉਸ ਨੂੰ ਖਤ ਨਹੀਂ ਸੀ ਲਿਖਣਾ ਆਉਂਦਾ । ਉਸ ਦੀ ਅਣਖ ਨੂੰ ਛਾਂਟਾ ਵੱਜਿਆ ਤੇ ਉਹ 'ਬਾਲ ਬੋਧ' ਚੁੱਕ ਕੇ ਪੜ੍ਹਣ ਬੈਠ ਗਿਆ । ਇਸ ਤੋਂ ਬਾਅਦ ਉਹ ਨਿਰੰਤਰ ਯਤਨ ਕਰਕੇ ਲਿਖਣ ਪੜ੍ਹਣ ਦੇ ਯੋਗ ਹੋ ਗਿਆ ਸੀ । ਸੰਨ 1875 ਵਿੱਚ ਉਸਦਾ ਭਾਈ ਵੀ ਮਲਾਇਆ ਚਲਿਆ ਗਿਆ। ਗੁਰਦਿੱਤ ਸਿੰਘ ਅੰਬਾਲੇ ਫੌਜ ਵਿਚ ਭਰਤੀ ਹੋਣ ਗਿਆ ਸੀ । ਪਰ ਫੌਜੀ ਰੀਕਰੂਇੰਗ ਅਫਸਰ ਨੇ ਉਸਨੂੰ ਭਰਤੀ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਸ ਦੀ ਛਾਤੀ ਢੇਰ ਪਤਲੀ ਸੀ । ਉਹ ਮਲਾਇਆ ਚਲਿਆ ਗਿਆ ਅਤੇ ਟੇਪਿੰਗ ਵਿਚ ਸੂਰ ਦੇ ਮਾਸ ਵੇਚਣ ਵਾਲੇ ਵਾਪਾਰੀ ਦੀ ਦੁਕਾਨ ਤੇ ਨੌਕਰ ਲੱਗ ਗਿਆ,ਏਥੇ ਉਸਨੇ ਮਲਾਇਆ ਤੇ ਚੀਨੀ ਬੋਲੀਆਂ ਸਿੱਖੀਆਂ ਇਸ ਤੋਂ ਬਾਅਦ ਉਸਨੇ ਆਪਣੀ ਡੇਅਰੀ ਦੀ ਕੰਪਨੀ ਸਥਾਪਿਤ ਕਰ ਲਈ ਅਤੇ ਉਥੇ ਉਹ ਸਥਿਤ ਹੋਈਆਂ ਸਿੱਖ ਫੌਜਾਂ ਨੂੰ ਦੁੱਧ ਸਪਲਾਈ ਕਰਦਾ ਸੀ । ਇਸ ਦੇ ਨਾਲ ਨਾਲ ਇਕ ਹੋਰ ਕੰਮ ਵੀ ਕਰਦਾ ਸੀ,ਉਹ ਪੰਜਾਬ ਤੋਂ ਗਾਉਆਂ ਲਿਆਉਂਦਾ ਸੀ ਜਿਥੇ ਕਿ ਇਹ ਅਤਿਅੰਤ ਸਸਤੇ ਮੁੱਲ ਤੇ ਮਿਲ ਜਾਦੀਆਂ ਸਨ ਤੇ ਮਲਾਇਆ ਵਿਚ ਢੇਰ ਨਫਾ ਲੈ ਕੇ ਵੇਚ ਦਿੰਦਾ ਸੀ। ਫੇਰ ਉਸਨੇ ਰੇਲ ਦੀ ਪਟੜੀ ਦੇ ਨਾਲ ਨਾਲ ਰਥੜ ਲਾਉਣ ਦੇ ਠੇਕੇ ਲੈ ਲਏ ਸਨ । ਅਤੇ ਉਸ ਨੇ ਚੋਖਾ ਪੈਸਾ ਕਮਾਇਆ ਸੀ । ਉਹ ਕੁਝ ਸਮਾ ਸੈਲਨਗੋਰ ਦੀ ਰਿਆਸਤ ਵਿੱਚ ਰਿਹਾ ਸੀ ਅਤੇ ਉਥੇ ਦੇ ਡਿਸਟਰਿਕਟ ਮੈਜਿਸਟਰੇਟ ਦੇ ਕਥਨ ਅਨੁਸਾਰ, "ਉਸ ਦਾ ਉਥੋਂ ਦੀ ਸਿੱਖ ਕਮਊਨਿਟੀ ਵਿੱਚ ਡਾਢਾ ਪ੍ਰਭਾਵ ਸੀ । ਉਥੇ ਉਸਨੂੰ ਇਕ ਮੁਕਦੱਮੇਬਾਜ਼ ਦੇ ਰੂਪ ਵਿਚ ਵੀ ਯਾਦ ਕੀਤਾ ਜਾਂਦਾ ਸੀ । ਕਿਉਂ ਜੋ ਉਸ ਨੂੰ ਅਦਾਲਤਾਂ ਵਿਚ ਅਕਸਰ ਹੀ ਦੇਖਿਆ ਜਾ ਸਕਦਾ ਸੀ ।

ਦਸੰਬਰ 1913 ਵਿੱਚ ਜਦੋਂ ਉਹ ਸਿੰਘਾਪੁਰ ਵਿਚ ਰਹਿੰਦਾ ਸੀ, ਉਹ ਇੱਕ ਕੇਸ ਦੇ ਸੰਬੰਧ ਵਿਚ ਹਾਂਗਕਾਂਗ ਆਇਆ ਉਥੇ ਉਹ ਉਸਦੇ ਕਹਿਣ ਅਨੁਸਾਰ, ਆਪਣੇ ਹਿੱਸੇਦਾਰ ਮੂਲ ਸਿੰਘ, ਜਿਹੜਾ ਕਿ ਉਸਦੇ 1200 ਡਾਲਰ ਲੈ ਕੇ ਨੱਸ ਗਿਆ ਸੀ ਵਿਰੁੱਧ ਦਾਅਵਾ ਦਾਇਰ ਕਰਨ ਆਇਆ ਸੀ । ਉਹ ਹਾਂਗਕਾਂਗ ਦੇ ਗੁਰਦੁਆਰੇ ਵਿਚ ਠਹਿਰਿਆ ਹੋਇਆ ਸੀ ਤੇ ਉਸੇ ਥਾਂ ਹੀ ਉਸਨੇ ਆਪਣਾ ਦਫਤਰ ਖੋਲਿਆ ਹੋਇਆ ਸੀ । ਅਤੇ ਇਸ ਦਫਤਰ ਤੋਂ ਹੀ ਆਪਣਾ ਕਾਰੋਬਾਰ ਕਰਦਾ ਸੀ 3 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਉਤਸਵ ਆਇਆ ਸੀ ਜੋ ਸਿੱਖਾਂ ਦੇ ਦਸਵੇਂ ਅਤੇ ਆਖਰੀ ਗੁਰੂ ਸਨ । ਉਸਨੇ ਗੁਰਦੁਆਰੇ ਵਿਚ ਇੱਕ ਧੂੰਏਧਾਰ ਭਾਸ਼ਨ ਦਿੱਤਾ ਅਤੇ 'ਗਦਰ' ਦੀ ਗੂੰਜ ਸਿੱਖਾਂ ਦੀ ਇਸ ਬਸਤੀ ਵਿੱਚ ਚਕਰ ਕੱਟ ਰਹੀ ਸੀ "ਹਰ ਇਕ ਸਿੱਖ ਦਾ ਮੁੱਖ ਉਦੇਸ਼ ਹੈ" ਉਸਨੇ ਆਖਿਆ "ਕਿ ਉਹ ਸੁਤੰਤਰਤਾ ਲਈ ਜੂਝੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਤਨ ਲਈ ਆਪਣਾ ਸਭ ਕੁਝ ਨਿਸ਼ਾਵਰ ਕੀਤਾ ਸੀ" ਇਹ ਭਾਵਨਾਵਾਂ, ਗੁਰਦਿੱਤ ਸਿੰਘ ਦੇ ਮਨ ਵਿੱਚ ਮਲਾਇਆ ਵਿੱਚ ਰਹਿਣ ਦੇ ਸਮੇਂ ਹੀ ਪਕੇਰੀਆਂ ਹੋਈਆਂ ਸਨ । ਉਹ ਇਕ ਕਹਾਣੀ ਆਮ ਤੌਰ ਤੇ ਸੁਣਾਇਆ ਕਰਦਾ ਸੀ, ਜਦੋਂ ਉਹ ਪੰਜਾਬ ਪਰਤਿਆ ਸੀ ਤਦ ਉਸਦੇ ਨਾਲ ਇਕ ਸਵੱਛ ਆਤਮਾ ਵਾਲਾ ਸਾਧੂ ਸੀ,ਜਿਹੜਾ ਉਸਦੇ ਪਿੰਡ ਦਾ ਹੀ ਵਸਨੀਕ ਸੀ,ਜੋ ਮਦਰਾਸ

ਦੇ ਰਾਹੀਂ ਮੰਦਰਾਂ ਦੇ ਦਰਸ਼ਨ ਕਰਦਾ ਪੰਜਾਬ ਨੂੰ ਪਰਤ ਰਿਹਾ ਸੀ। ਹੈਦਰਾਬਾਦ ਵਿਚ ਉਹ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਗਏ। ਇਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਤਲ ਕੀਤਾ ਗਿਆ ਸੀ। ਰਸਤੇ ਵਿਚ ਕੁਝ ਮਰਹੱਟਿਆ ਨੇ ਉਹਨਾ ਦਾ ਮਾਖੌਲ ਉਡਾਇਆ ਸੀ ਕਿ ਸਿੱਖਾਂ ਨੇ 1857 ਦੇ ਗਦਰ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਗੁਰਦਿੱਤ ਸਿੰਘ ਨੇ ਆਖਿਆ ਉਹ ਤਾਂ ਰਾਜਵਾੜੇ ਤੇ ਰਾਜਕੁਮਾਰ ਸਨ। ਆਮ ਸਿੱਖ ਨੇ ਇੰਜ ਨਹੀਂ ਸੀ ਕੀਤਾ। ਇਸ ਨਾਲ ਮਰਹੱਟਿਆ ਨੂੰ ਤਸੱਲੀ ਹੋ ਗਈ ਸੀ। ਭਾਵੇਂ ਗੁਰਦਿੱਤ ਸਿੰਘ ਨੇ ਇਹ ਗੱਲ ਆਖ ਦਿੱਤੀ ਸੀ ਪਰ ਮਰਹੱਟਿਆ ਦੀ ਇਹ ਗੱਲ ਕਿਸੇ ਨੁਕੀਲੇ ਕੰਡੇ ਵਾਂਗ ਉਸ ਨੂੰ ਚੁਭ ਗਈ ਸੀ।" ਪਰ ਸਿੱਖਾਂ ਨੂੰ ਅਵੱਸ਼ ਹੀ ਦੇਸ਼ ਭਗਤੀ ਦੇ ਸਬੂਤ ਦੇਣੇ ਪੈਣਗੇ ਤਾਂ ਜੋ ਉਹ ਫਖਰ ਨਾਲ ਆਪਣਾ ਸਿਰ ਉੱਚਾ ਕਰ ਸਕਣ, ਉਸ ਨੇ ਆਪਣੇ ਆਪ ਨੂੰ ਆਖਿਆ ਸੀ।

ਉਸਨੂੰ ਗੁਰਦੁਆਰੇ ਵਿੱਚ ਆਪਣੇ ਠਹਿਰਨ ਦੇ ਦੌਰਾਨ ਇਹ ਪਤਾ ਲੱਗਿਆ ਸੀ ਕਿ ਸੈਂਕੜਿਆਂ ਦੀ ਗਿਣਤੀ ਵਿਚ ਉਸਦੇ ਦੇਸ਼ ਵਾਸੀ ਬੇਬਸੀ ਤੇ ਨਿਰਸ਼ਤਾ ਦੀ ਹਾਲਤ ਵਿੱਚ ਕੈਨੇਡਾ ਨੂੰ ਜਾਣ ਵਾਲੇ ਜਹਾਜ਼ ਦੀ ਉਡੀਕ ਕਰ ਰਹੇ ਸਨ। ਉਹ ਅਨਪੜ੍ਹ ਤੇ ਬੇਬਸ ਲੋਕ ਸਨ ਜਿਹੜੇ ਕਿ ਦੋ ਸਾਲ ਤੋਂ ਵੱਧ ਦੂਰ ਪੂਰਬ (ਫਾਰ ਈਸਟ) ਵਿੱਚ ਰਹਿ ਰਹੇ ਸਨ,ਉਹ ਆਮ ਤੌਰ ਤੇ ਵਿਹਲੇ ਰਹਿੰਦੇ ਸਨ। ਜਦੋ ਕਿਸੇ ਨੂੰ (ਜਹੋ ਜਿਹਾ ਵੀ) ਕੰਮ ਲੱਭ ਪੈਂਦਾ ਸੀ ਉਹ ਉਹੀ ਕੰਮ ਕਰ ਲੈਂਦਾ ਸੀ। ਉਹਨਾਂ ਨੇ ਆਪਣੇ ਦੇਸ਼ ਵਿਚ ਆਪਣੀਆਂ ਖਾਨਦਾਨੀ ਜਾਇਦਾਦਾਂ ਗਹਿਣੇ ਪਾ ਦਿਤੀਆਂ ਸਨ ਅਤੇ ਜਦੋਂ ਤੀਕਰ ਉਹ ਚੋਖੇ ਪੈਸੇ ਨਾ ਕਮਾ ਲੈਣ, ਉਹ ਦੇਸ਼ ਨੂੰ ਮੁੜਣਾ ਨਹੀਂ ਸਨ ਚਾਹੁੰਦੇ। ਗੁਰਦਿੱਤ ਸਿੰਘ ਦੇ ਭਾਸ਼ਨ ਉਪਰੰਤ, ਉਹ ਉਸਨੂੰ ਮਿਲਣ ਆਏ। ਇਕ ਨੌਜਵਾਨ ਹਿੰਦੁਸਤਾਨੀ ਨੇ ਜਿਸਦੇ ਸਾਧਨ ਸੀਮਤ ਸਨ, ਇਕ ਕੰਪਨੀ ਦੇ ਬਣਾਉਣ ਦੇ ਯਤਨ ਕੀਤੇ ਸਨ ਤਾਂ ਜੋ ਉਹ ਕਿਸੇ ਜਹਾਜ਼ ਦਾ ਕੈਨੇਡਾ ਤੀਕਰ ਜਾਣ ਦਾ ਪ੍ਰਬੰਧ ਕਰ ਸਕੇ ਪਰ ਉਹ ਬੁਰੀ ਤਰ੍ਹਾਂ ਅਸਫਲ ਰਿਹਾ ਸੀ। ਇਹਨਾਂ ਲੋਕਾਂ ਨੇ ਗੁਰਦਿੱਤ ਸਿੰਘ ਤੋਂ ਮਦਦ ਮੰਗੀ ਗੁਰਦਿੱਤ ਸਿੰਘ ਦੇ ਮਨ ਵਿਚ ਆਇਆ ਕਿ ਅਜਿਹਾ ਕਰਨਾ, ਚਾਹੇ ਇਸ ਵਿੱਚ ਉਸ ਦੀ ਜਿੱਤ ਹੋਵੇ, ਚਾਹੇ ਹਾਰ, ਦੇਸ਼ ਭਗਤੀ ਦਾ ਕੰਮ ਹੋਵੇਗਾ। ਉਸ ਨਾਲ ਕੌਮਵਾਦੀ ਦੇਸ਼ ਵਾਸੀਆਂ ਦੇ ਮਨਾਂ ਵਿਚ ਉਸ ਲਈ ਸਤਿਕਾਰ ਪੈਦਾ ਹੋ ਜਾਵੇਗਾ ਸਿੰਘਾਪੁਰ ਨੂੰ ਮੁੜਣ ਤੋਂ ਪਹਿਲਾਂ ਉਸਨੇ ਉਹਨਾਂ ਨੂੰ ਵਚਨ ਦਿੱਤਾ ਕਿ ਉਹ ਅਵੱਸ਼ ਹੀ ਖੁਦ ਆਪਣਾ ਜਹਾਜ਼ ਖਰੀਦੇਗਾ।

ਅਮਰੀਕਾ ਨੂੰ ਜਾਣ ਵਾਲੇ ਦੋ ਵਿਦਿਆਰਥੀ ਵੀ ਜਿਨ੍ਹਾਂ ਨੇ ਕੁਝ ਸਮਾਂ ਹਾਂਗਕਾਂਗ ਠਹਿਰਨਾ ਸੀ ਇਸ ਯੋਜਨਾ ਵੱਲ ਖਿੱਚੇ ਗਏ ਉਹਨਾਂ ਵਿੱਚੋਂ ਪਹਿਲਾਂ ਅੰਮ੍ਰਿਤਸਰ ਜਿਲ੍ਹੇ ਦੇ ਨਗਰ ਤਰਨਤਾਰਨ ਦਾ ਰਹਿਣ ਵਾਲਾ ਬੀਰ ਸਿੰਘ ਸੀ ਤੇ ਦੂਜਾ ਫੀਰੋਜ਼ਪੁਰ ਜਿਲ੍ਹੇ ਦੇ ਨਗਰ ਮੁਕਤਸਰ ਦਾ ਰਹਿਣ ਵਾਲਾ ਦਲਜੀਤ ਸਿੰਘ ਸੀ। ਦਲਜੀਤ ਸਿੰਘ 'ਖਾਲਸਾ ਐਡਵੋਕੇਟ' ਦਾ ਸਹਾਇਕ ਐਡੀਟਰ ਰਿਹਾ ਸੀ। ਦਲਜੀਤ ਸਿੰਘ ਗੁਰਦਿੱਤ ਸਿੰਘ ਦਾ ਮੁੱਖ ਸੱਕਤਰ ਬਣ ਗਿਆ ਅਤੇ ਬੀਰ ਸਿੰਘ ਸਹਾਇਕ ਸਕੱਤਰ,ਉਹਨਾਂ ਨੇ ਮੁਸਾਫਰਾਂ ਦੀ ਇੱਕ ਕਮੇਟੀ ਬਣਾਈ ਅਤੇ ਗੁਰਦਿੱਤ ਸਿੰਘ ਦੀਆਂ ਹਦਾਤਾਂ ਅਨੁਸਾਰ, ਉਹਨਾਂ ਨੇ ਵੈਨਕੂਵਰ ਦੀ ਖਾਲਸਾ ਦੀਵਾਨ ਸੋਸਾਇਟੀ ਨਾਲ ਲਿਖਾ ਪੜ੍ਹੀ ਕਰਨੀ ਆਰੰਭ ਕਰ ਦਿੱਤੀ।

ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਆਰਡਰਜ਼-ਇਨ-ਕਾਊਸਲ ਦੀ ਸੁਧਾਈ ਕਰਨ ਤੋਂ ਪਹਿਲਾਂ, ਜਿਨ੍ਹਾਂ ਵਿਚ ਚੀਫ ਜਸਟਸ ਹੰਟਰ ਨੇ ਤੁਰੱਟੀਆਂ ਲੱਭੀਆਂ ਸਨ ਆਪਣੇ ਅਫਸਰਾਂ ਦੀ ਖੂਬ ਖੁੰਬ ਠੱਪੀ ਸੀ। ਨਵੇਂ ਆਰਡਰ P.C. 23 ਅਤੇ 24, 7 ਜਨਵਰੀ ਨੂੰ ਜਾਰੀ ਗੀਤੇ ਗਏ। ਗੁਰਦਿੱਤ ਸਿੰਘ ਨੂੰ ਇਹਨਾਂ ਦੀ ਬਾਬਤ ਮੱਧ ਫਰਵਰੀ ਵਿਚ ਪਤਾ ਲੱਗਿਆ ਸੀ ਜਦੋਂ ਕਿ ਉਹ ਕੱਲਕਤੇ ਵਿੱਚ ਕਿਸੇ ਸਮੁੰਦਰੀ ਜਹਾਜ਼ ਦੀ ਤਲਾਸ਼ ਵਿੱਚ ਸੀ। ਜੋ ਕੁਝ ਵੀ ਉਹਨਾਂ ਨੂੰ ਪਤਾ ਸੀ ਉਸਦੀ ਜਾਣਕਾਰੀ ਵੈਨਕੂਵਰ ਦੇ ਹਿੰਦੁਸਤਾਨੀਆਂ ਨੇ ਉਸ ਅਪੜਾਈ ਸੀ। ਯਤਨ ਜਾਰੀ ਰੱਖੋ। ਕੈਨੇਡਾ ਦੇ ਕਾਨੂੰਨਾਂ ਨੂੰ ਸਹਿਜੇ ਹੀ ਹਰਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਉਸ ਦੇ ਕੁਝ ਹੋਰ ਵੀ ਕੰਮ ਕਰ ਰਿਹਾ ਸੀ ਉਸਦੇ ਅੰਦਰ ਮਿਸ਼ਨ ਦੀ ਭਾਵਨਾ ਨੂੰ ਬਲ ਮਿਲ ਰਿਹਾ ਸੀ। ਹੁਣ ਉਹ ਨਿਰਾਸ਼ਾ ਜਨਕ ਗੱਲਾਂ ਸੁਨਣ ਲਈ ਉੱਕਾ ਤਿਆਰ ਨਹੀਂ ਸੀ।

13 ਫਰਵਰੀ ਦੀ 13 ਨੂੰ ਗੁਰਦਿੱਤ ਸਿੰਘ ਨੇ ਇਕ ਪੈਂਫਲਟ ਪ੍ਰਕਾਸ਼ਤ ਕੀਤਾ ਤੇ ਐਲਾਨ ਕੀਤਾ ਕਿ ਉਹ ਕਲਕੱਤੇ ਤੋਂ ਵੈਨਕੂਵਰ ਤੱਕ ਇਕ ਚੀਨੀ ਜਹਾਜ਼ ਨੂੰ ਕਿਰਾਏ ਤੇ ਲਵੇਗਾ ਜਿਹੜਾ ਕਿ ਪਿਨਾਗ, ਸਿੰਘਾਪੁਰ, ਹਾਂਗਕਾਂਗ ਅਤੇ ਸੰਘਾਈ ਰਾਹੀਂ ਹੁੰਦਾ ਹੋਇਆ ਵੈਨਕੂਵਰ ਅਪੜੇਗਾ। ਉਸਨੇ ਆਖਿਆ ਸੀ, "ਸਾਡੇ ਉਤਰੀ ਅਮਰੀਕਾ ਵਾਲੇ ਨੇਤਾ ਸਾਨੂੰ ਤਾਰ ਰਾਹੀਂ ਕੇਵਲ 'A' ਅੱਖਰ ਲਿਖ ਭੇਜਨ ਜੇ ਉਹਨਾਂ ਦੀ ਮਦਦ ਨਾਲ ਅਸੀਂ ਉੱਤਰੀ ਅਮਰੀਕਾ ਵਿਚ ਉੱਤਰ ਸਕੀਏ ਇਸ ਤਾਰ ਦੇ ਮਿਲਦਿਆਂ ਹੀ ਅਸੀਂ ਕਿਰਾਏ ਦੇ ਜਹਾਜ਼ ਦੁਆਰਾ ਉੱਤਰੀ ਅਮਰੀਕਾ ਨੂੰ ਚਾਲੇ ਪਾ ਦੇਵਾਂਗੇ। ਜੇਕਰ ਉਹਨਾਂ ਲਈ ਇੰਜ ਕਰਨਾ ਅਸੰਭਵ ਹੋਵੇ ਤਾਂ ਉਹ ਸਾਨੂੰ 'B' ਅੱਖਰ ਦੀ ਤਾਰ ਦੇ ਦੇਣ ਅਸੀਂ ਅੱਗੇ ਵੱਲ ਬਰਾਜ਼ੀਲ ਨੂੰ ਲੰਘ ਜਾਵਾਂਗੇ। ਜੇਕਰ ਇਹ ਵੀ ਮੁਮਕਿਨ ਨ ਹੋਵੇ ਤਾਂ ਉਹ ਸਾਨੂੰ "C" ਲਿਖ ਭੇਜਣ ਅਸੀਂ ਉੱਕਾ ਹੀ ਨਹੀਂ ਚੱਲਾਂਗੇ।" ਹਾਂਗਕਾਂਗ ਦੀ ਗੁਰਦੁਆਰਾ ਕਮੇਟੀ ਚਾਹੁੰਦੀ ਸੀ ਕਿ ਜਹਾਜ਼ ਹਾਂਗਕਾਂਗ ਤੋਂ ਚੱਲੇ ਅਤੇ ਉਹਨਾਂ ਨੇ ਇਸ ਗਲ ਲਈ ਤਾਰ 29 ਜਨਵਰੀ ਨੂੰ ਗੁਰਦਿੱਤ ਸਿੰਘ ਦੇ ਨਾਉਂ ਤੇ ਭੇਜੀ। ਭਾਵੇਂ ਉਹ ਗੁਰਦਿੱਤ ਸਿੰਘ ਇਸ ਗੱਲ ਨੂੰ ਮੰਨਣਾ ਨਹੀਂ ਸੀ ਚਾਹੁੰਦਾ ਪਰ ਮਜ਼ਬੂਰਨ ਉਸ ਨੇ ਅਜਿਹਾ ਕਰਨਾ ਮੰਨ ਲਿਆ ਸੀ ਕਿਉਂਕਿ ਕਲਕੱਤੇ ਵਿੱਚ ਕੋਈ ਅਜੇਹੀ ਕੰਪਨੀ ਨਹੀਂ ਸੀ ਜਿਹੜੀ ਉਸ ਨਾਲ ਸੌਦਾ ਕਰਨ ਲਈ ਤਿਆਰ ਹੋਵੇ।

ਉਹ ਸਿੰਘਾਪੁਰ ਵਾਪਸ ਆ ਗਿਆ ਸੀ ਅਤੇ ਉਸਨੇ 'ਸਟਰੇਟਸ ਸਟੀਮਸ਼ਿਪ ਐਂਡ ਕੋ' ਦੇ ਸਹਾਇਕ ਮੈਨੇਜਰ, ਜਿਹੜਾ ਕਿ ਚੀਨੀ ਸੀ ਤੇ ਗੁਰਦਿੱਤ ਸਿੰਘ ਨੂੰ ਜਾਣਦਾ ਸੀ ਨਾਲ ਸੰਪਰਕ ਕਾਇਮ ਕੀਤਾ। ਮੈਨੇਜਰ ਨੇ ਉਸਨੂੰ ਇੱਕ ਜਹਾਜ਼ ਦੀ ਏਜੰਟ ਕੰਪਨੀ ਲਿੱਥੋ ਐਂਡ ਕੋ, ਕੋਲ ਘੱਲਿਆ। ਗੁਰਦਿੱਤ ਸਿੰਘ ਨੂੰ ਦੋ ਜਹਾਜ਼, ਐਸ. ਐਨ. ਹਾਂਗ ਮੋਬ ਅਤੇ ਐਸ. ਐਸ. ਹਾਂਗ ਬੀ., ਵਿਖਾਏ ਗਏ। ਇਹਨਾਂ ਉੱਤੇ ਜ਼ਿਆਦਾ ਖਰਚ ਨਹੀਂ ਸੀ ਆਉਂਦਾ। ਪ੍ਰੰਤੂ ਜਦੋਂ ਗੁਰਦਿੱਤ ਸਿੰਘ ਨੂੰ ਇਹਨਾਂ ਜਹਾਜ਼ਾਂ ਦੀ ਬਾਬਤ ਆਲੇ ਦੁਆਲੇ ਦੇ ਸਾਧਨਾਂ ਤੋਂ ਪਤਾ ਲੱਗਾ ਕਿ ਉਕਤ ਜਹਾਜ਼ ਬਹੁਤ ਹੀ ਪੁਰਾਣੇ ਸਨ। ਅਤੇ ਉਹ ਸ਼ਾਂਤ ਸਾਗਰ ਨੂੰ ਪਾਰ ਕਰਨ ਦੇ ਯੋਗ ਨਹੀਂ ਸਨ। ਦੋ ਦਿਨਾਂ ਬਾਅਦ ਉਸਨੇ ਇਕ ਹੋਰ ਜਹਾਜ਼ ਵੇਖਿਆ। ਇਸ ਜਹਾਜ਼ ਦੀ ਹਾਲਤ ਕੁਝ ਚੰਗੇਰੀ ਸੀ। ਅਤੇ ਕੀਮਤ ਵੀ ਘੱਟ ਸੀ ਪਰ ਉਹ ਜ਼ਿਆਦਾ ਕੋਲਾ ਖਾਂਦਾ ਸੀ। ਇਸ ਸਮੇਂ ਦੇ ਦੌਰਾਨ ਉਸਨੂੰ ਦਲਜੀਤ ਸਿੰਘ ਵੱਲੋਂ ਨਿਰੰਤਰ ਸੁਨੇਹੇ ਆ ਰਹੇ ਸਨ। ਦਲਜੀਤ ਸਿੰਘ ਬੜੀ ਬੇਕਰਾਰੀ ਨਾਲ ਜਹਾਜ਼ ਦੀ ਉਡੀਕ ਕਰ ਰਿਹਾ ਸੀ ਕਿਉਂਕਿ ਉਸਨੂੰ ਰੁਪੈ ਇਕੱਠੇ ਕਰਨ ਵਿਚ ਢੇਰ ਦੁਸ਼ਵਾਰੀ ਪੇਸ਼ ਆ ਰਹੀ ਸੀ ਅਤੇ ਉਸਨੂੰ ਹੋਰ ਅਨੇਕ ਸਮੱਸਿਆਵਾਂ ਦਰਪੇਸ਼ ਆ ਰਹੀਆਂ ਸਨ। ਲੋਕ ਪਹਿਲਾਂ ਜਹਾਜ਼ ਨੂੰ ਵੇਖਣਾ ਚਾਹੁੰਦੇ ਸਨ ਹੁਣ ਗੁਰਦਿੱਤ ਸਿੰਘ ਨੇ ਸਿੰਘਾਪੁਰ ਵਿੱਚ ਆਪਣੇ ਕਾਰੋਬਾਰ ਨੂੰ ਸਮੇਟ ਦਿੱਤਾ ਸੀ ਅਤੇ ਉਹ ਆਪਣੇ ਇਕਲੌਤੇ ਪੁੱਤਰ ਨੂੰ ਨਾਲ ਲੈ ਕੇ ਹਾਂਗਕਾਂਗ ਪਹੁੰਚ ਗਿਆ ਬਲਵੰਤ ਸਿੰਘ ਦੀ ਆਯੂ ਇਸ ਸਮੇਂ ਕੋਈ ਸੱਤ ਸਾਲਾਂ ਦੀ ਸੀ। ਗੁਰਦਿੱਤ ਸਿੰਘ ਦੀ ਪਹਿਲੀ ਪਤਨੀ ਜਿਸਦੇ ਕੋਈ ਔਲਾਦ ਨਹੀਂ ਸੀ ਸੁਰਗਵਾਸ ਹੋ ਚੁੱਕੀ ਸੀ ਅਤੇ ਉਸਦੀ ਦੂਜੀ ਪਤਨੀ, ਬਲਵੰਤ ਸਿੰਘ ਦੀ ਮਾਤਾ ਵੀ ਪਰਲੋਕ ਸੁਧਾਰ ਚੁੱਕੀ ਸੀ।

ਇਕ ਅੰਗਰੇਜ਼ੀ ਫਰਮ, 'ਜਾਰਡਨ ਕੋ' ਉਸਨੂੰ ਆਪਣਾ ਜਹਾਜ਼ "ਕੂਤ ਸੈਂਗ" ਦੇਣ ਲਈ ਤਿਆਰ ਹੋ ਗਈ ਸੀ। ਉਸ ਜਹਾਜ਼ ਦਾ ਕਰਾਇਆ 9000 ਡਾਲਰ ਮਾਹਵਾਰ ਸੀ ਪਰ ਬਾਅਦ ਵਿਚ ਉਹ ਆਪਣੇ ਵਚਨਾਂ ਤੋਂ ਮੁੱਕਰ ਗਈ ਜਦੋਂ ਕਾਗਜਾਂ ਤੇ ਹਸਤਾਖਰ ਕਰਨ ਦਾ ਸਮਾਂ ਆਇਆ। ਗੁਰਦਿੱਤ ਸਿੰਘ ਨੂੰ ਇਸ ਗਲ ਦਾ ਪੂਰਾ ਵਿਸ਼ਵਾਸ ਸੀ ਕਿ ਇੰਜ ਕਰਵਾਉਣ ਵਿਚ ਅੰਗਰੇਜ਼ ਸਰਕਾਰ ਦਾ ਹੱਥ ਸੀ। ਤਦ ਗੁਰਦਿੱਤ ਸਿੰਘ ਇਕ ਜਰਮਨ ਜਹਾਜ਼ ਕੰਪਨੀ ਦੇ ਏਜੰਟ, ਏ. ਬ੍ਰੁਨ, ਨੂੰ ਮਿਲਿਆ ਜਿਸਨੇ ਉਸਨੂੰ ਇਕ ਛੋਟਾ ਕੋਲਾ ਢੋਹਣ ਵਾਲਾ ਜਹਾਜ਼ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਹ ਜਹਾਜ਼ ਜਿਸਦਾ ਨਾਉਂ ਕਾਮਾਗਾਟਾ ਮਾਰੂ ਸੀ, ਨੂੰ ਜਰਮਨੀ ਦੀ ਇਕ ਕੰਪਨੀ ਲਈ ਸੰਨ 1890 ਵਿੱਚ ਗਲਾਸਗੋ ਦੇ ਅਸਥਾਨ ਤੇ ਬਣਾਇਆ ਗਿਆ ਸੀ। ਇਸ ਕੰਪਨੀ ਦਾ ਨਾਮ Dampfsehiff Rederei Hansa of Hamburg ਸੀ ਅਤੇ

ਇਸਨੇ ਜਹਾਜ਼ ਨੂੰ Stubbenhuj ਦੇ ਨਾਮ ਅਧੀਨ ਰਜਿਸਟਰ ਕਰਵਾਇਆ ਸੀ। ਕੁਝ ਸਮੇਂ ਪਹਿਲਾਂ ਹੀ Hamburg Amerika Linie ਦੀ ਕੰਪਨੀ ਨੇ ਇਸਨੂੰ Sicilia ਦੇ ਨਾਉਂ ਹੇਠਾਂ ਚਲਾਇਆ ਸੀ ਹੁਣ ਇਹ ਜਹਾਜ਼ ਜਾਪਾਨੀ ਕੰਪਨੀ ਜਿਸ ਵਿਚ ਕੇਵਲ ਚਾਰ ਜਾਂ ਪੰਜ ਵਿਅਕਤੀ ਸਨ ਦੀ ਜਾਇਦਾਦ ਸੀ। ਉਹਨਾਂ ਕੋਲ ਇਕ ਹੋਰ ਛੋਟਾ ਜਹਾਜ਼ ਵੀ ਸੀ ਉਸ ਕੰਪਨੀ ਦਾ ਨਾਉਂ "ਸ਼ਿਨਆਈ ਕਿਸ਼ਨ ਗੋਸੀ ਕੈਸ਼ਾ ਸੀ ਇਸ ਜਹਾਜ਼ ਦੀ ਲੰਬਾਈ ਲੱਗਭੱਗ 100 ਮੀਟਰ ਸੀ ਅੰਦਰ ਤੋਂ ਇਸ ਦੀ ਚੌੜਾਈ 13 ਮੀਟਰ ਦੇ ਕ੍ਰੀਬ ਸੀ। ਇਹ 265 ਹੌਰਸ ਪਾਵਰ, ਭਾਵ ਦੇ ਇੰਜਨ ਦੁਆਰਾ ਚਲਦਾ ਸੀ। ਉਸ ਦੇ ਉਪਰਲੇ ਡੈੱਕ ਵਿੱਚ ਕੁਝ ਕੈਬਨਾਂ ਸਨ ਅਤੇ ਇਸਦੀ ਹੇਠਲੀ ਮੰਜ਼ਲ ਦਾ ਡੈੱਕ ਇਤਨਾ ਗੰਦਾ ਸੀ ਜਿਨ੍ਹਾਂ ਗੰਦਾ ਇਸ ਤੇਲਦਿਆਂ ਹੋਇਆ ਸਾਮਾਨਾ ਹੁੰਦਾ ਸੀ।

ਭਾਵੇਂ ਗੁਰਦਿੱਤ ਸਿੰਘ ਨੇ ਹਰ ਇਕ ਨੂੰ ਦੱਸਿਆ ਸੀ ਕਿ ਇਸ ਕਾਰਜ ਵਿੱਚ ਉਸਨੇ ਆਪਣੇ ਪੈਸੇ ਲਾਏ ਹਨ ਅਤੇ ਹੋ ਸਕਦੈ ਇਹ ਠੀਕ ਹੋਵੇ ਫਿਰ ਵੀ ਉਹ ਚਾਹੁੰਦਾ ਸੀ ਜਿਨੇ ਪੈਸੇ ਚਾਹੀਦੇ ਹਨ ਮੁਸਾਫਰਾਂ ਤੋਂ ਇਕੱਠੇ ਹੋ ਜਾਣ ਜਹਾਜ਼ ਛੇ ਮਹੀਨੇ ਦੇ ਅਰਸੇ ਲਈ ਸੀ ਅਤੇ ਕਿਰਾਇਆ ਹਾਂਗਕਾਂਗ ਦੇ 11,000 ਡਾਲਰ ਪ੍ਰਤੀ ਮਹੀਨਾ ਸੀ। ਪਹਿਲੇ ਮਹੀਨੇ ਦੀ ਅਦਾਇਗੀ ਲਿਖਤ ਤੋਂ ਬਾਅਦ ਦੂਜੇ ਦੀ ਇਕ ਹਫਤੇ ਦੇ ਵਿਚ ਵਿਚ ਤੀਜੇ ਚੌਥੇ ਦੀ ਦੋ ਹਫਤਿਆਂ ਦੇ ਅੰਦਰ ਅੰਦਰ ਅਤੇ ਬਾਕੀ ਦੇ ਮਹੀਨਿਆਂ ਦੀ ਰਵਾਨਗੀ ਦੇ ਸਮੇਂ ਤੋਂ ਬਾਅਦ ਤੋ ਮਹੀਨਿਆਂ ਦੇ ਅੰਦਰ ਅੰਦਰ। ਮਾਲਕ ਸਫਰ ਲਈ ਕਪਤਾਨ ਅਤੇ ਮਲਾਹ ਦੇਣਗੇ ਪ੍ਰੰਤੂ ਜਹਾਜ਼ ਨੂੰ ਵਾਇਰਲੈੱਸ ਨਾਲ ਲੈਸ ਨਹੀਂ ਕੀਤਾ ਜਾਵੇਗਾ।

ਦਲਜੀਤ ਸਿੰਘ ਹਰੇਕ ਟਿਕਟ ਨੂੰ 210 ਹਾਂਗਕਾਂਗੀ ਡਾਲਰ ਦੀ ਦਰ ਤੇ ਵੇਚ ਰਿਹਾ ਸੀ ਅਤੇ ਇਹ ਕਿਰਾਇਆ ਆਮ ਜਹਾਜ਼ ਦੇ ਵਾਪਸੀ ਟਿਕਟ ਦੇ ਪੈਸਿਆ ਦੇ ਬਰਾਬਰ ਸੀ। ਦਲਜੀਤ ਸਿੰਘ ਨੇ ਕਿਸੇ ਵੀ ਜਹਾਜ਼ ਦੇ ਪ੍ਰਬੰਧ ਹੋਣ ਤੋਂ ਪਹਿਲਾਂ ਹੀ ਦਸ ਹਜ਼ਾਰ ਹਾਂਗਕਾਂਗੀ ਡਾਲਰ ਇਕੱਠੇ ਕਰ ਲਏ ਸਨ। ਇਸ ਗੱਲ ਦੀ ਰੀਪੋਰਟ ਕਿਸੇ ਨੇ ਹਾਂਗਕਾਂਗ ਦੀ ਪੁਲਿਸ ਕੋਲ ਕਰ ਦਿੱਤੀ ਸੀ।25 ਮਾਰਚ ਦੇ ਦਿਨ ਦੁਪਹਿਰ ਤੋਂ ਬਾਅਦ ਪੁਲਿਸ ਨੇ ਗੁਰਦਿੱਤ ਸਿੰਘ ਦੇ ਦਫਤਰ ਛਾਪਾ ਮਾਰਿਆ ਸੀ ਤੇ ਸਬੰਧਤ ਕਾਗਜ਼ ਆਪਣੀ ਹਿਰਾਸਤ ਵਿਚ ਲੈ ਲਏ ਸਨ। ਹੋਇਆ ਇੰਜ ਕਿ ਗੁਰਦਿੱਤ ਸਿੰਘ ਨੇ ਇਕ ਦਿਨ ਪਹਿਲਾਂ ਹੀ ਜਹਾਜ਼ ਸਬੰਧੀ ਸ਼ਰਤਨਾਮੇ ਤੇ ਦਸਖਤ ਕੀਤੇ ਸਨ। ਭਾਵੇਂ ਉਹਨਾਂ ਨੇ ਫੇਰ ਵੀ ਗੁਰਦਿੱਤ ਸਿੰਘ ਨੂੰ ਇਕ ਮੈਜਿਸਟਰੇਟ ਦੇ ਰੂਬਰੂ ਪੇਸ਼ ਕੀਤਾ ਪਰ ਉਹਨਾਂ ਕੋਲ ਕੋਈ ਮੁਕੱਦਮਾ ਚਲਾਉਣ ਲਈ ਕੋਈ ਠੋਸ ਕੇਸ ਨਹੀਂ ਸੀ। ਇਸ ਮੰਦਭਾਗੀ ਘਟਨਾ ਨੇ ਕੁਝ ਡਰਪੋਕ ਬੰਦਿਆਂ ਦੇ ਮਨਾਂ ਵਿਚ ਸ਼ੱਕੇ ਪੈਦਾ ਕਰ ਦਿੱਤੇ ਸਨ। ਇਹ ਲੋਕ ਸਰਕਾਰ ਨਾਲ ਟੱਕਰ ਲੈਣ ਤੋਂ ਘਬਰਾਂਦੇ ਸਨ,ਅੰਤ ਮੁੱਕਰ ਗਏ ਸਨ। ਗੁਰਦਿੱਤ ਸਿੰਘ ਕੋਲ ਹੁਣ 165 ਮੁਸਾਫਰ ਹੀ ਰਹਿ ਗਏ ਸਨ ਭਾਵੇਂ ਜਹਾਜ਼ ਵਿੱਚ ਥਾਂ 500 ਬੰਦਿਆਂ ਦੀ ਸੀ।

25 ਮਾਰਚ ਨੂੰ ਕਾਮਾਗਾਟਾ ਮਾਰੂ ਗੁਰਦਿੱਤ ਸਿੰਘ ਦੀ ਹਿਰਾਸਤ ਵਿਚ ਆ ਗਿਆ,ਉਸ ਦੇ ਖਰਚੇ ਤੇ ਹੀ ਹੇਠਲਾ ਡੈੱਕ ਸਾਫ ਕੀਤਾ ਗਿਆ ਸੀ। ਉਸ ਵਿੱਚ ਲੈਟਰੀਨਜ਼ ਲਾ ਦਿੱਤੀਆਂ ਗਈਆਂ ਸਨ। ਅਤੇ ਬਿਨਾਂ ਪਿੱਠ ਵਾਲੇ 533 ਲੱਕੜ ਦੇ ਬੈਂਚ ਜਿਵੇਂ ਰੇਲ ਗੱਡੀ ਦੇ ਤੀਸਰੇ ਦਰਜੇ ਦੇ ਮੁਸਾਫਰਾਂ ਲਈ ਹੁੰਦੇ ਹਨ ਉਸ ਵਿਚ ਫਿੱਟ ਕਰ ਦਿੱਤੇ ਗਏ ਸਨ। ਗੋਲ ਸ਼ਕਲ ਵਾਲੇ ਕੋਲੇ ਦੇ ਸਟੋਵ ਤੋਂ ਬਿਨਾਂ ਉੱਥੇ ਹੋਰ ਕੁਝ ਨਹੀਂ ਸੀ। ਨਾ ਹੀ ਕੋਈ ਕੁਰਸੀ ਸੀ ਤੇ ਨਾ ਹੀ ਕੋਈ ਮੇਜ਼ ਸੀ ਕੇਵਲ ਸਿੱਧੇ ਸਾਦੇ ਬੈਂਚ ਸਨ। ਜੋ ਡੇਢ਼ ਮੀਟਰ ਦੀ ਦੀ ਵਿੱਥ ਤੇ ਲਾਏ ਗਏ ਸਨ ਅਤੇ ਜਿਨ੍ਹਾਂ ਤੇ ਮੁਸਾਫਰਾਂ ਨੇ ਆਪਣੇ ਬਿਸਤਰੇ ਲਾਉਣੇ ਸਨ। ਮੁਸਾਫਰ ਤੇਜ਼ੀ ਨਾਲ ਜਹਾਜ਼ ਵਿੱਚ ਪਰਵੇਸ਼ ਕਰ ਗਏ। ਗੁਰਦਿੱਤ ਸਿੰਘ ਨੇ ਇਕ ਪੰਜਾਬੀ ਡਾਕਟਰ ਤੇ ਇੱਕ ਗਰੰਥੀ ਸਿੰਘ ਨੂੰ ਨੌਕਰ ਰੱਖ ਲਿਆ। ਹੈਲਥ ਅਫਸਰਾਂ ਦੀ ਸਹਾਇਤਾ ਨਾਲ ਜਹਾਜ਼ ਨੂੰ ਸਾਫ ਕਰਵਾਇਆ ਗਿਆ ਸੀ। ਗੁਰਦਿੱਤ ਸਿੰਘ ਨੇ ਐਲਾਨ ਕੀਤਾ ਕਿ 28 ਮਾਰਚ ਸ਼ਨਿਚਰਵਾਰ ਦੇ ਦਿਨ ਪ੍ਰਭਾਤ ਦੇ ਦਸ ਵਜੇ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਲਈ ਚਾਲੇ ਪਾਵੇਗਾ।

ਹਾਂਗਕਾਂਗ ਦੇ ਗਵਰਨਰ, ਐਫ ਡਬਲਯੂ.ਮੇ ਨੇ ਆਉਣ ਵਾਲੇ ਸੰਕਟ ਨੂੰ ਭਾਂਪ ਲਿਆ ਸੀ। ਉਸ ਨੇ ਲੰਡਨ ਨੂੰ ਤਾਰ ਕੀਤੀ ਸੀ ਅਤੇ ਉਸਨੇ ਜਹਾਜ਼ ਨੂੰ ਚੱਲਣ ਤੋਂ ਰੋਕੀ ਰੱਖਿਆ ਸੀ। ਪਹਿਲਾਂ ਉਸਨੇ ਮੁਸਾਫਰ ਸਰਟੀਫੀਕੇਟ ਪੜਤਾਲ ਕਰਨ ਦਾ ਪੱਜ ਬਣਾ ਕੇ ਦੇਰੀ ਕੀਤੀ ਤੇ ਫੇਰ ਸਰਟੀਫੀਕੇਟ ਤੇ ਦਸਤਖਤ ਕਰਨ ਤੇ ਇਨਕਾਰ ਕੀਤਾ। 30 ਮਾਰਚ ਸੋਮਵਾਰ ਦੇ ਦਿਨ ਗਵਰਨਰ ਨੂੰ ਲੰਡਨ ਤੋਂ ਹਦਾਇਤਾਂ ਪ੍ਰਾਪਤ ਹੋਈਆਂ ਤੇ ਉਹਨਾਂ ਦੇ ਆਧਾਰ ਤੇ ਉਸਨੇ ਕੈਨੇਡਾ ਦੀ ਸਰਕਾਰ ਨੂੰ ਇੱਕ ਤਾਰ ਭੇਜੀ। "150 ਹਿੰਦੁਸਤਾਨੀ ਸਿੱਖਾਂ ਨੇ ਇਸ ਥਾਂ ਤੋਂ ਲੈ ਕੇ ਬਰਟਿਸ਼ ਕੋਲੰਬੀਆ ਤੀਕਰ ਇੱਕ ਜਹਾਜ਼ ਕਰਾਏ ਉੱਤੇ ਲੈ ਲਿਆ। ਉਹਨਾਂ ਕੋਲ ਹਿੰਦੁਸਤਾਨ ਤੋਂ ਸਿੱਧੇ ਕੈਨੇਡਾ ਦੇ ਟਿਕਟ ਨਹੀਂ ਹਨ। ਮੈਂ ਸਮਝਦਾ ਹਾਂ ਕਿ ਸਥਾਨਕ ਪਰਿਵਾਸੀ ਕਾਨੂੰਨ ਚੀਨੀਆਂ ਤੋਂ ਬਿਨਾਂ ਹੋਰ ਕਿਸੇ ਤੇ ਲਾਗੂ ਨਹੀਂ ਹੁੰਦੇ। ਕ੍ਰਿਪਾ ਸਹਿਤ ਤਾਰ ਦੁਆਰਾ ਦੱਸਣ ਦੀ ਖੇਚਲ ਕਰਨੀ ਕਿ ਕੀ ਉਹਨਾਂ ਨੂੰ ਕੈਨੇਡਾ ਵਿੱਚ ਉਤਰਨ ਦੀ ਆਗਿਆ ਹੋਵੇਗੀ ਜਾਂ ਨਹੀਂ? "

ਗਵਨਰ ਨੇ ਤਿੰਨ ਦਿਨ ਉਡੀਕਣ ਤੋਂ ਉਪਰੰਤ ਇੱਕ ਹੋਰ ਜ਼ਰੂਰੀ ਤਾਰ ਦਿੱਤੀ ਪਰ ਜਵਾਬ ਨਾ ਆਇਆ। ਗੁਰਦਿੱਤ ਸਿੰਘ ਵਕੀਲਾਂ ਦੀ ਇਕ ਫਰਮ ਕੋਲ ਗਿਆ ਸੀ ਅਤੇ ਉਹਨਾਂ ਨੇ ਉਸਨੂੰ ਦੱਸਿਆ ਸੀ ਕਿ ਕਾਨੂੰਨੀ ਤੌਰ ਤਹੈ ਗਵਰਨਰ ਸਰਟੀਫੀਕੇਟ ਨੂੰ ਦਸਖਤ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ ਸੀ। ਗਵਰਨਰ ਵੀ ਇਹਨਾਂ ਤੱਥਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। 4 ਅਪਰੈਲ ਨੂੰ ਭਾਵੇਂ ਅਜੇ ਵੀ ਕਨੇਡਾ ਵੱਲੋਂ ਕੋਈ ਉੱਤਰ ਨਹੀਂ ਸੀ ਆਇਆ ਗਵਰਨਰ ਨੇ ਆਖ ਦਿੱਤਾ ਸੀ "ਜਹਾਜ਼ ਜਾ ਸਕਦਾ ਹੈ

ਗੁਰਦਿੱਤ ਸਿੰਘ ਨੂੰ ਇਸ ਗੱਲ ਦੀ ਸੂਚਨਾ ਕਲਾਡ ਸੈਵਰਨ ਜਿਹੜਾ ਕਿ ਨੌ ਅਬਾਦੀਆਂ ਦਾ ਸਕੱਤਰ ਸੀ, ਦੁਆਰਾ ਪ੍ਰਾਪਤ ਹੋਈ ਸੀ। ਇਸ ਅਫਸਰ ਨੂੰ ਗੁਰਦਿੱਤ ਸਿੰਘ ਉਦੋਂ ਤੋਂ ਹੀ ਜਾਣਦਾ ਸੀ ਜਦੋਂ ਪੰਦਰਾਂ ਸਾਲ ਪਹਿਲਾਂ ਉਹ ਸੈਲਨਗਰ ਰਿਆਸਤ ਦਾ ਜ਼ਿਲ੍ਹਾ ਮੈਜਿਸਟਰੇਟ ਸੀ। ਇੱਕ ਦਿਨ ਪਹਿਲਾਂ ਉਹ ਇਤਫਾਕ ਨਾਲ ਇੱਕ ਦੂਜੇ ਨੂੰ ਮਿਲ ਗਏ ਸਨ। ਗੁਰਦਿੱਤ ਸਿੰਘ ਸੜਕ ਦੇ ਕੰਢੇ ਖੜੋਤਾ ਕੁਝ ਮਿੱਤਰਾਂ ਨਾਲ ਗੱਲਬਾਤ ਕਰ ਰਿਹਾ ਸੀ। ਸੈਵਰਨ ਨੇ ਰਿਕਸ਼ਾ ਚੋਂ ਬੈਠੇ ਹੋਏ ਨੇ ਉਸ ਨੂੰ ਬੁਲਾਇਆ ਤੇ ਉਸਦਾ ਸੁਆਗਤ ਕੀਤਾ ਗੁਰਦਿੱਤ ਸਿੰਘ ਨੇ ਉਸਨੂੰ ਸੰਬੋਧਨ ਕਰਦਿਆ ਆਖਿਆ ਸੀ "ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਏਡੀ ਪਦਵੀ ਤੇ ਲੱਗੇ ਹੋਏ ਹੋ ਨਹੀਂ ਤਾਂ ਮੈਂ ਪਹਿਲਾਂ ਹੀ ਤੁਹਾਨੂੰ ਮਿਲਦਾ।" ਉਹ 4 ਅਪਰੈਲ ਨੂੰ ਸਮਾਜਿਕ ਮਿਲਣੀ ਦੇ ਬਹਾਨੇ ਸੈਵਰਨ ਦੇ ਦਫਤਰ ਗਿਆ ਸੀ। ਗੁਰਦਿੱਤ ਸਿੰਘ ਉਸ ਲਈ ਤੋਹਫੇ ਲੈ ਕੇ ਗਿਆ ਸੀ। ਭਾਵੇ ਸੈਵਰਨ ਨੇ ਤੋਹਫੇ ਸਵੀਕਾਰ ਨਹੀਂ ਸੀ ਕੀਤੇ ਪਰ ਉਹ ਉਸਨੂੰ ਦੋਸਤਾਨਾ ਨਿੱਘ ਨਾਲ ਮਿਲਿਆ "ਤੁਹਾਨੂੰ ਜਾਣ ਦੀ ਖੁੱਲ ਹੈ " ਸੈਵਰਨ ਨੇ ਤੁਰੰਤ ਹੀ ਆਖਿਆ ਸੀ ਉਸਨੂੰ ਗੁਰਦਿੱਤ ਸਿੰਘ ਨਾਲ ਵਾਪਰੀ ਘਟਨਾ ਦੀ ਪੂਰੀ ਤਫਸੀਲ ਦੇ ਦਿੱਤੀ ਗਈ ਸੀ,ਉਹ ਮਲਾਈ ਬੋਲੀ ਵਿੱਚ ਗੱਲਾਬਾਤਾਂ ਕਰ ਰਹੇ ਸਨ,ਕਿਉਂਕਿ ਗੁਰਦਿੱਤ ਸਿੰਘ ਨੂੰ ਅੰਗਰੇਜ਼ੀ ਨਾਲੋਂ ਮਲਾਈ ਬੋਲੀ ਜ਼ਿਆਦਾ ਆਉਂਦੀ ਸੀ। ਸੈਵਰਨ ਜਾਨਣਾ ਚਾਹੁੰਦਾ ਸੀ ਕਿ ਸਿੱਖ ਕੀ ਕਰਨ ਦੇ ਇਰਾਦੇ ਲਾਲ ਜਾ ਰਹੇ ਹਨ। "ਮੈਂ ਆਪਣੇ ਹਮਵਤਨਾਂ ਤੇ ਹਮਧਰਮੀਆਂ ਦੀ ਸਹਾਇਤਾ ਕਰਨੀ ਚਾਹੁੰਦਾ ਹਾਂ। ਮੇਰਾ ਹੋਰ ਕੋਈ ਸਿਆਸੀ ਮੰਤਵ ਨਹੀਂ ਹੈ," ਗੁਰਦਿੱਤ ਸਿੰਘ ਨੇ ਬਾਰ ਬਾਰ ਐਲਾਨ ਕੀਤਾ ਸੀ। ਐਸੀ ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਲੜਾਈ ਲੜਾਂਗੇ ਤਾਂ ਜੋ ਹਮੇਸ਼ਾ ਹਮੇਸ਼ਾ ਲਈ ਸਾਡੇ ਹੱਕ ਵਿੱਚ ਫੈਸਲਾ ਹੋ ਜਾਵੇ। ਅਸੀਂ ਬਾਕਾਇਦਾ ਤੌਰ ਤੇ ਹੋਰ ਸਮੁੰਦਰੀ ਸਫਰਾਂ ਦਾ ਵੀ ਪ੍ਰੋਗਰਾਮ ਬਣਵਾਂਗੇ। ਉਸਨੇ ਸੈਵਰਨ ਨੂੰ ਦੱਸਿਆ, ਉਸਦੇ ਪ੍ਰੋਗਰਾਮ ਵਿੱਚ ਸ਼ਾਮਲ ਸੀ ਕਿ ਕਲੱਕਤਾ ਤੇ ਵੈਨਕੂਵਰ, ਬੰਬਈ ਤੇ ਬੁਰਾਜ਼ੀਲ ਵਿਚਕਾਰ ਚਾਰ ਜਹਾਜ਼ ਚਲਾਏ ਜਾਣ,"25000 ਬੰਦੇ ਇਸ ਸੇਵਾ ਦੇ ਚਾਲੂ ਹੋਣ ਦੀ ਉਡੀਕ ਵਿੱਚ ਹਨ।" ਸੈਵਰਨ ਨੇ ਪੁਛਿਆ ਜੇਕਰ ਕੈਨੇਡਾ ਸਰਕਾਰ ਨੇ ਤੁਹਾਨੂੰ ਉਤਰਨ ਦੀ ਆਗਿਆ ਨਾ ਦਿੱਤੀ, ਤਦ ਤੁਸੀਂ ਕੀ ਕਰੋਗੇ? ਉੱਤਰ ਵਿੱਚ ਗੁਰਦਿੱਤ ਸਿੰਘ ਨੇ ਆਖਿਆ ਉਸ ਦੇ ਦੇ ਖਿਆਲ ਅਨੁਸਾਰ ਕਾਨੂੰਨੀ ਤੌਰ ਤੇ ਇੰਜ ਹੋਣਾ ਸੰਭਵ ਨਹੀਂ ਪਰ ਜੇਕਰ ਇੰਜ ਹੋਇਆ ਤਾਂ ਜਹਾਜ਼ ਬਰਾਜ਼ੀਲ ਵੱਲ ਚਾਲੇ ਪਾ ਦੇਵੇਗਾ। ਬਰਾਜ਼ੀਲ ਇਕ ਆਜ਼ਾਦ ਦੇਸ਼ ਹੈ। ਹਿੰਦੁਸਤਾਨੀ ਏਥੇ ਚੋਖਾ ਕਾਰੋਬਾਰ ਕਰ ਸਕਦੇ ਨੇ।"

ਇਸ ਤੋਂ ਬਾਅਦ ਗੁਰਦਿੱਤ ਸਿੰਘ ਸਿੱਧਾ ਗੁਰਦੁਆਰੇ ਗਿਆ ਸੀ ਅਤੇ ਮੁਸਾਫਰਾਂ ਨੂੰ ਤਿਆਰ ਹੋਣ ਲਈ ਆਖਿਆ। ਉਹਨਾਂ ਨੇ ਪ੍ਰਾਰਥਨਾ ਕੀਤੀ ਸੀ ਤੇ ਜਹਾਜ਼ ਦਾ ਨਾਉਂ ਪਹਿਲੇ ਸਿੱਖ ਗੁਰੂ ਦੇ ਨਾਮ ਤੇ ਗੁਰੂ ਨਾਨਕ ਜਹਾਜ਼ ਰੱਖਿਆ ਅਤੇ ਪਵਿੱਤਰ ਗ੍ਰੰਥ ਸਾਹਿਬ ਨੂੰ ਲੈ ਕੇ ਉਹ ਬੰਦਰਗਾਹ ਵੱਲ ਨੂੰ ਤੁਰ ਪਏ। ਸੈਵਰਨ ਨੇ ਗੁਰਦਿੱਤ ਦੇ ਵਕੀਲ ਨੂੰ ਸਾਫ ਸਾਫ ਸ਼ਬਦਾਂ ਵਿਚ ਦੱਸ ਦਿੱਤਾ ਸੀ ਕਿ ਹਾਂਗਕਾਂਗ ਤੋਂ ਚੱਲਣ ਦੀ ਆਗਿਆ ਦਾ ਮਤਲਬ ਕੈਨੇਡਾ ਵਿਚ ਪਰਵੇਸ਼ ਕਰਨ ਦੀ ਆਗਿਆ ਨਹੀਂ। ਗੁਰਦਿੱਤ ਸਿੰਘ ਇਸ ਗੱਲ ਨੂੰ ਭਲੀਭਾਂਤ ਜਾਣਦਾ ਸੀ, ਪਰ ਮੁਸਾਫਰਾਂ ਨੂੰ ਇਸ ਗੱਲ ਦੀ ਸੂਚਨਾ ਦੇਣ ਲਈ ਹਾਂਗਕਾਂਗ ਦੀ ਪੁਲੀਸ ਜਹਾਜ਼ ਵਿੱਚ ਆਈ,ਉਹਨਾਂ ਕੋਲ ਇਕ ਛਪੇ ਹੋਏ ਕਾਗਜ਼ ਤੇ ਕੈਨੇਡਾ ਦੇ ਇਮੀਗਰੇਸ਼ਨ ਮਹਿਕਮੇ ਵੱਲੋਂ 9 ਅਪਰੈਲ 1908 ਨੂੰ ਜਾਰੀ ਕੀਤਾ ਹੋਇਆ ਇਕ ਐਲਾਨ ਸੀ ਪਰ ਕਿਸੇ ਮੁਸਾਫਰ ਨੇ ਵੀ ਇਸ ਗੱਲ ਨੂੰ ਗੌਲਿਆ ਤੱਕ ਨਹੀਂ ਸੀ। ਅਖੀਰ ਗੁਰਦਿੱਤ ਸਿੰਘ ਨੇ ਅਬਾਦੀਆਂ ਦੇ ਸਕੱਤਰ ਨੂੰ ਮਿਲਕੇ ਆਇਆ ਤੇ ਸਕੱਤਰ ਨੇ ਉਸਨੂੰ ਸਾਰੀ ਦੀ ਸਾਰੀ ਗੱਲ ਸਾਫ ਸਾਫ ਦੱਸ ਦਿੱਤੀ ਸੀ। ਉਸੇ ਸ਼ਾਮ ਨੂੰ ਹੀ ਕਾਮਾਗਾਟਾ ਮਾਰੂ ਜਹਾਜ਼ ਨੇ ਚਾਲਾ ਪਾ ਦਿੱਤਾ ਬਹੁਤ ਸਾਰੇ ਲੋਕ ਜਹਾਜ਼ ਨੂੰ ਵਿਦਾ ਕਰਨ ਲਈ ਆਏ ਸਨ। ਜਹਾਜ਼ ਦੀਆਂ ਰੌਸ਼ਨੀਆਂ ਛੇਤੀ ਹੀ ਰਾਤ ਦੇ ਹਨੇਰੇ ਵਿੱਚ ਗਵਾਚ ਗਈਆਂ ਸਨ ਤੇ ਮੁਸਾਫਰਾਂ ਦਾ ਸ਼ਬਦ ਕੀਰਤਨ ਵੀ ਧੀਰੇ ਧੀਰੇ ਮੱਧਮ ਪੈਂਦਾ ਗਿਆ।

ਸੋਮਵਾਰ ਨੂੰ ਹਾਂਗਕਾਂਗ ਦੇ ਗਵਰਨਰ ਨੇ ਕੈਨੇਡਾ ਸਰਕਾਰ ਨੂੰ ਜਹਾਜ਼ ਦੀ ਰਵਾਨਗੀ ਦੀ ਬਾਬਤ ਸੂਚਤ ਕਰ ਦਿੱਤਾ,ਮੰਗਲਵਾਰ ਨੂੰ ਉਸਨੂੰ ਆਪਣੀਆਂ ਪਹਿਲੀਆਂ ਦੋ ਤਾਰਾਂ ਦਾ ਉੱਤਰ ਮਿਲਿਆ ਕਨੇਡਾ ਦੀ ਸਰਕਾਰ ਨੇ ਉੱਤਰ ਦੇਣ ਵਿੱਚ ਦੇਰੀ ਲਾਈ ਖੇਦ ਪ੍ਰਗਟ ਕੀਤਾ ਸੀ ਅਤੇ ਆਖਿਆ ਸੀ ਕਿ ਦਾਖਲੇ ਤੇ ਰੋਕ ਲਾਈ ਜਾਵੇਗੀ।

ਆਟਵਾ ਵਿੱਚ ਅਧਿਕਾਰੀ (ਤਾਰ ਵਿਚ ਦੇਰੀ ਕਰਨ ਲਈ) ਆਪਣੇ ਆਪ ਨੂੰ ਬਚਾ ਰਹੇ ਸਨ ਹਾਂਗਕਾਂਗ ਤੋਂ ਤਾਰਾਂ ।ਾਵਰਨਰ ਜੈਨਰਲ ਦੇ ਬਦੇਸ਼ੀ ਮਾਮਲਿਆਂ ਦੇ ਦਫਤਰ ਵਿਚ ਗਈਆਂ ਸਨ ਉਥੋਂ ਅੰਦਰੂਨੀ ਮਹਿਕਮੇ ਦੇ ਦਫਤਰ ਵਿੱਚ ਅਤੇ ਫਿਰ ਇਹਨਾਂ ਨੂੰ ਇਮੀਗਰੇਸ਼ਨ ਦੀ ਸ਼ਾਖਾ ਵਿੱਚ ਯੋਗ ਕਾਰਵਾਈ ਲਈ ਘੱਲਿਆ ਗਿਆ ਸੀ,ਪਰ ਕਿਸੇ ਨੇ ਵੀ ਏਸ ਗੱਲ ਦਾ ਖਿਆਲ ਨਹੀਂ ਸੀ ਕੀਤਾ ਕਿ ਮਾਮਲਾ ਤੁਰੰਤ ਧਿਆਨ ਦਿੱਤੇ ਜਾਣ ਦੀ ਮੰਗ ਕਰਦਾ ਸੀ। 6 ਅਪਰੈਲ ਨੂੰ ਜਾ ਕੇ ਜਦੋਂ ਕਿ ਪਹਿਲਾਂ ਹੀ ਦੇਰ ਹੋ ਗਈ ਸੀ ਕਿਸੇ ਨੇ ਫੋਨ ਚੁੱਕਿਆ ਤੇ ਕਾਰਵਾਈ ਆਰੰਭ ਹੋਈ ਸੀ। ਇਮੀਗਰੇਸ਼ਨ ਵਾਲੇ ਆਖਦੇ ਸਨ ਕਿ ਹੁਕਮਾਂ ਦੀ ਮਿਆਦ ਪੁੱਗ ਗਈ ਸੀ। ਅਤੇ ਉਹ ਉੱਪਰ ਤੋਂ ਨਵੇਂ ਹੁਕਮਾਂ ਦੀ ਉਡੀਕ ਕਰ ਰਹੇ ਸਨ ਪਰਧਾਨ ਮੰਤਰੀ ਨੇ ਸਾਰਿਆਂ ਤੋਂ ਜਵਾਬ ਤਲਬੀ ਕੀਤੀ,ਉਸਨੇ ਵੱਖ ਵੱਖ ਮਹਿਕਮਿਆਂ ਵਿਚਕਾਰ ਹੋਈ ਲਿਖਾ ਪੜ੍ਹੀ ਦੀਆਂ ਨਕਲਾਂ ਮੰਗਵਾਈਆਂ ਅਤੇ ਕੀਤੇ ਫੂਨਾਂ ਦਾ ਵੇਰਵਾ ਵੀ ਮੰਗਿਆ।

8 ਅਪਰੈਲ ਨੂੰ ਪ੍ਰਭਾਤ ਦੇ ਸਮੇਂ ਕਾਮਾਗਾਟਾ ਮਾਰੂ ਸ਼ੰਘਾਈ ਅਪੜ ਗਿਆ ਸੀ ਅਤੇ ਦਰਿਆ ਯਾਂਗ ਯਾਂਗਬੀਪੂ ਕਰਕਿ ਦੇ ਦਹਾਨੇ ਵਿਚ ਖਲੋ ਗਿਆ। ਬੀਰ ਸਿੰਘ ਉਥੇ ਪਹਿਲਾਂ ਹੀ ਮੌਜੂਦ ਸੀ ਕਿਉਂਕਿ ਉਹ ਸ਼ੰਘਾਈ ਨੂੰ ਮੁਸਾਫਰਾਂ ਦੀ ਭਰਤੀ ਕਰਨ ਲਈ ਆਇਆ ਹੋਇਆ ਸੀ। ਮੁਸਾਫਰ ਕਮੇਟੀ ਦਾ ਇੱਕ ਹੋਰ ਮੈਂਬਰ ਲਾਹੌਰ ਜ਼ਿਲੇ ਦਾ ਵਸਨੀਕ, ਹਰਿਨਾਮ ਸਿੰਘ ਖਾਬੜਾ, ਨੇ ਮਨੀਲਾ ਦਾ ਜਹਾਜ਼ ਫੜਿਆ ਸੀ ਅਤੇ ਉਸਨੇ ਤੇ ਹੋਰ ਮੁਸਾਫਰਾਂ ਨੇ ਜਾਪਾਨ ਦੇ ਮੋਜੀ ਦੇ ਅਸਥਾਨ ਤੇ ਕਾਮਾਗਾਟਾ ਮਾਰੂ ਨੂੰ ਮਿਲਣਾ ਸੀ। ਦੂਜੀ ਕਿਸ਼ਤ ਦੇ ਤਾਰਨ ਦੀ ਮਿਆਦ ਕਦੇ ਦੀ ਲੰਘ ਚੁੱਕੀ ਸੀ ਅਤੇ ਤੀਜੀ ਕਿਸ਼ਤ ਵੀ ਆ ਰਹੀ ਸੀ। ਗੁਰਦਿੱਤ ਸਿੰਘ ਕੋਲ ਉਹਨਾਂ ਦੀ ਅਦਾਇਗੀ ਲਈ ਪੈਸੇ ਨਹੀਂ ਸਨ। ਉਹ ਅਜਿਹਾ ਤਦ ਹੀ ਕਰ ਸਕਦਾ ਸੀ ਜੇਕਰ ਉਹ 100 ਹੋਰ ਮੁਸਾਫਰਾਂ ਤੋਂ ਕਿਰਾਏ ਦੇ ਪੈਸੇ ਉਗਰਾਹ ਸਕੇ।

ਤਿੰਨ ਦਿਨ ਪਿਛੋਂ "ਚਾਈਨਾ ਪਰੈਸ" ਦਾ ਇਕ ਨਾਮਾ ਨਗਾਰ ਜਹਾਜ਼ ਉੱਤੇ ਆਇਆ ਉਸ ਸਮੇਂ ਗੁਰਦਿੱਤ ਸਿੰਘ ਸੁੱਤਾ ਪਿਆ ਸੀ ਉਸ ਨੇ ਗੁਰਦਿੱਤ ਸਿੰਘ ਦੀ ਨੀਂਦ ਵਿਚ ਵਿਘਨ ਪਾਉਂਦਿਆ ਹੋਇਆ ਉਸ ਨਾਲ ਇੱਕ ਮੁਲਾਕਾਤ ਕੀਤੀ ਉਸਨੂੰ ਦੱਸਿਆ ਗਿਆ ਸੀ ਕਿ ਯਾਤਰਾ ਦਾ ਮੰਤਵ

ਅੰਗਰੇਜ਼ਾਂ ਦਾ ਇਨਸਾਫ ਦੀ ਪਰਖ ਕਰਨੀ ਸੀ ਕਿ ਉਹ ਕਿਸ ਤਰ੍ਹਾਂ ਦਾ ਸਲੂਕ ਅਪਣੀ ਸਾਰੀ ਪਰਜ਼ਾ ਨਾਲ ਕਰਦੇ ਹਨ "ਜੇਕਰ ਸਾਨੂੰ ਦਾਖਲ ਹੋਣ ਦਿੱਤਾ ਗਿਆ", ਗੁਰਦਿੱਤ ਸਿੰਘ ਨੇ ਆਖਿਆ ਸੀ "ਤਦ ਅਸੀਂ ਮੰਨਾਂਗੇ ਕਿ ਕੈਨੇਡਾ ਦੀ ਸਰਕਾਰ ਇਨਸਾਫ ਪਸੰਦ ਹੈ। ਜੇਕਰ ਸਾਨੂੰ ਡਿਪੋਰਟ ਕੀਤਾ ਗਿਆ ਤਾਂ ਅਸੀਂ ਸਰਕਾਰ ਤੇ ਮੁੱਕਦਮਾ ਚਲਾਵਾਂਗੇ। ਜੇਕਰ ਫਿਰ ਵੀ ਇਨਸਾਫ ਨਾ ਮਿਲਿਆ ਤਦ ਅਸੀਂ ਵਾਪਸੀ ਲਈ ਚਾਲੇ ਪਾ ਦੇਵਾਂਗੇ ਤੇ ਹਿੰਦੁਸਤਾਨ ਦੀ ਸਰਕਾਰ ਕੋਲ ਇਹ ਮਾਮਲਾ ਉਠਾਵਾਂਗੇ।

" ਫੇਰ ਕੀ ਹੋਵੇਗਾ?" ਪੱਤਰ ਪ੍ਰੇਰਕ ਨੇ ਪੁੱਛਿਆ ਸੀ। "ਇਸ ਦਾ ਮੈਂ ਉੱਤਰ ਨਹੀਂ ਦੇ ਸਕਦਾ," ਗੁਰਦਿੱਤ ਸਿੰਘ ਨੇ ਆਖਿਆ ਗੁਰਦਿੱਤ ਸਿੰਘ ਦੇ ਚਿਹਰੇ ਉੱਤੇ ਖੁਲ੍ਹੀ ਮੁਸਕਾਨ ਸੀ ਅਤੇ ਉਸਦੇ ਆਲੇ ਦੁਆਲੇ ਉਸਦੇ ਮਿੱਤਰ ਤੇ ਸਾਥੀ ਮੁਸਾਫਰ ਖਲੋਤੇ ਹੋਏ ਸਨ। ਉਹ ਸਾਰੇ ਦੇ ਸਾਰੇ ਹੀ ਇਸ ਉੱਤਰ ਤੇ ਹੱਸ ਰਹੇ ਸਨ। ਪਹਿਲੇ ਪ੍ਰੋਗਰਾਮ ਦੇ ਅਨੁਸਾਰ ਕਾਮਾਗਾਟਾ ਮਾਰੂ ਆਪਣੀ ਆਮਦ ਦੇ ਦੋ ਦਿਨਾਂ ਬਾਅਦ ਹੀ ਅਰਥਾਤ 10 ਅਪਰੈਲ ਨੂੰ ਰਵਾਨਾ ਹੋ ਜਾਣਾ ਸੀ ਪਰ ਕਿਉਂਕਿ ਅਜੇ ਉਤਨੇ ਮੁਸਾਫਰ ਨਹੀਂ ਸਨ ਹੋਏ ਜਿੰਨੀ ਕਿ ਲੋੜ ਸੀ। ਇਸੇ ਲਈ ਹੀ ਜਹਾਜ਼ ਦੀ ਰਵਾਨਗੀ ਵਿਚ ਦੇਰ ਹੋ ਗਈ।

ਗੁਰਦਿੱਤ ਸਿੰਘ, ਬੀਰ ਸਿੰਘ ਤੇ ਦਲਜੀਤ ਸਿੰਘ ਨੇ ਦੁਚਿੱਤੀ ਵਿਚ ਫਸੇ ਮੁਸਾਫਰਾਂ ਦੇ ਮਨਾਂ ਅੰਦਰ ।ਸਾਹਸ; ਭਰ ਦਿੱਤਾ "ਉਹਨਾਂ ਨੇ ਓਦੋਂ ਤੀਕਰ ਸਾਨੂੰ ਹਾਂਗਕਾਂਗ ਵਿੱਚ ਹੀ ਰੋਕੀ ਰੱਖਿਆ ਸੀ ਕਿਉਂਕਿ ਓਥੋਂ ਦਾ ਗਵਰਨਰ ਜੈਨਰਲ ਕੈਨੇਡਾ ਦੀ ਸਰਕਾਰ ਨੂੰ ਤਾਰ ਘੱਲਣੀ ਚਾਹੁੰਦਾ ਸੀ ਅਤੇ ਹਾਂਗਕਾਂਗ ਦੀ ਸਰਕਾਰ ਲੰਡਨ ਦੀ ਬਰਤਾਨਵੀ ਸਰਕਾਰ ਨਾਲ ਵੀ ਗੱਲ ਬਾਤ ਕਰਨੀ ਲੋੜਦੀ ਸੀ, ਇਸਤੋਂ ਪਿਛੋਂ ਹੀ ਸਾਨੂੰ ਰਵਾਨਾ ਹੋਣ ਦੀ ਇਜਾਜ਼ਤ ਮਿਲੀ ਸੀ। ਲੰਡਨ ਦੀ ਸਰਕਾਰ ਕਿਉਂ ਝੁਕੀ ਸੀ? ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਹਾਂਗਕਾਂਗ ਸਥਿੱਤ ਸਿੱਖ ਫੌਜਾਂ ਬਗਾਵਤ ਨਾ ਕਰ ਦੇਣ " ਦਲਜੀਤ ਸਿੰਘ ਨੇ ਉਹਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਹੋਇਆ ਆਖਿਆ ਸੀ "ਜੇਕਰ ਜਹਾਜ਼ ਨੂੰ ਵੈਨਕੂਵਰ ਤੋਂ ਮੋੜ ਦਿੱਤਾ ਗਿਆ ਤਾਂ ਕੀ ਹੋਵੇਗਾ" "ਹਿੰਦੋਸਤਾਨ ਵਿਚ ਇਨਕਲਾਬ ਹਿੰਦੁਸਤਾਨ ਵਿੱਚ ਬਗਾਵਤ ਹੋਵੇਗੀ " ਰਾਵਿਲ ਪਿੰਡੀ ਦੇ ਰਹਿਣ ਵਾਲੇ ਨਾਨਕ ਸਿੰਘ ਨੇ ਵੈਨਕੂਵਰ ਵਿੱਚ ਰਹਿ ਰਹੇ ਆਪਣੇ ਇੱਕ ਮਿੱਤਰ ਨੂੰ ਚਿੱਠੀ ਵਿਚ ਲਿਖਿਆ ਸੀ "ਮੈਂ ਬਜ਼ੁਰਗ ਗੁਰਦਿੱਤ ਸਿੰਘ ਦੇ ਜਹਾਜ਼ ਤੇ ਆ ਰਿਹਾ ਹਾਂ" ਇਹ ਨਾਨਕ ਸਿੰਘ, 15 ਅਪਰੈਲ ਨੂੰ ਸੰਘਾਈ ਤੋਂ 73 ਬੰਦਿਆਂ ਨਾਲ ਆ ਗਿਆ ਸੀ ਜੋ ਹਾਂਗਕਾਂਗ ਤੋਂ 165 ਹੋਰ ਮੁਸਾਫਰ ਨਾਲ ਮਿਲ ਗਏ ਸਨ। ਅਠੱਤੀ ਹੋਰ ਵਿਅਕਤੀ ਸਨ, ਜਿਹੜੇ ਕਿ ਆਪਣੇ ਆਪਣੇ ਕਿਰਾਏ ਦਾ ਪ੍ਰਬੰਧ ਕਰ ਰਹੇ ਸਨ ਅਤੇ ਉਹਨਾਂ ਨੇ ਮੌਜੀ ਦੇ ਅਸਥਾਨ ਤੇ ਜਹਾਜ਼ ਵਿਚ ਸਵਾਰ ਹੋਣਾ ਸੀ। ਦਲਜੀਤ ਸਿੰਘ ਉਹਨਾਂ ਦੀ ਰਵਾਨਗੀ ਦੇ ਪ੍ਰਬੰਧ ਕਰਨ ਲਈ ਪਿੱਛੇ ਰਹਿ ਪਿਆ ਸੀ। ਲੰਡਨ ਵਿਚ ਜਹਾਜ਼ ਦੇ ਬਿਉਰੇ ਬਾਬਤ ਜਰਮਨੀ ਦੇ ਅਖਬਾਰਾਂ ਤੋਂ ਪਤਾ ਲੱਗਿਆ ਸੀ। ਉਹਨਾਂ ਅਖਬਾਰਾਂ ਵਿੱਚ ਸ਼ੰਘਾਈ ਤੋਂ ਘੱਲੀ ਹੋਈ ਇੱਕ ਤਾਰ ਦੀ ਨਕਲ ਛਪੀ ਸੀ ਜਿਸਨੂੰ ਕਿ ਜਰਮਨੀ ਦੀ ਇੱਕ ਕੰਪਨੀ ਨੇ ਜਰਮਨੀ ਘੱਲਿਆ ਸੀ। ਇਸ ਖਬਰ ਨੂੰ ਮੌਂਟਰੀਅਲ ਸਟਾਰ ਤੋਂ ਵੈਨਕੂਵਰ ਦੇ ਰੋਜ਼ਾਨਾ ਅਖਬਾਰ 'ਪਰੌਵਿੰਸ' ਨੂੰ ਭੇਜਿਆ ਗਿਆ ਸੀ। ਇੱਕ ਪੱਤਰ ਪ੍ਰੇਰਕ ਇਸ ਖਬਰ ਨੂੰ ਲੈ ਕੇ ਗ੍ਰੀਡ ਦੇ ਕੋਲ ਗਿਆ ਤਾਂ ਜੋ ਉਸ ਤੋਂ ਇਸ ਸਬੰਧੀ ਉਸਦੀ ਟੀਕਾ ਟਿੱਪਣੀ ਪ੍ਰਾਪਤ ਕਰ ਸਕੇ "ਸੱਚੀ ਗੱਲ ਤਾਂ ਇਹ ਹੈ" ਗ੍ਰੀਡ ਨੇ ਆਖਿਆ ਸੀ" ਪਿਛਲੇ ਸਾਲ ਤੋਂ ਹੀ ਅਜਿਹੀਆਂ ਖਬਰਾਂ ਮਿਲਦੀਆਂ ਰਹੀਆਂ ਹਨ। ਇਹਨਾਂ ਅਫਵਾਹਾਂ ਵੱਲ ਅਸੀਂ ਉੱਕਾ ਹੀ ਧਿਆਨ ਨਹੀਂ ਦਿੰਦੇ"। 19 ਅਪਰੈਲ, ਐਤਵਾਰ ਵਾਲੇ ਦਿਨ ' ਕਾਮਾਗਾਟਾ ਮਾਰੂ' ਮੋਜੀ ਰੁਕਿਆ ਸੀ ਜੋ ਕਿਓਸ਼ੂ ਦੀਪ ਤੇ ਸਥਿਤ ਸੀ ਅਤੇ ਨਾਗਾਸਾਕੀ ਤੋਂ 210 ਕਿਲੋਮੀਅਰ ਦੀ ਦੂਰੀ ਸੀ। ਇਹ ਕੋਲੇ ਅਤੇ ਇਮਾਰਤੀ ਲਕੜੀ ਦੀ ਬੰਦਰਗਾਹ ਸੀ। ਹਰਿਨਾਮ ਸਿੰਘ ਅਤੇ ਮਨੀਲਾਂ ਤੋਂ ਆਉਣ ਵਾਲੇ ਹੋਰ 85 ਸਿੱਖ ਨਾਗਾਸਾਕੀ ਵਿੱਚ ਜਹਾਜ਼ ਦੀ ਉਡੀਕ ਕਰ ਰਹੇ ਸਨ। ਮੌਜੀ ਵਿੱਚ ਗੁਰਦਿੱਤ ਸਿੰਘ ਨੇ 2000 ਟਨ ਕੋਲੇ ਲਈ ਇਕ ਇਸ਼ਤਹਾਰ ਕੱਢਿਆ ਸੀ। ਇਹ ਮਾਤਰਾ ਵੈਨਕੂਵਰ ਤੱਕ ਅਤੇ ਉਥੋਂ ਮੁੜ ਕੇ ਆਉਣ ਲਈ ਕਾਫੀ ਸੀ ਗੁਰਦਿੱਤ ਸਿੰਘ ਲੋੜ ਤੋਂ ਵੱਧ ਕੋਲਾ ਨਹੀਂ ਸੀ ਲੈਣਾ ਚਾਹੁੰਦਾ। ਕਾਮਾਗਾਟਾ ਦੀ ਕੋਲੇ ਦੀ

ਖਪਤ 26 ਟਨ ਪ੍ਰਤੀਦਿਨ ਸੀ ਜਹਾਜ਼ ਸਮੁੰਦਰ ਉੱਤੇ ਧੀਮੀ ਗਤੀ ਨਾਲ ਚਲਦਾ ਸੀ ਅਤੇ ਇਸਨੂੰ ਠੀਕ ਗਤੀ ਤੇ ਚਲਾਉਣ ਲਈ ਭਾਰ ਦੀ ਜ਼ਰੂਰਤ ਸੀ। ਬਹੁਤ ਸਾਰੀਆਂ ਕੰਪਨੀਆਂ ਨੇ ਕੋਲੇ ਦੀ ਪੇਸ਼ ਕਸ਼ ਕੀਤੀ ਪਰ ਸਾਰੀਆਂ ਹੀ ਪੇਸ਼ਗੀ ਪੈਸੇ ਮੰਗਦੀਆਂ ਸਨ। ਗੁਰਦਿੱਤ ਸਿੰਘ ਕੋਵਲ 1000 ਕੋਲੇ ਦੇ ਪੈਸੇ ਦੇ ਸਕਦਾ ਸੀ। ਉਸਨੂੰ ਇਸ ਮਾਤਰਾ ਦਾ ਕੋਲਾ 21 ਅਪਰੈਲ ਨੂੰ ਦੇ ਦਿੱਤਾ ਗਿਆ ਸੀ। ਜਹਾਜ਼ ਦੀ ਅਗਲੀ ਕਿਸ਼ਤ ਅਰਥਾਤ 22,000 ਹਾਂਗਕਾਂਗੀ ਡਾਲਰ ਦੀ ਮਿਆਦ ਨੇੜੇ ਸੀ। ਮਾਲਕ ਦਬਾਅ ਪਾ ਰਹੇ ਸਨ। ਗੁਰਦਿੱਤ ਸਿੰਘ ਨੇ 17000 ਡਾਲਰ ਤਾਰ ਦਿੱਤੇ ਸਨ ਤੇ ਬਾਕੀ ਦੀ ਰਕਮ 28 ਅਪਰੈਲ ਤੱਕ ਤਾਰਨ ਦਾ ਇਕਰਾਰ ਕੀਤਾ ਸੀ। ਮੁਸਾਫਰਾਂ ਨੂੰ ਉਗਰਾਹੀ ਲਈ ਅਪੀਲ ਕੀਤੀ ਗਈ ਸੀ ਕਿਸ ਨੇ 25 ਡਾਲਰ ਤੇ ਕਿਸੇ ਨੇ 30 ਡਾਲਰ ਦਿੱਤੇ ਸਨ। ਇਸ ਤਰ੍ਹਾਂ ਉਗਰਾਹੀ ਦੀ ਰਕਮ 10,000 ਹਾਂਗਕਾਂਗੀ ਡਾਲਰ ਹੋ ਗਈ ਸੀ। ਦੇਣ ਵਾਲਿਆਂ ਨੂੰ ਰਸੀਦਾਂ ਦਿੱਤੀਆਂ ਗਈਆਂ ਸਨ। ਅਤੇ ਉਹਨਾਂ ਨੂੰ ਵਚਨ ਦਿੱਤਾ ਗਿਆ ਸੀ ਕਿ ਇਹ ਸਾਰੀ ਰਕਮ ਮੋੜ ਦਿੱਤੀ ਜਾਵੇਗੀ। ਵੈਨਕੂਵਰ ਦਾ ਖਾਲਸਾ ਦੀਵਾਨ ਇਸ ਦੀ ਅਦਾਇਗੀ ਕਰ ਦੇਵੇਗਾ ਨਹੀਂ ਤਾਂ ਮੈਂ ਆਪਣੇ ਕੋਲੋਂ ਮੋੜ ਦੇਵਾਂਗਾ।" ਗੁਰਦਿੱਤ ਸਿੰਘ ਨੇ ਆਖਿਆ ਸੀ 28 ਅਪਰੈਲ ਨੂੰ ਗੁਰਦਿੱਤ ਸਿੰਘ ਦੀ ਇਤਨੀ ਸਮਰੱਥਾ ਹੋ ਗਈ ਸੀ ਕਿ ਉਹ ਹੋਰ ਕੋਲਾ ਖਰੀਦਣ ਲਈ 2500 ਡਾਲਰ ਤਾਰ ਦੇਵੇ। ਜਹਾਜ਼ ਦੇ ਮਾਲਕਾਂ ਨੂੰ 5000 ਡਾਲਰਾਂ ਚੋਂ 4000 ਡਾਲਰ ਅਦਾ ਕਰ ਦਿੱਤੇ ਗਏ ਸਨ।ਇਸ ਸਮੇਂ ਕੋਲੋਂ ਦੇ ਮਾਲਕਾਂ ਚੋਂ ਇੱਕ ਨੇ ਉਸਦੀ ਮਦਦ ਕਰਨ ਹਿੱਤ ਹੱਥ ਵਧਾਇਆ ਸੀ। ਮੋਂਜੀ ਦੇ ਕੋਲੇ ਦੇ ਵਪਾਰੀਆਂ, ਮੈਸਰਜ ਠਰੂਕਾਵਾ, ਜਿਨ੍ਹਾਂ ਨੇ ਪਹਿਲਾਂ ਵੀ ਗੁਰਦਿੱਤ ਸਿੰਘ ਨੂੰ ਇਕ ਹਜ਼ਾਰ ਟਨ ਕੋਲਾ ਵੇਚਿਆ ਸੀ, ਹੋਰ 1500 ਟਨ ਕੋਲਾ, 7 ਜਾਂ $7.70 ਯੈੱਨ ਪ੍ਰਤੀ ਟਨ ਦੀ ਕੀਮਤ ਤੇ ਵੇਚਣ ਲਈ ਤਿਆਰ ਸਨ। (ਉਸਨੇ ਹਾਂਗਕਾਂਗ ਵਿਖੇ ਇਕ ਟਨ ਕੋਲੇ ਲਈ 10 ਡਾਲਰ ਦਿੱਤੇ ਸਨ ਤੇ 350 ਟਨ ਕੋਲਾ ਖਰੀਦਿਆ ਸੀ) ਗੁਰਦਿੱਤ ਸਿੰਘ ਕੋਲ ਅੱਠ ਹਜ਼ਾਰ ਯੈਨ ਘੱਟ ਸਨ। ਅਤੇ 'ਸ਼ਿਕਿਸੀ ਕਿਸਨ' ਦੇ ਮਿਸਟਰ ਅਕੀਰਾ ਨਾਗਾਟਾ, ਨੇ ਰਕਮ ਦੀ ਅਦਾਇਗੀ ਦੀ ਗਰੰਟੀ ਦੇ ਦਿੱਤੀ ਸੀ, ਅਤੇ ਉਸਨੇ ਕੋਲੇ ਦੇ ਬਦਲੇ ਲੀਅਨ ਲੈ ਗ ਲਿਆ ਸੀ। ਉਸਨੇ ਅਜਿਹਾ ਕਰ ਲਿਆ ਸੀ। ਭਾਵੇਂ ਉਸਨੂੰ ਪਤਾ ਸੀ ਕਿ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਤੋਂ ਮੋੜ ਦਿੱਤਾ ਜਾਣਾ ਸੰਭਵ ਸੀ। ਉਧਰ ਮੁਸਾਫਰ ਇਹਨਾਂ ਦਿਨਾਂ ਵਿੱਚ ਜਾਪਾਨ ਦੇਸ਼ ਦੇ ਕੁਦਰਤੀ ਨਜਾਰਿਆ ਨੂੰ ਮਾਣ ਰਹੇ ਸਨ ਉਹ ਜਾਪਾਨੀਆਂ ਦੇ ਅਸਚਰਜ ਸਲੂਕ ਤੱਕਦੇ ਤੇ ਅਚੰਭਤ ਰਹਿ ਜਾਂਦੇ ਸਨ। ਵਿਸ਼ੇਸ਼ ਤੌਰ ਤੇ ਜਦੋਂ ਉਹ ਜਾਪਾਨੀ ਇਸਤਰੀਆਂ ਦੇ ਖੁੱਲੇ ਵਤੀਰੇ ਨੂੰ ਦੇਖਦੇ ਸਨ ਉਹਨਾਂ ਪੰਜਾਬਣਾਂ ਇੰਜ ਕਰਦੀਆਂ ਕਦੀ ਨਹੀਂ ਸਨ ਤੱਕੀਆਂ। ਏਥੇ ਜਾਪਾਨਣਾਂ ਦੁਕਾਨਾਂ ਦੀਆਂ ਅਤੇ ਹੋਟਲਾਂ ਦੀਆਂ ਕਰਤਾ ਧਰਤਾ ਸਨ। ਉਹ ਬਦੇਸ਼ੀਆਂ ਨਾਲ ਇਉਂ ਗੱਲਾਂ ਕਰਦੀਆਂ ਸਨ ਤੇ ਹਸਦੀਆਂ ਸਨ ਜਿਵੇਂ ਕਿ ਉਹ ਉਹਨਾਂ ਨੂੰ ਚੰਰ ਚਿਰ ਤੋਂ ਜਾਣਦੀਆਂ ਹੋਣ। ਕੁਝ ਹਿੰਦੁਸਤਾਨੀ ਸਾਂਝੇ ਇਸ਼ਨਾਨ ਘਰਾਂ ਦੇ ਬਾਹਰ ਖਲੋਤੇ ਹੋਏ ਸਨ ਉਹਨਾਂ ਦੇ ਮਨ ਉਹਨਾਂ ਇਸਤਰੀਆਂ ਵੱਲ ਧਰੂਹੇ ਗਏ ਸਨ ਪਰ ਉਹਨਾਂ ਦਾ ਹੀਆ ਨਹੀਂ ਪੈਂਦਾ ਸੀ ਕਿ ਉਹ ਨੰਗੇਜ਼ ਅਵਸਥਾ ਵਿੱਚ ਅੰਦਰ ਚਲੇ ਜਾਣ ਆਪਣੀਆਂ ਨਿਕਰਾਂ ਪਾਈ ਰੱਖਣੀਆਂ ਚਾਹੁੰਦੇ ਸਨ ਪਰ ਓਥੋਂ ਦੀ ਇੰਚਾਰਜ ਇਸਤਰੀ ਨੇ ਮੁਸਕਰਾਉਂਦਿਆਂ ਹੋਇਆ ਉਹਨਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਗੁਰਦਿੱਤ ਸਿੰਘ ਦੇ ਦੋਸਤਾਂ ਵਿੱਚੋਂ ਇੱਕ ਨੇ ਇਕ ਦਰਮਿਆਨੀ ਉਮਰ ਦੀ ਰੈਸਤੋਰਾਂ ਦੀ ਮੈਨੇਜਰ ਨੂੰ ਜਿਥੇ ਉਹ ਚਾਹ ਪੀਣ ਗਏ ਸਨ ਪੁੱਛਿਆ "ਏਥੇ ਇਤਨੀ ਜਿਨਸੀ ਖੁੱਲ ਕਿਉਂ ਹੈ"? ਪਰ ਉਤਰ ਨਾਲ ਉਹਨਾਂ ਦੀ ਤਸੱਲੀ ਨ ਹੋਈ। ਜਿੱਥੋ ਤੀਕਰ ਗੁਰਦਿੱਤ ਸਿੰਘ ਦੀ ਵਿਚਾਰਧਾਰਾ ਸੀ ਉਸ ਅਨੁਸਾਰ ਜਾਪਾਨੀ ਜ਼ਜ਼ੀਰੇ ਨੀਵੇਂ ਇਖਲਾਕ ਦੇ ਕੇਂਦਰ ਸਨ। ਗੁਰਦਿੱਤ ਸਿੰਘ ਦੇ ਅਨੇਕਾ ਹੀ ਸਾਥੀ ਇਸ ਗੱਲ ਨਾਲ ਸਹਿਮਤ ਸਨ ਪਰ ਉਹਨਾ ਚੋਂ ਕੁਝ ਆਪਣੀ ਮੋਂਜੀ ਵਿਚ ਠਹਿਰ ਦੇ ਸਮੇਂ ਯੋਸ਼ੀਵਾਲਾ ਚਲੇ ਗਏ ਸਨ ਇਹ ਸ਼ਹਿਰ ਦਾ 'ਲਾਲ-ਰੌਸਨੀ' ਵਾਲਾ ਇਲਾਕਾ ਸੀ ਤੇ ਮੁਸਾਫਰਾਂ ਵਿਚੋਂ ਕਈਆਂ ਨੇ ਗੁਪਤ ਰੋਗ ਸਹੇੜ ਲਏ ਸਨ ਮੋਜੀ ਤੋਂ ਕੁਝ ਦੂਰੀ ਤੇ ਸ਼ੀਮੋਕੋਸੈਕੀ ਦਾ ਜ਼ਜ਼ੀਰਾ ਸੀ। ਉਥੇ ਇੱਕ ਹੋਟਲ ਵਿਚ Y.SAto, ਸਿਨਿਆਈ ਕਿਸ਼ਨ ਕੈਸਾ ਦੇ ਏਜੰਟ ਅਤੇ ਕੁਝ ਹੋਰ ਜਾਪਾਨੀ ਪਤਵੰਤਿਆ ਨੇ ਗੁਰਦਿੱਤ ਸਿੰਘ ਦੇ ਸਨਮਾਨ ਵਿਚ ਪਾਰਟੀ ਕੀਤੀ। ਹੋਟਲ ਨੂੰ ਕਿਸੇ ਇਤਿਹਾਸਕ ਸੰਬੰਧਾਂ ਦੇ ਕਾਰਣ ਚੁਣਿਆ ਗਿਆ ਸੀ।

(ਏਥੇ 1905 ਦੇ ਯੁੱਧ ਪਿੱਛੋਂ ਰੂਸ ਅਤੇ ਚੀਨ ਤੇ ਜਾਪਾਨ ਵਿਚਕਾਰ ਇੱਕ ਸੰਧੀਨਾਮੇ ਤੇ ਦਸਤਖਤ ਹੋਏ ਸਨ) ਇਸ ਪ੍ਰੀਤੀ ਭੋਜਨ ਤੇ ਭਾਸ਼ਨ ਹੋਏ ਸਨ ਤੇ ਜਾਪਾਨੀ ਨਾਚੀਆਂ ਨੇ ਨਾਚ ਵਿਆਖਿਆ ਸੀ। ਗੁਰਦਿੱਤ ਸਿੰਘ ਦੇ ਮੇਜ਼ਬਾਨਾ ਨੇ ਆਖਿਆ ਸੀ।"ਸਾਨੂੰ ਆਸ ਹੈ ਕਿ ਹਿੰਦੁਸਤਾਨ ਜਾਗਰਤੀ ਵਿਚ ਆਵੇਗਾ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤਰੋੜ ਮਰੋੜ ਸੁੱਟੇਗਾ। ਕਿਉਂਕਿ ਜਾਪਾਨੀ ਇੰਜ ਕਰਨ ਵਿੱਚ ਉਹਨਾਂ ਦੀ ਹਰ ਸਭੰਵ ਮਦਦ ਕਰਨਗੇ। ਜਾਪਾਨੀ, ਚੀਨੀ ਤੇ ਹਿੰਦੁਸਤਾਨੀ ਇਤਨੀਆਂ ਸ਼ਕਤੀਆਂ ਦੇ ਮਾਲਕ ਬਣ ਜਾਣਗੇ ਕਿ ਉਹ ਸਮੁੱਚੇ ਯੂਰਪ ਦੇ ਦੇਸ਼ਾਂ ਨੂੰ ਪੈਰਾਂ ਹੇਠ ਲਿਤਾੜ ਕੇ ਰੱਖ ਦੇਣਗੇ। ਗੁਰਦਿੱਤ ਸਿੰਘ ਨੇ ਇਸਦਾ ਭਰਪੂਰ ਸਮਰਥਨ ਕੀਤਾ ਅਤੇ ਉਸਨੇ ਆਖਿਆ ਸੀ, "ਜੇਕਰ ਅੰਗਰੇਜ਼ਾਂ ਨੇ ਕਾਮਾਗਾਟਾ ਮਾਰੂ ਜਹਾਜ਼ ਦੀ ਰਵਾਨਗੀ ਵਿੱਚ ਰੋੜੇ ਖੜੇ ਕੀਤੇ ਤਾਂ ਹਿੰਦੋਸਤਾਨੀ ਸਰਕਾਰ ਨੂੰ ਦਸ ਹਜ਼ਾਰ ਫੌਜੀਆਂ ਵਲੋਂ ਕ੍ਰਾਂਤੀ ਦੀ ਧਮਕੀ ਮਿਲੀ ਹੋਈ ਹੈ।

ਸ਼ੰਘਾਈ ਤੇ ਮੌਜੀ ਦੇ ਅਸਥਾਨ ਤੇ ਗੁਰਦਿੱਤ ਸਿੰਘ ਅਤੇ ਉਸਦੇ ਮਿੱਤਰ 'ਗਦਰ' ਤੇ ਹੋਰ ਇਨਕਲਾਬੀ ਸਾਹਿਤ ਤੇ ਬੰਡਲਾ ਦੇ ਬੰਡਲ ਜਹਾਜ਼ ਵਿੱਚ ਲੈ ਆਏ ਸਨ। ਜਦੋਂ ਕਦੀ ਮੁਸਾਫਰ ਇਕੱਠੇ ਹੁੰਦੇ ਸਨ ਤਾਂ ਗਦਰ ਜਾਂ ਇਨਕਲਾਬੀ ਸਾਹਿਤ ਦੇ ਸੰਗਠਨ ਗਦਰ ਦੀ ਗੂੰਜ ਵਿੱਚੋਂ ਕਵਿਤਾਵਾਂ ਗਾਂਵੀਆਂ ਜਾਂਦੀਆਂ ਸਨ ਉਹਨਾਂ ਦੀ ਵਿਆਖਿਆ ਕੀਤੀ ਜਾਂਦੀ ਸੀ ਸਾਰ ਪੇਸ਼ ਕੀਤਾ ਜਾਂਦਾ ਸੀ ਤੇ ਵਿਸਥਾਰ ਨਾਲ ਬਿਆਨਿਆ ਜਾਂਦਾ ਸੀ ਉਹਨਾਂ ਤੇ ਟੀਕਾ ਟਿੱਪਣੀ ਵੀ ਕੀਤੀ ਜਾਂਦੀ ਸੀ ਅੰਗਰੇਜ਼ਾਂ ਦੀ ਭੰਡੀ ਅਤੇ ਕਰਾਂਤੀ ਦੇ ਆਗਮਨ ਦੀ ਭਵਿੱਖ ਬਾਣੀ ਕੀਤੀ ਹੁੰਦੀ ਸੀ। ਜਿਹੜੇ ਲੋਕ ਸਿੱਧੇ ਹੀ ਪਿੰਡਾਂ ਚੋਂ ਆਏ ਸਨ ਉਹਨਾਂ ਲਈ ਇਹ ਸਭ ਕੁਝ ਨਵਾਂ ਸੀ ਤੇ ਉਹ ਇਹਨਾਂ ਖਿਆਲਾਂ ਨੂੰ ਅਪਣਾਉਣ ਵਿੱਚ ਮੁਸ਼ਕਲ ਅਨੁਭਵ ਕਰਦੇ ਸਨ। ਜਿਹੜੇ ਕਿ ਇੱਕ ਦੋ ਸਾਲਾਂ ਤੋਂ ਦੂਰ ਪੂਰਬ ਵਿੱਚ ਰਹਿੰਦੇ ਰਹੇ ਸਨ ਉਹ ਇਹਨਾਂ ਗੱਲਾਂ ਤੋਂ ਸਾਲ ਦੋ ਸਾਲਾਂ ਤੋਂ ਜਾਣੂ ਸਨ ਅਤੇ ਸੁਣਨ ਲਈ ਤਿਆਰ ਸਨ

ਮੌਜੀ ਦੇ ਠਹਿਰਾਉ ਸਮੇਂ ਬਲਵੰਤ ਸਿੰਘ ਖੁਰਦ ਪੁਰਾ, ਜਹਾਜ਼ ਤੇ ਆਇਆ ਸੀ ਅਤੇ ਉਸਨੇ ਦੋ ਵਾਰ ਲੈਕਚਰ ਦਿੱਤੇ ਸਨ। ਬਲਵੰਤ ਸਿੰਘ ਜਿਹੜਾ ਕਿ ਆਯੂ ਦੇ ਮੁਢਲੇ ਤੀਹਾਂ ਵਿੱਚ ਸੀ ਲੰਮਾ ਤੇ ਸਨੁੱਖਾ ਗੱਭਰੂ ਸੀ, ਵੈਨਕੂਵਰ ਦੇ ਗੁਰਦੁਆਰੇ ਦਾ ਗਰੰਥੀ ਸੀ। ਇਹ ਉਹੀ ਬਲਵੰਤ ਸਿੰਘ ਸੀ ਜਿਹੜਾ 1912 ਵਿਚ ਆਪਣਾ ਟੱਬਰ ਲਿਆਇਆ ਸੀ ਅਤੇ ਜਿਸਨੇ ਭਾਗ ਸਿੰਘ ਨਾਲ ਰਲਕੇ ਖਲਬਲੀ ਮਚਾ ਦਿੱਤੀ ਸੀ। ਮਾਰਚ 1913 ਵਿੱਚ ਉਹ ਅਤੇ ਉਸਦੇ ਦੋ ਸਾਥੀ ਇੰਗਲੈਂਡ ਗਏ ਸਨ ਤੇ ਉਥੇ ਉਹਨਾਂ ਨੇ ਸ਼ਰੇਆਮ ਪਬਲਿਕ ਨੂੰ ਹਿੰਦੁਸਤਾਨੀਆਂ ਦੀ ਕੈਨੇਡਾ ਵਿਚ ਦੁਰਦਿਸ਼ਾ ਬਾਰੇ ਦੱਸਿਆ ਸੀ ਉਹ ਪੈਰਸ ਤੇ ਮਾਰਸੇਲਜ਼ ਦੇ ਰਸਤੇ ਹਿੰਦੁਸਤਾਨ ਗਏ ਸਨ। 1913 ਦੀ ਗਰਮੀ ਅਤੇ ਪਤਝੱੜ ਰੁੱਤ ਦੇ ਦਰਮਿਆਨੀ ਅਰਸੇ ਵਿਚ ਉਹਨਾਂ ਨੇ ਪੰਜਾਬ ਵਿੱਚ ਸਮੇਲਣ ਕੀਤੇ ਅਤੇ ਹੌਸਲੇ ਨਾਲ ਕੈਨੇਡਾ ਨਾਲ ਹਿੰਦੁਸਤਾਨ ਦੀ ਸਰਕਾਰ ਤੇ ਹਮਲੇ ਕੀਤੇ ਸਨ। ਲਾਹੌਰ ਦੇ ਬਰਾਡਲੇ ਹਾਲ ਵਿਚ ਇਕ ਵੱਡੀ ਤੇ ਜੋਸ਼ੀਲੀ ਮੀਟਿੰਗ ਹੋਈ ਸੀ ਜਿਸ ਵਿਚ ਬਲਵੰਤ ਸਿੰਘ ਨੇ ਇੱਕ ਕਹਾਵਤ ਦਾ ਬਿਆਨ ਕੀਤਾ "ਤੁਹਾਡੇ ਦੁਆਲੇ ਲਿਪਟੇ ਸੱਪ ਨੂੰ ਲਾਹੁਣ ਦਾ ਢੰਗ ਇਹ ਹੈ ਕਿ ਉਸ ਦੀ ਸਿਰੀ ਕੰਢਿਆਂ ਤੇ ਰਗੜ ਦੇਵੋ।" ਪੰਜਾਬ ਦੇ ਗਵਰਨਰ ਨੇ ਖੁਦ ਤਾੜਣਾ ਕੀਤੀ ਸੀ ਕਿ ਅਜੇਹੀਆਂ ਭੜਕਾਊ ਤਕਰੀਰਾਂ ਬੰਦ ਕੀਤੀਆਂ ਜਾਣ ਨਹੀਂ ਤਾਂ ਗੰਭੀਰ ਸਿੱਟੇ ਭੁਗਤਣੇ ਪੈਣਗੇ।" ਬਲਵੰਤ ਸਿੰਘ ਤੇ ਉਸਦੇ ਡੈਲੀਗੇਸ਼ਨ ਦੇ ਮੈਂਬਰਾਂ ਨੇ ਗਵਰਨਰ ਨਾਲ ਮੁਲਾਕਾਤ ਕਰਨ ਦਾ ਮੁਤਾਲਬਾ ਕੀਤਾ ਸੀ ਤੇ ਗਵਰਨਰ, ਸਰ ਮਾਈਕਲ ਓਡਵਾਇਰ ਨੇ ਉਹਨਾਂ ਦੀ ਇਹ ਗੱਲ ਮੰਨ ਲਈ ਸੀ ਉਹਨਾਂ ਨੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਮਿਲਣ ਦੀ ਇੱਛਾ ਪ੍ਰਗਟ ਕੀਤੀ ਤੇ ਉਹ ਵੀ ਸਵੀਕਾਰ ਕਰ ਲਈ ਗਈ ਉਹਨਾਂ ਨੇ ਹਫੜਾ ਤਫੜੀ ਪਾ ਦਿੱਤੀ ਸੀ। ਹੁਣ ਬਲਵੰਤ ਸਿੰਘ ਕੈਨੇਡਾ ਨੂੰ ਪਰਤ ਰਿਹਾ ਸੀ ਕਾਮਾਗਾਟਾ ਮਾਰੂ ਦੀ ਰਵਾਨਗੀ ਤੋਂ ਕੁਝ ਦਿਨਾਂ ਪਿੱਛੋਂ ਉਹ ਹਾਂਗਕਾਂਗ ਅਪੜਿਆ ਸੀ ਤੇ ਮੋਜੀ ਦੀ ਬੰਦਰਗਾਹ ਤੇ ਉਸਨੇ ਇਹ ਜਹਾਜ਼ ਫੜ੍ਹ ਲਿਆ ਸੀ।

ਜਦੋਂ ਕਾਮਾਗਾਟਾ ਮਾਰੂ ਜਾਪਾਨੀ ਦੀਪਾਂ ਦੇ ਆਲੇ ਦੁਆਲੇ ਭਉਦਾ ਹੋਇਆ ਯੋਕਾਹਾਮਾ

ਪੁੱਜਿਆ ਤਾ ਗੁਰਦਿੱਤ ਸਿੰਘ ਅਤੇ ਬਲਵੰਤ ਸਿੰਘ ਰੇਲ ਗੱਡੀ ਰਾਹੀਂ ਕੋਬੇ ਗਏ,ਏਥੇ ਸ਼ੀਨੀਆਈ ਕਿਸਨ ਕੈਸਾ ਦਾ ਘਰ ਸੀ ਗੁਰਦਿੱਤ ਸਿੰਘ ਨੇ ਉਥੇ ਇਕ ਸੰਧੀਨਾਮੇ ਤੇ ਦਸਤਖਤ ਕੀਤੇ ਸਨ ਜਿਸ ਅਨੁਸਾਰ ਜਹਾਜ਼ ਦੇ ਕਰਾਏ ਦੀ ਆਖਰੀ ਕਿਸ਼ਤ ਦੀ ਅਦਾਇਗੀ 28 ਮਈ ਦੀ ਥਾਂ 11 ਜੂਨ ਮਿਥੀ ਗਈ ਸੀ। ਇਹ ਤਬਦੀਲੀ ਜ਼ਰੂਰੀ ਸੀ। ਕਿਉਂਕਿ ਜਹਾਜ਼ ਨਿਸ਼ਚਿਤ ਪ੍ਰੋਗਰਾਮ ਤੋਂ ਇੱਕ ਹਫਤਾ ਲੇਟ ਸੀ। ਕੋਬੇ ਤੋਂ ਦੋਵੇਂ ਯੋਕੋਹਾਮਾ ਗਏ ਸੀ। ਜਿਥੇ ਕਾਮਾਗਾਟਾ ਮਾਰੂ ਉਹਨਾਂ ਦੀ ਉਡੀਕ ਕਰ ਰਿਹਾ ਸੀ। ਬਲਵੰਤ ਸਿੰਘ ਜਹਾਜ਼ ਓਸਾਕਾ ਸ਼ੋਸਨ ਕੈਸਾ ਤੇ ਸਵਾਰ ਹੋ ਕੇ ਵਿਕਟੋਰੀਆ ਜਾ ਰਿਹਾ ਸੀ ਅਤੇ ਉਸਨੇ ਗੁਰਦਿੱਤ ਸਿੰਘ ਤੇ ਜ਼ੋਰ ਪਾਇਆ ਸੀ ਕਿ ਉਹ ਉਸਦੇ ਨਾਲ ਚੱਲੇ। ਇਸ ਤਰ੍ਹਾਂ ਕਰਨ ਨਾਲ ਉਹ ਜਲਦੀ ਨਾਲ ਸਫਰ ਮੁਕਾ ਲੈਣਗੇ ਤੇ ਕਾਮਾਗਾਟਾ ਮਾਰੂ ਦੇ ਕੈਨੇਡਾ ਅਪੜਣ ਤੋਂ ਪਹਿਲਾਂ ਹੀ ਗੁਰਦਿੱਤ ਸਿੰਘ ਕੈਨੇਡਾ ਚਲਿਆ ਜਾਵੇਗਾ ਪ੍ਰੰਤੂ ਮੁਸਾਫਰ ਸਹਿਮਤ ਨਹੀਂ ਸਨ ਹੋਏ ਤੇ ਗੁਰਦਿੱਤ ਸਿੰਘ ਆਪਣੇ ਸਾਥੀ ਮੁਸਾਫਰਾਂ ਨਾਲ ਹੀ ਰਹਿ ਪਿਆ ਸੀ।

ਕੁਝ ਲੋਕ ਕਾਮਾਗਾਟਾ ਮਾਰੂ ਦੀ ਰਵਾਨਗੀ ਪਿੱਛੋਂ ਹਾਂਗਕਾਂਗ ਪੁੱਜੇ ਸਨ ਤੇ ਉਹਨਾਂ ਨੇ ਪਹਿਲਾਂ ਹੀ ਤਾਰ ਦੇ ਦਿੱਤੀ ਕਿ ਉਹਨਾਂ ਦੀ ਉਡੀਕ ਕੀਤੀ ਜਾਵੇ। 14 ਮੁਸਾਫਰਾਂ ਦੀ ਇਹ ਟੋਲੀ ਯੋਕਾਹਾਮਾ ਦੀ ਬੰਦਰਗਾਹ ਤੇ ਕਾਮਾਗਾਟਾ ਵਿਚ ਸਵਾਰ ਹੋਈ। ਇਸ ਨਾਲ ਮੁਸਾਫਰਾਂ ਦੀ ਕੁਲ ਗਿਣਤੀ 376 ਹੋ ਗਈ ਉਹਨਾਂ ਵਿਚ 24 ਮੁਸਲਮਾਨ 12 ਹਿੰਦੂ ਅਤੇ 340 ਸਿੱਖ ਸਨ। ਮੁਸਲਮਾਨ ਪੱਛਮੀ ਪੰਜਾਬ ਦੇ ਸ਼ਾਹਪੁਰ ਜ਼ਿਲੇ ਦੇ ਸਨ ਕੋਈ ਕੋਈ ਸਿੱਖ ਰਾਵਲਪਿੰਡੀ ਦੀ ਉੱਚ ਸਤਰ ਵਾਲੀ ਧਰਤੀ ਤੋਂ ਸੀ ਜਾਂ ਅੰਬਾਲੇ ਦੇ ਅਰਧ ਪਹਾੜੀ ਇਲਾਕੇ ਹਿਸਾਰ ਤੋਂ ਜਾਂ ਸਿਆਲਕੋਟ ਦੇ ਪਹਾੜੀ ਇਲਾਕੇ ਤੋਂ ਸੀ ਪਰ ਜ਼ਿਆਦਾ ਸਿੱਖ ਪੰਜਾਬ ਦੇ ਮੱਧ ਇਲਾਕਿਆਂ ਦੇ ਸਨ ਜਿਥੇ ਦੀ ਮਿੱਟੀ ਅਤਿ ਉਪਜਾਊ ਸੀ। ਉਹ ਅੰਮ੍ਰਿਤਸਰ, ਪਟਿਆਲਾ, ਫੀਰੋਜ਼ਪੁਰ, ਲੁਧਿਆਣਾ, ਜਲੰਧਰ ਅਤੇ ਲਾਹੌਰ ਦੇ ਜ਼ਿਲਿਆ ਦੇ ਸਨ। ਇਹ ਜਿਲੇ ਸਿੱਖਾਂ ਦੀ ਹੋਮਲੈਂਡ ਦਾ ਦਿਲ ਸਨ। ਜ਼ਿਆਦਾ ਗਿਣਤੀ ਅੰਮ੍ਰਿਤਸਰ ਦੇ ਇਲਾਕੇ ਦੀ ਸੀ। ਇਹ ਗੁਰਦਿੱਤ ਸਿੰਘ ਦਾ ਆਪਣਾ ਜ਼ਿਲ੍ਹਾ ਸੀ। ਇਥੇ ਚਿਰਾਂ ਤੋਂ ਹੋ ਰਹੀ ਪੈਦਾਵਰ ਅਤੇ ਮਾੜੇ ਨਿਕਾਸੀ ਪ੍ਰਬੰਧ ਨੇ ਪਿਛਲੇ 10 ਸਾਲਾਂ ਤੋਂ ਆਪਣੀ ਧਰਤ ਛੱਡਣ ਲਈ ਮਜਬੂਰ ਕਰ ਦਿੱਤਾ ਸੀ।

ਪੰਦਰਾਂ ਨੂੰ ਛੱਡ ਕੇ ਬਾਕੀ ਸਾਰੇ ਦੇ ਸਾਰੇ ਹੇਠਲੇ ਡੈਂਕ ਤੇ ਪੈਂਦੇ ਸਨ। ਉਹਨਾਂ ਦਾ ਸਾਂਝਾ ਲੰਗਰ ਸੀ ਗੁਰਦਿੱਤ ਸਿੰਘ ਤੇ ਉਸਦਾ ਛੋਟੀ ਉਮਰ ਦਾ ਪੁੱਤਰ ਇੱਕ ਕੈਬਨ ਵਿਚ ਰਹਿੰਦੇ ਸਨ। ਇੱਕ ਹੋਰ ਕੈਬਨ ਵਿਚ ਡਾਕਟਰ ਰਘੁਨਾਥ ਸਿੰਘ ਜਿਹੜਾ ਹਾਂਗਕਾਂਗ ਦੀ ਅੱਠਵੀਂ ਰਾਜਪੂਤ ਰੈਂਜਮੈਂਟ ਤੋਂ ਛੁੱਟੀ ਤੇ ਆਇਆ ਹੋਇਆ ਸੀ ਉਸਦੀ ਇਸਤਰੀ ਤੇ ਉਹਨਾਂ ਦਾ ਬੱਚਾ ਸੀ। ਇੱਕ ਹੋਰ ਮੁਸਾਫਰ ਅੰਮ੍ਰਿਤਸਰ ਜਿਲ੍ਹੇ ਦੇ ਟਿੱਮਨਵਾਲ ਪਿੰਡ ਦੇ ਵਸਨੀਕ ਸੁੰਦਰ ਸਿੰਘ ਨੂੰ ਕੈਬਨ ਦਿੱਤੀ ਗਈ ਸੀ। ਉਸਨੇ ਨਾਲ ਉਸਦੀ ਧਰਮ ਪਤਨੀ ਇੱਕ ਲੜਕਾ ਤੇ ਇਕ ਲੜਕੀ ਸੀ। ਦੂਜੀਆਂ ਕੈਬਨਾਂ ਦਲਜੀਤ ਸਿੰਘ, ਬੀਰ ਸਿੰਘ, ਹਰਨਾਮ ਸਿੰਘ ਖਾਬੜਾ, ਅਮੀਰ ਮਹੁੱਮਦ ਖਾਂ, ਲੁਧਿਆਣਾ ਨੂੰ ਦਿੱਤੀਆਂ ਗਈਆਂ ਸਨ ਕਿਉਂਕਿ ਉਹਨਾਂ ਨੇ ਇਸ ਸਫਰ ਦੇ ਜਥੇਬੰਦ ਕਰਨ ਵਿਚ ਅਗਵਾਈ ਕੀਤੀ ਸੀ। ਕੈਬਨਾਂ ਵਿਚਲੇ ਲੋਕ ਕੋਈ ਫਾਲਤੂ ਰਕਮ ਅਦਾ ਨਹੀਂ ਕਰਦੇ ਸਨ ਅਤੇ ਮੁਸਾਫਰਾਂ ਦੇ ਸੁਭਾ ਇਸ ਤਰ੍ਹਾਂ ਦੇ ਸਨ ਕਿ ਕੋਈ ਸ਼ਕਾਇਤ ਨਹੀਂ ਕਰਦਾ ਸੀ।

ਭਗਵਾਨ ਸਿੰਘ ਜਾਖ ਜਿਸਨੂੰ ਕਿ ਵਿਕਟੋਰੀਆ ਦੀ ਬੰਦਰਗਾਹ ਤੇ ਹੱਥ ਕੜੀ ਮਾਰੀ ਗਈ ਸੀ ਅਤੇ ਉਸਨੂੰ ਬੰਦੀ ਬਣਾ ਕੇ ਜਬਰਦਸਤੀ 'ਐਪਰੈਸ ਆਫ ਜਾਪਾਨ' ਵਿੱਚ ਸੁੱਟ ਦਿੱਤਾ ਗਿਆ ਸੀ, ਯੋਕੋਹਾਮਾ ਆ ਕੇ ਜਹਾਜ਼ ਚੋਂ ਭਜ ਗਿਆ ਸੀ ਅਤੇ ਪੰਜ ਮਹੀਨਿਆਂ ਤੋਂ ਉਥੇ ਹੀ ਰਹਿ ਰਿਹਾ ਸੀ ਅਤੇ ਮੁੜ ਉੱਤਰੀ ਅਮਰੀਕਾ ਵਿਚ ਦਾਖਲ ਹੋਣ ਦੀ ਵਿਉਂਤ ਬਣਾ ਰਿਹਾ ਸੀ ਉਹ ਮੌਲਵੀ ਬਰਕਤੁੱਲਾ ਕੋਲ ਰਹਿੰਦਾ ਸੀ ਜਿਹੜਾ ਕਿ ਪਹਿਲਾਂ ਟੋਕੀਓ ਯੂਨੀਵਰਸਿਟੀ ਵਿਚ ਹਿੰਦੁਸਤਾਨੀ ਭਾਸ਼ਾ ਦਾ ਪ੍ਰੋਫੈਸਰ ਸੀ ਉਹ ਭੂਪਾਲ ਸਟੇਟ ਤੋਂ ਮਿਲੀਟੈਂਟ ਅਤੇ ਪੈਨ-ਇਸਲਾਮੀ ਝੁਕਾਵਾ ਦਾ ਸੀ ਅਤੇ ਉਸ ਦੇ ਅਤਿਵਾਦੀ ਝੁਕਾਵਾਂ ਕਾਰਨ ਉਸਨੂੰ ਯੂਨੀਵਰਸਿਟੀ ਤੋਂ ਹਟਾ ਦਿੱਤਾ ਗਿਆ ਸੀ। ਭਗਵਾਨ ਸਿੰਘ ਤੇ ਮੌਲਵੀ ਦੇਵੋਂ ਹੀ "ਗਦਰ" ਦੇ ਨਵੇਂ ਅੰਕ ਲੈ ਕੇ ਕਾਮਾਗਾਟਾ ਮਾਰੂ ਤੇ ਆਏ ਸਨ ਭਗਵਾਨ ਸਿੰਘ ਨੇ ਇਕ ਭੜਕਾਊ ਭਾਸ਼ਨ ਦਿੱਤਾ ਪਰ ਉਸ ਨੇ ਗੁਰਦਿੱਤ ਸਿੰਘ ਨੂੰ ਕੁਝ ਨਿਰਾਸ਼ਾਵਾਦੀ ਸ਼ਬਦ ਆਖਦਿਆਂ ਕਿਹਾ "ਤੁਹਾਨੂੰ ਉਤਰਨ ਦੀ

ਆਗਿਆ ਨਹੀਂ ਮਿਲੇਗੀ । ਕੈਨੇਡਾ ਦੀ ਸਰਕਾਰ ਨੇ ਇਸਦਾ ਨਿਰਨਾ ਕੀਤਾ ਹੋਇਆ ਹੈ । " ਪਰ ਜੇ ਗੁਰਦਿੱਤ ਸਿੰਘ ਨੂੰ ਆਪਣੇ ਆਪ ਉੱਤੇ ਅਤੇ ਰੱਬ ਦੀ ਮਰਜ਼ੀ ਉੱਤੇ ਭਰੋਸਾ ਨਾ ਹੁੰਦਾ ਤਾਂ ਏਥੋਂ ਤੱਕ ਨਾ ਪਹੁੰਚਦਾ; ਇਹ ਸਫਰ ਕੈਨੇਡਾ ਸਰਕਾਰ ਦੀਆਂ ਰੱਖੀਆਂ ਹੋਈਆਂ ਸ਼ਰਤਾਂ ਦੇ ਐਨ ਮੁਤਾਬਕ ਹੈ ਦੁਨੀਆਂ ਦੀ ਕੋਈ ਸ਼ਕਤੀ ਸਾਨੂੰ ਵੈਨਕੂਵਰ ਤੇ ਉਤਰਨ ਤੋਂ ਰੋਕ ਨਹੀਂ ਸਕਦੀ ।"

ਜਪਾਨ ਵਿਚ ਸਥਿਤ ਬਰਤਾਨਵੀ ਕੌਂਸਲ ਜੈਨਰਲ ਨੇ ਕੈਨੇਡਾ ਸਰਕਾਰ ਨੂੰ ਨੂੰ ਸਾਰੀ ਸੂਚਨਾ ਦੇ ਦਿਤੀ ਸੀ। ਦੋ ਮਈ ਸਨਿਚਰਵਾਰ ਨੂੰ ਜਹਾਜ਼ ਮੋਜੀ ਤੋਂ ਯੋਕੋਹਾਮਾ ਪਹੁੰਚ ਕੇ ਵਿਕਟੋਰੀਆ ਲਈ ਰਵਾਨਾ ਹੋ ਗਿਆ ਸੀ। ਕੈਨੇਡਾ ਸਰਕਾਰ ਦੇ ਅਧਿਕਾਰੀ ਹੁਸ਼ਿਆਰ ਹੋ ਗਏ ਸਨ। ਉਨ੍ਹਾਂ ਨੂੰ ਗਰੁਦਿਤ ਸਿੰਘ ਦੇ ਨਾਂਓ ਦੀ ਜਾਣਕਾਰੀ ਤੋਂ ਬਿਨ੍ਹਾਂ ਉਸ ਸਬੰਧੀ ਹੋਰ ਬਹੁਤ ਪਤਾ ਨਹੀਂ ਸੀ। ਉਹਨਾਂ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਤੋਂ ਕੁਝ ਇਸ਼ਤਿਹਾਰ ਮਿਲੇ ਸਨ। ਜਿਹੜੇ ਕਿ ਗੁਰਦਿਤ ਸਿੰਘ ਵਲੋਂ ਛਪਵਾਏ ਹੋਏ ਸਨ। ਇਹ ਹਾਪਕਿਨਸਕ ਦੇ ਇਕ ਸੁਹੀਏ ਦਾ ਕੰਮ ਸੀ। ਕਾਮਾਗਾਟਾ ਮਾਰੂ ਦੀ ਯੋਕੋਹਾਮਾ ਤੋਂ ਰਵਾਨਗੀ ਤੋਂ ਦੋ ਦਿਨ ਪਿੱਛੋਂ ਮੈਕਲਾਮ ਗੀਡ ਨੇ ਵਾਇਰਲੈਸ ਦੁਆਰਾ ਕਾਮਾਗਾਟਾ ਮਾਰੂ ਨੂੰ ਇਕ ਸੁਨੇਹਾ ਭੇਜਿਆ ਅਤੇ ਉਸ ਤੋਂ ਕੈਨੇਡਾ ਪੁੱਜਣ ਦੇ ਸਮੇਂ ਅਤੇ ਤਾਰੀਖ ਬਾਰੇ ਪੁੱਛਿਆ ਸੀ। ਐਂਪਰੈਂਸ ਆਫ ਇੰਡੀਆ ਨੇ ਜੋ ਵੈਨਕੂਵਰ ਤੋਂ ਪੰਜ ਦਿਨ ਦੀ ਦੂਰੀ ਤੇ ਸੀ, ਇਸ ਸੁਨੇਹੇ ਨੂੰ ਗੀਲੇ ਗੀਲੇ ਕੀਤਾ ਸੀ ਪਰ ਕਿਉਂਕਿ ਕਾਮਾਗਾਟਾਮਾਰੂ ਵਿਚ ਵਾਇਰਲੈਸ ਦਾ ਕੋਈ ਪ੍ਰਬੰਧ ਨਹੀਂ ਸੀ, ਇਸ ਲਈ ਕਾਮਾਗਾਟਾਮਾਰੂ ਖਾਮੋਸ਼ੀ ਨਾਲ ਮੰਜ਼ਲ ਵੱਲ ਵਧ ਰਿਹਾ ਸੀ।

20 ਮਈ ਨੂੰ ਨੂੰ ਬਲਵੰਤ ਸਿੰਘ ਜਹਾਜ਼ ਤੋਂ ਵਿਕਟੋਰੀਆ ਦੀ ਬੰਦਰਗਾਹ ਤੇ ਉਤਰਿਆ ਉਸ ਨੇ ਵਿਕਟੋਰੀਆ ਸਿੱਖ ਗੁਰਦੁਆਰੇ ਵਿਚ ਸਿੱਖਾਂ ਨਾਲ ਸਲਾਹ ਮਸ਼ਵਰਾ ਕੀਤਾ ਸੀ ਅਤੇ ਬਾਦ ਵਿਚ ਉਹ ਵੈਨਕੂਵਰ ਵੱਲ ਚਲ ਪਿਆ। ਉਸ ਦਿਨ ਦੁਪਿਹਰ ਤੋਂ ਬਾਦ ਹੁਸਨ ਰਹੀਮ ਤੇ ਰਾਜਾ ਸਿੰਘ ਨੇ ਜਿਹੜਾ ਯੂਨਾਈਟਿਡ ਇੰਡੀਆ ਲੀਗ ਦਾ ਸਕੱਤਰ ਸੀ ਅਤੇ ਇਕ ਰਿਸ਼ਟ ਪੁਸ਼ਟ ਛੇ ਫੁੱਟ ਲੰਮਾ ਇੰਮਪੀਰੀਅਲ ਸਰਵਿਸ ਕੋਰ ਦਾ ਪੁਰਾਣਾ ਸੈਨਕ ਸੀ, ਪੋਰਟ ਅਲਬਰਨੀ ਤੋਂ ਇਕ ਸਮੁੰਦਰੀ ਲਾਂਚ ਕਿਰਾਏ ਤੇ ਆਰਡਰ-ਲਿਆ ਜਿਸ ਦੀ ਲੰਬਾਈ 40 ਫੁੱਟ ਸੀ। ਉਹਨਾਂ ਦੇ ਵਕੀਲ ਬਰਡ ਨੂੰ ਆਰਡਰ-ਇਨ-ਕੌਂਸਲ ਵਿਚ ਮਜ਼ਦੂਰਾਂ ਦੇ ਉਤਰਨ ਸੰਬੰਧੀ ਮਨਾਹੀ ਦੇ ਆਦੇਸ਼ਾ ਵਿਚ ਇਕ ਤਰੁੱਟੀ ਲੱਭੀ ਸੀ। ਉਸ ਮਨਾਹੀ ਦੇ ਹੁਕਮਾਂ ਵਿਚ ਪੋਰਟ ਅਲਬਰਨੀ ਤੋਂ ਛੁੱਟ ਸਾਰੀਆਂ ਬੰਦਰਗਾਹਾ ਦੇ ਨਾਂ ਦਰਜ਼ ਸਨ। ਇਸ ਲਈ ਪੋਰਟ ਅਲਬਰਨੀ ਦੀ ਬੰਦਰਗਾਹ ਹੀ ਸੀ ਜਿਥੇ ਕਿ ਕਾਮਾਗਾਟਾਮਾਰੂ ਬਿਨ੍ਹਾਂ ਕਿਸੇ ਰੋਕਟੋਕ ਤੋਂ ਖੜ੍ਹ ਸਕਦਾ ਸੀ। ਪ੍ਰੰਤੂ ਇਸ ਗੱਲ ਦੀ ਸੂਚਨਾ ਕਾਮਾਗਾਟਾ ਮਾਰੂ ਤੱਕ ਅਪੜਾਈ ਸੀ। ਪੋਰਟ ਅਲਬਰਨੀ ਦੀ ਬੰਦਰਗਾਹ ਸਾਂਤ ਸਾਗਰ ਵਿਚ ਲੰਮੀ ਖਲੀਜ ਦੇ ਸਿਰੇ ਉਤੇ ਸਥਿਤ ਹੈ। ਹੁੱਸਨ ਰਹੀਮ ਅਤੇ ਰਾਜਾ ਸਿੰਘ 21 ਮਈ ਨੂੰ ਸਵੇਰੇ ਅੱਠ ਵਜੇ ਸੱਤ ਅੱਠ ਘੰਟੇ ਦੇ ਸਿਰਤੋੜ ਯਤਨਾਂ ਪਿੱਛੋਂ ਵੈਨਕੂਵਰ ਆਈਲੈਂਡ ਦੀ ਦੂਰ ਦੂਰਾਡੀ ਤੇ ਸੁੰਨਸਾਨ "ਪੈਚੀਨਾ ਖਾੜੀ" ਤੀਕਰ ਪੁੱਜੇ। ਇਹ ਵੈਨਕੂਵਰ ਆਈਲੈਂਡ ਆਈਲੈਂਡ ਦੇ ਦੱਖਣ ਪੱਛਮੀ ਕੰਢੇ ਤੇ ਸਥਿਤ ਹੈ। ਸੁਭਾ ਸਵੇਰ ਨੂੰ ਅਤੇ ਦੁਪਿਹਰ ਤੱਕ ਉਹਨਾਂ ਨੇ ਭਾਰੀ ਸਮੁੰਦਰ ਛੱਲਾਂ ਦਾ ਟਾਕਰਾ ਕੀਤਾ ਪਰ ਅੰਤ ਦੋ ਵਜੇ ਉਹਨਾਂ ਨੇ ਯਤਨ ਕਰਨਾ ਛੱਡ ਦਿਤਾ ਤੇ ਉਹ ਵਾਪਸ ਬੈਮਫੀਲਡ ਕਰੀਕ ਜੋ ਅਲਬਰਨੀ ਇਨਲੈਟ ਦੇ ਮੁੰਹ ਉਤੇ ਹੈ ਵੱਲ ਚੱਲ ਪਏ ਸੀ ਤਾਂ ਕਿ ਉਹ ਖਾੜੀ ਦੇ ਹਿਫਾਜਤੀ ਅਸਥਾਨ ਤੋਂ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਤੱਕਣ ਪ੍ਰੰਤੂ ਮੌਸਮ ਅਤਿਅੰਤ ਖਰਾਬ ਸੀ। ਅਗਲੀ ਸਵੇਰ ਨੂੰ ਉਹ ਮੁੜ ਯਤਨਾਂ ਵਿਚ ਜੁਟ ਜਾਣ ਵਾਲੇ ਸਨ। ਸਮੁੰਦਰੀ ਤੱਟ ਤੋਂ 5 ਤੋਂ 8 ਕਿਲੋਮੀਟਰ ਦੀ ਦੂਰੀ ਤੇ ਬੈਠ ਕੇ ਜ਼ਹਾਜਾਂ ਦੇ ਮੁੱਖ ਰਸਤੇ ਤੇ ਅੱਖ ਰੱਖਣ ਲਈ,ਪਰ ਇਸ ਸਮੇਂ ਤੀਕਰ ਕਾਮਾਗਾਟਾ ਮਾਰੂ ਲੰਘ ਚੁੱਕਾ ਸੀ।

ਇੰਮੀਗਰੇਸ਼ਨ ਵਾਲਿਆ ਨੂੰ ਤਰੁੰਤ ਹੀ ਉਸ ਵੇਲੇ ਪਤਾ ਲੱਗ ਗਿਆ ਸੀ, ਜਦੋ ਕਿ ਰਹੀਮ ਨੇ ਲਾਂਚ ਨੂੰ ਸਮੁੰਦਰ ਵਿਚ ਤਾਰਿਆ ਸੀ। ਇੰਮੀਗਰੇਸ਼ਨ ਵਾਲਿਆ ਨੇ ਕਸਟਮ ਇੰਨਸਪੈਕਟਰ ਐਚ-ਐਲ-ਗੁੱਡ ਨੂੰ ਜਹਾਜ਼ ਦਾ ਪਿੱਛਾ ਕਰਨ ਦਾ ਆਦੇਸ਼ ਦਿੱਤਾ ਸੀ, ਅਤੇ ਆਪ ਵੀ ਉਹਨਾਂ ਨੇ ਜਲਦੀ ਨਾਲ ਉਥੇ ਅਪੜਣ ਦੀ ਵਿਉਂਤ ਬਣਾਈ ਸੀ। ਗੁੱਡ ਨੇ ਬੈਮਫੀਲਡ ਕਰੀਕ ਤੇ ਬੈਠਿਆ ਦੋਹਾਂ ਹਿੰਦੁਸਤਾਨੀਆਂ ਨੂੰ ਬੋਚ ਲਿਆ ਸੀ। ਉਸਨੇ ਉਹਨਾਂ ਦੇ ਯਤਨਾਂ ਨੂੰ ਨਿਸਫਲ ਬਨਾਉਣ ਲਈ ਜੋ ਕੁਝ ਸੰਭਵ ਸੀ ਕੀਤਾ। ਉਸਨੇ ਸਰਕਾਰੀ ਤਾਰ ਓਪਰੇਟਰ ਨੂੰ ਕਿਹਾ ਸੀ ਕਿ ਉਹ ਉਹਨਾਂ ਨੂੰ ਫੋਨ ਕਰਨ ਦੀ ਆਗਿਆ ਨਾਂਹ ਦੇਵੇ। 25 ਡਾਲਰ ਦੀ ਕਿਸੇ ਨੂੰ ਰਿਸ਼ਵਤ ਦੇ ਕੇ ਉਸਨੇ ਲਾਚ ਦੀ ਮੋਟਰ ਵਿਚ ਵਿਘਨ ਪਵਾ ਦਿਤਾ। ਉਸੇ ਸ਼ਾਮ ਨੂੰ

ਰੀਡ ਹਾਪਕਿਨਸਨ ਅਤੇ ਇਕ ਸਹਾਇਕ ਹਿੰਦੀ ਦਾ ਦੁਭਾਸ਼ੀਆ ਹੈਨਰੀ ਗਵਾਈਥਰ ਨਨਾਇਮੋ ਅਪੜੇ ਇਹ ਥਾਂ ਪੋਰਟ ਅਲਬਰਨੀ ਤੋਂ ਲਗ ਪਗ 80 ਤੋਂ 95 ਕਿਲੋਮੀਅਰ ਦੇ ਪੰਧ ਤੇ ਸੀ। ਨਨਾਇਮੋ ਪਹੁੰਚ ਕੇ ਉਹਨਾਂ ਨੂੰ ਪਤਾ ਲੱਗਾ ਕਿ ਕਾਮਾਗਾਟਾ ਮਾਰੂ ਵਿਲੀਅਮ ਹੈੱਡ ਦੇ ਕੁਆਰਟੀਨ ਸਟੇਸ਼ਨ ਜੋ ਵਿਕਟੋਰੀਆ ਦੇ ਲਾਗੇ ਹੈ ਤੇ ਅਪੜ ਗਿਆ ਹੈ। ਉਹ ਤਿੰਨੇ ਜਿਵੇਂ ਉਹਨਾਂ ਤੇ ਕਿਸੇ ਜਿੰਨ ਦੀ ਪਕੜ ਹੋਵੇ, ਉਸੇ ਰਾਤ ਕਾਰ ਤੇ ਰਵਾਨਾ ਹੋ ਗਏ, ਲੱਗਪਗ 120 ਕਿਲੋਮੀਟਰ ਦਾ ਖਤਰਿਆਂ ਭਰਿਆ ਸਫਰ ਸੀ। ਸੜਕ ਉਗੜੀ ਦੁਗੜੀ ਸੀ ਅਤੇ ਕਿਰਾਏ ਤੇ ਲਈ ਫੋਰਡ ਕਾਰ ਦਾ ਡਰਾਈਵਰ ਰਾਹ ਤੋਂ ਬਹੁਤਾ ਜਾਣੂ ਨਹੀਂ ਸੀ। ਉਹ ਨਨਾਇਮੋ ਤੋਂ ਰਾਤ ਦੇ 10.30 ਵਜੇ ਚੱਲੇ ਸਨ ਤੇ ਅਗਲੀ ਸਵੇਰ ਦੇ 3.30 ਵਜੇ ਵਿਕਟੋਰੀਆ ਦੇ ਤੋਮੀਨੀਅਨ ਹੋਟਲ ਤੇ ਪੁੱਜੇ। ਡੇਢ ਘੰਟੇ ਪਿਛੋਂ ਫੇਰ ਚੱਲ ਪਏ ਅਤੇ ਸਵੇਰ ਦੇ 6.30 ਵਜੇ ਨੂੰ ਉਹ ਵਿਲੀਅਮ ਹੈੱਡ ਦੇ ਬਾਹਰਲੇ ਪਲੇਟਫਾਰਮ ਤੇ ਪੁੱਜ ਗਏ। ਉਥੇ ਉਹਨਾਂ ਨੇ ਪਹਾੜਾਂ ਦੇ ਪਿਛੋਕੜ ਵਿਚ ਕਾਮਾਗਾਟਾ ਮਾਰੂ ਨੂੰ ਲੰਗਰ ਸੁੱਟੀ ਖੜੇ ਵੇਖਿਆ ਉਸ ਦੇ ਮੁਸਾਫਰ ਜਹਾਜ਼ ਦੇ ਡੈੱਕ ਤੇ ਹੀ ਸਨ। ਉਹ ਵੱਖ ਵੱਖ ਟੋਲੀਆਂ ਵਿਚ ਬੈਠੇ ਸਵੇਰ ਦਾ ਖਾਣਾ ਤਿਆਰ ਕਰਨ ਵਿਚ ਰੁੱਝੇ ਹੋਏ ਸਨ। ਜਿਉਂ ਹੀ ਸਰਕਾਰੀ ਲਾਚ ਨੇੜੇ ਆਇਆ ਸੀ, ਉਹ ਜਹਾਜ਼ ਦੇ ਜੰਗਲੇ ਦੇ ਅੱਗੇ ਅਤੇ ਪਿੱਛੇ ਆ ਖਲੋਤੇ। ਮੁਸਲਮਾਨਾਂ ਨੇ ਲਾਲ ਰੰਗ ਦੀਆਂ ਟੋਪੀਆਂ ਪਹਿਨੀਆ ਹੋਈਆਂ ਸਨ। ਸਿੱਖਾਂ ਨੇ ਜਿਹਨਾਂ ਵਿਚ ਕੁਝ ਦਾਹੜੀ ਵਾਲੇ ਸਨ ਤੇ ਕੁਝ ਬਿਨ੍ਹਾਂ ਦਾਹੜੀ ਤੋਂ ਸਨ ਭਾਂਤ ਭਾਂਤ ਦੇ ਰੰਗਾਂ ਦੀਆਂ ਪੱਗਾਂ ਬੰਨੀਆਂ ਹੋਈਆ ਸਨ। ਕੁਝ ਮੁਸਾਫਰਾ ਨੇ ਯੂਰਪੀ ਫੈਸ਼ਨ ਦੀਆਂ ਤਿੰਨ ਬਟਨਾਂ ਵਾਲੀਆਂ ਜੈਕਟਾਂ ਪਾਈਆ ਹੋਈਆ ਸਨ। ਕੁਝ ਨੇ ਚਿੱਟੇ ਕਮੀਜ਼ ਪਾਏ ਹੋਏ ਸਨ ਤੇ ਟਾਈਆਂ ਲਾਈਆਂ ਹੋਈਆਂ ਸਨ। ਕੁਝ ਅਜਿਹੇ ਵੀ ਸੀ ਜਿੰਨਾਂ ਨੇ ਕਿ ਫੌਜ ਵਿਚ ਨੌਕਰੀ ਕੀਤੀ ਸੀ ਅਤੇ ਉਨ੍ਹਾਂ ਨੇ ਖਾਕੀ ਰੰਗ ਦੀਆਂ ਵਰਦੀਆਂ ਪਾਈਆ ਹੋਈਆ ਸਨ।

ਇਕ ਵੱਡੇ ਲਾਂਚ ਵਿਚ ਕੁਝ ਹਿੰਦੁਸਤਾਨੀ ਆਏ ਤੇ ਉਹਨਾਂ ਨੇ ਜਹਾਜ਼ ਦੇ ਦੁਆਲੇ ਇਮੀਗਰੇਸ਼ਨ ਦੇ ਅਧਿਕਾਰੀਆਂ ਦੀ ਕਿਸ਼ਤੀ ਕੋਲੋ ਲੰਘਣ ਲਈ ਚੱਕਰ ਕੱਟਿਆ। ਪ੍ਰਜਨੀਕ ਐਲ ਡਬਲਯੂ ਹਾਲ ਜਿਹੜੀ ਵਿਕਟੋਰੀਆ ਦੀ ਹਿੰਦੂ ਫਰੈਂਡ ਸੋਸਾਇਟੀ ਦੀ ਪ੍ਰਮੁੱਖ ਮੈਬਰ ਸੀ, ਉਸ ਲਾਂਚ ਵਿਚ ਬੈਠੀ ਹੋਈ ਸੀ। ਉਸਨੇ ਸਮੁੱਚੀ ਟੋਲੀ ਦੀ ਬਿਨ੍ਹਾਂ ਅਧਿਕਾਰੀਆਂ ਤੋਂ ਆਗਿਆ ਮੰਗੀ ਸੀ ਕਿ ਉਸਨੂੰ ਮੁਸਾਫਰਾਂ ਨਾਲ ਮਿਲਣ ਦਿੱਤਾ ਜਾਵੇ ਤਾਂ ਜੋ ਉਹ ਉਹਨਾਂ ਨਾਲ ਗੱਲਬਾਤ ਕਰ ਸਕੇ। ਭਾਵੇਂ ਅਧਿਕਾਰੀ ਉਸਨੂੰ ਅਸਾਨੀ ਨਾਲ ਟਾਲ ਨਹੀਂ ਸਕੇ ਸਨ , ਪਰ ਅਧਿਕਾਰੀਆਂ ਦੇ ਰਵਈਏ ਕਾਰਨ ਉਹ ਸਾਰੇ ਦੇ ਸਾਰੇ ਹੀ ਬਿਨ੍ਹਾਂ ਕੁਝ ਕੀਤਿਆ ਹਾਰ ਹੁੱਟ ਕੇ ਵਿਕਟੋਰੀਆ ਚਲੇ ਗਏ।

ਕੁਆਰਟੀਨ ਅਫਸਰ ਜਿਸਨੂੰ ਕਿ ਜਹਾਜ਼ ਅਤੇ ਮੁਸਾਫਰਾਂ ਦੀ ਹਾਲਤ ਤਸੱਲੀ ਬਖਸ਼ ਲੱਗੀ ਸੀ ਉਸਨੇ ਅਜੇ ਚੈਕ ਕਰਨ ਦਾ ਕੰਮ ਨਹੀਂ ਸੀ ਮੁਕਾਇਆ ਜਦੋਂ ਰੀਡ ਅਤੇ ਹਾਪਕਿਨਸਨ ਨੂੰ ਪਤਾ ਲੱਗਿਆ ਕਿ ਕਾਮਾਗਾਟਾ ਮਾਰੂ ਨੇ ਵੈਨਕੂਵਰ ਜਾਣਾ ਹੈ। ਉਹ ਜਹਾਜ਼ ਦੇ ਉਪਰ ਜਾਣ ਤੋਂ ਬਿਨ੍ਹਾਂ ਹੀ ਪਰਤ ਗਏ। ਕੁਝ ਘੰਟੇ ਤਾਂ ਇਉਂ ਜਾਪਦਾ ਸੀ ਕਿ ਕੁਅਰਟੀਨ ਅਫਸਰ ਪਿੱਛੇ ਮੋੜ ਦੇਵੇਗਾ। ਕਾਰਣ ਇਹ ਸੀ ਕਿ ਭਾਵੇਂ ਹਾਂਗਕਾਂਗ, ਸੰਘਾਈ ਤੇ ਯੋਕੋਹਾਮਾ ਤੋਂ ਕਲੀਅਰੈਂਸ ਦੇ ਜਹਾਜ਼ ਲਏ ਗਏ ਸਨ ਪਰ ਛੋਟੇ ਕੱਦ ਦੇ ਖੁਸ਼ ਮਿਜਾਜ਼ ਕੈਪਟਨ ਕੋਲ ਯਾਮਾਮੋਤੂ ਕੋਲ ਮੋਜੀ ਤੋਂ ਪ੍ਰਾਪਤ ਕੀਤਾ ਹੋਇਆ ਸਿਹਤ ਸਰਟੀਫਿਕੇਟ ਨਹੀਂ ਸੀ। ਪ੍ਰੰਤੂ ਦਲਜੀਤ ਸਿੰਘ ਨੇ ਤੁਰੰਤ ਹੀ ਕੀਟਾਣੂ ਮਾਰਨ ਦਾ ਸਰਟੀਫਿਕੇਟ ਪੇਸ਼ ਕਰ ਦਿਤਾ ਐ ਦੁਪਿਹਰ ਦੇ ਬਾਦ 6.45 ਤੇ ਜਹਾਜ਼ ਨੂੰ ਅੱਗੇ ਜਾਣ ਦੀ ਆਗਿਆ ਮਿਲ ਗਈ ਅਤੇ ਜਹਾਜ਼ ਨੇ ਵੈਨਕੂਵਰ ਵੱਲ ਚਾਲੇ ਪਾ ਦਿਤੇ। ਡਾਕਟਰ ਰਘੂਨਾਥ ਸਿੰਘ ਨੂੰ ਹਦਾਇਤ ਕੀਤੀ ਗਈ ਕਿ ਉਹ ਹਰ ਇਕ ਮੁਸਾਫਰ ਦੇ ਟੀਕੇ ਲਾਵੇ ਰੀਡ ਚਾਹੁੰਦਾ ਸੀ ਕਿ ਇਕ ਗਸਤੀ ਕਿਸ਼ਤੀ ਕਾਮਾਗਾਟਾ ਮਾਰੂ ਦੇ ਨਾਲ ਰਵੇ ਪਰ ਅਜਿਹੀ ਕਿਸ਼ਤੀ ਪ੍ਰਾਪਤ ਨਹੀਂ ਹੋਈ ਸੀ। ਇਸ ਲਈ ਕਾਮਾਗਾਟਾ ਮਾਰੂ ਇਕੱਲਾ ਹੀ ਰਾਤ ਵਿਚ ਤੁਰ ਪਿਆ। ਉੱਜ ਉਸ ਉਪਰ ਤਿੰਨ ਇਮੀਗਰੇਸ਼ਨ ਦੇ ਅਧਿਕਾਰੀ ਸਨ। ਜਹਾਜ਼ ਜਦੋਂ ਵਿਕਟੋਰੀਆ ਤੋਂ ਤਕਰੀਬਨ30 ਕਿਲੋਮੀਟਰ ਦੂਰ ਇਕ ਅਮਰੀਕੀ ਦੀਪ ਉਤੇ ਲਾਈਟ ਹਾਊਸ ਨੂੰ ਪਾਰ ਕਰ ਰਿਹਾ ਸੀ ਤਾਂ ਇਕ 29 ਸਾਲਾ ਜਹਾਜ਼ ਦੇ

ਜਾਪਾਨੀ ਕਹਿੰਦੇ ਨੇ ਸਮੁੰਦਰ ਵਿਚ ਛਾਲ ਮਾਰ ਦਿਤੀ ਅਤੇ ਤਰ ਕਿ ਤੱਟ ਉਤੇ ਅਪੜਣ ਦਾ ਯਤਨ ਕੀਤਾ ਪਰ ਪਾਣੀ ਦੀਆਂ ਛੱਲਾਂ ਬਹੁਤ ਸ਼ਕਦੀ ਸ਼ਾਲੀ ਸਨ ਤੇ ਕਪਤਾਨ ਯਾਮਾਮੋਤੂ ਦੇ ਨਿਰਣੇ ਅਨੁਸਾਰ ਉਹ ਤੱਟ ਤੇ ਨਹੀਂ ਪੁਜਿਆ ।

23 ਮਈ ਦਿਨ ਸਨਿਚਰਵਾਰ ਦਾ ਤੜਕਾ ਸੀ ਕਾਮਾਗਾਟਾ ਮਾਰੂ ਨੇ ਬੁਰਾਰਡ ਇਨਲੈਟ ਦੇ ਦੂਰ ਵਾਲੇ ਪਾਸੇ ਵੈਨਕੂਵਰ ਦੇ ਸਾਹਮਣੇ ਲੰਗਰ ਸੁੱਟ ਦਿੱਤੇ । ਪਰ ਫੁਟਾਲੇ ਮੁਸਾਫਰ ਡੈਕ ਤੇ ਆਏ । ਉਹਨਾਂ ਦੇ ਪਿਛਲੇ ਪਾਸੇ ਬਿਰਛਾ ਨਾਲ ਲੱਦੇ ਹੋਏ ਪਹਾੜ ਸਨ ਤੇ ਅਗਲੇ ਪਾਸੇ ਪਾਣੀ ਤੋਂ ਪਾਰ ਵੈਨਕੂਵਰ ਸੀ । ਮੁਸਾਫਰਾਂ ਨੇ ਵਧੀਆ ਤੋਂ ਵਧੀਆ ਕੱਪੜੇ ਪਾਏ ਹੋਏ ਸਨ । ਉਹਨਾਂ ਦੇ ਥੈਲੇ ਤਿਆਰ ਬਰ ਤਿਆਰ ਸਨ ਤੇ ਉਹ ਕੰਢੇ ਤੇ ਉਤਰਨ ਦੀ ਉਡੀਕ ਕਰ ਰਹੇ ਸਨ । ਸਵੇਰੇ ਅੱਠ ਵਜੇ ਇਕ ਲਾਚ ਕੰਢੇ ਤੋਂ ਕਾਮਾਗਾਟਾ ਮਾਰੂ ਵੱਲ ਆਉਂਦਾ ਤੱਕਿਆ ਗਿਆ । ਉਸ ਵਿਚ ਕਸਟਮ ਮਹਿਕਮੇ ਦੇ ਅਫਸਰ ਸਨ, ਇਕ ਸਿਹਤ-ਵਿਭਾਗ ਦਾ ਇਨਸਪੈਕਟਰ ਸੀ ਤੇ ਇਕ ਜਹਾਜ਼ ਦਾ ਏਜੰਟ ਸੀ ਜਿਸਦੇ ਸਪੁਰਦ ਕਾਮਾਗਾਟਾ ਮਾਰੂ ਕੀਤਾ ਹੋਇਆ ਸੀ ਅਤੇ ਇਮੀਗਰੇਸ਼ਨ ਵਿਭਾਗ ਦੇ ਇੰਨਸਪੈਕਟਰ ਸਨ ਜਿਨ੍ਹਾਂ ਦੇ ਮੁਖੀ ਹਾਪਕਿਨਸਨ ਤੇ ਰੀਡ ਸਨ । ਗੁਰਦਿੱਤ ਸਿੰਘ ਨੇ ਇਹਨਾਂ ਬੰਦਿਆ ਦੀ ਬਾਬਤ ਭਗਵਾਨ ਸਿੰਘ ਤੋਂ ਸੁਣ ਲਿਆ ਸੀ । ਹਾਪਕਿਨਸਨ ਵਿਚ ਉਸਨੂੰ ਇਕ ਪਤਲਾ ਸਾਂਵਲਾ ਛੇ ਫੁੱਟ ਦੋ ਇੰਚ ਲੰਮਾ 34 ਸਾਲਾਂ ਦਾ ਮਨੁਖ ਸੀ ਅਤੇ ਰਹੀਮ ਦੇ ਕਹਿਣ ਅਨੁਸਾਰ ਉਸ ਤੋਂ ਅੱਧਾ ਪੂਰਬੀ ਅਤੇ ਅੱਧਾ ਪੱਛਮੀ ਪ੍ਰਭਾਵ ਪੈਂਦਾ ਸੀ । ਹਾਪਕਿਨਸਨ ਦੇ ਆਪਣੇ ਸਾਥੀ ਉਸਨੂੰ ਮਿਲਾਵਟੀ ਨਸਲ ਦਾ ਸਮਝਦੇ ਸਨ ਭਾਵੇਂ ਜੇ ਤੁਸੀਂ ਉਸ ਤੋਂ ਪੁੱਛੋਂ ਤਾਂ ਉਹ ਤੁਹਾਨੂੰ ਦੱਸੇਗਾ । ਮੈਂ ਅੰਗਰੇਜ਼ ਹਾਂ । ਰੀਡ ਵੀ ਇਕ ਲੰਮੇ ਕੱਦ ਦਾ ਬੰਦਾ ਸੀ । ਹਾਪਕਿਨਸਨ ਤੋਂ ਤਿੰਨ ਚਾਰ ਸਾਲ ਵੱਡਾ ਚਿਹਰੇ ਤੇ ਪਿੱਲਤਣ ਦੇ ਪ੍ਰਭਾਵ ਵਾਲਾ ਅਤੇ ਲੰਮੀਆਂ ਮੁੱਛਾਂ ਵਾਲਾ, ਹੁਣ ਉਹ ਜਹਾਜ਼ ਦੇ ਤਖਤੇ ਤੇ ਖਲੋਤਾ ਕੱਸਿਆ ਕੱਸਿਆਂ ਅਤੇ ਅਮੋੜਵੇਂ ਰੱਵਈਏ ਵਾਲਾ ।

ਗੁਰਦਿੱਤ ਸਿੰਘ ਨੇ ਪਰੈੱਸ ਵਾਲਿਆ ਨੂੰ ਜਿਹੜੇ ਲਾਚਾਂ ਉਤੇ ਵਿਲੀਅਮ ਹੈੱਡ ਤੋਂ ਹੀ ਨਾਲ ਆਏ ਸਨ ਸਬੋਧਨ ਕੀਤਾ ਅਸੀਂ ਬਰਤਾਨਵੀ ਨਾਗਰਿਕ ਹਾਂ ਅਤੇ ਸਮਝਦੇ ਹਾਂ ਕਿ ਰਾਜ ਭਰ ਵਿਚ ਜਿੱਥੇ ਵੀ ਚਾਹੀਦੇ ਅਸੀਂ ਜਾਂ ਸਕਣ ਦਾ ਅਧਿਕਾਰ ਰੱਖਦੇ ਹਾਂ । ਅਸੀਂ ਇਸ ਫੇਰੀ ਨੂੰ ਟੈਸਟ ਕੇਸ ਬਨਾਉਣਾਚਾਹੁੰਦੇ ਹਾਂ ਅਤੇ ਜੇਕਰ ਸਾਨੂੰ ਤੁਹਾਡੇ ਦੇਸ਼ ਵਿਚ ਪਰਵੇਸ਼ ਦੀ ਆਗਿਆ ਨਾ ਮਿਲੀ ਤਾਂ ਮਾਮਲਾ ਇਥੇ ਹੀ ਨਹੀਂ ਮੁਕ ਜਾਂਦਾ, ਉਸ ਨੇ ਹਾਪਕਿਨਸਨ ਨੂੰ ਚਿਤਾਵਨੀ ਦਿੰਦਿਆ ਆਖਿਆ ਸੀ । ਜੋ ਸਲੂਕ ਜਹਾਜ਼ ਦੇ ਮੇਰੇ ਇਹਨਾਂ ਲੋਕਾਂ ਨਾਲ ਕੀਤਾ ਜਾਵੇਗਾ । ਉਹ ਨਿਰਨਾਜਨਕ ਹੋਵੇਗਾ ਕਿ ਕੀ ਅਸੀਂ ਸਾਰੇ ਬਰਤਾਨਵੀ ਰਾਜ ਵਿਚ ਅਮਨ ਅਮਾਨ ਰੱਖ ਸਕਾਂਗੇ ਕਿ ਨਹੀਂ ।''

ਸਵੇਰ ਦੇ ਅੰਤਲੇ ਭਾਗ ਵਿਚ ਜਹਾਜ਼ ਨੂੰ ਬੁਰਾਰਡ ਖਾੜੀ ਦੇ ਵੈਨਕੂਵਰ ਵਾਲੇ ਪਾਸੇ ਵੱਲ ਲਿਆਦਾ ਗਿਆ । ਮੁਸਾਫਰਾਂ ਨੇ ਸੋਚਿਆ ਉਹਨਾਂ ਨੂੰ ਉਤਾਰਨ ਲਈ ਕਿਨਾਰੇ ਵੱਲ ਲਿਜਾ ਰਹੇ ਹਨ । ਪ੍ਰੰਤੂ ਜਹਾਜ਼ ਨੂੰ ਇਕ ਕਿਲੋਮੀਟਰ ਦੀ ਦੂਰੀ ਤੇ ਹੀ ਖੜਾ ਕਰ ਦਿੱਤਾ ਗਿਆ ਠੀਕ ਬਰਾਰਡ ਸਟਰੀਟ ਦੇ ਦਾਮਨ ਵਿਚ ਤੇ ਇਮੀਗਰੇਸ਼ਨ ਵਿਭਾਗ ਦੀ ਇਮਾਰਤ ਦੇ ਠੀਕ ਸਾਹਮਣੇ ਇਕ ਕੰਢੇ ਤੇ ਵੈਨਕੂਵਰ ਦੇ ਸਿੱਖ ਖਲੋਤੇ ਹੋਏ ਸਨ । ਅਤੇ ਜਦ ਕਾਮਾਗਾਟਾ ਮਾਰੂ ਨੇੜੇ ਹੋਇਆ ਸੀ ਤਾਂ ਉਹਨਾਂ ਵਿਚੋਂ ਇਕਨੇ ਸਿਗਨਲ ਦੇਣ ਦੇ ਯੰਤਰ ਸੈਮਾਫੋਰ ਦੁਆਰਾ ਇਸ਼ਾਰਾ ਕੀਤਾ । ਜਹਾਜ਼ ਦੇ ਸਿਗਨਲ ਕਰਨ ਵਾਲੇ ਨੇ ਵੀ ਝੰਡੀਆਂ ਦੁਆਰਾ ਕੁਝ ਸੁਨੇਹੇ ਲਏ ਅਤੇ ਦਿਤੇ । ਪਰ ਤੁਰੰਤ ਹੀ ਸੀ. ਪੀ. ਆਰ. ਦੀ ਪੁਲਿਸ ਨੇ ਉਹਨਾਂ ਨੂੰ ਉਥੋਂ ਨਸਾ ਦਿਤਾ । ਕੁਝ ਪਰੈਸ ਵਾਲੇ ਕਪਤਾਨ ਧਾਮਾਮੋਤੂ ਨਾਲ ਗੱਲਾਂ ਕਰਨ ਲਈ ਬਾਹਰ ਨਿੱਕਲੇ ਪ੍ਰੰਤੂ ਕਿਸੇ ਨੂੰ ਉਹਨਾਂ ਦੇ ਕੋਲ ਆਉਣ ਨਾਂਹ ਦਿਤਾ ਗਿਆ । ਮੁਸਾਫਰਾਂ ਨੇ ਖੁਸ਼ੀ ਨਾਲ ਤਸਵੀਰਾਂ ਖਿਚਵਾਉਣ ਲਈ ਆਪਣੇ ਆਪ ਨੂੰ ਤਿਆਰ ਕੀਤਾ ਸੀ ।

ਕਾਮਾਗਾਟਾ ਮਾਰੂ ਜਹਾਜ਼ ਦੇ ਜਪਾਨੀ ਮਾਲਕਾਂ ਦੀ ਏਜੰਟ ਕੰਪਨੀ ਵਾਈ ਸਾਟੋ ਐਂਡ ਕੋ ਸੀ । ਉਸਦਾ ਨੁਮਾਇੰਦਾ ਗਾਰਡਨਰ ਜੌਹਨਸਨ ਸੀ । ਉਹ ਸਥਾਨਕ ਸ਼ਿਪਿੰਗ ਦਲਾਲ ਸੀ ਅਤੇ ਉਸਦਾ

ਜਾਪਾਨੀ ਕੰਪਨੀਆ ਨਾਲ ਢੇਰ ਢੇਰ ਸਮੇਂ ਤੋਂ ਕਾਰੋਬਾਰ ਰਿਹਾ ਸੀ ।

ਇਹ ਉਸੇ ਦੀ ਜਿੰਮੇਵਾਰੀ ਸੀ ਕਿ ਉਹ ਜਹਾਜ਼ ਦੇ ਬਕਾਏ ਤੇ ਕੋਲੇ ਦੇ ਖਰਚੇ ਦੇ 15.000 ਡਾਲਰ ਸੋਨੇ ਦੇ ਰੂਪ ਵਿਚ ਉਗਰਾਹਵੇ । ਇਸ ਰਕਮ ਦੀ ਅਦਾਇਗੀ ਦੀ ਅੰਤਮ ਤਾਰੀਖ 11 ਜੂਨ ਸੀ । ਅਦਾਇਗੀ ਦੇ ਨਾਂਹ ਹੋਣ ਦੀ ਸੂਰਤ ਵਿਚ ਮਾਲਕ ਨੂੰ ਹੱਕ ਸੀ ਕਿ ਉਹ ਜਹਾਜ ਨੂੰ ਮੁੜ ਹਾਂਗਕਾਂਗ ਲੈ ਜਾਵੇ ਭਾਵੇਂ ਮੁਸਾਫਰ ਉਤਰ ਚੁੱਕੇ ਹੋਏ ਹੋਣ ਜਾਂ ਨਾਂਹ ਗੀਡ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿਉਂਕਿ ਗਾਰਡਨਰ ਨੇ ਅਹਿਸਾਨ ਕਰਨ ਵਜੋਂ ਇਹ ਸਭ ਕੁਝ ਗੀਡ ਨੂੰ ਦੱਸ ਦਿਤਾ ਸੀ । ਗੀਡ ਨੇ ਨਿਸਚਾ ਕੀਤਾ ਹੋਇਆ ਸੀ ਕਿ ਬਕਾਏ ਦੀ ਅਦਾਇਗੀ ਨੂੰ ਅਸੰਭਵ ਬਣਾ ਦਿਤਾ ਜਾਵੇ । ਫੇਰ ਟਾਲ ਮਟੋਲ ਕਰੇ ਅਤੇ ਅੰਤਮ ਤਾਰੀਖ 11 ਜੂਨ ਤੱਕ ਦਾ ਇੰਤਜ਼ਾਰ ਕਰੇ ਉਸਨੇ ਆਪਣੇ ਆਟਵਾ ਸਥਿਤ ਉਚੇਰੇ ਅਫਸਰਾਂ ਨੂੰ ਆਪਣੀਆਂ ਕਾਰਵਾਈਆ ਬਾਬਤ ਦੱਸ ਦਿਤਾ ਸੀ ਅਤੇ ਇਸ ਬਾਬਤ ਉਸਨੂੰ ਉਪਰੋਂ ਕੋਈ ਵੀ ਸ਼ਕਾਇਤ ਨਾਂਹ ਹੋਈ ।

ਤੁਸੀਂ ਜਾਣਦੇ ਹੋ ਮੈਂ ਵਪਾਰੀ ਹਾਂ ਅਤੇ ਕੋਈ ਵੀ ਕਾਨੂੰਨ ਵਪਾਰੀਆਂ ਨੂੰ ਤੱਟ ਤੋਂ ਜਾਣ ਤੋਂ ਰੋਕ ਨਹੀਂ ਸਕਦਾ ।'' ਗੁਰਦਿੱਤ ਸਿੰਘ ਨੇ ਆਖਿਆ । ਤੁਸੀਂ ਮੁਸਾਫਰਾਂ ਨੂੰ ਰੋਕ ਸਕਦੇ ਹੋ ਪਰ ਮੈਨੂੰ ਨਹੀਂ ਤੁਸੀਂ ਮੇਰੇ ਹਰਜਾਨੇ ਦੇ ਜਿੰਮੇਵਾਰ ਹੋ। ਇਹ ਇਸ ਤਰ੍ਹਾਂ ਸੀ ਜਿਵੇਂ ਉਹ ਕਿਸੇ ਬੋਲੇ ਕੰਨਾਂ ਵਾਲੇ ਨੂੰ ਸੁਣਾ ਰਿਹਾ ਹੋਵੇ ਅਤੇ ਜਿੱਥੇ ਤੀਕਰ ਕਿ ਇਸ ਮਾਮਲੇ ਦਾ ਸਬੰਧ ਸੀ ਗੀਡ ਨੇ ਵੀ ਬੋਲੇ ਕੰਨਾਂ ਵਾਲਾ ਹੋਣ ਦਾ ਪੂਰਾ ਪੂਰਾ ਯਤਨ ਕੀਤਾ । ਪਹਿਲੇ ਦਿਨ ਪਿੱਛੋਂ ਉਹ ਖੁਦ ਵੀ ਜਹਾਜ ਤੋਂ ਦੂਰ ਰਿਹਾ ਤੇ ਨਾਂਹ ਹੀ ਉਸਨੇ ਕਿਸੇ ਅਖਬਾਰ ਵਾਲੇ ਨੂੰ ਉਹਨਾਂ ਤੀਕਰ ਜਾਣ ਦਿਤਾ। ਦੋ ਦਿਨ ਇੰਜ ਹੀ ਬੀਤ ਗਏ ਤੇ ਗੁਰਦਿੱਤ ਸਿੰਘ ਕੋਲ ਉਸ ਵਿਰੁੱਧ ਸ਼ਕਾਇਤ ਕਰਨ ਦੀ ਕਾਫੀ ਸਮੱਗਰੀ ਮੌਜੂਦ ਸੀ । ਉਹ ਚਾਹੁੰਦਾ ਸੀ ਕਿ ਪਰੈਸ ਵਾਲੇ ਜਹਾਜ਼ ਤੇ ਆਉਂਣ ਉਹ ਚਾਹੁੰਦਾ ਸੀ ਕਿ ਵੈਨਕੂਵਰ ਦੇ ਦੈਨਿਕ ਅਖਬਾਰ ਦਾ ਇਕ ਇਕ ਨੁਮਾਇੰਦਾ ਉਸਨੂੰ ਮਿਲੇ । ਪਰ ਜਿਹੜੇ ਉਸਨੂੰ ਮਿਲਦੇ ਸਨ ਉਹ ਜਾਂ ਤਾਂ ਗੀਡ ਦੇ ਅਧਿਕਾਰੀ ਹੁੰਦੇ ਸਨ ਜਾਂ ਗਾਰਡਨਰ ਜੌਹਨਸਨ ਹੁੰਦਾ ਸੀ ਜੋ ਮੁੜ ਮੁੜ ਜਹਾਜ਼ ਤੇ ਆਉਂਦਾ ਸੀ ਤੇ ਗੁਰਦਿੱਤ ਸਿੰਘ ਤੋਂ ਬਾਕੀ ਰਕਮ ਦੀ ਅਦਾਇਗੀ ਦੀ ਮੰਗ ਕਰਦਾ ਸੀ । ਇਮੀਗਰੇਸ਼ਨ ਵਾਲਿਆ ਦਾ ਇਕ ਲਾਂਚ, ਜਿਸ ਵਿਚ ਹਥਿਆਰ ਬੰਦ ਗਾਰਡ ਸਨ ਜਿੰਨ੍ਹਾਂ ਨੂੰ ਇਕ ਸ਼ਿਫਟ ਦੇ 4 ਡਾਲਰ ਦਿੱਤੇ ਜਾਂਦੇ ਸਨ, ਦਿਨ ਰਾਤ ਜਹਾਜ਼ ਦੇ ਦੁਆਲੇ ਚੱਕਰ ਕੱਟਦਾ ਸੀ । ਅਤੇ ਗੁਰਦਿੱਤ ਸਿੰਘ ਜਹਾਜ ਵਿਚ ਇਕ ਕੈਦੀ ਸੀ । ਨਾਂਹ ਉਹ ਕਿਸੇ ਬੈਂਕ ਵਿਚ ਜਾਂ ਸਕਦਾ ਸੀ ਤੇ ਨਾਂਹ ਹੀ ਉਹ ਕਿਸੇ ਸਥਾਨਬ ਹਿੰਦੂਸਤਾਨੀ ਨਾਲ ਸੰਪਰਕ ਕਾਇਮ ਕਰ ਸਕਦਾ ਸੀ ।

ਇੰਮੀਗਰੇਸ਼ਨ ਦਾ ਏਜੰਟ ਜਿਸਨੇ ਕਿ ਮੁਸਾਫਰਾਂ ਦੇ ਕੇਸਾਂ ਦੀ ਛਾਣਬੀਣ ਕਰਨ ਦਾ ਢੌਂਗ ਰਚਾਇਆ ਹੋਇਆ ਸੀ ਨੇ ਦੇਰੀ ਕਰਨ ਦੇ ਹਰ ਸੰਭਵ ਬਹਾਨੇ ਘੜੇ ਹੋਏ ਸਨ ਉਸਦੇ ਡਾਕਟਰ ਨੇ 77 ਮੁਸਾਫਰਾਂ ਦੀਆਂ ਅੱਖਾਂ ਵਿਚੋਂ ਟੈਰਕੋਮਾਂ ਲੱਭਣ ਲਈ ਪੂਰੇ ਤਿੰਨ ਦਿਨ ਬਿਤਾ ਦਿੱਤੇ । ਟੈਰੋਕੋਮਾਂ ਜਾਂ ਕੁਕਰੇ ਅੱਖਾਂ ਦੀ ਨਾ ਮੁਰਾਦ ਬੀਮਾਰੀ ਹੈ । ਇੰਨਾਂ ਦਾ ਇਲਾਜ ਕਰਨਾ ਕਠਨ ਹੈ ਅਤੇ ਮੁਸਾਫਰਾਂ ਨੂੰ ਰੱਦ ਕਰਨ ਲਈ ਇਸ ਨੂੰ ਅਧਾਰ ਬਣਾਇਆ ਜਾਂਦਾ ਹੈ। ਪੂਰੀ ਡਾਕਟਰੀ ਕਰਨ ਲਈ ਹੋਰ ਚਾਰ ਦਿਨ ਲਗ ਗਏ। ਇਸ ਵਿਚ ਸ਼ੱਕ ਨਹੀਂ ਸੀ ਕਿ 400 ਮਨੁਖਾਂ ਦੀ ਪੂਰੀ ਡਾਕਟਰੀ ਕਰਨ ਲਈ ਕਾਫੀ ਸਮੇਂ ਦੀ ਲੋੜ ਸੀ । ਪਰ ਉਨ੍ਹਾਂ ਦਿਨਾਂ ਵਿਚ ਇੰਮੀਗਰੇਸ਼ਨ ਵਾਲਿਆਂ ਲਈ ਇਹਨੀ ਦੇਰ ਅਸਾਧਰਨ ਸੀ। ਭਾਵੇਂ ਉਦੋਂ ਪਹਿਲੀ ਤੇ ਆਖਰੀ ਡਾਕਟਰੀ ਉਦੋਂ ਕੀਤੀ ਜਾਂਦੀ ਸੀ ਜਦੋਂ ਆਦਮੀ ਬੰਦਰਗਾਹ ਤੇ ਉਤਰਦਾ ਸੀ। ਇਹ ਕੰਮ ਬੜੀ ਫੁਰਤੀ ਨਾਲ ਕੀਤਾ ਜਾਂਦਾ ਸੀ । ਡਾਕਟਰ ਮੁਸਾਫਰਾਂ ਦੇ ਮੱਥੇ ਨੂੰ ਹੱਥ ਲਾਉਂਦਾ ਸੀ ਕਿਤੇ ਗਰਮ ਤਾਂ ਨਹੀਂ ਅਕਸਰ ਇਕ ਸਵਾਲ ਪੁਛਦਾ ਸੀ ਕਿ ਗੂੰਗਾ ਜਾਂ ਬਹਿਰਾ ਬੋਲਾ ਤਾਂ ਨਹੀਂ ।ਜੇਕਰ ਆਉਣ ਵਾਲੇ ਮੁਸਾਫਰ ਦੀ ਦਿੱਖ ਰਿਸ਼ਟ ਪੁਸ਼ਟ ਹੁੰਦੀ ਤੇ ਉਸਦਾ ਮਹਾਂਦਰਾ ਠੀਕ ਲਗਦਾ ਤਾਂ ਅਗੋਂ ਕੁਝ ਨਹੀਂ ਪਰਖਿਆ ਜਾਂਦਾ। ਇਕ ਅੰਗਰੇਜ ਨੂੰ ਤਾਂ ਇਹ ਹੀ ਦੱਸਣਾ ਕਾਫੀ ਸੀ ਕਿ ਉਹ ਬਰਤਾਨਵੀ ਰਾਜ ਦਾ ਸਹਿਰੀ ਹੈ ।ਉਸਦੀ ਚਮੜੀ ਤੇ ਦੰਦਾਂ ਆਦਿ ਲਈ ਨਿਗ੍ਹਾਂ ਮਾਰ ਕੇ ਉਸਨੂੰ ਝਟਪਟ ਲੰਘਾ ਦਿਤਾ ਜਾਂਦਾ ਸੀ ।ਅਤੇ ਉਨਾ ਲੋਕਾਂ

ਦੀ ਜਿਹੜੇ ਬਰਤਾਨੀਆ ਜਾਂ ਉਤਰੀ ਯੂਰਪ ਤੋਂ ਨਹੀਂ ਹੁੰਦੇ ਸਨ ਉਨਾ ਦੀ ਡਾਕ ਟਰੀ ਥੋੜੇ ਜਿਹੇ ਜਿਆਦਾ ਖਿਆਲ ਨਾਲ ਕੀਤੀ ਜਾਂਦੀ ਸੀ ਪਰ ਫਿਰ ਵੀ ਇਹ ਸਭ ਇਤਨਾ ਮਾਮੂਲੀ ਸੀ ਕਿ ਕਿਯੂਬੇਕ ਦੀ ਬੰਦਰਗਾਹ ਤੇ 300 ਇੰਮੀਗਰਾਂਟਾ ਦੀ ਡਾਕਟਰੀ ਸਿਰਫ ਇੱਕ ਘੰਟੇ ਵਿਚ ਹੀ ਕਰ ਦਿੱਤੀ ਜਾਂਦੀ ਸੀ। ਡਾਕਟਰ ਨੂੰ ਤੇਜ਼ੀ ਕਰਨ ਲਈ ਕਿਹਾ ਜਾਂਦਾ ਸੀ ਤਾਂ ਉਹ 400—500 ਬੰਦਿਆ ਨੂੰ ਇਕੋ ਘੰਟੇ ਵਿਚ ਲੰਘਾ ਦਿੰਦਾ। ਅੱਠ ਨੌਂ ਬੰਦਿਆ ਨੂੰ ਇਕੋ ਮਿੰਟ ਵਿਚ ਹੀ ਭੁਗਤਾ ਦਿੰਦਾ ਸੀ।

ਐਡਵਰਡ ਬਰਡ ਜਿਸਨੂੰ ਕਿ ਰਹੀਮ ਅਤੇ ਲੋਕਲ ਹਿੰਦੋਸਤਾਨੀਆਂ ਦੀ ਚੁਣੀ ਹੋਈ 15 ਬੰਦਿਆਂ ਦੀ ਕਮੇਟੀ ਵਲੋਂ ਹਦਾਇਤਾਂ ਮਿਲੀਆ ਸਨ। ਉਸਨੇ ਐਲਾਨ ਕਰ ਦਿਤਾ ਕਿ ਉਹ ਸਾਰੇ 376 ਮੁਸਾਫਰਾਂ ਦਾ ਨੁਮਾਇਦਾ ਹੈ ਉਸਨੇ ਮੁਸਾਫਿਰਾਂਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਪਰ ਅਧਿਕਾਰੀਆ ਨੇ ਉਸਨੂੰ ਜਾਣ ਤੋਂ ਰੋਕ ਦਿੱਤਾ। ਇੰਮੀਗਰੇਸ਼ਨ ਵਾਲੇ ਚਿੱਠੀਆਂ ਪਹੁੰਚਾ ਦਿੰਦੇ ਸਨ। ਪਰ ਇਹ ਮੁਸਾਫਰਾਂ ਨਾਲ ਮਿਲਕੇ ਇੰਟਰਵਿਊ ਕਰਨ ਵਾਂਗ ਨਹੀਂ ਸਨ। ਇੰਮੀਗਰੇਸ਼ਨ ਵਾਲੇ ਨਹੀਂ ਚਾਹੁੰਦੇ ਸਨ ਕਿ ਕੋਈ ਵਕੀਲ ਐਵੇਂ ਹੀ ਤਟ ਦੇ ਸਿੱਖਾਂ ਅਤੇ ਜਹਾਜ਼ ਦੇ ਸਿੱਖਾ ਵਿਚਕਾਰ ਮੁੜ ਮੁੜ ਗੇੜੇ ਮਾਰੇ। ਬਾਰਡ ਨੇ ਕਿਹਾ ਕਿ ਗੁਰਦਿੱਤ ਸਿਘ ਤਾਂ ਉਸ ਕੈਦੀ ਨਾਲੋ ਵੀ ਵਧੇਰੇ ਕੈਦੀ ਹੈ ਜਿਸ ਨੂੰ ਪੈਨੀਟੈਨਸਰੀ ਵਿੱਚ ਬੰਦ ਕੀਤਾ ਹੋਵੇ। ਬਰਡ ਨੇ ਅਟਵਾ ਨੂੰ ਅਪੀਲ ਕੀਤੀ ਪਰ ਉਸਨੂੰ ਉੱਤਰ ਵਿਚ ਆਖਿਆ ਗਿਆ ਓਹੀ ਗੱਲ ਮੰਨੋ ਜੋ ਕੁੱਝ ਇੰਮੀਗਰੇਸ਼ਨ ਦੇ ਏਜੰਟ ਠੀਕ ਸਮਝਦੇ ਹਨ।

ਪੰਜਵੇਂ ਦਿਨ ਬਰਡ ਦੂਜੀ ਧਿਰ ਦੇ ਸਰਕਾਰੀ ਵਕੀਲਾਂ ਨੂੰ ਮਿਲਿਆ ਇੱਕ ਰੌਬੀ ਰੀਡ ਸੀ ਜੋ ਇੱਕ ਸਥਾਨਕ ਕਾਨੂੰਨ ਫਰਮ ਦਾ ਹਿੱਸੇਦਾਰ ਸੀ ਅਤੇ ਇਹ ਫਰਮ ਵੈਨਕੂਵਰ ਵਿੱਚ ਅਕਸਰ ਸਰਕਾਰੀ ਕਾਨੂੰਨੀ ਕੰਮ ਕਾਜ ਕਰਦੀ ਸੀ। ਦੂਜਾ ਡਬਲਯੂ ਬੀ ਏ ਰਿਚੀ ਸੀ। ਉਹ ਇੰਮੀਗਰੇਸ਼ਨ ਦਾ ਮੁੱਖ ਵਕੀਲ ਸੀ ਉਹ ਕਿਸੇ ਵੇਲੇ ਪ੍ਰਧਾਨ ਮੰਤਰੀ ਦਾ ਕਾਨੂੰਨੀ ਹਿੱਸੇਦਾਰ ਸੀ ਅਤੇ ਹੁਣ ਵੀ ਉਸ ਦਾ ਨਿੱਜੀ ਮਿੱਤਰ ਸੀ ਬਰਡ ਨੂੰ ਕਾਹਲੀ ਸੀ ਕਿ ਕੰਮ ਨੂੰ ਨਪੇਰੇਅ ਚੜਾਇਆ ਜਾਵੇ। ਉਹ ਦੋਵੇ ਵਕੀਲ ਇਹ ਗੱਲ ਪੱਕੀ ਕਰਨਾ ਚਾਹੁੰਦੇ ਸਨ। ਉਹਨਾਂ ਨੂੰ "ਪਾਨਾਮਾ ਮਾਰੂ" ਦੀ ਘਟਨਾ ਯਾਦ ਸੀ। ਜੇ ਕਰ ਮੁਕੱਦਮਾ ਅਦਾਲਤ ਵਿਚ ਜਾਵੇ ਤਾ ਸੂਬੇ ਦੀ ਸਭ ਤੋਂ ਵੱਡੀ ਅਦਾਲਤ ਵਿਚ ਜਾਵੇ। ਉਹ ਜਾਣਦੇ ਸਨ ਕਿ ਬਰਡ ਕੋਲ ਕਿੰਨੇ ਹੀ ਪੱਖ ਮੌਜੂਦ ਸਨ। ਜੇਕਰ ਉਸ ਦੀ ਹੇਬੀਅਨ ਕਾਰਟਪਸ ਦੀ ਰਿੱਟ ਨੂੰ ਝੁਠਲਾ ਦਿੱਤਾ ਗਿਆ ਤਾਂ ਉਸਦੇ ਲਈ ਹੋਰ ਰਾਹ ਖੁੱਲਾ ਸੀ। ਉਹ ਇੱਕ ਜੱਜ ਤੋਂ ਦੂਜੇ ਜੱਜ ਕੋਲ ਜਾ ਸਕਦਾ ਸੀ। ਪਰ ਜੇਕਰ ਰਿਟ ਜਾਰੀ ਹੋ ਗਈ ਤਾਂ ਬਰਿਟਸ਼ ਕਲੰਬੀਆ ਦੇ ਕਾਨੂੰਨ ਅਨੁਸਾਰ ਸਰਕਾਰ ਲਈ ਸਾਰੇ ਰਸਤੇ ਬੰਦ ਸਨ। ਉਹ ਕੋਈ ਅਪੀਲ ਨਹੀਂ ਕਰ ਸਕੇਗੀ।

ਉਹਨਾਂ ਨੇ ਬਰਡ ਨੂੰ ਆਖਿਆ ਕਿ ਉਹ ਦੋ ਜਾਂ ਤਿੰਨ ਪਰਖ ਮੁੱਕਦਮੇ ਤੁਰੰਤ ਹੀ ਦਾਇਰ ਕਰ ਸਕਦਾ ਹੈ। ਜੇਕਰ ਉਹ ਇਹਨਾਂ ਨੂੰ ਸਿੱਧਿਆਂ ਹੀ ਕੋਰਟ ਆਫ ਅਪੀਲ ਵਿਚ ਲਿਜਾਣ ਲਈ ਤਿਆਰ ਹੋ ਜਾਵੇ। ਉਹ ਇਸ ਗੱਲ ਨੂੰ ਇਸ ਤਰ੍ਹਾਂ ਨਜਿੱਠ ਸਕਦਾ ਸੀ ਕਿ ਹੇਠਲੀ ਅਦਾਲਤ ਵਿੱਚ ਕੋਈ ਦਲੀਲ ਨ ਪੇਸ਼ ਕਰੇ ਤੇ ਮੁਕੱਦਮਾ ਖਾਰਜ ਹੋ ਜਾਵੇ। ਤਦ ਇਸ ਸਮੱਸਿਆ ਦਾ ਫੈਸਲਾ ਜੱਜਾਂ ਦਾ ਪੂਰਾ ਬੈਂਚ ਕਰੇਗਾ। ਇੱਕਾ ਦੁੱਕਾ ਜੱਜ ਨਹੀਂ ਕਰ ਸਕਦਾ। ਇਹ ਇੱਕ ਚੰਗੀ ਪੇਸ਼ਕਸ਼ ਸੀ। ਇੰਮੀਗਰੇਸ਼ਨ ਅਧਿਕਾਰੀ ਇਸ ਨਾਲੋਂ ਚੰਗੇਰੀ ਪੇਸ਼ਕਸ਼ ਨਹੀਂ ਕਰ ਸਕਦੇ ਸਨ ਅਤੇ ਕਿਉਂਕਿ ਇਹ ਪੇਸ਼ਕਸ਼ ਰਿਚੀ ਵਲੋਂ ਕੀਤੀ ਗਈ ਸੀ। ਸੁਭਾਵਕ ਹੀ ਸੀ ਕਿ ਇਸਦੀ ਪੁਸ਼ਟੀ ਅਟਵਾ ਦੇ ਕੇਦਰੀ ਅਫਸਰ ਕਰ ਦੇਣਗੇ ਇਸ ਦੇ ਪਿੱਛੋਂ ਇਕ ਖਾਮੋਸ਼ ਧਮਕੀ ਵੀ ਮੌਜੂਦ ਸੀ। ਕਿ ਜੇਕਰ ਬਰਡ ਅਜੇਹਾ ਕਰਨਾ ਨਾਂਹ ਮੰਨੇ ਤਾਂ ਉਸਨੂੰ ਆਪਣੇ ਮੁਕੱਦਮੇ ਦੀ ਵਕਾਲਤ ਕਰਨ ਲਈ ਨ ਮੁੱਕਣ ਵਾਲੀ ਉਡੀਕ ਕਰਨੀ ਪੈਣੀ ਸੀ

ਦੋ ਘੰਟਿਆ ਦੀ ਸਖਤ ਸੌਦੇ ਬਾਜੀ ਪਿੱਛੋਂ ਬਰਡ ਨੇ ਆਪਣੀ ਸਹਿਮਤੀ ਦੇ ਦਿਤੀ। ਪਰ ਬਰਡ ਨੂੰ ਅਜੇ ਸਹਿਮਤੀ ਲਈ ਰਹੀਮ ਅਤੇ ਉਸਦੇ ਸਾਥੀਆਂ ਕੋਲ ਜਾਣਾ ਪੈਣਾ ਸੀ। ਉਹਨਾਂ ਸਾਰਿਆਂ ਨੇ ਨਾਂਹ ਕਰ ਦਿਤੀ। ਉਹਨਾਂ ਆਖਿਆ ਅਸੀਂ ਕੋਈ ਸੌਦਾਬਾਜੀ ਨਹੀਂ ਕਰਨੀ, ਅਸੀਂ ਕੋਈ ਸੰਭਵ ਰਾਹ ਨਹੀਂ ਛੱਡਣਾ ਅਸੀਂ ਕਦਮ ਦਰ ਕਦਮ ਅਦਾਲਤਾਂ ਵਿਚ ਲੜਾਂਗੇ। ਭਾਵੇਂ ਕਿੰਨਾ ਹੀ ਸਮਾਂ ਅਤੇ ਪੈਸੇ ਲੱਗਣ।

ਹਫਤੇ ਦੇ ਅੰਤ ਉਤੇ ਇਕ ਹਾਲ ਕਿਰਾਏ ਉਤੇ ਲੈ ਲਿਆ ਗਿਆ । ਅਤੇ ਇਕ ਮਹਾਨ ਇੱਕਤਰਤਾ ਕੀਤੀ ਗਈ । ਉਸ ਵਿਚ ਚਾਰ ਪੰਜ ਸੌ ਹਿੰਦੋਸਤਾਨੀ ਇੱਕਠੇ ਹੋਏ ਸਨ । 20 ਦੇ ਕਰੀਬ ਗੋਰਿਆਂ ਨੇ ਵੀ ਇਸ ਸਭਾ ਵਿਚ ਭਾਗ ਲਿਆ ਸੀ ਇਸ ਵਿਚ ਦੋ ਪੱਤਰ ਪ੍ਰੇਰਕ ਸ਼ਾਮਲ ਸਨ ਹਾਪਕਿਨਸਨ ਸੀ ਅਤੇ ਉਸ ਦੀ ਸਟੈਨੋ ਸੀ । ਰਹੀਮ ਪ੍ਰਧਾਨਗੀ ਦੀ ਕੁਰਸੀ ਉਤੇ ਸੀ । ਬਲਵੰਤ ਸਿੰਘ ਨੇ ਪੰਜਾਬੀ ਭਾਸ਼ਾ ਵਿਚ ਮੁੱਖ ਲੈਕਚਰ ਦਿਤਾ । ਭਾਵੇਂ ਹਾਪਕਿਨਸਨ ਮੌਜੂਦ ਸੀ ਉਸਨੇ ਅਤਿ ਨਿਧੜਕਤਾਂ ਨਾਲ ਬੋਲਿਆ ਜਿਸਨੇ ਲਾਹੌਰ ਵਿਚ ਅਲੰਕਾਰਾਂਨਾਲ ਜੜੀ ਹੋਈ ਭਾਸ਼ਾ ਦੀ ਵਰਤੋਂ ਕੀਤੀ ਸੀ । ਹੁਣ ਵੈਨਕੂਵਰ ਵਿਚ ਉਸਨੂੰ ਕਿਸਦੀ ਪਰਵਾਹ ਸੀ । ਉਸਨੇ ਆਖਿਆ 'ਹਿੰਦੋਸਤਾਨ ਵਿਚ ਸਮਾਂ ਬਦਲ ਚੁੱਕਾ ਹੈ । ਸੰਨ 1857 ਦੀ ਜਾਗਰਤੀ ਫੇਰ ਆ ਗਈ ਹੈ । ਅੰਗਰੇਜ਼ਾਂ ਵਿਰੁੱਧ ਇਕ ਨਵੀਂ ਏਕਤਾ ਨੇ ਜਨਮ ਲਿਆ ਹੈ ਜੇ ਅਗਲੇ ਕੁਝ ਸਾਲਾਂ ਵਿਚ ਹਿੰਦੁਸਤਾਨੀਆਂ ਨੂੰ ਸਵੈਰਾਜ ਨਾ ਦਿਤਾ ਗਿਆ , ਤਦ ਕ੍ਰਾਂਤੀ ਦਾ ਤੂਫਾਨ ਝੁਲੇਗਾ । ਉਸਨੇ ਨੌ ਅਬਾਦੀਆਂ ਵਿਚ ਅੰਗਰੇਜ਼ਾ ਦੇ ਵਖਰੇਵੇਂ ਭਰੇ ਕਾਨੂੰਨਾ ਦੀ ਅਤੇ ਬਰਤਾਨਵੀ ਰਾਜ ਵਿਚ ਹਿੰਦੋਤਸਾਨੀ ਸਰਕਾਰ ਦੀ ਨਿਰਬਲਤਾ ਦੀ ਗੱਲ ਕੀਤੀ । ਉਸਨੇ ਮਹਾਨ ਸਿੱਖ ਯੋਧਿਆਂ ਦੀ ਉਦਾਹਰਣ ਦੇ ਕੇ ਜਿੰਨਾਂ ਨੇ ਤਿੰਨ ਵਾਰ ਅੰਗਰੇਜ਼ਾਂ ਵਿਰੁੱਧ ਲੜਿਆ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਅਸੀਂ ਕਾਮਾਗਾਟਾ ਮਾਰੂ ਦੀ ਧੰਨ ਨਾਲ ਸਹਾਇਤਾ ਕਰੀਏ ।

ਜਦੋਂ ਬਲਵੰਤ ਸਿੰਘ ਨੇ ਆਪਣੀ ਜੋਸ਼ੀਲੀ ਅਪੀਲ ਸਮਾਪਤ ਕੀਤੀ ਤਾਂ ਅਨੇਕਾਂ ਹੋਰ ਬੰਦਿਆ ਨੇ ਬੋਲਣ ਦੀ ਇੱਛਾ ਪ੍ਰਗਟ ਕੀਤੀ ਪਰ ਰਹੀਮ ਨੇ ਉਨ੍ਹਾਂ ਇਹ ਆਖਕੇ ਰੋਕ ਦਿਤਾ ਕਿ ਸਭਾ ਤਕਰੀਰਾਂ ਲਈ ਨਹੀਂ ਸਗੋਂ ਨਿੱਗਰ ਕਦਮ ਪੁੱਟਣ ਲਈ ਸੱਦੀ ਗਈ ਹੈ । ਹੁਣ ਲੋੜ ਹੈ ਪੈਸੇ ਦੀ ਨਕਦ ਪੈਸੇ ਦੀ ਇਤਨਾ ਪੈਸਾ ਚਾਹੀਦਾ ਹੈ ਕਿ ਵੈਨਕੂਵਰ ਵਿਚ ਜਹਾਜ਼ ਨੂੰ ਰੱਖਿਆ ਜਾ ਸਕੇ । ਗੀਡ ਭਾਵੇਂ ਕਿਤਨੀ ਹੀ ਰੋਕ ਕਿਉਂ ਨਾਂਹ ਪਾਵੇ । ਹਾਲ ਉਹਨਾਂ ਲੋਕਾਂ ਨਾਲ ਭਰਿਆ ਹੋਇਆ ਸੀ ਜਿਹੜੇ ਕਿ ਬੈਂਕੀ ਹਿਸਾਬ ਕਿਤਾਬ ਵਿਚ ਨਹੀਂ ਸਨ ਪੈਂਦੇ, ਸਗੋਂ ਆਪਣੀ ਬੱਚਤ ਜਾਂ ਤਾਂ ਜੇਬਾਂ ਵਿਚ ਰੱਖਦੇ ਸਨ ਜਾਂ ਆਪਣੀਆਂ ਪੱਗਾਂ ਵਿਚ । ਧੜਾ ਧੜ ਨੋਟ ਵਰਨ ਲੱਗ ਪਏ ਸਨ । ਕਿਸੇ ਨੇ ਪੰਜ ਕਿਸੇ ਨੇ ਦਸ ਦੇ ਕਿਸੇ ਨੇ ਸੌ ਦੇ ਨੋਟ ਭੇਂਟ ਕੀਤੇ । ਬੁਲਾਰਿਆ ਦੇ ਅੱਗੇ ਰੱਖੀ ਹੋਈ ਮੇਜ਼ ਨੋਟਾਂ ਦੀਆਂ ਥਹੀਆਂ ਨਾਲ ਭਰ ਗਈ । ਸਭ ਤੋਂ ਵੱਡੀ ਪੇਸ਼ਕਸ਼ 2000 ਡਾਲਰ ਸੀ । ਜਦੋਂ ਕਦੀ ਉਗਰਾਹੀ ਵਿਚ ਢਿੱਲ ਪੈਦੀ ਦਿਸਦੀ ਤਾਂ ਭਾਗ ਸਿੰਘ ਜਾਂ ਕਮੇਟੀ ਦਾ ਹੋਰ ਕੋਈ ਮੈਂਬਰ ਸੱਜਣ ਸਟੇਜ ਤੇ ਆਉਂਦਾ ਅਤੇ ਧਾਰਮਿਕ ਅਤੇ ਦੇਸ਼ ਭਗਤੀ ਦੇ ਜ਼ਜ਼ਬਿਆ ਭਰੀ ਅਪੀਲ ਕਰਦਾ । ਸਭਾ ਦੀ ਸਮਾਪਤੀ ਉਤੇ ਮੇਜ ਤੇ 5000 ਡਾਲਰ ਨਕਦ ਪਏ ਸਨ ਅਤੇ ਬਹਦਿਆ ਵਿਚ ਦਿਤੀ ਰਕਮ 66 ਹਜ਼ਾਰ ਡਾਲਰ ਤੀਕਰ ਪੁੱਜ ਗਈ ਸੀ ।

ਸੋਮਵਾਰ ਚੁਨ ਦੀ ਇਕ ਤਾਰੀਖ ਸੀ । ਆਖਰਕਾਰ ਡਾਕਟਰੀ ਮੁੱਕ ਗਈ ਸੀ । ਹੁਣ ਗੀਡ ਮੁਸਾਫਰਾ ਨੂੰ ਇਕ ਇਕ ਕਰਕੇ ਜਹਾਜ਼ ਤੋਂ ਲੈ ਜਾਂਦਾ ਤੇ ਵਾਪਸ ਲੈ ਆਉਂਦਾ ਸੀ । ਅਖੀਰ ਵਿਚ ਜਾ ਇਕ ਸਮੇਂ ਪੁੱਛ ਗਿੱਛ ਕਰਨ ਵਾਲਾ ਇਨਕੁਆਰੀ ਬੋਰਡ ਬੈਠਾ ਹੋਇਆ ਸੀ ਚਾਹੀਦਾ ਤਾਂ ਇਹ ਸੀ ਕਿ ਉਹਨਾਂ ਨੂੰ ਲਿਸਟ ਅਨੁਸਾਰ ਪਹਿਲੇ ਆਦਮੀ ਨੂੰ ਸਭ ਤੋਂ ਪਹਿਲਾਂ ਬੁਲਾਇਆ ਜਾਂਦਾ ਜੋ ਇਨਕੁਆਰੀ ਲਈ ਢੁਕਵਾ ਤੇ ਟਿਪੀਕਲ ਕੇਸ ਹੋਣਾ ਸੀ ਇਸ ਦੇ ਉਲਟ ਗੀਡ ਨੇ ਇਨਕੁਆਰੀ ਦਾ ਆਰੰਭ ਉਹਨਾਂ 20 ਆਦਮੀਆਂ ਤੋਂ ਕੀਤਾ ਜਿਹੜੇ ਪਹਿਲਾ ਹੀ ਕੈਨੇਡਾ ਰਹਿੰਦੇ ਰਹੇ ਸਨ । ਉਹਨਾਂ ਵਿਚੋਂ 13 ਬੰਦੇ ਇਸ ਤਰ੍ਹਾਂ ਨਾਲ ਆਪਣੇ ਆਪ ਹੀ ਪਾਸ ਹੋ ਗਏ ਸਨ । ਬਾਦ ਵਿਚ ਉਸਨੇ ਬਾਕੀ ਬੰਦਿਆਂ ਦੀ ਸਮੱਸਿਆ ਨੂੰ ਵਿਚਾਰਨਾਂ ਸ਼ੁਰੂ ਕੀਤਾ ਸੀ । ਦੋ ਕੇਸਾਂ ਤੇ ਹੀ ਦੋ ਦਿਨ ਲਾ ਦਿਤੇ । ਜਦੋਂ ਕਿ ਮਸਾ ਇਨ੍ਹਾਂ ਤੇ ਕੇਵਲ ਪੰਜ ਮਿੰਟ ਹੀ ਲੱਗਣੇ ਸਨ । ਸਾਰੀ ਕਾਰਵਾਈ ਇਕ ਮਾਖੌਲ ਸੀ । ਬਰਡ ਨੇ ਪ੍ਰੈਸ ਵਾਲਿਆ ਨੂੰ ਜਿਹੜੇ ਕਿ ਭਾਰਤੀਆਂ ਦੇ ਹਮਦਰਦ ਨਹੀਂ ਸਨ । ਪਰ ਜਿੰਨ੍ਹਾਂ ਨੂੰ ਬਰਡ ਸਹੀ ਢੰਗ ਨਾਲ ਵਰਤ ਲੈਂਦਾ ਸੀ, ਕਿਹਾ ਮੈਂ ਅਧਿਕਾਰੀਆ ਨੂੰ ਆਖਿਆ ਸੀ ਕਿ ਪਹਿਲਾਂ ਉਸ ਆਦਮੀ ਦਾ ਕੇਸ ਭੁਗਤਾਇਆ ਜਾਵੇ ਜਿਹੜਾ ਪਹਿਲਾਂ ਕਦੀ ਵੀ ਕੈਨੇਡਾ ਨਾਂਹ ਆਇਆ ਹੋਵੇ । ਮੈਂ ਚਾਹੁੰਦਾ ਸੀ ਕਿ ਗੁਰਦਿਤ ਸਿੰਘ ਦਾ ਕੇਸ ਪਹਿਲਾਂ ਲਿਆ ਜਾਵੇ । ਪਰ ਉਹਨਾਂ ਨੇ

ਵਿਸ਼ੇਸ਼ ਤੌਰ ਤੇ ਆਖਿਆ ਕਿ ਇਹ ਮਾਮਲਾ ਅਖੀਰ ਵਿਚ ਲਿਆ ਜਾਵੇਗਾ ।

ਸਥਾਨਕ ਹਿੰਦੁਸਤਾਨੀਆਂ ਨੇ ਬਰਡ ਨੂੰ ਆਖਿਆ ਕਿ ਉਹ ਇਨਕੁਆਰੀ ਦਾ ਬਾਇਕਾਟ ਕਰੇ। ਅਤੇ ਇਕ ਦਿਨ ਲਈ ਉਸਨੇ ਕਰ ਦਿਤਾ । ਫੇਰ 4 ਜੂਨ ਦਿਨ ਵੀਰਵਾਰ ਨੂੰ ਇਕ ਇਮੀਗਰੇਸ਼ਨ ਅਧਿਕਾਰੀ ਉਨ੍ਹਾਂ ਬਾਕੀ ਹਿੰਦੁਸਤਾਨੀਆਂ ਨੂੰ ਲੈਣ ਆਇਆ ਜਿਹੜੇ ਕਿ ਪਹਿਲਾਂ ਹੀ ਕੈਨੇਡਾ ਵਿਚ ਰਹਿ ਚੁੱਕੇ ਸਨ । ਗੁਰਦਿੱਤ ਸਿੰਘ ਨੇ ਉਨ੍ਹਾਂ ਨੂੰ ਜਾਣ ਤੋਂ ਇਨਕਾਰ ਕਰ ਦਿੱਤਾ । ਗੁਰਦਿੱਤ ਸਿੰਘ ਨੇ ਐਲਾਨ ਕੀਤਾ ''ਸਾਡੇ ਨਾਲ ਜੋ ਦੂਰ ਵਿਵਹਾਰ ਹੋ ਰਿਹਾ ਹੈ ਉਸ ਦੇ ਰੋਸ ਵਜੋ ਅਸੀਂ ਭੁੱਖੇ ਰਹਿਕੇ ਮਰਨ ਦਾ ਫੈਸਲਾ ਕਰ ਲਿਆ ਹੈ ।

ਪਿੱਛੋਂ ਉਸੇ ਦਿਨ ਗੁਰਦਿੱਤ ਸਿੰਘ ਨੂੰ ਇਕ ਲਾਂਚ ਉਤੇ ਲਿਆਦਾ ਗਿਆ ਅਤੇ ਉਸ ਲਾਂਚ ਦੇ ਬਰਾਬਰ ਬਰਡ ਦਾ ਲਾਂਚ ਲਿਆਕੇ ਨਾ ਦਿੱਤਾ ਗਿਆ । ਇਮੀਗਰੇਸ਼ਨ ਦੇ ਅਫਸਰ ਇਨ੍ਹਾਂ ਦੋਹਾਂ ਦੇ ਨਾਲ ਨਾਲ ਸੀਮਿੰਟ ਵਾਂਗੂ ਚਿਪਕੇ ਹੋਏ ਸਨ। ਉਹ ਦੋਹਾਂ ਦੀ ਗੱਲਬਾਤ ਦਾ ਇਕ ਇਕ ਸ਼ਬਦ ਸੁਣਦੇ ਸਨ। ਬਰਡ ਇਸ ਪ੍ਰਬੰਧ ਤੋਂ ਖੁਸ਼ ਨਹੀਂ ਸੀ। ਪਰ ਇਹ ਸੋਚਕੇ ਨਾਂਹ ਨਾਲੋਂ ਤਾਂ ਇਹੀ ਚੰਗਾ ਹੈ ਉਹ ਸਹਿਮਤ ਹੋ ਗਿਆ ਸੀ। ਦੋਹਾਂ ਦੀਆਂ ਇਕ ਘੰਟਾ ਗੱਲਾ ਹੋਈਆ ਗੁਰਦਿੱਤ ਸਿੰਘ ਸਥਾਨਕ ਕਮਿਊਨਿਟੀ ਦੇ ਆਗੂਆ ਲਈ ਕੌੜੇ ਸ਼ਬਦ ਬੋਲੇ ਜਿੰਨ੍ਹਾਂ ਨੇ ਉਸਨੂੰ ਏਥੇ (ਕੈਨੇਡਾ) ਆਉਣ ਲਈ ਉਤਸ਼ਾਹਤ ਕੀਤਾ ਸੀ । ਇਸ ਮਿਲਣੀ ਦੇ ਫਲਸਰੂਪ ਇਕ ਸਕੀਮ ਘੜੀ ਗਈ ਜਿਸ ਅਨੁਸਾਰ ਗੁਰਦਿਤ ਸਿੰਘ ਆਪਣੇ ਲਈ ਇਕ ਸੈੱਡ ਦਾ ਪ੍ਰਬੰਧ ਕਰੇ ਤਾਂ ਕਿ ਜਹਾਜ਼ ਨੂੰ ਅਜ਼ਾਦ ਕਰਵਾ ਕੇ ਖੜ੍ਹਾ ਕਰ ਸਕੇ । ਕੋਲਾ ਉਤਾਰ ਸਕੇ ਅਤੇ ਨਵਾਂ ਸਮਾਨ, ਸ਼ਾਇਦ ਲਕੜੀ ਲੱਦ ਸਕੇ ਅਤੇ ਕਾਮਾਗਾਟਾ ਮਾਰੂ ਨੂੰ ਵਾਪਸ ਹਾਂਗਕਾਗ ਭੇਜ ਸਕੇ । ਜੇਕਰ ਮੁਸਾਫਰਾਂ ਨੂੰ ਡਿਪੋਰਟ ਕੀਤਾ ਗਿਆ ਤਾਂ ਗੁਰਦਿੱਤ ਸਿੰਘ ਇਕ ਨਵੇਂ ਜਹਾਜ਼ ਦਾ ਪ੍ਰਬੰਧ ਕਰੇਗਾ । ਤੇ ਉਹਨਾਂ ਨੂੰ ਵਾਪਸ ਭੇਜ ਦੇਵੇਗਾ । ਉਨ੍ਹਾਂ ਸਮਾਂ ਗੁਰਦਿੱਤ ਸਿੰਘ ਮੁਸਾਫਰਾਂ ਦੇ ਖਰਚੇ ਦਾ ਭਾਰ ਆਪਣੇ ਸਿਰ ਲਵੇਗਾ । ਇਸ ਸਮੇਂ ਦੌਰਾਨ ਗੁਰਦਿੱਤ ਸਿੰਘ'ਐਪਰੈਂਸ ਆਫ ਰਸੀਆ' ਜਹਾਜ਼ ਜਿਹੜਾ ਕਿ 11 ਜੂਨ ਨੂੰ ਤੁਰਨਾ ਸੀ, ਉਪਰ ਹਿੰਦੁਸਤਾਨ ਰਵਾਨਾ ਹੋ ਜਾਵੇਗਾ ।

ਮੈਂ ਇਸ ਦਾ ਕਰੜਾ ਵਿਰੋਧ ਕਰਦਾ ਹਾਂ, ਰੀਡ ਨੇ ਅਟਵਾ ਦੀ ਸਰਕਾਰ ਨੂੰ ਦੱਸਿਆ ਸੀ । ਹਿੰਦੁਸਤਾਨੀ ਇਸ ਨੂੰ ਕਮਜ਼ੋਰੀ ਦਾ ਚਿੰਨ ਸਮਝਣਗੇ । ਮੈਂ ਤੰਬੀਹ ਕਰਨੀ ਆਪਣਾ ਕਰੱਤਵ ਸਮਝਦਾ ਹਾਂ ਕਿ ਇਸ ਦੇ ਸਿੱਟੇ ਵਜੋਂ ਗੋਰੇ ਦੰਗੇ ਕਰ ਦੇਣਗੇ । ਲੰਮੇਰੇ ਸਮੇਂ ਲਈ ਇਤਨੇ ਵੱਡੇ ਹਜੂਮ ਨੂੰ ਕਾਬੂ 'ਚ ਰੱਖਣਾ ਅਤੇ ਮੁਸ਼ਕਲਾ ਅਤੇ ਖਤਰੇ ਭਰਿਆ ਅਤੇ ਖਰਚਾ ਭਰਿਆ ਕਾਰਜ਼ ਹੋਵੇਗਾ । ਕੋਈ ਯੋਗ ਇਮਾਰਤ ਉਪਲਭਦ ਨਹੀਂ ।'' ਅਤੇ ਹੁਣ ਬਹਾਨਿਆ ਨੂੰ ਛੱਡ ਕੇ ਉਹ ਅਸਲੀ ਗੱਲ ਆਖਣ ਲੱਗਾ । ਜੇਕਰ ਅਸੀਂ ਢਿੜ ਰਹਾਂਗੇ ਰਹਾਂਗੇ ਅਤੇ ਗੁਰਦਿਤ ਸਿੰਘ ਨੂੰ ਜਹਾਜ਼ ਦੇ ਮਾਲਕ ਦੇ ਵਾਹਦੇ ਨਾ ਪੂਰੇ ਕਰਨ ਵਿਚ ਹੋਰ ਢਿੱਲ ਪਾ ਸਕਾਂਗੇ ਤਾਂ ਸਰਕਾਰ ਇਕ ਹਫਤੇ ਵਿਚ ਹੀ ਇਸ ਸਾਰੇ ਮਾਮਲੇ ਦੀ ਜਕੜ ਤੋਂ ਮੁਕਤ ਹੋ ਜਾਵੇਗੀ

ਕੈਨੇਡਾ ਦੇ ਵਿਧਾਨ ਵਿਚ ਅਜਿਹੀ ਧਾਰਾ ਨਹੀਂ ਸੀ ਜਿਹੜਾ ਕਿ ਗੁਰਦਿਤ ਸਿੰਘ ਦੀ ਵਾਪਸੀ ਵਿਚ ਰੋੜਾ ਬਣ ਸਕਦੀ ਪ੍ਰੰਤੂ ਰੀਡ ਨੇ ਦਲੀਲ ਦਿਤੀ ''ਜੇਕਰ ਬਜ਼ੁਰਗ ਨੂੰ ਮੁੜਣ ਦੀ ਆਗਿਆ ਦਿਤੀ ਗਈ ਤਾਂ ਬਹੁਤ ਵੱਡੀ ਭੁੱਲ ਹੋਵੇਗੀ । ਉਹ ਹਿੰਦੁਸਤਾਨ ਜਾ ਕੇ ਐਜੀਟੇਸ਼ਨ ਕਰੇਗਾ ਤੇ ਹਿੰਦੁਸਤਾਨ ਸਰਕਾਰ ਨੂੰ ਬਿਪਤਾ ਖੜੀ ਕਰ ਦੇਵੇਗਾ। ਇਸ ਦੇ ਫਲਸਰੂਪ ਹਿੰਦੁਸਤਾਨ ਸਰਕਾਰ ਕੈਨੇਡਾ ਦੀ ਸਰਕਾਰ ਤੇ ਦਬਾਓ ਪਾਵੇਗੀ ਇਸ ਲਈ ਗੁਰਦਿੱਤ ਸਿੰਘ ਨੂੰ ਇੱਥੇ ਹੀ ਟਿਕਣ ਦਿੱਤਾ ਜਾਵੇ ਉਹ ;ਹੁਣ। ਫਸਾਦਾਦੇ ਖਤਰੇ ਬਾਰੇ ਰੀਡ ਸਭ ਤੋਂ ਵੱਧ ਗੱਲ ਕਰਦਾ ਸੀ ਇਹ ਸੱਚ ਸੀ ਕਿ ਸਿਟੀ ਕਾਉਂਸਲ ਅਤੇ ਬੋਰਡ ਆਫ ਟਰੇਡ ਵਰਗੀਆ ਸੰਸਥਾਵਾ ਨੇ ਸਰਕਾਰ ਨੂੰ ਕਿਹਾ ਸੀ ਕਿ ਹਰ ਸੰਭਵ ਯਤਨ ਕੀਤੇ ਜਾਣ ਤਾਂ ਜੋ ਕਾਮਾਗਾਟਾ ਮਾਰੂ ਦੇ ਲੋਕ ਨਾ ਉਤਰ ਸਕਣ । ਵੈਨਕੂਵਰ ਇਕ ਨਵਾਂ ਨਕੋਰ ਸ਼ਹਿਰ ਜੋ ਪਿਛਲੇ 10-12 ਸਾਲਾਂ ਵਿਚ ਬਹੁਤ ਪ੍ਰਫੁਲਤ ਹੋਇਆ ਸੀ । ਹੁਣ ਗੰਭੀਰ ਮੰਦਹਾਲੀ ਦੀ ਲਪੇਟ ਵਿਚ ਆਇਆ ਹੋਇਆ ਸੀ। ਕੁਝ ਉਸਾਰੀ ਸੰਸਥਾਵਾ ਵਿਚ 60 ਪ੍ਰਤੀਸ਼ਤ ਦੇ ਕਰੀਬ ਲੋਕ ਬੇਰੁਜਗਾਰ ਸਨ । ਹਾਲਾਤ ਨਾਜੁਕ ਸਨ ।

ਬਹਾਰ ਦੇ ਸ਼ੁਰੂ ਵਿਚ ਬਰਿਟਿਸ਼ ਕੋਲੰਬੀਆ ਦੇ ਗੋਰੇ ਮਿਹਨਤਕਾਸ਼ਾ ਨੇ ਕੰਮ ਕੀਤੀ ਕਿ ਹਿੰਦੁਸਤਾਨੀਆਂ ਦੀ ਥਾਂ ਉਹਨਾਂ ਨੂੰ ਰੁਜਗਾਰ ਦਿਤੀ ਜਾਵੇ ਤੇ ਕੁਝ ਲਕੜੀ ਕੰਪਨੀਆਂ ਨੇ ਇੰਜ ਕਰ ਵੀ ਦਿਤਾ ਸੀ ਅਤੇ ਬਹੁਤ ਸਾਰੇ ਹਿੰਦੁਸਤਾਨੀਆ ਨੂੰ ਹਟਾ ਦਿਤਾ ਗਿਆ ਅਤੇ ਉਹਨਾਂ ਦੀ ਥਾਂ ਗੋਰੇ ਭਰਤੀ ਕਰ ਲਏ ਗਏ ਸਨ। ਪ੍ਰੰਤੂ ਨਾਂ ਹੀ ਮਿਥਕੇ ਕੋਈ ਮੁਜਾਹਰੇ ਹੋਏ ਸਨ ਅਤੇ ਨਾ ਹੀ ਕੋਈ ਦੁਰਘਟਨਾਵਾਂ ਘਟੀਆ ਸਨ ਜਿੰਨ੍ਹਾਂ ਤੋਂ ਅੰਦਾਜ਼ਾ ਲਾਇਆ ਜਾ ਸਕੇ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਗਏ ਸਨ ।ਪਰ ਗੀਡ ਨੂੰ ਕੋਈ ਫਸਾਦਾਂ ਦੀ ਚਿੰਤਾ ਨਹੀਂ ਸੀ, ਉਹ ਤਾਂ ਬਸ ਦਲੀਲ ਘੜ ਰਿਹਾ ਸੀ ।

ਦੋ ਦਿਨਾਂ ਤੋਂ ਗੁਰਦਿੱਤ ਸਿੰਘ ਅਧਿਕਾਰੀਆ ਨੂੰ ਸੂਚਿਤ ਕਰ ਰਿਹਾ ਸੀ "ਮੇਰੇ ਕੋਲ ਖਾਣ ਲਈ ਕੁਝ ਨਹੀਂ ਹੈ। ਉਹਨਾਂ ਦੀ ਖੁਰਾਕ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਮੈਨੂੰ ਖੁਦ ਸ਼ਹਿਰ ਜਾਣ ਦੀ ਆਗਿਆ ਨਹੀਂ ।" ਪਰ ਗੀਡ ਦੇ ਕੰਨਾ ਤੇ ਜੂੰ ਤੱਕ ਨਹੀਂ ਸਰਕੀ। ਭਾਵੇਂ ਉਸਨੇ 200 ਟਨ ਪੀਨ ਵਾਲਾ ਪਾਣੀ ਤਾਂ ਘੱਲ ਦਿਤਾ ਸੀ ਜਿਹੜਾ ਦੋ ਤਿੰਨ ਹਫਤਿਆਂ ਤੱਕ ਚਲ ਸਕਦਾ ਸੀ। ਜਦੋਂ ਗੁਰਦਿੱਤ ਸਿੰਘ ਨੇ ਭੁੱਖ ਹੜਤਾਲ ਦਾ ਐਲਾਨ ਕੀਤਾ ਤਾਂ ਗੀਡ ਨੇ ਇਸ ਗੱਲ ਦਾ ਮਜ਼ਾਕ ਉਡਾਇਆ ਸ਼ਾਇਦ ਠੀਕ ਹੀ,ਕਿਉਂਕਿ ਜਹਾਜ਼ ਦੇ ਜਪਾਨੀ ਕਾਮਿਆ ਨੇ ਉਸਨੂੰ ਦੱਸ ਦਿਤਾ ਸੀ ਕਿ ਹਿੰਦੁਸਤਾਨੀ ਰਾਤ ਦੇ ਸਮੇਂ ਭੋਜਨ ਬਣਾਉਦੇ ਹਨ ਅਤੇ ਉਨ੍ਹਾਂ ਦਾ ਨੇਤਾ ਬਕਾਇਦਾ ਖਾਣਾ ਖਾਂਦਾ ਸੀ। 6 ਜੂਨ ਸ਼ੁਕਰਵਾਰ ਵਾਲੇ ਦਿਨ ਗੁਰਦਿੱਤ ਸਿੰਘ ਨੇ ਬਰਤਾਨਵੀ ਸ਼ਹਿਨਸ਼ਾਹ ਅਤੇ ਗਵਰਨਰ ਜਨਰਲ ਨੂੰ ਤਾਰਾਂ ਭੇਜੀਆਂ ਚਾਰ ਦਿਨ ਤੋਂ ਕੋਈ ਰਸਦ ਨਹੀਂ ਹੈ। ਗੀਡ ਜਹਾਜ਼ ਤੇ ਸਮੱਗਰੀ ਨਹੀਂ ਘੱਲਦਾ। ਮੇਰੇ ਲੋਕ ਭੁੱਖੇ ਮਰ ਰਹੇ ਹਨ ਤੇ ਕੈਦੀ ਹਨ। ਇਹਨਾਂ ਤਾਰਾਂ ਨੂੰ ਇਕ ਇਮੀਗਰੇਸ਼ਨ ਅਫਸਰ ਨੂੰ ਦੇ ਦਿੱਤਾ ਗਿਆ ਸੀ। ਕਿਉਂਕਿ ਤੱਟ ਤੇ ਕਿਸੇ ਚੀਜ਼ ਨੂੰ ਘੱਲਣ ਦਾ ਇਹੀ ਇਕੋ ਇਕ ਰਾਹ ਸੀ। ਉਸ ਅਫਸਰ ਨੂੰ ਜੁਆਬੀ ਤਾਰਾ ਘੱਲਣ ਦੇ ਖਰਚੇ ਵਜੋਂ 40 ਡਾਲਰ ਦਿਤੇ ਗਏ ਇਸ ਤੇ ਗੀਡ ਨੇ ਆਖਿਆ "ਜੇਕਰ ਤਾਰਾਂ ਲਈ ਗੁਰਦਿੱਤ ਸਿੰਘ ਕੋਲ 40 ਡਾਲਰ ਹਨ ਤਾ ਰਸਦ ਦੀ ਦੇ ਪੈਸੇ ਵੀ ਉਸ ਕੋਲ ਅਵੱਸ਼ ਹੋਣੇਗੇ। ਮੁਸਾਫਰਾਂ ਵੱਲੋਂ ਰਸਦ ਦੀ ਇਕ ਸੂਚੀ ਤਿਆਰ ਕੀਤੀ ਗਈ। ਆਟੇ ਦੇ 100 ਥੈਲੇ, ਅਦਰਕ, ਗੋਭੀ ਤੇ ਸ਼ੁਧ ਮੱਖਣ ਟਨ ਦਾ ਚੌਥਾ ਹਿੱਸਾ 10 ਬਕਸੇ ਦੁੱਧ ਦੇ, 50 ਭੇਡਾਂ ਜਾਂ ਬੱਕਰੇ, 200 ਬਕਸੇ ਸਿਗਰਟਾਂ ਦੇ, ਲਾਲ ਮਿਰਚਾ, ਮਸਾਲੇ ਤੇ ਆਂਡਿਆਂ ਦੇ ਬਕਸੇ। ਗੀਡ ਨੇ ਇਹ ਸਭ ਕੁਝ ਹਾਸੋਹੀਣਾ ਤੇ ਬਹੁਤ ਜਾਪਿਆ ਅਤੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਹੁਸੈਨ ਰਹੀਮ ਨੇ ਫੈਨ ਕੀਤਾ ਕਿ ਉਨ੍ਹਾਂ ਦੀ ਕਮੇਟੀ ਨੇ ਇਕ ਜਪਾਨੀ ਮੱਛੀਫੜਨ ਵਾਲੀ ਕਿਸ਼ਤੀ ਤੇ ਪੰਜ ਟਨ ਖੁਰਾਕ ਲੱਦ ਦਿਤੀ ਗਈ ਹੈ। ਤੇ ਉਹ ਉਸਨੂੰ ਲਿਜਾਣਾ ਚਾਹੁੰਦੇ ਹਨ। ਪਰ ਇਜਾਜਤ ਦੇਣ ਦੀ ਬਜਾਏ ਅਧਿਕਾਰੀਆ ਨੇ ਇਸ ਨੂੰ ਇਕ ਇਮੀਗਰੇਸ਼ਨ ਲਾਂਚ ਵਿਚ ਲੱਦ ਲਿਆ ਅਤੇ ਆਪ ਲੈ ਕੇ ਜਹਾਜ਼ ਕੋਲ ਚਲੇ ਗਏ। ਪਰ ਗੁਰਦਿੱਤ ਸਿੰਘ ਜਿਹੜਾ ਕਿ ਜਹਾਜ਼ ਦੇ ਜੰਗਲੇ ਤੇ ਖਲੋਤਾ ਹੋਇਆ ਸੀ ਨੇ ਇਸਨੂੰ ਹੱਥ ਦੇ ਇਸ਼ਾਰੇ ਨਾਲ ਵਾਪਸ ਜਾਣ ਵਾਸਤੇ ਕਹਿ ਦਿਤਾ ।

ਹਫਤੇ ਦੇ ਅਖੀਰ ਤੱਕ ਜਹਾਜ਼ ਵਿਚ ਅਸਲੀ ਭੋਖਾ ਡਾਹ ਗਿਆ ਸੀ। ਭਾਵੇਂ ਕਿ ਗੁਰਦਿੱਤ ਸਿੰਘ ਤੇ ਉਸਦੇ ਤਿੰਨ ਚਾਰ ਨਿਕਟ ਵਰਤੀਆਂ ਦੇ ਕਿਚਨ ਵਿਚ ਜੋ ਬਾਕੀਆ ਨਾਲੋਂ ਵੱਖਰਾ ਸੀ, ਬਜ਼ੁਰਗ ਕੋਈ ਡੈਮੋਕਰੈਟ ਨਹੀਂ ਸੀ। ਜਹਾਜ਼ ਦੇ ਡਾਕਟਰ ਰਘੁਨਾਥ ਨੇ ਸ਼ਹਿਰ ਇਕ ਪੱਤਰ ਘੱਲਿਆ ਕਿ ਉਹ ਉਸਦੀ ਪਤਨੀ ਅਤੇ ਬੱਚੇ ਭੋਖੇ ਦੇ ਸ਼ਿਕਾਰ ਹਨ ਅਤੇ ਉਹ ਅਜੇਹੀ ਹਾਲਤ ਵਿਚ ਮੁਸਾਫਰਾਂ ਦੀ ਡਾਕਟਰੀ ਵੱਲ ਧਿਆਨ ਨਹੀਂ ਦੇ ਸਕਦਾ। ਸੋਮਵਾਰ ਬਾਦ ਦੁਪਿਹਰ ਨੂੰ ਹਾਪਕਿਨਸਕ ਬੇਨਤੀ ਕਰਕੇ ਜਹਾਜ਼ ਉਤੇ ਆਇਆ ਉਸਨੂੰ ਦਲਜੀਤ ਸਿੰਘ ਮਿਲਿਆ। ਕੁਝ ਮਿੰਟ ਇੰਤਜ਼ਾਰ ਕਰਨ ਪਿੱਛੋਂ ਗੁਰਦਿੱਤ ਸਿੰਘ ਤੇ ਦੋ ਕੁ ਉਸਦੇ ਪਿੱਠੂ ਬਾਹਰ ਆਏ। ਗੁਰਦਿੱਤ ਸਿੰਘ ਨੇ ਕਿਹਾ ਕਿ ਮੇਰੇ ਆਦਮੀਆ ਨੇ ਇਸ ਮੰਤਵ ਨਾਲ ਹੜਤਾਲ ਕੀਤੀ ਸੀ ਤਾਂ ਕਿ ਕੈਨੇਡਾ ਵਾਸੀਆ ਦਾ ਧਿਆਨ ਖਿੱਚਿਆ ਜਾ ਸਕੇ। ਪਰ ਪਤਾ ਲੱਗਿਆ ਕਿ ਉਹ ਲੋਕ ਰਤੀ ਵੀ ਚਿੰਤਾਤੁਰ ਨਹੀਂ ਏਥੇ ਇਨਸਾਫ ਨਹੀਂ,ਇਨਸਾਨੀਅਤ ਦੇ ਨਾਤੇ ਵੀ ਨਹੀਂ। ਹਾਪਕਿਨਸਨ ਨੇ ਨਿਰਪੱਖ ਹੋਣ ਦਾ ਵਿਖਾਵਾ ਕੀਤਾ ਇਹੀ ਕਾਰਣ ਸੀ ਕਿ ਉਹ ਆਪਣੇ ਕੰਮਾਂ ਵਿਚ ਕਾਮਯਾਬ ਸੀ। ਉਸ ਨੇ

ਕੋਈ ਰਿਆਇਤ ਨਾਂਹ ਕੀਤੀ। ਸਰੋਂ ਜਾਂਦਾ ਹੋਇਆ ਬਜ਼ੁਰਗ ਦੇ ਬਟੂਏ ਵਿਚੋਂ 10 ਡਾਲਰ ਦਾ ਸੋਨੇ ਦਾ ਸਿੱਕਾ ਤੇ 8 ਸਟਰਲਿੰਗ ਪਾਉਂਡ ਕਢਵਾਕੇ ਲੈ ਗਿਆ। ਗਰੰਸਰੀ ਦੇ ਪ੍ਰਬੰਧ ਕਰ ਦਿੱਤੇ ਗਏ ਅਤੇ ਉਸੇ ਸ਼ਾਮ ਜਹਾਜ਼ ਤੇ ਮੁਸਾਫਰਾਂ ਦੇ ਇਕ ਵਾਰ ਰੱਜ ਕੇ ਖਾਣਾ ਖਾਣ ਜੋਗੀ ਖੁਰਾਕ ਪਹੁੰਚਾ ਦਿੱਤੀ ਗਈ।

ਮੰਗਲਵਾਰ 9 ਜੂਨ ਨੂੰ ਗੁਰਦਿੱਤ ਸਿੰਘ ਨੇ ਉਹਨਾਂ ਹਿੰਦੁਸਤਾਨੀ ਨੂੰ ਤੱਟ (ਕਿਨਾਰੇ) ਤੇ ਜਾਣ ਦੀ ਆਗਿਆ ਦੇ ਦਿਤੀ ਜਿਹੜੇ ਕਿ ਪਹਿਲਾਂ ਕੈਨੇਡਾ 'ਚ ਰਹੇ ਸਨ। ਬਾਇਕਾਟ ਦਾ ਅੰਤ ਹੋ ਗਿਆ। ਦਲਜੀਤ ਸਿੰਘ ਨੇ ਇਮੀਗਰੇਸ਼ਨ ਵਾਲਿਆ ਦੇ ਲਾਂਚ ਤੇ ਕੁੱਦਣ ਦਾ ਯਤਨ ਕੀਤਾ ਉਸਨੇ ਕਿਹਾ ਕਿ ਰੀਡ ਨੇ ਆਗਿਆ ਦੇ ਦਿਤੀ ਸੀ। ਕਿ ਇਕ ਮੈਨੇਜਰ ਸ਼ਹਿਰ ਵਿਚ ਰਾਸ਼ਨ ਦਾ ਪ੍ਰਬੰਧ ਕਰਨ ਲਈ ਜਾ ਸਕਦਾ ਹੈ। ਇਸ ਤੇ ਗੁਰਦਿੱਤ ਸਿੰਘ ਨੇ ਕਿਹਾ ਕਿ ਉਹ ਅਜਿਹੇ ਪ੍ਰਬੰਧ ਨਾਲੋਂ ਬਿਨ੍ਹਾਂ ਹੀ ਚੰਗੇ ਹਨ।

ਪੰਜ ਬਾਕੀ ਬੰਦਿਆ ਨੂੰ ਜਿਹੜੇ ਕਿ ਪਹਿਲਾਂ ਹੀ ਕੈਨੇਡਾ ਦੇ ਵਾਸੀ ਸਨ ਉਸ ਦਿਨ ਉਤਰਨ ਦੀ ਆਗਿਆ ਦੇ ਦਿਤੀ ਗਈ। ਹੁਣ ਪਿਛੇ 355 ਮੁਸਾਫਰ ਰਹਿ ਗਏ ਸਨ।

ਰੀਡ ਕੋਲ ਹੁਣ ਕੋਈ ਚੋਣ ਨਹੀਂ ਰਹਿ ਗਈ ਸੀ। ਸਿਵਾਏ ਇਸ ਦੇ ਕਿ ਨਵੇਂ ਬੰਦਿਆਂ ਦੀ ਡਾਕਟਰੀ ਆਰੰਭ ਕਰੇ। ਰੀਡ ਨੇ ਸਰੀਰਕ ਤੌਰ ਤੇ ਬੀਮਾਰਾਂ ਤੋਂ ਸ਼ੁਰੂ ਕੀਤਾ ਅਜਿਹੇ ਮਨੁੱਖਾਂ ਦੀ ਸੰਖਿਆ 88 ਸੀ। ਉਹਨਾਂ ਵਿਚੋਂ 77 ਦੇ ਅੱਖਾਂ ਵਿਚ ਕੁਕਰੇ ਸਨ ਅਤੇ 11 ਹੋਰ ਸਰੀਰਕ ਨੁਕਸਾਂ ਵਾਲੇ ਸਨ। ਕਿਉਂਕਿ ਰੀਡ ਉਕਤ ਬੰਦਿਆ ਨੂੰ ਸਿੱਧਿਆ ਹੀ ਰੱਦ ਕਰ ਸਕਦਾ ਸੀ। ਕੌਂਸਲ ਦੇ ਆਰਡਰ ਵਰਤਣ ਦੀ ਵੀ ਲੋੜ ਨਹੀਂ ਸੀ। ਜਿਹੜਾ ਆਰਡਰਾਂ ਨੂੰ ਪਰਖਣ ਲਈ ਬਰਡ ਕਾਹਲਾ ਸੀ।

ਜੂਨ 10 ਦੀ ਪ੍ਰਭਾਤ ਨੂੰ ਹਾਪਕਿਨਸਨ ਨੇ ਮੁਸਾਫਰਾਂ ਵਿਚ ਬੇਚੈਨੀ ਫੈਲੀ ਹੋਈ ਦੇਖੀ। ਉਸਦਾ ਖਿਆਲ ਸੀ ਕਿ ਜੇਕਰ ਖੁਰਾਕ ਦਾ ਪ੍ਰਬੰਧ ਨਾਹ ਕੀਤਾ ਗਿਆ ਤਾ ਸੰਭਵ ਸੀ ਕਿ ਮੁਸਾਫਰ ਗੁਰਦਿੱਤ ਸਿੰਘ ਤੇ ਉਸਦੇ ਨਿਕਟਵਰਤੀਆ ਨਾਲ ਕਰੜਾ ਸਲੂਕ ਕਰਨ ਪਰ ਹਾਪਕਿਨਸਨ ਗਲਤ ਸੀ। ਬਜ਼ੁਰਗ ਦਾ ਪੂਰਾ ਕੰਟਰੋਲ ਸੀ। ਮੁਸਾਫਰਾਂ ਦਾ ਉਸ ਪ੍ਰਤੀ ਸਤਿਕਾਰ ਸੀ ਅਤੇ ਉਸ ਉਤੇ ਸਭ ਨੂੰ ਵਿਸ਼ਵਾਸ ਸੀ ਸਿਵਾਏ ਦੋ ਜਾਂ ਤਿੰਨ ਵਿਅਕਤੀਆਂ ਦੇ ਅਤੇ ਤੱਕ ਜਹਾਜ਼ ਤੇ ਪੂਰਾ ਡਿਸਿਪਲਨ ਸੀ ਸਿਵਾਏ ਪਹਿਲੀ ਤਾਰੀਖ ਦੀ ਸ਼ਾਮ ਨੂੰ ਇਕ ਘਟਨਾ ਦੇ ਜਦੋਂ ਦੋ ਮੁਸਾਫਰਾਂ ਨੇ ਗਾਰਡ ਨੂੰ ਫੜ ਲਿਆ ਸੀ ਅਤੇ ਉਸਨੂੰ ਮੱਲੋਜੋਰੀ ਲੱਕੜੀ ਦੇ ਪੁਲ ਤੀਕਰ ਲੈ ਗਏ ਸਨ ਅਤੇ ਰੀਡ ਨੂੰ ਕਹਿ ਦਿੱਤਾ ਗਿਆ ਸੀ ਕਿ ਉਹ ਰਾਤ ਸਮੇਂ ਆਪਣੇ ਬੰਦਿਆਂ ਨੂੰ ਜਹਾਜ਼ ਤੋਂ ਦੂਰ ਰੱਖੇ। ਰੀਡ ਆਪ ਸ਼ਹਿਰ ਹੀ ਰਹਿੰਦਾ ਸੀ ਪਰ ਉਸਦੇ ਕਰਮਚਾਰੀ ਦਿਨੇ ਬਿੰਨ੍ਹਾਂ ਕਿਸੇ ਮੰਦਘਟਨਾ ਦੇ ਜਹਾਜ਼ ਤੇ ਆਉਂਦੇ ਜਾਂਦੇ ਹਨ। ਉਹ ਰੀਡ ਨੂੰ ਮਹਾਂ ਬਜ਼ੁਦਿਲ ਸਮਝਦੇ ਸਨ।

ਕਪਤਾਨ ਯਾਮਾਮੋਤੋ ਨੂੰ ਕੋਬੇ ਤੋਂ ਸੂਚਨਾ ਮਿਲੀ ਕਿ 11 ਤਾਰੀਕ ਤੀਕਰ ਬਕਾਇਆ ਰਕਮ ਦੇ 15 ਹਜ਼ਾਰ ਡਾਲਰ ਨਾਂਹ ਮਿਲਣ ਦੀ ਹਾਲਤ ਵਿਚ ਉਹ ਜਪਾਨ ਵਾਪਸ ਮੁੜ ਆਵੇ। ਗਾਰਨਰ ਜਾਹਨਸਨ ਤੇ ਸਰ ਚਾਰਲਸ ਹਿੱਬਰਟ ਟਪਰ ਨੇ ਹਰ ਸੰਭਵ ਸਹਾਇਤਾ ਦੇਣ ਦਾ ਵਾਇਦਾ ਕੀਤਾ ਸੀ। ਸਰ ਚਾਰਲਸ ਇਕ ਸਾਬਕਾ ਕੈਬਿਨਟ ਮੰਤਰੀ ਸੀ ਅਤੇ ਪ੍ਰਧਾਨ ਮੰਤਰੀ ਦਾ ਜੀਵਨ ਭਰ ਦਾ ਮਿੱਤਰ ਸੀ। ਹੁਣ ਉਹ ਜਹਾਜ਼ ਦੇ ਮਾਲਕਾਂ ਲਈ ਕਾਉਂਸਲ ਵਜੋਂ ਕੰਮ ਕਰਦਾ ਸੀ। ਰੀਡ ਦੇ ਦ੍ਰਿਸ਼ਟੀਕੋਣ ਤੋਂ ਘਟਨਾ ਦਾ ਅੰਤ ਠੀਕ ਲੱਗਦਾ ਸੀ। ਜਦੋਂ ਜਹਾਜ਼ ਪਰਤਿਆ ਤਾਂ ਹੋ ਸਕਦਾ ਹੈ ਸਰਕਾਰ ਨੂੰ ਮੁਸਾਫਰਾ ਦੀ ਖੁਰਾਕ ਦਾ ਪ੍ਰਬੰਧ ਕਰਨਾ ਪਵੇ। ਪਰ ਉਸ ਸਮੇਂ ਤੀਕਰ ਉਹ ਕੁਝ ਵੀ ਦੇਣ ਲਈ ਤਿਆਰ ਨਹੀਂ ਸੀ ਜਦੋਂ ਤੀਕਰ ਮੁਸਾਫਰਾ ਕੋਲ ਜਾਣ ਤੋਂ ਸਿਵਾ ਹੋਰ ਕੋਈ ਰਸਤਾ ਨਾ ਰਹੇ।

ਦਸ ਤਾਰੀਖ ਨੂੰ ਜੋ ਕਿ ਆਖਰੀ ਸੰਭਵ ਦਿਨ ਸੀ, ਰਹੀਮ ਨੇ ਗਾਰਡਨਰ ਜਾਨਸਨ ਨੂੰ 11 ਹਜ਼ਾਰ ਡਾਲਰ ਦਾ ਚੈੱਕ ਪੇਸ਼ ਕੀਤਾ ਜਿਹੜਾ ਕਿ ਉਸ ਸੂਰਤ ਵਿਚ ਕੈਸ਼ ਹੋਵੇਗਾ ਜੇਕਰ ਜਹਾਜ਼ ਉਸਦੀ ਕਮੇਟੀ ਨੂੰ ਦੇ ਦਿੱਤਾ ਜਾਵੇ। ਇਹ ਪੇਸ਼ਕਸ਼ ਅਤਿ ਅਸੁਖਾਵੀਂ ਸੀ ਅਤੇ ਜਹਾਜ਼ ਦਾ ਏਜੰਟ ਮਾਲਕਾਂ ਕੋਲ ਇਸ ਕਿਸਮ ਦੀ ਸਿਫਾਰਸ਼ ਕਰਨ ਲਈ ਤਿਆਰ ਨਹੀਂ ਸੀ। ਭਾਵੇਂ ਉਸਨੂੰ ਇਸ ਸੰਬੰਧੀ ਮਾਲਕਾਂ ਨੂੰ ਲਿਖਣਾ ਪੈਂਦਾ ਸੀ ਤੇ ਉਹਨਾਂ ਦੇ ਉੱਤਰ ਦੀ ਉਡੀਕ ਕਰਨੀ ਪੈਣੀ ਸੀ ਕੋਈ ਨਹੀਂ ਸੀ ਜਾਣਦਾ ਰਹੀਮ ਦੀ ਕੀ ਚਾਲ ਹੈ। ਅਧਿਕਾਰੀਆਂ ਨੂੰ ਇਸ ਗੱਲ ਦੀ ਅੱਧ ਪਚੱਧੀ ਉਮੀਦ ਸੀ ਕਿ ਰਹੀਮ ਉਹਨਾਂ ਨੂੰ ਧੋਖਾ ਦੇਣ ਲਈ ਸ਼ੇਖੀ ਮਾਰ ਰਿਹਾ ਹੈ ਅਤੇ ਗੁਰਦਿੱਤ ਸਿੰਘ ਕਦੀ ਵੀ ਜਹਾਜ਼ ਨੂੰ ਨਹੀਂ ਛੱਡੇਗਾ। 11 ਤਾਰੀਖ ਨੂੰ ਰਹੀਮ ਦੀ ਕਮੇਟੀ ਨੇ ਖੁਰਾਕ ਦੇ ਕਈ ਟਨ ਜਹਾਜ਼ ਤੇ ਘੱਲ ਦਿੱਤੇ। ਅਤੇ ਦੋਵੇਂ ਧਿਰਾਂ ਕੌਬੇ ਤੋਂ ਉੱਤਰ ਦੀ ਉਡੀਕ ਵਿੱਚ ਲਗ ਗਈਆਂ। ਉਸੇ ਸ਼ਾਮੀ ਗੀਡ ਨੇ ਇਨਕਵਾਇਰੀ ਬੋਰਡ ਦੀ ਕਾਰਵਾਈ ਇਸ ਬਹਾਨੇ ਪਿਛੇ ਪਾ ਦਿੱਤੀ ਕਿ ਉਸਦੇ ਅਮਲੇ ਨੂੰ ਨਿਤਾ ਪ੍ਰਤੀ ਦੇ ਜ਼ਰੂਰੀ ਕੰਮ ਵੱਲ ਧਿਆਨ ਦੇਣ ਦੀ ਅਵੱਸ਼ਕਤਾ ਸੀ। ਉਹ ਰਹੀਮ ਦੀ ਗੱਲ ਬਾਤ ਦੇ ਟੁੱਟਣ ਦੀ ਉਡੀਕ ਵਿੱਚ ਸੀ।

ਪਰ ਮਾਲਕਾਂ ਨੇ ਦਿਲਚਸਪੀ ਦਿਖਾਈ ਜੇਕਰ ਉਹ ਜਹਾਜ਼ ਨੂੰ ਵਾਪਸ ਮੋੜ ਦੇਣ ਤਾਂ ਉਸਤੋਂ ਉਦੋ ਤੀਕਰ ਕੋਈ ਆਮਦਨ ਨਹੀਂ ਹੋਵੇਗੀ ਜਦੋਂ ਤੀਕਰ ਉਹ ਹਾਂਗਕਾਂਗ ਨਾ ਪੁੱਜੇ ਅਤੇ ਇਸਤੋਂ ਵੀ ਵੱਧ ਡਰ ਸੀ ਕਿ ਗੁਰਦਿੱਤ ਉਹਨਾਂ ਵਿਰੁੱਧ ਮੁਕੱਦਮਾ ਨਾ ਦਾਇਰ ਕਰ ਦੇਵੇ। ਇਸ ਲਈ ਉਹਨਾਂ ਨੇ ਉੱਤਰ ਵਿੱਚ ਕੁਝ ਸ਼ਰਤਾਂ ਲਈ ਸੁਝਾਅ ਪੇਸ਼ ਕੀਤਾ ਇਸ ਤੇ ਗਾਰਡਨ ਨੇ ਇੱਕ ਪੇਸ਼ਕਸ਼ ਤਿਆਰ ਕੀਤੀ ਜਿਸ ਦੀ ਉਸਨੂੰ ਪੂਰੀ ਆਸ ਸੀ ਕਿ ਰਹੀਮ ਤੇ ਉਸਦੇ ਸਾਥੀ ਮਨਜ਼ੂਰ ਨਹੀਂ ਕਰ ਸਕਣਗੇ। ਉਹਨਾਂ ਨੂੰ ਇਹ ਰਕਮਾ ਅਦਾ ਕਰਨ ਲਈ ਆਖਿਆ ਗਿਆ ਬਕਾਏ ਦੀ ਰਕਮ 15 ਹਜ਼ਾਰ ਡਾਲਰ 11 ਤਾਰੀਖ ਤੱਕ ਵਾਇਰਲੈੱਸ ਫਿਟ ਕਰਨ ਲਈ 2 ਹਜ਼ਾਰ ਡਾਲਰ। ਜਹਾਜ਼ ਦੇ ਬੰਦਰਗਾਹ ਤੇ ਠਹਿਰਨ ਦੇ ਸਮੇਂ ਲਈ ਪ੍ਰਤੀ ਦਿਨ 200 ਡਾਲਰ। ਵਾਪਸ ਸਫਰ ਦੀ ਰਸਦ ਆਦਿ ਵਜੋਂ 6 ਹਜ਼ਾਰ ਡਾਲਰ ਦੇਣ। ਕਾਨੂੰਨੀ ਖਰਚਾ ਜਿਸਦੀ ਰਕਮ ਪਹਿਲਾਂ ਹੀ 250 ਡਾਲਰ ਤੀਕਰ ਅਪੜ ਗਈ ਸੀ 1 ਜੂਨ ਤੋਂ ਲੈ ਕੇ ਦੋ ਮਹੀਨਿਆਂ ਦਾ ਜਹਾਜ਼ ਦਾ ਕਰਾਇਆ 10,370 ਡਾਲਰ। ਆਖਰੀ ਮੱਦ ਵਿਸ਼ੇਸ਼ ਤੋਰ ਤੇ ਬੇਦਲੀਲੀ ਸੀ। ਕਿਉਂਕਿ ਗੁਰਦਿੱਤ ਸਿੰਘ ਨੇ ਪਹਿਲਾਂ ਹੀ ਕਾਮਾਗਾਟਾ ਮਾਰੂ ਲਈ ਪੂਰੇ ਜੂਨ ਦਾ ਅਤੇ ਬਹੁਤੀ ਜੁਲਾਈ ਦਾ ਕਰਾਇਆ ਤਾਰ ਛੱਡਿਆ ਸੀ। ਉਹ ਜਹਾਜ਼ ਦਾ ਕਿਰਾਇਆ ਸਿਰਫ ਪੰਜਵੇ ਤੇ ਛੇਵੇਂ ਮਹੀਨੇ ਦਾ ਹੀ ਸਮੇਂ ਸਿਰ ਨਹੀਂ ਸੀ ਤਾਰ ਸਕਿਆ।

ਰਹੀਮ ਨੇ ਕਿਵੇਂ ਨਾ ਕਿਵੇਂ ਗੱਲਬਾਤ ਜਾਰੀ ਰੱਖੀ। ਅੰਤ ਹਫਤਾ ਲੰਘ ਗਿਆ ਸੋਮਵਾਰ ਆਇਆ ਤੇ ਬੀਤ ਗਿਆ ਅਤੇ ਕਾਮਾਗਾਟਾ ਮਾਰੂ ਨੇ ਲੰਗਰ ਸੁੱਟੀ ਰੱਖੇ। ਗ੍ਰੀਡ ਅਤਿ ਅੰਤ ਉਤਾਵਲਾ ਸੀ ਉਸਨੇ ਫੈਸਲਾ ਕੀਤਾ ਕਿ ਜਾਪਾਨੀ ਸਰਕਾਰ ਨੂੰ ਜਹਾਜ਼ ਵਾਪਸ ਬੁਲਾਣ ਲਈ ਆਖਿਆ ਜਾਵੇ। ਉਸਨੇ ਇਹ ਗੱਲ ਪਲ ਭਰ ਨਹੀਂ ਵਿਚਾਰੀ ਕਿ ਜੇਕਰ ਅਜਿਹੀ ਅਪੀਲ ਕਰਨੀ ਸੀ ਤਾਂ ਇਹ ਉਚੇਰੇ ਸਰਕਾਰੀ ਪੱਧਰ ਤੋਂ ਕਰਨੀ ਪਵੇਗੀ। ਉਹ ਵੈਨਕੂਵਰ ਸਥਿੱਤ ਜਪਾਨੀ ਕੌਂਸਲ ਵਾਈ ਏ ਹੋਰੀ ਕੋਲ ਗਿਆ ਹੋਰੀ ਨੇ ਜਪਾਨ ਦੇ ਬਦੇਸ਼ ਮੰਤਰਾਲੇ ਨੂੰ ਤਾਰ ਦਿੱਤੀ। ਕੁਦਰਤਨ ਦੋ ਜਪਾਨੀ ਜਹਾਜ਼ ਅਸਾਮ ਤੇ ਅਜੁਮਾ ਸਪਤਾਹ ਦੇ ਅੰਤ ਵਿੱਚ ਵੈਨਕੂਵਰ ਆਉਣ ਵਾਲੇ ਸਨ। ਗੀਡ ਨੂੰ ਪ੍ਰਤੀਤ ਹੁੰਦਾ ਸੋਚਿਆ ਕਿ ਉਹਨਾਂ ਦੀ ਵਰਤੋਂ ਮੁਸਾਫਰਾਂ ਦੇ ਡਰਾਉਣ ਧਮਕਾਉਣ ਲਈ ਅਤੇ ਕਾਮਾਗਾਟਾ ਮਾਰੂ ਨੂੰ ਸ਼ਕਤੀ ਦੁਆਰਾ ਵਾਪਸ ਜਾਪਾਨ ਭੇਜਣ ਲਈ ਕੀਤੀ ਜਾ ਸਕਦੀ ਹੈ। ਉਹ ਬਹੁਤ ਸਮਝ ਸੋਚ ਵਾਲਾ ਬੰਦਾ ਨਹੀਂ ਸੀ। ਅਖਬਾਰਾ ਨੇ ਅੱਗੋਂ ਇਸ ਗੱਲ ਨੂੰ ਸਿਰ ਤੇ ਚੁੱਕ ਲਿਆ ਸੀ ਕਿ ਧਾਮਾਮੋਤੋ ਸ਼ਾਹੀ ਨੇਵੀ ਨੂੰ ਜਹਾਜ਼ ਤੇ ਬੁਲਾਵੇਗਾ। ਜਾਂ ਇੰਜਨ ਸਟਾਰਟ ਕਰਕੇ ਜਹਾਜ਼ ਨੂੰ ਅੰਤਰਰਾਸ਼ਟਰੀ ਪਾਣੀਆਂ ਵਿੱਚ ਤੋਰ ਲਵੇਗਾ। ਜਾਂ ਹੋ ਸਕਦੈ ਕੈਨੇਡਾ ਸਰਕਾਰ ਉਸਨੂੰ ਪਹਿਰੇ ਲਈ ਪੁਲਿਸ ਦੇ ਦੇਵੇ ਤਾਂ ਜੋ ਜਹਾਜ਼ ਨੂੰ ਕੈਨੇਡਾ ਦੇ ਪਾਣੀਆਂ ਚੋਂ ਤੋਰਿਆ ਜਾ ਸਕੇ। ਅਤੇ ਬਾਅਦ ਵਿੱਚ ਉਸਨੂੰ ਜਾਪਾਨੀ ਸਰਕਾਰ ਦੇ ਸਪੁਰਦ ਕਰ ਦੇਵੇ।

ਮੰਗਲਵਾਰ 16 ਤਾਰੀਖ ਦੇ ਦਿਨ ਬੰਦਰਗਾਹ ਦੇ ਇੰਚਾਰਜ ਨੇ ਧਾਮਾਮੋਤੋ ਨੂੰ ਆਖਿਆ ਸੀ ਕਿ ਉਹ ਆਉਣ ਵਾਲੇ ਜਹਾਜ਼ ਲਈ ਥਾਂ ਖਾਲੀ ਕਰ ਦੇਵੇ ਅਤੇ ਕਾਮਾਗਾਟਾ ਮਾਰੂ ਨੂੰ ਇਕ ਨਵੀਂ ਥਾਂ 275 ਮੀਟਰ ਅੱਗੇ ਵੱਲ ਲੈ ਜਾਵੇ। ਧਾਮਾਮੋਤੋ ਨੇ ਆਪਣੇ ਇੰਜੀਨੀਅਰਾਂ ਨੂੰ ਇੰਜਨ ਚਾਲੂ ਕਰਨ ਲਈ ਕਿਹਾ ਮੁਸਾਫਰਾਂ ਨੇ ਇਸ ਸੱਭ ਕੁੱਝ ਨੂੰ ਸ਼ੱਕੀ ਅਤੇ ਡਰ ਦੀ ਨਜ਼ਰ ਨਾਲ ਵੇਖਿਆ। ਉਹ ਹੱਥਾਂ ਵਿੱਚ ਡਾਗਾਂ ਲਈ ਜਹਾਜ਼ ਨੂੰ ਰੋਕਣ ਵਾਸਤੇ ਇੰਜਨ ਰੂਮ ਵੱਲ ਨਸ ਪਏ। ਗਾਰਡਨਰ ਜਾਨਸਨ ਨੇ ਉਹਨਾਂ ਨੂੰ ਦਲੀਲਾਂ ਦਿੱਤੀਆਂ। ਹਾਪਕਿਨਸਨ ਵੀ ਇੱਕ ਘੰਟਾ ਉਨ੍ਹਾ ਨਾਲ ਬਹਿਸ ਕਰਦਾ ਰਿਹਾ। ਪਰ ਉਹਨਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਕਿ ਇਸ ਸਫਰ ਦੀ ਹੱਦ ਕੇਵਲ 275 ਮੀਟਰ ਤੱਕ ਹੀ ਹੈ ਅੰਤ ਵਿਚ ਬੰਦਰਗਾਹ ਦੇ ਇੰਚਾਰਜ ਨੇ ਫੈਸਲਾ ਕੀਤਾ ਕਿ ਕਾਮਾਗਾਟਾ ਮਾਰੂ ਨੂੰ ਜਿੱਥੇ ਸੀ ਉਥੇ ਹੀ ਰਹਿਣ ਦਿੱਤਾ ਜਾਵੇ।

ਗੁਰਦਿੱਤ ਸਿੰਘ ਨੇ ਆਖਿਆ ਇਹ ਸਭ ਕੁੱਝ ਮੁਸਾਫਰਾਂ ਨੇ ਆਪਦੇ ਆਪ ਹੀ ਕੀਤਾ ਸੀ ਅਤੇ ਹਾਪਕਿਨਸਨ ਨੇ ਉਸਤੇ ਯਕੀਨ ਕਰਦਿਆਂ ਸੋਚਿਆ ਕਿ ਉਸਦਾ ਮੁਸਾਫਰਾਂ ਤੋਂ ਜਥਤ ਖੁੱਸ ਗਿਆ ਹੈ। ਅਸਲ ਵਿਚ ਹਾਪਕਿਨਸਨ ਤਿੰਨਾ ਬੰਦਿਆਂ ਨਾਲ ਗੱਲਾਂ ਕਰਦਾ ਰਿਹਾ ਜਿਨ੍ਹਾਂ ਨੂੰ ਉਹ ਬਾਗੀ ਗਰੁੱਪ ਸਮਝ ਬੈਠਾ। ਪਰ ਠੀਕ ਇਹ ਸੀ ਕਿ ਉਹ ਤਿੰਨੇ ਹੀ ਬਾਕੀ ਮੁਸਾਫਰਾਂ ਨਾਲੋਂ ਟੁੱਟੇ ਹੋਏ ਸਨ। ਉਹਨਾਂ ਵਿਚ ਸ਼ਾਮਲ ਹੀ ਜਹਾਜ਼ ਦਾ ਡਾਕਟਰ ਰਘੁਨਾਥ ਸਿੰਘ ਅਤੇ ਦੋ ਹੋਰ ਮੁਸਾਫਰ ਭਾਨ ਸਿੰਘ ਜਲੰਧਰ ਤੋਂ ਇਕ ਸਕੂਲ ਅਧਿਆਪਕ ਤੇ ਉਸਦਾ ਮਿੱਤਰ ਪੋਹਲੋਰਾਮ, ਅਨੰਦਪੁਰ ਨਿਵਾਸੀ। ਨੌਜਵਾਨ ਰਘੁਨਾਥ ਸਿੰਘ ਨੂੰ ਦਵਾਈਆਂ ਲੈਣ ਲਈ ਤੱਟ ਤੇ ਉਤਰਨ ਦੀ ਆਗਿਆ ਦੇ ਦਿੱਤੀ ਗਈ ਸੀ। ਉਸ ਸਮੇਂ ਦੇ ਦੌਰਾਨ ਉਸ ਨੇ ਅਧਿਕਾਰੀਆਂ ਨਾਲ ਲੰਮੀਆਂ ਚੌੜੀਆਂ ਗੱਲਾਂ ਕੀਤੀਆਂ ਉਸਨੇ ਗੁਰਦਿੱਤ ਸਿੰਘ ਵਿਰੁੱਧ ਦੋਸ਼ਾਂ ਅਤੇ ਸ਼ਕਾਇਤਾਂ ਦੀ ਵੱਡੀ ਸੂਚੀ ਪੇਸ਼ ਕੀਤੀ ਅਤੇ ਉਹਨਾਂ ਨੂੰ ਇਸ ਬਾਬਤ ਪੂਰੀ ਲਿਖਤੀ ਰਿਪੋਰਟ ਪੰਜਾਬੀ ਵਿਚ ਦੇਣ ਦਾ ਵਾਅਦਾ ਕੀਤਾ। ਉਸਨੇ ਆਪਣੇ ਮਾਮਲੇ ਨੂੰ ਬਾਕੀ ਮੁਸਾਫਰਾਂ ਨਾਲੋਂ ਵੱਖਰਾ ਰੱਖਿਆ ਸੀ ਅਤੇ ਭਾਵੇਂ ਉਹ ਅਜਿਹਾ ਵਿਆਕਤੀ ਨਹੀਂ ਸੀ, ਜਿਹੜਾ ਕੋਈ ਬਿਪਤਾ ਸਹੇੜਣੀ ਚਾਹਵੇ। ਉਸਨੇ ਫੈਸਲਾ ਕੀਤਾ ਕਿ ਉਸਦੇ ਲਈ ਇਹ ਸਭ ਤੋਂ ਵਧੀਆਂ ਢੰਗ ਸੀ ਕਿ ਉਹ ਅਧਿਕਾਰੀਆਂ ਨੂੰ ਸਹਿਯੋਗ ਦੇਵੇ ਅਤੇ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਜਹਾਜ਼ ਤੋਂ ਉਤਾਰ ਲਵੇ। ਹਰ ਸ਼ਾਮ ਜਹਾਜ਼ ਤੇ ਮੀਟਿੰਗਾਂ ਹੁੰਦੀਆਂ ਸਨ ਜਿਨ੍ਹਾਂ ਰਾਹੀਂ ਏਕਤਾ ਕਾਇਮ ਰੱਖੀ ਜਾਂਦੀ ਸੀ। ਅਜਿਹੀ ਇੱਕ ਮੀਟਿੰਗ ਵਿੱਚ ਗੁਰਦਿੱਤ ਸਿੰਘ ਨੇ ਰਘੁਨਾਥ ਸਿੰਘ ਨੂੰ ਸਰਕਾਰ ਦਾ ਸੂਹੀਆ ਆਖਕੇ ਭੰਡਿਆ ਅਤੇ ਉਸਦੀ ਕੈਬਿਨ ਦੇ ਬਾਹਰ ਚਾਰ ਪੰਜ ਪਹਿਰੇਦਾਰ ਲਾ ਦਿੱਤੇ ਅਤੇ ਛੱਤ ਉੱਤੇ ਪੰਜ ਛੇ ਹੋਰ ਨੀਯਤ ਕਰ ਦਿੱਤੇ। ਇਸ ਪਿਛੋਂ ਭਾਨ ਸਿੰਘ ਤੇ ਪੋਹਲੋ ਰਾਮ ਉਸ ਤੋਂ ਪਾਸੇ ਰਹਿਣਾ ਹੀ ਯੋਗ ਸਮਝਿਆ।

ਇਸ ਸਮੇਂ ਤੀਕਰ ਇਨਕੁਆਇਰੀ ਬੋਰਡ ਅੱਠ ਵੱਖ ਵੱਖ ਅਫਸਰਾਂ ਤੇ ਮੀਟਿੰਗਾਂ ਕਰ ਚੁੱਕਾ ਸੀ ਪਰ ਬੋਰਡ ਨੇ ਕਿਸੇ ਇੱਕ ਦੇ ਵੀ ਡਿਪੋਰਟ ਆਦੇਸ਼ ਨਹੀਂ ਦਿੱਤੇ ਸਨ। ਗੀਡ ਡਾਕਟਰੀ ਦੇ ਮਾਮਲਿਆਂ ਵਿਚ ਅਤੀ ਧੀਮੀ ਗਤੀ ਨਾਲ ਕੰਮ ਕਰ ਰਿਹਾ ਸੀ। ਹਰ ਇੱਕ ਸੁਣਵਾਈ ਅਖੀਰ ਵਿੱਚ ਉਹ ਅੰਤਮ ਨਿਰਨਾ ਰਾਖਵਾਂ ਰੱਖਦਾ ਸੀ। ਜਦੋਂ ਕੋਈ ਨਿਰਨਾ ਹੀ ਨਹੀਂ ਸੀ ਉਸ ਨੂੰ ਅਦਾਲਤ ਵਿੱਚ ਕਿਵੇਂ ਪਰਖਿਆ ਜਾਵੇ। ਐਕਟ ਆਖਦਾ ਸੀ। "ਜਿਸ ਕਿਸੇ ਮੁਸਾਫਰ ਨੂੰ ਇਮੀਗਰੇਸ਼ਨ ਅਫਸਰ ਰੋਕੇ ਉਸ ਮੁਸਾਫਰ ਦੀ ਤੁਰੰਤ ਪਰਖ ਕੀਤੀ ਜਾਵੇ। ਅਤੇ ਉਸ ਮੁਸਾਫਰ ਨੂੰ ਰੱਖਣ ਜਾਂ ਰੱਦ ਕੀਤੇ ਜਾਣ ਦਾ ਨਿਰਨਾ ਫੌਰਨ ਹੀ ਕੀਤਾ ਜਾਵੇ" ਪਰ ਅਜਿਹਾ ਕੁਝ ਨਹੀਂ ਸੀ ਹੋ ਰਿਹਾ।" ਜਨਤਾ ਨੂੰ ਵੀ ਇਸ ਦੀ ਰਤੀ ਪ੍ਰਵਾਹ ਨਹੀਂ ਸੀ। ਅਤੇ ਗੀਡ ਆਪਣੇ ਆਪ ਵਿਚ ਅਜਿੱਤ ਵਿਖਾਈ ਦਿੰਦਾ ਸੀ ਜਦੋਂ ਵਕੀਲ ਬਰਡ ਨੇ ਉਸਨੂੰ ਫੈਸਲਾ ਕਰਨ ਲਈ ਰਿੱਟ ਜਾਰੀ ਕਰਵਾਉਣ ਦੀ ਧਮਕੀ ਦਿੱਤੀ ਤਾਂ ਅੱਗੋਂ ਗੀਡ ਨੇ ਚਿੱਟੇ ਕੌਰੇ ਸ਼ਬਦਾਂ ਵਿੱਚ ਕਿਹਾ "ਉਸ ਨੂੰ ਕਿਸੇ ਅਦਾਲਤ ਦੇ ਹੁਕਮ ਵੱਲ ਧਿਆਨ ਦੇਣ ਦੀ ਰੰਚਕ ਭਰ ਵੀ ਮਜ਼ਬੂਰੀ ਨਹੀਂ।"

ਸਾਰੀ ਗੱਲ ਕੋਬੇ ਤੋਂ ਪ੍ਰਾਪਤ ਹੋਣ ਵਾਲੇ ਫੈਸਲੇ ਤੇ ਖੜੀ ਸੀ। ਗਰਡਨਰ ਜਾਨਸਨ ਆਪਣੀ ਵਾਹ ਲਾ ਰਿਹਾ ਸੀ। ਉਸਨੇ ਮਾਲਕਾਂ ਨੂੰ ਦੱਸਿਆ ਕਿ ਸਥਾਨਕ ਹਿੰਦੁਸਤਾਨੀਆਂ ਦੀ ਗੱਲਬਾਤ ਸੱਚ ਤੇ

ਅਧਾਰਤ ਨਹੀਂ। ਇਹ ਤਾਂ ਕੇਵਲ ਹੋਰ ਸਮਾਂ ਲੈਣ ਦਾ ਬਹਾਨਾ ਹੈ। ਉਸਨੇ ਚਿਤਾਵਨੀ ਦਿੱਤੀ ਕਿ ਹੋਰ ਦੇਰੀ ਦਾ ਭਾਵ ਜ਼ਿਆਦਾ ਨੁਕਸਾਨ ਹੈ। ਉਹਨਾਂ ਦੀ ਕਾਨੂੰਨੀ ਪੁਜ਼ੀਸ਼ਨ ਠੀਕ ਸੀ। ਗੁਰਦਿੱਤ ਸਿੰਘ ਦੀ ਮੁੱਕਦਮਾ ਕਰਨ ਦੀ ਧਮਕੀ ਨੂੰ ਛੁਟਿਆਉਂਦਿਆਂ ਉਸ ਆਖਿਆ ''ਇਹ ਤਾਂ ਹਰ ਹਾਲਤ ਵਿੱਚ ਹੋਣਾ ਹੀ ਹੈ।'' ਵੀਰਵਾਰ 18 ਤਾਰੀਖ ਵਾਲੇ ਦਿਨ ਜਹਾਜ਼ ਦੇ ਮਾਲਕਾਂ ਨੇ ਹੁਕਮ ਦਿੱਤਾ ਕਿ ਜੇਕਰ 24 ਘੰਟਿਆ ਦੇ ਅੰਦਰ ਅੰਦਰ ਦੋ ਮਹੀਨਿਆਂ ਦਾ ਕਰਾਇਆ ਨਾਹ ਤਾਰਿਆ ਗਿਆ ਤਾਂ ਜਹਾਜ਼ ਨੂੰ ਵਾਪਸ ਮੋੜ ਦਿੱਤਾ ਜਾਵੇ। ਪ੍ਰੰਤੂ ਉਹ ਮੁੱਕਦਮੇ ਤੋਂ ਫਿਕਰਮੰਦ ਸਨ। ਉਹਨਾਂ ਨੇ ਸਰਕਾਰੀ ਬਿਆਨ ਦੀ ਮੰਗ ਕੀਤੀ ਸੀ ਕਿ ਮੁਸਾਫਰਾਂ ਨੂੰ ਕਾਨੂੰਨ ਅਨੁਸਾਰ ਵਾਪਸ ਮੋੜਿਆ ਗਿਆ ਹੈ। ਗੀਡ ਨੇ ਇੱਕ ਪੱਤਰ ਦਾ ਖਰੜਾ ਤਿਆਰ ਕੀਤਾ ਸੀ ਪਰ ਉਸਨੂੰ ਰੌਬੀ ਗੀਡ ਤੇ ਡਬਲਯੂ ਬੀ. ਏ. ਰਿੱਚੀ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ ਅਤੇ ਉਸਨੂੰ ਤੰਬੀਹ ਕੀਤੀ ਕਿ ਉਸਦੇ ਸ਼ਬਦ ਉਸਦੇ ਵਿਰੁੱਧ ਹੀ ਵਰਤੇ ਜਾ ਸਕਦੇ ਹਨ। ਉਹ ਕਿਵੇ ਆਖ ਸਕਦਾ ਸੀ ਕਿ ਇਨਕੁਆਇਰੀ ਬੋਰਡ ਦੀ ਰਾਏ ਅਹਿ ਸੀ। ਜਦੋਂ ਕਿ ਅਜੇ ਤੱਕ ਕੋਈ ਰਾਏ ਦਿੱਤੀ ਹੀ ਨਹੀਂ ਗਈ। ਗੀਡ ਨੂੰ ਚਿੱਠੀ ਜਾਰੀ ਕਰਨ ਤੋਂ ਪਹਿਲਾਂ ਅਟਵਾ ਨੂੰ ਇਸ ਸੰਬੰਧੀ ਪੁੱਛਣ ਦਾ ਫੈਸਲਾ ਕੀਤਾ।

ਹਿੰਦੁਸਤਾਨੀਆਂ ਦੇ ਹੱਥੋਂ ਨਹੀਂ ਸਗੋਂ ਗੀਡ ਦੇ ਹੱਥ ਚੋਂ ਸਮਾਂ ਗਵਾਚ ਰਿਹਾ ਸੀ। ਪੂਰੇ 48 ਘੰਟੇ ਉਸਨੇ ਅਦਾਲਤਾਂ ਤੋਂ ਅਜ਼ਾਦ ਰਹਿ ਕੇ ਪਾਗਲਾ ਵਾਂਗ ਭੱਜ ਦੌੜ ਕੀਤੀ। ਤਾਂ ਕਿ ਜਹਾਜ਼ ਦੀ ਮਲਕੀਅਤ ਬਦਲੀ ਨੂੰ ਰੋਕ ਸਕੇ ਅਤੇ ਜਹਾਜ਼ ਦੇ ਜਾਪਾਨੀ ਮਾਲਕਾਂ ਨੂੰ ਮੰਨਾ ਸਕੇ ਕਿ ਜਹਾਜ਼ ਵਾਪਸ ਬੁਲਾ ਲੈਣ ਵਿੱਚ ਹੀ ਉਹਨਾਂ ਨੂੰ ਕਿਸੇ ਮੁਕਦਮੇ ਤੋਂ ਡਰਨ ਦੀ ਲੋੜ ਨਹੀਂ। ਪਰ ਉਸਨੂੰ ਹਾਰ ਵੇਖਣੀ ਪਈ। ਦਿਨ ਸ਼ਨਿਚਰਵਾਰ ਵੀਹ ਜੂਨ ਦੀ ਪ੍ਰਭਾਤ ਨੂੰ ਆਸਮਾ ਤੇ ਅਜੂਮਾ ਵੈਨਕੂਵਰ ਦੀ ਬੰਦਰਗਾਹ ਤੇ ਗੀਡ ਉਸਨੂੰ ਰਿੱਟ ਦੇਣ ਆਏ ਕਰਮਚਾਰੀ ਤੋਂ ਲੁਕਿਆ ਹੋਇਆ ਸੀ। ਰਹੀਮ ਤੇ ਭਾਗ ਸਿੰਘ ਨੇ ਗਾਰਡਨਰ ਜਾਹਨਸਨ ਨੂੰ ਚਾਰ ਹਜ਼ਾਰ ਡਾਲਰ ਹੋਰ ਤਾਰ ਦਿੱਤੇ। ਜਦੋਂ ਗੀਡ ਲੈਣ ਤੋਂ ਟਲ ਰਿਹਾ ਸੀ ਤਾਂ ਕਾਮਾਗਾਟਾ ਮਾਰੂ ਦੇ ਨਵੇਂ ਕਿਰਾਏਦਾਰ ਹੋਣ ਦਾ ਐਲਾਨ ਕਰ ਰਹੇ ਸਨ। ਉਹਨਾਂ ਨੇ 18 ਹਜ਼ਾਰ ਡਾਲਰ ਨਗਦ ਇੱਕਠੇ ਕੀਤੇ ਸਨ ਕਿਸੇ ਨੇ ਥੋੜਾ ਕਿਸੇ ਨੇ ਬਹੁਤਾ ਦਿੱਤਾ ਸੀ। ਇੱਕ ਹਜ਼ਾਰ ਡਾਲਰ ਉਹਨਾਂ ਦੇ ਕੈਲੇਫੋਰਨੀਆਂ ਵਾਲੇ ਮਿੱਤਰਾਂ ਦੇ ਸਨ ਤੇ ਬਾਕੀ ਦੇ ਉਹਨਾਂ ਨੇ ਆਪਣੇ ਲੋਕਾਂ ਤੋਂ ਇਕੱਠੇ ਕੀਤੇ ਸਨ। ਜਦੋਂ ਅਜੇ ਮਾਲਕਾਂ ਵਲੋਂ ਤਬਦੀਲੀ ਦੀ ਮਨਜ਼ੂਰੀ ਨਹੀਂ ਸੀ ਦਿੱਤੀ ਗਈ। ਗੀਡ ਇਸਨੂੰ ਰੋਕਣ ਦੇ ਹਰ ਯਤਨ ਕਰ ਰਿਹਾ ਸੀ ਪਰ ਨਕਦ ਪੈਸਾ ਇੱਕ ਸ਼ਕਤੀਸ਼ਾਲੀ ਦਲੀਲ ਸੀ ਅਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਹੋਰ ਸਮਾਂ ਉਪਲਭਦ ਕਰ ਦਿੱਤਾ ਸੀ।

ਦਲਜੀਤ ਸਿੰਘ ਨੇ ਭਾਗ ਸਿੰਘ ਨੂੰ ਇੱਕ ਰੁੱਕਾ ਭੇਜਿਆ ''ਸਾਡੇ ਕੋਲ ਸ਼ਬਦ ਨਹੀਂ ਜਿੰਨਾ ਦੁਆਰਾ ਆਪ ਦੀ ਮਿਹਰਬਾਨੀ ਦਾ ਧੰਨਵਾਦ ਕਰ ਸਕੀਏ ਜੋ ਤੁਸੀਂ ਜਹਾਜ਼ ਦੀ ਕਿਸ਼ਤ ਅਦਾ ਕਰਕੇ ਵਿਖਾਈ ਹੈ। ਸਾਨੂੰ ਪੂਰੀ ਆਸ ਹੈ ਕਿ ਤੁਸੀਂ ਮੁਸਾਫਰਾਂ ਦੇ ਜਹਾਜ਼ ਤੋਂ ਉਤਰਨ ਵਿੱਚ ਵੀ ਪੂਰਾ ਪੂਰਾ ਤਾਣ ਲਾ ਦੇਵੋਗੇ। ਕਿਰਪਾ ਕਰਕੇ ਹੁਣ ਵਕੀਲਾਂ ਤੇ ਅਝਾਂਈ ਪੈਸੇ ਨਾਂਹ ਖਰਚ ਕਰੋ ਸਗੋ ਉਸਨੂੰ ਮਜ਼ਬੂਰ ਕਰੋ ਕਿ ਬਾਬਾ ਗੁਰਦਿੱਤ ਸਿੰਘ ਛੇਤੀ ਜਹਾਜ਼ ਤੋਂ ਉੱਤਰ ਸਕਣ। ਤਦ ਸੱਭ ਕੁੱਝ ਠੀਕ ਹੋ ਜਾਵੇਗਾ। ਜਦੋਂ ਤੀਕਰ ਬਾਬਾ ਜੀ ਇਸ ਤਰ੍ਹਾਂ ਕੈਦੀ ਰਹਿਣਗੇ ਅਸੀਂ ਕੁੱਝ ਨਹੀਂ ਕਰ ਸਕਾਂਗੇ। ਇਸ ਲਈ ਸੱਭ ਤੋਂ ਪਹਿਲਾਂ ਇਸ ਗੱਲ ਤੇ ਜ਼ੋਰ ਦੇਵੋ ਕਿ ਬਾਬਾ ਜੀ ਉੱਤਰ ਜਾਣ। ਇਸ ਸੰਬੰਧ ਵਿਚ ਕੀਤੀ ਜਾ ਰਹੀ ਕਾਰਵਾਈ ਤੋਂ ਸਾਨੂੰ ਜਾਣੂੰ ਕਰਦੇ ਰਹਿਣਾ।''

ਪਰ ਸੱਭ ਕੁਝ ਸਥਾਨਕ ਆਗੂਆਂ ਦੇ ਬੱਸ ਵਿਚ ਸੀ। ਉਹ ਹੁਣ ਉਹਨਾਂ ਲਈ ਬਹੁਤਾ ਜ਼ਰੂਰੀ ਕੁੱਝ ਹੋਰ ਸੀ ਇਸ ਕਾਰਜ ਵਿਚ ਉਹ 15 ਹਜ਼ਾਰ ਡਾਲਰ ਲਾ ਚੁੱਕੇ ਸਨ ਅਤੇ ਸੋਚ ਰਹੇ ਸਨ ਅੱਗੋ ਹੋਰ ਕਿੰਨਾ ਖਰਚਾ ਪੈ ਸਕਦਾ ਹੈ,ਰਸਦ, ਕਾਨੂੰਨੀ ਫੀਸ, ਬੰਦਰਗਾਹ ਦਾ ਬਕਾਇਆ ਅਤੇ ਬੇਅੰਤ ਹੋਰ ਮੱਦਦਾਂ ਤੇ ਜਿੰਨਾ ਦਾ ਅਖੀਰ ਨਜਰ ਨਹੀਂ ਸੀ ਆਉਂਦਾ। ਤਿੰਨ ਹਫਤੇ ਪਹਿਲਾਂ ਉਹਨਾਂ ਨੇ ਸਰਕਾਰੀ ਧਿਰ ਨਾਲੋਂ ਸੌਦੇਬਾਜ਼ੀ ਕਰਨ ਤੋਂ ਨਾਂਹ ਕਰ ਦਿੱਤੀ ਸੀ। ਹੁਣ ਉਹ ਇਸ ਲਈ ਰਾਜੀ ਸਨ ਅਤੇ ਉਹਨਾਂ ਦੀਆਂ

ਹਦਾਇਤਾਂ ਅਨੁਸਾਰ ਬਰਡ ਸਰਕਾਰੀ ਵਕੀਲਾ ਕੋਲ ਗਿਆ ਅਤੇ ਉਹਨਾਂ ਨੂੰ 27 ਮਈ ਵਾਲੀ ਪੇਸ਼ਕਸ਼ ਦੁਹਰੌਣ ਲਈ ਕਿਹਾ । ਅਰਥਾਤ ਉਸਨੂੰ ਤੁਰੰਤ ਇੱਕ ਕੇਸ ਪਰਖਣ ਲਈ ਦਿੱਤਾ ਜਾਵੇ । ਜੇ ਉਹ ਸਿੱਧਾ ਅਪੀਲ ਦੀ ਕਚਹਿਰੀ ਵਿੱਚ ਚਲਾ ਜਾਵੇ । ਉਹਨਾਂ ਨੇ ਬਰਡ ਨੂੰ ਆਖਿਆ ਕਿ ਹੁਣ ਉਹ ਅਜਿਹੀ ਪੇਸ਼ਕਸ਼ ਪਹਿਲਾ ਆਪ ਕਰੇ । ਉਸਨੇ ਉਸੇ ਹੀ ਸਵੇਰ ਲਿਖਤੀ ਪੇਸ਼ਕਸ਼ ਕਰ ਦਿੱਤੀ । ਅਗਲੇ ਸੋਮਵਾਰ ਤੀਕਰ ਇਸ ਦਾ ਜੁਆਬ ਮੰਗਿਆ ।

ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਡ ਇੰਡੀਆ ਲੀਗ ਵਲੋਂ ਇੱਕ ਡਾਊਨ ਟਾਊਨ ਹਾਲ ਵਿਚ ਇੱਕਤਰਤਾ ਸੱਦੀ ਗਈ ਸੀ ਜੂਨ 21 ਐਤਵਾਰ ਦੀ ਦੁਪਿਹਰ ਬਾਅਦ ਇਸ ਦੇ ਲਈ ਨਿਸਚਤ ਕੀਤੀ ਗਈ । ਗੁਰਦੁਆਰਾ ਕਮੇਟੀ ਦੇ ਸਕੱਤਰ ਮਿੱਤ ਸਿੰਘ ਆਪਣੇ ਕੁਝ ਦੇਸ਼ ਵਾਸੀਆਂ ਨਾਲ ਇੱਕ ਗਲੀ ਦੇ ਕੋਨੇ ਤੇ ਖਲੋਤੇ ਹੋਏ ਸਨ । ਉਹਨਾਂ ਨੇ ਆਖਿਆ ''ਅਸੀਂ ਇੰਮੀਗਰੇਸ਼ਨ ਵਾਲਿਆਂ ਨੂੰ ਪਤਾ ਕਰ ਦੇਈਏ ਕਿ ਅਸੀਂ ਐਤਵਾਰ ਨੂੰ ਮੀਟਿੰਗ ਕਰ ਰਹੇ ਹਾਂ '' ਉਹ ਉੱਥੇ ਖੜੇ ਬਾਬੂ ਸਿੰਘ ਵੱਲ ਤੱਕ ਰਿਹਾ ਸੀ ਜੋ ਕਿ ਹਾਪਕਿਨਸਨ ਦੇ ਸੂਹੀਆਂ ਵਿੱਚੋਂ ਇੱਕ ਸੀ । ਅਤੇ ਜਿਸਨੂੰ ਭਾਗਵਾਨ ਸਿੰਘ ਦੇ ਡਿਪੋਰਟ ਕਰਨ ਪਿੱਛੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ । ਕੋਲ ਖੜੇ ਕਿਸੇ ਹੋਰ ਨੇ ਆਖਿਆ ''ਬਾਬੂ ਨੇ ਉਹਨਾਂ ਨੂੰ ਦੱਸ ਹੀ ਦੇਣਾ ਹੈ ਅਤੇ ਬਾਬੂ ਸਿੰਘ ਨੇ ਅੱਗੋਂ ਨਿੱਡਰ ਹੋ ਕਿ ਆਖਿਆ ।''ਹਾਂ ਮੈਂ ਉਹਨਾਂ ਨੂੰ ਦੱਸ ਦੇਵਾਂਗਾ ।''

ਚਾਰ ਸੌਂ ਹਿੰਦੁਸਤਾਨੀਆਂ ਤੇ ਸੋਸ਼ਲਿਸਟ ਪਾਰਟੀ ਦੇ 125 ਗੋਰਿਆਂ ਨੇ ਇਸ ਇਕੱਤਰਤਾ ਵਿੱਚ ਭਾਗ ਲਿਆ ਹਮੇਸ਼ਾਂ ਵਾਂਗ ਹਾਪਕਿਨਸਨ ਵੀ ਆਪਣੇ ਸਟੈਨੋਗਰਾਫਰ ਸਮੇਤ ਉਥੇ ਮੌਜੂਦ ਸੀ ਅਤੇ ਜਿਵੇਂ ਅਕਸਰ ਹੁੰਦਾ ਸੀ, ਰਹੀਮ ਪ੍ਰਧਾਨਗੀ ਕਰ ਰਿਹਾ ਸੀ । ਬਰਡ ਮੁੱਖ ਬੁਲਾਰਾ ਸੀ । ਉਸਦੀਆਂ ਗੱਲਾਂ, ਜਿਹੜੀਆਂ ਕਿ ਗੋਰਿਆਂ ਨੂੰ ਸੰਬੋਧਨ ਕੀਤੀਆਂ ਗਈਆਂ ਸਨ ਅੱਧੇ ਘੰਟੇ ਤੋਂ ਵੱਧ ਚਾਲੂ ਰਹੀਆਂ । ਬਰਡ ਦੀ ਅੱਖ ਵਿਸ਼ੇਸ਼ ਤੌਰ ਤੇ ਇਮੀਗਰੇਸ਼ਨ ਦੇ ਇਨਸਪੈਕਟਰ ਤੇ ਸੀ ।

ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਗਾਉਣ ਦੀ ਸਮਾਪਤੀ ਪਿੱਛੋਂ ਬਰਡ ਨੇ ਬੋਲਣਾ ਸ਼ੁਰੂ ਕੀਤਾ ''ਮੈਂ ਹੁਣ ਏਥੇ ਬਤੌਰ ਸਿਆਸਤਾਨ ਦੇ ਨਹੀਂ, ਸਗੋਂ ਇੱਕ ਵਕੀਲ ਦੀ ਹੈਸੀਅਤ ਵਿੱਚ ਹਾਜ਼ਰ ਹੋਇਆ ਹਾਂ ਅਤੇ ਮੈਂ ਆਪਣੇ ਵਲੋਂ ਪੂਰੇ ਯਤਨ ਕੀਤੇ ਹਨ ਕਿ ਮੈਨੂੰ ਇੱਕ ਪਰਖ ਕੇਸ ਦਿੱਤਾ ਜਾਵੇ ਤਾਂ ਜੋ ਆਦਲਤਾਂ ਵਿੱਚ ਇਸ ਗੱਲ ਦੀ ਪਰਖ ਕਰ ਸਕਾਂ ਕਿ ਕੀ ਇਹ ਉਤਰਨ ਦੇ ਅਧਿਕਾਰੀ ਹਨ ਜਾਂ ਨਹੀਂ । ਉਹ ਏਥੇ 22 ਮਈ ਨੂੰ ਆਏ ਅਤੇ ਉਦੋਂ ਤੋਂ ਹੀ ਮੈਂ ਆਪਣੀ ਯੋਗਤਾ ਅਨੁਸਾਰ ਪੂਰੀ ਵਾਹ ਲਾਉਂਦਾ ਰਿਹਾ ਹਾਂ ਕਿ ਕੋਈ ਰਸਤਾ ਨਿੱਕਲ ਆਵੇ । ਅਦਾਲਤ ਅੱਗੇ ਕਿਸੇ ਇੱਕ ਮਾਮਲੇ ਨੂੰ ਪਰਖਿਆ ਜਾਵੇ ਕਿ ਐਕਟ ਕਿੱਥੋਂ ਤੀਕਰ ਯੋਗ ਹੈ ਇਸ ਐਕਟ ਅਧੀਨ ਘੜੇ ਗਏ ਆਰਡਰਜ਼ ਇਨ- ਕੌਂਸਲ ਨੂੰ ਵੀ ਪਰਖ ਦੀ ਕਸਵੱਟੀ ਤੇ ਪਰਖਿਆ ਜਾਵੇ । ਪਰ ਮੇਰੇ ਸਭ ਯਤਨ ਵਿਅਰਥ ਸਿੱਧ ਹੋਏ । ਇੱਕ ਵੀ ਕੇਸ ਅਦਾਲਤ ਅੱਗੇ ਨਹੀਂ ਲਿਜਾ ਸਕਿਆ । ਜਿਸ ਨਾਲ ਆਰਡਰਜ-ਇਨ-ਕੌਂਸਲ ਪਰਖੇ ਜਾਂਦੇ । ਮੈਂ ਅਜਿਹਾ ਕਰਨ ਵਿਚ ਕਿਉਂ ਸਫਲ ਨਹੀਂ ਹੋ ਸਕਿਆ ਸ਼੍ਰੀ ਮਾਨ ਜੀ ਇਸਦਾ ਉੱਤਰ ਮੇਰੇ ਕੋਲ ਨਹੀਂ, ਮੈਂ ਤਾਂ ਇਤਨਾ ਹੀ ਕਹਿ ਸਕਦਾ ਹਾਂ ਕਿ ਆਟਵਾ ਤੋਂ ਇੱਥੋਂ ਦੇ ਇੰਮੀਗਰੇਸ਼ਨ ਵਾਲਿਆਂ ਨੂੰ ਇਹ ਹਦਾਇਤਾਂ ਆਈਆਂ ਹਨ ਕਿ ਦੇਰ ਕਰੋ ਹੋਰ ਦੇਰ ਕਰੋ ਅਤੇ ਮੁਆਮਲੇ ਨੂੰ ਟਾਲੀ ਰਖੋ । ਜਦੋਂ ਤੀਕਰ ਇਹ ਲੋਕ ਭੁੱਖੇ ਮਰਦੇ ਵਾਪਸ ਆਪਣੀ ਮੁੱਢਲੀ ਬੰਦਰਗਾਹ ਤੇ ਨਾਂਹ ਮੁੜ ਜਾਣ ਜਿੱਥੋਂ ਉਹ ਚੱਲੇ ਸੀ ।

ਉਹ ਜ਼ਜਬੇ ਨਾਲ ਬੋਲਿਆ ''ਉਹ ਸੋਸ਼ਲਿਸਟ ਅਤੇ ਅੰਤਰਵਾਦੀਆਂ ਬਾਬਤ ਗੱਲਾ ਕਰਦੇ ਨੇ। ਮੈਂ ਆਖਦਾ ਹਾਂ ਕਿ ਕੈਨੇਡਾ ਵਿੱਚ ਕੋਈ ਵੀ ਇਤਨਾ ਅੰਤਰਵਾਦੀ ਨਹੀਂ ਜਿਨੇ ਇੰਮੀਗਰੇਸ਼ਨ ਦੇ ਕਰਮਚਾਰੀ ਨੇ । ਉਹ ਕਾਨੂੰਨ ਦੀਆਂ ਧੱਜੀਆਂ ਉਡਾਦੇ ਹਨ '' ਮੈਂ ਆਪਣੀ ਸਪੀਚ ਦੇ ਅੰਤ ਵਿਚ ਉਸਨੇ ਹਾਪਕਿਨਸਨ ਵੱਲ ਤੱਕਦਿਆਂ ਆਖਿਆ ਇੰਮੀਗਰੇਸ਼ਨ ਦੇ ਕੁੱਝ ਅਧਿਕਾਰੀ ਐਥੇ ਮੌਜੂਦ ਹਨ । ਮੈਂ ਕਹਿੰਦਾ ਹਾਂ ਉਹ ਜਾ ਕੇ ਆਪਣੇ ਅਫਸਰਾਂ ਨੂੰ ਦੱਸ ਦੇਣ ਕਿ ਤੁਹਾਡੀਆਂ ਸਕੀਮਾਂ ਨੰਗੀਆਂ ਹੋ ਚੁੱਕੀਆਂ ਨੇ

।'' ਉਸਨੇ ਤੰਬੀਹ ਕੀਤੀ ਮੇਰੇ ਕਲਾਇੰਟ ਲੜਾਈ ਨਹੀਂ ਛੱਡਣਗੇ । ਇੰਮੀਗਰੇਸ਼ਨ ਵਾਲਿਆਂ ਦੀਆਂ ਕੋਝੀਆਂ ਚਾਲਾਂ ਸਿਰੇ ਨਹੀਂ ਚੜਣਗੀਆਂ । ਹਿੰਦੂਆਂ ਨੂੰ ਦੋਸ਼ ਨਾਂਹ ਦੇਣਾ ਜੇਕਰ ਇਹ ਪਾਖੰਡ ਭਰੀ ਕਾਰਵਾਈ ਮਹੀਨਿਆਂ ਤੱਕ ਚਾਲੂ ਰਹੀ । ਲੋੜ ਪੈਣ ਤੇ ਉਹ ਸਦੀਆਂ ਤੱਕ ਉਡੀਕ ਕਰ ਸਕਦੇ ਹਨ। ਹੋ ਸਕਦਾ ਹੈ ਉਹ ਸਾਰੇ ਦੇ ਸਾਰੇ ਫੈਸਲਾ ਹੋਣ ਤੱਕ ਮਰ ਜਾਣ ।

ਰਹੀਮ ਨੇ ਸੋਸਲਿਸਟ ਪਾਰਟੀ ਦੇ ਦੋ ਤਿੰਨ ਮੈਂਬਰਾਂ ਨੂੰ ਮੀਟਿੰਗ ਵਿੱਚ ਬੋਲਣ ਲਈ ਸੱਦਾ ਦਿੱਤਾ ਸੀ । ਅਤੇ ਉਨ੍ਹਾਂ ਵਿਚੋਂ ਇੱਕ ਐਚ ਐਮ ਫਰਿਟਜ਼ ''ਫਿਟਸ ਜੇ ਰਾਲਡ' ਜਦੋਂ ਬੋਲਣ ਵਾਸਤੇ ਪਲੇਟ ਫਾਰਮ ਤੇ ਆਇਆ ਤਾਂ ਅਖਬਾਰ ਵਾਲਿਆਂ ਵਿਚ ਸੁੰਨ ਸਨੀ ਫੈਲ ਗਈ। ਜਿੰਨਾ ਨੇ ਇੱਕ ਗੋਰੇ ਨੂੰ ਪੂਰਬ ਤੋਂ ਆਏ ਲੋਕਾਂ ਦੀ ਮੀਟਿੰਗ ਵਿਚ ਇਸ ਤਰ੍ਹਾਂ ਬੋਲਦਾ ਕਦੀ ਨਹੀਂ ਸੀ ਵੇਖਿਆ ਜਿਵੇਂ ਉਹ ਬੋਲਿਆ । ਜਿਥੋਂ ਫਰਿਟਜ਼ ਨੇ ਲੜੀ ਛੱਡੀ ਸੀ। ਉੱਥੇ ਸੋਹਨ ਲਾਲ, ਬਲਵੰਤ ਸਿੰਘ, ਰਾਜਾ ਸਿੰਘ ਅਤੇ ਕਮੇਟੀ ਦੇ ਹੋਰ ਮੈਂਬਰਾਂ ਨੇ ਪੰਜਾਬੀ ਵਿੱਚ ਫੜ ਲਈ । ਹੁਣ ਉਹ ਅੱਗੇ ਨਾਲੋਂ ਵੀ ਵੱਧ ਦਲੇਰ ਹੋ ਗਏ ਸਨ । ਉਹਨਾਂ ਨੂੰ ਕੁੱਝ ਭੀ ਲੁਕਾ ਕੇ ਨਹੀਂ ਰੱਖਿਆ ਸੀ ਘਰ ਹੀ ਇਹਨਾ ਸਬੰਧੀ ਕੁੱਝ ਨਾਂਹ ਕੁੱਝ ਕਰਨਾ ਪਵੇਗਾ । ਹਾਪਕਿਨਸਨ ਨੇ ਪਿੱਛੋਂ ਉਪਮੰਤਰੀ ਨੂੰ ਲਿਖਿਆ ''ਜੇਕਰ ਕੋਈ ਕਾਨੂੰਨ ਹੈ ਜਿਹੜਾ ਇਹਨਾਂ ਤੇ ਲਾਗੂ ਹੋ ਸਕੇ ਤਾਂ ਇਹਨਾਂ ਨੂੰ ਡਿਪੋਰਟ ਕਰ ਦੇਣਾ ਚਾਹੀਦਾ ਹੈ । ਇਸ ਦਾ ਸਮੁੱਚੀ ਕਮਿਊਨਿਟੀ ਤੇ ਸੁਖਾਵਾ ਪ੍ਰਭਾਵ ਪਵੇਗਾ ।''

ਮੱਲਕਾਮ ਗੀਡ, ਬਰਡ ਵਲੋਂ ਦਾਇਰ ਕੀਤੀ ਰਿੱਟ ਜਾ ਕਿਸੇ ਹੋਰ ਅਦਾਲਤੀ ਕਾਰਵਾਈ ਨੂੰ ਅਣਡਿੱਠ ਕਰਨਾ ਚਾਹੁੰਦਾ ਸੀ।'' ਇੰਜ ਕਰਨਾ ਹੀ ਪਵੇਗਾ।

ਕਿਉਂਕਿ ਹਿੰਦੁਸਤਾਨੀ ਅਦਾਲਤਾਂ ਵਿੱਚ ਜਿੱਤ ਸਕਦੇ ਹਨ । ਸਾਵਧਾਨੀ ਦੇ ਤੋਰ ਤੇ ਉਸਨੇ ਇੰਨਕੁਆਰੀ ਬੋਰਡ ਦੇ ਇੱਕ ਇੰਨਸਪੈਕਟਰ ਟਾਮਸ ਐਲੀਅਟ ਨੂੰ ਸ਼ਹਿਰ ਤੋਂ ਬਾਹਰ ਕਿਸੇ ਬਹਾਨੇ ਘੱਲ ਦਿੱਤਾ ਸੀ ।

ਬਹਾਨੇ ਘੱਲ ਦਿੱਤਾ ਸੀ ਤਾਂਕਿ ਬੋਰਡ ਮੀਟਿੰਗ ਨਾ ਕਰ ਸਕੇ । ਹੁਣ ਤੀਕਰ ਗੀਡ ਨੂੰ ਆਪ ਹੁਦਰੀ ਕਰਨ ਦੀ ਆਗਿਆ ਸੀ । ਪਰ ਹੁਣ ਉਸਦੀਆਂ ਵਾਗਾ ਕੱਸ ਦਿੱਤੀਆਂ ਗਈਆਂ ਸਨ । ਇੰਮੀਗਰੇਸ਼ਨ ਦਾ ਐਕਟ ਇਸ ਗੱਲ ਦਾ ਮੁਤਾਲਬਾ ਕਰਦਾ ਸੀ । ਜੇਕਰ ਇਕ ਵਾਰ ਇਨਕੁਵਾਇਰੀ ਬੋਰਡ ਆਪਣਾ ਕੰਮ ਮੁਕਾ ਲਵੇ ਉਸਨੂੰ ਤੁਰੰਤ ਹੀ ਫੈਸਲਾ ਕਰਨਾ ਪਵੇਗਾ । ਇਸੇ ਤਰ੍ਹਾਂ ਹੀ ਇੰਮੀਗਰੇਸ਼ਨ ਦਾ ਸੁਪਰਡੈਂਟ ਡਬਲਯੂ ਡੀ ਸਕਾਟ ਨੇ ਇਸ (ਐਕਟ) ਨੂੰ ਸਮਝਦਾ ਸੀ ਅਤੇ ਇਸੇ ਲਈ ਉਸਨੇ ਇਕ ਤਾਰ ਰਾਹੀਂ 21 ਜੂਨ ਦਿਨ ਐਤਵਾਰ ਨੂੰ ਗੀਡ ਨੂੰ ਦੱਸਿਆ ਕਿ ਜੇਕਰ ਗੀਡ ਦੇ ਨਿਰਨੇ ਐਕਟ ਦੇ ਅਨੁਸਾਰ ਨਾ ਹੋਏ ਤਾਂ ਉਹ ਅਦਾਲਤ ਵਿਚ ਪਰਖ ਦੇ ਅਧੀਨ ਆ ਸਕਦੇ ਨੇ । ਸਕਾਟ ਨੇ ਉਸਨੂੰ ਇਸ ਗੱਲ ਵੱਲ ਧਿਆਨ ਦੇਣ ਦੀ ਤੰਬੀਹ ਕੀਤੀ ਸੀ । ਉਸਨੂੰ ਭਾਵੇਂ ਕੁਝ ਖੁੱਲ੍ਹਾਂ ਦਿੱਤੀਆਂ ਗਈਆ ਸਨ । ਪਰ ਉਸ ਕੋਲ ਕੋਈ ਲਾਈਸੈਂਸ ਨਹੀਂ ਸੀ ਕਿ ਉਹ ਅਦਾਲਤੀ ਆਦੇਸ਼ਾਂ ਨੂੰ ਪੈਰਾਂ ਹੇਠਾਂ ਰੋਂਦ ਸੁੱਟੇ। ਇਕ ਨੁਕਤੇ ਤੇ ਉਸਨੂੰ ਕਰੜੀ ਤਾੜਣਾ ਕੀਤੀ ਗਈ ਕਿ ''ਐਲੀਅਟ ਹਰ ਸਮੇਂ ਉਪਲਭਦ ਹੋਵੇ'' ਉਸਨੂੰ ਦੂਰ ਘੱਲਣ ਦਾ ਪ੍ਰਤੱਖ ਅਰਥ ਸੀ ਕਾਰਵਾਈ ਨੂੰ ਪਿੱਛੇ ਪਾਉਣਾ ।

ਗ੍ਰੀਡ ਦੀ ਪਿੱਠ ਤੇ ਪਾਰਲੀਮੈਂਟ ਮੈਂਬਰ ਐਚ. ਐਚ ਸਟੀਵੀਨਜ਼ ਸੀ । ਉਹ ਹੁਣੇ ਹੀ ਪਾਰਲੀਮੈਂਟ ਤੋਂ ਛੁੱਟੀ ਸਮੇਂ ਉਪਰੰਤ ਸ਼ਹਿਰ ਵਿਚ ਆਇਆ ਸੀ ਜਿਵੇਂ ਕਿ ਵੈਨਕੂਵਰ ਦਾ ਇੰਮੀਗਰੇਸ਼ਨ ਅਮਲਾ ਜਾਣਦਾ ਸੀ, ਉਹ ਹੀ ਸੀ ਜਿਹੜਾ ਸਾਰੇ ਨਿਰਨੇ ਕਰਦਾ ਸੀ । ਸੱਚੀ ਗੱਲ ਤਾਂ ਇਹ ਹੈ ਕਿ ਅਮਲੀ ਰੂਪ ਵਿਚ ਸਮੁੱਚਾ ਇੰਮੀਗਰੇਸ਼ਨ ਦਫਤਰ ਹੀ ਉਸ ਦੀ ਸਥਾਨਕ ਕਨਜ਼ਰਟਿਵ ਪਾਰਟੀ ਦਾ ਦੁੱਮ ਛੱਲਾ ਸੀ । ਸਾਰੇ ਅਮਲੇ ਦੀਆਂ ਨਿਯੁਕਤੀਆਂ ਸੰਸਥਾ ਦੀ ਕਾਰਜਕਰਨੀ ਰਾਹੀਂ ਕੀਤੀਆਂ ਜਾਂਦੀਆਂ ਸਨ । ਨਿਗਰਾਨੀ ਕਰਨ ਵਾਲੀ ਗਸ਼ਤੀ ਕਿਸ਼ਤੀ, ਜਿਹੜੀ ਕਿ ਕਾਮਾਗਾਟਾ ਮਾਰੂ ਤੇ ਚੌਵੀ ਘੰਟੇ ਪਹਿਰਾ ਰਖਦੀ ਸੀ, ਨੂੰ ਪਾਰਟੀ ਦੇ ਇਕ ਸਰਗਰਮ ਮੈਂਬਰ ਤੋਂ ਕਿਰਾਏ ਤੇ ਲਿਆ ਗਿਆ ਸੀ ਅਤੇ ਜਦੋਂ ਗ੍ਰੀਡ ਨੇ ਆਪਣੀ ਆਤਮ ਰੱਖਿਆ ਲਈ ਪੁਲਸ ਦੇ 6 ਹੱਟੇ ਕੱਟੇ ਬੰਦੇ ਲਏ ਤਾਂ ਉਸਨੂੰ ਪਾਰਟੀ ਦੇ ਵਫਾਦਾਰ ਨ ਲੈਣ ਕਰਕੇ

ਇਸ ਗਲ ਦੀ ਵਿਆਖਿਆ ਦੇਣੀ ਪਈ। ਹੈਰੀ ਸਟੀਵਨਜ਼ ਪਹਿਲੀ ਵਾਰ ਐਮ ਪੀ ਬਣਿਆ ਸੀ। ਸੰਨ 1911 ਦੀ ਚੋਣ ਕਨਜਰਟਿਵ ਪਾਰਟੀ ਦੀ ਹੂੰਜਵੀ ਜਿੱਤ ਸੀ ਅਤੇ ਹੈਰੀ ਉਸ ਸਮੇਂ ਇੱਕ ਅਜਿਹੇ ਚੋਣ ਹਲਕੇ ਤੋਂ ਚੁਣਿਆ ਗਿਆ ਸੀ। ਜਿਸ ਵਿਚ ਪਹਿਲਾਂ ਬਹੁਤ ਸਾਰੇ ਲੋਕ ਲਿਬਰਲ ਐਮ ਪੀ ਦੇ ਹੱਕ ਵਿੱਚ ਵੋਟ ਪਾਉਂਦੇ ਸਨ। ਉਸ ਦਾ ਕੱਦ ਗੀਡ ਦੇ ਮੋਢਿਆ ਬਰਾਬਰ ਸੀ। ਉਮਰ ਵਿੱਚ ਉਹ ਗੀਡ ਨਾਲੋਂ 2 ਸਾਲ ਛੋਟਾ ਸੀ। ਉਸ ਕੋਲ ਇਤਨੀ ਸਕੂਲੀ ਵਿਦਿਆ ਨਹੀਂ ਸੀ। ਪਰ ਉਹ ਦ੍ਰਿੜ ਸੰਕਲਪ ਅਤੇ ਸ਼ਕਤੀ ਸ਼ਾਲੀ ਸੀ। ਇਸ ਮਾਮਲੇ ਵਿੱਚ ਉਸਨੂੰ ਵਿਸ਼ਵਾਸ ਸੀ ਕਿ ਉਸਦੇ ਪੂਰਬੀ ਸਹਿਯੋਗੀ ਕੁੱਝ ਨਹੀਂ ਸਮਝ ਸਕਦੇ ਸਨ ਕਿ ਕੀ ਕੁੱਝ ਵਾਪਰ ਰਿਹਾ ਹੈ। ਉਹ ਸੀ ਬਿਰਟਸ ਕੋਲੰਬੀਆ ਦੇ ਆਮ ਲੋਕਾਂ ਦੀਆਂ ਸ਼ਕਾਇਤਾ ਦਾ ਪ੍ਰਤੀਕ ਉਸਦੇ ਹਲਕੇ ਦੇ ਕੁੱਝ ਲੋਕਾਂ ਦਾ ਵਿਚਾਰ ਸੀ ਕਿ ਇਸ ਸਮੱਸਿਆ ਦੇ ਨਜਿੱਠਣ ਵਿਚ ਸਰਕਾਰ ਡਗਮਗਾ ਰਹੀ ਹੈ। ਉਹ ਨਿਗੱਰ ਕਦਮ ਨਹੀਂ ਸੀ ਚੁੱਕ ਰਹੀ। ਭਾਵੇਂ ਉਹ ਖੁਲਮ ਖੁਲਿਆ ਲੋਕਾਂ ਦੇ ਸਾਹਮਣੇ ਇਸ ਗੱਲ ਨੂੰ ਸਵੀਕਾਰ ਨਹੀਂ ਸੀ ਕਰਦਾ ਪਰ ਏਹੋ ਉਸਦੀ ਚਿੰਤਾ ਸੀ।

ਇੱਕ ਦਿਨ ਪਹਿਲਾਂ ਅਰਥਾਤ 20 ਜੂਨ ਨੂੰ ਉਸਨੇ ਰਘੁਨਾਥ ਸਿੰਘ ਨਾਲ ਇੰਟਰਵਿਊ ਕੀਤੀ ਤਾਂ ਜੋ ਪ੍ਰਧਾਨ ਮੰਤਰੀ ਲਈ ਤੱਥ ਇਕੱਤਰ ਕੀਤੇ ਜਾ ਸਕਣ। ਉਸਨੂੰ ਸਿੱਧੇ ਤੌਰ ਤੇ ਜਹਾਜ਼ ਦੀ ਸਥਿਤੀ ਬਾਬਤ ਜਾਣਕਾਰੀ ਦਿੱਤੀ ਜਾ ਸਕੇ। ਵਿਚਾਰਾ ਡਾਕਟਰ ਜੋ ਉਸ ਸਮੇਂ ਅਤਿ ਸੰਕਟ ਮਈ ਦਿਸ਼ਾ ਰਾਹੀਂ ਲੰਘ ਰਿਹਾ ਸੀ ਉਸਨੂੰ ਕੰਢੇ ਤੇ ਲਿਆਂਦਾ ਗਿਆ ਅਤੇ ਉਸਦੀ ਇੰਮੀਗਰੇਸ਼ਨ ਦੇ ਦਫਤਰ ਵਿਚ ਸਟੀਵਨਜ਼ ਨਾਲ ਜਾਣ ਪਛਾਣ ਕਰਵਾਈ ਗਈ। ਦਫਤਰ ਵਿੱਚ ਇਕ ਸਟੈਨੋਗਰਾਫਰ ਸੱਭ ਕੁਝ ਨੋਟ ਕਰਨ ਲਈ ਮੌਜੂਦ ਸੀ ਕੁੱਝ ਮੁਸਾਫਰਾਂ ਨੇ ਤੈਨੂੰ ਧਮਕੀਆਂ ਦਿੱਤੀਆਂ,ਦਿੱਤੀਆਂ ਨਾਂਹ? ਸਟੀਵਨਜ਼ ਨੇ ਬਿਨਾ ਕਿਸੇ ਸੰਕੋਚ ਦੇ ਪੁਛਿਆ। ਰਘੁਨਾਥ ਨੇ ਇਸ ਦਾ ਉੱਤਰ ਹਾਂ ਵਿੱਚ ਦਿੱਤਾ ਅਤੇ ਕਿਹਾ ਗੁਰਦਿੱਤ ਸਿੰਘ ਨੇ ਮੈਨੂੰ ਧਮਕੀਆਂ ਦਿੱਤੀਆਂ। ਉਸਦੇ ਆਦਮੀਆਂ ਨੇ ਮੈਨੂੰ ਆਖਿਆ "ਜੇ ਤੂੰ ਤੱਟ ਤੇ ਗਿਆ ਜਾਂ ਲੱਕੜੀ ਦੇ ਪੁਲ ਨੇੜੇ ਢੁਕਿਆ ਤਾਂ ਤੇਰਾ ਖੂਨ ਕਰ ਦੇਵਾਂਗੇ। ਉਹਨਾਂ ਦਾ ਖਿਆਲ ਹੈ ਮੈਂ ਉਹਨਾਂ ਵਿਰੁੱਧ ਗੱਲਾਂ ਆਖੀਆਂ ਹਨ" ਉਸਦੀ ਵਿਥਿਆ ਅਨੁਸਾਰ ਗੁਰਦਿੱਤ ਸਿੰਘ ਇੱਕ ਸ਼ੈਤਾਨ ਅਤੇ ਜ਼ਾਲਮ ਸੀ। ਜਿਸਨੇ ਪਹਿਲਾਂ ਮੁਸਾਫਰਾਂ ਨੂੰ ਲਾਰੇ ਲਾਏ ਸਨ ਅਤੇ ਹੁਣ ਉਹਨਾਂ ਨੂੰ ਡਰਾ ਧਮਕਾਕੇ ਅਤੇ ਗਲਤ ਗੱਲਾਂ ਦਸ ਕੇ ਉਹਨਾਂ ਤੇ ਮਾਲਕੀ ਜਮਾਈ ਬੈਠਾ ਸੀ। ਮੈਂ ਉਹਨਾਂ ਨੂੰ ਸਮਝਾਉਣ ਦੇ ਯਤਨ ਕੀਤੇ ਪਰ ਉਹ ਮੇਰੇ ਵਿਰੁੱਧ ਨੇ "ਸਾਰੇ ਬੰਦਿਆਂ ਨੂੰ ਉਸਦੇ ਪੂਰਾ ਯਕੀਨ ਹੈ। ਪਰ ਅੰਦਰੋ ਸੱਭ ਜਾਣਦੇ ਨੇ ਜੋ ਕੁੱਝ ਉਸਨੇ ਉਹਨਾਂ ਨਾਲ ਕੀਤਾ ਹੈ।

ਇੰਟਰਵਿਊ ਦੇ ਅੱਧ ਵਿੱਚ ਉਸਨੇ ਇਸ ਗੱਲ ਦਾ ਭਰੋਸਾ ਮੰਗਿਆ ਕਿ ਵਾਰਤਾਲਾਪ ਨੂੰ ਛਾਪਿਆ ਜਾਵੇਗਾ। ਇਹ ਮੇਰੇ ਆਪਣੇ ਆਪ ਲਈ ਤੇ ਬੋਰਡਨ ਲਈ ਹੈ। ਸਟੀਵਨਜ਼ ਨੇ ਉਸਨੂੰ ਵਿਸ਼ਵਾਸ਼ ਦਵਾਇਆ।

ਇੱਕ ਨੁਕਤੇ ਤੇ ਸਟੀਵਨਜ਼ ਨੇ ਇੰਮੀਗਰੇਸ਼ਨ ਅਧਿਕਾਰੀਆਂ ਨੂੰ ਕਿਸੇ ਦੋਸ਼ ਤੋਂ ਮੁਕਤ ਕਰਨ ਲਈ ਰਘੁਨਾਥ ਸਿੰਘ ਨੂੰ ਆਖਿਆ ਜੋ ਕੁੱਝ ਅਸੀਂ ਜਾਨਣਾ ਚਾਹੁੰਦੇ ਹਾਂ ਉਹ ਇਹ ਹੈ। ਕਿ ਤੁਹਾਡੇ ਨਾਲ ਵਧੀਆ ਸਲੂਕ ਕੀਤਾ ਗਿਆ ਹੈ ਅਤੇ ਜਿੱਥੋਂ ਤੀਕਰ ਅਸੀਂ ਕਰ ਸਕਦੇ ਹਾਂ ਤੁਹਾਡੇ ਨਾਲ ਜਿੰਮੇਵਾਰ ਵਿਵਹਾਰ ਕੀਤਾ ਗਿਆ ਹੈ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਸਤੁੰਸ਼ਟ ਹੋ ? ਅਤੇ ਜੇਕਰ ਜਹਾਜ਼ ਦੇ ਮੁਸਾਫਰ ਵੀ ਇਸ ਗੱਲ ਨੂੰ ਸਮਝਣ ਦਾ ਯਤਨ ਕਰਨ ਤਾਂ ਉਹ ਵੀ ਇਸ ਤੋਂ ਸਤੁੰਸ਼ਟ ਹੋ ਜਾਣਗੇ ਕੀ ਨਹੀਂ ?" ਡਾਕਟਰ ਵਿੱਚ ਜੁਰਅਤ ਨਹੀਂ ਸੀ ਕਿ ਉਹ ਇਸ ਸਬੰਧੀ ਅਸਹਿਮਤੀ ਪ੍ਰਗਟ ਕਰੇ।

ਅਖੀਰ ਵਿੱਚ, ਸਟੀਵਨਜ਼ ਨੇ ਪੁੱਛਿਆ "ਜੇਕਰ ਜਹਾਜ਼ ਤੇ ਰਸਤ ਲੱਦ ਦਿੱਤੀ ਜਾਵੇ, ਕੀ ਮੁਸਾਫਰ ਅਮਨ ਚੈਨ ਨਾਲ ਵਾਪਸ ਮੁੜ ਜਾਣਗੇ" ਉੱਤਰ 'ਨਾਂਹ' ਵਿੱਚ ਸੀ "ਉਹ ਵਾਪਸ ਜਾਣਾ ਨਹੀਂ ਚਾਹੁੰਦੇ, ਉਹ ਉਤਰਨ ਲਈ ਪੂਰੀ ਵਾਹ ਲਾਉਣਗੇ " ਡਾਕਟਰ ਨੇ ਆਖਿਆ।

ਉਧਰ ਸਰਕਾਰੀ ਵਕੀਲ ਤੇ ਬਰਡ, ਪਰਖ ਕੇਸ ਦੇ ਸੰਬੰਧ ਵਿਚ ਸਮਝੌਤੇ ਦੇ ਨੇੜੇ ਅਪੜ ਰਹੇ ਸਨ। ਏਧਰ ਸਟੀਵਨਜ਼ ਨੇ ਪ੍ਰਧਾਨ ਮੰਤਰੀ ਤੇ ਹਰ ਸੰਭਵ ਦਬਾਉ ਪਾਉਂਣਾ ਜਾਰੀ ਰੱਖਿਆ ਜੂਨ 24 ਬੁੱਧਵਾਰ ਵਾਲੇ ਦਿਨ ਬੋਰਡਨ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਥੱਬਾ ਭਰ ਤਾਰਾਂ ਮਿਲੀਆਂ ਇਹਨਾਂ ਵਿੱਚ ਇਕ ਤਾਰ ਵੈਨਕੂਵਰ ਦੇ ਮੇਅਰ ਦੀ ਵੀ ਸੀ। ਜਿਸ ਵਿੱਚ ਇੱਕ ਰਾਤ ਪਹਿਲਾ ਹੋਈ ਜਨ ਸਮੂਹ ਮੀਟਿੰਗ ਦੀ ਰਿਪੋਰਟ ਸੀ ਅਤੇ ਜਿਸ ਵਿਚ ਸਟੀਵਨਜ਼ ਮੁੱਖ ਸਿਤਾਰਾ ਸੀ। ਮੀਟਿੰਗ ਦੀ ਸਮਾਪਤੀ ਪਿੱਛੋਂ ਵੀ ਇੱਕ ਗੱਲ ਜੋ ਲੋਕਾਂ ਦੇ ਕੰਨਾਂ ਵਿੱਚ ਗੂੰਜ ਰਹੀ ਸੀ। ਉਹ ਸੀ ਤਾੜੀਆਂ ਦੀ ਗੂੰਜ, ਜੋ ਸਟੀਵਨਜ਼ ਨੂੰ ਉਸਦੇ ਬਰਿਟਿਸ਼ ਕੋਲੰਬੀਆਂ ਦੀ ਨਿਆਂ ਪਰਨਾਲੀ ਤੇ ਹਮਲਾ ਕਰਦਿਆਂ ਮਿਲੀ ਸੀ "ਕੁੱਝ ਲੋਕ ਆਖਦੇ ਹਨ ਤੁਸੀਂ ਅਦਾਲਤਾਂ ਵਿੱਚ ਕਿਉਂ ਨਹੀਂ ਜਾਦੇ।" ਮੈਂ ਆਖਦਾ ਹਾਂ ਅਸੀਂ ਅਦਾਲਤਾਂ ਵਿੱਚ ਜਾਣ ਲਈ ਤਿਆਰ ਹਾਂ ਜੇਕਰ ਕੋਈ ਇਮਾਨਦਾਰ ਅਦਾਲਤ ਲੱਭੀ ਜਾ ਸਕੇ।"

ਵੈਨਕੂਵਰ ਦੇ ਇੱਕ ਰੋਜ਼ਾਨਾ ਅਖਬਾਰ ਨੇ ਜਿਸ ਲਈ ਇਹ ਪ੍ਰਸੰਸਾ ਵਾਲੀ ਗੱਲ ਹੈ ਮੀਟਿੰਗ ਦੇ ਬੁਲਾਏ ਜਾਣ ਤੇ ਕਿੰਤੂ ਕੀਤਾ ਸੀ। ਅਤੇ ਜੇ ਸਟੀਵਨਜ਼ ਨੂੰ ਖੂਨ ਖਰਾਬੇ ਦਾ ਖਤਰਾ ਸੀ ਤਾਂ ਉਹ ਵੀ ਇਸ ਬਾਰੇ ਬਿਹਤਰ ਸੋਚ ਸਕਦਾ ਸੀ। ਚੰਗੇ ਭਾਗੀਂ ਭੀੜ ਜਥਤ ਵਿੱਚ ਰਹੀ। ਭਾਵੇਂ ਕੁੱਝ ਰੌਲਾ ਰੱਪਾ ਜ਼ਰੂਰ ਸੀ। ਸਿੱਖਾਂ ਦੀ ਇੱਕ ਟੋਲੀ ਜਿਸ ਨੂੰ ਦਰਵਾਜੇ ਤੋਂ ਹੀ ਮੋੜ ਦਿੱਤਾ ਗਿਆ ਸੀ ਥੋੜੇ ਬਹੁਤੇ ਧੱਕੇ ਲੱਗੇ। ਸੋਸਲਿਸਟ ਫਿਟਸਜੇਰਾਲਡ ਦੀ ਟੋਪੀ ਫੇਹ ਦਿੱਤੀ ਗਈ ਅਤੇ ਰਹੀਮ ਨੇ ਜਦੋਂ ਹਾਲ ਖਾਲੀ ਹੋ ਰਿਹਾ ਸੀ ਬਾਲਕੌਨੀ ਤੋਂ ਬੋਲਣ ਦਾ ਯਤਨ ਕੀਤਾ। ਉਸ ਨੂੰ ਲੋਕਾਂ ਦੀਆਂ ਚੀਕਾਂ ਅਤੇ ਰੌਲੇ ਰੱਪੇ ਵਿਚਕਾਰ ਪੁਲਿਸ ਦਾ ਇੱਕ ਅਫਸਰ ਫੜਕੇ ਬਾਹਰ ਲੈ ਗਿਆ।

ਬੁੱਧਵਾਰ ਤੀਕਰ ਜਹਾਜ਼ ਵਿੱਚ ਪਾਣੀ ਦੀ ਥੁੜ ਹੋ ਗਈ ਸੀ ਅਤੇ ਗ੍ਰੀਡ ਜਿਸ ਨੂੰ ਲੋੜ ਪੈਣ ਤੇ ਪਾਣੀ ਪਹੁੰਚਾਣ ਦਾ ਅਧਿਕਾਰ ਪ੍ਰਾਪਤ ਸੀ ਨੇ ਕੁੱਝ ਨਾ ਕੁੱਝ ਕਰਨਾ ਠੀਕ ਸਮਝਿਆ। ਮੁਸਾਫਰ ਪ੍ਰਤਿ ਦਿਨ 14 ਟਨ ਪਾਣੀ ਦੀ ਖਪਤ ਕਰਦੇ ਸਨ। ਰਸੋਈ ਲਈ ਪੀਣ ਲਈ ਤੇ ਇਸ਼ਨਾਨ ਲਈ 8 ਟਨ ਜੈਨਰੇਟਰ ਦੀ ਭਾਫ ਲਈ 6 ਟਨ। ਸਾਰੇ ਦਿਨ ਦਾ 28 ਡਾਲਰ ਖਰਚਾ ਆਉਂਦਾ ਸੀ। ਅਤੇ ਸਰਕਾਰ ਲਈ ਇਹ ਕੋਈ ਵੱਡੀ ਗੱਲ ਨਹੀਂ ਸੀ। ਜਿਸਨੂੰ ਜਹਾਜ਼ ਦੀ ਵਾਪਸੀ ਲਈ ਹਜ਼ਾਰਾ ਡਾਲਰ ਖਰਚਣੇ ਪੈਣੇ ਸਨ। ਪਰ ਇਹ ਇੱਕ ਹਥਿਆਰ ਸੀ ਜਿਸ ਨੂੰ ਕਿ ਗੀਡ ਜਾਣ ਬੁੱਝਕੇ ਵਰਤਦਾ ਸੀ। ਗੀਡ ਨੇ ਉਸ ਦਿਨ ਅਟਵਾ ਨੂੰ ਤਾਰ ਘੱਲੀ "ਕਾਨੂੰਨੀ ਸਲਾਹਕਾਰ ਪਰਖ ਮੁੱਕਦਮੇ ਨੂੰ ਅਦਾਲਤਾਂ ਵਿੱਚ ਲਿਜਾਣ ਲਈ ਕਾਹਲੇ ਹਨ। ਇਸ ਗੱਲ ਦੀ ਵਿਰੋਧਤਾ ਵਿਚ ਸਟੀਵਨਜ਼ ਮੇਰੇ ਨਾਲ ਸਹਿਮਤ ਹੈ ਸਟੀਵਨਜ਼ ਚਾਹੁੰਦਾ ਸੀ ਉਹ ਮੁਸਾਫਰਾਂ ਨੂੰ ਅਗਲੇ ਦਿਨ ਗਿਆਰਾਂ ਵਜੇ ਸਵੇਰ ਨੂੰ ਚੱਲਣ ਵਾਲੇ ਐਪਰੈਸ ਜਹਾਜ਼ ਤੇ ਲੱਦ ਦੇਵੇ। ਐਪਰੈਸ ਨੂੰ ਕਾਮਾਗਾਟਾ ਮਾਰੂ ਦੀ ਵੱਖੀ ਦੇ ਨਲਾ ਲਾ ਕੇ ਖੜਿਆ ਕਰ ਦੇਵੇ ਅਤੇ ਜੇ ਸ਼ਕਤੀ ਦੀ ਲੋੜ ਹਿਫਾਜਤੀ ਦਸਤਿਆਂ ਨੂੰ ਜਹਾਜ਼ ਤੇ ਚੜ੍ਹਾਕੇ ਵਾਪਸ ਮੋੜ ਦੇਵੇ। ਸੀ. ਪੀ. ਆਰ ਦੇ ਚੈਰਟੀ ਰੇਟ ਅਨੁਸਾਰ ਪ੍ਰਤਿ ਮੁਸਾਫਰ 35 ਡਾਲਰ ਦੇਣੇ ਪੈਦੇ ਸਨ। ਜੇ ਆਗਿਆ ਮਿਲ ਜਾਵੇ ਤਾਂ ਬਾਕੀ ਵੇਰਵਿਆ ਨੂੰ ਉਹ ਤੇ ਗੀਡ ਅਸਲੀ ਜਾਮਾ ਪਹਿਨਾ ਸਕਦੇ ਸਨ। ਦਲੀਲ ਵਜੋਂ ਉਹ ਗਲੀਆਂ ਵਿਚ ਹੋਣ ਵਾਲੇ ਖੂਨ ਖਰਾਬੇ ਦਾ ਨਕਸ਼ਾ ਖਿੱਚਦੇ ਸਨ।

ਆਟਵਾ ਵਿੱਚ ਕਿਸੇ ਨੇ ਵੀ ਇਸ ਸਕੀਮ ਨੂੰ ਪਸੰਦ ਨਾਂਹ ਕੀਤਾ ਅਤੇ ਪਰਧਾਨ ਮੰਤਰੀ ਨੇ ਇੱਕ ਪੱਤਰ ਲਿਖਕੇ ਇਸਨੂੰ ਆਪ ਰੱਦ ਕੀਤਾ। ਇਸ ਵਿੱਚ ਖਤਰੇ ਬਹੁਤ ਸਨ। ਅਤੀ ਮਹਾਨ ਸਨ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਬੋਰਡਨ ਟੀ ਬਲੇਕ ਰਾਬਰਟਸਨ ਜੋ ਇੰਮੀਗਰੇਸ਼ਨ ਦਾ ਸਹਾਇਕ ਸੁਪਰਡੈਂਟ ਸੀ ਨਾਲ ਸਹਿਮਤ ਸੀ ਕਿ ਤਿਖੀਆਂ ਚਾਲਾ ਦੁਆਰਾ ਹਿੰਦੁਸਤਾਨੀਆਂ ਨੂੰ ਅਦਾਲਤਾਂ ਵਿੱਚ ਜਾਣੋਂ ਰੋਕਣ ਦਾ ਕੋਈ ਲਾਭ ਨਹੀਂ। ਭਾਵੇਂ ਦੇਰੀ ਨਾਲ ਹੀ ਸਹੀ ਪਰ ਆਖਰ ਕੋਈ ਤਾਂ ਸੀ ਜਿਹੜਾ ਕਾਨੂੰਨ ਲਈ ਆਦਰ ਵਿਖਾ ਰਿਹਾ ਸੀ।

ਵੀਰਵਾਰ 25 ਜੂਨ ਦੀ ਸਵੇਰ ਨੂੰ ਸਰਕਾਰੀ ਵਕੀਲਾਂ ਨੇ ਗੀਡ ਨੂੰ ਆਖਿਆ ਕਿ ਉਹ ਦੋ ਮਨੁੱਖਾ

ਨੂੰ ਤੱਟ ਤੇ ਲਿਆਵੇ ਤਾਂ ਜੋ ਉਹਨਾਂ ਵਿਚੋਂ ਇੱਕ ਨੂੰ ਬਰਡ ਪਰਖ ਮੁਕੱਦਮੇ ਲਈ ਚੁਣ ਸਕੇ। ਮੁਸਾਫਰ ਸਨ ਮੁਨਸ਼ੀ ਸਿੰਘ ਹੁਸ਼ਿਆਰਪੁਰ ਤੋਂ ਅਤੇ ਨਰਾਇਣ ਸਿੰਘ ਲਾਹੌਰ ਤੋਂ ਬਰਡ ਨੇ ਇਹਨਾਂ ਨੂੰ ਮੁਸਾਫਰ ਦੀ ਸੂਚੀ ਚੋਂ ਚੁਣਿਟਾ ਸੀ। ਉਹਨਾਂ ਕੋਲ ਬਹੁਤੇ ਪੈਸੇ ਨਹੀਂ ਸਨ ਅਤੇ ਇਸ ਤਰ੍ਹਾਂ ਉਹ ਬਾਕੀ ਬਹੁਤਿਆ ਵਰਗੇ ਹੀ ਹੋਣਗੇ।

ਇੱਕ ਪੱਤਰ ਪ੍ਰੇਰਕ ਨੇ ਗੀਡ ਨੂੰ ਫੈਨ ਕਰਕੇ ਪੁੱਛਿਆ "ਪਰਖ ਕੇਸ ਨੂੰ ਪੜਤਾਲਣ ਬੋਰਡ ਕਦੋ ਇੱਕਤਰ ਹੋ ਰਿਹਾ ਹੈ" "ਆਹ ਜਿਸ ਬਾਬਤ ਵਕੀਲ ਗੱਲਾਂ ਕਰ ਰਹੇ ਨੇ ਗੀਡ ਨੇ ਆਪਦੇ ਕੇਸ ਨੂੰ ਇੱਕਤਰ ਹੋ ਰਿਹਾ ਹੈ?

" ਆਹ ਜਿਸ ਬਾਬਤ ਵਕੀਲ ਗੱਲਾਂ ਕਰ ਰਹੇ ਨੇ? ਗੀਡ ਨੇ ਆਪਣੇ ਵਲੋਂ ਅਣਜਾਣ ਬਣਦਿਆਂ ਪੁੱਛਿਆ "ਹਾਂ" ਹੱਛਾ ਇਸ ਸਬੰਧੀ ਸੁਣਿਆ ਹੈ? 11 ਵਜੇ ਕੁੱਝ ਹੋ ਰਿਹੈ ਦੁਪਿਹਰੇ ਵੀ ਉਸ ਤੋਂ ਫਿਰ ਉਹੀ ਪ੍ਰਸ਼ਨ ਪੁੱਛਿਆ ਗਿਆ ? "ਅਸੀਂ ਹੋ ਸਕਦੈ ਇਸ ਨੂੰ ਤੁਰੰਤ ਹੀ ਸ਼ੁਰੂ ਕਰ ਦੇਈਏ" ਉਹ 35 ਦਿਨਾਂ ਤੀਕਰ ਇਸਨੂੰ ਟਾਲਣ ਲਈ ਚੁਝਦਾ ਰਿਹਾ ਸੀ। ਹੁਣ ਇਨਸਾਫ ਦੀ ਮਸ਼ੀਨਰੀ ਹਰਕਤ ਵਿਚ ਆ ਗਈ ਸੀ।

ਬਰਡ ਨੇ ਫੈਸਲਾ ਕੀਤਾ ਕਿ ਮੁਨਸ਼ੀ ਸਿੰਘ ਸਭ ਤੋਂ ਚੰਗਾ ਉਮੀਦਵਾਰ ਸੀ ਸਾਢੇ ਬਾਰਾਂ ਵਜੇ ਉਸਨੂੰ ਇੰਨਕੁਆਇਰੀ ਬੋਰਡ ਦੇ ਰੂ ਬਰੂ ਪੇਸ਼ ਕੀਤਾ ਗਿਆ। ਬੋਰਡ ਦੇ ਪੈਨਲ ਵਿੱਚ ਮੈਲਕਮ ਗੀਡ ਅਤੇ ਦੋ ਹੋਰ ਇੰਨਸਪੈਕਟਰ ਹਾਵਰਡ ਤੇ ਐਲੀਅਟ ਸ਼ਾਮਲ ਸਨ। ਹਾਪਕਿਨਸਨ ਤੇ ਸਹਾਇਕ ਦੁਭਾਸ਼ੀਆਂ ਹੈਗੀ ਗਵਾਈਥਰ ਸ਼ਹਾਦਤ ਗਵਾਹੀ ਦੇਣ ਲਈ ਨੇੜੇ ਹੀ ਖੜੋਤੇ ਸਨ।

ਮੁਨਸ਼ੀ ਸਿੰਘ, ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗੁਲਪੁਰ ਦਾ ਵਸਨੀਕ ਸੀ। ਉਹ 26 ਸਾਲਾਂ ਦਾ ਵਿਆਹੁਤਾ ਮਨੁੱਖ ਸੀ ਉਸਦੀ ਪਤਨੀ ਤੇ ਬੱਚੀ ਹਿੰਦੁਸਤਾਨ ਵਿੱਚ ਹੀ ਸਨ। ਆਪਣੇ ਬਹੁਤੇ ਸਾਥੀ ਮੁਸਾਫਰਾਂ ਵਾਂਗ ਉਸਨੂੰ ਅੰਗਰੇਜ਼ੀ ਭਾਸ਼ਾ ਦਾ ਥੋੜਾ ਜਿਹਾ ਹੀ ਗਿਆਨ ਸੀ। ਉਸਨੇ ਆਪਦੇ ਉੱਤਰ ਪੰਜਾਬੀ ਵਿੱਚ ਦਿੱਤੇ। ਉਸ ਨੇ ਆਖਿਆ ਕਿ ਉਸਨੇ ਕਲੱਕਤੇ ਤੋਂ ਵੈਨਕੂਵਰ ਨੂੰ ਸਿੱਧੇ ਹੀ ਆਉਣ ਦਾ ਯਤਨ ਕੀਤਾ ਪ੍ਰੰਤੂ ਕਲੱਕਤੇ ਦੀਆਂ ਜਹਾਜ਼ ਕੰਪਨੀਆਂ ਨੇ ਉਸਨੂੰ ਟਿਕਟ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਉਹ ਹਾਂਕਕਾਂਗ ਆ ਗਿਆ। ਉਥੇ ਉਸਨੂੰ ਕਾਮਾਗਾਟਾ ਮਾਰੂ ਦੀ ਬਾਬਤ ਪਤਾ ਲੱਗਿਆ ਪਹਿਲਾਂ ਹੀ ਵੈਨਕੂਵਰ ਹਾਂਗਕਾਂਗ ਆ ਗਿਆ। ਉਥੇ ਉਸਨੂੰ ਕਾਮਾਗਾਟਾ ਮਾਰੂ ਦੀ ਬਾਬਤ ਪਤਾ ਲੱਗਿਆ ਜੋ ਪਹਿਲਾਂ ਹੀ ਵੈਨਕੂਵਰ ਵੱਲ ਰਵਾਨਾ ਹੋ ਚੁੱਕਾ ਸੀ। ਉਸਨੇ ਇਹ ਜਹਾਜ਼ ਯੋਕੋਹਾਮਾ ਵਿਚ ਫੜਿਆ ਸੀ। ਉਸਨੇ ਅੱਗੇ ਦੱਸਿਆ ਕਿ ਉਹ ਕਿਸਾਨ ਹੈ ਅਤੇ ਉਸਦੇ ਅਤੇ ਉਸਦੇ ਭਾਈ ਕੋਲ 7 ਟੁਕੜੇ ਜ਼ਮੀਨ ਦੇ ਸਨ। ਉਹਨਾਂ ਵਿੱਚੋਂ ਸਭ ਤੋਂ ਵੱਡਾ ਟੁਕੜਾ ਵੈਨਕੂਵਰ ਦੇ ਘਰਾਂ ਦੀ ਦੂਹਰੀ ਲਾਟ ਦੇ ਆਕਾਰ ਜਿਡਾ ਸੀ ਜਦੋਂ ਹੀ ਉਸਨੂੰ ਜ਼ਮੀਨ ਦੀ ਯੋਗ ਟੁਕੜੀ ਮਿਲ ਗਈ ਤਾਂ ਉਹ ਘਰ ਨੂੰ ਪੈਸੇ ਭੇਜਣ ਲਈ ਤਾਰ ਕਰੇਗਾ ਤਾਂ ਜੋ ਬਰਿਟਿਸ਼ ਕੋਲੰਬੀਆਂ ਵਿੱਚ ਉਹ ਖੇਤੀ ਬਾੜੀ ਕਰ ਸਕੇ। ਬਰਡ ਨੇ ਉਸਨੂੰ ਪੁੱਛਿਆ ਕਿ ਉਹ ਕੈਨੇਡਾ ਕਿਉਂ ਆਇਆ ਅਤੇ ਦੁਭਾਸੀਏ ਨੇ ਉਸਦਾ ਉੱਤਰ ਦਿੱਤਾ "ਫਾਰਮਾਂ ਤੇ ਕੰਮ ਕਰਨ ਲਈ, ਕੁਝ ਜ਼ਮੀਨ ਖਰੀਦਣ ਲਈ।" ਹੈਗੀ ਗਵਾਈਥਰ ਨੇ ਦੁਭਾਸ਼ੀਏ ਨੂੰ ਵਿੱਚੋਂ ਹੀ ਟੋਕ ਕੇ ਕਿਹਾ ਉਸਨੇ ਇਹ ਨਹੀਂ ਆਖਿਆ ਉਸਨੂੰ ਮੁੜ ਪੁੱਛੋ। ਅਤੇ ਮੁਨਸ਼ੀ ਸਿੰਘ ਨੇ ਆਪਣੇ ਆਪ ਹੀ ਅੰਗਰੇਜ਼ੀ ਵਿੱਚ ਉੱਤਰ ਦਿੱਤਾ "ਟੂ ਡੂ ਫਾਰਮਿੰਗ" (ਖੇਤੀ ਕਰਨ ਲਈ)

ਮੁਨਸ਼ੀ ਸਿੰਘ ਜਦੋਂ ਯੋਕੋਹਾਮਾਂ ਤੋਂ ਰਵਾਨਾ ਹੋਇਆ ਸੀ ਉਸ ਕੋਲ 9 ਪੌਂਡ ਬਚੇ ਸਨ। ਉਸਨੇ 20 ਪਾਉਂਡ ਨੂੰ ਟਿਕਟ ਖਰੀਦਿਆਂ ਸੀ। ਹੁਣ ਉਸ ਕੋਲ 6 ਪੌਂਡ ਸਨ ਜਿਹੜੇ ਕਿ 30 ਡਾਲਰ ਦੇ ਬਰਾਬਰ ਸਨ। ਅਤੇ ਉਸਨੇ ਬੋਰਡ ਨੂੰ 6 ਸੋਨੇ ਦੇ ਸਿੱਕੇ ਵੀ ਵਿਖਾਏ। ਬਾਰਡ ਨੇ ਉਸਤੋਂ ਪੁੱਛਿਆ ਕਿ ਹਿੰਦੁਸਤਾਨ ਵਿੱਚ ਉਸਦੀ ਜਾਇਦਾਦ ਦਾ ਕੀ ਮੁੱਲ ਸੀ। 25 ਹਜ਼ਾਰ ਰੁਪੈ ਅਰਥਾਤ 8 ਹਜ਼ਾਰ ਡਾਲਰਾਂ ਤੋਂ ਵੱਧ ਉਹ ਆਪਣੇ ਕੋਲ ਹੋਰ ਪੈਸੇ ਕਿਉਂ ਨਹੀਂ ਲੈ ਕੇ ਆਇਆ?" ਦੁਭਾਸ਼ੀਏ ਰਾਹੀਂ ਉੱਤਰ ਮਿਲਿਆ। ਉਹ ਆਖਦਾ ਹੈ ਮੈਂ ਪੜ੍ਹਿਆ ਲਿਖਿਆ ਲਹੀਂ ਹਾਂ। ਮੈਂ ਆਪਦੇ ਪੈਸਿਆਂ ਨੂੰ ਬੈਂਕਾਂ ਵਿੱਚ ਬਦਲ ਨਹੀਂ ਸਕਦਾ, ਮੈਂ ਹੋਰ ਪੈਸੇ ਇਸ ਲਈ ਨਹੀਂ ਲੈ ਕੇ ਆਇਆ ਕਿ ਰਸਤੇ ਵਿੱਚ ਲੁੱਟਿਆ ਨਾ ਜਾਵਾਂ ਕਿਉਂਕਿ ਮੈਂ ਵੱਖ ਵੱਖ ਦੇਸ਼ਾਂ ਵਿੱਚ ਦੀ ਲੰਘਣਾ ਸੀ।"

ਇਹ ਢਧੀਆ ਉੱਤਰ ਸੀ। ਅਜੇਹੀਆਂ ਹਾਲਤਾਂ ਵਿਚ ਮੁਨਸ਼ੀ ਸਿੰਘ ਦੇ ਬਹੁਤ ਹਮਵਤਨ ਇਸ ਤੋਂ ਚੰਗੀ ਸ਼ਹਾਦਤ ਨਹੀਂ ਸਨ ਦੇ ਸਕਦੇ। ਕਿਉਂਕਿ ਉਹ ਪ੍ਰਸ਼ਨਾਂ ਦੇ ਮੰਤਵ ਨੂੰ ਨਹੀਂ ਸਮਝਦੇ ਸਨ। ਅਤੇ ਅਜਿਹੀਆਂ ਕਹਾਣੀਆਂ ਬਿਆਨਣ ਲਗ ਜਾਂਦੇ ਸਨ ਜਿਹੜੀਆਂ ਜਾਂ ਤਾਂ ਪ੍ਰਤੱਖ ਤੌਰ ਤੇ ਝੂਠੀਆਂ ਹੁੰਦੀਆਂ ਜਾਂ ਉਹਨਾਂ ਦੇ ਹੱਕ ਵਿਚ ਜਾਣ ਵਾਲੀ ਸ਼ਹਾਦਤ ਨੂੰ ਲਕੋ ਲੈਂਦੀਆਂ ਸਨ। ਉਹ ਮੁਨਸ਼ਾ ਸਿੰਘ ਆਪ ਵੀ ਉਕਾ ਹੀ ਤਿਆਰ ਨਹੀਂ ਸੀ ਜਿਵੇਂ ਕਿ ਇੱਕ ਗਵਾਹ ਨੂੰ ਹੋਣਾ ਚਾਹੀਦਾ ਸੀ। ਉਸਨੂੰ ਉਸੇ ਸਵੇਰ ਹੀ ਸ਼ਹਿਰ ਲਿਆਂਦਾ ਗਿਆ ਸੀ। ਇੱਕ ਦੁਭਾਸ਼ੀਏ ਰਾਹੀਂ ਉਸਦੀ ਵਕੀਲ ਨਾਲ ਮੁਲਾਕਾਤ ਹੋਈ ਸੀ ਜਿਸ ਵਕੀਲ ਨੂੰ ਉਹ ਜਾਣਦਾ ਨਹੀਂ ਸੀ। ਅਤੇ ਉਸ ਪਿੱਛੋਂ ਤੁਰੰਤ ਹੀ ਉਸਨੂੰ ਸੁਣਵਾਈ ਦੇ ਅੱਗੇ ਧੱਕ ਦਿੱਤਾ ਗਿਆ। ਜੋ ਕੁੱਝ ਵਾਪਰ ਰਿਹਾ ਸੀ ਉਸ ਸਬੰਧੀ ਉਸ ਦੀ ਜਾਣਕਾਰੀ ਅਤਿ ਅਧੂਰੀ ਸੀ। ਜਦੋਂ ਉਹ ਕਮਰੇ ਵਿਚ ਦਾਖਲ ਹੋਇਆ ਜਿੱਥੇ ਕਿ ਇਨਕੁਆਰੀ ਹੋਈ ਸੀ ਰਹੀਮ ਅਤੇ ਕੁੱਝ ਹੋਰ ਸਥਾਨਕ ਹਿੰਦੁਸਤਾਨੀਆਂ

ਨੇ ਉਸਨੂੰ ਮਿਲਣ ਦਾ ਯਤਨ ਕੀਤਾ ਸੀ ਪਰ ਉਹਨਾਂ ਨੂੰ ਰੋਕ ਦਿੱਤਾ ਗਿਆ। ਇੱਕੋ ਇਕ ਆਦਮੀ ਜਿਸਨੂੰ ਉਹ ਉਥੇ ਜਾਣਦਾ ਸੀ ਉਹ ਉਸਦਾ ਦੁਭਾਸ਼ੀਆਂ ਭਾਨ ਸਿੰਘ ਸੀ ਜਿਹੜਾ ਉਸਦਾ ਸਾਥੀ ਮੁਸਾਫਰ ਸੀ, ਸਕੂਲ ਅਧਿਆਪਕ ਸੀ ਅਤੇ ਰਘੁਨਾਥ ਸਿੰਘ ਦਾ ਮਿੱਤਰ ਸੀ। ਹਾਪਕਿਨਸਨ ਤੇ ਗਵਾਈਥਰ ਬੜੀ ਨੀਝ ਨਾਲ ਸੱਭ ਕੁੱਝ ਸੁਣ ਰਹੇ ਸਨ ਅਤੇ ਭਾਨ ਸਿੰਘ ਦਾ ਦੋਸ਼ ਲਾਉਣ ਵਿਚ ਢਿਲ ਨਹੀਂ ਕਰਦੇ ਸਨ ਕਿ ਉਹ ਉਸਨੂੰ ਸਿਖਾ ਬੁਝਾ ਰਿਹਾ ਹੈ।

ਜਦੋਂ ਸਿੱਧੇ ਪ੍ਰਸ਼ਨ ਪੁੱਛਣ ਦਾ ਸਮਾਂ ਆਇਆ ਤਾਂ, ਮਹਿਕਮੇ ਦੇ ਵਕੀਲ, ਐਚ. ਡਬਲਯੂ. ਡੀ. ਲੈਡਨਰ, ਜਿਹੜਾ ਕਿ ਰਾਬੀ ਗ੍ਰੀਡ ਦਾ ਛੋਟਾ ਹਿੱਸੇਦਾਰਾਂ ਸੀ, ਨੇ ਮੁਨਸ਼ੀ ਸਿੰਘ ਤੇ ਸਬੂਤ ਪੇਸ਼ ਕਰਨ ਦਾ ਭਾਰ ਸੁਟਦਿਆਂ ਆਖਿਆ ਕੀ ਤੁਹਾਡੇ ਕੋਲ ਕੋਈ ਸਬੂਤ ਹੈ ਜੋ ਤੁਹਾਡੇ ਇਸ ਕਥਨ ਦੀ ਪੁਸ਼ਟੀ ਕਰ ਸਕੇ ਕਿ ਕਲਕੱਤੇ ਦੀ ਕਿਸੇ ਕੰਪਨੀ ਨੇ ਤੁਹਾਨੂੰ ਕਲਕੱਤੇ ਤੋਂ ਵੈਨਕੂਵਰ ਦਾ ਟਿਕਟ ਦੇਣ ਤੋਂ ਨਾਂਹ ਕੀਤੀ?"

" ਉਸ ਕੋਲ ਹੈ ----।"

"ਕੀ ?"

"ਕਿਉਂਕਿ ਉਸ ਨਾਲ ਓਥੇ ਕੋਈ ਨਹੀਂ ਸੀ, ਉਹ ਕੋਈ ਗਵਾਹ ਪੇਸ਼ ਨਹੀਂ ਕਰ ਸਕਦਾ।"

"ਮੇਰਾ ਖਿਆਲ ਹੈ ਕਿ ਇਹੀ ਗਲ ਉਸਦੇ ਉਸ ਕਥਨ ਤੇ ਵੀ ਢੁਕਦੀ ਹੈ ਜਿਹੜੀ ਉਸਨੇ ਹਿੰਦੁਸਤਾਨ ਨੂੰ ਛੱਡਣ ਬਾਬਤ ਦਿੱਤੀ ਹੈ ਕੀ ਉਹ ਕਿਸੇ ਤਰੀਕੇ ਨਾਲ ਇਸਦੀ ਪੁਸ਼ਟੀ ਨਹੀਂ ਕਰ ਸਕਦਾ ਹੈ ?"

"ਹਿੰਦੁਸਤਾਨ ਵਿਚ ਪੇਂਡੂ ਇਹ ਸਭ ਕੁਝ ਦੱਸ ਸਕਦੇ ਹਨ।"

"ਉਹ ਏਥੇ ਤਾਂ ਨਹੀਂ ?

" ਨਹੀਂ।"

"ਉਹ ਆਪਣੇ ਪੈਸਿਆਂ ਦੀ ਮਲਕੀਅਤ ਬਾਬਤ ਅੱਜੇ ਏਥੇ ਦਿੱਤੇ ਗਏ ਕਥਨ ਦੀ ਪੁਸ਼ਟੀ ਨਹੀਂ ਕਰ ਸਕਦਾ

" ਉਸਦੇ ਪਿੰਡ ਵਿਚ ਇਸ ਦੀ ਗਵਾਹੀ ਮੌਜੂਦ ਹੈ।"

"ਕੀ ਇਥੇ ਤਾਂ ਨਹੀਂ ?"

"ਨਹੀਂ।"

ਇਹੀ ਪੜਤਾਲ ਦਾ ਅਸਲੀ ਮੁੱਦਾ ਸੀ ਅਤੇ ਇਸ ਨਾਲ ਹੀ ਲੈੱਡਨਰ ਨੇ ਆਪਣੇ ਮੁੱਕਦਮੇ ਦਾ ਅੰਤ ਕਰ ਦਿੱਤਾ। ਮੁਨਸੀ ਸਿੰਘ ਦੀ ਅਰਜ਼ੀ ਨੂੰ ਰੱਦ ਕਰਨ ਅਤੇ ਉਸਨੂੰ ਡਿਪੋਰਟ ਕਰਨ ਦਾ ਮਤਾ ਤੁਰੰਤ ਹੀ ਪਾਸ ਕਰ ਦਿੱਤਾ ਗਿਆ। ਅਤੇ ਬਰਡ ਸਿੱਧਾ ਹੀ ਸੁਪਰੀਮ ਕੋਰਟ ਦੇ ਜੱਜ ਕੋਲ ਗਿਆ ਤਾਂ ਜੋ ਹੇਬੀਅਸ ਕਾਰਪਸ ਦੀ ਰਿੱਟ ਨੂੰ ਰੱਦ ਕਰਨ ਦਾ ਪ੍ਰੋਫਾਰਮਾ ਪ੍ਰਾਪਤ ਕਰ ਸਕੇ। ਉਸੇ ਰਾਤ ਲੈਡਨਰ ਵੀ ਨਾਲ ਹੀ ਸੀ " ਉਸਨੇ ਵਿਕਟੋਰੀਆ ਨੂੰ ਜਾਂਦੀ ਫੈਰੀ ਫੜੀ। ਉਹ ਆਪਣੇ ਆਪ ਨੂੰ ਕਚਹਿਰੀ ਦੀ ਅਪੀਲ ਲਈ ਤਿਆਰ ਕਰ ਰਿਹਾ ਸੀ।

ਕਾਮਾਗਾਟਾ ਮਾਰੂ ਮੁਸਾਫਰਾਂ ਸਣੇ ਗੁਰਦਿਤ ਸਿੰਘ ਇਸ ਸਭ ਕੁੱਝ ਤੋਂ ਭੰਬਲ ਭੂਸੇ ਵਿਚ ਫਸੇ ਹੋਏ ਸਨ। ਉਹਨਾ ਨੂੰ ਕੋਈ ਪਤਾ ਨਹੀਂ ਸੀ ਕਿ ਉਹਨਾਂ ਦੇ ਸ਼ਹਿਰ ਵਾਲੇ ਦੋਸਤ ਪਰਖ ਮੁੱਕਦਮੇ ਲਈ ਸਹਿਮਤ ਹੋ ਗਏ ਸਨ। ਇਹ ਲਈ ਉਹ ਸਾਰੀ ਕਾਰਵਾਈ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਸਨ। ਬਰਡ ਨੇ ਸੱਭ ਕੁੱਝ ਮੁਸਾਫਰਾਂ ਦੀ ਬਿਨਾ ਤੇ ਹੀ ਕੀਤਾ ਸੀ ਪਰ ਉਹਨਾਂ ਦੀ ਸਹਿਮਤੀ ਨਾਲ ਨਹੀਂ ਸੀ ਕੀਤਾ। ਉਹ ਰਹੀਮ ਤੋਂ ਹਦਾਇਤਾਂ ਪ੍ਰਾਪਤ ਕਰਦਾ ਸੀ ਅਤੇ ਜਦ ਪੱਤਰਾਂ ਦਾ ਵਟਾਂਦਰਾ ਹੁੰਦਾ ਸੀ ਤਦ ਅਧਿਕਾਰੀ ਜਿਹੜੇ ਉਹਨਾਂ ਨੂੰ ਲਿਜਾਂਦੇ ਸਨ ਪੱਤਰਾਂ ਨੂੰ ਰਸਤੇ ਵਿਚ ਹੀ ਰੋਕ ਲੈਂਦੇ ਸਨ ਅਤੇ ਜੋ ਕੁਝ ਮਰਜੀ ਪੜ੍ਹ ਲੈਂਦੇ ਸਨ। ਕਿਸੇ ਹੋਰ ਆਵਾਜਾਈ ਦੇ ਸਾਧਨਾਂ ਤੋਂ ਬਿਨਾਂ ਮੁਸਾਫਰ ਅਕਸਰ ਹਨੇਰੇ ਵਿੱਚ ਹੀ ਰਹਿੰਦੇ ਸਨ।

ਉਸ ਸ਼ਾਮੀ ਉਹਨਾਂ ਨੇ ਗਵਰਨਰ ਜਨਰਲ ਨੂੰ ਇੱਕ ਤਾਰ ਘੱਲੀ, "ਇੰਮੀਗਰੇਸ਼ਨ ਮਹਿਕਮੇ ਨੂੰ ਪਾਣੀ ਘੱਲਣ ਲਈ ਬਹੁਤ ਬੇਨਤੀਆਂ ਕੀਤੀਆਂ ਹਨ, ਪਰ ਸਾਰੀਆਂ ਹੀ ਵਿਅਰਥ ਗਈਆਂ ਨੇ। ਇਸ ਤਰ੍ਹਾਂ ਦੀ ਦੁਖਿਆਰੀ ਮੌਤ ਮਰਨ ਨਾਲੋਂ ਚੰਗਾ ਹੋਵੇ ਜੇ ਸਾਰਿਆਂ ਨੂੰ ਗੋਲੀ ਨਾਲ ਮਰਨ ਦਾ ਹੁਕਮ ਦੇ

ਦਿੱਤਾ ਜਾਵੇ '' ਰਹੀਮ ਅਤੇ ਭਾਗ ਸਿੰਘ ਨੇ ਗਾਰਡਨਰ ਜਹਾਨਸਨ ਨਾਲ ਕੁੱਝ ਪ੍ਰਬੰਧ ਕੀਤੇ। ਪਰ ਉਚ ਇਸਦੀ ਤੁਰੰਤ ਅਦਾਇਗੀ ਨਹੀਂ ਸੀ ਕਰ ਸਕਦੇ ਅਤੇ ਉਸ ਰਾਤ ਵੀ ਜਹਾਜ਼ ਤੇ ਕੁੱਝ ਨਹੀਂ ਸੀ ਗਿਆ। ਅਤੇ ਬਾਅਦ ਜਦੋਂ ਜਾਪਾਨੀ ਆਪਣੇ ਲਈ ਪਾਣੀ ਦਾ ਇੱਕ ਬੈਰਲ ਜਹਾਜ਼ ਉੱਤੇ ਲੈ ਕੇ ਆਏ ਤਦ ਕੁੱਝ ਮੁਸਾਫਰ ਇਸ ਤੇ ਟੁੱਟ ਪਏ ਉਸਨੂੰ ਖੋਹ ਲਿਆ ਪਾਣੀ ਹੇਠਾਂ ਡੁਲ ਗਿਆ ਅਤੇ ਡੁਲ੍ਹੇ ਪਾਣੀ ਨੂੰ ਕੁਝ ਮੁਸਾਫਰ ਚੱਟਣ ਲੱਗ ਪਏ। ਭਾਨ ਸਿੰਘ ਤੇ ਪਹੋਲੋ ਰਾਮ ਨੇ ਸ਼ਾਇਦ ਦੂਜਿਆ ਦਬਾਓ ਹੇਠ ਗੀਡ ਨੂੰ ਇਕ ਚਿੱਠੀ ਲਿਖੀ ਕਿ ਜੇਕਰ ਘੰਟੇ ਦੇ ਅੰਦਰ ਅੰਦਰ ਪਾਣੀ ਨਾ ਪਹੁੰਚਿਆ ਕੁੱਝ ਮੁਸਾਫਰ ਆਖਰੀ ਸਾਹ ਲੈ ਲੈਣਗੇ। ਪਾਣੀ ਫੇਰ ਵੀ ਨਾ ਆਇਆ 27 ਤਾਰੀਖ ਨੂੰ ਗਾਰਡਨਰ ਜਾਨਸਨ ਨੇ ਰਹੀਮ ਵਲੋਂ ਅਦਾਇਗੀ ਕਰਨ ਦੇ ਵਾਅਦੇ ਨੂੰ ਸਵੀਕਾਰ ਕਰ ਲਿਆ ਅਤੇ 103 ਟਨ ਪਾਣੀ ਘੱਲ ਦਿਤਾ।

ਸਥਾਨਕ ਹਿੰਦੁਸਤਾਨੀਆਂ ਨੇ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਮਹਾਰਾਜਿਆਂ,ਪਟਿਆਲਾ ਅਤੇ ਮਹਾਰਾਜਾ ਨਾਭਾ ਨੂੰ, ਅਤੇ ਖਾਲਸਾ ਦੀਵਾਨ ਅਤੇ ਪੰਜਾਬ ਦੀਆਂ ਸਾਰੀਆ ਸਿੰਘ ਸਭਾਵਾਂ ਨੂੰ ਸੁਨੇਹੇ ਘੱਲੇ। ਲਾਹੌਰ ਵਿੱਚ ਸਭਾਵਾਂ ਹੋਈਆਂ ਸਨ। ਅੰਮ੍ਰਿਤਸਰ ਵਿੱਚ ਅਤੇ ਦਿੱਲੀ ਵਿੱਚ ਵੀ ਦੀਵਾਨ ਹੋਏ। ਕੈਨੇਡਾ ਦੀ ਸਰਕਾਰ ਤੇ ਭਾਰਤੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਹੋਰ ਅਨੇਕਾਂ ਇੱਕਤਰਤਾਵਾਂ ਕਰਨ ਦੀ ਯੋਜਨਾ ਉਲੀਕੀ ਗਈ। ਲਾਹੌਰ ਵਿੱਚ ਕੀਤੀ ਗਈ ਸਭਾ ਵਿੱਚ ਇੱਕ ਬੁਲਾਰੇ ਨੇ ਆਖਿਆ। ''ਕੈਨੇਡਾ ਨੂੰ ਸਮਝਾ ਦੇਵੋ ਕਿ ਉਸਦੀ ਟੱਕਰ ਸਿਰਫ ਦੋ ਤਿੰਨ ਸੌ ਲੋਕਾਂ ਨਾਲ ਨਹੀਂ ਸਗੋਂ ਹਿੰਦੁਸਤਾਨ ਦੇ 33 ਕਰੋੜ ਲੋਕਾਂ ਨਾਲ ਹੈ। ਚੀਨੀਆਂ ਤੇ ਜਾਪਾਨੀਆਂ ਨੂੰ ਕੈਨੇਡਾ ਵਿੱਚ ਜਾਣਦੀ ਕਿੰਉਂ ਆਗਿਆ ਦਿੱਤੀ ਜਾਂਦੀ ਹੈ? ਕਾਮਾਗਾਟਾ ਮਾਰੂ ਦੇ ਲੋਕ ਮੌਤ ਦੇ ਕੰਢੇ ਤੇ ਨੇਂ ਹਿੰਦੁਸਤਾਨੀ ਸਰਕਾਰ ਨੇ ਇਸ ਹਾਲਤ ਦੇ ਸੁਧਾਰਨ ਲਈ ਕਿੰਉਂ ਕੋਈ ਕਦਮ ਨਹੀਂ ਚੁੱਕਿਆ ?

ਭਾਵੇਂ ਐਂਗਲੋ-ਇੰਡੀਅਨ ਅਖਬਾਰਾਂ ਨੇ ਕੈਨੇਡਾ ਦਾ ਪੱਖ ਪੂਰਿਆ ਸੀ ਪਰ ਹਿੰਦੁਸਤਾਨੀ ਸਰਕਾਰ ਉੱਤੇ ਭੈ ਛਾ ਗਿਆ ਸੀ। ਅਤੇ ਵਾਇਸਰਾਏ ਨੂੰ ਖਤਰਾ ਸੀ ਕਿ ਜੇਕਰ ਕੈਨੇਡਾ ਦੀ ਪੁਲਿਸ ਦੇ ਜ਼ੁਲਮ ਦੀਆਂ ਕਹਾਣੀਆਂ ਪੁੱਜਦੀਆਂ ਰਹੀਆਂ ਤਾਂ ਪੰਜਾਬ ਵਿੱਚ ਅਵੱਸ਼ ਤਰਥੱਲੀ ਮੱਚ ਜਾਵੇਗੀ। ਬਰਤਾਨੀਆਂ ਦੀਆਂ ਬਸਤੀਆਂ ਦੇ ਸਕੱਤਰ ਨੇ ਵਾਇਸਰਾਏ ਦੀ ਇਸ ਚਿੰਤਾ ਨੂੰ ਕੈਨੇਡਾ ਦੀ ਸਰਕਾਰ ਤੱਕ ਅਪੜਾ ਦਿੱਤਾ ਸੀ। ਅਤੇ ਸੁਪਰੰਟੈਡੈਂਟ ਸਕਾਟ ਨੇ ਇਹੋ ਵੀਚਾਰ ਹੀ ਗੀਡ ਤੀਕਰ ਪਹੁੰਚਾਦਿਆ ਕਿਹਾ ਸੀ। ''ਕੈਨੇਡੀਅਨ ਸਰਕਾਰੀ ਅਦਾਰੇ ਚਾਹੁੰਦੇ ਹਨ ਕਿ ਸ਼ਕਤੀ ਦਾ ਪ੍ਰਯੋਗ ਉਦੋਂ ਤੱਕ ਨ ਕੀਤਾ ਜਾਵੇ ਜਦੋਂ ਤੀਕਰ ਹਿੰਦੂਆਂ ਦੇ ਗੈਰਕਾਨੂੰਨੀ ਦਾਖਲੇ ਨੂੰ ਰੋਕਣ ਲਈ ਬਿਲਕੁਲ ਜ਼ਰੂਰੀ ਨ ਹੋ ਜਾਵੇ।'' ਗ੍ਰੀਡ ਨੂੰ ਵਿਸ਼ਵਾਸ਼ ਸੀ ਕਿ ਉਸਨੇ ਤੇ ਉਸਦੇ ਅਫਸਰਾਂ ਨੇ ਹੁਣ ਤੱਕ ਬੜੀ ਸ਼ਹਿਣਸ਼ੀਲਤਾ ਤੋਂ ਕੰਮ ਲਿਆ ਸੀ। ਅਤੇ ਭਾਵੇਂ ਉਸਨੇ ਵਾਇਦਾ ਕੀਤਾ ਕਿ ਅਤੀ ਸੁਘੜਤਾ ਅਤੇ ਡਿਪਲੋਮੇਸੀ ਤੋਂ ਕੰਮ ਲਿਆ ਜਾਵੇਗਾ, ਉਸਨੇ ਫੇਰ ਤੰਬੀਹ ਕਰਦਿਆਂ ਆਖਿਆ ਜੇਕਰ ਮੁਸਾਫਰਾਂ ਨੂੰ ਉਤਰਨ ਦਿੱਤਾ ਗਿਆਂ ਤਾਂ ਫਸਾਦ ਭੜਕ ਉੱਠਣਗੇ। ਅਤੇ ਜੇਕਰ ਅਜਿਹਾ ਹੋਇਆ ਉਹ ਕਿਸੇ ਤਰ੍ਹਾਂ ਵੀ ਇਸਦਾ ਜਿੰਮੇਵਾਰ ਨਹੀਂ ਹੋਵੇਗਾ।

ਜੂਨ 29 ਅਤੇ 30, ਸੋਮਵਾਰ ਤੋਂ ਮੰਗਲਵਾਰ ਨੂੰ ਮੁਨਸ਼ੀ ਸਿੰਘ ਦੇ ਮਾਮਲੇ ਉੱਤੇ ਵਿਕਟੋਰੀਆ ਦੀ ਅਪੀਲ ਦੀ ਕਚਹਿਰੀ ਵਿੱਚ ਬਹਿਸ ਹੋਈ। ਮੁਨਸ਼ੀ ਸਿੰਘ ਵਲੋਂ ਜੇ. ਐਡਵਰਡ ਬਰਡ ਅਤੇ ਰਾਬਰਟ ਕੈਸਿੱਡੀ ਜੋ 60 ਸਾਲਾਂ ਦਾ ਇੱਕ ਸਥਾਨਕ ਵਕੀਲ ਸੀ ਅਤੇ ਸਤਿਕਾਰਿਆ ਜਾਂਦਾ ਸੀ, ਪੇਸ਼ ਹੋਏ। ਡਬਲਯੂ. ਬੀ. ਏ. ਰਿੱਚੀ ਅਤੇ ਡਬਲਯੂ. ਐਚ. ਡੀ. ਲੈਡਰਨਰ ਨੇ ਇਮੀਗਰੇਸ਼ਨ ਦੀ ਪ੍ਰਤੀਨਿੱਧਤਾ ਕੀਤੀ। ਦੋਹਾਂ ਧਿਰਾਂ ਨੂੰ ਤੇਜ਼ੀ ਨਾਲ ਤਿਆਰੀ ਕਰਨੀ ਪਈ ਸੀ। ਅਤੇ ਜਿੱਥੇ ਤੀਕਰ ਹਿੰਦੁਸਤਾਨੀ ਧਿਰ ਦਾ ਸੰਬੰਧ ਸੀ ਇਸ ਗਲ ਦਾ ਸਾਫ ਪਤਾ ਲੱਗਦਾ ਸੀ। ਕੈਸਿਡੀ ਨੇ, ਜਿਸਨੂੰ ਆਪਣੇ ਮੁੱਅਕਲਾਂ ਦੀ ਕਿਸਮਤ ਨਾਲੋਂ ਆਪਣੀ ਇੱਜ਼ਤ ਦੀ ਵਧੇਰੇ ਚਿੰਤਾ ਸੀ, ਆਖਿਆ ''ਮੈਨੂੰ ਇਸ ਮਕੁੱਦਮੇ ਵਾਸਤੇ ਅਭਿਆਸ ਕਰਨ ਲਈ ਕੋਈ ਵਕਤ ਨਹੀਂ ਮਿਲਿਆ।'' ਸਥਾਨਕ ਹਿੰਦੁਸਤਾਨੀਆਂ ਨੇ ਟੀ. ਆਰ. ਈ. ਮਕਿੰਨਿਸ ਨੂੰ ਕਰਨ ਦਾ ਯਤਨ ਕੀਤਾ ਸੀ ਉਹ ਇੱਕ ਅਜਿਹਾ ਵਕੀਲ ਸੀ ਜਿਹੜਾ ਕਿ ਚੋਰ ਸਮੇਂ ਤੋਂ

ਹਿੰਦੁਸਤਾਨੀਆਂ ਦੀਆਂ ਸਮੱਸਆਿਵਾਂ ਵਿਚ ਦਿਲਚਸਪੀ ਲੈਂਦਾ ਆਇਆ ਸੀ। ਪਰ ਉਹ ਕਾਮਯਾਬ ਨਹੀਂ ਸਨ ਹੋਏ। ਇਸ ਉਪਰੰਤ ਉਹਨਾਂ ਨੇ ਮੈਕਰਾਸਨ ਐਂਡ ਹਾਰਪਰ ਨਾਮਕ ਫਰਮ ਦੇ ਵਕੀਲਾਂ ਜਿਨ੍ਹਾਂ ਨੇ ਵੇਰ ਹਿੰਦੁਸਤਾਨੀਆਂ ਦੇ ਸਣੇ ਰਹੀਮ ਦੇ ਮੁੱਕਦਮੇ ਲੜੇ ਸਨ, ਦੀਆਂ ਸੇਵਾਵਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਦੋਹਾਂ ਨੇ ਹੀ ਨਾਂਹ ਕਰ ਦਿੱਤੀ ਸੀ। ਹਾਰਪਰ ਫਰਮ ਦਾ ਦ੍ਰਿਸ਼ਟੀ ਕੋਣ ਸੀ ਕਿ ਸਾਰਾ ਮਾਮਲਾ ਹੀ ਕਾਨੂੰਨੀ ਕਾਰਵਾਈਆਂ ਦੇ ਖੇਤਰ ਤੋਂ ਬਾਹਰ ਚਲਿਆ ਗਿਆ ਸੀ ਤੇ ਕਾਨੂੰਨ ਨਾਲੋਂ ਜ਼ਿਆਦਾ ਕੌਮੀ ਨੀਤੀ ਅਤੇ ਰਾਜਨੀਤੀ ਦਾ ਸਵਾਲ ਬਣ ਕੇ ਉੱਭਰ ਆਇਆ ਹੈ।

ਕੈਸਿੱਡੀ, ਤੀਜੀ ਚੌਣ ਵਜੋਂ ਮੁੱਕਦਮੇ ਵਿੱਚ ਅੰਤਮ ਛਿਣ ਤੇ ਲਿਆਂਦਾ ਗਿਆ ਸੀ। ਉਸ ਨੇ ਬਿਨਾ ਕਿਸੇ ਤਿਆਰੀ ਦੇ ਬਹਿਸ ਕੀਤੀ। ਉਸਨੇ ਇਮੀਗਰੇਸ਼ਨ ਐਕਟ ਨੂੰ ਇਕਲ ਵਾਂਜੇ ਰੱਖ ਦਿੱਤਾ ਸੀ ਅਤੇ ਆਪਣੀ ਸਾਰੀ ਬਹਿਸ ਆਰਡਰਜ਼-ਇਨ-ਕਾਉਂਸਲ ਪੀ. ਸੀ. 23, ਪੀ. ਸੀ. 24 ਅਤੇ ਪੀ. ਸੀ. 897 ਤੇ ਕੇਂਦਰਤ ਕੀਤੀ।

ਐਕਟ ਦੀ 37 ਵੀਂ ਧਾਰਾ ਦਾ ਉਲੇਖ ਹੇਠ ਲਿਖੇ ਅਨੁਸਾਰ ਸੀ ਇਸ ਐਕਟ ਅਧੀਨ ਗਵਰਨਰੀ ਕੌਂਸਲ ਵੱਲੋਂ ਘੜੇ ਗਏ ਨਿਯਮ ਕੈਨੇਡਾ ਵਿੱਚ ਪਰਵੇਸ਼ ਕਰਨ ਦੀ ਆਗਿਆ ਪ੍ਰਾਪਤੀ ਲਈ ਇੱਕ ਸ਼ਰਤ ਲਾਗੂ ਕਰ ਸਕਦੇ ਹਨ। ਪਰਿਵਾਸੀਆਂ ਅਤੇ ਯਾਤਰੂਆਂ ਦੀ ਮਲਕੀਅਤ ਵਿੱਚ ਇਕ ਘੱਟੋ ਘੱਟ ਨਿਸ਼ਚਿਤ ਕੀਤੀ ਹੋਈ ਰਕਮ ਹੋਵੇ, ਜਿਹੜੀ ਨਸਲ, ਪੇਸ਼ੇ ਤੇ ਪੁੱਜਣ -ਸਥਾਨ ਦੇ ਅਨੁਸਾਰ ਅਦਲ ਬਦਲ ਹੋ ਸਕਦੀ ਹੈ।

P.c. 24 ਏਸ਼ਿਆਈ ਇਮੀਗਰਾਟਾਂ ਲਈ ਘੱਟੋ ਘੱਟ 200 ਡਾਲਰ ਦੀ ਰਕਮ ਨਿਸਚਿਤ ਕਰਦੀ ਸੀ ਪ੍ਰੰਤੂ ਗੈਰ ਏਸ਼ੀਅਈਆਂ ਤੇ ਯਾਤਰੂਆਂ ਲਈ ਕਿਸੇ ਘੱਟੋ ਘੱਟ ਰਕਮ ਦਾ ਉਲੇਖ ਨਹੀਂ ਸੀ। ਕੈਸਿਡੀ ਨੇ ਇਸ ਖਾਮੀ ਦਾ ਕੁਝ ਲਾਭ ਉਠਾਉਣ ਦਾ ਯਤਨ ਕੀਤਾ ਤੇ ਆਖਿਆ "ਹਰ ਕਿਸਮ ਦੇ ਪਰਿਵਾਸੀ ਤੇ ਯਾਤਰੂ ਲਈ ਕੋਈ ਨ ਕੋਈ ਰਕਮ ਜ਼ਰੂਰ ਹੀ ਮੁਕਰਰ ਕਰਨੀ ਹੋਵੇਗੀ।" ਇਹ ਇੱਕ ਨਿਰਬਲ ਜਿਹਾ ਨੁਕਤਾ ਸੀ।

ਪੀ. ਸੀ. 23 ਵੱਲ ਮੁੜਦਿਆਂ, ਨਿਰੰਤਰ ਸਫਰ ਸਬੰਧੀ ਹੁਕਮਾਂ ਬਾਬਤ ਦਲੀਲ ਦਿੰਦੇ ਹੋਇਆ, ਉਹ ਸਾਰੇ ਇਮੀਗਰਾਂਟ" ਸ਼ਬਦਾਂ ਤੇ ਝਪਟ ਕੇ ਪਿਆ " ਇਹ ਇੱਕ ਆਮ ਮਨਾਹੀ ਸੀ।" ਉਸਨੇ ਤਰਕ ਦਿੱਤਾ।" ਅਤੇ ਇਹ "ਕੋਈ ਇਮੀਗਰਾਂਟ" ਤੋਂ ਵਖਰਾ ਸ਼ਬਦ ਸੀ। ਐਕਟ! ਵਿੱਚ ਇਹ ਤਰੁੱਟੀ ਸੀ। ਉਸਨੇ ਜੱਜਾਂ ਨੂੰ ਦੱਸਣ ਦਾ ਯਤਨ ਕੀਤਾ ਕਿ ਇਹ ਐਕਟ ਵਿਆਕਤੀਗਤ ਮਾਮਲਿਆਂ ਵਿੱਚ ਹੀ ਢੁੱਕ ਸਕਦਾ ਸੀ। ਅਤੇ ਇੱਕ ਅਜੇਹਾ ਹੁਕਮ, ਜਿਹੜਾ ਕਿ ਸਾਰੇ ਇਮੀਗਰਾਂਟਾ ਦੇ ਦਾਖਲੇ ਦੀ ਮਨਾਹੀ ਕਰਦਾ ਸੀ। ਜਿਹੜੇ ਨਿਰੰਤਰ ਰਸਤੇ ਰਾਹੀ ਨ ਆਏ ਹੋਣ, ਅਯੋਗ ਸੀ, ਪ੍ਰੰਤੂ ਉਸਨੇ ਉਕਤ ਐਕਟ ਦੀ ਧਾਰਾ ਨੂੰ ਨੀਝ ਨਾਲ ਪੜ੍ਹਣ ਤੋਂ ਸਿਵਾਏ ਆਪਣੀ ਰਾਏ ਦੀ ਪੁਸ਼ਟੀ ਕਰਨ ਵਾਲੀ ਕੋਈ ਗੱਲ ਪੇਸ਼ ਨਾ ਕੀਤੀ। ਸ਼ਬਦ 'ਕੋਈ ਇਮੀਗਰਾਂਟ' ਅਤੇ ਕੋਈ ਮਨੁੱਖ' ਬਾਰ ਬਾਰ ਐਕਟ ਵਿੱਚ ਆਏ ਸਨ। ਪ੍ਰੰਤੂ ਕੈਸਿਡੀ ਨੇ ਇਹ ਸਿੱਧ ਕਰਨ ਦਾ ਕੋਈ ਯਤਨ ਨਾ ਕੀਤਾ ਕਿ ਉਹ ਸ਼ਬਦ ਨਿਰਤੰਰ ਉਸਦੀ ਪ੍ਰਗਟਾਈ ਗਈ ਰਾਏ ਦੇ ਸਮਰਥਣ ਵਿੱਚ ਹੀ ਵਰਤੇ ਗਏ ਸਨ।

ਜਦੋਂ ਉਹ ਪੀ. ਸੀ. 897 ਸਬੰਧੀ ਦਲੀਲਾਂ ਦੇਣ ਤੇ ਆਇਆ ਅਰਥਾਤ ਬਰਿਟਿਸ਼ ਕੋਲੰਬੀਆ ਦੀਆਂ ਬੰਦਰਗਾਹ ਤੇ ਮਜ਼ਦੂਰਾਂ ਦੇ ਉਤਾਰੇ ਸੰਬੰਧੀ ਮਨਾਹੀ ਦੇ ਹੁਕਮਾਂ ਬਾਬਤ ਬੋਲਣ ਲੱਗਾ ਤਾਂ ਉਸਨੇ ਕਿਹਾ ਕਿ ਮੁਨਸ਼ੀ ਸਿੰਘ ਨੇ ਸੁਗੰਧ ਚੁੱਕੀ ਹੈ ਕਿ ਉਹ ਕਿਸਾਨ ਸੀ ਅਤੇ ਉਸਦਾ ਮੰਤਵ ਖੇਤੀ ਕਰਨਾ ਸੀ। ਅਤੇ ਇਮੀਗਰੇਸ਼ਨ ਦੇ ਅਧਿਕਾਰੀਆਂ ਕੋਲ ਇਸਦੇ ਵਿਰੁੱਧ ਕੋਈ ਸਬੂਤ ਨਹੀਂ। ਇਸ ਗੱਲ ਨੂੰ ਸਿੱਧ ਕਰਨਾ ਕੋਈ ਸਧਾਰਨ ਗੱਲ ਨਹੀਂ ਸੀ ਕਿਉਂਕਿ ਇਸਦਾ ਮਤਲਬ ਇਨਕੁਆਇਰੀ ਬੋਰਡ ਵੱਲੋਂ ਲਈ ਗਈ ਸ਼ਹਾਦਤ ਦੀ ਮੁੜ ਸਰਵੇਖਣੀ ਕਰਨੀ ਸੀ। ਇਮੀਗਰੇਸ਼ਨ ਐਕਟ ਦੀ 23ਵੀਂ ਧਾਰਾ ਅਨੁਸਾਰ ਕਿਸੇ ਵੀ ਅਦਾਲਤ ਦੇ ਖੇਤਰ ਵਿੱਚ ਨਹੀਂ ਸੀ ਕਿ ਉਹ ਇਸ ਐਕਟ ਦੀ ਸੀਮਾ ਅੰਦਰ ਇਨਕੁਆਇਰੀ ਬੋਰਡ

ਵੱਲੋਂ ਜਾਰੀ ਕੀਤੇ ਗਏ ਹੁਕਮ ਨੂੰ ਮੁੜ ਸਰਵੇਖਣ ਕਰ ਸਕੇ, ਰੱਦ ਕਰ ਸਕੇ, ਉਲਟਾ ਸਕੇ, ਰੋਕ ਸਕੇ ਜਾਂ ਕਿਸੇ ਹੋਰ ਵਿਧੀ ਨਾਲ ਕਾਰਵਾਈ ਵਿੱਚ ਦਖਲ ਦੇ ਸਕੇ। ਜੇ ਕੋਈ ਕੁਝ ਪੁੱਛ ਸਕਦਾ ਸੀਉਸ ਸੀ ਕਿ ਬੋਰਡ ਆਪਣੀ ਸੀਮਾਂ ਤੋਂ ਬਾਹਰ ਤਾ ਨਹੀਂ ਗਿਆ ਸੀ? ਜਾਂ ਕੀ ਐਕਟ ਜਾਂ ਅਰਡਰਜ-ਇਨ-ਕੌਂਸਲ ਠੀਕ ਸਨ? ਬਸ ਇਹੀ ਸੀ ਜੋ ਕੁਝ ਕੀਤਾ ਜਾ ਸਕਦਾ ਸੀ ।

ਕੈਸਿਡੀ ਨੇ, ਇਸ ਮਾਮਲੇ ਨੂੰ ਪਿੱਛਲੇ ਦਰਵਾਜ਼ੇ ਰਾਹੀਂ ਲਿਆਉਣ ਦਾ ਯਤਨ ਕਰਦਿਆਂ ਹੋਇਆ ਆਖਿਆ ਕਿ ਕੋਈ ਐਕਟ ਬੋਰਡ ਨੂੰ ਅਜਿਹੀ ਸ਼ਕਤੀ ਪਰਦਾਨ ਨਹੀਂ ਕਰ ਸਕਦਾ ਕਿ ਉਹ ਤੱਥਾਂ ਤੋਂ ਝੂਠੇ ਸਿੱਟੇ ਕੱਢੇ। ਅਤੇ ਜੇਕਰ ਕਿਸੇ ਮਨੁੱਖ ਨੂੰ ਬਤੌਰ ਮਜ਼ਦੂਰ ਦੇ ਡਿਪੋਰਟ ਕਰਨ ਦੇ ਆਦੇਸ਼ ਦੇਣੇ ਹੋਣ ਤਦ ਬੋਰਡ ਕੋਲ ਉਸ ਦੇ ਮਜ਼ਦੂਰ ਹੋਣ, ਦਾ ਕੋਈ ਸਬੂਤ ਹੋਣਾ ਚਾਹੀਦਾ ਹੈ। "ਨਹੀਂ ਤਾਂ," ਕੈਸਿਡੀ ਨੇ ਆਖਿਆ "ਬੋਰਡ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ।" ਅਤੇ ਇਸਦਾ ਫੈਸਲਾ ਅਦਾਲਤ ਦੇ ਅਧਿਕਾਰਾਂ ਦੇ ਘੇਰੇ ਵਿਚ ਸੀ ਕਿਉਹ ਇਸਦਾ ਸਰਵੇਖਣ ਕਰੇ। ਮੁਨਸ਼ੀ ਸਿੰਘ ਨੂੰ ਇਸ ਲਈ ਡਿਪੋਰਟ ਕੀਤਾ ਜਾ ਰਿਹਾ ਹੈ ਕਿਉਂਕਿ ਬੋਰਡ ਨੇਂ ਆਖਿਆ ਕਿ ਉਹ ਉਸਤੇ ਯਕੀਨ ਨਹੀਂ ਸਨ ਕਰ ਸਕਦੇ।" ਕਿਉਂ? " ਉਹ ਹਰਇਕ ਨੂੰ ਹੀ ਡਿਪੋਰਟ ਕਰ ਸਕਦੇ ਹਨ। ਉਹਨਾਂ ਲਈ ਸਿਰਫ ਇਤਨਾਂ ਹੀ ਕਾਫੀ ਹੈ ਕਿ ਉਹ ਤੁਹਾਨੂੰ ਫੜ ਲੈਣ, ਅਤੇ ਤੁਸੀ ਆਪਣੇ ਸਬੰਧੀ ਸਭ ਕੁਝ ਦੱਸ ਵੀ ਦੇਵੋ, ਅਤੇ ਤੁਸੀ ਸੁਗੰਧਾਂ ਵੀ ਚੁੱਕੋ ਕਿ ਤੁਸੀ ਮਜਦੂਰ ਨਹੀਂ ਹੋ, ਅਤੇ ਉਹਨਾਂ ਨੂੰ ਤੁਰੰਤ ਪਤਾ ਲਗਦਾ ਹੈ ਕਿ ਤੁਸੀਂ ਮਜਦੂਰ ਹੋ ਅਤੇ ਉਹ ਤੁਹਾਨੂੰ ਡਿਪੋਰਟ ਕਰ ਦਿੰਦੇ ਹਨ।" ਇਸ ਦਲੀਲ ਨਾਲ ਜੱਜ ਪ੍ਰਭਾਵਿਤ ਨਹੀਂ ਸੀ ਹੋਏ, ਭਾਵੇ ਉਹ ਇਸਨੂੰ ਇਕ ਘੰਟਾ ਸੁਣਦੇ ਰਹੇ ਸਨ। ਮਿਸਟਰ ਜਸਟਿਸ ਗੈਲੀਹਰ ਨੇ ਆਖ਼ਿਆ। "ਇਸ ਗੱਲ ਦੀ ਜਿੰਮੇਵਾਰੀ ਮੁਨਸ਼ੀ ਸਿੰਘ ਤੇ ਆਉਂਦੀ ਹੈ ਕਿ ਉਹ ਸਿੱਧ ਕਰੇ ਕਿ ਉਹ ਮਜ਼ਦੂਰ 'ਨਹੀਂ ।" ਉਸਨੇ ਆਪਣੀ ਕਹਾਣੀ ਦੀ ਪ੍ਰੜੋਤਾ ਵਿੱਚ ਨ ਕੋਈ ਦਸਤਾਵੇਜ਼ ਪੇਸ਼ ਕੀਤਾ ਹੈ , ਨ ਕੋਈ ਗਵਾਹ ਪੇਸ਼ ਕੀਤਾ ਹੈ। ਉਹ ਬੋਰਡ ਦੀ ਤਸੱਲੀ ਨਹੀਂ ਕਰਵਾ ਸਕਿਆ। ਕੀ ਅਸੀਂ ਆਖ ਸਕਦੇ ਹਾਂ ਕਿ ਬੋਰਡ ਨੇ ਆਪਣੇ ਅਧਿਕਾਰ-ਖੇਤਰ ਤੋਂ ਲਾਂਭੇ ਜਾ ਕੇ ਇਹ ਕੰਮ ਕੀਤਾ ਹੈ ?"

ਬਾਅਦ ਦੁਪਹਿਰ, ਬਰਡ ਦੀ ਵਾਰੀ ਸੀ ਅਤੇ ਉਸਨੇ ਇਮੀਗਰੇਸ਼ਨ ਐਕਟ ਉਤੇ ਹੀ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਉਸ ਦੀ ਦਲੀਲ ਦੀ ਮੁੱਖ ਸੇਧ ਸੀ, "ਕੈਨੇਡਾ ਨੂੰ ਕੋਈ ਹੱਕ ਨਹੀ ਕਿ ਉਹ ਬਰਤਾਨਵੀਂ ਪਰਜਾ ਨਾਲ ਵੱਖਰਵਾਦੀ ਸਲੂਕ ਕਰੇ। ਕਿਉਂਕਿ ਬਰਤਾਨੀਆਂ -ਉੱਤਰੀ ਅਮਰੀਕਾ ਐਕਟ ਉਸਨੂੰ ਕੋਈ ਅਜਿਹੀ ਸ਼ਕਤੀ ਪ੍ਰਦਾਨ ਨਹੀਂ ਸੀ ਕਰਦਾ। ਕੈਨੇਡਾ ਬਦੇਸ਼ੀਆ ਦੇ ਵਿਸ਼ੇ ਸੰਬੰਧੀ ਕੋਈ ਕਾਨੂੰਨ ਘੜ ਸਕਦਾ ਹੈ। ਪ੍ਰੰਤੂ ਅਜਿਹਾ ਨ ਹੀ ਕੇਸ ਚਲਾਇਆ ਗਿਆ ਹੈ ਨਾ ਹੀ ਉਸਦਾ ਨਿਰਨਾ ਹੋਇਆ ਹੈ ਜਿਸਦਾ ਸਬੰਧ ਬਰਤਾਨਵੀਂ ਪਰਜਾ ਦੇ ਦਾਖਲੇ ਦੇ ਅਧਿਕਾਰ ਸੰਬੰਧੀ ਹੋਵੇ ।"

"ਕੀ ਅਸੀਂ ਕਾਤਲਾਂ ਨੂੰ ਦਾਖਲ ਹੋਣ ਤੋਂ ਨਹੀਂ ਰੋਕ ਸਕਦੇ?" ਉਸ ਤੋਂ ਪੁੱਛਿਆ ਗਿਆ, ਉਸਨੇ ਇਸ ਦਾ ਉੱਤਰ "ਹਾਂ" ਵਿੱਚ ਦਿੱਤਾ ਅਤੇ। ਕਿਹਾ ਕਿ "ਕੈਨੇਡਾ ਅਜਿਹਾ ਕਰ ਸਕਦਾ ਹੈ ਉਹ ਆਪਣੇ ਇੰਮੀਗਰਾਟਾਂ ਵਿੱਚੋਂ ਚੋਣ ਕਰ ਸਕਦਾ ਹੈ।" ਮਿਸਟਰ ਜਸਟਿਸ ਮਾਰਟਿਨ ਨੇ ਐਕਟ ਦੀ ਸੈਕਸਨ 3 ਦਾ ਜਿਕਰ ਕਰਦਿਆਂ ਆਖਿਆ , "ਇਸ ਦੁਆਰਾ ਪਾਗਲਾਂ ਰੋਗੀਆਂ ਲੰਗੇ ਲੁਲਿਆਂ ਮੁਜਰਮਾਂ ਤੇ ਅਵਾਰਾ ਗਰਦਾਂ ਦੇ ਪ੍ਰਵੇਸ਼ ਦੀ ਮਨਾਹੀ ਹੈ। ਕੈਨੇਡਾ ਇਹਨਾਂ ਲੋਕਾਂ ਦੇ ਦਾਖਲੇ ਤੇ ਇਨਕਾਰ ਕਰ ਸਕਦਾ ਹੈ।" ਭਾਵੇਂ ਇਹ ਬਰਤਾਨਵੀਂ ਨਾਗਰਿਕ ਹੀ ਕਿਉਂ ਨਾ ਹੋਣ। ਜੇਕਰ ਬਰਤਾਨਵੀਂ ਪਰਜਾ ਦੀ ਇਕ ਸ਼੍ਰੇਣੀ ਨੂੰ ਰੋਕਿਆ ਜਾ ਸਕਦਾ ਸੀ ਤਾਂ ਦੂਜੀ ਨੂੰ ਕਿਉਂ ਨਹੀਂ? ਹੁਣ ਤੱਕ ਬਰਡ ਡਿੱਕ ਡੋਲੇ ਖਾਣ ਲੱਗ ਪਿਆ ਸੀ। ਗਰਮੀ ਰੁੱਤ ਦੇ ਆਰੰਭ ਵਿੱਚ ਉਸਨੂੰ ਬਹੁਤ ਵਿਸ਼ਵਾਸ ਸੀ ਕਿ ਅਦਾਲਤ ਵਿੱਚ ਉਸ ਲਈ ਜਿੱਤ ਦੇ ਅਵਸਰ ਮੌਜੂਦ ਸਨ। ਹੁਣ ਉਹ ਅਸਪਸਟਤਾ ਅਤੇ ਭੰਬਲ ਭੂਸਿਆ ਵਿੱਚ ਮੁੱਕਦਮੇ ਦਾ ਅਸਲ ਤੱਤ ਹੀ ਤਿਆਗ ਬੈਠਾ ਸੀ। ਜੱਜਾਂ ਨੇ ਉਸਨੂੰ ਯਕੀਨ ਦਵਾਇਆ ਕਿ ਉਹ ਉਸਨੂੰ ਹਰ ਮੌਕਾ ਪ੍ਰਦਾਨ ਕਰਨ ਲਈ ਤਿਆਰ ਸਨ। ਤਾਂ ਜੋ ਉਹ ਆਪਣੇ ਕੇਸ ਨੂੰ ਸਿੱਧ ਕਰ ਸਕੇ। ਉਸਨੇ ਰੋਸ ਪ੍ਰਗਟ ਕੀਤਾ ਤੇ ਕਿਹਾ ਕਿ ਇਸ

ਮਾਮਲੇ ਨੂੰ ਤੇਜ਼ੀ ਨਾਲ ਮੁਕਾਇਆ ਜਾ ਰਿਹਾ ਹੈ। ਅਤੇ ਉਸਨੇ ਵੱਡੇ ਵਕੀਲ ਤੋਂ ਮਸਵਰਾ ਲੈਣ ਦੀ ਆਗਿਆ ਮੰਗੀ। ਜੋ ਕਿ ਇੱਕ ਫੋਕੀ ਬੇਨਤੀ ਸੀ ਕਿਉਂਕਿ ਕੋਸਿੱਡੀ ਨੇ ਪਹਿਲਾਂ ਹੀ ਇਸ ਵਿਸ਼ੇ ਸਬੰਧੀ ਘਟ ਗਿਆਨ ਕਹਿਕੇ ਜਿੰਮੇਵਾਰੀ ਤੋਂ ਮੁਕਤ ਹੋ ਗਿਆ ਸੀ। ਬਰਡ ਨੇ ਅੱਗੇ ਦਲੀਲ ਦਿੰਦਿਆਂ ਆਖਿਆ ਕਿ ਕਿਸੇ ਮਨੁੱਖ ਨੂੰ ਕੈਨੇਡਾ ਵਿੱਚ ਇਸ ਬਿੰਨਾ ਤੇ ਡੰਡ ਦੇਣ ਨੂੰ ਕਿ ਉਸਦਾ ਸਬੰਧ ਬਰਤਾਨਵੀ ਨਸਲ ਨਾਲ ਸੀ, ਦੇ ਮਸਲੇ ਨੂੰ ਗੈਰ ਕਾਨੂੰਨੀ ਕਰਾਰ ਦੇਣਾ ਚਾਹੀਦਾ ਹੈ।'' ਇਹ ਇੱਕ ਫਜ਼ੂਲ ਬਿਆਨ ਸੀ ਕਿਉਂਕਿ ਐਕਟ ਵਿੱਚ ਕਿਤੇ ਵੀ ਬਰਤਾਨਵੀਂ ਪਰਜਾ ਨੂੰ ਇੱਕ ਅਲਹਿਦਾ ਵਿਸ਼ੇਸ਼ਤਾ ਪਰਦਾਨ ਨਹੀਂ ਸੀ ਕੀਤੀ ਗਈ। ਉਹ ਮੂੰਹ ਜ਼ਬਾਨੀ ਹੀ ਬਿਨਾ ਕਿਸੇ ਅਧਾਰ ਤੋਂ ਬੋਲੀ ਜਾ ਰਿਹਾ ਸੀ। ਜੱਜਾਂ ਨੇ ਉਸਤੋਂ ਹੋਰ ਸਵਾਲ ਪੁੱਛਣੇ ਯੋਗ ਨਾ ਸਮਝੇ।

ਅਗਲੇ ਦਿਨ ਅਦਾਲਤ ਦੇ ਕਮਰੇ ਵਿੱਚ ਗਰਮੀਓ ਗਰਮੀ ਅਤੇ ਭਖਿਆ ਹੋਇਆ ਸਿੱਧਾ ਹੀ ਦਲੀਲਾਂ ਢੂੰਡਣ ਲੱਗ ਪਿਆ। ਇੱਕ ਸਮੇਂ ਉਸਨੇ ਕਿਹਾ ਕਿ ਮੈਂ ਦਲੀਲਾਂ ਨੂੰ ਸਾਰੇ ਪੱਖਾਂ ਤੋਂ ਸਾਰੀਆਂ ਸੀਮਤਾਂ ਤੋਂ ਢੂੰਡਿਆ ਹੈ। ਉਸ ਨੇ ਵੱਡਾ ਤਹੱਲਕਾ ਉਦੋਂ ਮਚਾਇਆ ਜਦੋਂ ਉਸਨੇ ਇਕ ਇਸ ਗੱਲ ਨੂੰ ਸਿੱਧ ਕਰਨ ਲਈ ਖੋਲ ਲਿਆ ਕਿ ਏਸ਼ਿਆਈ ਨਸਲ ਸ਼ਬਦ ਅਸ਼ੁਧਤਾ ਦਾ ਲਖਾਇਕ ਸੀ ਅਤੇ ਗਵਰਨਰੀ ਕੌਂਸਲ ਦਾ ਜਿਹੜਾ ਹੁਕਮ ਏਸ਼ਿਆਈ ਨਸਲ ਨਾਲ ਸਬੰਧ ਰੱਖਦਾ ਸੀ ਤ੍ਰੁਰੱਟੀਆਂ ਭਰਿਆ ਸੀ। ਉਸਨੇ ਇਹ ਪ੍ਰਗਟਾਉਣ ਦਾ ਯਤਨ ਕੀਤਾ ਕਿ ਇੰਮੀਗਰੇਸ਼ਨ ਦਾ ਐਕਟ ਮੇਗਾਨਾ ਕਾਰਟਾ ਦੀਆਂ ਭਾਵਨਾਵਾਂ ਦੇ ਪ੍ਰਤਿਕੂਲ ਸੀ ਕਿਉਂਕਿ ਇਸ ਅਨੁਸਾਰ ਪੀਅਰਜ਼ ਨਿਰਨੇ ਤੋਂ ਬਿੰਨਾ ਹੀ ਨਜ਼ਰਬੰਦੀ ਅਤੇ ਡਿਪੋਰਟ ਕੀਤਾ ਜਾ ਸਕਦਾ ਸੀ। ਉਸਨੇ ਕਿਹਾ ਮੁਨਸ਼ੀ ਸਿੰਘ ਬਰਤਾਨਵੀਂ ਪਰਜਾ ਦਾ ਰੁਕਨ ਸੀ। ਉਹ ਸਿੱਧਾ ਹਾਂਗਕਾਂਗ ਤੋਂ ਆਇਆ ਸੀ। ਜਿਹੜਾ ਕਿ ਬਰਤਾਨਵੀ ਨੌਆਬਾਦੀ ਸੀ। ਉਸਨੇ ਨਿਰੰਤਰ ਯਾਤਰਾ ਵਾਲੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹਨ ਉਸਨੇ ਇਸ ਗੱਲ ਦਾ ਦਾਹਵਾ ਕੀਤਾ ਕਿ ਸ਼ਹਿਰੀ ਅਧਿਕਾਰ ਸੂਬੇ ਦੇ ਅਧਿਕਾਰ ਦੇ ਖੇਤਰ ਵਿੱਚ ਆਉਂਦੇ ਸਨ। ਅਤੇ ਕੇਂਦਰੀ ਸਰਕਾਰ ਦੇ ਡਿਪੋਰਟੇਸ਼ਨ ਆਰਡਰ ''ਅਲਟਰਾ ਵਾਇਰਸ'' ਸਨ। ਹਰ ਪੜਾਅ ਤੇ ਉਸਦੇ ਜੱਜਾਂ ਵਲੋਂ ਸਵਾਲਾਂ ਦੀ ਬੁਛਾੜ ਕੀਤੀ ਗਈ। ਉਹ ਸਵਾਲ ਅਜਿਹੇ ਸਨ। ਜਿਹੜੇ ਉਸਦੀਆਂ ਦਲੀਲਾਂ ਦੀ ਕਾਟ ਕਰਦੇ ਸਨ। ਦੋ ਵਾਰ ਉਸਨੂੰ ਚਿਤਾਵਨੀ ਦਿੱਤੀ ਗਈ ਕਿ ਉਹ ਉਸ ਵਿਸ਼ੇ ਤੋਂ ਪਾਸੇ ਰਹੇ ਜਿਸਤੇ ਕੋਸਿਡੀ ਦਲੀਲਾਂ ਪੇਸ਼ ਕਰ ਚੁੱਕਾ ਸੀ। ਅਤੇ ਵਿੱਚ ਜਿਵੇਂ ਮੁੱਕਦਮੇ ਦਾ ਸੱਭ ਤੋਂ ਕਮਜੋਰ ਪੱਖ ਅਜੇ ਰਹਿੰਦਾ ਹੀ ਹੋਵੇ ਉਸਨੇ ਮਿਸਟਰ ਜਸਟਿਸ ਮੈਕੱਡਾਨਲਡ ਦੇ ਅਟੱਲ ਨਿਯਮ ਉਤੇ ਕਿ ਅਦਾਲਤਾਂ ਦੇ ਅਧਿਕਾਰ ਦਾ ਖੇਤਰ ਕਾਨੂੰਨ ਨੂੰ ਐਲਾਨਣ ਵਿੱਚ ਹੈ ਨ ਕਿ ਘੜਣ ਵਿੱਚ, ਕਠੋਰ ਕਿੰਤੂ ਕੀਤਾ ਸੀ।

ਸਰਕਾਰ ਵੱਲੋਂ ਰਿਚੀ ਪੇਸ਼ ਹੋਇਆ ਸੀ। ਉਹ ਲੰਮੇ ਕੱਦ ਵਾਲਾ ਪਤਲਾ ਵਡੇਰੀ ਉਮਰ ਦਾ ਵਕੀਲ ਸੀ। ਉਹ ਆਪਣੀਆਂ ਦਲੀਲਾਂ ਦੀ ਕਿਲਾਬੰਦੀ ਰਾਹੀਂ ਬਿਨਾ ਕਿਸੇ ਰੋਕ ਟੋਕ ਤੋਂ ਅੱਗੇ ਲੰਘ ਗਿਆ ਸੀ। ਉਸਦੇ ਪੇਸ਼ ਕੀਤੇ ਗਏ ਨੁਕਤਿਆਂ ਦੀ ਪ੍ਰੋੜਤਾ ਵਿੱਚ ਕਾਨੂੰਨ ਦੀ ਪੁਸ਼ਟੀ ਕਰਨ ਵਾਲੀਆਂ ਉਦਾਹਰਣਾ ਮੌਜੂਦ ਸਨ। ਜਦੋਂ ਉਸਨੇ ਆਪਣੀਆਂ ਦਲੀਲਾਂ ਮੁਕਾਈਆਂ। ਮੇਜ਼ ਉੱਤੇ ਕਾਨੂੰਨੀ ਲਾਇਬਰੇਰੀ ਦੀਆਂ 71 ਜਿਲਦਾਂ ਖੁਲ੍ਹੀਆਂ ਪਈਆਂ ਸਨ। ਜਾਂ ਤਾਂ ਉਸਨੇ ਜ਼ਿਆਦਾ ਤਿਆਰੀ ਕੀਤੀ ਹੋਈ ਸੀ ਜਾਂ ਉਸਦਾ ਮੁਕੱਦਮਾ ਵਧੇਰੇ ਆਸਾਨ ਸੀ। ਉਸਨੇ ਸਿੱਧਿਆਂ ਹੀ ਐਕਟ ਦੀ ਰੱਖਿਆ ਕਰਨੀ ਆਰੰਭੀ ''ਬਰਤਾਨਵੀਂ -ਉੱਤਰੀ ਅਮਰੀਕਾ ਦੀ 93 ਵੀ ਧਾਰਾ ਕੈਨੇਡਾ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਕਿ ਇੰਮੀਗਰਾਟਾਂ ਦੇ ਪਰਿਵਾਸ ਨੂੰ ਨਿਯਮਬੱਧ ਕੀਤਾ ਜਾ ਸਕੇ। ਇੰਮੀਗਰੇਸ਼ਨ ਸ਼ਬਦ ਤੋਂ ਭਾਵ ਹੈ ਸਾਰੇ ਸੰਸਾਰ ਤੋਂ ਪਰਿਵਾਸ ਜੇਕਰ ਇਸਦੀ ਮਨਸ਼ਾ ਬਰਤਾਨਵੀਂ ਪਰਿਵਾਸ ਨੂੰ ਜਬਤ ਵਿੱਚ ਲਿਆਉਣ ਦੀ ਹੁੰਦੀ ਤਦ ਬਦੇਸ਼ੀ ਪਰਿਵਾਸੀ ਸ਼ਬਦ ਦੀ ਵਰਤੋਂ ਕੀਤੀ ਗਈ ਹੁੰਦੀ, ਇਸੇ ਸ਼ਬਦ ਦਾ ਪ੍ਰਯੋਗ ਇੰਪੀਰੀਅਲ ਕਾਨੂੰਨਾਂ ਵਿੱਚ ਹੋਇਆ ਹੈ। ਜੇਕਰ ਕੈਨੇਡਾ ਸਰਕਾਰ ਦਾ ਮੰਤਵ ਬਰਤਾਨਵੀ ਪਰਜਾ ਦੀ ਨਸਲ ਸੰਬੰਧੀ ਹੁੰਦਾ, ਤਦ ਨੇਟਿਵ ਇੰਡੀਅਨਜ਼ ਦੀ ਉਦਾਹਰਨ ਹੀ ਲੈ ਲਵੋ, ਇਹ ਉਹਨਾਂ ਤੇ ਲਾਗੂ ਕੀਤਾ ਗਿਆ ਸੀ। ਜੇਕਰ

ਕੋਈ ਐਕਟ, ਕਾਨੂੰਨ ਦੇ ਖੇਤਰ ਵਿੱਚ, ਸ਼ਹਿਰੀ ਅਧਿਕਾਰਾਂ ਤੇ ਵਾਰ ਕਰਦਾ ਹੈ , ਇਸਨੂੰ ਗੈਰਵਿਧਾਨਕ ਨਹੀਂ ਮਿਥਿਆ ਜਾ ਸਕਦਾ, ਕਿਉਂਕਿ ਇਹ ਫੈਡਰਲ ਸਰਕਾਰ ਦੇ ਅਧਿਕਾਰ-ਖੇਤਰ ਦੀ ਸੀਮਾ ਦੀ ਸਪਸ਼ਟ ਤੇ ਨਿਸਚਿਤ ਹੱਦ-ਬੰਦੀ ਵਿੱਚ ਸਮਾਉਂਦਾ ਹੈ । ਮੈਗਨਾ-ਕਾਰਟਾ ਤੇ ਇਸ ਦਾ ਅਸਰ ਨਹੀ ਪੈਂਦਾ । ਪਰਿਵਾਸੀ ਐਕਟ ਦੇਸ਼ ਦਾ ਕਨੂੰਨ ਹੈ । ਅਤੇ ਇਮੀਗਰੇਸ਼ਨ ਅਫਸਰ ਉਸਦੇ ਅੰਦਰ ਹੀ ਰਹੇਹੈ ਹਨ ਤੇ ਇਸ ਅਨੁਸਾਰ ਹੀ ਉਹਨਾਂ ਨੇ ਸੱਭ ਕੰਮ ਨਿਭਾਇਆ ਸੀ । ਮੁਨਸ਼ੀ ਸਿੰਘ ਇਹ ਦਾਹਵਾ ਨਹੀਂ ਕਰ ਸਕਦਾ ਕਿ ਉਸ ਨਾਲ ਕਾਨੂੰਨ ਤੋਂ ਬਾਹਰਾ ਵਰਤਾ ਕੀਤਾ ਗਿਆ ਹੈ ।

ਜਦੋਂ ਉਹ ਆਰਡਰਜ਼-ਇਨ -ਕੌਂਸਲ ਵਿਰੁੱਧ ਦਿੱਤੀਆਂ ਗਈਆਂ ਦਲੀਲਾਂ ਤੇ ਆਇਆ ਤਦ ਜੱਜਾਂ ਨੇ ਦਖਲ ਅੰਦਾਜ਼ੀ ਆਰੰਭ ਕਰ ਦਿੱਤੀ । ਪਰ ਇਹ ਸਮਝਣਾ ਕਠਨ ਨਹੀ ਸੀ ਕਿ ਉਹ ਉਸ ਦੀਆਂ ਦਲੀਲਾਂ ਨੂੰ ਸਵੀਕਾਰ ਕਰ ਰਹੇ ਸਨ ਅਤੇ ਉਸਨੂੰ ਆਖ ਰਹੇ ਸਨ ਕਿ ਉਹ ਜਲਦੀ ਨਾਲ ਸਵੈ-ਪਰਗਟ ਦਲੀਲਾਂ ਨੂੰ ਛੱਡਕੇ ਗੁੰਝਲਦਾਰ ਮਸਲਿਆਂ ਵੱਲ ਆਵੇ । ਉਸਨੇ ਕੈਸਿਡੀ ਦੇ ਇਸ ਦਾਹਵੇ ਨੂੰ ਝੁਟਲਾਣ ਲਈ ਕਿ ਜਦੋਂ ਇੰਨਕੁਆਇਰੀ ਬੋਰਡ ਨੇ ਮੁਨਸ਼ੀ ਸਿੰਘ ਨੂੰ ਮਜ਼ਦੂਰ ਸਿੱਧ ਕੀਤਾ ਤਾਂ ਬੋਰਡ ਨੇ ਝੂਠੇ ਨਤੀਜੇ ਕੱਢੇ ਸਨ ਕੁਝ ਸਮਾਂ ਲਾਇਆ । ਉਸਨੇ ਕੈਸਿੱਡੀ ਦੇ ਇਸ ਭਰਪੂਰ ਹਮਲੇ ਕਿ ਆਦੇਸ਼ਾ ਵਿਚ ਵਰਤੀ ਗਈ ਬੋਲੀ ਜਿਸ ਦੁਆਰਾ 200 ਡਾਲਰ ਦੀ ਮਲਕੀਅਤ ਹੋਣ ਦੀ ਅਵਸਕਤਾ ਸੀ, ਕਾਨੂੰਨ ਅਨੁਸਾਰ ਨਹੀਂ ਸੀ ਦੇ ਉੱਤਰ ਵਿੱਚ ਬੋਲਦਿਆਂ ਵਧੇਰਾ ਸਮਾਂ ਲਾਇਆ । ਪਰ ਉਹ ਜਲਦੀ ਹੀ ਨਿਰੰਤਰ ਯਾਤਰਾ ਵਾਲੇ ਆਦੇਸ਼ਾ ਤੇ ਅਪੜ ਗਿਆ ।

ਉਸਨੇ ਏਸ਼ਿਆਈ ਨਸਲ ਦੇ ਸ਼ਬਦਾਂ ਦੀ ਪ੍ਰਭੀਸ਼ਾ ਨੂੰ ਬਿੰਨਾ ਕਿਸੇ ਮੁਸ਼ਕਲ ਦੇ ਝੁਠਲਾ ਕੇ ਰੱਖ ਦਿੱਤਾ । ਮੇਰਾ ਦੋਸਤ ਸ਼ਬਦਾ ਦੀ ਬਣਤਰ ਲਈ ਐਥਨਾਲੋਜੀ ਦੀਆਂ ਪੁਸਤਕਾਂ ਨਹੀਂ ਵਰਤ ਸਕਦਾ । ਕਿਉਂਕਿ ਜਿਹੜੇ ਕਾਨੂੰਨਾਂ ਅਨੁਸਾਰ ਅਸਾਡਾ ਸਾਸ਼ਨ ਚੱਲਦਾ ਹੈ ਉਹਨਾਂ ਦੀ ਬਣਤਰ ਅਤਿ ਹਰਮਨ ਪਿਆਰੇ ਸ਼ਬਦਾਂ ਨਾਲ ਕੀਤੀ ਜਾਂਦੀ ਹੈ । ਉਸਨੇ ਦੋ ਹੀ ਵਾਕਾਂ ਵਿੱਚ ਇਸ ਖਿਆਲ ਨੂੰ ਕਿ ਬਰਤਾਨਵੀ ਪਰਜਾ ਦੇ ਲੋਕ ਜਿਹੜੇ ਹਿੰਦੁਸਤਾਨ ''ਚ'' ਜਨਮੇ ਹੋਣ ਉਹਨਾਂ ਨੂੰ ਬਰਤਾਨਵੀਂ ਸਾਮਰਾਜ ਦੇ ਹਰ ਇੱਕ ਭਾਗ ਦਾ ਸ਼ਹਿਰੀ ਮਿਥਿਆ ਜਾਵੇ, ਰੱਦ ਕਰਕੇ ਰੱਖ ਦਿੱਤਾ । ਹੋਰ ਵੀ ਬਹੁਤ ਨੁਕਤੇ ਸਨ ਜਿਨ੍ਹਾਂ ਨੂੰ ਮੁਨਸ਼ੀ ਸਿੰਘ ਦੇ ਛੋਟੇ ਵਕੀਲ ਨੇ ਕਿਸੇ ਹੱਦ ਤੱਕ ਵਿਸ਼ਵਾਸ਼ ਦੀ ਬਿਨਾ ਤੇ ਪੇਸ਼ ਕੀਤਾ ਸੀ । ਪਰ ਮੈਂ ਉਹਨਾਂ ਨੂੰ ਨਹੀਂ ਲਵਾਂਗਾ ਮੇਰਾ ਖਿਆਲ ਹੈ ਕਿ ਉਹਨਾ ਨੁਕਤਿਆਂ ਦਾ ਉੱਤਰ ਉਹਨਾਂ ਦੀ ਪੇਸ਼ਕਾਰੀ ਵਿੱਚ ਹੀ ਆ ਗਿਆ ਸੀ ।

ਫੈਸਲਾ ਅਗਲੇ ਸੋਮਵਾਰ ਤੀਕਰ ਰਾਖਵਾਂ ਰੱਖਿਆ ਗਿਆ ਸੀ । ਪਰ ਬਰਡ ਨੂੰ ਜ਼ਰੂਰ ਮਹਿਸੂਸ ਹੋ ਗਿਆ ਹੋਵੇਗਾ ਕਿ ਉਹ ਹਾਰ ਗਿਆ ਸੀ । ਇਸ ਸਮੇਂ ਦੌਰਾਨ ਜਹਾਜ਼ ਤੇ ਇੱਕ ਭੱਦੀ ਹਾਲਤ ਪੈਦਾ ਹੋ ਗਈ ਸੀ । ਮੁਸਾਫਰਾਂਕੋਲ ਉਹ ਸਾਰੀ ਰਸਦ ਮੁੱਕ ਗਈ ਸੀ ਜਿਹੜੀ ਕਿ ਸਥਾਨਕ ਕਮੇਟੀ ਨੇ 11 ਜੂਨ ਨੂੰ ਉਹਨਾਂ ਨੂੰ ਘੱਲੀ ਸੀ । ਜਦੋਂ ਤੀਕਰ ਉਹਨਾਂ ਦੀਆਂ ਜੇਬਾਂ ਵਿੱਚ ਨਕਦੀ ਸੀ । ਉਹ ਇੰਮੀਗਰੇਸ਼ਨ ਦੇ ਅਫਸਰਾਂ ਤੋਂ ਆਪਣੇ ਲਈ ਖਾਦ ਖੁਰਾਕ ਮੰਗਵਾ ਸਕਦੇ ਸਨ । ਸਥਾਨਕ ਸਿੱਖ ਵੀ ਨਿਜੀ ਅਧਾਰ ਤੇ ਇੰਮੀਗਰੇਸ਼ਨ ਦੇ ਦਫਤਰ ਵਿੱਚ ਖੁਰਾਕ ਆਦਿ ਪਹੁੰਚਾ ਰਹੇ ਸਨ । ਕੋਈ ਭੁੱਖਾ ਨਹੀਂ ਸੀ ਮਰ ਰਿਹਾ ਪਰ ਮੁਸਾਫਰਾਂ ਦਾ ਇੱਕ ਭੰਗ ਤੋਂ ਦੂਜਾ ਮਸਾਂ ਟੱਪਦਾ ਸੀ । ਉਹ ਗੁਰਦਿੱਤ ਸਿੰਘ ਤੋਂ ਆਪਣੇ ਪੈਸੇ ਜਿਹੜੇ ਉਹਨਾਂ ਨੇ ਉਸਨੂੰ ਮੋਂਜੀ ਦੇ ਅਸਥਾਨ ਤੇ ਦਿੱਤੇ ਸਨ ਮੰਗਣ ਲੱਗੇ । ਗੁਰਦਿੱਤ ਸਿੰਘ ਨੇ ਆਖਿਆ ਸੀ ਕਿ ਵੈਨਕੂਵਰ ਜਾ ਕੇ ਉਹ ਉਹਨਾਂ ਦੇ ਪੈਸੇ ਵਾਪਸ ਦੇ ਦੇਵੇਗਾ ।

ਇਸ ਕਿਸਮ ਦੀ ਸਥਿਤੀ ਸੀ, ਜਦੋਂ ਚਾਰ ਹਿੰਦੁਸਤਾਨੀ ਉਹਨਾਂ ਵਿੱਚੋਂ ਤਿੰਨ ਨਨੈਮੋ ਤੋਂ ਸਨ । ਤਿੰਨ ਜੁਲਾਈ ਸ਼ੁਕਰਵਾਰ ਦੀ ਸਵੇਰ ਨੂੰ ਇੰਮੀਗਰੇਸ਼ਨ ਦੇ ਦਫਤਰ ਵਿੱਚ ਆਏ ਤੇ ਆਖਿਆ ਕਿ ਉਹ ਜਹਾਜ਼ ਉੱਪਰ ਆਪਦੇ ਦੋਸਤਾਂ ਨੂੰ ਮਿਲਣ ਜਾਣਾ ਚਾਹੁੰਦੇ ਸਨ । ਜਿੰਨਾ ਨੇ ਸ਼ਕਾਇਤ ਕੀਤੀ ਸੀ ਕਿ ਗੁਰਦਿੱਤ ਸਿੰਘ ਉਹਨਾਂ ਦੇ ਪੈਸੇ ਦੱਬੀ ਬੈਠਾ ਸੀ । ਇੰਮੀਗਰੇਸ਼ਨ ਵਾਲੇ ਅਜਿਹੇ ਸ਼ਿਕਵੇ ਤੇ ਸ਼ਿਕਾਇਤਾ

ਕਰਨ ਵਾਲਿਆਂ ਦਾ ਹੌਸਲੇ ਵਧਾਉਣੇ ਚਾਹੁੰਦੇ ਸਨ । ਉਹ ਮੁਲਾਕਾਤੀਆਂ ਨੂੰ ਇੱਕ ਲਾਂਚ ਰਾਹੀਂ ਕਾਮਾਗਾਟਾ ਮਾਰੂ ਦੇ ਨੇੜੇ ਲੈ ਗਏ। ਜਦੋਂ ਬਰਾਬਰ ਦੀ ਵੱਖੀ ਤੇ ਆਏ "ਤਦ ਮੁਸਾਫਰਾਂ ਦੀ ਇੱਕ ਟੋਲੀ ਜੰਗਲੇ ਤੇ ਰੌਲਾ ਪਾਉਂਦੀ ਅਤੇ ਗਾਉਂਦੀ ਹੋਈ ਆਈ। ਗੱਲਬਾਤ ਕਰਨੀ ਅਸੰਭਵ ਸੀ ਅਤੇ ਜਿਉਂ ਹੀ ਨਨੈਮੋ ਵਾਲਿਆਂ ਦੇ ਦੋਸਤ ਲਕੜੀ ਦੇ ਪੁਲ ਤੋਂ ਆਏ ਸਨ । ਸਹਾਇਕ ਦੁਭਾਸ਼ੀਏ ਗਾਈਥਰ ਨੇ ਫੈਸਲਾ ਕੀਤਾ ਸੀ ਕਿ ਉਹਨਾਂ ਨੂੰ ਲਾਂਚ ਤੇ ਲਿਆਂਦਾ ਜਾਵੇ। ਉਹ ਪੰਜ ਸਨ ਗੁਰਦਿੱਤ ਸਿੰਘ ਸਭ ਕੁਝ ਵੇਖ ਰਿਹਾ ਸੀ ਉਸਨੂੰ ਪਤਾ ਸੀ ਕਿ ਇਕ ਸਿੱਖ, ਜਿਸਨੂੰ ਇਮੀਗਰੇਸ਼ਨ ਵਾਲਿਆਂ ਨੇ ਨੌਕਰੀ ਦਿੱਤੀ ਹੋਈ ਸੀ ਉਸ ਦਾ ਰਿਸ਼ਤਾ ਇੱਕ ਦੋ ਮੁਸਾਫਰਾਂ ਨਾਲ ਸੀ, ਜਿਨ੍ਹਾਂ ਨੂੰ ਲਾਂਚ ਵਿੱਚ ਜਾਣ ਦੀ ਆਗਿਆ ਦਿੱਤੀ ਗਈ ਸੀ। ਉਸਦਾ ਖਿਆਲ ਸੀ ਕਿ ਉਹ ਉਥੇ ਕਿਸੇ ਜਾਅਲੀ ਤੇ ਫਰਜੀ ਦਸਤਾਵੇਜ਼ ਤੇ ਦਸਤਖਤ ਕਰਨ ਲਈ ਗਏ ਸਨ। ਇਸ ਸਭ ਕੁਝ ਚੋਂ ਕਿਸੇ ਸਾਜਸ਼ ਦੀ ਬੂ ਆਉਂਦੀ ਸੀ। ਉਸਨੇ ਹੁਕਮ ਦਿੱਤਾ ਕਿ ਲਕੜੀ ਦੇ ਪੁੱਲ ਨੂੰ ਉਠਾ ਲਿਆ ਜਾਵੇ। ਪੰਜੇ ਹੀ ਲਾਂਚ ਤੇ ਰਹਿ ਗਏ ।

ਉਹਨਾਂ ਨੂੰ ਉਥੇ ਹੀ ਰਾਤ ਕੱਟਣੀ ਪਈ। ਸ਼ਨੀਚਰਵਾਰ ਦੀ ਸਵੇਰ ਨੂੰ ਗ੍ਰੀਡ ਤੇ ਹਾਪਕਿਨਸਨ, ਕਪਤਾਨ ਯਾਮਾਮੋਤੋ ਨੂੰ ਇੱਕ ਨੁੱਕਰ ਵਿੱਚ ਲੈ ਗਏ। ਕਪਤਾਨ ਨੇ ਰਾਤ ਸ਼ਹਿਰ ਵਿਚ ਗੁਜਾਰੀ ਸੀ ਅਤੇ ਇਸ ਕਿਸਮ ਦੀ ਖੁੱਲ ਕਿਸੇ ਭੀ ਮੁਸਾਫਰਾਂ ਜਾਂ ਹੋਰ ਕਰਮਚਾਰੀ ਨੂੰ ਨਹੀਂ ਸੀ । ਉਹ ਚਾਹੁੰਦੇ ਸਨ ਕਿ ਯਾਮਾਮੋਤੋ ਪੁਲਿਸ ਨੂੰ ਸੱਦੇ, ਆਪਣੇ ਮਲਾਹਾਂ ਨੂੰ ਲਾਮ ਬੱਧ ਕਰੇ, ਤੇ ਪੰਜਾਂ ਮੁਸਾਫਰਾਂ ਨੂੰ ਹੁਕਮ ਦੇ ਕੇ ਜਹਾਜ਼ ਤੇ ਅਪੜਾ ਦੇਵੇ। ਉਹਨਾਂ ਨੇ ਕਪਤਾਨ ਨੂੰ ਆਖਿਆ "ਕਮਾਨ ਤੁਹਾਡੀ ਹੈ। ਗੁਰਦਿੱਤ ਸਿੰਘ ਦੀ ਨਹੀ। ਜਦੋਂ ਕਪਤਾਨ ਪੁਲ ਨੂੰ ਹੇਠਾਂ ਸੁਟਣ ਦਾ ਹੁਕਮ ਦੇਵੇ ਤੇ ਜਿਹੜਾ ਕੋਈ ਉਸ ਵਿਚ ਦਖਲ ਦੇਵੇ, ਉਹ ਕਮਾਂਡਰ ਦੇ ਰਸਤੇ ਵਿੱਚ ਦਖਲ ਦਿੰਦਾ ਹੈ ਉਹਨਾਂ ਨੇ ਕਪਤਾਨ ਨੂੰ ਸਮਝਾਇਆ ।

ਯਾਮਾਮੋਤੋ ਨੇ ਦੁਭਾਸ਼ੀਏ ਰਾਹੀਂ ਇਕ ਦਿਨ ਦੀ ਮੁਹਲਤ ਮੰਗੀ ਸੀ। ਤਾਂ ਜੋ ਉਹ ਗੁਰਦਿੱਤ ਸਿੰਘ ਨਾਲ ਬਾਤ ਕਰ ਸਕੇ। ਉਸਨੇ ਆਖਿਆ ਕਿ ਮੁਸਾਫਰ ਅਤਿਅੰਤ ਘਬਰਾਏ ਹੋਏ ਹਨ। ਗੁਰਦਿੱਤ ਸਿੰਘ ਸੁੱਧ ਬੁੱਧ ਗਵਾ ਬੈਠਾ ਹੈ, ਅਤੇ ਕਈ ਵਾਰ ਲੱਗਦਾ ਹੈ ਜਿਵੇਂ ਉਸਦੇ ਦਿਮਾਗ ਵਿੱਚ ਕੁਝ ਨੁਕਸ ਪੈ ਗਿਆ ਹੋਵੇ ਪਰ ਉਹ ਅਦਾਲਤ ਦੇ ਹੁਕਮ ਨੂੰ ਸਵੀਕਾਰ ਕਰੇਗਾ, ਅਤੇ ਮੁਸਾਫਰ ਤਾਂ ਜਾਣ ਲਈ ਸਾਮਾਨ ਬੰਨ ਵੀ ਰਹੇ ਸਨ ।"

ਅਧਿਕਾਰੀਆਂ ਨੂੰ ਯਕੀਨ ਸੀ ਕਿ ਸਿੱਖਾਂ ਲਈ, ਕੈਨੇਡਾ ਦੇ ਕਾਨੂੰਨ, ਕੋਈ ਮਹਾਨਤਾ ਨਹੀਂ ਰੱਖਦੇ ਅਤੇ ਉਹ ਅਦਾਲਤਾਂ ਵਿੱਚ ਮੁਕੱਦਮਾ ਹਾਰ ਗਏ ਤਾਂ ਉਹ ਜਹਾਜ਼ ਤੋਂ ਛਾਲਾਂ ਮਾਰ ਜਾਣਗੇ। ਉਹਨਾਂ ਦੇ ਮਨਾਂ ਵਿੱਚ, ਪਿਛਲੇ ਨਵੰਬਰ ਵਿੱਚੋਂ ਵਿਕਟੋਰੀਆ ਦੇ ਨਜ਼ਰਬੰਦੀ ਸ਼ੈੱਡ ਤੋਂ ਸਿੱਖਾਂ ਦੇ ਭੱਜ ਨਿਕਲਣ ਵਾਲੀ ਵਾਰਦਾਤ ਅਜੇ ਸੱਜਰੀ ਸੀ ਤੇ ਕੰਡੇ ਵਾਂਗ ਚੁਭ ਰਹੀ ਸੀ। ਇਹੀ ਕਾਰਨ ਸੀ ਕਿ ਗ੍ਰੀਡ ਉਹਨਾਂ ਪੰਜਾਂ ਲਾਂਚ ਤੇ ਬੈਠੇ ਮੁਸਾਫਰਾਂ ਦੀ ਘਟਨਾ ਨੂੰ ਡਾਢੀ ਗੰਭੀਰਤਾ ਸਮਝਦਾ ਸੀ ਉਸਦੇ ਹੁਕਮਾਂ ਨੂੰ ਕਸਵੱਟੀ ਤੇ ਪਰਖਿਆ ਜਾ ਰਿਹਾ ਸੀ ਉਸਨੇ ਕਪਤਾਨ ਨੂੰ 48 ਘੰਟਿਆ ਦੀ ਮੁਹਲਤ ਦੇ ਦਿੱਤੀ ਸੀ ਪਰ ਉਸਨੂੰ ਕਿਸੇ ਠੋਸ ਸਿੱਟਿਆਂ ਦੀ ਉਮੀਦ ਨਹੀਂ ਸੀ ।

ਉਹ ਸਵੇਰ, ਯਾਮਾਮੋਤੋ, ਚਾਈਨਾ ਟਾਊਨ ਵਿੱਚ, ਰਹੀਮ ਦੇ ਦਫਤਰ ਚੋਂ ਗੁਰਦਿੱਤ ਸਿੰਘ ਲਈ ਇੱਕ ਰੁੱਕਾ ਲੈਣ ਲਈ ਗਿਆ। ਜਿੱਥੋਂ ਤੀਕਰ ਇਮੀਗਰੇਸ਼ਨ ਅਫਸਰਾਂ ਦਾ ਸੰਬੰਧ ਸੀ ਉਹ ਇਸਨੂੰ ਇੱਕ ਉੱਥਲ ਪੁਥੱਲ ਕਰਨ ਵਾਲੀ ਕਾਰਵਾਈ ਸਮਝਦੇ ਸਨ। ਹਾਪਕਿਨਸਨ ਨੂੰ ਇਸ ਚੀਜ਼ ਦਾ ਪਤਾ ਯੋਸ਼ੀ ਤੋਂ ਲੱਗਿਆ। ਯੋਸ਼ੀ ਮਹਿਕਮੇ ਵਿੱਚ ਇੱਕ ਜਾਪਾਨੀ ਦੁਭਾਸ਼ੀਆਂ ਸੀ। ਉਸ ਨੂੰ ਪਤਾ ਲੱਗਾ ਕਿ ਅਪਰੈਲ ਦੇ ਮਹੀਨੇ, ਸ਼ੀਮੋਨੋਸਕੀ ਦੇ ਅਸਥਾਨ ਤੇ, ਸਾਟੋ ਤੇ ਹੋਰ ਜਾਪਾਨੀ ਵਪਾਰੀਆਂ ਨੇ ਇੱਕ ਖਾਣਾ ਦੇਣ ਦਾ ਆਯੋਜਨ ਕੀਤਾ ਸੀ, ਅਤੇ ਉਸਨੂੰ ਉਹਨਾਂ ਭਾਸ਼ਨਾਂ ਦੀ ਵੀ ਜਾਣਕਾਰੀ ਸੀ ਜਿਹੜੇ ਕਿ ਖਾਣੇ ਦੇ ਅਵਸਰ ਤੇ ਕੀਤੇ ਗਏ ਸਨ। ਉਹਨਾਂ ਵਿੱਚ ਗੁਰਦਿੱਤ ਸਿੰਘ ਕਾਰਜ ਦੇ ਸਮਰਥਨ ਦਾ ਪ੍ਰਗਟਾਵਾ ਕੀਤਾ ਸੀ। ਇਹਨਾਂ ਨਿੱਕੀਆਂ ਨਿੱਕੀਆਂ ਖਬਰਾਂ ਨੇ ਇਕ ਖਤਰਨਾਕ ਪਲਾਟ ਦਾ ਰੂਪ ਧਾਰ ਲਿਆ। ਉਸ ਦਿਨ

ਹਾਪਕਿਨਸਨ ਨੇ ਜੋਸ਼ੀ ਨੂੰ ਫੇਰ ਘੱਲਿਆ ਤਾਂ ਜੋ ਹੋਰ ਜਾਣਕਾਰੀ ਪ੍ਰਾਪਤ ਕਰੇ। ਜੋਸ਼ੀ ਨੇ ਇੱਕ ਚੀਨੀ ਰੈਸਤੋਰਾਂ ਵਿੱਚ ਪਰਵੇਸ਼ ਕੀਤਾ ਅਤੇ ਨਾਲ ਲੱਗਦੇ ਹਿੱਸੇ ਚੋਂ ਯਾਮਾਤੋਤੋ ਤੇ ਜਾਪਾਨੀ ਕਉਂਸਲਰ ਵਾਈ. ਏ. ਹੋਰੀ ਵਿਕਾਰ ਹੋ ਰਹੀਆਂ ਗੱਲਾਂ ਨੂੰ ਚੋਰੀ ਸੁਣਿਆ। ਉਹ ਇੱਕ ਦੂਜੇ ਨੂੰ ਪੁੱਛ ਰਹੇ ਸਨ। "ਕੀ ਕਪਤਾਨ ਇਹ ਗੱਲ ਮੰਨ ਲਵੇ ਕਿ ਉਸਦਾ ਮੁਸਾਫਰਾਂ ਤੇ ਕੋਈ ਜ਼ਬਤ ਨਹੀ ਰਿਹਾ। ਕੀ ਮੰਨਣਾ ਚੰਗਾ ਰਹੇਗਾ ਜਾਂ ਨਾ ਮੰਨਣਾ?" ਹੋਰੀ ਨੇ ਸਿਆਣਪ ਨੂੰ ਸਵੀਕਾਰ ਦਿਆਂ ਤੇ ਅਭਿਮਾਨ ਨੂੰ ਤਿਆਗਦਿਆਂ ਆਖਿਆ। "ਜੇਕਰ ਅਜਿਹਾ ਸਮਾਂ ਦਰਪੇਸ਼ ਹੋਵੇ ਤਾਂ ਮੰਨਣਾ ਵਧੇਰੇ ਚੰਗਾ ਹੋਵੇਗਾ।" ਉਹਨਾਂ ਜੋਸ਼ੀ ਨੂੰ ਵੇਖ ਲਿਆ ਜਦੋਂ ਜੋਸ਼ੀ ਨੇ ਕਪਤਾਨ ਤੋਂ ਪੁਛਿਆ ਕਿ ਉਹ ਰਹੀਮ ਕੋਲ ਕਿਉਂ ਗਿਆ ਸੀ ਤਾਂ ਯਾਮਾਮੋਤੋ ਨੇ ਗੱਲ ਨੂੰ ਸਪਸ਼ਟ ਕਰਦਿਆਂ ਦੱਸਿਆ ਕਿ ਉਸਨੇ ਮੁਸਾਫਰਾਂ ਨੂੰ ਸ਼ਾਂਤ ਕਰਨ ਹਿੱਤ ਇੱਕ ਚਿੱਠੀ ਲਿਆਂਦੀ ਸੀ। ਜਹਾਜ਼ ਤੇ ਜਾਣ ਤੋਂ ਪਹਿਲਾ ਉਹ ਉਸ ਚਿੱਠੀ ਨੂੰ ਇਮੀਗਰੇਸ਼ਨ ਦੇ ਅਧਿਕਾਰੀਆਂ ਨੂੰ ਵਿਖਾ ਦੇਵੇਗਾ ਜੋਸ਼ੀ ਨੇ ਇਹ ਸਾਰੀ ਸੂਚਨਾ ਹਾਪਕਿਨਸਨ ਨੂੰ ਦੇ ਦਿੱਤੀ। ਇਹ ਗੱਲ ਇਸ ਚੀਜ਼ ਨੂੰ ਪ੍ਰਗਟਾਂਦੀ ਸੀ ਕਿ ਯਾਮਾਮੋਤੋ ਕੋਲ ਸਵੈ ਬਚਾ ਲਈ ਕੁਦਰਤੀ ਸੂਝ ਮੌਜੂਦ ਸੀ। ਪਰ ਗੀਡ ਤੇ ਹਾਪਕਿਨਸਨ ਦਾ ਕਿਆਸ ਸੀ ਕਿ ਉਪਰਲੀ ਸਤਹ ਦੇ ਹੇਠਾਂ ਇੱਕ ਡੂੰਘੀ ਅੰਤਰ ਰਾਸ਼ਟਰੀ ਜਾਪਾਨੀ ਹਿੰਦੁਸਤਾਨੀ ਸਾਜਸ ਲੁਕੀ ਹੋਈ ਸੀ।

ਪੰਜ ਉਖੜੇ ਹੋਏ ਮੁਸਾਫਰਾਂ ਜਿਨ੍ਹਾਂ ਨੂੰ ਸ਼ਾਮ ਨੂੰ ਪ੍ਰਕਾਸਤ ਹੋਣ ਵਾਲੇ ਅਖਬਾਰ ਨੇ ਵਿੱਛੜੇ ਸਿੰਘਾ ਦਾ ਨਾ ਦਿੱਤਾ ਸੀ, ਨੇ ਸ਼ੁਕਰਵਾਰ,ਸ਼ਨੀਚਰਵਾਰ ਤੇ ਐਤਵਾਰ ਦੀਆ ਰਾਤਾ ਇੰਮੀਗਰੇਸ਼ਨ ਮਹਿਕਮੇ ਦੇ ਲਾਂਚ ਵਿੱਨਮੈਕ ਦੇ ਉਤਲੇ ਡੈੱਕ ਤੇ ਬਿਤਾਈਆਂ ਸਨ। ਦਿਨ ਦੇ ਸਮੇਂ ਉਹਨਾਂ ਨੂੰ ਅਕਸਰ ਛੋਟੇ ਲਾਂਚ ਤੇ ਰੱਖਿਆ ਜਾਂਦਾ ਸੀ ਅਤੇ ਕੁੱਝ ਸਮੇਂ ਲਈ ਉਹਨਾਂ ਨੂੰ ਹਾਰ ਬਾਰ ਉੱਤੇ ਇੱਕ ਵੱਡੇ ਲੱਕੜੀ ਦੇ ਬੌਇ ਤੇ ਰੱਖਿਆ ਗਿਆ ਜੋ ਕੋਲਾ ਢੋਣ ਵਾਲੇ ਪਾਣੀ ਠੇਲਿਆ ਨੂੰ ਜਹਾਜਾਂ ਨਾਲ ਬੰਨਣ ਲਈ ਵਰਤਿਆ ਜਾਂਦਾ ਸੀ। ਸੋਮਵਾਰ ਦੀ ਸਵੇਰ ਨੂੰ ਗੀਡ ਪੁਲਿਸ ਨੂੰ ਸੱਦਣ ਲਈ ਤਿਆਰ ਸੀ ਅਤੇ ਉਸਨੇ ਇਸ ਸਬੰਧੀ ਯਾਮਾਮੋਤੋ ਦੀ ਹਾਜ਼ਰੀ ਵਿੱਚ ਗਾਰਡਨਰ ਜਾਨਸਨ ਨਾਲ ਗੱਲ ਕੀਤੀ ਸੀ। ਪਰ ਜਾਨਸਨ ਨੇ ਕਪਤਾਨ ਦਾ ਪੱਖ ਲਿਆ ਸੀ। ਉਸਦਾ ਖਿਆਲ ਸੀ ਕਿ ਜਦ ਮੁਸਾਫਰਾਂ ਨੂੰ ਅਦਾਲਤ ਦੇ ਫੈਸਲੇ ਦਾ ਪਤਾ ਲੱਗੇਗਾ ਤਾਂ ਉਹ ਨਿਮ ਜਾਣਗੇ। ਮੁਸਾਫਰਾਂ ਦਾ ਖਿਆਲ ਹੈ ਉਹਨਾਂ ਨੂੰ ਤੱਟ ਤੇ ਉਤਰਨ ਦੀ ਆਗਿਆ ਮਿਲ ਜਾਵੇਗੀ। ਸਵੇਰ ਨੂੰ ਅਪੀਲ ਦੀ ਕਚਿਹਰੀ ਨੇ ਆਪਣਾ ਨਿਰਨਾ ਸੁਣਾ ਦਿੱਤਾ। ਪੰਜਾਂ ਹੀ ਜੱਜਾਂ ਨੇ ਇੰਮੀਗਰੇਸ਼ਨ ਐਕਟ ਨੂੰ ਤੇ ਆਰਡਰਜ਼-ਇਨ-ਕਾਉਂਸਲ ਨੂੰ ਜਾਇਜ਼ ਕਰਾਰ ਦਿੱਤਾ ਅਤੇ ਮੁਨਸ਼ੀ ਸਿੰਘ ਦੀ ਅਪੀਲ ਰੱਦ ਕਰ ਦਿੱਤੀ।

ਗ਼ੀਡ ਬਾਅਦ ਦੁਪਹਿਰ ਵਿਨਮੈਕ ਤੇ ਗਿਆ ਉਸਨੇ ਬਰਡ ਨੂੰ ਨਾਲ ਲੈ ਲਿਆ ਸੀ। ਮੁਸਾਫਰ ਦੰਗਾ ਕਰਨ ਤੇ ਤੁਲੇ ਹੋਏ ਸਨ। ਉਹਨਾਂ ਨੇ ਹੱਥਾਂ ਵਿੱਚ ਸੋਟੇ ਫੜੇ ਹੋਏ ਸਨ। ਜਿਹੜੇ ਉਹਨਾਂ ਨੇ ਸਮੁੰਦਰ ਵਿੱਚ ਤਰਦੀ ਹੋਈ ਲਕੜੀ ਤੋਂ ਚੁੱਕ ਕੇ ਬਣਾਏ ਸਨ। ਸਵੇਰ ਦੇ ਸਮੇਂ, ਜਦੋਂ ਇੰਮੀਗਰੇਸ਼ਨ ਵਾਲਿਆਂ ਦਾ ਲਾਂਚ, ਵਾਰਫ ਦੇ ਨੇੜੇ ਪੁੱਜਿਆ ਤਾਂ ਕਿਨਾਰੇ ਤੇ ਖੜ੍ਹੇ ਦੋ ਤਿੰਨ ਸੌ ਦੇ ਕ੍ਰੀਬ ਗੋਰਿਆ ਨੇ, ਪੰਜਾਂ ਮੁਸਾਫਰਾਂ ਨੂੰ ਤੱਕ ਕੇ ਅੰਦਾਜ਼ਾ ਲਾਇਆ ਕਿ ਹਿੰਦੁਸਤਾਨੀ ਅਦਾਲਤ ਵਿੱਚ ਜਿੱਤ ਗਏ ਸਨ ਤੇ ਉਹਨਾਂ ਨੂੰ ਕਿਨਾਰੇ ਤੇ ਉਤਾਰਿਆ ਜਾ ਰਿਹਾ ਸੀ। ਉਹ ਕਿਨਾਰੇ ਤੇ ਇੱਕ ਕਤਾਰ ਬਣਾ ਕੇ ਖੜ੍ਹੇ ਚਾਂਗਰਾਂ ਮਾਰ ਰਹੇ ਸਨ ਤੇ ਤਾਕਤ ਦਾ ਵਿਖਾਵਾ ਕਰ ਰਹੇ ਸਨ। ਇਸ ਨਾਲ ਗ਼ੀਡ ਦੀ ਭੜਕਾਹਟ ਵਿੱਚ ਹੋਰ ਵਾਧਾ ਹੋ ਗਿਆ। ਹੁਣ ਬਰਡ, ਵਿਨਮੈਕ ਦੀ ਉਪਰਲੀ ਛੱਤ ਤੇ ਖਲੋਤਾ ਮੁਸਾਫਰਾਂ ਨੂੰ ਸੰਬੋਧਨ ਕਰ ਰਿਹਾ ਸੀ। ਅਤੇ ਉਹਨਾਂ ਨੂੰ ਮੰਦਭਾਗੀ ਖਬਰ ਸੁਣਾ ਰਿਹਾ ਸੀ। ਅਦਾਲਤ ਉਹਨਾਂ ਦੇ ਖਿਲਾਫ ਗਈ ਸੀ। ਉਹ ਮਕੁੱਦਮਾ ਹਾਰ ਗਏ ਸਨ।

ਗ਼ੀਡ ਸਿੱਧਾ ਵੈਨਕੂਵਰ ਦੇ ਮੇਅਰ ਕੋਲ ਗਿਆ ਜਿਸਨੇ ਜਿਨੀ ਪੁਲਿਸ ਦੀ ਲੋੜ ਸੀ, ਦੇਣ ਦਾ ਵਾਹਦਾ ਕੀਤਾ। ਜਦੋਂ ਕਪਤਾਨ ਯਾਮਾਮੋਤੋ ਤੇ ਕੌਂਸਲਰ ਹੋਰੀ ਨੇ ਸ਼ਕਤੀ ਦੇ ਪਰਯੋਗ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਗ਼ੀਡ ਨੇ ਕਪਤਾਨ ਨੂੰ ਇੱਕ ਪੱਤਰ ਦਿੰਦਿਆਂ ਆਖਿਆ ਕਿ ਸਹਿਯੋਗ ਨ ਦੇਣ ਕਰਕੇ ਉਹ ਵੀ ਇਮੀਗਰੇਸ਼ਨ ਦੇ ਐਕਟ ਨੂੰ ਭੰਗ ਕਰਨ ਵਿੱਚ ਦੋਸ਼ੀ ਬਣ ਗਿਆ ਸੀ ਫਿਰ ਸ਼ਾਮ ਨੂੰ ੪ ਵਜੇ ਤੋਂ ਰਤੀ ਕੁ ਪਿੱਛੋਂ ਗ਼ੀਡ ਜਦੋਂ ਪਾਣੀ ਦੇ ਕਿਨਾਰੇ ਤੇ ਇਕੱਤਰ ਹੋਈ ਭੀੜ ਇਸ ਸਾਰੇ

ਐਕਸ਼ਨ ਨੂੰ ਤੱਕ ਰਹੀ ਸੀ, ਕਾਮਾਗਾਟਾ ਮਾਰੂ ਤੇ ਗਿਆ। ਇੱਕ ਪਾਸੇ ਤੋਂ ਰੱਸੀ ਦੀ ਪੌੜੀ ਪਹਿਲਾਂ ਹੀ ਲਟਕੀ ਹੋਈ ਸੀ ਜਿਸ ਤੋਂ ਪ੍ਰਤੱਖ ਸੀ ਕਿ ਮੁਸਾਫਰ ਲੜਣਾ ਨਹੀਂ ਚਾਹੁੰਦੇ ਸਨ। ਗੁਰਦਿੱਤ ਸਿੰਘ ਗੱਲ ਕਰਨੀ ਚਾਹੁੰਦਾ ਸੀ। "ਹੁਣ ਮੈਂ ਤੁਹਾਨੂੰ ਦੋ ਮਿੰਟ ਦਿੰਦਾ ਹਾਂ ਤਾਂ ਜੋ ਤੁਸੀ ਆਪਣਾ ਫੈਸਲਾ ਕਰ ਸਕੋ" ਗ੍ਰੀਡ ਨੇ ਲਾਂਚ ਤੇ ਖਲੋ ਕੇ ਉੱਚੀ ਆਵਾਜ਼ ਵਿੱਚ ਆਖਿਆ "ਦੋ ਮਿੰਟ ਮੁੱਕਣ ਪਿੱਛੋਂ ਮੈਂ ਪੁਲਿਸ ਨੂੰ ਬੁਲਾ ਲਵਾਂਗਾ।"

ਗੁਰਦਿੱਤ ਸਿੰਘ ਨੇ ਆਪਣੇ ਹੱਥ ਉੱਪਰ ਚੁੱਕ ਦਿੱਤੇ ਅਤੇ ਪੰਜੇ ਮਨੁੱਖ ਜਹਾਜ਼ ਦੇ ਤਖਤੇ ਤੇ ਚਲੇ ਗਏ। ਜਿਥੋਂ ਤੀਕਰ ਗ੍ਰੀਡ ਦਾ ਸਬੰਧ ਸੀ, ਉਸਦੀ ਧਮਕੀ ਕਾਰਗਰ ਸਿੱਧ ਹੋ ਗਈ ਸੀ।

ਆਰੰਭ ਵਿੱਚ, ਗੁਰਦਿੱਤ ਸਿੰਘ ਨੇ ਐਲਾਨ ਕੀਤਾ ਸੀ ਕਿ ਉਹ ਅਪੀਲ ਸੁਨਣ ਵਾਲੀ ਉੱਚੀ ਤੋਂ ਉੱਚੀ ਅਦਾਲਤ ਤੱਕ ਲੜਾਈ ਲੜੇਗਾ, ਅਰਥਾਤ ਪਰਿਵੀ ਕੌਂਸਲ ਦੀ ਅਦਾਲਤੀ ਕਮੇਟੀ ਦੇ ਰੂ ਬਰੂ ਵੀ। ਪਰੰਤੂ ਇਸ ਨੂੰ ਜਾਰੀ ਰਖਣਾ ਯਥਾਰਥਕ ਨਹੀ ਸੀ। ਕੈਨੇਡਾ ਦੀ ਸੁਪਰੀਮ ਕੋਰਟ ਦੀ ਬੈਠਕ ਅਕਤੂਬਰ ਤੱਕ ਨਹੀਂ ਸੀ ਹੋਣੀ ਅਤੇ ਇਸ ਸਾਲ ਦੇ ਅੰਦਰ ਅੰਦਰ ਪਰਿਵੀ ਕੌਂਸਲ ਦੀ ਕਮੇਟੀ ਤੱਕ ਸਿਧਿਆ ਜਾਣ ਦੇ ਰਾਹ ਵਿੱਚ ਅਣਗਿਣਤ ਸਮੱਸਿਆਵਾਂ ਦਰਪੇਸ਼ ਸਨ। ਅਪੀਲ ਦੀ ਕਚਹਿਰੀ ਦੇ ਫੈਸਲੇ ਦੇ ਅਰਥ ਸਨ ਮੁਸਾਫਰਾਂ ਦੀ ਹਾਰ ਅਤੇ ਕੈਨੇਡਾ ਵਿਚ ਵਸਦੀ ਹਿੰਦੋਸਤਾਨੀ ਕਮਿਉਨਿਟੀ ਦੀ ਹਾਰ

ਕਾਮਾਗਾਟਾ ਮਾਰੂ ਦੇ ਫਰਸ਼ਾਂ ਅਤੇ ਡੈੱਕਾਂ ਤੋ ਨਿਰੰਤਰ ਕਈ ਹਫਤਿਆਂ ਤੋਂ ਕੂੜੇ ਕਰਕਟ ਦੇ ਮਲਬੇ ਦੇ ਢੇਰ ਇੱਕਤਰ ਹੁੰਦੇ ਰਹੇ ਅਤੇ ਹੁਣ ਹੋਰ ਉਚੇਰੇ ਹੁੰਦੇ ਜਾ ਰਹੇ ਸਨ। 13 ਤਾਰੀਖ ਨੂੰ ਹਾਪਕਿਨਸਨ ਨੇ ਜਹਾਜ਼ ਦੇ ਆਲੇ ਦੁਆਲੇ ਝਾਤ ਮਾਰੀ ਅਤੇ ਆਪਣੇ ਮਹਿਕਮੇ ਨੂੰ ਸੂਚਨਾ ਦਿੱਤੀ ਕਿ ਜਹਾਜ਼ ਤੇ ਛੂਤ ਦੀ ਬੀਮਾਰੀ ਫੁੱਟਣ ਵਾਲੀ ਸੀ। ਪਰ ਉਸਨੂੰ ਸਾਫ ਕਰਨ ਲਈ ਕੁਝ ਵੀ ਨਹੀਂ ਸੀ ਕੀਤਾ ਗਿਆ। ਇਹ ਜਿੰਮੇਵਾਰੀ ਦਾ ਸਵਾਲ ਸੀ ਕਿ ਖਰਚਾ ਕਿਸਨੂੰ ਅਦਾ ਕਰਨਾ ਚਾਹੀਦਾ ਹੈ। ਕਿਸੇ ਨੇ ਵੀ ਇਹ ਨਹੀਂ ਸੀ ਸੋਚਿਆ ਕਿ ਮੁਸਾਫਰਾਂ ਨੇ, ਜਿਨ੍ਹਾਂ ਨੇ ਗ੍ਰੀਡ ਦੇ ਕਥਨ ਅਨੁਸਾਰ "ਸਾਡੇ ਕਾਨੂੰਨ ਭੰਗ ਕਰਨ ਪ੍ਰਤੱਖ ਯਤਨ ਕੀਤਾ ਸੀ " ਪੂਰੇ ਧਿਆਨ ਨਾਲ ਕੂੜੇ ਕਰਕਟ ਨੂੰ ਸਮੁੰਦਰ 'ਚ ਸੁੱਟ ਕੇ ਸਥਾਨਕ ਨਿਯਮਾਂ ਦੀ ਪਾਲਣਾ ਕੀਤੀ ਸੀ।

ਕਚਹਿਰੀ ਵਿੱਚ ਹਾਰਨ ਪਿਛੋਂ, ਕੀ ਉਹ ਕਿਸੇ ਹੰਗਾਮੇ ਦੇ ਪਰਤ ਜਾਣਗੇ? ਅਗਲੇ ਦਿਨ, ਅਰਥਾਤ 7 ਜੁਲਾਈ ਦਿਨ ਮੰਗਲਵਾਰ ਨੂੰ ਬਰਡ ਗੁਰਦਿੱਤ ਸਿੰਘ ਨੂੰ ਮਿਲਣ ਗਿਆ। ਇਹ ਉਹਨਾਂ ਦੀ ਦੂਜੀ ਮੀਟਿੰਗ ਸੀ ਪਰ ਪ੍ਰਾਈਵੇਟ ਤੌਰ ਉਤੇ ਪਹਿਲੀ ਸੀ ਜਿਸ ਦੀ ਗ੍ਰੀਡ ਨੇ ਆਪਣੇ ਵਕੀਲਾਂ ਦਬਾਓ ਉਪਰੰਤ ਆਗਿਆ ਦੇ ਦਿੱਤੀ। ਬਰਡ ਇੱਕ ਚਿੱਠੀ ਲੈ ਕੇ ਵਾਪਸ ਆਇਆ। ਜਿਸ ਤੇ ਗੁਰਦਿੱਤ ਸਿੰਘ ਤੇ ਮੁਸਾਫਰਾਂ ਦੀ ਕਮੇਟੀ ਦੇ ਪੰਜ ਨੁਮਾਇੰਦਿਆ ਦੇ ਦਸਤਖਤ ਸਨ।

ਜੇ. ਈ. ਬਰਡ,

ਅਸੀਂ ਇਸ ਪੱਤਰ ਦੁਆਰਾ ਤੁਹਾਨੂੰ ਹਦਾਇਤਾਂ ਕਰਦੇ ਹਾਂ ਕਿ ਤੁਸੀ ਕਾਮਾਗਾਟਾ ਮਾਰੂ ਦੇ ਸਾਰੇ ਮੁਸਾਫਰਾਂ ਲਈ ਇਨਕੁਆਇਰੀ ਬੋਰਡ ਦੀ ਕਾਰਵਾਈ ਤਿਆਗ ਦੇਵੋ ਅਤੇ ਕਾਮਾਗਾਟਾ ਮਾਰੂ ਦੇ ਹਾਂਗਕਾਂਗ ਨੂੰ ਪਰਤਣ ਸਬੰਧੀ ਗਲਬਾਤ ਕਰੋ, ਉਹਨਾਂ ਚੋਂ ਕਿਸੇ ਪਲੈਨ ਅਨੁਸਾਰ ਜਿੰਨਾ ਬਾਰੇ ਮਸ਼ਵਰਾ ਕੀਤਾ ਗਿਆ ਹੈ। ਜਾਂ ਕਿਸੇ ਹੋਰ ਵਿਧੀ ਦੁਆਰਾ ਜੋ ਤੁਸੀ ਮੁਨਾਸਫ ਸਮਝੋ।

ਡਾਕਟਰ ਰਘੁਨਾਥ ਸਿੰਘ ਇਸ ਨਾਲ ਸਹਿਮਤ ਨਹੀਂ ਸੀ ਹੋਇਆ। ਇਸ ਦਾਅਵੇ ਨਾਲ ਕਿ ਉਹ ਗੈਰ ਪ੍ਰਵਾਸੀ ਹੈ। ਪ੍ਰੰਤੂ ਮੁਸਾਫਰਾਂ ਦੀ ਬਹੁਗਿਣਤੀ ਉਸਨੂੰ ਗਦਾਰ ਮਿਥਦੀ ਸੀ ਅਤੇ ਬਜਿਦ ਸੀ ਕਿ ਉਹ ਵੀ ਉਹਨਾ ਨਾਲ ਵਾਪਸ ਜਾਵੇ। ਭਾਨ ਸਿੰਘ ਅਤੇ ਹੋਰ ਮੁਸਾਫਰ ਜਿੰਨਾ ਨੇ ਤੱਟ ਤੇ ਉਤਰਨ ਦੀਆਂ ਢੇਰ ਉਮੀਦਾ ਲਾਈਆਂ ਹੋਈਆਂ ਸਨ ਉਨ੍ਹਾਂ ਨੇ ਘੜੀ ਦੀ ਘੜੀ ਚੁੱਪ ਸਾਧੀ ਹੋਈ ਸੀ ਕਿਉਂਕਿ ਉਹਨਾਂ ਨੂੰ ਬਾਕੀ ਮੁਸਾਫਰਾਂ ਨੇ ਡਰਾਇਆ ਹੋਇਆ ਸੀ। ਗੁਰਦਿੱਤ ਸਿੰਘ ਵੀ ਆਪਣੇ ਛੇ ਸਾਲ ਦੇ ਪੁੱਤਰ ਸਮੇਤ ਚਾਹੁੰਦਾ ਸੀ ਕਿ ਉਹਨਾਂ ਨੂੰ ਵੈਨਕੂਵਰ ਤੇ ਉਤਰਨ ਦੀ ਵਿਸ਼ੇਸ਼ ਆਗਿਆ ਦਿੱਤੀ ਜਾਵੇ ਤਾਂ ਜੋ ਉਹ ਲੰਦਨ ਦੇ ਰਸਤੇ ਵਾਪਸ ਮੁੜ ਸਕਣ। ਉਹ ਦੋ ਸਾਤਿਆਂ ਤੋਂ ਵੱਧ ਸਮਾਂ ਕੈਨੇਡਾ ਵਿੱਚ ਨਹੀਂ ਸੀ ਗੁਜਾਰਨਾ ਚਾਹੁੰਦੇ। ਮੁਸਾਫਰਾਂ ਚ ਹੋਰ ਕਿਸੇ ਨੇ ਉਤਰਨ ਦੀ ਇਜ਼ਾਜਤ ਨਾਂ ਮੰਗੀ।

ਪ੍ਰਸ਼ਨ ਇਹ ਸੀ ਕਿ ਉਹ ਕਿਵੇਂ ਵਾਪਸ ਜਾਣ ਅਤੇ ਖਰਚੇ ਦੇ ਪੈਸੇ ਕੌਣ ਭਰੇ? ਬਰਡ ਨੇ ਦਲੀਲ ਦਿੱਤੀ ਕਿ ਸਰਕਾਰ ਰਹੀਮ ਅਤੇ ਭਾਗ ਸਿੰਘ ਨਾਲ ਜਿਹੜੇ ਕਿ ਜਹਾਜ਼ ਦੇ ਕਿਰਾਏਦਾਰ ਸਨ ਉਸੇ ਢੰਗ ਨਾਲ ਪੇਸ਼ ਆਵੇ। ਜਿਵੇ ਦੂਜੀਆਂ ਜਹਾਜ਼ੀ ਕੰਪਨੀਆਂ ਨਾਲ ਆਉਂਦੀ ਹੈ। ਕੇਵਲ ਇਸ ਲਈ ਕਿ ਇਹਨਾਂ ਦੇ ਬਤੌਰ ਹਿੰਦੁਸਤਾਨੀਆਂ ਦੇ ਕਮਿਊਨਿਟੀ ਵਿੱਚ ਨਿੱਜੀ ਮੁਫਾਦ ਸਨ। ਸਰਕਾਰ ਨੂੰ ਕੋਈ ਹੱਕ ਨਹੀਂ ਸੀ ਕਿ ਉਹਨਾਂ ਦੇ ਕਾਰੋਬਾਰੀ ਹੱਕਾਂ ਨੂੰ ਪੈਰਾ ਹੇਠ ਰੋਲ ਸੁੱਟੇ। ਜਹਾਜ਼ ਉੱਤੇ ਕੋਲਾ ਸੀ ਜਿਸਨੂੰ ਉਹ ਉਤਾਰਨਾ ਚਾਹੁੰਦੇ ਸਨ ਤੇ ਲੱਕੜੀ ਸੀ ਜਿਸਨੂੰ ਉਹ ਇਥੋਂ ਖ੍ਰੀਦ ਕੇ ਲੱਦਣੀ ਲੋੜਦੇ ਸਨ। ਜੇਕਰ ਅਧਿਕਾਰੀ ਕਾਮਾਗਾਟਾ ਮਾਰੂ ਨੂੰ ਡਾਕ ਵਿੱਚ ਲਾਉਣ ਦੇ ਆਗਿਆ ਦੇ ਦੇਣ ਤਾਂ ਉਹ ਮੁਸਾਫਰਾਂ ਦੀ ਜਾਮਨੀ ਦੇਣ ਲਈ ਤਿਆਰ ਸਨ ਕਿ ਉਹ ਨੱਸਣਗੇ ਨਹੀਂ। ਇਸੇ ਬਦਲ ਵਜੋਂ ਉਹ ਜਹਾਜ਼ ਵਿੱਚੋਂ ਸਮਾਨ ਲਾਹੁਣ ਅਤੇ ਲੱਦਣ ਦੇ ਹੱਕ ਨੂੰ ਵਿਸਾਰ ਦੇਣਗੇ ਤੇ 24 ਘੰਟਿਆਂ ਦੇ ਅੰਦਰ ਅੰਦਰ ਜਾਂ ਘੱਟੋ ਘੱਟ ਹਫਤੇ ਦੇ ਅਖੀਰ ਤੱਕ ਜਹਾਜ਼ ਤੋਰਨ ਲਈ ਤਿਆਰ ਹੋ ਜਾਣਗੇ ਜੇ ਸਰਕਾਰ ਉਹਨਾਂ ਦਾ ਸਾਰਾ ਕਿਰਾਇਆ ਜੋ 20,000 ਡਾਲਰ ਬਣਦਾ ਸੀ, ਦੇਣ ਲਈ ਸਹਿਮਤ ਹੋ ਜਾਵੇ।

ਬਰਡ ਇਸ ਗੱਲ ਤੇ ਬਲ ਦਿੰਦਾ ਸੀ ਕਿ ਉਸਦੇ ਮੁੱਅਕਲ ਚੰਗੀਆਂ ਭਾਵਨਾਵਾਂ ਦੇ ਧਾਰਨੀ ਹਨ ਅਤੇ ਉਹ ਇਸ ਗੱਲ ਦੇ ਹੱਕਦਾਰ ਹਨ। ਉਹਨਾਂ ਲਈ ਉਤਸ਼ਾਹ ਜਨਕ ਗੱਲ ਇਹ ਸੀ ਕਿ ਹਾਂਗਕਾਂਗ ਛੱਡਣ ਤੋਂ ਪਹਿਲਾਂ ਉਥੋਂ ਦੇ ਗਵਰਨਰ ਨੇ ਕੈਨੇਡਾ ਸਰਕਾਰ ਨੂੰ ਤਾਰ ਭੇਜਕੇ ਸੂਚਿਤ ਕੀਤਾ ਸੀ ਅਤੇ ਉਹਨਾਂ ਨੇ ਹਾਂਗਕਾਂਗ ਦੀ ਇਕ ਕੰਪਨੀ ਦੀ ਵੀ ਰਾਏ ਪ੍ਰਾਪਤ ਕੀਤੀ ਸੀ। ਜਿਸਨੇ ਕਿਹਾ ਸੀ ਕਿ "ਜਿਥੋਂ ਤੀਕਰ ਹਾਂਗਕਾਂਗ ਦਾ ਸਬੰਧ ਹੈ ਉਹਨਾਂ ਹਿੰਦੁਸਤਾਨੀਆਂ ਤੇ ਜਿਹੜੇ ਵੈਨਕੂਵਰ ਤੀਕਰ ਸਫਰ ਕਰਨ ਦੇ ਇੱਛਕ ਹਨ ਉਹਨਾਂ ਤੇ ਕੋਈ ਅਜਿਹੀ ਪਾਬੰਦੀ ਨਹੀਂ। ਹੁਣ ਤੀਕਰ ਗੁਰਦਿੱਤ ਸਿੰਘ ਨੇ ਇਸ ਪੱਤਰ ਨੂੰ ਪ੍ਰਗਟ ਕਰਨ ਤੋਂ ਸੰਕੋਚ ਕੀਤਾ ਸੀ ਅਤੇ ਹੁਣ ਬਰਡ ਨੇ ਬਿੰਨਾ ਕਿਸੇ ਹੋਰ ਦੇਰੀ ਦੇ ਇਸ ਪੱਤਰ ਨੂੰ ਅਖਬਾਰਾਂ ਵਿੱਚ ਦੇ ਦਿੱਤਾ ਸੀ। ਨਿਰਸੰਦੇਹ ਇਸ ਪੱਤਰ ਦਾ ਸਬੰਧ ਹਾਂਗਕਾਂਗ ਦੇ ਪਰਿਵਾਸੀ ਨਿਯਮਾ ਨਾਲ ਸੀ ਅਤੇ ਕੈਨੇਡਾ ਦੇ ਕਾਨੂੰਨ ਬਾਰੇ ਇਸ ਵਿੱਚ ਕੁੱਝ ਨਹੀਂ ਸੀ ਕਿਹਾ ਗਿਆ। ਪਰ ਹੁਣ ਖੁਲ੍ਹਾ ਸਵਾਲ ਇਹ ਸੀ ਕਿ ਕੀ ਗੁਰਦਿੱਤ ਸਿੰਘ ਨੇ ਇਸ ਨੂੰ ਗਲਤ ਸਮਝ ਲਿਆ? ਗੁਰਦਿੱਤ ਸਿੰਘ ਨੇ ਇਕ ਬੈਂਕ ਬੁੱਕ ਵੀ ਵਿਖਾਈ ਜਿਸ ਅਨੁਸਾਰ ਗੁਰਦਿੱਤ ਸਿੰਘ ਦੇ ਜਾਪਾਨੀ ਬੈਂਕ ਵਿੱਚ 9000 ਡਾਲਰ ਜਮਾਂ ਸਨ। ਬਰਡ ਅਨੁਸਾਰ ਇਹ ਇਕ ਅਜਿਹੀ ਸ਼ਹਾਦਤ ਸੀ ਜੋ ਅਧਿਕਾਰੀਆਂ ਨੂੰ ਇੱਕ ਔਖੀ ਸਥਿਤੀ ਵਿੱਚ ਪਾ ਦਿੰਦੀ ਸੀ ਕਿਉਂਕਿ ਉਹਨਾਂ ਨੇ ਉਸਨੂੰ ਜਹਾਜ਼ ਤੋਂ ਉਤਰਕੇ ਕਾਰੋਬਾਰ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਸ਼ਾਮ ਨੂੰ ਪ੍ਰਕਾਸ਼ਤ ਹੋਣ ਵਾਲੇ ਅਖਬਾਰ ਨੂੰ ਸੁਝਾ ਦਿੱਤਾ ਕਿ ਕੈਨੇਡਾ ਉਚੇਰੀਆ ਕਦਰਾਂ ਕੀਮਤਾਂ ਦਾ ਸਬੂਤ ਦੇ ਸਕਦਾ ਹੈ। ਮਿਸਟਰ ਗੁਰਦਿੱਤ ਸਿੰਘ ਨੇ ਲੜਨਾ ਤਿਆਗ ਦਿੱਤਾ ਹੈ ਅਤੇ ਉਹ ਘਰ ਪਰਤ ਰਿਹਾ ਹੈ। ਸ਼ਾਇਦ ਇਸ ਗੱਲ ਤੇ ਸਾਰੇ ਸਹਿਮਤ ਹੋਣਗੇ ਕਿ ਉਹ ਚੰਗਾ ਖਿਡਾਰੀ ਹੈ ਅਤੇ ਉਸਨੇ ਅਖੀਰੀ ਹੱਦ ਤੱਕ ਖੇਡ ਖੇਡੀ ਹੈ। ਜਦੋਂ ਇਕ ਆਦਮੀ ਹਾਰ ਜਾਵੇ ਅਤੇ ਉਹ ਇਸ ਹਾਰ ਨੂੰ ਬਿਨਾ ਹੀਲੇ ਹੁੱਜਤ ਸਵੀਕਰ ਕਰ ਲਵੇ ਤਾਂ ਇਹ ਸਮਝ ਲੈਣਾ ਚੰਗੇ ਖਿਡਾਰੀਆ ਵਾਲਾ ਰਵੱਈਆ ਹੈ ਕਿ ਜੇਤੂਆਂ ਨੂੰ ਉਸ ਵਿਰੁੱਧ ਕੋਈ ਮੰਦ ਭਾਵਨਾ ਨਹੀਂ। ਗੁਰਦਿੱਤ ਸਿੰਘ ਨੂੰ ਆਪਣੀ ਪੂਰੀ ਵਾਹ ਲਾਉਣ ਲਈ ਕੈਨੇਡਾ ਵਾਸੀਆਂ ਨੂੰ ਉਸ ਨਾਲ ਰਤੀ ਭਰ ਦੁਸ਼ਮਣੀ ਨਹੀਂ।

ਰੀਡ ਨ ਹੀ ਗੁਰਦਿੱਤ ਸਿੰਘ ਤੇ ਵਿਸ਼ਵਾਸ ਕਰਦਾ ਸੀ ਨੇ ਬਰਡ ਉੱਤੇ ਨਾ ਹੀ ਵਿਸ਼ੇਸ਼ ਕਰਕੇ ਹੁਸੈਨ ਰਹੀਮ ਤੇ,ਉਸਨੇ ਇੰਮੀਗਰੇਸ਼ਨ ਮਹਿਕਮੇ ਦੇ ਸੁਪਰਟਿਨਡੈਂਟ ਨੂੰ ਲਿਖਿਆ "ਮੇਰਾ ਬਰਡ ਨੂੰ ਇਹੋ ਉੱਤਰ ਹੈ ਕਿ ਹਿਫਾਜਤੀ ਦਸਤੇ ਮਜ਼ਬੂਤ ਕੀਤੇ ਜਾਣ" ਜਹਾਜ਼ ਨੂੰ ਡਾਕ ਵਿੱਚ ਲਾਉਣ ਦੀ ਬੇਨਤੀ ਉਸਨੂੰ ਇੱਕ ਚਲਾਕੀ ਜਾਪੀ ਅਤੇ ਇਨਕੁਆਇਰੀ ਬੋਰਡ ਦੀ ਤਫਤੀਸ ਨੂੰ ਟਾਲਣਾ, ਉਸ ਨੂੰ ਤੱਟ ਤੇ ਬਚ ਨਿਕਲਣ ਦੀਆਂ ਯੋਜਨਾਵਾਂ ਨੂੰ ਲੁਕਾਣ ਵਾਲਾ ਇੱਕ ਪਰਦਾ ਜਾਪਿਆ, ਜਿੱਥੋ ਤੀਕਰ ਉਹ ਸਮਝਦਾ ਸੀ ਗੁਰਦਿੱਤ ਸਿੰਘ ਨੂੰ ਕਾਨੂੰਨ ਦੀ ਜਾਣਕਾਰੀ ਸੀ ਅਤੇ ਉਸਨੂੰ ਉਲੰਘਣ ਦਾ ਉਸਨੇ ਇਰਾਦਾ ਧਾਰਿਆ ਹੋਇਆ ਸੀ ਅਤੇ ਇਹ ਜਾਣਨ ਪਿੱਛੋਂ ਕਿ ਜਹਾਜ਼ ਦੇ ਕਿਰਾਏਦਾਰ ਕੋਲ ਜਾਪਾਨ ਵਿੱਚ 9000 ਡਾਲਰ ਜਮ੍ਹਾ ਸਨ ਰੀਡ ਬਿਨਾ ਅਤਿਅੰਤ ਜ਼ਰੂਰੀ ਹਾਲਤਾਂ ਤੋਂ ਸਰਕਾਰੀ ਖਜਾਨੇ ਚੋਂ ਪੈਸੇ ਖਰਚਣ ਤੇ ਇਤਰਾਜ ਕਰਦਾ ਸੀ। ਇੰਮੀਗਰੇਸ਼ਨ ਐਕਟ ਦੀਆਂ 44 ਵੀਂ ਅਤੇ 45 ਵੀਂ ਧਾਰਾਵਾ ਡਿਪੋਰਟ ਕੀਤੇ ਗਏ ਇੰਮੀਗਰਾਟਾ ਦੀ ਖੁਰਾਕ ਅਤੇ ਢੋਆ ਢੁਆਈ ਦੀ ਜਿੰਮੇਵਾਰੀ ਸੰਬੰਧਤ ਜਹਾਜ਼ ਦੀਆਂ ਕੰਪਨੀਆਂ ਤੇ ਸੁੱਟਦੀਆਂ ਸਨ ਜਿਹੜੀਆਂ ਉਹਨਾਂ ਨੂੰ ਲੈ ਕੇ ਆਈਆ ਹੋਣ ਅਤੇ ਰੀਡ ਦਾ ਵੀਚਾਰ ਸੀ ਜੇਕਰ ਸੰਭਵ ਹੋਵੇ ਤਾਂ ਇਹਨਾਂ ਧਾਰਵਾਂ ਨੂੰ ਲਾਗੂ ਕੀਤਾ ਜਾਵੇ।

ਰੀਡ ਦਾ ਵਿਸ਼ਵਾਸ ਸੀ ਕਿ ਕੌਝੇ ਮਨਸੂਬੇ ਗੁੰਦੇ ਜਾ ਰਹੇ ਹਨ। ਗੁਰਦਿੱਤ ਸਿੰਘ ਦੇ ਸ਼ਹਿਰ ਵਾਲੇ ਮਿੱਤਰ ਜਾਣੇ ਪਛਾਣੇ ਬਲਵਾਕਾਰੀ ਸਨ। ਰਹੀਮ ਜਦ ਕੈਨੇਡਾ ਪੁੱਜਿਆ ਸੀ, ਉਸਦੀ ਜੇਬ ਵਿੱਚੋਂ ਬੰਬ ਬਣਾਉਣ ਸਬੰਧੀ ਹਦਾਇਤਾਂ ਬਰਾਮਦ ਹੋਈਆਂ ਸਨ। ਅਤੇ ਰੀਡ ਸਮਝਦਾ ਸੀ ਉਸ ਕੋਲ ਸਬੂਤ ਮੌਜੂਦ ਸਨ ਕਿ ਇਹ ਲੋਕ ਉਸਦੇ ਕਤਲ ਦੀ ਸਾਜਸ਼ ਬਣਾ ਰਹੇ ਹਨ।

ਬੁਧਵਾਰ, 8 ਜੁਲਾਈ ਕਚਹਿਰੀ ਦੇ ਨਿਰਨੇ ਤੋਂ ਦੋ ਦਿਨ ਪਿੱਛੋਂ ਹਾਪਕਿਨਸਨ ਦੇ ਇੱਕ ਸੁਹੀਏ

ਨੇ ਇੱਕ ਗੱਲਬਾਤ ਬਾਰੇ ਦੱਸਿਆ ਜਿਹੜੀ ਕਿ ਤੱਟ ਕਮੇਟੀ ਦੇ ਤਿੰਨ ਮੈਂਬਰਾਂ, ਰਹੀਮ, ਸੋਹਨ ਲਾਲ ਤੇ ਮਹੁੱਮਦ ਅਕਬਰ ਦੇ ਵਿਚਕਾਰ ਹੋਈ ਸੀ। ਇਸ ਗੱਲਬਾਤ ਨੂੰ ਸੁਹੀਏ ਨੇ ਦੁਪਹਿਰੇ ਬਾਅਦ ਤਿੰਨ ਵਜੇ ਇਕ ਗਲੀ ਵਿਚ ਲੁਕ ਕੇ ਸੁਣਿਆ ਸੀ।

ਮੁਹਮੱਦ ਅਕਬਰ -ਤੁਹਾਡੇ ਮਿਸਰਟ ਗੀਡ ਤੇ ਹਾਪਕਿਨਸਨ ਸੰਬੰਧੀ ਕੀ ਵੀਚਾਰ ਨੇ?

ਸੋਹਨ ਲਾਲ- ਇਹ ਦੋਵੇਂ ਮਹਾਂ ਲੁਟੇਰੇ ਹਨ। ਸਾਡੀਆਂ ਸਾਰੀਆਂ ਉਮੀਦਾਂ ਤੇ ਕੰਮਾਂ ਤੇ ਪਾਣੀ ਫਿਰ ਗਿਆ ਹੈ।

ਰਹੀਮ- ਇਹ ਸਾਡੇ ਲਈ ਸਰਮ ਦੀ ਗੱਲ ਹੈ। ਏਥੇ ਐਨੇ ਹਿੰਦੂ ਹਨ। ਜੇ ਉਹਨਾਂ ਦਾ ਫਸਤਾ ਵੱਢਣ ਲਈ ਦੋ ਜਾਂ ਤਿੰਨ ਬੰਦੇ ਮਰ ਵੀ ਜਾਣ ਤਾਂ ਇਹ ਕੋਈ ਭੈੜੀ ਗੱਲ ਨਹੀਂ ਹੋਵੇਗੀ।

ਮਹੁੱਮਦ ਅਕਬਰ- ਸਾਨੂੰ ਇਸ ਮਾਮਲੇ ਨੂੰ ਕਮੇਟੀ ਵਿੱਚ ਵਿਚਾਰਨਾ ਚਾਹੀਦਾ ਹੈ। ਮੈਂ ਇਸ ਕੰਮ ਲਈ ਇਕ ਆਦਮੀ ਨੂੰ ਤਿਆਰ ਕਰ ਲਵਾਂਗਾ, ਪਰ ਉਹ ਆਦਮੀ ਅਤਿ ਦਰਜ਼ੇ ਦਾ ਲਾਲਚੀ ਹੈ।

ਰਹੀਮ- ਤਾਂ ਅਸੀਂ ਦੋ ਜਾਂ ਤਿੰਨ ਹਜ਼ਾਰ ਡਾਲਰ ਇੱਕਤਰ ਕਰ ਲਵਾਂਗੇ ਤੇ ਉਸਨੂੰ ਦੇ ਦੇਵਾਂਗੇ। ਤੁਸੀਂ ਉਸ ਆਦਮੀ ਨੂੰ ਤਿਆਰ ਕਰ ਲਵੋ।

ਮਹੁੱਮਦ ਅਕਬਰ- ਬਹੁਤ ਹੱਛਾ, ਮੈਂ ਇਸਦੀ ਕੋਸ਼ਿਸ਼ ਕਰਾਂਗਾ।

ਸੋਹਨ ਲਾਲ- ਮੇਰਾ ਖਿਆਲ ਹੈ ਮੈਂ ਵੀ ਇੱਕ ਆਦਮੀ ਨੂੰ ਤਿਆਰ ਕਰ ਲਵਾਂਗਾ। ਸਾਨੂੰ ਕਮੇਟੀ ਵਿੱਚ ਇਹ ਗੱਲ ਦੱਸ ਦੇਣੀ ਚਾਹੀਦੀ ਹੈ।

ਰਹੀਮ- ਧਿਆਨ ਰੱਖੋ, ਇਹਨਾ ਗੱਲਾਂ ਬਾਬਤ ਭਿਣਕ ਨਾ ਨਿਕਲੇ।

ਮਹੁੱਮਦ ਅਕਬਰ- ਮੇਰਾ ਵਿਚਾਰ ਹੈ ਕਿ ਪਹਿਲਾਂ ਅਸੀਂ ਭਾਗ ਸਿੰਘ ਨਾਲ ਨਿੱਜੀ ਤੌਰ ਤੇ ਗੱਲ ਕਰੀਏ ਅਤੇ ਬਾਅਦ ਵਿੱਚ ਕਮੇਟੀ ਵਿੱਚ ਇਸਤੇ ਮਸ਼ਵਰਾ ਕਰੀਏ।

ਰਹੀਮ- ਸੋਹਨ ਲਾਲ, ਤੁਹਾਡਾ ਇਸ ਸੰਬੰਧੀ ਕੀ ਖਿਆਲ ਹੈ ?

ਸੋਹਨ ਲਾਲ - ਜਿਵੇਂ ਤੁਸੀਂ ਆਖੋ।

ਰਹੀਮ- ਆਪਾਂ ਸੋਮਵਾਰ ਨੂੰ ਮਿਲਾਂਗੇ ਅਤੇ ਉਸੇ ਦਿਨ ਹੀ ਇਨਾਮ ਦੇਣ ਸੰਬੰਧੀ ਪ੍ਰਬੰਧ ਕਰਾਂਗੇ।

ਸੋਹਨ ਲਾਲ- ਕੀ ਤੁਹਾਡੇ ਖਿਆਲ ਵਿੱਚ ਮੁਹੱਮਦ ਅਕਬਰ ਸ਼ਾਹ ਇਸ ਕੰਮ ਨੂੰ ਨਹੀਂ ਕਰ ਲਵੇਗਾ?

ਰਹੀਮ- ਨਹੀਂ, ਉਹ ਨਹੀਂ ਕਰ ਸਕਦਾ ਪਰ ਅਸੀਂ ਸੋਸ਼ਲਿਸਟ ਪਾਰਟੀ ਚੋਂ ਕੁਝ ਬਦਮਾਸ਼ ਕਿਸਮ ਦੇ ਗੋਰੇ ਲੱਭ ਲਵਾਂਗੇ। ਮੈਂ ਕੋਸ਼ਿਸ਼ ਕਰਾਂਗਾ ਅਤੇ ਤੁਹਾਨੂੰ ਦੱਸਾਂਗਾ ਜੇ ਲੱਭ ਗਏ ਤਾਂ।

ਮੁਹੱਮਦ ਅਕਬਰ- ਹੱਛਾ, ਮੈਂ ਜਾਂਦਾ ਹਾਂ, ਸੋਮਵਾਰ ਨੂੰ ਮਿਲਾਂਗਾ। ਬੰਦੇ ਮਾਤਰਮ।

ਗ੍ਰੀਡ ਨੂੰ ਇਹ ਵੀ ਪਤਾ ਲੱਗਿਆ ਸੀ ਕਿ ਵਿਕਟੋਰੀਆ ਵਿੱਚ ਵਸਦੇ ਹਿੰਦੁਸਤਾਨੀ ਬੰਬ ਬਨਾਉਣ ਦੇ ਯਤਨ ਕਰ ਰਹੇ ਹਨ। ਅਤੇ ਵਿਕਟੋਰੀਆਂ ਦੇ ਇਕ ਹਾਰਡਵੇਅਰ ਸਟੋਰ ਤੋਂ 25 ਆਟੋਮੈਟਿਕ ਪਸਤੌਲ ਖ੍ਰੀਦਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਵਾਸ਼ਿੰਗਟਨ ਸਟੇਟ ਵਿੱਚ ਪੋਰਟ ਐਂਜਲਸ ਦੇ ਅਸਥਾਨ ਤੋਂ ਪਿਸਤੌਲ ਖਰੀਦਣ ਦੀਆਂ ਸਕੀਮਾਂ ਹਨ। ਉਸਨੂੰ ਕੁੱਝ ਸਮੇਂ ਤੋਂ ਇਸ ਗੱਲ ਦਾ ਪਤਾ ਲੱਗਿਆ ਸੀ ਕਿ ਕੁੱਝ ਹਿੰਦੁਸਤਾਨੀ ਹਥਿਆਰਾਂ ਦੀ ਭਾਲ ਵਿੱਚ ਸਨ ਅਤੇ ਉਹਨਾਂ ਦੇ ਇਰਾਦੇ ਖਤਰਨਾਕ ਸਨ। ਇਸ ਤੋਂ ਤਿੰਨ ਹਫਤੇ ਪਹਿਲਾਂ ਇੱਕ ਸਥਾਨਕ ਸਿੱਖ ਮੇਵਾ ਸਿੰਘ ਨੇ ਹਾਪਕਿਨਸਨ ਦੇ ਬੰਦਿਆਂ ਵਿੱਚੋਂ ਇੱਕ ਬੇਲਾ ਸਿੰਘ ਨੂੰ ਇਥੇ ਜਾਇਦਾਦ ਜਾਂ ਹਿੰਦੁਸਤਾਨ ਜਾਣ ਦੇ ਟਿਕਟ ਅਤੇ 500 ਡਾਲਰਾਂ ਦੀ ਪੇਸ਼ਕਸ਼ ਕੀਤੀ ਸੀ ਨਹੀਂ ਤਾਂ ਮੇਵਾ ਸਿੰਘ ਨੇ ਆਖਿਆ ਸੀ, "ਜੇ ਤੂੰ ਇੰਮੀਗਰੇਸ਼ਨ ਦਾ ਮਹਿਕਮਾ ਨਾ ਛੱਡਿਆ ਤਾਂ ਹਿੰਦੂ ਗੋਲੀ ਮਾਰ ਦੇਣਗੇ, ਸਾਰੇ ਦੇ ਸਾਰੇ ਇੰਮੀਗਰੇਸ਼ਨ ਮਹਿਕਮੇ ਨੂੰ ਗੋਲੀਆਂ ਨਾਲ ਭੁੰਨ ਦੇਣਗੇ।" ਜ਼ਰੂਰੀ ਨਹੀਂ ਕਿ ਤਸ਼ੱਦਦ ਭਰੀ ਭਾਸ਼ਾ ਤੱਸ਼ਦਦ ਮਈ ਘਟਨਾਵਾਂ ਦਾ ਕਾਰਨ ਬਣੇ ਪਰ ਗ੍ਰੀਡ ਇਸਨੂੰ ਗੰਭੀਰਤਾ ਨਾਲ ਲੈਂਦਾ ਸੀ। ਉਹ ਅਤਿਅੰਤ ਘਿਰਨਾ ਦਾ ਪਾਤਰ ਬਣ ਚੁੱਕਾ ਸੀ ਅਤੇ ਡਰ ਗਿਆ ਸੀ। ਉਸਨੂੰ ਕੋਈ ਵੀ ਵਿਸ਼ਵਾਸ਼ ਨਹੀਂ ਦਿਵਾ ਸਕਦਾ ਸੀ ਕਿ ਜਿਹੜੇ ਬੰਦਿਆਂ ਨਾਲ ਉਸਦਾ ਵਾਹ ਪਿਆ ਉਹ ਉੱਤਮ ਦਰਜੇ ਦੇ ਖਿਡਾਰੀ ਸਨ। ਅਤੇ

ਕੁਝ ਨ ਕੁੱਝ ਧਿਆਨ ਦੇ ਪਾਤਰ ਸਨ ।

ਸਾਰੀਆਂ ਗਲਮੀਆਂ ਦੇ ਦੌਰਾਨ ਡਬਲ ਡੀ ਸਕਾਟ ਪਰਿਵਾਸੀ ਸੁਪਰਿੰਟੇਂਡੈਂਟ ਨੇ ਗ੍ਰੀਡ ਨੂੰ ਮਨਮਾਨੀ ਕਰਨ ਦੀ ਖੁੱਲ ਦਿੱਤੀ ਅਤੇ ਜਦੋਂ ਕਿ ਗੀਡ ਸਥਿਤੀ ਸਬੰਧੀ ਹਰ ਰੋਜ਼ ਜਾਂ ਇੱਕ ਘੰਟੇ ਪਿੱਛੋਂ ਤਾਰਾ ਘੱਲਦਾ ਰਿਹਾ ਸੀ ਫੇਰ ਵੀ ਸਕਾਟ ਨੂੰ ਸਥਿਤੀ ਬਾਰੇ ਗੀਡ ਨਾਲੋਂ ਕਿਤੇ ਘੱਟ ਪਤਾ ਸੀ ਜਿੰਨ੍ਹਾ ਕਿ ਉਸਨੂੰ ਹੋਣਾ ਚਾਹੀਦਾ ਸੀ। ਅਟਵਾ ਵਿੱਚ ਕਿਸੇ ਨੇ ਗੀਡ ਦੀਆਂ ਸ਼ੈਤਾਨੀਆਂ ਦੀ ਗਿਣਤੀ ਮਿਣਤੀ ਨਹੀਂ ਸੀ ਕੀਤੀ। ਜੋ ਕੁੱਝ ਉਸਨੇ ਪਹਿਲੇ ਚਾਰ ਹਫਤਿਆਂ ਵਿੱਚ ਕੀਤਾ ਸੀ। ਕਿਹਾ ਜਾ ਸਕਦਾ ਹੈ ਕਿ ਸਕਾਟ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਦਿਲਚਸਪੀ ਨਹੀਂ ਸੀ ਰੱਖਦਾ ਪਰ ਜਦੋਂ ਉਸਨੂੰ ਸਚਾਈ ਦਾ ਪਤਾ ਲੱਗਿਆ ਤਾਂ ਉਸਦਾ ਗਲਬਾਤੀ ਲਹਿਜਾ ਅਤਿ ਤਿੱਖਾ ਹੋ ਗਿਆ ਸ।ੀ ਗੀਡ ਚਾਹੁੰਦਾ ਸੀ ਕਿ ਮੁਸਾਫਰਾਂ ਦੀ ਇੰਨਕੁਆਰੀ ਕਮੇਟੀ ਦੇ ਸਾਹਮਣੇ ਪੁੱਛ ਪੜਤਾਲ ਕੀਤੇ ਬਿਨਾ ਹੀ ਉਹਨਾਂ ਨੂੰ ਡਿਪੋਰਟ ਕਰਨਾ ਹੈ ਤਾਂ ਤੁਹਾਨੂੰ ਇੰਨਕੁਆਰੀ ਬੋਰਡ ਦੀ ਪੁੱਛ ਪੜਤਾਲ ਪਿੱਛੋ ਹੀ ਕਰਨਾ ਪਵੇਗਾ। ਸਕਾਟ ਨੇ ਅੰਦਰੂਨੀ ਮਾਮਲਿਆਂ ਦੇ ਵਜੀਰ ਨੂੰ ਸਲਾਹ ਦਿੰਦਿਆਂ ਆਖਿਆ, ਮੈਂ ਮਿਸਟਰ ਗੀਡ ਦੇ ਸੁਝਾਵਾ ਨਾਲ ਸਹਿਮਤ ਨਹੀਂ। ਵਾਰ ਵਾਰ ਹਦਾਇਤਾਂ ਦੇਣ ਦੇ ਬਾਵਜੂਦ ਕਿ ਇੰਨਕੁਆਰੀ ਕਮੇਟੀ ਆਪਣੀ ਪੜਤਾਲ ਨੂੰ ਪੂਰਿਆ ਕਰੇ ਮੈਂ ਇਹ ਸਮਝਣ ਤੋਂ ਅਸਮਰਥ ਹਾਂ ਕਿ ਅਜਿਹਾ ਹੁਣ ਤੱਕ ਕਿਉਂ ਨਹੀਂ ਕੀਤਾ ਗਿਆ।

ਉੱਤਰ ਸਾਧਾਰਨ ਸੀ। ਗੀਡ ਆਪਣੇ ਵਿਰੋਧੀਆਂ ਨੂੰ ਅਦਾਲਤ ਵਿੱਚ ਜਾਣ ਦਾ ਅਵਸਰ ਨਹੀਂ ਦੇਣਾ ਚਾਹੁੰਦਾ ਸੀ। ਇਸ ਕੰਮ ਨੂੰ ਛੇਤੀ ਤੋਂ ਛੇਤੀ ਮੁਕਾਉਣਾ ਚਾਹੁੰਦਾ ਸੀ ਅਤੇ ਮੁਸਾਫਰ ਨੂੰ ਜਹਾਜ਼ ਵੱਖ ਵੱਖ ਟੋਲੀਆਂ ਵਿੱਚ ਤੱਟ ਤੇ ਲਿਆਉਣ ਦੀ ਥਾਂ ਉਹ ਆਪਦੇ ਬੋਰਡ ਨੂੰ ਹੀ ਜਹਾਜ਼ ਤੇ ਲੈ ਗਿਆ। ਦਿਨ ਵੀਰਵਾਰ 9 ਜੁਲਾਈ ਦੀ ਬਾਅਦ ਦੁਪਿਹਰ ਨੂੰ ਉਹ ਇੰਨਸਪੈਕਟਰ ਹਾਪਕਿਨਸਨ ਹਾਵਰਡ ਅਤੇ ਐਲੀਅਟ ਮਹਿਕਮੇ ਦੇ ਵਕੀਲ ਡਬਲਯੂ ਐਚ. ਡੀ ਲੈਡਨਰ ਥਰਡ ਦੇ ਦਫਤਰ ਦੇ ਮਿਸਟਰ ਪਰੈਟ ਅਤੇ ਦੋ ਸਟੈਨੋਗਰਾਫਰ ਔਰਤਾਂ ਸਮੇਤ ਜਹਾਜ਼ ਦੇ ਲਕੜੀ ਦੇ ਪੁਲਤੇ ਜਾ ਚੜ੍ਹਿਆ। ਚਾਹੀਦਾ ਤਾਂ ਇਹ ਸੀ ਕਿ ਉਹ ਰਸਦ ਵੀ ਲਿਆਉਂਦਾ ਜਿਹੜਾ ਪਾਣੀ 27 ਜੂਨ ਨੂੰ ਜਹਾਜ਼ ਤੇ ਉਪੜਾਇਆ ਸੀ। ਉਹ ਮੰਗਲਵਾਰ ਤੱਕ ਮੁੱਕ ਗਿਆ ਸੀ ਅਤੇ ਮੁਸਾਫਰਾਂ ਨੇ ਕਿਹਾ ਕਿ ਉਹ ਸੋਮਵਾਰ ਦੀ ਸਵੇਰ ਤੋਂ ਹੀ ਭੁੱਖੇ ਹਨ। ਤਿੰਨ ਦਿਨਾਂ ਤੋਂ ਉਹ ਸਹਾਇਤਾ ਦੀ ਮੰਗ ਕਰ ਰਹੇ ਸਨ। ਪਰ ਇਸ ਸਮੇਂ ਤੀਕਰ ਜਦੋਂ ਗੀਡ ਤੇ ਉਸਦਾ ਟੋਲਾ ਘਾਬਰੇ ਹੋਏ ਮੁਸਾਫਰਾਂ ਦੀਆਂ ਸਫਾਂ ਨੂੰ ਚੀਰਦਾ ਹੋਇਆ ਪੁੱਲ ਤੋਂ ਸੈਲੂਨ ਤੱਕ ਪੁੱਜ ਗਿਆ। ਉਹਨਾਂ ਦੀ ਬੇਨਤੀ ਦੇ ਉੱਤਰ ਵਿੱਚ ਕੁਝ ਨਹੀਂ ਸੀ ਕੀਤਾ ਗਿਆ।

ਗੁਰਦਿੱਤ ਸਿੰਘ ਤੇ ਉਸਦੇ ਸਕੱਤਰ ਦਲਜੀਤ ਸਿੰਘ ਨੂੰ ਸੈਲੂਨ ਵਿੱਚ ਬਲਾਇਆ ਗਿਆ ਸੀ ਅਤੇ ਉਹਨਾਂ ਨੂੰ ਦੱਸਿਆ ਗਿਆ ਸੀ ਸਰਕਾਰ ਇਨਕੁਆਇਰੀ ਬੋਰਡ ਦੀ ਸੁਣਵਾਈ ਆਰੰਭ ਕਰ ਰਹੀ ਹੈ। ਉਹਨਾਂ ਨੇ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਇਸ ਗੱਲ ਤੇ ਰਾਜੀ ਨਹੀਂ ਸਨ ਕਿ ਦੋ ਚੁਗਲਖੋਰਾਂ ਰਘੂਨਾਥ ਸਿੰਘ ਤੇ ਭਾਨ ਸਿੰਘ ਨੂੰ ਉਤਰਨ ਦਿੱਤਾ ਜਾਵੇ, ਜਦੋਂ ਕਿ ਦੂਜੇ ਮੋੜੇ ਜਾ ਰਹੇ ਹਨ। ਹਾਪਕਿਨਸਨ ਨੇ ਮੁਸਾਫਰਾਂ ਦੇ ਸਮੂਹ ਸਾਹਮਣੇ, ਇਸ ਵਿਧੀ ਨੂੰ ਠੀਕ ਸਿੱਧ ਕਰਨ ਦਾ ਯਤਨ ਕੀਤਾ ਸੀ ਪਰ ਮੁਸਾਫਰਾਂ ਦੀਆਂ ਸਫਾਂ ਵਿੱਚ ਕੋਈ ਤਰੇੜ ਨਹੀਂ ਆਈ ਅਤੇ ਜਦੋ ਉਹਨਾਂ ਨੂੰ ਹੱਥ ਖੜੇ ਕਰਨ ਲਈ ਆਖਿਆ ਗਿਆ ਤਾਂ ਇੱਕ ਨੇ ਵੀ ਹੱਥ ਖੜ੍ਹਾ ਨ ਕੀਤਾ। ਕੋਈ ਵੀ ਬੋਰਡ ਦੇ ਰੂ ਬਰੂ ਜਾਣ ਲਈ ਤਿਆਰ ਨਹੀਂ ਸੀ। ਰਘੂਨਾਥ ਸਿੰਘ ਦੀ ਕੋਈ ਵੋਟ ਨਹੀ ਸੀ ਕਿਉਂਕਿ ਉਸਨੂੰ ਉਸਦੀ ਕੈਬਨ ਵਿਚ ਡੱਕ ਦਿੱਤਾ ਗਿਆ ਸੀ। ਤੋ ਬਾਹਰੋਂ ਜਿੰਦਰਾ ਮਾਰ ਦਿੱਤਾ ਗਿਆ ਸੀ। ਫਿਰ ਵੀ ਹੁਣ ਜਦੋਂ ਕਿ ਗੀਡ ਜਹਾਜ਼ ਉੱਪਰ ਮੌਜੂਦ ਸੀ ਜਿੱਥੇ ਉਸ ਨੂੰ ਪਹਿਲਾਂ ਢੇਰ ਸਮੇਂ ਤੋਂ ਨਹੀ ਸੀ ਤੱਕਿਆ ਗਿਆ ਇਕ ਬੁਲਾਰੇ ਨੇ ਸੁਝਾ ਪੇਸ਼ ਕੀਤਾ ਕਿ ਉਹ ਪਹਿਲਾਂ ਉਹਨਾਂ ਦੀਆਂ ਗੱਲਾਂ ਸੁਣ ਲਵੇ। ਗੀਡ ਸਹਿਮਤ ਹੋ ਗਿਆ ਤੇ ਉਸਨੇ ਕਮੇਟੀ ਨੂੰ ਸੈਲੂਨ ਵਿੱਚ ਮਿਲਣਾ ਸਵੀਕਾਰ ਕਰ ਲਿਆ ਸ਼ੁਰੂ ਤੋਂ ਹੀ ਹਾਪਕਿਨਸਨ ਦੇ ਸੁਝਾ ਤੇ ਸਟੈਨੋਗਰਾਫਰਾਂ ਨੇ ਨੋਟ ਲਏ। ਵਿੱਚ ਮਿਲਣਾ ਸਵੀਕਰ ਕਰ ਲਿਆ ਹਾਪਕਿਨਸਨ ਦੇ ਸੁਝਾ ਤੇ ਸਟੈਨੋਗਰਾਫਰਾਂ ਨੇ ਨੋਟ ਲਏ। ਸ਼ੁਰੂ ਤੋਂ ਹੀ ਮੁਸਾਫਰਾਂ ਨੇ ਗੀਡ ਨੂੰ ਸਖਤ ਚਿਤਾਵਨੀ ਦਿੱਤੀ ਕਿ ਜੇਕਰ 9 ਵਜੇ ਸ਼ਾਮ ਤੀਕਰ ਰਸਦ ਨ ਅਪੜਾਈ

ਗਈ, ਤਦ ਉਹ ਲਾਈਫ ਬੋਟਾਂ ਨੂੰ ਸਮੁੰਦਰ ਵਿੱਚ ਦੇਣਗੇ ਤੇ ਕਿਨਾਰੇ ਵੱਲ ਚਾਲੇ ਪਾ ਦੇਣਗੇ। ਉਹ ਖੁਦ ਜਹਾਜ਼ ਦੀ ਇਸੇ ਵਕਤ ਹੀ ਤਲਾਸ਼ੀ ਲੈ ਸਕਦਾ ਸੀ। ਕਿ ਕੀ ਕੋਈ ਖਾਣ ਪੀਣ ਦੀ ਸ਼ੈਅ ਉਥੇ ਮੌਜੂਦ ਸੀ ਜਾਂ ਨਹੀ।

ਗ੍ਰੀਡ ਇਸ ਵਿਸ਼ੇ ਤੇ ਗਲ ਨਹੀਂ ਕਰਨਾ ਚਾਹੁੰਦਾ। ''ਜਹਾਜ਼ ਦੀ ਤਲਾਸ਼ੀ ਲੈਣ ਦੀ ਕੋਈ ਲੋੜ ਨਹੀਂ। ਮੈਂ ਪਹਿਲਾਂ ਹੀ ਤੁਹਾਡੇ ਵੱਲੋਂ ਮੇਅਰ ਨਾਲ ਮਿਲਣੀ ਕੀਤੀ ਹੈ।'' ਜਿਨ੍ਹਾਂ ਜਲਦੀ ਸੰਭਵ ਹੋ ਸਕਿਆ ਇਸ ਮਾਮਲੇ ਨੂੰ ਨਜਿੱਠਿਆ ਜਾਵੇਗਾ। ਸਭੰਵ ਹੈ ਅੱਜ ਰਾਤ ਨੂੰ ਹੀ ਨਜਿੱਠਿਆ ਜਾ ਸਕੇ।''
''ਉਹ ਜਾਨਣਾ ਚਾਹੁੰਦੇ ਹਨ ਕਿ ਮੇਅਰ ਨੇ ਕੀ ਆਖਿਆ ਹੈ? ਹਾਪਕਿਨਸਨ ਨੇ ਗੱਲ ਨੂੰ ਸਪਸ਼ਟ ਕਰਦਿਆ ਹੋਇਆ ਗ੍ਰੀਡ ਤੋਂ ਪੁੱਛਿਆ।'' '' ਉਸਨੇ ਕਿਹਾ ਕਿ ਉਹ ਜਾਪਾਨੀ ਕੌਂਸਲਰ ਨਾਲ ਸਲਾਹ ਮਸ਼ਵਰਾਂ ਕਰੇਗਾ।'' ਇਹ ਕੋਈ ਤਰੀਕਾ ਨਹੀਂ ਸੀ ਜਿਸ ਦੁਆਰਾ ਕਿਸੇ ਨੂੰ ਸਾਂਤ ਕੀਤਾ ਜਾ ਸਕੇ। ਕਮੇਟੀ ਵਿੱਚ ਇਕ ਨੇ ਗੀਡ ਨਾਲ ਸਿੱਧਿਆਂ ਹੀ ਅੰਗਰੇਜ਼ੀ ਵਿੱਚ ਗੱਲ ਕੀਤੀ ਤੇ ਕਿਹਾ ''ਤਿੰਨ ਦਿਨਾਂ ਤੋਂ ਇਹ ਮਾਮਲਾ ਲਟਕਦਾ ਆ ਰਿਹਾ ਹੈ। ਅਸੀਂ ਭੁੱਖ ਦੇ ਦੁਖੋ ਮਰ ਰਹੇ ਹਾਂ। ਜੇਕਰ ਇੰਜ ਮਸ਼ਵਰੇ ਕਰਨੇ ਜਾਰੀ ਰਹੇ ਤਾਂ ਮੁਮਕਿਨ ਹੈ ਕਿ ਕਿਸੇ ਕਾਰਵਾਈ ਕਰਨ ਤੋਂ ਪਹਿਲਾਂ ਪਹਿਲਾਂ ਹੀ ਅਸੀ ਫਾਕੇ ਨਾਲ ਮਰ ਜਾਈਏ।''
ਗੀਡ ਨੇ ਆਖਿਆ ਜੇਕਰ ਇਹ ਸਮੱਸਿਆ ਰਾਤ ਤੀਕਰ ਹੱਲ ਨ ਹੋਈ, ਤਦ ਅਗਲੀ ਸਵੇਰ ਤੀਕਰ ਹੋ ਜਾਵੇਗੀ ਤੁਹਾਡਾ ਵਕੀਲ ਬਰਡ ਇਸ ਮਾਮਲੇ ਵਿੱਚ ਜੁਟਿਆ ਹੋਇਆ ਹੈ।'' ਅਧਿਕਾਰੀਆਂ ਨੇ ਪੂਰਾ ਪੂਰਾ ਤਾਣ ਲਾਇਆ ਹੈ ਤਾਂ ਜੋ ਤੁਹਾਨੂੰ ਝਬਦੇ ਹੀ ਪਾਣੀ ਮਿਲ ਜਾਵੇ। ਪਰ ਦੇਰੀ ਹੋ ਗਈ ਹੈ। ਤੁਹਾਨੂੰ ਕੱਲ ਤੀਕਰ ਕਿੰਨੇ ਪਾਣੀ ਦੀ ਲੋੜ ? ਅਸੀਂ ਤੁਰੰਤ ਹੀ ਇਸਨੂੰ ਮੰਗਵਾ ਸਕਦੇ ਹਾਂ।'' ਲਾਹੌਰ ਜਿਲੇ ਦਾ ਵਸਨੀਕ ਨਿਹੰਗ ਅਮਰ ਸਿੰਘ ਗੀਡ ਤੇ ਟੁੱਟ ਪਿਆ। '' ਮੈਂ ਚਾਹੁੰਦਾ ਹਾਂ ਕਿ ਤੂੰ ਵੀ ਉਸੇ ਹਾਲਤ ਵਿਚ ਰਹਿ ਕੇ ਵੇਖੇਂ ਜਿਵੇਂ ਅਸੀਂ ਪਿਛਲੇ ਤਿੰਨਾਂ ਦਿਨਾਂ ਤੋਂ ਰਹਿ ਰਹੇ ਹਾਂ। ਸਾਨੂੰ ਇੱਕ ਤਿੱਪ ਪਾਣੀ ਨਹੀ ਮਿਲਿਆ। ਜੇਕਰ ਤੂੰ ਅਜਿਹੀ ਸਥਿਤੀ ਵਿਚ ਹੋਵੇ ਤਾਂ ਤੈਨੂੰ ਖੁਦ ਇਸ ਦਾ ਅਹਿਸਾਸ ਹੋ ਜਾਵੇ। ਅਜਿਹੀ ਹਾਲਤ ਵਿੱਚ ਤੈਨੂੰ ਖੁਦ ਇਸ ਦਾ ਅਹਿਸਾਸ ਹੋ ਜਾਵੇ ਅਜਿਹੀ ਹਾਲਤ ਵਿੱਚ ਤੈਨੂੰ ਪਤਾ ਹੈ ਕਿ ਇਹਨਾ ਸਾਰੇ ਲੋਕਾਂ ਦੀ ਕੀ ਦਸ਼ਾ ਹੈ। ਤੈਨੂੰ ਦਿਨ ਵਿੱਚ ਤਿੰਨ ਵਾਰ ਖਾਣਾ ਮਿਲਦਾ ਹੈ। ਪਾਣੀ ਮਿਲਦਾ ਹੈ। ਸਾਨੂੰ ਕੁਝ ਵੀ ਨਹੀਂ ਮਿਲਦਾ। ਜੇਕਰ ਤੂੰ ਆਪਣੇ ਆਪ ਤਿੰਨ ਜਾਂ ਚਾਰ ਘੰਟੇ ਭੁੱਖੇ ਰਹੇਂ ਤਾਂ ਤੂੰ ਆਪਣੇ ਲਈ ਕੁਝ ਨ ਕੁਝ ਪ੍ਰਾਪਤ ਕਰਨ ਲਈ ਕਾਰਵਾਈ ਆਵੱਸ਼ ਕਰੇਗਾ। ਪਰ ਸਾਨੂੰ ਤਾਂ ਤਿੰਨਾਂ ਦਿਨਾਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੋਇਆ ਜਦੋਂ ਤੋਂ ਜਹਾਜ਼ ਇੱਥੇ ਪੁੱਜਿਆ ਹੈ ਤੂੰ ਸ਼ਾਇਦ ਤਿੰਨ ਵਾਰ ਏਥੇ ਆਇਆ ਹੈ। ਅਸੀਂ ਕਈ ਮਾਮਲਿਆਂ ਸਬੰਧੀ ਤੈਨੂੰ ਚਿੱਠੀਆਂ ਲਿਖੀਆਂ ਸ਼ਕਾਇਤਾ ਕੀਤੀਆਂ। ਅਸੀਂ ਤੁਹਾਡੇ ਸਬੰਧੀ ਉਹਨਾਂ ਅਫਸਰਾਂ ਤੋਂ ਪੁੱਛਿਆ ਜਿਹੜੇ ਜਹਾਜ਼ ਤੇ ਆਉਂਦੇ ਰਹੇ, ਪਰ ਉਹਨਾਂ ਨੇ ਹਮੇਸ਼ਾ ਇਹੋ ਆਖਿਆ ''ਮਿਸਟਰ ਗੀਡ ਇਸ ਅਮਲੇ ਵੱਲ ਧਿਆਨ ਦੇ ਰਹੇ ਹਨ ਜਾਂ ਮੈਨੂੰ ਕੁਝ ਪਤਾ ਨਹੀਂ ਤੂੰ ਇਸ ਜਹਾਜ਼ ਤੇ ਸਿਵਾਏ ਤਿੰਨ ਵਾਰ ਦੇ ਕਦੇ ਨਹੀਂ ਆਇਆ। ਤੂੰ ਏਥੇ ਹੈ ਅਸੀਂ ਤੈਨੂੰ ਉਸ ਸਮੇਂ ਤੀਕ ਫੜੀ ਰੱਖਣਾ ਚਾਹਾਂਗੇ ਜਦੋਂ ਤੀਕਰ ਤੇਰੇ ਰਸਦ ਭੇਜਣ ਦੇ, ਪਾਣੀ ਘੱਲਣ ਦੇ ਵਾਹਦੇ ਪੂਰੇ ਨ ਹੋ ਜਾਣ।''

ਇਸ ਤੋਂ ਮੁਸਾਫਰਾਂ ਦੇ ਸਲੂਕ ਸਬੰਧੀ ਭੁਲੇਖਾ ਨਹੀਂ ਰਹਿ ਜਾਂਦਾ। ਜਿਹੜਾ ਕਿ ਉਹਨਾਂ ਨੇ ਪਹਿਲੇ ਸੱਤ ਹਫਤਿਆਂ ਤੋਂ ਧਾਰਨ ਕੀਤਾ ਹੋਇਆ ਸੀ ਅਤੇ ਇਹੀ ਕਾਰਣ ਸੀ ਕਿ ਗੀਡ ਨੇ ਆਪਣੇ ਟੋਲੀ ਵਿੱਚ ਇਸਤਰੀਆਂ ਨੂੰ ਵੀ ਸ਼ਾਮਲ ਕਰਨ ਅਤੇ ਜਹਾਜ਼ ਤੇ ਲਿਆਉਣ ਦੀ ਜੁਰੱਅਤ ਕਰ ਲਈ ਸੀ। ਹੁਣ ਵੀ ਜਦੋਂ ਸਟੈਨੋਗਰਾਫਰ ਇਸਤਰੀਆਂ ਨੂੰ ਉਹਨਾਂ ਦੀ ਸੁਰੱਖਿਆ ਹਿੱਤ ਲਾਂਚ ਤੇ ਅਪੜਾਇਆ ਜਾ ਰਿਹਾ ਸੀ। ਕਿਸੇ ਨੇ ਵੀ ਉਹਨਾਂ ਨੂੰ ਰੋਕਣ ਦਾ ਯਤਨ ਨਹੀਂ ਕੀਤਾ। ਫੇਰ ਵੀ ਪਰੈਸ ਵਾਲਿਆਂ ਨੂੰ ਜਿਹੜੇ ਬਾਅਦ ਵਿੱਚ ਘਟਨਾ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਆਏ, ਇਹੋ ਕਿਹਾ ਗਿਆ ਕਿ ਮੁਸਾਫਰ ਤਸ਼ਦੱਦ ਕਰਨ ਵਾਲੇ ਹੀ ਸਨ ਅਤੇ ਹਾਪਕਿਨਸਨ ਦੀ ਚੁਸ਼ਿਆਰੀ ਨੇ ਹੀ ਸਥਿਤੀ ਦੀ ਵਿਸਫੋਟਕ ਹੋਣ ਤੋਂ ਰੋਕਿਆ ਸੀ। ਗੀਡ ਨੇ ਸਿੱਖਾਂ ਦੇ ਬਚਨਾਂ ਨੂੰ ਧਮਕੀਆ ਕਰਾਰ ਦਿੱਤਾ। ਉਸਨੂੰ ਯਕੀਨ ਸੀ ਕਿ ਸੈਲੂਨ ਵਿੱਚੋਂ ਬਾਹਰ ਜਾਣ ਦੇ ਮੁੱਖ ਰਸਤੇ ਨੂੰ ਰੋਕ ਲਿਆ ਗਿਆ ਸੀ। ਉਸਨੇ ਜਿੰਨੀ ਕੁ ਅਣਖ ਉਹ ਵਿਖਾ ਸਕਿਆ

ਉਹ ਤੇਜ਼ੀ ਨਾਲ ਪਿਛਲੇ ਬੂਹੇ ਰਾਹੀਂ ਮੁਸਾਫਰਾਂ ਦੇ ਸਮੂੰਹ ਦੇ ਮੋਢਿਆ ਨਾਲ ਚਰੀਦਾ ਹੋਇਆ ਲਕੜੀ ਦੇ ਪੁੱਲ ਤੇ ਜਾ ਪੁੱਜਿਆ। ਤਿੰਨ ਘੰਟਿਆਂ ਪਿੱਛੋਉਚ ਆਪਦੇ ਲਾਂਚ ਵਿੱਚ ਪਰਤਿਆ ਸੀ। ਉਸਨੇ ਹਾਪਕਿਨਸਨ ਦੀ ਇਹ ਸਲਾਹ ਮੰਨ ਲਈ ਕਿ ਆਰਜੀ ਤੌਰ ਤੇ ਖੁਰਾਕ ਤੇ ਪਾਣੀ ਪਹੁੰਚਾ ਦਿੱਤੇ ਜਾਣ।

ਗੀਡ ਆਪਣੇ ਵਾਹਦੇ ਅਨੁਸਾਰ ਸ਼ਾਮ ਨੂੰ ਆਪਣੇ ਕਈ ਅਫਸਰਾਂ ਤੇ ਸ਼ਹਿਰੀ ਪੁਲਿਸ ਦੇ ਇਕ ਇੰਨਸਪੈਕਟਰ ਨੂੰ ਨਾਲ ਲੈ ਕੇ ਜਹਾਜ਼ ਦੇ ਨੇੜੇ ਆਇਆ। ਉਹ ਡੇਢ ਦਿਨਾਂ ਦੇ ਗੁਜਾਰੇ ਲਈ ਗੋਭੀ ਆਟਾ ਤੇ ਪਾਣੀ ਆਦਿ ਲੈ ਕੇ ਆਇਆ ਸੀ। ਉਸਨੇ ਲਾਂਚ ਤੇ ਖਲੋਤਿਆਂ ਹੋਇਆ ਇਸ ਗੱਲ ਨੂੰ ਸਪੱਸ਼ਟ ਕਰਦਿਆਂ ਕਿਹਾ ਸਰਕਾਰ ਆਪਣੀ ਜਿੰਮੇਵਾਰੀ ਤੋਂ ਪਿੱਛੋਂ ਨਹੀਂ ਹਟੀ। ਪਰ ਰਸਦ ਦੀ ਸਪਲਾਈ ਦੀ ਜਿੰਮੇਵਾਰੀ ਮਾਲਕਾਂ, ਕਿਰਾਏਦਾਰਾਂ ਜਾਂ ਕਪਤਾਨ ਦੀ ਹੈ। ਉਸਨੇ ਮੁੜ ਕਿਹਾ "ਮੈਨੂੰ ਅਫਸੋਸ ਹੈ ਕਿ ਹਾਂਗਕਾਂਗ ਤੇ ਵੈਨਕੂਵਰ ਦੇ ਵਕੀਲਾਂ ਨੇ ਤੁਹਾਨੂੰ ਗੁੰਮਰਾਹ ਕੀਤਾ ਹੈ। ਕਿ ਤੁਸੀ ਅਦਾਲਤਾਂ ਵਿੱਚ ਮੁਕਦਮੇ ਜਿੱਤ ਜਾਓਗੇ।" ਫਿਰ ਉਸਨੇ ਚਿਤਾਵਨੀ ਦਿੱਤੀ ਕਿ ਤੁਸੀਂ ਸ਼ਹਿਰ ਦੇ ਕਾਨੂੰਨਾ ਦੇ ਅਧੀਨ ਹੋ, ਸਥਾਨਕ ਪੁਲਿਸ ਦੇ ਹੁਕਮ ਦੇ ਅਧੀਨ ਹੋ ਫਿਰ ਉਸਨੇ ਰਸਦ ਨੂੰ ਜਹਾਜ਼ ਤੇ ਲੱਦਣ ਦਾ ਹੁਕਮ ਦਿੱਤਾ। ਜਦੋਂ ਮੁਸਾਫਰਾਂ ਨੂੰ ਰਸਦ ਮਿਲ ਗਈ, ਉਹ ਚੰਗੇ ਮੂਡ ਵਿੱਚ ਹੋ ਗਏ। ਅਤੇ ਪੱਤਰਕਾਰ ਜਿਹੜੇ ਕਿਸ਼ਤੀ ਵਿੱਚ ਸਭ ਕੁੱਝ ਵੇਖਣ ਆਏ ਹੋਏ ਸਨ। ਇਸ ਨੂੰ ਤੱਕ ਕੇ ਚਕ੍ਰਿਤ ਰਹਿ ਗਏ। ਨਿਊਜ ਐਡਵਰਟਾਈਜਰ ਅਖਬਾਰ ਦਾ ਪੱਤਰ ਪ੍ਰੇਰਕ ਕਿਵੇਂ ਨ ਕਿਵੇਂ ਜਹਾਜ਼ ਤੇ ਅਪੜਣ ਵਿੱਚ ਕਾਮਯਾਬ ਹੋ ਗਿਆ। ਅਤੇ ਉਹ ਪਹਿਲਾ ਪੱਤਰਕਾਰ ਸੀ ਜਿਹੜਾ ਜਹਾਜ਼ ਦੀ ਆਮਦ ਤੋਂ ਬਾਅਦ ਉਥੇ ਪੁੱਜਿਆ ਸੀ। ਉਹ ਜਹਾਜ਼ ਦੇ ਮੋਹਰਲੇ ਭਾਗ ਤੋਂ ਲੈ ਕੇ ਅਖੀਰਲੇ ਭਾਗ ਤੀਕਰ ਟਹਿਲਦਾ ਹੋਇਆ ਚਲਿਆ ਗਿਆ। ਉਸਨੇ ਇੱਕ ਸੁਰਾਖ ਰਾਹੀਂ ਹੇਠਾਂ ਮੁਸਾਫਰਾਂ ਦੀਆਂ ਸੀਟਾਂ ਨੂੰ ਤੱਕਿਆ। ਹੇਠਾਂ ਗੁਰਦੁਆਰੇ ਵਿੱਚ ਪ੍ਰਾਥਨਾ ਕਰ ਰਹੇ ਲੋਕਾਂ ਨੂੰ ਤੱਕਿਆ। ਉਸ ਨੇ ਜਹਾਜ਼ ਨੂੰ ਸਾਫ ਸੁਥਰਾ ਵੇਖਿਆ। ਜਹਾਜ਼ ਦੇ ਫਰਸ਼ ਤੇ ਪਏ ਕੂੜੇ ਕਰਕਟ ਦੇ ਢੇਰਾਂ ਨੂੰ ਰਾਖ ਨਾਲ ਢਕਿਆ ਹੋਇਆ ਸੀ ਜਿਨ੍ਹਾਂ ਚੋਂ ਇਸ ਤਰ੍ਹਾਂ ਭੈੜੀ ਦੁਰਗੰਧ ਨਹੀਂ ਸੀ ਆਉਂਦੀ। ਜਿਸ ਤਰ੍ਹਾਂ ਦਾ ਉਸਨੂੰ ਆਸ ਦੁਆਈ ਗਈ ਸੀ। ਮੁਸਾਫਰ ਨਾ ਹੀ ਬਹੁਤ ਮਿਲਣਸਾਰ ਅਤੇ ਨ ਹੀ ਉਕਾ ਬੇਲਾਗ ਸਨ। ਉਸਨੇ ਦਲਜੀਤ ਸਿੰਘ ਨੂੰ ਜਿਹੜਾ ਪਤਲਾ ਜਿਹਾ ਸ਼ਿੱਦਤ ਭਰਿਆ ਗੱਭਰੂ ਸੀ ਪੁੱਛਿਆ ਕਿ ਉਸਨੂੰ ਸੱਭ ਤੋਂ ਵੱਧ ਕੌਣ ਮਾੜਾ ਲਗਦਾ ਸੀ। ਉੱਤਰ ਸਮਝੌਤਾ ਕਰੂ ਸੀ ਭਾਵੇਂ ਇਸ ਦੇ ਪਿੱਛੇ ਬਹੁਤ ਕੁੱਝ ਲੁਕਿਆ ਹੋਇਆ ਸੀ" ਸਾਡੇ ਕੋਲ ਕੋਈ ਕਾਰਨ ਨਹੀਂ ਕਿ ਅਸੀਂ ਕੈਨੇਡਾ ਵਾਸੀਆਂ ਦੇ ਵਿਵਹਾਰ ਜਾਂ ਸਲੂਕ ਸਬੰਧੀ ਸ਼ਕਾਇਤ ਕਰੀਏ। ਅਸੀਂ ਮਹਿਸੂਸ ਕਰਦੇ ਹਾਂ ਕਿ ਅਦਾਲਤਾਂ ਨੇ ਸਾਡੀ ਨਿਆਂ ਪੂਰਵਕ ਸੁਣਵਾਈ ਕੀਤੀ ਹੈ ਅਤੇ ਸਾਨੂੰ ਕੋਈ ਸ਼ਕਾਇਤ ਨਹੀਂ। ਪਰ ਅਸੀਂ ਆਪਣੀ ਸਰਕਾਰ ਸੱਭ ਤੋਂ ਅਮੈਤਰੀ ਭਾਵ ਰੱਖਦੇ ਹਾਂ। ਜਿਹੜੀ ਕਿ ਅਤਿ ਨਿਰਬਲ ਸਿੱਧ ਹੋਈ ਹੈ। ਉਹ ਹਿੰਦੂਆਂ ਨੂੰ ਜੋ ਬਰਤਾਨਵੀ ਪਰਜਾ ਦੇ ਅਟੁੱਟ ਅੰਗ ਹਨ। ਬਰਤਾਨਵੀ ਰਾਜ ਦੇ ਅੰਦਰ ਜਿੱਥੇ ਵੀ ਚਾਹੁਣ ਜਾਣ ਦੇਣ ਦੀ ਜਾਮਨੀ ਨਹੀਂ ਭਰ ਸਕੇ।"

ਸ਼ਹਿਰੀਆਂ ਅਤੇ ਕੇਂਦਰੀ ਸਰਕਾਰ ਦੀ ਪੱਥਰ ਦਿਲੀ ਨੇ ਘੱਟੋ ਘੱਟ ਇੱਕ ਸੰਪਾਦਕੀ ਨੂੰ ਟੁੰਬਿਆ ਸੀ। ਗੀਡ ਨੇ ਮੁਸਾਫਰਾ ਦੀ ਭਲਾਈ ਸੰਬੰਧੀ ਉੱਕਾ ਲਾਪਰਵਾਹੀ ਵਿਖਾਈ ਜਿਸ ਦਾ ਕੋਈ ਠੀਕ ਕਾਰਨ ਸੀ ਕਿਉਂਕਿ ਸਰਕਾਰ ਮੁਸਾਫਰਾਂ ਨੂੰ ਰਸਦ ਦੇ ਕੇ ਕੁੱਝ ਵੀ ਘਾਟਾ ਨਹੀਂ ਸੀ ਖਾਦੀ। ਉਹ ਅਜੇ ਵੀ ਮਾਲਕਾਂ ਵਿਰੁੱਧ ਕਾਰਵਾਈ ਕਰ ਸਕਦੀ ਸੀ ਤੇ ਖਰਚ ਵਸੂਲ ਸਕਦੀ ਸੀ। ਸੱਚੀ ਗੱਲ ਤਾਂ ਇਹ ਹੈ ਕਿ ਗੀਡ ਨੇ ਅਗਲੇ ਦਿਨ ਹੀ ਯਾਮਾਮੋਤੋ ਨੂੰ ਬਿੱਲ ਦੇ ਦਿੱਤਾ ਸੀ। ਉਪ ਮੰਤਰੀ ਨੂੰ ਦਸਦਿਆਂ ਕਿ ਕੀ ਕੁੱਝ ਕੀਤਾ ਗਿਆ ਸੀ। ਹਾਪਕਿਨਸਨ ਨੇ ਲਿਖਿਆ ਕਿ ਉਸ ਨੂੰ ਯਕੀਨ ਹੈ ਕਿ ਸਰਕਾਰ ਮੁਸਾਫਰਾਂ ਨੂੰ ਭੁੱਖੇ ਮਰਦਿਆਂ ਨਹੀਂ ਵੇਖਣਾ ਚਾਹੁੰਦੀ। ਪਰ ਇਹ ਗੱਲ ਵਿਚਾਰਨ ਯੋਗ ਹੈ ਕਿ ਇਸ ਸਬੰਧੀ ਉਸਨੂੰ ਸ਼ੰਕਾ ਹੀ ਕਿਉਂ ਹੋਈ। ਉਸਨੂੰ ਇਸ ਗੱਲ ਦੀ ਜ਼ਿਆਦਾ ਚਿੰਤਾ ਸੀ ਕਿ ਜਹਾਜ਼ ਉੱਤੇ ਅਤੇ ਸਥਾਨਕ ਅਤਿਵਾਤੀ ਹਿੰਦੁਸਤਾਨੀ ਹੋਰ ਫਸਾਦਾ ਨੂੰ ਉਤਸ਼ਾਹਤ ਕਰਨਗੇ। "ਮੈਂ ਹਰ ਹੀਲਾ ਕਰ ਰਿਹਾ ਹਾਂ ਕਿ ਮੁਸਾਫਰਾਂ ਤੇ ਸਰਕਾਰੀ ਅਫਸਰਾਂ ਵਿਚਕਾਰ ਲੜਾਈ ਝਗੜੇ ਨੂੰ ਟਾਲਿਆ ਜਾਵੇ। ਉਸਦੀ ਲਿਖਤ ਵਿੱਚ ਟੇਡੇ ਢੰਗ ਗੀਡ ਦੀ ਨੁਕਤਾਚੀਨੀ ਸੀ।

ਸ਼ੁਕਰਵਾਰ 10 ਜੁਲਾਈ ਨੂੰ ਅਰਥਾਤ ਅਦਾਲਤ ਦੇ ਫੈਸਲੇ ਤੋਂ ਚਾਰ ਦਿਨ ਪਿੱਛੋਂ ਡਿਪੋਰਟ ਕਰਨ ਦੇ ਕਾਗਜ਼ ਤਿਆਰ ਕੀਤੇ ਗਏ । ਇਸ ਬਿਨਾ ਤੇ ਕਿ ਮੁਸਾਫਰਾਂ ਨੇ ਡਾਕਟਰੀ ਮੁਆਇਨਾ ਕਰਵਾਉਣ ਤੋਂ ਇਨਕਾਰ ਕੀਤਾ ਸੀ। ਅਜੇ ਤੀਕਰ ਜਹਾਜ਼ ਦੀ ਵਾਪਸੀ ਲਈ ਲੋੜੀ ਦੀ ਰਸਦ ਆਦਿ ਦੇ ਕੋਈ ਵੀ ਪ੍ਰਬੰਧ ਨਹੀ ਸੀ ਕੀਤੇ ਗਏ। ਭਾਵੇ ਹਾਲਾਤ ਤੋਂ ਜਾਣੂ ਲੋਕ ਜਾਣਦੇ ਸਨ ਕਿ ਸਰਕਾਰ ਨੂੰ ਅਜਿਹਾ ਕਰਨਾ ਪਵੇਗਾ ਮੰਦੇ ਭਾਗੀ ਅਟਵਾ ਦੇ ਅਫਸਰ ਇਤਨੇ ਦੂਰ ਦਰਸ਼ੀ ਨਹੀਂ ਸਨ ਅਤੇ ਗੀਡ ਅਜਿਹਾ ਮਨੁੱਖ ਨਹੀਂ ਸੀ ਜਿਹੜਾ ਸਮੱਸਿਆ ਨੂੰ ਸੁਲਝਾ ਦਿੰਦਾ। ਗੀਡ ਤਾਂ ਰਹੀਮ ਤੇ ਭਾਗ ਸਿੰਘ ਦੀਆਂ ਚਾਲਾਂ ਵਿੱਚ ਪੂਰੀ ਤਰ੍ਹਾਂ ਉਲਝਿਆ ਹੋਇਆ ਸੀ । ਉਹ ਦੋਵੇਂ ਆਪਣੇ ਖਰਚ ਹੋਏ ਪੈਸੇ ਨੂੰ ਪ੍ਰਾਪਤ ਕਰਨ ਲਈ ਕਾਫੀ ਰਕਮ ਚਾਹੁੰਦੇ ਸਨ ਅਤੇ ਧਮਕੀ ਦੇ ਰਹੇ ਸਨ ਕਿ ਜੇਕਰ ਉਹਨਾਂ ਦੀਆਂ ਸ਼ਰਤਾਂ ਨੂੰ ਪੂਰਿਆ ਨਾ ਕੀਤਾ ਗਿਆ ਉਹ ਜਹਾਜ਼ ਨੂੰ ਆਪਣੇ ਕਬਜੇ ਵਿੱਚ ਲੈਣ ਲਈ ਅਦਾਲਤੀ ਕਾਰਵਾਈ ਕਰਨਗੇ। ਕੁੱਝ ਮੁਸਾਫਰਾਂ ਨੇ ਛੋਟੀਆਂ ਕਿਸ਼ਤੀਆਂ ਨੂੰ ਸੱਦਣ ਦੀ ਕੋਸ਼ਿਸ਼ ਕੀਤੀ ਅਤੇ ਪੇਸ਼ਕਸ਼ ਕੀਤੀ ਕਿ ਜੇਕਰ ਉਹ ਉਹਨਾਂ ਨੂੰ ਸਮੁੰਦਰੀ ਕਿਨਾਰੇ ਤੇ ਲੈ ਜਾਣ ਤਾਂ ਇਸ ਦੇ ਬਦਲੇ ਵਿੱਚ ਪ੍ਰਤਿ ਮੁਸਾਫਰ 5 ਪੌਂਡ ਦਿੱਤੇ ਜਾਣਗੇ । ਜਹਾਜ਼ ਤੋਂ ਅਜੇਹੀਆਂ ਖਬਰਾਂ ਵੀ ਆ ਰਹੀਆਂ ਸਨ ਕਿ ਸਾਰੇ ਮੁਸਾਫਰਾਂ ਦੇ ਲੁਕਕੇ ਬਚ ਨਿਕਲਣ ਲਈ ਕੋਲੇ ਨੂੰ ਅੱਗ ਲਾ ਦਿੱਤੀ ਜਾਵੇਗੀ। ਗੀਡ ਨੂੰ ਇਸ ਕਿਸਮ ਦੀਆਂ ਘਟਨਾਵਾਂ ਦੇ ਘਟਨ ਦੀ ਕੋਈ ਘੱਟ ਉਮੀਦ ਨਹੀਂ ਸੀ ਅਤੇ ਉਸ ਨੂੰ ਜਾਪਦਾ ਸੀ ਕਿ ਅਜਿਹੀਆਂ ਗੱਲਾ ਦਾ ਇਕੋ ਇੱਕ ਉੱਤਰ ਸੀ ਤਾਕਤ ਦੀ ਵਰਤੋਂ । ਜਹਾਜ਼ ਵਾਲੇ ਲੋਕਾਂ ਨੂੰ ਰਤੀ ਭਰ ਭੁਰੋਸਾ ਨਹੀਂ ਸੀ। ਉਹਨਾਂ ਤਾਂ ਇਸ ਗੱਲ ਦਾ ਵੀ ਪਤਾ ਨਹੀਂ ਸੀ ਕਿ 24 ਘੰਟਿਆਂ ਪਿੱਛੋਂ ਉਹਨਾਂ ਨੂੰ ਖਾਣਾ ਵੀ ਮਿਲ ਸਕੇਗਾ ਕਿ ਨਹੀਂ ਸਾਰੇ ਸ਼ਾਂਤ ਸਾਗਰ ਨੂੰ ਪਾਰ ਕਰਨ ਦੀ ਗੱਲ ਤਾਂ ਕਿਤੇ ਰਹੀ ।

9 ਤਾਰੀਖ ਨੂੰ ਕਪਤਾਨ ਯਾਮਾਮੋਤੋ ਨੂੰ ਖੁਰਾਕ ਅਤੇ ਪਾਣੀ ਦੇ ਖਰਚੇ ਦਾ ਛੋਟਾ ਜਿਹਾ ਬਿੱਲ ਦਿੱਤਾ ਗਿਆ ਸੀ । ਕਪੜਾਨ ਉਸ ਬਿੱਲ ਨੂੰ ਲੈ ਕੇ ਸਰ ਚਾਰਲਸ ਹਿਬਡ਼ਟ ਟਿੱਪਰ, ਜਿਸਨੂੰ ਏਜੰਟ ਗਾਰਡਨਰ ਜਾਨਸਨ ਨੇ ਮਾਲਕਾਂ ਦੇ ਵਕੀਲ ਵੱਜੋਂ ਕੀਤਾ ਹੋਇਆ ਸੀ ਕੋਲ ਗਿਆ। ਟਿੱਪਰ ਨੇ ਸੋਚਿਆ ਤਾਂ ਕਿ ਹੁਣ ਸਮਾਂ ਆ ਗਿਆ ਹੈ ਕਿ, ਛੋਟੇ ਦਰਜੇ ਦੇ ਅਧਿਕਾਰੀਆਂ ਨੂੰ ਛੱਡ ਕੇ ਸਿਧਿਆਂ ਹੀ ਪਰਧਾਨ ਮੰਤਰੀ, ਸਰ ਰਾਬਰਟ ਬੋਰਡਨ ਨਾਲ ਸੰਪਰਕ ਕੀਤਾ ਜਾਵੇ। ਉਹ ਬੋਰਡਨ ਦਾ ਪੁਰਾਣਾ ਮਿੱਤਰ ਸੀ। ਅਤੇ ਪਹਿਲਾਂ ਉਸਦਾ ਕਾਨੂੰਨੀ ਹਿੱਸੇਦਾਰ ਰਿਹਾ ਸੀ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਸਨੇ ਅਤੇ ਉਸਦੇ ਪਿਤਾ ਨੇ ਹੀ ਬੋਰਡਨ ਨੂੰ ਸਿਆਸਤ ਵਿੱਚ ਲਿਆਂਦਾ ਸੀ ਅਤੇ ਉਸਨੂੰ ਕਨਜਰਵੇਟਿਵ ਪਾਰਟੀ ਦੇ ਨੇਤਾ ਦੀ ਪਦਵੀ ਤੀਕਰ ਅਪੜਾਇਆ ਸੀ। ਸੋ ਉਸਨੇ ਬਿਨਾ ਕਿਸੇ ਵਿਸ਼ੇਸ਼ ਸੋਚਣੀ ਦੇ ਬੋਰਡਨ ਨੂੰ 10 ਜੁਲਾਈ ਸ਼ੁਕਰਵਾਰ ਵਾਲੇ ਦਿਨ ਤਾਰ ਦਿੱਤੀ। ਉਸਨੇ ਕਿਹਾ ਕਿ ਭਾਵੇਂ ਉਸਦੀ ਫਰਮ ਜਹਾਜ਼ ਦੇ ਮਾਲਕਾਂ ਲਈ ਕੰਮ ਕਰਦੀ ਹੈ। ਮੈਂ ਆਪ ਨੂੰ ਵਿਅਕਤੀਗਤ ਤੌਰ ਤੇ ਸੰਬੋਧਨ ਕਰਦਾ ਹਾਂ । ਸਪਤਾਹ ਦੇ ਅੰਤ ਤੀਕਰ ਤਾਰਾਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ ਮੰਗਲਵਾਰ ਤੀਕਰ ਗੀਡ ਨੂੰ ਆਖਿਆ ਗਿਆ ਕਿ ਉਹ ਟਿੱਪਰ ਦੇ ਸੁਝਾਅ ਦੇ ਪ੍ਰਕਾਸ਼ ਵਿੱਚ ਕਾਰਵਾਈ ਕਰੇ। ਉਸਦੇ ਅਰਥ ਸਨ ਕਿ ਕਾਮਾਗਾਟਾ ਮਾਰੂ ਨੂੰ ਉਸ ਅਸਥਾਨ ਤੇ ਜਿਹੜਾ ਕੈਨੇਡਾ ਦੀ ਪੰਜ ਕਿਲੋਮੀਟਰ ਸਮੁੰਦਰ ਦੀ ਹੱਦ ਤੋਂ ਪਰੇ ਅਤੇ ਵੈਨਕੂਵਰ ਤੋਂ ਸਮੁੰਦਰ ਦੇ ਰਸਤੇ 250 ਕਿਲੋਮੀਟਰ ਤੇ ਹੋਵੇ ਉੱਥੇ ਰਸਦ ਦਿੱਤੀ ਜਾਵੇ। ਇਸ ਦਾ ਭਾਵ ਇਹ ਸੀ ਕਿ ਮੁਸਾਫਰ ਇਤਨੀ ਦੂਰ ਤੇ ਜਾਣ ਲਈ ਭਰੋਸੇ ਦਾ ਇਜਹਾਰ ਕਰਨ ।

9 ਤਾਰੀਖ ਤੋਂ ਪਿੱਛੋਂ ਗੀਡ ਨੇ ਨਿਤਾਪਰਤੀ ਪਾਣੀ ਦੇ ਕੁੱਝ ਟਨ ਜਹਾਜ਼ ਤੇ ਪਹੁੰਚਾਣ ਦੇ ਆਦੇਸ਼ ਦਿੱਤੇ ਸਨ । ਭਾਵੇਂ ਉਸਨੇ ਕਿਸੇ 'ਬਿੱਲ' ਦੀ ਅਦਾਇਗੀ ਨਹੀਂ ਕੀਤੀ ਸੀ । ਸ਼ਨਿਚਰਵਾਰ ਨੂੰ ਉਸਦੇ ਅਫਸਰ ਆਰਜੀ ਖੁਰਾਕ ਦੀ ਇਕ ਹੋਰ ਖੇਪ ਲੈ ਗਏ। ਇਸ ਵਿੱਚ ਕੁੱਝ ਹੋਰ ਆਟਾ, ਗੋਭੀ ਅਤੇ ਕੁੱਝ ਚਾਵਲ ਸ਼ਮਿਲਤ ਸਨ। ਉਹਨਾਂ ਨੇ ਮੁਸਾਫਰਾਂ ਵੱਲੋਂ ਦਿੱਤੀ ਗਈ ਲੋੜੀਦੀ ਚੀਜਾਂ ਦੀ ਲੰਮੀ ਸੂਚੀ ਨੂੰ ਅੱਖੋ ਪਰੋਖੇ ਕਰ ਦਿੱਤਾ ਸੀ। ਮੁਸਾਫਰਾਂ ਦੀ ਸੱਭ ਤੋਂ ਵੱਡੀ ਸ਼ਕਾਇਤ ਮੱਖਣ ਬਾਰੇ ਸੀ ਜੋ ਖਾਣਾ ਪਕਾਉਣ ਲਈ ਚਾਹੀਦੀ ਸੀ। ਉਹਨਾਂ ਨੂੰ ਦਿੱਤਾ ਗਿਆ ਆਟਾ ਚੰਗੀ ਕਿਸਮ ਦਾ ਨਹੀਂ ਸੀ ਅਤੇ ਮੁਸਾਫਰਾਂ ਨੇ ਕਿਹਾ ਕਿ

ਉਸ ਆਟੇ ਨਾਲ ਉਹ ਬੀਮਾਰ ਹੋ ਗਏ ਸਨ। ਇਹ ਬਰੈਡ ਬਨਾਉਣ ਲਈ ਆਟਾ ਸੀ ਕਿ ਸਬੂਤੀ ਕਣਕ ਦਾ ਆਟਾ ਜੋ ਉਹਨਾਂ ਨੂੰ ਚਪਾਤੀਆ ਬਨਾਉਣ ਲਈ ਚਾਹੀਦਾ ਸੀ। ਉਹਨਾਂ ਨੂੰ ਨ ਪੀਣ ਲਈ ਨ ਭੋਜਨ ਤਿਆਰ ਕਰਨ ਲਈ ਤੇ ਨ ਹੀ ਜੈਨਰੇਟਰ ਚਲਾਉਣ ਲਈ ਕਾਫੀ ਪਾਣੀ ਦਿੱਤਾ ਜਾ ਰਿਹਾ ਸੀ।

ਉਹਨਾਂ ਨੇ ਰੀਡ ਨੂੰ ਚਿਤਾਵਨੀ ਦਿੱਤੀ ਕਿ ਜਹਾਜ਼ ਤੇ ਸਵਾਰ ਮੁਸਾਫਰਾਂ ਦੀਆਂ ਸਿਹਤਾਂ ਨੂੰ ਖਤਰਾ ਹੈ। ਜਹਾਜ਼ ਤੇ ਕੂੜੇ ਕਰਕਟ ਦੇ ਢੇਰਾਂ ਕਾਰਨ ਇਸ ਦੁਆਲੇ ਮੱਖੀਆਂ ਤੇ ਚੂਹਿਆਂ ਦੀ ਸੰਖਿਆ ਵਿੱਚ ਵਾਧਾ ਹੋ ਗਿਆ ਸੀ ! ਅਤੇ ਨਾਂਹ ਥੋੜੀ ਖੁਰਾਕ ਕਾਰਣ ਤੇ ਕਸਰਤ ਦੀ ਅਣਹੋਂਦ ਵਜੋਂ ਜਹਾਜ਼ ਤੇ ਬੀਮਾਰੀ ਫੈਲ ਗਈ ਹੈ ਅਖੀਰ ਵਿੱਚ ਇੱਕ ਹੈਲਥ ਦੇ ਅਧਿਕਾਰੀ ਨੇ ਜਹਾਜ਼ ਦਾ ਮੁਆਇਨਾ ਕੀਤਾ। ਉਸਨੇ ਰਿਪੋਰਟ ਦਿੱਤੀ।

"ਉਪਰਲੇ ਫਰਸ਼ ਤੇ ਰਾਖ ਤੇ ਕੂੜੇ ਕਰਕਟ ਦਾ ਢੇਰ ਮਲਬਾ ਇੱਕਤਰ ਹੋ ਗਿਆ ਹੈ। ਟੱਟੀਆਂ ਅਤਿਅੰਤ ਗੰਦੀਆਂ ਹਨ। ਅਤੇ ਉਹਨਾਂ ਨੂੰ ਪਾਣੀ ਨਾਲ ਸਾਫ ਕਰਨ ਦੀ ਅਤੀ ਲੋੜ ਹੈ। ਪਰ ਮਲਬੇ ਦੇ ਢੇਰਾਂ ਦੇ ਕਾਰਨ ਟੱਟੀਆਂ ਨੂੰ ਪਾਣੀ ਨਾਲ ਧੋਣ ਦਾ ਸਿੱਟਾ ਇਹ ਹੋਵੇਗਾ ਕਿ ਗੰਦਗੀ ਰਾਖ ਦੇ ਢੇਰਾ ਤੇ ਚਲੀ ਜਾਵੇਗੀ।

ਜਹਾਜ਼ ਦੇ ਹੇਠਲੇ ਫਰਸ਼ ਤੇ ਰਹਾਇਸ਼ ਦੀ ਥਾਂ ਉੱਤੇ ਅਤਿ ਭੀੜ ਹੈ। ਫਰਸ਼ ਗੰਦੇ ਹਨ। ਅਤੇ ਹਿੰਦੂਆਂ ਵਿੱਚ ਕੁੱਝ ਹੋਰ ਬੀਮਾਰ ਹੋਣ ਕਰਕੇ ਉਹ ਫਰਸ਼ਾ ਤੇ ਬਲਗਮ ਆਦਿ ਸੁੱਟ ਦਿੰਦੇ ਹਨ। ਮੇਰੀ ਰਾਏ ਹੈ ਕਿ ਇਸਨੂੰ ਪੂਰੀ ਤਰ੍ਹਾਂ ਸਾਫ ਕੀਤਾ ਜਾਵੇ ਅਤੇ ਚੂਨੇ ਤੇ ਪਾਣੀ ਨਾਲ ਧੋਇਆ ਜਾਵੇ। ਇਸ ਤੋਂ ਅੱਗੇ ਮੇਰੀ ਇਹ ਰਾਏ ਹੈ ਜੇਕਰ ਸੰਭਵ ਹੋਵੇ ਤਾਂ ਹਿੰਦੂਆਂ ਨੂੰ ਜਹਾਜ਼ ਤੋਂ ਲਾਹ ਕੇ ਇੱਕ ਕੁਆਰੰਟਾਈਨ ਸਟੇਸ਼ਨ ਤੇ ਰੱਖਿਆ ਜਾਵੇ। ਜਹਾਜ਼ ਨੂੰ ਦਵਾਈ ਨਾਲ ਕੀਟਾਣੂਆਂ ਤੋਂ ਸਾਫ ਕੀਤਾ ਜਾਵੇ ਤੇ ਜਹਾਜ਼ ਤੇ ਲੱਗੀ ਲੱਕੜੀ ਨੂੰ ਖੁਰਚਕੇ ਸਫਾ ਕੀਤਾ ਜਾਵੇ ਅਤੇ ਰਹਿਣ ਵਾਲੇ ਬੰਕਾਂ ਨੂੰ ਚੂਨੇ ਦੇ ਪਾਣੀ ਨਾਲ ਸਾਫ ਕੀਤਾ ਜਾਵੇ।"

17 ਜੁਲਾਈ ਸ਼ੁਕਰਵਾਰ ਨੂੰ ਰਾਹਦਾਰੀ ਅਤੇ ਡਿਪੋਰਟ ਕਰਨ ਦੇ ਕਾਗਜ਼ ਤਿਆਰ ਹੋ ਗਏ ਸਨ। ਅਤੇ 425 ਟਨ ਪਾਣੀ ਜਹਾਜ਼ ਤੇ ਲੱਦ ਦਿੱਤਾ ਗਿਆ ਸੀ। ਰੀਡ ਨੇ ਜਹਾਜ਼ ਨੂੰ ਡਾਕ ਵਿਚ ਲਾਉਣ ਦੀ ਆਗਿਆ ਨਹੀਂ ਦਿੱਤੀ ਸੀ ਅਤੇ ਨ ਹੀ ਉਸਨੇ ਭਾਗ ਸਿੰਘ ਤੇ ਰਹੀਮ ਨਾਲ ਸ਼ਰਤਾਂ ਦੇ ਨਿਪਟਾਰੇ ਬਾਬਤ ਗੱਲਬਾਤ ਕੀਤੀ ਸੀ। ਉਸਦੀ ਮਨਸਾ ਹੀ ਅਜਿਹਾ ਕਰਨ ਦੀ ਨਹੀਂ ਸੀ। ਨ ਹੀ ਉਸਨੇ ਅਜੇ ਖੁਰਾਕ ਆਦਿ ਖਰੀਦੀ ਸੀ। ਆਖਰੀ ਛਿਣ ਤੀਕਰ ਉਡੀਕ ਕਰਨੀ ਚਾਹੁੰਦਾ ਸੀ। ਅਤੇ ਜੋ ਕੁਝ ਮੁਸਾਫਰਾਂ ਦੇ ਖਾਣ ਲਈ ਸੀ ਉਸ ਸੀ 50 ਡਾਲਰ ਨਾਲ ਖਰੀਦੀ ਗਈ। ਰਸਦ ਤੋਂ ਬਚਿਆ ਸਮਾਨ। ਇਸ ਰਸਦ ਨੂੰ ਉਸਨੇ ਪਿਛਲੀ ਸਵੇਰ ਦੇ ਸਮੇਂ ਅਪੜਾਇਆ ਸੀ। ਰੀਡ ਨੂੰ ਅਫਸੋਸ ਸੀ ਕਿ ਉਸਨੂੰ ਜਹਾਜ਼ ਤੇ ਪਾਣੀ ਪਹੁੰਚਾਣਾ ਪਿਆ। ਪਰ ਇਸ ਤੋਂ ਬਿਨਾ ਪੰਜ ਕਿਲੋਮੀਟਰ ਦੀ ਦੂਰੀ ਤੱਕ ਜਹਾਜ਼ ਨੂੰ ਖਿੱਚਿਆ ਨਹੀਂ ਸੀ ਜਾ ਸਕਦਾ। ਇਸ ਦੁਪਿਹਰ ਤੋਂ ਉਪਰੰਤ ਜਹਾਜ਼ ਰਵਾਨਾ ਹੋ ਜਾਵੇਗਾ ਜੇ ਕੋਈ ਅਦਿੱਖ ਘਟਨਾ ਨ ਘਟੇ। ਉਸਨੇ ਅਟਵਾ ਨੂੰ ਤਾਰ ਭੇਜੀ।

ਇੱਕ ਅੰਤਮ ਫਰਜ ਰਹਿ ਗਿਆ ਸੀ ਅਤੇ ਉਹ ਸੀ ਰਘੂਨਾਥ ਸਿੰਘ ਉਸਦੀ ਪਤਨੀ ਤੇ ਉਸਦੇ ਪੁੱਤਰ ਨੂੰ ਜਹਾਜ਼ ਤੋਂ ਉਤਾਰਨਾ। ਘੱਟੋ ਘੱਟ ਉਹਨਾ ਲਈ ਤਾਂ ਸੰਕਟ ਮੁੱਕ ਗਿਆ ਸੀ। ਜਦੋਂ ਤੋਂ ਡਾਕਟਰ ਨੇ ਇੰਮੀਗਰੇਸ਼ਨ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਸੀ। ਉਹ ਆਪਣੇ ਸਾਥੀ ਮੁਸਾਫਰਾਂ ਨੂੰ ਚੰਗਾ ਲੱਗਣ ਤੋਂ ਹਟ ਗਿਆ ਸੀ। ਗੁਰਦਿੱਤ ਸਿੰਘ ਨੇ ਰੀਡ ਨੂੰ ਤਾੜਨਾ ਕੀਤੀ ਸੀ "ਜੇ ਉਹ ਜਹਾਜ਼ ਤੇ ਅਮਨ ਕਾਇਮ ਰੱਖਣਾ ਚਾਹੁੰਦਾ ਸੀ ਤਾਂ ਰਘੂਨਾਥ ਸਿੰਘ ਨੂੰ ਵਿਸ਼ੇਸ਼ ਸਲੂਕ ਪਰਦਾਨ ਨ ਕਰੇ।" ਰਘੂਨਾਥ ਸਿੰਘ ਨੇ ਆਪਣੀ ਸ਼ਕਾਇਤ ਨੂੰ ਬਾਰ ਬਾਰ ਦੁਹਰਾਇਆ ਸੀ ਕਿ ਉਸਦੀ ਜਿੰਦਗੀ ਖਤਰੇ ਵਿੱਚ ਹੈ ਉਸਨੇ ਉੱਚੀ ਅਵਾਜ਼ ਵਿਚ ਆਪਣੀ ਕੈਬਿਨ ਦੀ ਖਿੜਕੀ ਚੋਂ ਚੀਖ ਪੁਕਾਰ ਕੀਤੀ। ਉਸਨੂੰ 9 ਤਾਰੀਖ ਦੁਪਿਹਰ ਤੋਂ ਪਿੱਛੋਂ ਜੰਦਰਾ ਮਾਰਕੇ ਡੱਕਿਆ ਹੋਇਆ ਸੀ ਜਦੋਂ ਇੰਮੀਗਰੇਸ਼ਨ ਏਜੰਟ ਨੇ ਜਹਾਜ਼ ਦਾ

ਮੁਆਇਨਾ ਕਰਨ ਆਉਣਾ ਸੀ। ਉਸਨੇ 11 ਤਾਰੀਖ ਨੂੰ ਇੰਮੀਗਰੇਸ਼ਨ ਵਾਲਿਆਂ ਨੂੰ ਲਿਖਿਆ ਉਹ ਕਿਸੇ ਛਿਣ ਵੀ ਮੈਨੂੰ ਮੁਕਾ ਸਕਦੇ ਹਨ। ਕੀ ਤੁਹਾਨੂੰ ਮੇਰੇ ਤੇ ਰਹਿਮ ਨਹੀਂ ਆਉਂਦਾ? ਰੱਬ ਦੇ ਵਾਸਤੇ ਮੈਨੂੰ ਇੱਥੋਂ ਬਚਾਓ ਅਤੇ ਜਹਾਜ਼ ਤੋਂ ਉਤਾਰ ਲਓ।" ਗੀਡ ਨੇ ਇਸ ਨੂੰ ਬਹੁਤੀ ਗੰਭੀਰਤਾ ਨਾਲ ਨ ਲੈਂਦੇ ਹੋਏ ਉਸਨੂੰ ਇੱਕ ਸੀਟੀ ਦੇ ਦਿੱਤੀ ਸੀ ਕਿ ਜਦੋਂ ਵੀ ਉਸਤੇ ਹੱਲਾ ਕੀਤਾ ਜਾਵੇ ਉਹ ਸੁਰਾਖ ਰਾਹੀਂ ਇਸਨੂੰ ਵਜਾ ਦੇਵੇ ਤਾਂ ਜੋ ਲਾਂਚ ਤੇ ਤਾਇਨਾਤ ਰਾਖੀ ਦਸਤਾ ਉਸਦੇ ਬਚਾ ਲਈ ਅਪੜ ਜਾਵੇ। ਹੁਣ ਛੇ ਦਿਨਾਂ ਪਿਛੋਂ ਉਹ ਪੂਰਾ ਸੁਰੱਖਿਅਤ ਸ਼ਹਿਰ ਵਿਚ ਸੀ। ਭਾਨ ਸਿੰਘ ਤੇ ਇਕ ਹੋਰ ਮੁਸਾਫਰ ਜਿਨ੍ਹਾਂ ਨੇ ਗੈਰ-ਇੰਮੀਗਰਾਂਟ ਹੋਣ ਦਾ ਦਾਵਾ ਕੀਤਾ ਸੀ, ਪਿੱਛੇ ਛੱਡ ਦਿਤੇ ਗਏ ਸਨ।

ਜਹਾਜ਼ ਦੇ ਏਜੰਟ ਗਾਰਡਨਰ ਜਾਨਸਨ ਦੁਆਰਾ ਕਸਟਮ ਅਤੇ ਇੰਮੀਗਰੇਸ਼ਨ ਦੇ ਸਾਰੇ ਕਾਗਜ ਕਾਮਾਗਾਟਾ ਮਾਰੂ ਤੇ ਪਹੁੰਚਾ ਦਿੱਤੇ ਗਏ ਸਨ। ਅਤੇ ਏਜੰਟ ਨੂੰ ਹਦਾਇਤਾਂ ਵੀ ਦਿੱਤੀਆਂ ਗਈਆਂ ਸਨ ਕਿ ਉਹ ਜਹਾਜ਼ ਚਲਵਾ ਦੇਵੇ। ਜਾਨਸਨ ਨੇ ਮੁਸਾਫਰਾਂ ਨੂੰ ਸੰਬੋਧਨ ਕਰਦਿਆਂ ਹੋਇਆ ਆਖਿਆ ਕਿ ਉਸਨੂੰ ਖੇਦ ਸੀ ਕਿ ਉਹਨਾਂ ਨੂੰ ਵਾਪਸ ਘੱਲਿਆ ਜਾ ਰਿਹਾ ਹੈ ਅਤੇ ਜਦੋਂ ਉਹ ਇਕ ਵਾਰ, ਪੰਜ ਕਿਲੋਮੀਟਰ ਦੀ ਹੱਦ ਤੇ ਚਲੇ ਗਏ ਉਹਨਾਂ ਨੂੰ ਖੁਰਾਕ ਆਦਿ ਦੇ ਭੰਡਾਰ ਅਪੜਾ ਦਿੱਤੇ ਜਾਣਗੇ। ਮੁਸਾਫਰਾਂ ਨੂੰ ਸ਼ੱਕ ਸੀ। ਉਹਨਾਂ ਨੇ ਉੱਤਰ ਵਿੱਚ ਆਖਿਆ ਉਹ ਚਾਹੁੰਦੇ ਹਨ ਕਿ ਕਲਕੱਤੇ ਤੀਕਰ ਅਪੜਣ ਦੇ ਸਾਰੇ ਰਸਤੇ ਲਈ ਰਸਦ ਦੇ ਭੰਡਾਰ ਦਿੱਤੇ ਜਾਣ। ਉਹਨਾਂ ਨੂੰ ਕੈਨੇਡਾ ਦੇ ਹਾਕਮਾਂ ਤੇ ਰਤੀ ਭਰ ਵਿਸ਼ਵਾਸ਼ ਨਹੀਂ ਸੀ। ਸ਼ਾਮ ਦੇ 7.30 ਦੇ ਲੱਗਭੱਗ ਜਾਨਸਨ ਵਾਪਸ ਕਿਨਾਰੇ ਤੇ ਪੁੱਜਿਆ ਉਸਦੀ ਮੁਸਾਫਰਾਂ ਨੂੰ ਅੰਤਮ ਸਲਾਹ ਏਹੋ ਸੀ ਕਿ ਜੇ ਉਹਨਾਂ ਉਸਦੇ ਮਸ਼ਵਰੇ ਵੱਲ ਧਿਆਨ ਨਾ ਦਿੱਤਾ ਅਤੇ ਆਪਣੇ ਆਪ ਨ ਗਏ, ਤਾਂ ਉਹਨਾਂ ਨੂੰ ਤਾਕਤ ਦੀ ਵਰਤੋਂ ਕਰਕੇ ਵਾਪਸ ਭੇਜ ਦਿੱਤਾ ਜਾਵੇਗਾ।

ਜਹਾਜ਼ ਨ ਹੱਲਿਆ। ਇੰਮੀਗਰੇਸ਼ਨ ਅਫਸਰਾਂ ਅਤੇ ਐਚ ਐਚ ਸਟੀਵਨਜ ਨੇ ਯਾਮਾਮੋਤੋ ਤੇ ਦੋਸ਼ ਲਾਇਆ। ਰਾਤ ਨੂੰ ਘੱਲੀ ਗਈ ਤਾਰ ਦੁਆਰਾ ਸਟੀਵਨਜ਼ ਨੇ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਸੂਚਿਤ ਕੀਤਾ। ਕਪਤਾਨ ਦੇ ਰਵਈਏ ਨੂੰ ਵੇਖਕੇ ਮੈਨੂੰ ਯਕੀਨ ਹੋ ਗਿਆ ਹੈ ਕਿ ਉਹ ਗੁਰਦਿੱਤ ਸਿੰਘ ਨਾਲ ਸਾਜ ਬਾਜ ਕਰਨ ਵਿੱਚ ਸ਼ਾਮਲ ਹੈ ਅਤੇ ਇੰਮੀਗਰੇਸ਼ਨ ਦੇ ਅਫਸਰਾਂ ਤੇ ਸਰਕਾਰ ਨੂੰ ਜਾਣ ਬੁੱਝਕੇ ਧੋਖਾ ਦੇ ਰਿਹਾ ਹੈ। ਜਾਪਾਨੀ ਕੌਂਸਲ ਮਿਸਟਰ ਹੋਰੀ ਨੂੰ ਦਖਲ ਦੇਣ ਵਾਸਤੇ ਅਸਫਲ ਅਪੀਲ ਕਰਨ ਪਿੱਛੋਂ ਉਹ ਖੁਦ ਕਾਮਾਗਾਟਾ ਮਾਰੂ ਤੇ ਗਿਆ ਤਾਂ ਜੋ ਉਹ ਕਪਤਾਨ ਨਾਲ ਗੱਲਬਾਤ ਕਰ ਸਕੇ। ਸਵੇਰ ਦਾ ਇੱਕ ਵੱਜਿਆ ਸੀ। ਮੁਸਾਫਰ ਪੂਰੀ ਤਰ੍ਹਾਂ ਜਾਗਦੇ ਸਨ ਅਤੇ ਸੋਟੀਆਂ ਲੈ ਕੇ ਡੈੱਕ ਤੇ ਗਸ਼ਤ ਕਰ ਰਹੇ ਸਨ। ਉਹਨਾਂ ਨੇ ਲਕੜੀ ਦਾ ਪੁਲ ਨੀਵਾਂ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਕੁਝ ਤਕਰਾਰ ਕਰਨ ਪਿੱਛੋ ਕਪਤਾਨ ਨੂੰ ਪੇਸ਼ ਕਰ ਦਿੱਤਾ ਜੋ ਉਸ ਸਮੇਂ ਸੌ ਰਿਹਾ ਸੀ ਅਤੇ ਅੱਧ ਕੱਪੜਿਆਂ ਵਿੱਚ ਹੀ ਆਇਆ ਸੀ।" ਜੇਕਰ ਤੁਸੀ ਕੁੱਝ ਨਹੀਂ ਕਰ ਸਕਦੇ ਗੀਡ ਨੇ ਉਸਨੂੰ ਆਖਿਆ ਤਦ ਮੈਨੂੰ ਦੱਸੋ" ਯਾਮਾਮੋਤੋ ਨੇ ਉੱਤਰ ਵਿਚ ਆਖਿਆ ਕਿ ਉਹ ਕੁੱਝ ਨਹੀਂ ਸੀ ਕਰ ਸਕਦਾ ਕਿਉਂ ਜੋ ਏਥੇ ਬਹੁਤ ਹਿੰਦੂ ਹਨ ਅਤੇ ਮੈਂ ਅੱਜ ਨਹੀਂ ਜਾ ਸਕਦਾ। ਉਹ ਗੀਡ ਨਾਲ ਚਲਿਆ ਗਿਆ। ਮੁਸਾਫਰਾਂ ਨੇ ਉਸਨੂੰ ਤਾੜਨਾ ਕੀਤੀ ਕਿ ਉਸਨੂੰ ਅੱਜ ਰਾਤ ਵਾਪਸ ਨਹੀਂ ਆਉਣ ਦਿੱਤਾ ਜਾਵੇਗਾ। ਤਿੰਨ ਵਜੇ ਸਵੇਰ ਨੂੰ ਉਸਨੂੰ ਟੈਕਸੀ ਦੁਆਰਾ ਗਾਰਡਨਰ ਜਾਨਸਨ ਦੇ ਮਕਾਨ ਤੇ ਜਿਹੜਾ ਕਿ ਦੱਖਣੀ ਵੈਨਕੂਵਰ ਵਿੱਚ ਸੀ ਲਿਆਂਦਾ ਗਿਆ। ਉਥੇ ਗੀਡ ਸਟੀਵਨਜ ਦੇ ਸਰਕਾਰੀ ਵਕੀਲ ਅਤੇ ਗਾਰਡਨਰ ਜਾਨਸਨ ਦੁਆਰਾ ਉਸ ਤੇ ਦਬਾ ਪਾਇਆ ਗਿਆ ਕਿ ਪੁਲਸ ਨੂੰ ਬੁਲਾਵੇ ਯਾਮਾਮੋਤੋ ਨੂੰ ਇਹ ਜਿੰਮੇਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ। ਗੀਡ ਨੇ ਸੋਚਿਆ ਬੇਹਤਰ ਸੀ ਕਿ ਬਾਕੀ ਸਮੇਂ ਦੀ ਵਰਤੋਂ ਸੌਣ ਲਈ ਕੀਤੀ ਜਾਵੇ। ਗੱਲਬਾਤ 9 ਵਜੇ ਸਵੇਰ ਤੀਕ਼ਰ ਮੁਲਤਵੀ ਕਰ ਦਿੱਤੀ ਗਈ।

ਗੀਡ ਤੇ ਹਾਪਕਿਨਸਨ ਨੂੰ ਯਕੀਨ ਸੀ ਕਿ ਸਾਰੇ ਮਾਮਲੇ ਦੇ ਪਿੱਛੇ ਸਿਆਟਲ ਅਤੇ ਸਨਫਰਾਂਸਿਸਕੋ ਦੇ ਗਦਰੀਆ ਦਾ ਹੱਥ ਹੈ। ਇਸ ਸ਼ੱਕ ਦੀ ਪੁਸ਼ਟੀ ਇੱਕ ਖਬਰ ਦੁਆਰਾ ਹੋ ਗਈ। ਜਦੋਂ ਉਹ ਵਿਅਰਥ ਕਾਮਾਗਾਟਾ ਮਾਰੂ ਦੇ ਤੁਰਨ ਦੀ ਉਡੀਕ ਕਰ ਰਹੇ ਸਨ ਤਾਂ ਉਸ ਸਮੇਂ ਹੀ ਅਮਰੀਕਾ ਦੇ ਇੱਕ ਇੰਮੀਗਰੇਸ਼ਨ ਅਫਸਰ ਨੇ ਚਾਰ ਸਿੱਖਾਂ ਨੂੰ ਜਿਹੜੇ ਥੋੜੇ ਜਿਹੇ ਸਮੇਂ ਲਈ ਆਪਣੇ ਇੱਕ ਕੈਨੇਡੀਅਨ ਮਿੱਤਰ

ਨੂੰ ਮਿਲਣਾ ਚਾਹੁੰਦੇ ਸਨ। ਵੈਨਕੂਵਰ ਤੋਂ 80 ਕਿਲੋਮੀਟਰ ਦੂਰ ਸੁਮਾਸ ਦੇ ਸਥਾਨ ਤੋਂ ਸਰਹੱਦ ਪਾਰ ਕਰਨ ਦੀ ਆਗਿਆ ਦੇ ਦਿੱਤੀ। ਕੁਝ ਘੰਟਿਆਂ ਪਿੱਛੋ ਹੀ ਵੈਨਕੂਵਰ ਪਾਸੇ ਦੀ ਸੂਬਾਈ ਪੁਲਿਸ ਨੇ ਚਾਰਾਂ ਵਿੱਚੋਂ ਇਕ ਨੂੰ ਫੜ ਲਿਆ। ਜਦੋਂ ਕਿ ਉਹ ਜੰਗਲ ਪਾਰ ਕਰ ਰਿਹਾ ਸੀ। ਉਸ ਕੋਲ ਆਟੋਮੈਟਿਕ ਪਿਸਤੌਲ ਅਤੇ 300 ਰੌਦ ਮੌਜੂਦ ਸਨ। ਉਸਦੇ ਮਿੱਤਰਾਂ ਨੂੰ ਅਮਰੀਕਾ ਦੇ ਇੰਮੀਗਰੇਸ਼ਨ ਦੇ ਅਫਸਰਾਂ ਨੇ ਗ੍ਰਿਫਤਾਰ ਕਰ ਲਿਆ ਅਤੇ ਉਹਨਾਂ ਦੇ ਕਬਜ਼ੇ ਚੋਂ ਵੀ ਪਿਸਤੌਲ ਅਤੇ ਗੋਲੀ ਸਿੱਕਾ ਬਰਾਮਦ ਹੋਇਆ ਜਿਸ ਆਦਮੀ ਨੂੰ ਉਹਨਾਂ ਨੇ ਪਹਿਲਾਂ ਫੜਿਆ ਸੀ ਉਹ ਤਾਰਕਨਾਥ ਦਾਸ ਨਿਕਲਿਆ। ਹਾਪਕਿਨਸਨ ਉਸਦੀਆਂ ਅਮਰੀਕਾ ਅਤੇ ਕੈਨੇਡਾ ਵਿੱਚ ਸਰਗਰਮੀਆਂ ਨੂੰ 1908 ਤੋਂ ਹੀ ਜਾਣਦਾ ਸੀ। ਤਾਰਕਨਾਥ ਦਾਸ ਦਾ ਸਾਥੀ ਗ੍ਰੰਥੀ ਭਗਵਾਨ ਸਿੰਘ ਸੀ। ਜਿਸਨੂੰ ਨਵੰਬਰ 1913 ਵਿੱਚ ਕੈਨੇਡਾ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਯੋਕੋਹਾਮਾ ਵਿੱਚ ਕਾਮਾਗਾਟਾ ਨੂੰ ਮਿਲਣ ਉਪਰੰਤ ਉਹ ਹੋਨੋਲੁਲੂ ਦੇ ਰਸਤੇ ਸਨਫਰਾਂਸਿਸਕੋ ਵਿੱਚ ਦਾਖਲ ਹੋ ਗਿਆ ਸੀ।

ਜਿਹੜਾ ਮਨੁੱਖ ਕੈਨੇਡਾ ਦੇ ਪਾਸੇ ਫੜਿਆ ਗਿਆ ਸੀ। ਉਹ ਮੇਵਾ ਸਿੰਘ ਸੀ ਇੱਕ ਦੂਜੇ ਤੱਕ ਸੁਨੇਹੇ ਪਹੁੰਚਾਣ ਵਾਲਾ ਜਿਸਨੇ ਕੁਝ ਹਫਤੇ ਪਹਿਲਾਂ ਹੀ ਮਹਿਕਮੇ ਦੇ ਸੂਹੀਆਂ ਵਿੱਚ ਇੱਕ ਨੂੰ ਧਮਕੀ ਦਿੱਤੀ ਸੀ। ਅਮਰੀਕਾ ਵਾਲੇ ਪਾਸੇ ਵੱਲ ਗਿਰਫਤਾਰ ਕੀਤੇ ਬੰਦਿਆਂ ਵਿੱਚ ਗਰੰਥੀ ਬਲਵੰਤ ਸਿੰਘ ਅਤੇ ਉਸਦਾ ਮਿੱਤਰ ਭਾਗ ਸਿੰਘ ਸੀ। ਜਿਹੜਾ ਖਾਲਸਾ ਦੀਵਾਨ ਦਾ ਪ੍ਰਧਾਨ ਸੀ ਅਤੇ ਕਾਮਾਗਾਟਾ ਮਾਰੂ ਦੇ ਚਾਰਟਰਾਂ ਵਿੱਚ ਇਕ ਸੀ। ਉਹਨਾਂ ਦੇ ਨਾਲ ਵਿਕਟੋਰੀਆ ਦਾ ਹਰਨਾਮ ਸਿੰਘ ਵੀ ਸੀ ਜੋ ਇਨਕਲਾਬੀ ਪਾਰਟੀ ਦਾ ਸਿਰਕੱਢ ਵਿਅਕਤੀ ਸੀ। ਅਫਸਰਾਂ ਦੇ ਮਨਾਂ ਵਿਚ ਇਸ ਬਾਰੇ ਰਤੀ ਭਰ ਸ਼ੱਕ ਨਹੀਂ ਸੀ। ਕਿ ਹਥਿਆਰ ਕਾਮਾਗਾਟਾ ਮਾਰੂ ਲਈ ਖ੍ਰੀਦੇ ਗਏ ਸਨ।

ਰਾਤ ਨੂੰ ਉਨੀਦਰਾਂ ਕੱਟਣ ਪਿੱਛੋਂ ਰੀਡ ਸ਼ਨਿਚਰਵਾਰ ਦੀ ਸਵੇਰ ਨੂੰ ਕਪਤਾਨ ਯਾਮਾਮੋਤੋ ਨਾਲ ਮਿਲਣੀ ਦੇ ਨਿਸਚਿਤ ਸਮੇਂ ਤੋਂ ਪਹਿਲਾਂ ਹੀ ਆਪਣੇ ਦਫਤਰ ਪਹੁੰਚ ਗਿਆ। ਉਸਨੇ ਗੀਕਾਰਡ ਰੱਖਣ ਖਾਤਰ ਲਿਖਿਆ। ਅਸੀਂ ਜਹਾਜ਼ ਦੇ ਕਪਤਾਨ ਦੀ ਉਡੀਕ ਕਰ ਰਹੇ ਹਾਂ। ਜਦੋਂ ਹੋਰ ਸਲਾਹ ਮਸ਼ਵਰਾ ਹੋਵੇਗਾ ਅਤੇ ਬੰਦਰਗਾਹ ਨੂੰ ਜਹਾਜ਼ ਤੋਂ ਮੁਕਤ ਕਰਵਾਉਣ ਲਈ ਕੋਈ ਸਖਤ ਕਦਮ ਚੁੱਕਿਆ ਜਾਵੇਗਾ। ਕਪਤਾਨ ਤੋਂ ਸਹਿਯੋਗ ਲੈਣ ਲਈ ਉਸਦੇ ਮਨ ਵਿੱਚ ਦੋ ਸਾਧਨ ਮੌਜੂਦ ਸਨ ਇਕ ਸੀ ਭਾਰੀ ਜੁਰਮਾਨੇ ਦੀ ਧਮਕੀ ਅਤੇ ਦੂਜਾ ਸੀ ਇਸ ਗੱਲ ਦਾ ਵਚਨ ਕਿ ਜੇਕਰ ਹੋਰ ਦੇਰੀ ਹੋਈ ਤਾਂ ਸਰਕਾਰ ਰਸਦ ਦੇਣ ਦੀ ਪੇਸ਼ਕਸ਼ ਨੂੰ ਮਨਸੂਖ ਕਰ ਦੇਵੇਗੀ। ਯਾਮਾਮੋਤੋ ਨੂੰ 6 ਵਜੇ ਸ਼ਾਮ ਤੀਕਰ ਦੀ ਮੁਹਲਤ ਦਿੱਤੀ ਗਈ ਤਾਂ ਜੋ ਉਹ ਆਪਣੇ ਨਿਰਨੇ ਬਾਰੇ ਫੈਸਲਾ ਕਰ ਸਕੇ। ਕੌਂਸਲ ਹੋਰੀ ਜਿਹੜਾ ਕਿ ਇਸ ਮੀਟਿੰਗ ਵਿੱਚ ਹਾਜ਼ਰ ਸੀ ਨੇ ਇਸ ਤੇ ਇਤਰਾਜ ਉਠਾਦਿਆ ਆਖਿਆ ਕਿ ਉਸਨੂੰ ਆਪਣੀ ਸਰਕਾਰ ਨਾਲ ਸਲਾਹ ਮਸਵਰਾ ਕਰਨ ਦੀ ਜ਼ਰੂਰਤ ਹੈ। ਪਰ ਰੀਡ ਅਤੇ ਉਸਦੇ ਵਕੀਲਾਂ ਨੇ ਇਸ ਗੱਲ ਦੀ ਲੋੜ ਨੂੰ ਅਨੁਚਿੱਤ ਠਹਿਰਾਇਆ ਸੀ। ਲੈਡਨਰ ਨੇ ਉਸ ਬਾਅਦ ਦੁਪਿਹਰ ਨੂੰ ਟੈਲੀਫੂਨ ਦੁਆਰਾ ਆਖਿਆ "ਮੇਰੀ ਰਾਏ ਵਿੱਚ ਇਸ ਮਾਮਲੇ ਦਾ ਤੁਹਾਡੀ ਸਰਕਾਰ ਨਾਲ ਉੱਕਾ ਕੋਈ ਤਅਲੱਕ ਨਹੀਂ।"

ਸ਼ਾਮ ਦੇ 5.15 ਤੇ ਯਾਮਾਮੋਤੋ ਜਹਾਜ਼ ਤੇ ਪਰਤਿਆ ਉਹ ਇਸ ਗੱਲ ਨਾਲ ਸਹਿਮਤ ਹੋ ਗਿਆ ਸੀ ਕਿ ਜੇ ਮੁਸਾਫਰਾਂ ਨੇ ਜਹਾਜ਼ ਨੂੰ ਨਾਹ ਚੱਲਣ ਦਿੱਤਾ, ਤਦ ਉਹ ਪੁਲਿਸ ਨੂੰ ਲਾਲ ਝੰਡੇ ਦਾ ਇਸ਼ਾਰਾ ਦੇ ਦੇਵੇਗਾ। ਪਰ ਜਦੋਂ ਲਾਂਚ ਜਹਾਜ਼ ਦੀ ਵੱਖੀ ਨਾਲ ਜਾ ਲੱਗਾ ਤਾਂ ਉਸਨੇ ਵਧੇਰੇ ਉਚਿੱਤ ਸੋਚਿਆ "ਜੇ ਮੈਂ ਜਹਾਜ਼ ਉੱਤੇ ਜਾ ਕੇ ਲਾਲ ਝੰਡੀ ਵਿਖਾਉਂਦਾ ਹਾਂ ਤਾਂ ਉਹ ਮੇਰੇ ਇਕੱਲੇ ਨਾਲੋਂ ਕਿਤੇ ਬਹੁਤੇ ਨੇ।" ਉਸਨੇ ਆਪਣੇ ਬਰਾਬਰ ਬੈਠੇ ਹੋਏ ਮੁਸਾਫਰ ਨੂੰ ਆਖਿਆ। "ਤੁਸੀਂ ਵਾਪਸ ਚਲੇ ਜਾਓ ਤੇ ਰੀਡ ਨੂੰ ਪੁਲਿਸ ਤੁਰੰਤ ਬਲਾਉਣ ਲਈ ਆਖੋ, 200 ਠੀਕ ਰਹਿਣਗੇ ਜੇ ਉਹ ਪ੍ਰਬੰਧ ਕਰ ਸਕੇ। ਪਰ ਮੈਂ ਆਪਣੇ ਕੀਤੇ ਵਾਹਦੇ ਅਨੁਸਾਰ ਲਾਲ ਝੰਡੀ ਉੱਪਰ ਨਹੀਂ ਚੁੱਕ ਸਕਦਾ।"

ਰੋਸ਼ਨੀ ਦੇ ਹੁੰਦਿਆਂ ਹੁੰਦਿਆਂ ਰੀਡ ਜਹਾਜ਼ ਤੇ ਜਾਣਾ ਚਾਹੁੰਦਾ ਸੀ। ਪਰ ਸ਼ਨੀਚਰਵਾਰ ਦੀ ਸ਼ਾਮ

ਨੂੰ ਜਦੋ ਕਿ ਬਹੁਤੀ ਪੁਲਿਸ ਦੀ ਡਿਊਟੀ ਸ਼ਹਿਰ ਵਿੱਚ ਲੱਗੀ ਹੋਈ ਸੀ ਪੁਲਿਸ ਦੇ ਮੁਖੀ ਨੇ ਆਖਿਆ ਕਿ ਉਸ ਕੋਲ ਸਿਰਫ ਦਸ ਬੰਦੇ ਸਨ। ਜਹਾਜ਼ ਉੱਤੇ ਚੜ੍ਹਨ ਦਾ ਸਮਾਂ ਇੱਕ ਵਜੇ ਸਵੇਰ ਦਾ ਨਿਸਚਿਤ ਹੋਇਆ ਜਦੋਂ ਕਿ ਪੁਲਿਸ ਦੀ ਭਾਰੀ ਗਿਣਤੀ ਆਪਣੀ ਡਿਊਟੀ ਤੋਂ ਫਾਰਗ ਹੋ ਜਾਵੇਗੀ। 'ਸੀ ਲਾਇਨ' ਜਿਹੜਾ ਕਿ ਬੰਦਰਗਾਹ ਵਿੱਚ ਸਭ ਤੋਂ ਵੱਡਾ ਦੁਖਾਨੀ ਜਹਾਜ਼ ਸੀ, ਉਸ ਤੇ ਉੱਤੇ ਲੱਦਨ ਲਈ ਛੇ ਹਜ਼ਾਰ ਡਾਲਰ ਦੇ ਮੁੱਲ ਦੀ ਰਸਦ,ਲਿਆਂਦੀ ਗਈ ਸੀ ਇਹ ਰਸਦ 30 ਦਿਨਾਂ ਤੱਕ ਚਲ ਸਕਦੀ ਸੀ। ਇਮੀਗਰੇਸ਼ਨ ਅਫਸਰਾਂ ਦੁਆਰਾ ਕੀਤੀ ਜਾ ਰ ਹੀ ਸਰਗਰਮੀ ਨੂੰ ਤੱਕਣ ਵਾਲਾ ਡਾਕਟਰ ਰਘੁਨਾਥ ਸਿੰਘ ਸੀ ਜਿਹੜਾ ਕਿ ਇਮੀਗਰੇਸ਼ਨ ਦਫਤਰ ਦੇ ਆਲੇ ਦੁਆਲੇ ਘੁੰਮ ਰਿਹਾ ਸੀ ''ਡੇਲੀ ਨਿਊਜ਼ ਐਡਵਰਟਾਈਜ਼ਰ'' ਦੇ ਇੱਕ ਪੱਤਰ ਪ੍ਰੇਰਕ ਨੇ ਉਸਤੋਂ ਪੁੱਛਿਆ ਕੀ ਮੁਸਾਫਰ ਹਥਿਆਰਾਂ ਨਾਲ ਲੈਸ ਹਨ ''ਉਹ ਪੂਰੀ ਤਰ੍ਹਾਂ ਹਥਿਆਰਾ ਨਾਲ ਲੈਂਸ ਨਹੀਂ ਪਰ ਉਹਨਾਂ ਕੋਲ ਕੁਝ ਕੁ ਰੀਵਾਲਵਰ ਨੇ ਅਤੇ ਭਾਰੀ ਮਾਤਰਾ ਵਿੱਚ ਕਿਰਪਾਨਾ।'' ਉਸਨੇ ਉੱਤਰ ਵਿੱਚ ਆਖਿਆ।

ਰਾਤ ਦੇ 12.30 ਦੇ ਆਲੇ ਦੁਆਲੇ ਪੁਲਿਸ ਦੇ ਮੁਖੀ ਦਾ ਕਮਾਨ ਹੇਠ 125 ਪੁਲਿਸ ਦੇ ਸਿਪਾਹੀਆਂ ਦਾ ਦਸਤਾ ਆ ਗਿਆ। ਪੁਲਿਸ ਮੁਖੀ ਕੰਮ ਨੂੰ ਨਿਪਟਾਉਣ ਲਈ ਉਤਾਵਲਾ ਸੀ ਕਿਉਂਕਿ ਉਸਦੇ ਬੰਦੇ ਸਾਰਾ ਦਿਨ ਡਿਊਟੀ ਭੁਗਤਦੇ ਰਹੇ ਸਨ। ਅਤੇ ਹੁਣ ਵੀ ਉਹ ਰਾਤ ਦੇ ਸਮੇਂ ਲਈ ਹੀ ਆਏ ਸਨ ਉਹਨਾਂ ਨੂੰ ਉਹਨਾਂ ਦੀਆਂ ਬਾਕਾਇਦਾ ਡਿਊਟੀਆਂ ਤੋਂ ਮੋੜਿਆ ਗਿਆ ਸੀ। ਗ੍ਰੀਡ ਨੇ ਪਹਿਲਾਂ ਹੀ 35 ਵਿਸ਼ੇਸ਼ ਇਮੀਗਰੇਸ਼ਨ ਅਫਸਰਾਂ ਨੂੰ ਭਰਤੀ ਕਰ ਲਿਆ ਸੀ ਅਤੇ ਉਹਨਾਂ ਨੂੰ ਰੌਸ ਰਾਈਫਲਾਂ ਨਾਲ ਹਥਿਆਰਬੰਦ ਕਰ ਚੁੱਕਾ ਸੀ। ਇਹ ਰਫਲਾਂ ਉਸਨੇ ਆਪਣੀ ਰੈਜਮੈਂਟ ਸੀਫੋਰਥ ਹਾਈਲੈਂਡਰਜ਼ ਤੋਂ ਉਧਾਰੀਆਂ ਲਈਆਂ ਸਨ। ਪੁਲਿਸ ਕੋਲ ਰਫਲਾਂ ਅਤੇ ਲਾਠੀਆਂ ਸਨ।

ਸਵੇਰ ਦੇ 1 ਵਜੇ ਤੋਂ ਠੀਕ ਪਹਿਲਾਂ ਹਾਪਕਿਨਸਨ ਨੂੰ ਪੰਦਰਾਂ ਮਿੰਟ ਦਿੱਤੇ ਗਏ ਤਾਂ ਜੋ ਉਹ ਮੁਸਾਫਰਾਂ ਨਾਲ ਅੰਤਮ ਗੱਲਬਾਤ ਕਰ ਲਵੇ। 12.58 ਤੇ ਉਹ ਇੱਕ ਨਿੱਕੇ ਜਿਹੇ ਲਾਂਚ ਵਿੱਚ ਕਾਮਾਗਾਟਾ ਮਾਰੂ ਦੀ ਵੱਖੀਨਾਲ ਜਾ ਲੱਗਾ। ਉਸਨੇ ਗੁਰਦਿੱਤ ਸਿੰਘ ਨੂੰ ਵਾਜ ਮਾਰੀ। ਪਰ ਹਨੇਰੇ ਵਿੱਚੋਂ ਆ ਰਹੀਆਂ ਵਾਜ਼ਾਂ ਨੇ ਉਸਨੂੰ ਦੱਸਿਆ ਕਿ ਨ ਹੀ ਬਜ਼ੁਰਗ ਉਸ ਨਾਲ ਗੱਲ ਬਾਤ ਕਰਨਗੇ, ਨ ਹੀ ਜਹਾਜ਼ ਅਤੇ ਨ ਹੀ ਮੁਸਾਫਰ ਬੰਦਰਗਾਹ ਨੂੰ ਉਦੋਂ ਤੀਕਰ ਛੱਡਣਗੇ ਜਦੋਂ ਤੀਕਰ ਉਹਨਾਂ ਨੂੰ ਰਹੀਮ ਅਤੇ ਭਾਗ ਸਿੰਘ ਵਲੋਂ ਲਿਖਤੀ ਰੂਪ ਵਿਚ ਆਗਿਆ ਨਾ ਮਿਲੇ ਜਾ ਉਹ ਨਿੱਜੀ ਤੌਰ ਤੇ ਉਹਨਾਂ ਨਾਲ ਗੱਲਬਾਤ ਨ ਕਰ ਲੈਣ।

ਸਵੇਰ ਦਾ 1 ਵਜੇ ਦਾ ਸਮਾਂ ਸੀ। ਪੁਲਿਸ ਅਤੇ ਹਥਿਆਰ ਬੰਦ ਟਰੁੱਪਾਂ ਦਾ ਦਸਤਾ ਜਿਨ੍ਹਾਂ ਨੂੰ ਗ੍ਰੀਡ ਨੇ ਇੱਕਤਰ ਕੀਤਾ ਹੋਇਆ ਸੀ ਲਾਇਨ]Sea Lion[ਤੇ ਸਵਾਰ ਹੋ ਗਏ। ਕੁਝ ਅਖਬਾਰਾਂ ਵਾਲੇ ਵੀ ਉਸ ਵਿੱਚ ਕੁੱਦ ਪਏ। ਐਚ. ਐਚ. ਸਟੀਵਨਜ਼ ਅਤੇ ਡਬਲਯੂ. ਐਚ. ਡੀ. ਲੈਡਨਰ ਜਿਹੜਾ ਕਿ ਇਮੀਗਰੇਸ਼ਨ ਵਿਭਾਗ ਦਾ ਵਕੀਲ ਸੀ, ਨਾਲ ਆ ਗਏ। ਹਾਪਕਿਨਸਨ ਨੂੰ ਮੁੜ ਆਉਣ ਲਈ ਇਸ਼ਾਰਾ ਕੀਤਾ ਗਿਆ ਅਤੇ 1.15 ਉਤੇ'ਸੀ ਲਾਇਨ' ਆਪਣੀ ਠਹਿਰਨ ਦੀ ਥਾਂ ਛੱਡ ਕਾਮਾਗਾਟਾ ਮਾਰੂ ਵਲ ਤੁਰ ਪਿਆ। ਇਸ ਤੋਂ ਪਹਿਲਾਂ ਸ਼ਾਮ ਨੂੰ ਹਾਪਕਿਨਸਨ ਨੇ ਰਾਤ ਦੇ ਸਮੇਂ ਕਾਮਾਗਾਟਾ ਮਾਰੂ ਤੇ ਹਮਲਾ ਕਰਨ ਦੇ ਕਿਸੇ ਵੀ ਯਤਨ ਵਿਰੁੱਧ ਬੋਲ ਚੁਕਾ ਸੀ। ਉਹਨਾਂ 'ਚ ਉਹੀ ਸੀ, ਜਿਹੜਾ ਸਾਰੀ ਸਥਿਤੀ ਨੂੰ ਹਿੰਦੁਸਤਾਨੀ ਸਰਕਾਰ ਦੀਆਂ ਅੱਖਾਂ ਰਾਹੀਂ ਤੱਕਦਾ ਸੀ। ਉਸਨੂੰ ਡਰ ਸੀ ਕਿ ਟੱਕਰ ਦੀ ਕੋਈ ਵੀ ਖਬਰ ਪੰਜਾਬ ਵਿੱਚ ਲਾਂਬੂ ਲਾ ਦੇਵੇਗੀ। ਹਾਪਕਿਨਸਨ ਦਾ ਕੰਮ ਅਜਿਹਾ ਸੀ ਕਿ ਉਹ ਪਬਲਿਕ ਵਿਚ ਮੂਹਰੇ ਆਉਣ ਤੋਂ ਚਲਦਾ ਸੀ ਅਤੇ ਹੁਕਮਾਂ ਦੀ ਪਾਲਣਾ ਕਰਦਾ ਸੀ। ਪਰੈਸ ਵਾਲਿਆਂ ਨੂੰ ਉਹ ਕਦੀ ਵੀ ਖੁਲ੍ਹ ਕੇ ਕੋਈ ਸ਼ਬਦ ਨਹੀਂ ਸੀ ਆਖਦਾ। ਭਾਵੇਂ ਆਪਣੇ ਸਹਿਯੋਗੀਆਂ ਨਾਲ ਗੱਲਬਾਤ ਕਰਨ ਦੇ ਦੌਰਾਨ ਉਹ ਗ੍ਰੀਡ ਵਿਰੁੱਧ ਆਪਣੀ ਭੜਾਸ ਕੱਢ ਲੈਂਦਾ ਸੀ ਪਰ ਇਸਨੂੰ ਉਹ ਆਟਵਾ ਨਾਲ ਆਪਣੇ ਵੱਲੋਂ ਕੀਤੇ ਗਏ ਚਿੱਠੀ ਪੱਤਰ ਵਿੱਚ ਪ੍ਰਗਟ ਨਹੀਂ ਸੀ ਕਰਦਾ। ਉਸ ਸ਼ਾਮੀ ਗ੍ਰੀਡ ਅਤੇ ਸਟੀਵਨਜ਼ ਵਿਰੁੱਧ ਉਸਨੇ ਆਪਣੀ

ਪੂਰੀ ਮੁਖਾਲਫਤ ਨੂੰ ਪ੍ਰਗਟਾਂਦਿਆਂ ਆਪਣੇ ਵੱਲੋਂ ਇਕ ਲਿਖਤੀ ਬਿਆਨ ਉਹਨਾਂ ਨੂੰ ਦਿੱਤਾ। ਗ੍ਰੀਡ ਨੇ ਇੱਕ ਵਿਅਰਥ ਜਿਹਾ ਸੁਝਾਅ ਪੇਸ਼ ਕੀਤਾ ਕਿ ਜਦੋਂ ਤੀਕਰ ਵਧੇਰੇ ਰੋਸ਼ਨੀ ਨ ਹੋਵੇ ਪੁਲਿਸ ਨਾਂਹ ਨ ਕਰੇ। ਪ੍ਰੰਤੂ ਪੁਲੀਸ ਚੀਫ ਮੈਕਲੈਨਨ ਜਿਸ ਨੂੰ ਕਿਸੇ ਬਿਪਤਾ ਦੇ ਵਾਪਰਨ ਦੀ ਆਸ ਨਹੀਂ ਸੀ, ਉਡੀਕ ਨਹੀਂ ਸੀ ਕਰ ਸਕਦਾ। ਉਸਦੇ ਆਦਮੀ ਇਹ ਸੋਚਦੇ ਕਿ 160 ਆਦਮੀ ਬਹੁਤ ਹਨ। ਇਸ ਕੰਮ ਨੂੰ ਬੜੇ ਬੁਲੰਦ ਹੌਸਲਿਆਂ ਨਾਲ ਲੱਗੇ ਸਨ ਜਿਵੇਂ ਕਿਸੇ ਦਿਲ ਪਰਚਾਵੇ ਲਈ ਨਿਕਲੇ ਹੋਣ।

ਸੀ ਲਾਈਨ ਤੇ ਇੱਕ ਟਿਕਾਈ ਗਈ ਸਰਚ ਲਾਈਟ ਵਿੱਚ ਮੁਸਾਫਰਾਂ ਦੀ ਇੱਕ ਪੂਰੀ ਦੀ ਪੂਰੀ ਕਤਾਰ ਦਿਸੀ , ਜਿਹੜੀ ਕਿ ਜੰਗਲੇ ਦੇ ਉੱਪਰ ਝੁਕੀ ਹੋਈ ਸੀ। ਉਹ ਰੌਲਾ ਪਾ ਰਹੇ ਸਨ ਅਤੇ ਸੋਟੇ ਹਿਲਾ ਰਹੇ ਸਨ। ਇਕਨੇ ਪੰਜਾਬੀ ਭਾਸ਼ਾ ਵਿਚ ਹਾਪਕਿਨਸਨ ਨੂੰ ਅਵਾਜ਼ ਮਾਰੀ ਅਤੇ ਉਸਨੂੰ ਚਿਤਾਵਨੀ ਦਿੱਤੀ ਕਿ ਉਹ ਲੜਾਈ ਕਰਨ ਲਈ ਤਿਆਰ ਸਨ। ਇਹ ਜਹਾਜ਼ ਇੱਥੇ ਹੀ ਰਹੇਗਾ। ਬਿਲਕੁਲ ਨਹੀਂ ਹਿੱਲੇਗਾ। ਜੇਕਰ ਤੁਸੀਂ ਲੜਾਈ ਕਰੋਗੇ ਤਾਂ ਹਿੰਦੂ ਤੁਹਾਨੂੰ ਦੱਸ ਦੇਣਗੇ ਕਿ ਕਿਵੇਂ ਲੜੀਦਾ ਹੈ। ਜੇਕਰ ਤੁਸੀ ਰੱਸਾ ਬੰਨੋਗੇ ਤਾਂ ਅਸੀਂ ਕਿਸ਼ਤੀ ਵਿੱਚ ਛਾਲਾਂ ਮਾਰ ਦੇਵਾਂਗੇ। ਤੁਹਾਡੇ ਨਾਲ ਲੜਾਂਗੇ ਅਤੇ ਖਤਰੇ ਤੋਂ ਨਹੀਂ ਡਰਾਂਗੇ। ਮੁਸਾਫਰਾਂ ਦੇ ਵਿਰੋਧੀ ਯਤਨਾਂ ਦੇ ਬਾਵਜੂਦ ਸੀ ਲਾਇਨ ਨੂੰ ਜਹਾਜ਼ ਨਾਲ ਇਕ ਪੱਕੀ ਫੜਣ ਵਾਲੀ ਕੁੰਡੀ ਦੁਆਰਾ ਬੰਨ ਦਿੱਤਾ ਗਿਆ। ਮੁਸਾਫਰਾਂ ਵਿੱਚ ਇੱਕ ਨੇ ਕੁਹਾੜੇ ਨੂੰ ਘੁਮਾਂਦਿਆਂ ਹੋਇਆ ਤਾਰ ਨੂੰ ਵੱਢਣ ਦਾ ਯਤਨ ਕੀਤਾ। ਉਹ ਸੀਘਰ ਹੀ ਇਸ ਨੂੰ ਕੱਟ ਸੁੱਟਦਾ ਪਰ ਪੁਲਿਸ ਨੇ ਪਾਣੀ ਵਾਲੇ ਪੰਪ ਰੱਖੇ ਹੋਏ ਸਨ ਅਤੇ ਜਹਾਜ਼ ਤੇ ਪਾਣੀ ਸੁੱਟਣਾ ਆਰੰਭ ਕਰ ਦਿੱਤਾ। ਪੁਲਿਸ ਮੁਖੀ ਮੈਕਲੈਨਨ ਨੇ ਪਾਣੀ ਵਾਲਾ ਹੋਜ਼ ਫੜਿਆ ਹੋਇਆ ਸੀ। ਉਸਨੇ ਜੰਗਲੇ ਦੇ ਨਾਲ ਨਾਲ ਪਾਣੀ ਦੀ ਧਾਰ ਸੁੱਟੀ। ਪਰ ਇਸ ਦਾ ਲਾਭ ਥੋੜਾ ਚਿਰ ਹੀ ਸੀ ਕਿਉਂਕਿ ਹੋਜ਼ ਪੰਪਾਂ ਦਾ ਪੂਰਾ ਦਬਾਅ ਨਹੀਂ ਸੀ ਝੱਲਦਾ। ਮੁਸਾਫਰਾਂ ਨੇ ਕੋਲੇ ਇੱਟਾਂ ਅਤੇ ਧਾਤ ਦੇ ਟੁਕੜਿਆ ਦੇ ਢੇਰ ਲਾਏ ਹੋਏ ਸਨ। ਉਹ "ਸੀ" ਲਾਈਨ ਦੇ ਡੈੱਕ ਤੋਂ 5 ਮੀਟਰ ਦੀ ਉਚਾਈ ਤੇ ਖੜੋਤੇ ਹੋਏ ਸਨ। ਅਤੇ ਇਸ ਲਾਭ ਦੇ ਕਾਰਣ ਉਹਨਾਂ ਨੇ ਹੇਠਾਂ ਖੜੋਤੇ ਹੋਏ ਬੰਦਿਆਂ ਤੇ ਇੱਕ ਅਜਿਹਾ ਤੂਫਾਨ ਮਚਾਇਆ। ਜਿਸ ਦਾ ਹੇਠਾ ਤੋਂ ਜੁਆਬ ਨਹੀਂ ਆ ਸਕਦਾ ਸੀ। ਇੰਮੀਗਰੇਸ਼ਨ ਦੇ ਵਿਸ਼ੇਸ਼ ਅਫਸਰ ਜਿਹੜੇ ਕਿ ਜਹਾਜ਼ ਦੀ ਕਮਾਣੀ ਤੇ ਖੜੇ ਸਨਮਾਰ ਹੇਠ ਘੱਟ ਸਨ ਅਤੇ ਗੰਭੀਰ ਚੋਟਾਂ ਆਉਣ ਤੋਂ ਬਚ ਗਏ ਸਨ। ਪਰ ਪੁਲਿਸ ਅਸੁੱਰਖਿਅਤ ਸੀ। ਉਹਨਾਂ ਵਿਚੋਂ ਇੱਕ ਦੇ ਇੱਟ ਵੱਜੀ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਚਾਰਾਂ ਪੰਜਾਂ ਦੀਆਂ ਖੋਪਰੀਆਂ ਜ਼ਖਮੀ ਹੋ ਗਈਆਂ ਸਨ। ਇੱਕ ਦੀ ਬਾਂਹ ਤੇ ਇੱਟ ਵੱਜੀ ਅਤੇ ਉਹ ਬੇਹੋਸ਼ ਹੋ ਗਿਆ। "ਸੀ ਲਾਇਨ" ਦੀਆਂ ਖਿੜਕੀਆਂ ਚਕਨਾ ਚੂਰ ਹੋ ਗਈਆਂ। ਕਈ ਜਾਣਿਆ ਦੇ ਜਹਾਜ਼ ਦੇ ਕਪਤਾਨ ਸਮੇਤ ਚਿਹਰਿਆਂ ਤੇ ਕੱਟ ਲੱਗੇ। ਮੁਖੀ ਮੈਕਲੈਨਨ ਆਪਣੀ ਥਾਂ ਤੇ ਜੰਮਿਆ ਖੜੋਤਾ ਰਿਹਾ। ਪਰ ਉਸਦੇ ਆਦਮੀਆਂ ਨੇ ਮਾਰ ਦੇ ਖਤਰੇ ਤੋਂ ਬਚਣ ਦਾ ਯਤਨ ਕੀਤਾ। ਜਦੋਂ ਉਹ ਸਾਰੇ ਦੇ ਸਾਰੇ ਜਹਾਜ਼ ਦੇ ਸੱਜੇ ਪਾਸੇ ਤੇ ਇੱਕਠੇ ਹੋ ਗਏ ਤਾਂ ਜਹਾਜ਼ ਖਤਰਨਾਕ ਤਰੀਕੇ ਨਾਲ ਇੱਕ ਪਾਸੇ ਨੂੰ ਡੋਲ ਗਿਆ "ਖੱਬੇ ਪਾਸੇ ਵੱਲ ਰਹੋ ਨਹੀਂ ਅਸੀਂ ਡੁੱਬ ਜਾਵਾਂਗੇ। ਉਹਨਾਂ ਵੱਲੋਂ ਉਚੀਆਂ ਉਚੀਆਂ ਚੀਖਾਂ ਪੈ ਰਹੀਆਂ ਸਨ। ਫੇਰ ਕਰੋਧ ਭਰੀਆਂ ਅਵਾਜ਼ਾਂ ਆਈਆਂ। ਸੀ ਲਾਇਨ ਨੂੰ ਜਹਾਜ਼ ਤੋਂ ਦੂਰ ਲੈ ਚੱਲੋ। ਕਪਤਾਨ "ਸੀ ਲਾਈਨ" ਨੂੰ ਕਿਉਂ ਨਹੀਂ ਹਿਲਾਉਂਦਾ ਇੱਕ ਬੰਦੂਕਧਾਰੀ ਜੋ ਹਰਨਾਮ ਸਿੰਘ ਨਿੱਕਲਿਆ ਅਤੇ ਜੋ ਮੁਸਾਫਰਾਂ ਦੀ ਪੰਜ ਮੈਂਬਰੀ ਕਮੇਟੀ ਦਾ ਮੈਂਬਰ ਸੀ, ਉਸਨੇ ਕਾਮਾਗਾਟਾ ਮਾਰੂ ਤੋਂ ਚਾਰ ਫਾਇਰ ਕੀਤੇ। ਪਰ ਉਹ ਕਿਸੇ ਨੂੰ ਨਾਂਹ ਵੱਜੇ। ਪੁਲਿਸ ਨੂੰ ਪਹਿਲਾਂ ਹੀ ਹੁਕਮ ਦਿੱਤੇ ਹੋਏ ਸਨ ਕਿ ਉਹ ਆਪਣੇ ਰਿਵਾਲਵਰ ਬਾਹਰ ਨਾਂਹ ਕੱਢਣ ਅਤੇ ਮੈਕਲੈਨਨ ਉਹਨਾਂ ਨੂੰ ਉੱਚੀ ਅਵਾਜ਼ ਵਿਚ ਆਖ ਰਿਹਾ ਸੀ ਕਿ ਉਹ ਆਪਣੀਆਂ ਥਾਵਾਂ ਤੇ ਹੀ ਜੰਮੇ ਰਹਿਣ "ਸੀ ਲਾਇਨ" ਦੀ ਰੱਸੀ ਵੱਡਣ ਦੇ 15 ਮਿੰਟ ਪਿੱਛੋਂ ਇੱਕ ਪੁਲੀਸ ਵਾਲਾ ਉਸਨੂੰ ਕੱਟਣ ਵਿਚ ਕਾਮਯਾਬ ਹੋ ਗਿਆ ਅਤੇ "ਸੀ ਲਾਇਨ" ਜਿਵੇ ਉਹ ਕੋਲੇ ਦੀ ਧਾਰ ਹੇਠੋਂ ਹੋ ਕੇ ਆਇਆ ਹੋਵੇ ਵਾਪਸ ਚੱਲ ਪਿਆ। ਕਾਮਾਗਾਟਾ ਮਾਰੂ ਦੇ ਮੁਸਾਫਰ ਜੈਕਾਰੇ ਛੱਡ ਰਹੇ ਸਨ।

ਦੋ ਵਜੇ ਸਵੇਰ ਦੇ ਤੱਟ ਤੇ ਪਰਤਣ ਬਾਅਦ ਸਟੀਵਨਜ ਨੇ ਪ੍ਰਧਾਨ ਮੰਤਰੀ ਨੂੰ ਤਾਰ ਦਿੱਤੀ। "ਕਾਮਾਗਾਟਾ ਮਾਰੂ ਦੇ ਹਿੰਦੂ ਖਤਰਨਾਕ ਇਨਕਲਾਬੀ ਹਨ ਅਤੇ ਕਾਨੂੰਨ ਨੂੰ ਤੋੜਨ ਉੱਤੇ ਤੁੱਲੇ ਹੋਏ ਹਨ। ਅਤਿਅੰਤ ਜ਼ਰੂਰੀ ਹੈ ਕਿ ਤਾਕਤ ਵਰਤੀ ਜਾਵੇ ਅਤੇ ਸਥਿਤੀ ਨੂੰ ਕਾਬੂ ਚ ਕਰਨ ਲਈ ਰੇਨਬੋ ਜਾਂ ਸਮੁੰਦਰੀ ਬੇੜੇ ਦਾ ਕੋਈ ਹੋਰ ਜਹਾਜ਼ ਘੱਲਿਆ ਜਾਵੇ। ਰੇਨਬੋ ਜੋ ਐਸ ਕੁਆਇਮਾਲਟ ਵਿੱਚ ਸਥਿਤ ਸੀ ਅਤੇ ਨੌਏਬੇ ਜਿਹੜਾ ਕਿ ਹੈਲੀਫੈਕਸ ਵਿੱਚ ਸੀ ਦੋਵੇਂ ਪੁਰਾਣੇ ਜਹਾਜ਼ ਸਨ ਜਿਨ੍ਹਾਂ ਨੂੰ ਸੰਨ 1911 ਵਿੱਚ ਬਰਤਾਨੀਆਂ ਤੋਂ ਪ੍ਰਾਪਤ ਕੀਤਾ ਗਿਆ ਸੀ। ਇਹੀ ਸਾਰਾ ਸੀ 1914 ਵਿੱਚ ਕੈਨੇਡਾ ਦਾ ਸਮੁੰਦਰੀ ਬੇੜਾ। ਕਈ ਮਹੀਨਿਆਂ ਤੋਂ ਰੇਨਬੋ ਲੰਗਰ ਸੁੱਟੀ ਖੜ੍ਹਾ ਸੀ। ਅਤੇ ਇਸ ਨੇ ਛੇਤੀ ਹੀ ਬੈਰਿੰਗ ਸੀ ਵਿੱਚ ਅੰਤਰ ਰਾਸ਼ਟਰੀ ਪਾਣੀਆਂ ਵਿੱਚ ਗਸ਼ਤ ਕਰਨ ਜਾਣਾ ਸੀ ਅੰਤਰ ਕੌਮਾਂਤਰੀ ਪਰ ਇਹ ਅਜੇ ਇਸ ਸਫਰ ਦੇ ਯੋਗ ਨਹੀਂ ਸੀ। ਅਤੇ ਇਸਦੇ ਜਹਾਜ਼ੀ ਅਸਲੇ ਵਿੱਚ ਕੇਵਲ 47 ਮਲਾਹ ਤੇ ਅਫਸਰ ਸ਼ਾਮਲ ਸਨ। ਛਿੱਹਤਰ ਆਦਮੀਆਂ ਦੀ ਨੌਟਿਬੋ ਤੋਂ ਬਦਲੀ ਕੀਤੀ ਜਾ ਰਹੀ ਸੀ ਅਤੇ ਇਤਫਾਕ ਨਾਲ ਉਹਨਾਂ ਨੇ 20 ਤਾਰੀਕ ਦੀ ਸ਼ਾਮ ਨੂੰ ਵੈਨਕੂਵਰ ਅਪੜਣਾ ਸੀ। ਬਾਕੀ ਲੋਕ ਬਰਤਾਨੀਆਂ ਨੇ ਘੱਲਣੇ ਸਨ ਅਤੇ ਅਜੇ ਉਹ ਨਹੀਂ ਸਨ ਆਏ। ਭਾਵੇ ਜਹਾਜ਼ ਉੱਤੇ ਆਦਮੀਆਂ ਦੀ ਗਿਣਤੀ ਲੋੜ ਤੋਂ ਘੱਟ ਸੀ ਅਤੇ ਉਹ ਮੁਰੰਮਤ ਅਧੀਨ ਸੀ। ਫੇਰ ਵੀ ਰੇਨਬੋ ਕੈਨੇਡਾ ਦੀ ਨੇਵੀ ਦਾ ਸੱਭ ਤੋਂ ਸ਼ਕਤੀਸ਼ਾਲੀ ਜਹਾਜ਼ ਸੀ। ਸੰਨ 1911 ਵਿੱਚ ਇਸ ਦੀ ਵਰਤੋਂ ਪਰਿੰਸ ਰੂਪਰਟ ਦੇ ਹੜਤਾਲੀਆਂ ਨੂੰ ਡਰਾਉਣ ਧਮਕਾਉਣ ਹਿੱਤ ਕੀਤੀ ਗਈ ਸੀ ਅਤੇ ਹੁਣ ਸਟੀਵਨਜ਼ ਇਸਨੂੰ ਕਾਮਾਗਾਟਾ ਮਾਰੂ ਦੇ ਹਿੰਦੁਸਤਾਨੀਆ ਵਿਰੁੱਧ ਵਰਤਣਾ ਚਾਹੁੰਦਾ ਸੀ।

ਬੋਰਡਨ ਨੇ ਜਿਹੜਾ ਕਿ ਕਾਮਾਗਾਟਾ ਮਾਰੂ ਦੇ ਜਾਣ ਵਿੱਚ ਦੇਰੀ ਹੋਣ ਕਾਰਣ ਗੁੱਸੇ ਵਿੱਚ ਸੀ। ਅੰਦਰੇ ਅੰਦਰ ਫੈਸਲਾ ਕਰ ਲਿਆ ਸੀ ਕਿ ਇੰਮੀਗਰੇਸ਼ਨ ਐਕਟ ਦੀ ਤਰਮੀਮ ਕਰਨੀ ਹੋਵੇਗੀ। ਪਰ ਉਹ ਜਾਣਦਾ ਸੀ ਕਿ ਜਿਸ ਢੰਗ ਨਾਲ ਉਸਦੇ ਲੋਕ ਇਸ ਘਟਨਾ ਦਾ ਨਿਪਟਾਰਾ ਕਰ ਰਹੇ ਸਨ। ਉਸ ਉੱਤੇ ਨੌਆਬਾਦੀਆਂ ਦੇ ਸਕੱਤਰ ਨੇ ਤੇ ਹਿੰਦੁਸਤਾਨੀ ਸਰਕਾਰ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਸੀ। ਖ਼ੂਨ ਖਰਾਬੇ ਨੂੰ ਰੋਕਣਾ ਪੈਣਾ ਸੀ ਅਤੇ ਜਾਣਦਾ ਸੀ ਕਿ ਉਹ ਸਥਾਨਕ ਇੰਮੀਗਰੇਸ਼ਨ ਦੇ ਏਜੰਟ ਤੇ ਅਤੇ ਸਥਾਨਕ ਐਮ ਪੀ ਤੇ ਨਿਰਭਰ ਨਹੀ ਸੀ ਕਰ ਸਕਦਾ। ਆਪਣੇ ਵੱਡੇ ਸਰਕਾਰੀ ਵਕੀਲ ਆਰਥਰ ਮੇਹੈੱਨ ਨਾਲ ਸਲਾਹ ਮਸਵਰਾ ਕਰਨ ਉਪਰੰਤ ਕਿਉਂਕਿ ਮੰਤਰਾਲੇ ਦੇ ਵੱਡੇ ਵਜ਼ੀਰ ਗੈਰ ਹਾਜ਼ਰ ਸਨ। ਉਸਨੇ ਰੇਨਬੋ ਨੂੰ ਉਪਲਭੱਦ ਕਰਨ ਦਾ ਫੈਸਲਾ ਕਰ ਲਿਆ। ਪਰ ਨਾਲ ਹੀ ਆਪਣੇ ਖੇਤੀ ਬਾੜੀ ਦੇ ਵਜੀਰ ਮਾਰਟਿਨ ਬਿਊਰੈੱਲ ਜਿਹੜਾ ਉਸ ਸਮੇਂ ਆਪਣੇ ਚੋਣ ਹਲਕੇ ਓਕਨ ਆਗਨ ਵਿੱਚ ਸੀਨੂੰ ਤਾਰ ਦਿੱਤੀ, "ਇਸ ਗੱਲ ਨੂੰ ਅਤਿਅੰਤ ਜ਼ਰੂਰੀ ਸਮਝੋ, ਤੁਸੀਂ ਤੁਰੰਤ ਹੀ ਵੈਨਕੂਵਰ ਜਾਵੋ ਅਤੇ ਮੈਨੂੰ ਸਾਰੀ ਹਾਲਤ ਦੀ ਸੂਚਨਾ ਦਿਓ।"

ਐਤਵਾਰ ਵਾਲੇ ਦਿਨ ਨੂੰ ਬੋਰਡਨ ਨੂੰ ਅਟਵਾ ਵਿੱਚ ਸਮੁੰਦਰੀ ਬੇੜੇ ਦਾ ਕੋਈ ਵੀ ਅਫਸਰ ਨਾਂਹ ਮਿਲ ਸਕਿਆ ਪਰ ਉਹ ਡਗਲਸ ਹੇਜਨ ਜਹਾਜਰਾਨੀ ਤੇ ਮੱਛੀਆਂ ਦੇ ਵਿਭਾਗ ਦੇ ਵਜੀਰਾਂ ਨਾਲ ਗੱਲਬਾਤ ਕੀਤੀ। ਉਹ ਮੌਂਕਟਨ ਤੋਂ ਹੈਲੀਫੈਕਸ ਨੂੰ ਜਾਣ ਵਾਲੇ ਜਹਾਜ਼ ਵਿੱਚ ਸੀ। ਸ਼ਾਮ ਨੂੰ ਰੇਨਬੋ ਦੇ ਕਮਾਂਡਰ ਨੂੰ ਸੂਚਿਤ ਕਰ ਦਿੱਤਾ ਗਿਆ ਅਤੇ ਉਸਨੇ ਵਾਪਸ ਖਬਰ ਦਿੱਤੀ ਕਿ ਜਹਾਜ਼ ਨੂੰ ਅਸਾਨੀ ਨਾਲ ਨਹੀ ਸੀ ਚਲਾਇਆ ਜਾ ਸਕਦਾ ਅਤੇ ਸ਼ਾਇਦ ਉਸਨੂੰ ਕਾਮਾਗਾਟਾ ਮਾਰਗ ਉਤੇ ਚੜ੍ਹਨ ਖਾਤਰ ਨਹੀਂ ਸੀ ਵਰਤਿਆ ਜਾ ਸਕਦਾ। ਪਰ ਉਸਦੀ ਮੌਜੂਦਗੀ ਦਾ ਕਾਮਾਗਾਟਾ ਮਾਰੂ ਤੇ ਡਰਾਓ ਪ੍ਰਭਾਵ ਪੈ ਸਕਦਾ ਹੈ।" ਹੇਜਨ ਨੇ ਸੂਚਨਾ ਦਿੱਤੀ। ਬੋਰਡਨ ਨੇ ਇਹ ਜਾਨਣ ਪਿੱਛੋਂ ਕਿ ਰੇਨਬੋ ਤੇ ਆਦਮੀ ਥੋੜੇ ਸਨ, ਦੇਸ ਨਾਗਰਿਕ ਸੈਨਾ ਦੇ ਵਿਭਾਗ ਨਾਲ ਸੰਪਰਕ ਪੈਦਾ ਕੀਤਾ ਕਿ ਵੈਨਕੂਵਰ ਤੋਂ ਸੈਨਾ ਦੇ ਸਿਪਾਹੀਆਂ ਨੂੰ ਸਮੁੰਦਰੀ ਜਹਾਜ਼ ਦੇ ਸਿਪਾਹੀਆਂ ਵਜੋਂ ਵਰਤਿਆ ਜਾਵੇ। ਸੋਮਵਾਰ ਨੂੰ ਗੌਤਾ ਖੋਰਾ ਨੇ ਰੇਨਬੋ ਦੇ ਹੱਲ ਦਾ ਮੁਆਇਨਾ ਕੀਤਾ। ਹੱਲ ਬਹੁਤ ਗੰਦਾ ਸੀ ਅਤੇ ਇਸ ਵਿੱਚ ਇੱਕ ਨਿੱਕਾ ਜਿਹਾ ਛੇਕ ਵੀ ਸੀ। ਪਰ ਫੇਰ ਵੀ ਇਸ ਨੂੰ ਚੰਗੀ ਹਾਲਤ ਵਿੱਚ ਦੱਸਿਆ ਗਿਆ। ਸ਼ਾਮ ਨੂੰ ਇਹ ਜਹਾਜ਼ ਵਿਕਟੋਰੀਆ ਤੋਂ ਵੈਨਕੂਵਰ ਲਈ ਚੱਲ ਪਿਆ। ਇਹ ਸਟੀਮ ਦੇ ਘੱਟ ਪ੍ਰੈਸਰ ਕਾਰਣ ਹੌਲੀ ਹੌਲੀ ਚੱਲ ਰਿਹਾ ਸੀ ਕਿਉਂ ਜੋ ਉਸਦੇ

ਬਾਇਲਰਾਂ ਨੂੰ ਟੈਸਟ ਨਹੀ ਕੀਤਾ ਗਿਆ ਸੀ ਕਿ ਉਹ ਕਿਤਨੇ ਕੁ ਠੀਕ ਠਾਕ ਹਨ ।

ਮੁਸਾਫਰ ਭੁੱਖੇ ਸਨ ਪਰ ਨਿੱਡਰ ਸਨ । "ਜੇ ਅਸੀਂ ਆਪਣੀਆਂ ਸਾਰੀਆਂ ਮੁਸੀਬਤਾਂ ਤੁਹਾਨੂੰ ਦੱਸੀਏ ਦਲਜੀਤ ਸਿੰਘ ਨੇ ਆਪਣੇ ਇੱਕ ਮਿੱਤਰ ਨੂੰ ਚਿੱਠੀ ਵਿੱਚ ਲਿਖਦਿਆਂ ਕਿਹਾ ।" ਜਿਸ ਚਿੱਠੀ ਨੂੰ ਇੰਮੀਗਰੇਸ਼ਨ ਵਾਲਿਆਂ ਨੇ ਰਸਤੇ ਵਿੱਚ ਹੀ ਰੋਕ ਲਿਆ ਸੀ। ਇਸ ਦਾ ਮਤਲਬ ਤੇਹਾਨੂੰ ਬਿਪਤਾ ਵਿੱਚ ਪਾਉਣਾ ਹੋਵੇਗਾ । ਉਹ ਜਬਰੀ ਤੌਰ ਤੇ ਸਾਨੂੰ ਡਿਪੋਰਟ ਕਰਨ ਦੇ ਯਤਨਾਂ ਵਿੱਚ ਜੁਟੇ ਹੋਏ ਸਨ । ਅਤੇ ਬਾਅਦ ਵਿੱਚ ਆਖਣਗੇ ਕਿ ਜਹਾਜ਼ ਨੂੰ ਮੁਸਾਫਰ ਹੀ ਲੈ ਗਏ ਸਨ । ਸਵੇਰੇ 3 ਵਜਕੇ 30 ਮਿੰਟ ਤੇ ਇਕ ਸਿਪਾਹੀਆਂ ਨਾਲ ਭਰਿਆ ਹੋਇਆ ਜਹਾਜ਼ ਆਇਆ ਅਤੇ ਉਹਨਾਂ ਨੇ ਡਰਾ ਧਮਕਾ ਕ਼ੇ ਜਹਾਜ਼ ਤੇ ਉਤਰਨ ਅਤੇ ਭਾਈ ਗੁਰਦਿੱਤ ਸਿੰਘ ਨੂੰ ਫੜਣ ਦੀ ਕੋਸ਼ਿਸ਼ ਕੀਤੀ । ਸਤਿਗੁਰ ਦੀ ਮਦਦ ਨਾਲ ਸਾਡੀ ਜਿੱਤ ਹੋਈ ਅਤੇ ਅਸੀਂ ਆਪਣੇ ਝੰਡੇ ਦੀ ਆਨ ਕਾਇਮ ਰੱਖੀ । ਅਸੀਂ ਮਰਨ ਮਾਰਨ ਲਈ ਤਿਆਰ ਹਾ । ਤੁਹਾਡੇ ਹੁਕਮ ਬਿੰਨਾ ਅਸੀਂ ਜਹਾਜ਼ ਨਹੀਂ ਤੋਰਾਂਗੇ ਅਤੇ ਕੇਵਲ ਉਸ ਸਮੇਂ ਹੀ ਤੋਰਾਂਗੇ ਜਦੋਂ ਉਹ ਪਹਿਲਾਂ ਜਹਾਜ਼ ਤੇ ਰਸਦ ਪਾਣੀ ਪੁਚਾ ਦੇਣਗੇ ।" ਸਾਰਾ ਐਤਵਾਰ ਮੁਸਾਫਰ ਜੰਗਲੇ ਦੇ ਆਲੇ ਦੁਆਲੇ ਲੱਕੜਾਂ ਦਾ ਨਾਕਾਬੰਦੀ ਖੜੀ ਕਰਨ ਅਤੇ ਕੋਲੇ ਦੇ ਭੰਡਾਰੇ ਨੂੰ ਭਰਪੂਰ ਕਰਨ ਵਿਚ ਰੁੱਝੇ ਰਹੇ । ਆਪਣੀ ਤਿਆਰ ਬਰ ਤਿਆਰ ਇੱਕਠੀ ਕੀਤੀ ਇਸ ਸਮੱਗਰੀ ਸਦਕਾ ਉਹਨਾਂ ਨੇ ਉਸ ਰਾਤ ਪੁਲਿਸ ਦੇ ਲਾਂਚ ਨੂੰ ਜਿਹੜੇ ਕਿ ਉਹਨਾਂ ਦੀ ਨਿਗਰਾਨੀ ਕਰ ਰਹੇ ਸਨ ਕਾਫੀ ਦੂਰੀ ਤੇ ਰੱਖਿਆ । ਉਹਨਾਂ ਨੇ ਕਪਤਾਨ ਨੂੰ ਤਾੜਨਾ ਕੀਤੀ ਕਿ ਜੇਕਰ ਉਸਨੇ ਮੁੜ ਪੁਲਿਸ ਤਲਬ ਕੀਤੀ ਤਾਂ ਉਹ ਜਿੰਦਗੀ ਦੀ ਹਾਨੀ ਲਈ ਜਾ ਕਿਸੇ ਦੇ ਅੰਗ ਭੰਗ ਹੋਣ ਲਈ ਜਿੰਮੇਵਾਰ ਹੋਵੇਗਾ । ਉਹਨਾਂ ਨੂੰ 16 ਤਾਰੀਖ ਤੋਂ ਪਿੱਛੋਂ ਜਦੋਂ ਉਨ੍ਹਾਂ ਨੂੰ ਇੱਕ ਦਿਨ ਦਾ ਰਸਤ ਦਿੱਤੀ ਗਈ ਸੀ ਉਹਨਾਂ ਨੂੰ ਬਾਅਦ ਕੋਈ ਖਾਦ ਖੁਰਾਕ ਨਹੀਂ ਦਿੱਤੀ ਗਈ । ਅਸੀਂ ਤਿੰਨਾਂ ਦਿਨਾਂ ਤੋਂ ਭੁੱਖੇ ਹਾਂ ।" ਉਹ ਸਥਾਨਕ ਕਮੇਟੀ ਨੂੰ ਦੱਸਣਾ ਚਾਹੁੰਦੇ ਸਨ । "ਇੰਮੀਗਰੇਸ਼ਨ ਵਾਲੇ ਜਹਾਜ਼ ਨੂੰ ਤੋਰਨਾ ਚਾਹੁੰਦੇ ਹਨ । ਅਤੇ ਰਸਤੇ ਵਿੱਚ ਸਾਨੂੰ ਭੁੱਖਣ ਭਾਣੇ ਮਾਰਨਾ ਚਾਹੁੰਦੇ ਹਨ ।"

ਸੋਮਵਾਰ ਦੀ ਸਵੇਰ ਨੂੰ ਹਾਪਕਿਨਸਨ ਬਿਨਾ ਕਿਸੇ ਡਰ ਤੋਂ ਕਾਮਾਗਾਟਾ ਮਾਰੂ ਉਤੇ ਚਲਾ ਗਿਆ ਤਾਂ ਜੋ ਗਵਰਨਰ ਜੈਨਰਲ ਵੱਲੋਂ ਉਹਨਾਂ ਨੂੰ ਭੇਜੀ ਗਈ ਤਾਰ ਉਹਨਾਂ ਨੂੰ ਦੇ ਸਕੇ । ਉਹ ਥੋੜੇ ਜਿਹੇ ਸਮੇਂ ਲਈ ਗੱਲ ਬਾਤ ਕਰਨ ਲਈ ਉਥੇ ਰੁਕਿਆ ਜਦੋਂ ਕਿ ਐਚ. ਐਚ. ਸਟੀਵਨਜ਼ ਥੱਲੇ ਲਾਂਚ ਦੀ ਹਿਫਾਜ਼ਤ ਵਿੱਚ ਖਲੋਤਾ ਹੋਇਆ ਉੱਚੀ ਉੱਚੀ ਹਦਾਇਤਾਂ ਦੇ ਰਿਹਾ ਸੀ । ਮੁਸਾਫਰਾਂ ਨਾਲ ਵਾਰਤਾਲਾਪ ਹਾਪਕਿਨਸਨ ਦੇ ਇਸ ਵਾਹਦੇ ਤੇ ਪੁੱਜੇ ਕੇ ਟੁੱਟ ਗਈ ਸੀ ਕਿ ਜਦੋਂ ਤੀਕਰ ਮੁਸਾਫਰ ਵਧੇਰੇ ਦਲੀਲ ਮਈ ਮਾਨਸਿਕ ਹਾਲਤ ਵਿੱਚ ਨਹੀਂ ਆਉਂਦੇ ਉਹਨਾਂ ਨੂੰ ਕੋਈ ਖੁਰਾਕ ਨਹੀਂ ਦਿੱਤੀ ਜਾਵੇਗੀ ।

ਗ੍ਰੀਡ ਨੇ ਅਫਸਰਾਂ ਨੂੰ ਇੱਕ ਚਿੱਠੀ ਦੇ ਕੇ ਰਹੀਮ ਦੇ ਦਫਤਰ ਵਿੱਚ ਘੱਲਿਆ ਕਿ ਉਹ ਉਸ ਚਿੱਠੀ ਤੇ ਆਪਣੇ ਦਸਤਖਤ ਕਰ ਦੇਵੇ ਤੇ ਮੁਸਾਫਰਾਂ ਨੂੰ ਚੱਲਣ ਦਾ ਅਧਿਕਾਰ ਦੇ ਦੇਵੇ । ਉਹ ਰਹੀਮ ਵਲੋਂ ਕਿਸੇ ਦਲੀਲ ਨੂੰ ਨ ਕਬੂਲ ਕਰਨ, ਸਗੋਂ ਆਖਣ "ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਚਿੱਠੀ ਤੇ ਆਪਣੇ ਦਸਤਖਤ ਕਰ ਦੇਵੋ । ਤਦ ਸਾਨੂੰ ਪਤਾ ਲੱਗੇਗਾ ਕਿ ਤੁਸੀਂ ਕਿੱਥੇ ਖੜੋਤੇ ਹੋ। ਕਾਮਾਗਾਟਾ ਮਾਰੂ ਦੀ ਕਮੇਟੀ ਦਾ ਦਾਅਵਾ ਹੈ ਕਿ ਤੁਸੀਂ ਹੀ ਉਹਨਾਂ ਦੀ ਰਵਾਨਗੀ ਦੇ ਰਾਹ ਵਿੱਚ ਰੋਕ ਬਣੇ ਹੋਏ ਹੋ ਅਤੇ ਉਹ ਤੁਹਾਡੀ ਮਨਜ਼ੂਰੀ ਤੋਂ ਬਿਨਾਂ ਨਹੀ ਤੁਰਨਗੇ । ਅਸੀਂ ਹੁਣ ਇਹ ਚਿੱਠੀ ਤੁਹਾਡੇ ਦਸਤਖਤ ਕਰਨ ਲਈ ਪੇਸ਼ ਕਰਦੇ ਹਾਂ । " ਕਿਸੇ ਨੂੰ ਵੀ ਕੋਈ ਹੈਰਾਨੀ ਨਹੀਂ ਹੋਈ ਜਦੋਂ ਰਹੀਮ ਨੇ ਦਸਤਖਤ ਕਰਨ ਤੋ ਨਾਂਹ ਕਰ ਦਿੱਤੀ ।

ਮੰਗਲਵਾਰ 21 ਜੁਲਾਈ ਨੂੰ ਪਹੁ ਫੁਟਾਲਾ ਹੁੰਦਿਆਂ ਹੀ ਸੈਨਕਾ ਦੇ 204 ਜਵਾਨ ਸੱਤ ਵਜੇ ਮਾਰਚ ਕਰਦੇ ਹੋਏ ਪੀਅਰ A ਦੇ ਦੱਖਣੀ ਪਾਸੇ ਪੀਅਰ A 'ਸਮੁੰਦਰ ਕੰਢੇ' ਸੀ. ਪੀ. ਆਰ ਦੇ ਡਾਕ ਦੇ ਪੱਛਮੀ ਸਿਰੇ ਤੇ ਸਥਿਤ ਸੀ। ਜਦੋਂ ਤੀਕਰ ਸੈਨਕਾ ਨੇ ਮਾਰਚ ਕਰਕੇ ਕਤਾਰਾ ਬਣਾਈਆਂ ਲੋਕਾਂ ਦਾ ਵੱਡਾ ਇੱਕਠ ਸਮੁੰਦਰ ਦੇ ਕਿਨਾਰੇ ਉੱਤੇ ਇੱਕਠਾ ਹੋ ਗਿਆ ਸੀ। ਸਵੇਰ ਦੇ 8.15 ਵਜੇ ਜਹਾਜ਼ ਰੇਨਬੋ ਪਹੁੰਚਿਆ ਅਤੇ ਕਾਮਾਗਾਟਾ ਮਾਰੂ ਤੋਂ ਕੁਝ 100 ਗਜ ਦੀ ਦੂਰੀ ਤੇ ਦੱਖਣ ਪੱਛਮ ਵੱਲ ਲੰਗਰ ਸੁੱਟ ਦਿੱਤਾ। ਗੀਡ ਸਟੀਵਨਜ ਅਤੇ ਸੈਨਕਾਂ ਦੇ ਅਫਸਰ ਰੇਨਬੋ ਦੇ ਕਮਾਂਡਰ ਨਾਲ ਗੱਲਬਾਤ ਕਰਨ ਲਈ ਬਾਹਰ ਨਿਕਲੇ ।

ਕਮਾਂਡਰ ਦੀ ਸਕੀਮ ਸੀ ਕਿ ਰੇਨਬੋ ਨੂੰ ਕਾਮਾਗਾਟਾ ਮਾਰੂ ਦੇ ਬਰਾਬਰ ਲੈ ਜਾਵੇ ਅਤੇ ਲੱਕੜੀ ਦੇ ਤਿੰਨ ਪੁਲ ਸੁੱਟਕੇ ਆਪਣੇ ਸਮੁੰਦਰੀ ਫੌਜੀਆਂ ਅਤੇ ਸੈਨਕਾਂ ਨੂੰ ਤਣੀਆਂ ਸੰਗੀਨਾਂ ਨਾਲ ਕਾਮਾਗਾਟਾ ਮਾਰੂ ਤੇ ਘੱਲ ਦੇਵੇ। ਉਦੋਂ ਤੀਕਰ ਕੋਈ ਗੋਲੀ ਨਾ ਚਲਾਈ ਜਾਵੇ ਜਦੋਂ ਤੀਕਰ ਉਹਨਾਂ ਨੂੰ ਯਕੀਨ ਨਾਂਹ ਹੋ ਜਾਵੇ ਕਿ ਮੁਸਾਫਰਾਂ ਕੋਲ ਕਾਫੀ ਮਾਤਰਾ ਵਿੱਚ ਗੋਲੀ ਸਿੱਕਾ ਮੌਜੂਦ ਹਨ। ਜਿੱਥੋ ਤੱਕ ਕਿਸੇ ਨੂੰ ਪਤਾ ਸੀ ਉਹ ਇਹ ਸੀ ਕਿ ਮੁਸਾਫਰਾਂ ਕੋਲ ਕੇਵਲ ਇੱਕ ਹੀ ਰੀਵਾਲਵਰ ਸੀ। ਜੇ ਮੁਸਾਫਰਾਂ ਨੇ ਰੋਕ ਪਾਈ ਤਾਂ ਹਰ ਲੱਕੜੀ ਦੇ ਪੁਲ ਤੇ ਦੋ ਪਾਣੀ ਪਾਉਣ ਵਾਲੀਆਂ ਨਾਲੀਆਂ ਮੌਜੂਦ ਸਨ। ਜਿੰਨਾ ਦੁਆਰਾ ਉਹਨਾਂ ਨੂੰ ਬਿਨਾ ਕਿਸੇ ਹਾਨੀ ਪਹੁੰਚਾਉਣ ਦੇ ਠੰਡਿਆ ਕੀਤਾ ਜਾ ਸਕਦਾ ਸੀ। ਫਿਰ ਵੀ ਇਸ ਗੱਲ ਦਾ ਫੈਸਲਾ ਹੋਇਆ ਕਿ ਹੱਲਾ ਬੋਲਣ ਤੋਂ ਪਹਿਲਾ ਸਥਾਨਕ ਹਿੰਦੁਸਤਾਨੀ ਕਮੇਟੀ ਦਾ ਸਹਿਯੋਗ ਪ੍ਰਾਪਤ ਕਰਨ ਲਈ ਇੱਕ ਹੋਰ ਯਤਨ ਕੀਤਾ ਜਾਵੇ।

ਰੇਨਬੋ ਵਿੱਚ 12 ਵੱਡੀਆਂ ਤੋਪਾਂ ਸਨ ਅਤੇ ਕੁੱਝ ਮਸ਼ੀਨ ਗੱਨਾਂ ਸਨ। ਜਾਂ ਤਾਂ ਇਹਨਾਂ ਸਾਰੀਆਂ ਨੂੰ ਇਕ ਦਿਨ ਪਹਿਲਾਂ ਜਲਦੀ ਨਾਲ ਤਿਆਰ ਕੀਤਾ ਗਿਆ ਸੀ। ਵੱਡੀਆਂ ਤੋਪਾਂ ਜਿੰਨਾ ਨੇ ਕਾਮਾਗਾਟਾ ਮਾਰੂ ਵੱਲ ਸ਼ਿਸਤ ਲਾਈ ਹੋਈ ਸੀ ਨੂੰ 10 ਵਜੇ ਸਵੇਰ ਦੇ ਕਰੀਬ ਨੰਗਿਆ ਕਰ ਦਿੱਤਾ ਗਿਆ। ਇਹ ਇੱਕ ਵੱਡੇ ਮਜਾਕ ਤੋਂ ਬਿਨਾ ਕੁੱਝ ਨਹੀਂ।" ਰਹੀਮ ਹੁਸੈਨ ਨੇ ਮੈਟਰੋਪਾਲੇਟਿਨ ਬਿਲਡਿੰਗ ਦੀ ਉਪਰਲੀ ਮੰਜ਼ਲ ਤੋਂ ਜਿੱਥੇ ਉਸਦੇ ਵਕੀਲਾਂ ਦੇ ਦਫਤਰ ਸਨ। ਵੇਖਦਿਆਂ ਹੋਇਆ ਆਖਿਆ ਉਹ ਕਾਮਾਗਾਟਾ ਮਾਰੂ ਨੂੰ ਦੋ ਹੀ ਗੋਲੀਆਂ ਨਾਲ ਡੋਬ ਸਕਦੇ ਹਨ।" ਉਹ ਉਹਨਾਂ ਅਨੇਕਾਂ ਲੋਕਾਂ ਵਿੱਚ ਇੱਕ ਸੀ ਜਿਹੜੇ ਕਿ ਸਮੁੰਦਰ ਕੰਢੇ ਬਣੀਆਂ ਸ਼ਹਿਰ ਦੀਆਂ ਵੱਡੀਆਂ ਇਮਾਰਤਾਂ ਦੀਆਂ ਖਿੜਕੀਆਂ ਵਿੱਚ ਖੜੇ ਸਨ। ਇਸ ਦਫਤਰ ਨੂੰ ਕਿਸੇ ਕੰਮ ਲਈ ਫੋਨ ਕਰਨ ਦਾ ਕੋਈ ਲਾਭ ਨਹੀਂ, ਸਾਰੇ ਕਲਰਕ ਤਾਂ ਖਿੜਕੀਆਂ ਵਿੱਚ ਹਨ।" ਡਾਕਖਾਨੇ ਦੀ ਇਮਾਰਤ ਦੀ ਛੱਤ ਤੇ ਤੱਟ ਤੇ ਨੇੜੇ ਲੱਗਦੀਆਂ ਹੋਰ ਇਮਾਰਤਾ ਦੀਆਂ ਛੱਤਾਂ ਤੇ ਖਚਾ ਖਚ ਭੀੜ ਸੀ। ਹਜ਼ਾਰਾਂ ਮਨੁੱਖ ਉਹਨਾਂ ਗਲੀਆਂ ਦੇ ਸਿਰਿਆ ਤੇ ਜਿਹੜੀਆਂ ਸਮੁੰਦਰ ਤੇ ਆ ਕੇ ਲੱਗਦੀਆਂ ਸਨ ਇੱਕਤਰ ਹੋ ਗਏ ਸਨ। ਅਤੇ ਹਜ਼ਾਰਾ ਹੋਰ ਜਹਾਜ਼ ਤੁਰਨ ਵਾਲੇ ਪਲੇਟਫਾਰਮ ਕੋਲ ਧੁਸ ਗਏ ਸਨ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਵੈਨਕੂਵਰ ਨੇ ਇਸ ਨੁਮਾਇਸ਼ ਨੂੰ ਤੱਕਣ ਲਈ ਛੁੱਟੀ ਕਰ ਲਈ ਹੋਵੇ।

ਹਰ ਕੋਈ ਜਿਸ ਕੋਲ ਲਾਂਚ ਸੀ ਜਾਂ ਬਾਦਬਾਨਾਂ ਵਾਲੀ ਕਿਸ਼ਤੀ ਸੀ ਜਾਂ ਪੈਂਡਲਾਂ ਨਾਲ ਚੱਲਣ ਵਾਲੀ ਕਨੂਅ ਕਿਸ਼ਤੀ ਸੀ ਸਮੁੰਦਰ ਵਿੱਚ ਆ ਨਿਕਲਿਆ ਸੀ। ਅਤੇ ਹਰਵਾਰ ਜਦੋਂ ਕਿ ਇੰਮੀਗਰੇਸ਼ਨ ਵਾਲਿਆ ਦਾ ਗਸ਼ਤੀ ਲਾਂਚ ਅਤੇ ਜਹਾਜ਼ "ਸੀ ਲਾਇਨ" ਕਾਮਾਗਾਟਾ ਮਾਰੂ ਦੇ ਕੋਲ ਦੀ ਲੰਘਦੇ ਸਨ। ਤਾਂ ਅੜਿਕਾ ਪੈਂਦਾ ਸੀ ਛੋਟੀਆਂ ਕਿਸ਼ਤੀਆਂ ਵਾਲੇ ਦਰਸ਼ਕ ਜਿੰਨਾ ਨੂੰ ਦੂਰ ਰਹਿਣ ਲਈ ਹਦਾਇਤ ਕੀਤੀ ਗਈ ਸੀ ਫੇਰ ਵੀ ਰੇਨਬੋ ਤੇ ਕਾਮਾਗਾਟਾ ਮਾਰੂ ਦੇ ਨੇੜੇ ਚਲੇ ਜਾਂਦੇ ਸਨ ਤਾਂ ਜੋ ਉਹ ਸਮੁੰਦਰੀ ਸੈਨਕਾਂ ਨਾਲ ਗੱਲਬਾਤ ਕਰ ਸਕਣ। ਜਾਂ ਵੇਖ ਸਕਣ ਕਿ ਸਿੱਖ ਕਿਸ ਤਰ੍ਹਾਂ ਦੇ ਹਨ। ਪ੍ਰਭਾਤ ਦੇ ਸਮੇਂ ਦੌਰਾਨ ਕਾਮਾਗਾਟਾ ਮਾਰੂ ਮੁਸਾਫਰ ਸ਼ਾਤ ਰਹੇ ਸਨ। ਉਹਨਾਂ ਦੇ ਹੌਸਲੇ ਖੁੱਲੇ ਸਨ ਅਤੇ ਡਰੇ ਵੀ ਹੋਏ ਸਨ। ਅਤੇ ਕਈ ਘੰਟੇ ਘੰਟੇ ਪਿੱਛੋ ਲੈਟਰੀਨ ਵੱਲ ਭੱਜਦੇ ਸਨ। ਦੁਪਿਹਰ ਸਮੇਂ ਜਦੋਂ ਕਿ ਬੱਚੇ (ਜਹਾਜ਼ ਦੇ ਚਾਰ ਬੱਚੇ ਸਨ) ਜਹਾਜ਼ ਦੇ ਪੁਲ ਤੇ ਖੇਲ ਵਿੱਚ ਮਸਤ ਸਨ ਤਾਂ ਬਾਕੀ ਮੁਸਾਫਰਾਂ ਨੇ ਜਹਾਜ਼ ਉੱਤੇ ਸਾਹਮਣੇ ਵਾਲੇ ਪਾਸੇ ਮੀਟਿੰਗ ਕੀਤੀ। ਜਹਾਜ਼ ਉੱਤੇ ਦੋ ਪੈਂਡੂ ਗਵਈਏ ਸਨ। ਇੱਕ ਕੋਲ ਢੱਡ ਅਰਥਾਤ ਚਾਰ ਇੰਚੀ ਢੋਲਕ ਸੀ ਤੇ ਦੂਜੇ ਕੋਲ ਸੱਤ ਤਾਰਾ ਵਾਲੀ ਸਾਰੰਗੀ ਸੀ। ਉਹ ਦੇਸ਼ ਭਗਤੀ ਦਾ ਗੀਤ ਇੱਕ ਜੋਸ਼ ਭਰਿਆ ਯੁੱਧ ਦਾ ਗੀਤਾ ਗਾ ਰਹੇ ਸਨ। ਜੋ ਮੁਸਾਫਰਾਂ ਨੂੰ ਚੜ੍ਹਦੀਆਂ ਕਲਾਂ ਵੱਲ ਲੈ ਜਾਵੇ। ਇਹ ਇੱਕ ਪੁਰਾਤਨ ਤੇ ਇਤਿਹਾਸਕ ਗੀਤ ਸੀ ਇੱਕ ਯੋਧੇ ਦਾ ਗੀਤ ਜਿਸ ਨੇ ਇਸ ਸੰਕਲਪ ਤੇ ਫੁੱਲ ਚੜ੍ਹਾਏ ਸਨ ਕਿ ਜੇ ਤੁਹਾਨੂੰ ਕਿਸੇ ਸ਼ੁਭ ਕਾਰਜ ਵਾਸਤੇ ਸਿਰ ਦੇਣਾ ਪਵੇ ਤਾਂ ਝੁਕੋ ਨਾਂ," ਇੱਕ ਬੁਲਾਰਾ ਉਠਿਆ ਅਤੇ ਉਸਨੇ ਕਿਹਾ ਆਖਰੀ ਸੁਆਸ ਤੱਕ ਜੂਝਦੇ ਜਾਵੋ। ਉਹਨਾਂ ਸਾਰਿਆਂ ਨੇ ਮਤਾ ਮਤਾਇਆ ਕਿ ਜਦ ਉਹ ਹੋਰ ਨਾਹ ਲੜ ਸਕਣ ਤਾਂ ਉਹ ਜਹਾਜ਼ ਦੇ ਇੰਜਨ ਕਮਰੇ ਵਿਚ ਜਾ ਕੇ ਕੋਲੇ ਉੱਤੇ ਤੇਲ ਝਿੜਕਕੇ ਅੱਗ ਲਾ ਦੇਣਗੇ ਤਾਂ ਜੋ ਉਹ ਉਹਨਾਂ ਦੇ ਹਮਲਾਵਰ ਵੀ ਉਹਨਾਂ ਦੇ ਨਾਲ ਹੀ ਜਾਣ। ਉਹ ਲੋਕ ਜਿਹੜੇ ਤਮਾਸ਼ਾ ਵੇਖਣ ਦੇ ਇਰਾਦੇ

ਨਾਲ ਛੋਟੀਆਂ ਕਿਸ਼ਤੀਆਂ ਵਿੱਚ ਆਏ ਸਨ, ਨਹੀਂ ਸਮਝਦੇ ਸਨ ਕਿ ਕਾਮਾਗਾਟਾ ਉਤੇ ਕੀ ਕੁੱਝ ਬੋਲਿਆ ਜਾ ਰਿਹਾ ਹੈ। ਪਰ ਉਹਨਾਂ ਨੂੰ ਇਹ ਗੱਲ ਸਮਝਣ ਵਿੱਚ ਰਤੀ ਸੰਦੇਹ ਨਹੀਂ ਸੀ ਯੁੱਧ ਦੀ ਗੱਲਬਾਤ ਹੋ ਰਹੀ ਸੀ ਅਤੇ ਮੁਸਾਫਰ ਡਟ ਗਏ ਸਨ। ਜਾਂ ਉਹ ਡਟਣ ਦਾ ਵਿਖਾਵਾ ਕਰ ਰਹੇ ਸਨ।

ਉਸ ਸਵੇਰ ਮਾਰਟਿਨ ਬੋਰੇਲ ਖੇਤੀਬਾੜੀ ਦਾ ਮੰਤਰੀ ਓਕਨਆਗਨ ਤੋਂ ਆਇਆ ਅਤੇ ਤੁਰੰਤ ਹੀ ਸਾਰੇ ਹਾਲਾਤ ਦੀ ਜਾਣਕਾਰੀ ਲਈ ਉਸਨੇ ਗੀਡ ਦੀ ਇਸ ਰਾਏ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਇੱਕ ਹੋਰ ਦਿਨ ਲੰਘਣ ਤੋਂ ਪਹਿਲਾਂ ਜਹਾਜ਼ ਨੂੰ ਕਾਬੂ ਕਰਨ ਲਈ ਕੁੱਝ ਨ ਕੁੱਝ ਕਰਨਾ ਚਾਹੀਦਾ ਹੈ। ਪਰ ਜਦੋਂ ਉਹ ਰੇਨਬੋ ਤੇ ਗਿਆ ਤਾਂ ਕਮਾਂਡਰ ਵਾਲਟਰ ਹੋਜ ਨੇ ਦਸਿਆ ਸੀ ਕਿ ਜੇਕਰ ਜਹਾਜ਼ ਨੂੰ ਤਾਕਤ ਨਾਲ ਹਥਿਆਇਆ ਗਿਆ ਤਾਂ ਇੱਕ ਸੌ ਜਾਨਾ ਜਾ ਸਕਦੀਆਂ ਹਨ ਅਤੇ ਜਦ ਬੋਰੇਲ ਸਵੇਰ ਦੇ ਪਿਛਲੇ ਸਮੇਂ ਤੱਟ ਤੇ ਆਇਆ ਤਾਂ ਉਸਨੂੰ ਵਿਸ਼ਵਾਸ਼ ਹੋ ਗਿਆ ਕਿ ਸ਼ਾਤੀ ਦੇ ਹਿੱਤ ਵਿੱਚ ਕੁਝ ਨ ਕੁੱਝ ਰਿਆਇਤਾ ਦੇਣੀਆਂ ਪੈਣਗੀਆਂ।

ਉਸਨੇ ਹਿੰਦੁਸਤਾਨੀ ਸਥਾਨਕ ਕਮੇਟੀ ਨਾਲ ਗੱਲਬਾਤ ਕੀਤੀ ਜਿਹੜੀ ਹੁਣ ਤੀਕਰ ਕਾਮਾਗਾਟਾ ਮਾਰੂ ਵਾਲੇ ਆਪਣੇ ਮਿੱਤਰਾਂ ਨੂੰ ਜਾਣ ਲਈ ਪ੍ਰੇਰਨ ਤੋਂ ਇਨਕਾਰ ਕਰਦੀ ਰਹੀ ਸੀ। ਸਵੇਰ ਨੂੰ 11 ਵਜੇ ਸਟੀਵਨਜ ਅਤੇ ਗੀਡ ਨੇ ਹਾਪਕਿਨਸਨ ਨੂੰ ਆਖਿਆ ਕਿ ਉਹ ਮੁਸਾਫਰਾ ਨੂੰ ਅੰਤਮ ਚਿਤਾਵਨੀ ਦੇ ਆਵੇ। ਪਰ ਉਸਨੇ ਇਹ ਅੰਤਮ ਚਿਤਾਵਨੀ ਮੁਸਾਫਰਾਂ ਨੂੰ ਨ ਦਿੱਤੀ ਕਿਉਂਕਿ ਕੁੱਝ ਸਥਾਨਕ ਹਿੰਦੁਸਤਾਨੀਆਂ ਨੇ ਰਹੀਮ ਨਾਲ ਗੱਲਬਾਤ ਕਰਵਾਉਣ ਦੀ ਪੇਸ਼ਕਸ਼ ਕੀਤੀ। ਤਕਰੀਬਨ 11.30 ਵਜੇ ਦੇ ਕਰੀਬ ਰਹੀਮ ਨਾਲ ਏ. ਐਚ. ਮੈਕਨੇਲ ਰਾਹੀਂ ਜਿਹੜਾ ਕਿ ਮੈਕਨੇਲ ਬਰਡ, ਮੈਕਡਾਨਲਡ ਡਾਰਲਿੰਗ "ਫਰਮ ਦਾ ਮੁੱਖ ਹਿੱਸੇਦਾਰ ਸੀ, ਫੋਨ ਦੁਆਰਾ ਸੰਪਰਕ ਕੀਤਾ ਗਿਆ। ਇਹ ਫਰਮ ਕਾਮਾਗਾਟਾ ਮਾਰੂ ਲਈ ਹਿੰਦੁਸਤਾਨੀਆਂ ਦੀ ਨੁਮਾਇੰਦਗੀ ਕਰਦੀ ਰਹੀ ਸੀ। ਫੋਨ ਦੇ ਦੂਜੇ ਸਿਰੇ ਤੇ ਬੋਰੇਲ, ਰੌਬੀ ਗੀਡ ਅਤੇ ਐਚ. ਐਚ. ਸਟੀਵਨਜ਼ ਬੋਲ ਰਹੇ ਸਨ। ਰਹੀਮ ਨੇ ਕਿਹਾ ਕਿ ਉਹ ਡੈਲੀਗੇਸ਼ਨ ਲੈ ਕੇ ਮੁਸਾਫਰਾਂ ਨੂੰ ਸਮਝਾਉਣ ਲਈ ਜਾ ਸਕਦਾ ਹੈ ਜੇ ਪਹਿਲਾਂ ਉਹਨਾਂ ਨੂੰ ਭੋਜਨ ਅਪੜਾ ਦਿੱਤਾ ਜਾਵੇ। "ਉਹਨਾਂ ਭੁੱਖਿਆ, ਅੱਧ ਮੋਇਆ ਨਾਲ ਗੱਲਬਾਤ ਕਰਨ ਦਾ ਕੀ ਅਰਥ ਜਦੋਂ ਤੀਕ ਉਹਨਾਂ ਨੂੰ ਕੁੱਝ ਖਾਇਆ ਨ ਹੋਵੇ ਅਤੇ ਉਹਨਾਂ ਨੂੰ ਵਿਚਾਰ ਕਰਨ ਦਾ ਸਮਾ ਨਾਂਹ ਮਿਲਿਆ ਹੋਵੇ। ਗੀਡ ਅਤੇ ਸਟੀਵਨਜ ਇਸ ਝਗੜੇ ਦਾ ਇੱਕ ਸਿਰਾ ਕਰਨ ਤੇ ਤੁਲੇ ਹੋਏ ਸਨ ਤੇ ਬੋਰੇਲ ਵੀ ਇਸ ਗੱਲ ਨਾਲ ਸਹਿਮਤ ਸੀ। ਪਰ ਪਲੇਟਫਾਰਮ ਤੇ ਰਸਦ ਦਾ ਵੱਡਾ ਢੇਰ ਲੱਗਿਆ ਹੋਇਆ ਸੀ। ਬੋਰੇਲ ਨੇ ਸੋਚਿਆ ਕਿ ਇਸ ਵਿੱਚੋਂ ਕੁੱਝ ਰਸਦ ਮੁਸਾਫਰਾਂ ਨੂੰ ਤੁਰੰਤ ਹੀ ਦਿੱਤੀ ਜਾ ਸਕਦੀ ਹੈ ਤਾਂ ਜੋ ਹਾਲਾਤ ਨੂੰ ਕੁੱਝ ਸਾਤੇ ਕੀਤਾ ਜਾ ਸਕੇ। ਰਹੀਮ ਅਤੇ ਉਸਦੀ ਕਮੇਟੀ ਨੂੰ ਦੱਸਿਆ ਗਿਆ ਕਿ ਉਹਨਾਂ ਨੂੰ ਤੁਰੰਤ ਹੀ ਜਹਾਜ਼ ਤੇ ਲਿਜਾਇਆ ਜਾ ਸਕਦਾ ਹੈ ਅਤੇ ਇੰਮੀਗਰੇਸ਼ਨ ਦੇ ਰਸਦ ਭੰਡਾਰ ਚੋਂ ਕੁੱਝ ਹਿੱਸਾ ਆਪਣੇ ਨਾਲ ਲਿਜਾ ਸਕਣਗੇ। ਪਰ ਉਹਨਾਂ ਨੂੰ 1.30 ਵਜੇ ਤੀਕਰ ਕਾਰਵਾਈ ਕਰਨੀ ਪਵੇਗੀ।

ਨਿਸ਼ਚਤ ਸਮੇਂ ਤੋਂ ਥੋੜਾ ਚਿਰ ਪਿੱਛੋਂ ਹੀ ਰਹੀਮ ਅਤੇ ਉਸਦੀ ਕਮੇਟੀ ਨੇ ਨੌ ਮੈਂਬਰ ਇੰਮੀਗਰੇਸ਼ਨ ਵਿੱਚ ਅਪੜੇ ਉਹਨਾਂ ਨੂੰ ਰਸਦ ਦੇ ਭੰਡਾਰੇ ਵਿਖਾ ਦਿੱਤੇ ਗਏ। ਉਹਨਾਂ ਤੇ ਰੋਅਬ ਜਮਾਉਣ ਲਈ ਗੀਡ ਉਹਨਾਂ ਨੂੰ ਸੈਨਕਾਂ ਦੀਆਂ ਕਿਤਾਰਾ ਦੇ ਸਾਹਮਣੇ ਦੀ ਲੰਘਾਕੇ ਲੈ ਗਿਆ ਸੀ ਜੋ ਪਲੇਟਫਾਰਮ ਦੇ ਨਾਲ ਤਣੀਆਂ ਸੰਗੀਨਾਂ ਲੈ ਕੇ ਖਲੋਤੇ ਸਨ। ਅਫਸਰਾਂ ਨੇ ਉਹਨਾਂ ਨੂੰ ਇੱਕ ਘੰਟੇ ਦੀ ਮੁਹਲਤ ਦਿੱਤੀ। ਗੀਡ ਸਮਾਂ ਨੋਟ ਕਰ ਰਿਹਾ ਸੀ ਉਹ 2.25 ਵਜੇ ਕਾਮਾਗਾਟਾ ਮਾਰੂ ਤੇ ਚੜ੍ਹੇ। ਇੱਕ ਘੰਟੇ ਦੇ ਟੱਪਣ ਪਿਛੋਂ ਉਹਨਾਂ ਨੇ ਐਲਾਨ ਕੀਤਾ ਕਿ ਉਹਨਾਂ ਨੇ ਗੁਰਦਿੱਤ ਸਿੰਘ ਨਾਲ ਮਸਲਾ ਹੱਲ ਕਰ ਲਿਆ ਹੈ। ਪਰ ਉਹਨਾਂ ਨੂੰ ਸ਼ਹਿਰ ਜਾਣ ਦੀ ਲੋੜ ਸੀ ਤਾਂ ਜੋ ਵਕੀਲ ਨਾਲ ਮਸ਼ਵਰਾ ਕਰ ਸਕਣ। ਪੰਜ ਵਜੇ ਸ਼ਾਮ ਤੋਂ ਕੁੱਝ

ਸਮਾਂ ਪਹਿਲਾ ਉਹ ਮੈਕਨੇਲ ਨੂੰ ਨਾਲ ਲੈ ਕੇ ਅਤੇ ਆਪਣੀਆਂ ਮੰਗਾਂ ਲੈ ਕੇ ਪੇਸ਼ ਹੋਏ। ਇਹ ਮੰਗਾ ਰੇਨਬੋ ਤੇ ਬੀੜ੍ਹੀਆਂ ਛੇ ਇੰਚੀ ਵੱਡੀਆਂ ਤੋਪਾਂ ਅਤੇ ਸੈਨਕਾਂ ਦੀਆਂ ਤਣੀਆਂ ਹੋਈਆਂ ਸੰਗੀਨਾ ਦੇ ਬਾਵਜੂਦ ਪਹਿਲਾਂ ਪਹਿਲੀਆਂ ਮੰਗਾ ਨਾਲੋਂ ਰਤੀ ਵੀ ਕਮਜ਼ੋਰ ਨਹੀਂ ਸਨ। ਉਹਨਾਂ ਕੋਲ ਰਸਦ ਦੀ ਸੂਚੀ ਗੀਡ ਦੀ ਖਰੀਦੀ ਹੋਈ ਰਸਦ ਨਾਲੋਂ ਦੁਗਣੀ ਲੰਬੀ ਸੀ। ਉਹਨਾਂ ਨੇ ਆਖਿਆ ਕਿ ਮੁਸਾਫਰ ਚਾਹੁੰਦੇ ਸਨ ਕਿ ਉਹਨਾਂ ਨੂੰ ਕਲਕੱਤੇ ਵਾਪਸ ਭੇਜਿਆ ਜਾਵੇ, ਹਾਂਗਕਾਂਗ ਨਹੀ ਅਤੇ ਉਹ ਅਜੇ ਵੀ ਇਸ ਗੱਲ ਦਾ ਮੁਤਾਲਬਾ ਕਰਦੇ ਸਨ ਕਿ ਸਰਕਾਰ ਉਹਨਾਂ ਨੂੰ ਉਹ ਪੈਸੇ ਦੇਵੇ ਜਿਹੜੇ ਉਹਨਾਂ ਨੇ ਜਹਾਜ਼ ਦਾ ਕਿਰਾਇਆ ਆਦਿ ਤਾਰਨ ਹਿੱਤ ਖਰਚ ਕੀਤੇ ਸਨ।

ਸਾਰੀਆਂ ਗਰਮੀਆ ਗੀਡ ਨੇ ਰਿਐਤਾਂ ਦੇਣ ਤੋਂ ਨਾਂਹ ਕੀਤੀ ਸੀ। ਉਸਦਾ ਯਕੀਨ ਸੀ ਕਿ ਮੁਸਾਫਰ ਰਹੀਮ ਅਤੇ ਉਸਦੇ ਮਿੱਤਰ ਹਰੇਕ ਰਿਆਇਤ ਤੋਂ ਅਯੋਗ ਲਾਭ ਉਠਾਉਣਗੇ। ਉਸਨੂੰ ਆਪਣੀ ਜਿੰਦਗੀ ਦਾ ਖਤਰਾ ਸੀ ਉਸਦਾ ਆਪਣਾ ਪਰਿਵਾਰ ਸ਼ਹਿਰ ਤੋਂ ਬਾਹਰ ਭੇਜ ਦਿੱਤਾ ਗਿਆ ਸੀ। ਰਾਤ ਨੂੰ ਉਸਦੇ ਘਰ ਤੇ ਪਹਿਰਾ ਰਹਿੰਦਾ ਸੀ। ਪਰ ਮਾਰਟਿਨ ਬੋਰੈਲ ਕੁੱਝ ਹੱਦ ਤੱਕ ਖੁਲ੍ਹੇ ਮਨ ਨਾਲ ਪੇਸ਼ ਹੋਇਆ। ਉਹ ਤਾਕਤ ਦੇ ਪ੍ਰਯੋਗ ਤੋ ਦੇਰੀ ਕਰਦਾ ਸੀ। ਉਹ ਜਾਣਦਾ ਸੀ ਪ੍ਰਧਾਨ ਮੰਤਰੀ ਚਾਹੁੰਦਾ ਸੀ ਕਾਮਾਗਾਟਾ ਮਾਰੂ ਛੇਤੀ ਤੋਂ ਛੇਤੀ ਬਿੰਨਾ ਬੇਲੋੜੇ ਤਸ਼ੱਦਦ ਤੋਂ ਚਲਾ ਜਾਵੇ। ਅਤੇ ਉਸਨੇ ਕੁੱਝ ਹਜਾਰਡਾਲਰਾਂ ਦੀ ਰਸਦ ਪਿੱਛੇ ਝਗੜਾ ਕਰਨ ਵਿੱਚ ਕੋਈ ਲਾਭ ਨਾਹ ਸਮਝਿਆ ਜੇ ਰਸਦ ਹੀ ਸਮਝੌਤੇ ਦੇ ਰਾਹ ਵਿੱਚ ਰੋਕ ਸੀ ਜਦੋਂ ਕਮੇਟੀ ਅੜੀ ਰਹੀ ਤਾਂ ਬੋਰੈਲ ਪੂਰੀ ਤਰ੍ਹਾਂ ਝੁਕ ਗਿਆ ਅਤੇ ਉਸਨੇ ਉਹਨਾਂ ਦੀ ਰਸਦ ਦੀ ਪੂਰੀ ਸੂਚੀ ਦੀ ਮਨਜੂਰੀ ਦੇ ਦਿੱਤੀ। ਉਹ ਮੁਸਾਫਰਾਂ ਨੂੰ ਕੱਲਕੱਤੇ ਵਾਪਸ ਭੇਜਣ ਵਿੱਚ ਸਹਿਮਤ ਨਹੀ ਸੀ। ਪਰ ਉਸ ਨਾਜਕ ਸਮੱਸਿਆ ਸਬੰਧੀ ਜਿਹੜੀ ਕਿ ਜਹਾਜ਼ ਤੇ ਖਰਚੇ ਪੈਸਿਆ ਸਬੰਧੀ ਸੀ ਉਸਨੇ ਬਿਨਾ ਇੱਕ ਪੈਨੀ ਦੇਣ ਦੇ ਸਰਕਾਰ ਪੁਜੀਸ਼ਨ ਨੂੰ ਨਰਮ ਕਰਨ ਦਾ ਯਤਨ ਕੀਤਾ। ਮਸਲੇ ਦਾ ਹੱਲ ਸੀ ਕਮੇਟੀ ਦੇ ਖਰਚੇ ਦੇ ਦਾਹਵਿਆਂ ਨੂੰ ਵਿਚਾਰਨ ਦੀ ਪੇਸ਼ਕਸ਼ ਅਤੇ ਇਸ ਗੱਲ ਨੂੰ ਉਸਨੇ ਲਿਖਤੀ ਰੂਪ ਵਿੱਚ ਦਿੱਤਾ ਤਾਂ ਜੋ ਮੈਕਨੇਲ ਇਸਨੂੰ ਆਪਣੇ ਮੁਅੱਤਲਾਂ ਨੂੰ ਵਿਖਾ ਦੇਵੇ। ਇਸ ਸਬੰਧੀ ਮੁੱਖ ਗੱਲ ਇਹ ਸੀ ਸਰਕਾਰ ਦਾ ਇੱਕ ਮੈਂਬਰ ਹੋਣ ਦੇ ਨਾਤੇ ਮੈਂ ਪ੍ਰਧਾਨ ਮੰਤਰੀ ਨੂੰ ਤਾਰ ਘੱਲਾਂਗਾ ਕਿ ਇਸ ਮੁਆਮਲੇ ਨੂੰ ਸਰਕਾਰੀ ਕਮਿਸ਼ਨਰ ਪੂਰੇ ਤੌਰ ਤੇ ਘੋਖੇ ਅਤੇ ਇਸ ਗੱਲ ਤੇ ਬਲ ਦੇਵਾਂਗੇ ਕਿ ਉਹਨਾਂ ਲੋਕਾਂ ਦੇ ਕੇਸ ਨੂੰ ਜਿਹੜੇ ਕਿ ਸਹੀ ਸਲੂਕ ਦੇ ਹੱਕਦਾਰ ਨੇ, ਹਮਦਰਦੀ ਅਤੇ ਖੁਲ ਦਿਲੀ ਨਾਲ ਵਿਚਾਰਿਆ ਜਾਵੇ। ਇਸਦੇ ਬਦਲ ਵਿੱਚ ਮੁਸਾਫਰਾਂ ਨੂੰ ਤੁਰੰਤ ਇਸ ਗੱਲ ਨਾਲ ਸਹਿਮਤ ਹੋਣਾ ਪਵੇਗਾ ਕਿ ਉਹ ਕਪਤਾਨ ਨੂੰ ਜਹਾਜ਼ ਦਾ ਕੰਟਰੋਲ ਦੇ ਦੇਣ ਅਤੇ ਅਮਨ ਅਮਾਨ ਨਾਲ ਏਸ਼ੀਆ ਨੂੰ ਪਰਤ ਜਾਣ। ਬੋਰੈਲ ਨੇ ਇਹਨਾਂ ਸ਼ਰਤਾਂ ਦੇ ਫੈਸਲੇ ਕਰਨ ਵਿੱਚ ਰਤੀ ਸਮਾਂ ਨਹੀ ਸੀ ਲਾਇਆ ਅਤੇ 5 ਵਜੇ ਸ਼ਾਮ ਤੋਂ ਬਾਅਦ ਕੁਝ ਹੀ ਸਮਾਂ ਹੋਇਆ ਸੀ ਜਦੋਂ ਮੈਕਨੇਲ ਨੇ ਕਮੇਟੀ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਸ਼ਰਤਾਂ ਮੰਨਣ ਲਈ ਮਨਾਇਆ।

ਵੈਨਕੂਵਰ ਵਾਸੀਆਂ ਲਈ, ਜਿਹੜੇ ਕਿ ਕੰਢੇ ਤੋਂ ਸਭ ਕੁਝ ਤੱਕਦੇ ਰਹੇ ਸਨ, ਬਾਅਦ ਦੁਪਹਿਰ ਦਾ ਸਮਾਂ ਧੀਮੀ ਗਤੀ ਨਾਲ ਲੰਘਿਆ ਸੀ। ਪਰ, ਇਸ ਗੱਲ ਦੇ ਡਰੋਂ ਮਤੇ ਉਹ ਕੁਝ ਵੇਖਣ ਤੋਂ ਵਾਂਝੇ ਨ ਰਹਿ ਜਾਣ, ਘਰ ਨਹੀ ਗਏ ਸਨ। ਨੇੜੇ ਦੀਆਂ ਕਾਫੀ ਦੀਆਂ ਦੁਕਾਨਾਂ ਤੇ ਨਿੱਕੇ ਮੁੰਡਿਆ ਦਾ, ਜਿਹੜੇ ਵਡਾਰੂਆਂ ਵਾਸਤੇ ਖਾਣ ਪੀਣ ਲਈ ਲਿਜਾ ਰਹੇ ਸਨ, ਤਾਂਤਾ ਬੱਝਿਆ ਹੋਇਆ ਸੀ। ਲੋਕ ਆਪਣੀਆਂ ਆਪਣੀਆਂ ਥਾਵਾਂ ਤੇ ਡਟੇ ਬੈਠੇ ਸਨ। ਬੰਦਰਗਾਹ ਅਜੇ ਵੀ ਖਚਾ ਖਚ ਭੀੜ ਸੀ। ਅਤੇ ਆਸਟ੍ਰੇਲੀਆ ਦੇ ਜਹਾਜ਼ ਨਾਇਗਰਾ, ਜਿਹੜਾ 4 ਵਜੇ ਸ਼ਾਮ ਦੇ ਆਲੇ ਦੁਆਲੇ ਅਪੜਿਆ ਸੀ, ਨੂੰ ਛੋਟੀਆਂ ਕਿਸ਼ਤੀਆਂ ਦੀ ਭੀੜ ਵਿਚੋਂ ਲੰਘਣ ਦੀ ਮੁਸ਼ਕਲ ਪੇਸ਼ ਆ ਰਹੀ ਸੀ। "ਪਾਣੀ ਦੇ ਮੁਹਾਜ ਤੇ ਨਿਰੰਤਰ ਵੱਡੀ ਭੀੜ ਮੌਜੂਦ ਹੈ ਅਤੇ ਨਿਰਸੰਦੇਹ ਜਨਤਾ ਦੀਆਂ ਭਾਵਨਾਵਾਂ ਤੁਰੰਤ ਹੀ ਹੱਲ ਦੀ ਮੰਗ ਕਰਦੀਆਂ ਹਨ। ਮਾਰਟਿਨ ਬੋਰੈਲ ਨੇ ਦਿਨ ਦੇ ਸੁੱਵਖਤੇ ਹੀ ਪ੍ਰਧਾਨ ਮੰਤਰੀ ਨੂੰ ਸੂਚਨਾ ਦਿੱਤੀ ਸੀ ਅਤੇ ਇਸ ਵਿਚ ਸਥਾਨਿਕ ਅਧਿਕਾਰੀਆਂ ਦੀਆਂ ਭਾਵਨਾਵਾਂ ਦਾ ਝਲਕਾਰਾ ਸੀ। ਉਹਨਾਂ ਅਧਿਕਾਰੀਆ ਨੂੰ ਤੱਟ ਤੇ ਫਸਾਦ ਹੋ ਜਾਣ ਦਾ ਭੌਖਲਾ ਸੀ

ਅਤੇ ਇਹੀ ਗੱਲ ਇਸ ਦਲੀਲ ਦੇ ਪਿਛੋਕੜ ਵਿੱਚ ਸੀ ਕਿ ਕਾਮਾਗਾਟਾ ਮਾਰੂ ਬਾਰੇ ਤੇਜ਼ੀ ਨਾਲ ਕਾਰਵਾਈ ਕੀਤੀ ਜਾਵੇ। ਲੋਕਾਂ ਦੇ ਸਮੂੰਹ ਵਿੱਚ ਘੁੰਮਣ ਵਾਲੇ ਪੱਤਰਕਾਰਾਂ ਨੇ ਦੱਸਿਆ ਕਿ ਲੋਕ ਹੋਣ ਵਾਲੇ ਹਾਦਸੇ ਨੂੰ ਤੱਕਣ ਲਈ ਬੇਸਬਰ ਸਨ। ਪਰ ਹਾਦਸਾ ਅਜੇ ਤੀਕਰ ਵਾਪਰਿਆ ਨਹੀਂ ਸੀ। ਪਰ ਲੋਕ ਤੱਕਣ ਲਈ ਆਏ ਸਨ। ਹਾਦਸੇ ਵਿੱਚ ਭਾਗ ਲੈਣ ਲਈ ਨਹੀਂ। ਜਿਹੜੇ ਕਾਮਾਗਾਟਾ ਮਾਰੂ ਦੇ ਨੇੜੇ ਪਾਣੀ ਵਿੱਚ ਸਨ। ਉਹਨਾਂ ਨੇ ਸਿੱਖਾਂ ਦੇ ਮੂੰਹ ਤੇ ਮੁਸ਼ਕਾਨ ਵੇਖੀ ਜਾਂ ਠੱਠਾ ਮਖੌਲ ਸੁਣਿਆ। ਅਤੇ ਤੱਟ ਉਤੇ ਕੋਈ ਰੌਲਾ ਰੱਪਾ ਨਾਹ ਪਾਇਆ ਜਦੋਂ ਇੱਕ ਸਿੱਖ ਨੇ ਸੈਂਕੜੇ ਲੋਕਾਂ ਨੂੰ ਪੰਜਾਬੀ ਭਾਸ਼ਾ ਵਿੱਚ ਬੋਲਣਾ ਸ਼ੁਰੂ ਕਰ ਦਿੱਤਾ।

ਸ਼ਾਮ ਦੇ 5.30 ਵਜੇ ਲੱਗਦਾ ਸੀ ਜਿਵੇਂ ਅਖੀਰ ਕੋਈ ਨਾਂਹ ਕੋਈ ਕਾਰਵਾਈ ਹੋ ਕੇ ਰਹੇਗੀ। ਜਦੋਂ ਇੰਮੀਗਰੇਸ਼ਨ ਵਾਲਿਆ ਦਾ ਲਾਂਚ ਵਿੱਨਮੈਕ, ਕਾਮਾਗਾਟਾ ਮਾਰੂ ਵੱਲ ਵਧਿਆ। ਪਰ ਦਰਸ਼ਕਾਂ ਨੂੰ ਨਿਰਾਸਤਾ ਦਾ ਮੂੰਹ ਤੱਕਣਾ ਪਿਆ। ਸਥਾਨਕ ਕਮੇਟੀ ਨੇ ਬੋਰੈਲ ਦੀ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਸੀ ਅਤੇ ਉਹ ਮੁਸਾਫਰਾਂ ਨੂੰ ਦੱਸਣ ਲਈ ਜਾ ਰਹੇ ਸਨ। ਉਹਨਾਂ ਨੂੰ ਜਹਾਜ਼ ਤੇ ਅਪੜਿਆ ਮਸਾਂ ਅੱਧਾ ਘੰਟਾ ਹੋਇਆ ਸੀ। ਜਦੋਂ ਕਿ ਕਪਤਾਨ ਯਾਮਾਮੋਤੋ ਰਹੀਮ ਦੇ ਖਤ ਦਾ ਡਰਾਫਟ ਲੈ ਕੇ ਜਿਸ ਤੇ ਰਹੀਮ ਦੇ ਹਸਤਾਖਰ ਸਨ, ਪ੍ਰਗਟ ਹੋਇਆ। ਇਸ ਵਿੱਚ ਕਪਤਾਨ ਨੂੰ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਰਵਾਨਗੀ ਲਈ ਇੰਜਨ ਨੂੰ ਗਰਮ ਕਰੇ। ਉਹ ਪੁਲ ਦੀਆਂ ਪੌੜੀਆਂ ਰਾਹੀ ਹੇਠਾਂ ਵੱਲ ਨੱਠਿਆ ਗਿਆ ਤਾਂ ਜੋ ਉਹ ਚਿੱਠੀ ਨੂੰ ਸਟੀਵਨਜ, ਗੀਡ, ਹਾਪਕਿਨਸਨ ਅਤੇ ਸੈਨਕਾਂ ਦੇ ਬਰਗੇਡੀਅਰ ਜੇ ਡੱਫ. ਸਟ੍ਰਅਰਟ ਵਿਖਾਵੇ। ਉਪਰ ਵੱਲ ਤੱਕਦਿਆਂ ਚਿਮਨੀ ਚੋਂ ਨਿਕਲਦੇ ਧੂਏ ਦੇ ਝੌਂਕੇ ਦੇਖੇ ਜਾ ਸਕਦੇ ਸਨ।

ਜਦੋਂ ਇੰਮੀਗਰੇਸ਼ਨ ਵਾਲਿਆਂ ਦਾ ਲਾਂਚ ਕਾਮਾਗਾਟਾਮਾਰੂ ਦੀ ਵੱਖੀ ਦੇ ਨਾਲ ਬੱਝਿਆ ਹੋਇਆ ਸੀ, ਤਾਂ ਕੁੱਝ ਮੁਸਾਫਰ ਨੇਕ ਮਨਸਾ ਨਾਲ ਪੁੱਛ ਰਹੇ ਸਨ ਕਿ ਐਤਵਾਰ ਦੀ ਸਵੇਰ ਦੀ ਝੜਪ ਵਿਚ ਕਿੰਨਾ ਕਿੰਨਾ ਨੂੰ ਸੱਟਾ ਵੱਜੀਆਂ ਅਤੇ ਕਿੰਨੀਆਂ ਕੁ ਗੰਭੀਰ ਸਨ। ਉਹਨਾਂ ਨੇ ਸੁੱਖ ਦਾ ਸਾਹ ਲਿਆ ਜਦੋਂ ਇੰਮੀਗਰੇਸ਼ਨ ਦੇ ਅਧਿਕਾਰੀਆਂ, ਜਿੰਨਾ ਦੇ ਉਹ ਨਾਉਂ ਜਾਣਦੇ ਸਨ ਨੇ ਦੱਸਿਆ ਕਿ ਉਹਨਾਂ ਨੂੰ ਕੋਈ ਗੰਭੀਰ ਚੋਟਾਂ ਨਹੀਂ ਆਈਆ ਸਨ। ਹੁਣ ਜਦੋਂ ਕਿ ਉਹਨਾਂ ਦੀਆਂ ਸ਼ਰਤਾਂ ਮੰਨੀਆਂ ਗਈਆਂ ਸਨ ਉਹਨਾਂ ਨੇ ਕੋਈ ਵੈਰ-ਭਾਵ ਦਾ ਪ੍ਰਗਟਾਵਾ ਨਾਂਹ ਕੀਤਾ। ਜਦੋਂ ਇੰਮੀਗਰੇਸ਼ਨ ਦਾ ਲਾਂਚ ਵਾਪਸ ਪਰਤਿਆ ਤਾਂ ਉਹਨਾਂ ਨੇ ਅੰਤਮ ਵਿਦਾਇਗੀ ਕਹੀ ਅਤੇ ਜਿਵੇਂ ਸਾਰਾ ਮਸਲਾ ਨਿੱਜਠਿਆ ਗਿਆ ਸੀ ਉਹ ਖੁਸ਼ ਪ੍ਰਤੀਤ ਹੁੰਦੇ ਸਨ। ਉਹਨਾਂ ਨੇ ਜੋਸ਼ ਨਾਲ ਤਾੜੀਆਂ ਵਜਾਈਆਂ।

ਮਾਰਟਨ ਬੋਰੈਲ ਨੇ ਰੌਬੀ ਗੀਡ ਜਿਹੜਾ ਕਿ ਸਰਕਾਰੀ ਵਕੀਲ ਸੀ ਨੂੰ ਸੰਬੋਧਨ ਕਰਦਿਆਂ ਆਖਿਆ "ਮਿਸਟਰ ਗੀਡ ਮੇਰੇ ਜੀਵਨ ਦਾ ਇਹ ਸਭ ਤੋਂ ਮੰਦਾ ਦਿਨ ਹੈ। ਇਸ ਵਰਗਾ ਇੱਕ ਹੋਰ ਦਿਨ ਮੈਨੂੰ ਮਾਰ ਹੀ ਸੁੱਟੇਗਾ" ਗੀਡ ਨੇ ਉੱਤਰ ਦਿੱਤਾ। ਮਿਸਟਰ ਬੋਰੈਲ ਹੁਣ ਤੁਹਾਨੂੰ ਕੁਝ ਕੁ ਪਤਾ ਲੱਗਿਆ ਹੈ ਕਿ ਅਸੀਂ ਕਿਵੇ ਅਜਿਹੀ ਸਥਿਤੀ ਵਿਚ ਲੰਬੇ ਦੌ ਮਹੀਨੇ ਕੱਢੇ ਹਨ ਅਤੇ ਬੋਰੈਲ ਨੇ ਕਿਹਾ "ਮਿਸਟਰ ਗੀਡ ਮੈਨੂੰ ਹੁਣ ਪਤਾ ਲੱਗਿਆ ਹੈ। ਸਥਾਨਕ ਇੰਮੀਗਰੇਸ਼ਨ ਅਫਸਰਾਂ ਲਈ ਬੋਰੈਲ ਇੱਕ ਬਿਨਾ ਬੁਲਾਇਆ ਦਖਲ ਦੇਣ ਵਾਲਾ ਵਿਅਕਤੀ ਸੀ। ਭਾਵੇਂ ਉਸਦੀ ਆਮਦ ਦੇ ਉਪਰੰਤ ਕੁੱਝ ਘੰਟਿਆ ਅੰਦਰ ਹੀ ਇੱਕ ਉਲਝੀ ਤੇ ਰੁਕੀ ਹੋਈ ਸਥਿਤੀ ਸੁਲਝ ਗਈ ਸੀ। ਉਹ ਇਸ ਗੱਲ ਨੂੰ ਕਿ ਰਿਆਇਤਾਂ ਵਰਦਾਨ ਸਿੱਧ ਹੋਈਆਂ ਸਨ ਨਾ ਆਪਣੇ ਆਪ ਮੰਨਦੇ ਸਨ ਨਾ ਹੀ ਕਿਸੇ ਹੋਰ ਕੋਲ ਇਸ ਗੱਲ ਨੂੰ ਤਸਲੀਮ ਕਰਦੇ ਸਨ। ਬੋਰੈਲ ਨੇ ਪ੍ਰਧਾਨ ਮੰਤਰੀ ਨੂੰ ਚੰਗੀ ਖਬਰ ਦੱਸਣ ਲਈ ਤਾਰ ਦਿੱਤੀ "ਹਾਲਤ ਅਤਿਅੰਤ ਚਿਸਤਾ ਜਨਕ ਤੇ ਨਾਜਕ ਰਹੀ ਹੈ।ਪਰ ਉਮੀਦ ਹੈ ਇਜਤ ਨਾਲ ਅਮਨ ਅਮਾਨ ਹੋ ਜਾਵੇਗਾ।" ਸਟੀਵਨਜ ਨੇ ਵੱਖਰੀ ਤਾਰ ਦਿੰਦਿਆਂ ਹੋਇਆ ਆਖਿਆ "ਸਾਰਾ ਸਿੱਟਾ ਰੇਨਬੋ ਦੀ ਮੌਜੂਦਗੀ ਕਾਰਨ ਨਿੱਕਲਿਆ ਹੈ।" ਪੂਰਾ ਵਿਸ਼ਵਾਸ ਹੈ ਕਿ ਇਹ ਖੁਸ਼ਕਿਸਮਤੀ ਵਾਲਾ ਸਿੱਟਾ ਨਾਂਹ ਨਿਕਲਦਾ ਜੇ ਸ਼ਕਤੀ ਦਾ ਮੁਜਾਹਰਾ ਨਾਂਹ ਕੀਤਾ ਜਾਂਦਾ। ਇਸ ਨਾਲ ਹਿੰਦੁਸਤਾਨੀ ਲੀਡਰਾਂ ਦੇ ਹੋਸ਼ ਠਿਕਾਣੇ ਆ ਗਏ। ਇੱਕ ਵਾਰ ਉਹ ਝੁਕ ਗਏ ਦੂਜੇ ਤਾਂ ਬੱਚਿਆਂ ਦੀ ਨਿਆਈ ਸਨ।"

ਇਸ ਸਮੇਂ ਹੀ ਹਿੰਦੁਸਤਾਨੀਆਂ ਦੀ ਸਥਾਨਕ ਕਮੇਟੀ ਦੇ ਮੈਂਬਰ ਆਪਣੇ ਸਨਫਰਾਂਸਿਸਕੋ ਵਾਲੇ ਗਦਰੀ ਮਿੱਤਰਾਂ ਨੂੰ ਤਾਰ ਦੇ ਰਹੇ ਸਨ। ਨਿਧੜਕ ਮੁਸਾਫਰਾਂ ਨੇ ਅੱਧੀ ਰਾਤ ਨੂੰ ਕੀਤਾ ਗਿਆ ਪੁਲਸ ਦਾ ਪਹਿਲਾ ਹਮਲਾ ਪਛਾੜਕੇ ਰੱਖ ਦਿੱਤਾ ਅਤੇ ਉਹ ਸਮੁੰਦਰੀ ਸੈਨਕਾਂ ਦੇ ਮੁਕਾਬਲੇ ਲਈ ਵੀ ਤਿਆਰ ਸਨ। ਪਰ ਹਿੰਦੂ ਕਮੇਟੀ ਦੇ ਖ਼ੂਨ ਖਰਾਬਾ ਰੋਕਣ ਦੀ ਖਾਤਰ ਕੀਤੇ ਫੈਸਲੇ ਕਾਰਣ ਸਮਝੌਤਾ ਹੋ ਗਿਆ ।ਇੰਮੀਗਰੇਸ਼ਨ ਵਾਲੇ ਕੱਲ ਨੂੰ ਵਾਪਸੀ ਸਫਰ ਲਈ ਰਸਦ ਪਹੁੰਚਾ ਦੇਣਗੇ। ਲੋਕੀ ਹੱਸਦੇ ਸਨ ਕਿ ਨਿਹੱਥੇ ਮੁਸਾਫਰਾਂ ਵਿਰੁੱਧ ਜੰਗੀ ਜਹਾਜ਼ ਲਿਆਂਦਾ ਗਿਆ ਸੀ। ਇਸ ਨਿਰਦਈ ਸਲੂਕ ਦਾ ਸੱਭ ਥਾਈ ਪਤਾ ਲੱਗਣਾ ਚਾਹੀਦਾ ਹੈ। ਕੱਲ ਨੂੰ ਜਹਾਜ਼ ਰਵਾਨਾ ਹੋ ਜਾਵੇਗਾ।

ਸੰਭਵ ਸੀ ਕਿ ਮੁਸਾਫਰ ਟਾਲਮਟੋਲ ਕਰ ਰਹੇ ਹੋਣ ਅਤੇ ਮੁੱਕਰ ਜਾਣ ਜਦੋਂ ਰੇਨਬੋ ਨੇ ਆਪਦੇ ਲੱਕੜੀ ਦੇ ਪੁਲ ਚੁੱਕ ਲਏ। ਬੋਰੈਲ ਨੇ ਅਨੁਭਵ ਕੀਤਾ ਕਿ ਸਟੀਵਨਜ ਤੇ ਇੰਮੀਗਰੇਸ਼ਨ ਦੇ ਅਧਿਕਾਰੀ ਇਸ ਤਰ੍ਹਾਂ ਸੋਚਦੇ ਹਨ ਕਿ ਉਹ ਬੇਲੋੜਾ ਹੀ ਝੁਕ ਗਿਆ ਸੀ। ਖਾਸ ਤੌਰ ਤੇ ਜਹਾਜ਼ ਦੇ ਖਰਚ ਸਬੰਧੀ ਦਾਹਵੇ ਬਾਰੇ। ਪਰ ਉਸਦਾ ਅੰਦਰਲਾ ਆਖ ਰਿਹਾ ਸੀ ਕਿ ਉਸਦਾ ਜਹਾਜ਼ ਦੇ ਖਰਚ ਸੰਬੰਧੀ ਸਰਕਾਰੀ ਪੁੱਛ ਪੜਤਾਲ ਕਰਵਾਉਣ ਦਾ ਵਾਹਵਾ ਹੀ ਕਾਰਗਰ ਸਿੱਧ ਹੋਇਆ ਸੀ ਅਤੇ ਇਸਨੇ ਸਰਕਾਰ ਨੂੰ ਇੱਕ ਅਤਿਅੰਤ ਖਤਰਿਆ ਭਰੇ ਜਹਾਜ਼ ਨੂੰ ਬਲ ਨਾਲ ਹਥਿਆਉਣ ਦੇ ਯਤਨਾਂ ਤੋਂ ਬਚਾਇਆ ਸੀ। ਹਿੰਦੁਸਤਾਨੀਆਂ ਦੇ ਵਕੀਲ ਦਾ ਭੀ ਇਹੀ ਵਿਚਾਰ ਸੀ। ਅਗਲੇ ਦਿਨ ਏ. ਐਚ. ਮੈਕਨੇਲ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ "ਇਹ ਬਹੁਤ ਸੁਭਾਗ ਦੀ ਗੱਲ ਸੀ। ਜੇਕਰ ਆਦਰਣੀਯ ਮਿਸਟਰ ਬੋਰੈਲ ਮੌਜੂਦ ਨ ਹੁੰਦੇ ਤਾਂ ਕਿਸੇ ਫੈਸਲੇ ਤੇ ਅਪੜਣਾ ਸੰਭਵ ਨਾ ਹੁੰਦਾ। ਸਥਾਨਕ ਇੰਮੀਗਰੇਸ਼ਨ ਦੇ ਲੋਕਾਂ ਦਾ, ਤੇ ਸਥਾਨਕ ਸਿਆਸਤਦਾਨਾਂ ਦਾ, ਰਵੱਈਆ ਅਜਿਹਾ ਸੀ ਕਿ ਉਹ ਕਿਸੇ ਸ਼ਰਤਾਂ ਤੇ ਵੀ, ਨ ਪਰਸਪਰ ਗੱਲ ਬਾਤ ਲਈ ਨ ਕਿਸੇ ਫੈਸਲੇ ਲਈ ਤਿਆਰ ਸਨ। "ਮੇਰੇ ਖਿਆਲ ਵਿਚ ਪੜਤਾਲ ਇਸ ਗੱਲ ਦਾ ਪਰਦਾ ਫਾਸ਼ ਕਰੇਗੀ ਕਿ ਕਦੀ ਵੀ ਅਜਿਹਾ ਅਵਸਰ ਨਹੀਂ ਸੀ ਆਇਆ ਕਿ ਇੰਮੀਗਰੇਸ਼ਨ ਮਹਿਕਮੇ ਦੇ ਲੋਕ ਰਾਤ ਨੂੰ ਕਾਮਾਗਾਟਾ ਮਾਰੂ ਤੇ ਹਮਲਾ ਕਰਦੇ। ਸਾਰੇ ਮਾਮਲੇ ਤੇ ਜੇਕਰ ਰਤੀ ਭਰ ਵੀ ਹਿਕਮਤੇ ਅਮਲੀ ਅਪਨਾਈ ਜਾਂਦੀ ਜਾਂ ਉਹਨਾਂ ਲੋਕਾਂ ਦਾ ਥੋੜਾ ਜਿਹਾ ਵੀ ਖਿਆਲ ਰੱਖਿਆ ਜਾਂਦਾ ਜਿਹੜੇ ਜਹਾਜ਼ ਤੇ ਸਨ ਜਾਂ ਉਹਨਾਂ ਦੇ ਮਿੱਤਰਾਂ ਦਾ ਜਿਹੜੇ ਤੱਟ ਤੇ ਸਨ ਤਾਂ ਗੱਲ ਵਿਗੜਨੀ ਨਹੀਂ ਸੀ।"

ਲਗ ਭਗ ਇੱਕ ਵਜੇ ਪ੍ਰਭਾਤ ਦੇ ਪੂਰਬੀ ਵਕਤ ਮੁਤਾਬਕ ਪ੍ਰਧਾਨ ਮੰਤਰੀ ਨੂੰ ਸਿੱਟੇ ਦਾ ਪਤਾ ਲੱਗਿਆ ਬੋਰੈਲ ਨੇ ਗੱਲਬਾਤ ਦੇ ਹਰ ਮਰਹਲੇ ਤੋਂ ਉਸਨੂੰ ਜਾਣੂੰ ਰੱਖਿਆ। ਪ੍ਰਧਾਨ ਮੰਤਰੀ ਨੇ ਵੈਨਕੂਵਰ ਨੂੰ ਅਨੇਕਾਂ ਹੀ ਤਾਰਾ ਘੱਲੀਆਂ ਸਨ, ਪ੍ਰੰਤੂ ਸਥਿਤੀ ਅਜਿਹੀ ਨਹੀਂ ਸੀ ਜਿਸਨੂੰ ਆਟਵਾ ਤੋਂ ਕੰਟਰੋਲ ਕੀਤਾ ਜਾ ਸਕਦਾ। ਉਸਨੂੰ ਬੋਰੈਲ ਦਾ ਬਿਆਨ ਪ੍ਰਾਪਤ ਹੋਇਆ। "ਰੈਨਬੋ ਦੀਆਂ ਤੋਪਾਂ ਦਾ ਪ੍ਰਯੋਗ ਨਹੀ ਕੀਤਾ ਜਾਵੇਗਾ ਜੇਕਰ ਅਜਿਹਾ ਕਰਨਾ ਅਤਿਅੰਤ ਜ਼ਰੂਰੀ ਨ ਹੋਇਆ।" ਖਤਰੇ ਤੋਂ ਚਿੰਤਤ ਹੋ ਕੇ, ਬੋਰਡਨ ਨੇ ਉੱਤਰ ਦਿੱਤਾ ਸੀ "ਸੋਚ ਵੀ ਨਹੀਂ ਸਕਦਾ ਕਿ 'ਰੇਨਬੋ' ਦੀਆਂ ਤੋਪਾਂ ਦਾ ਵਰਤਣਾ ਜਰੂਰੀ ਹੋ ਸਕਦਾ ਹੈ। ਅਸੀਂ ਸਹਿਮਤ ਹਾਂ ਕਿ ਜਹਾਜ਼ ਦਾ ਕੰਟਰੋਲ ਕਰਨਾ ਅਵੱਸ਼ਕ ਹੈ ਪਰ ਅਸੀਂ ਕਿਸੇ ਅਤਿਵਾਦੀ ਕਦਮ ਚੁੱਕਣ ਦੇ ਵਿਰੁੱਧ ਹਾਂ। "ਸਾਢੇ ਚਾਰ ਘੰਟਿਆਂ ਪਿੱਛੋਂ ਬੋਰੈਲ ਦਾ ਵੇਰਵਾ ਆਇਆ। "ਤੋਪਾਂ ਨੂੰ ਵਰਤਣ ਦੀ ਕੋਈ ਮਨਸ਼ਾ ਨਹੀ ਜਦੋਂ ਤੀਕਰ ਮੁਸਾਫਰਾਂ ਕੋਲ ਭਾਰੀ ਮਾਤਰਾ ਵਿੱਚ ਹਥਿਆਰ ਨ ਹੋਣ ਜੋ ਗਾਲਬਨ ਉਹਨਾ ਕੋਲ ਨਹੀਂ ਹਨ।" ਪਰਧਾਨ ਮੰਤਰੀ ਇਸ ਸੰਕਟ ਦੇ ਸ਼ਹਿਨਸ਼ਾਹੀ ਲੰਮੇਰ ਤੇ ਚੁਰੇੜ ਨੂੰ ਸਮਝਦਾ ਸੀ। ਸਟੀਵਨਜ਼ ਤੇ ਸਥਾਨਕ ਅਧਿਕਾਰੀ ਨਹੀਂ। ਹਿੰਦੁਸਤਾਨ ਦੇ ਵਾਇਸਰਾਏ ਨੇ, ਰਾਇਟਰ ਪ੍ਰੈਸ ਕੰਪਨੀ ਦੀ ਇਹ ਖਬਰ ਪੜ੍ਹੀ ਸੀ ਕਿ ਕੈਨੇਡਾ ਦੀ ਮਨਸ਼ਾ ਫੌਜੀ ਸ਼ਕਤੀ ਦੇ ਪ੍ਰਯੋਗ ਕਰਨ ਦੀ ਸੀ। ਉਸਨੇ ਇੰਡੀਆ ਆਫਿਸ ਨੂੰ ਤਾੜਣਾ ਕਰ ਦਿੱਤੀ ਸੀ। ਕਿ ਇਸਦਾ ਹਿੰਦੁਸਤਾਨ ਤੇ ਬਹੁਤ ਭੈੜਾ ਅਸਰ ਹੋਵੇਗਾ। ਜੇਕਰ ਰਸਦ ਦੇਣ ਦਾ ਪ੍ਰਸ਼ਨ ਹੈ। ਉਸਨੇ ਵਿਸਥਾਰਦਿਆਂ ਆਖਿਆ ਤਾਂ ਰਸਦ ਦੇਣੀ ਲਾਭਦਾਇਕ ਸਿੱਧ ਹੋਵੇਗੀ।" ਕਾਲੋਨੀਅਲ ਸੱਕਤਰ ਦੁਆਰਾ, ਉਸਦੇ ਚਿੰਤਾਜਨਕ ਵਿਚਾਰਾਂ ਨੂੰ ਕੈਨੇਡਾ ਸਰਕਾਰ ਤੀਕਰ ਅਪੜਾ ਦਿੱਤਾ ਗਿਆ ਸੀ। "ਜਦੋਂ ਜਹਾਜ਼ ਬ੍ਰਿਟਿਸ਼ ਕੋਲੰਬੀਆ ਵਿੱਚ ਹੋਵੇ ਤਾਂ ਉੱਚਿਤ ਹੈ ਸ਼ਕਤੀ ਦੀ

ਵਰਤੋਂ ਤੋਂ ਬਚਿਆ ਜਾਵੇ ਕਿਉਂ ਜੋ ਇਸ ਦਾ ਪੰਜਾਬ ਤੇ ਬਹੁਤ ਹੀ ਬੁਰਾ ਪ੍ਰਭਾਵ ਪਵੇਗਾ।" ਬੋਰਡਨ ਜਾਣ ਦਾ ਸੀ ਕਿ ਇਸ ਸਮੇਂ ਬਰਤਾਨਵੀ ਸੰਸਾਰ ਦੀਆਂ ਅੱਖਾਂ ਵੈਨਕੂਵਰ ਤੇ ਲੱਗੀਆਂ ਹੋਈਆਂ ਸਨ ਅਤੇ ਇਸ ਲਈ ਇਹ ਖਬਰ ਸੁਖਾਂਤਮਈ ਸੀ ਕਿ ਹਰ ਇੱਕ ਮਸਲੇ ਦਾ ਹੱਲ ਭਲੀ ਭਾਂਤ ਹੋ ਗਿਆ ਸੀ। ਉਸਨੇ ਉਹਨਾਂ ਰਿਆਇਤਾਂ ਤੇ ਜਿਹੜੀਆਂ ਬੱਰੈਲ ਨੇ ਮੁਸਾਫਰਾਂ ਨੂੰ ਦਿੱਤੀਆਂ ਸਨ, ਕਿੰਤੂ ਨਹੀਂ ਕੀਤਾ ਸੀ।

ਸ਼ਾਮ ਦੇ 6.30 ਦੇ ਕਰੀਬ ਮੁਸਾਫਰਾਂ ਨੇ ਕਰਮਚਾਰੀਆਂ ਨੂੰ ਇੰਜਨ ਦੇ ਕਮਰੇ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਦੇ ਦਿੱਤੀ ਅਤੇ ਉਸੇ ਸ਼ਾਮ ਨੂੰ ਇੰਮੀਗਰੇਸ਼ਨ ਵਾਲਿਆਂ ਨੇ ਰਸਦ ਭੇਜਣੀ ਸ਼ੁਰੂ ਕਰ ਦਿਤੀ। ਸੈਨਿਕਾਂ ਨੂੰ ਜਹਾਜ਼ ਤੋਂ ਦੂਰ ਕਰ ਦਿੱਤਾ ਗਿਆ ਸੀ ਅਤੇ 8.30 ਸ਼ਾਮੀ ਉਹਨਾਂ ਨੂੰ ਛੱਟੀ ਦੇ ਦਿੱਤੀ ਗਈ ਸੀ। ਉਸ ਤੋਂ ਕੁਝ ਸਮੇਂ ਪਿਛੋਂ ਤੱਟ ਤੇ ਖੜੇ ਦਰਸ਼ਕਾ ਨੇ ਆਸ ਛੱਡ ਦਿੱਤੀ ਸੀ ਕਿ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਤੇ ਉਹ ਘਰੋ ਘਰੀ ਪਰਤ ਗਏ। ਅਗਲੇ ਦਿਨ ਦੀ ਸਵੇਰ ਅਤੇ ਸ਼ਾਮ ਨੂੰ ਰਾਸ਼ਨ ਦਾ ਲੱਦਿਆ ਜਾਣਾ ਜਾਰੀ ਰਿਹਾ। ਬੁੱਧਵਾਰ 22 ਜੁਲਾਈ ਨੂੰ ਟਰੱਕਾਂ ਦੇ ਟਰੱਕ ਰਸਦ ਦੇ ਪਲੇਟ ਫਾਰਮ ਤੇ ਆਉਂਦੇ ਰਿਹੇ ਅਤੇ ਸੀ ਲਾਈਨ ਰਾਹੀ ਕਾਮਾਗਾਟਾ ਮਾਰੂ ਤੇ ਅਪੜਦਾ ਰਿਹਾ। ਸਟੋਵ ਵਿਚ ਬਾਲਣ ਵਾਲੀ 20 ਟਨ ਲੱਕੜੀ ਦਾ ਆਰਡਰ ਕੀਤਾ ਗਿਆ ਸੀ ਅਤੇ ਇਸਨੂੰ ਇੱਕ ਛੋਟੇ ਭਾਰ ਢੋਉ ਜਹਾਜ਼ ਰਾਹੀਂ ਢੋਇਆ ਗਿਆ ਸੀ। ਜਦੋਂ ਇਹ ਖਬਰ ਚੁਪਾਸੀ ਖਿਲਰ ਗਈ ਕਿ ਕਾਮਾਗਾਟਾ ਮਾਰੂ ਚੱਲਣ ਵਾਲਾ ਸੀ ਤਾਂ ਕੁੱਝ ਹਿੰਦੁਸਤਾਨੀ ਲੋਕ ਇੰਮੀਗਰੇਸ਼ਨ ਦੇ ਦਫਤਰ ਗਏ ਅਤੇ ਬੇਨਤੀ ਕੀਤੀ ਕਿ ਉਹਨਾਂ ਨੂੰ ਜਹਾਜ਼ ਉੱਤੇ ਸਵਾਰ ਮਿੱਤਰਾਂ ਨੂੰ ਮਿਲਣ ਦਿੱਤਾ ਜਾਵੇ। ਬਾਅਦ ਦੁਪਿਹਰ ਤੀਕਰ ਗੀਡ ਨੇ ਨਾਂਹ ਕਰੀ ਰੱਖੀ। ਪਿੱਛੋਂ ਉਹ ਸਹਿਮਤ ਹੋ ਗਿਆ ਕਿ ਦਸਾਂ ਦਸਾਂ ਦੀ ਟੋਲੀ ਇੰਮੀਗਰੇਸ਼ਨ ਦੇ ਲਾਂਚ ਉੱਤੇ ਜਾਵੇ ਅਤੇ ਸਿਰਫ 5 ਮਿੰਟ ਲਈ ਗੱਲਬਾਤ ਕਰੇ। ਗੁਰਦੁਆਰੇ ਦੇ ਸਕੱਤਰ ਮਿੱਤ ਸਿੰਘ ਨੇ ਦੋ ਇਸਤਰੀਆਂ ਨੂੰ ਜਿਹੜੀਆਂ ਕਿਸ਼ਨ ਕੌਰ ਜਹਾਜ਼ ਤੇ ਇੱਕੋ ਇੱਕ ਇਸਤਰੀ ਮੁਸਾਫਰ ਦੀਆਂ ਸਹੇਲੀਆਂ ਸਨ ਮਿਲਣ ਲਈ ਆਗਿਆ ਦੇਣ ਦੀ ਬੇਨਤੀ ਕੀਤੀ ਪਰ ਜਦੋਂ ਉਹਨਾਂ ਨੂੰ ਇੰਮੀਗਰੇਸ਼ਨ ਦੇ ਦਫਤਰ ਵਿਚ ਲਿਆਇਆ ਗਿਆ ਤਾਂ ਗ੍ਰੀਡ ਨੇ ਉਹਨਾਂ ਨੂੰ ਸੰਦੇਹ ਜਨਕ ਅਤੇ ਮੋਟੀਆਂ ਮੋਟੀਆਂ ਤੱਕਿਆ ਅਤੇ ਉਸਨੂੰ ਸ਼ੱਕ ਹੋ ਗਿਆ ਕਿ ਉਹਨਾਂ ਕੋਲ ਹਥਿਆਰ ਜਾਂ ਬਾਰੂਦ ਨਾ ਹੋਵੇ। ਉਸਨੇ ਉਹਨਾਂ ਨੂੰ ਜਹਾਜ਼ ਉੱਤੇ ਜਾਣਦੀ ਆਗਿਆ ਨਾ ਦਿੱਤੀ। ਇਸਦੇ ਬਦਲੇ ਵਜੋਂ ਜਦੋਂ ਮਿੱਤ ਸਿੰਘ ਤੇ ਰਹੀਮ ਸਥਾਨਕ ਹਿੰਦੁਸਤਾਨੀਆਂ ਦੀ ਚੌਥੀ ਟੋਲੀ ਵਿਚ ਗਏ ਤਾਂ ਉਹ ਦੋਵੇ ਮੁਸਾਫਰਾਂ ਦੀਆਂ ਜੰਗਲੇ ਤੋਂ ਥੱਲੇ ਲਮਕਾਈਆਂ ਬਾਹਵਾਂ ਫੜ ਕੇ ਇੰਮੀਗਰੇਸ਼ਨ ਵਾਲਿਆਂ ਦੇ ਲਾਂਚ ਵਿੱਚੋਂ ਕਾਮਾਗਾਟਾ ਮਾਰੂ ਉੱਤੇ ਚੜ੍ਹ ਗਏ। ਗੀਡ ਲਈ ਇਹ ਵਿਸ਼ਵਾਸ਼ ਦੀ ਉਲੰਘਣਾ ਸੀ ਉਸਨੇ ਹੋਰ ਮਿਲਣੀਆਂ ਬੰਦ ਕਰ ਦਿੱਤੀਆਂ। ਪਰ ਹਾਪਕਿਨਸਨ ਨੇ ਉਸਨੂੰ ਮਨਾ ਲਿਆ ਅਤੇ ਉਸਨੇ ਆਗਿਆ ਦੇ ਦਿੱਤੀ ਕਿ ਉਹ ਬਾਰਾ ਬੰਦਿਆਂ ਦੀ ਇਕ ਹੋਰ ਟੋਲੀ ਲਾਂਚ ਵਿਚ ਲੈ ਜਾਣ।

ਹੁਣ ਸ਼ਾਮ ਦੇ ਤਕਰੀਬਨ ਸਾਢੇ ਛੇ ਵੱਜ ਚੁੱਕੇ ਸਨ। ਜਹਾਜ਼ ਨੇ 23 ਤਾਰੀਖ ਦਿਨ ਵੀਰਵਾਰ ਨੂੰ ਸੁਵੱਖਤੇ ਸਵੇਰੇ ਪੰਜ ਵਜੇ ਤੁਰ ਜਾਣਾ ਸੀ। ਸਾਰੀ ਰਸਦ ਜਹਾਜ਼ ਤੇ ਸੀ। ਕਾਮਾਗਾਟਾ ਮਾਰੂ ਰਵਾਨਾ ਹੋਣ ਲਈ ਤਿਆਰ ਜਾਪਦਾ ਸੀ। ਪਰ ਗੀਡ ਨੇ ਇੱਕ ਹੋਰ ਸੰਕਟ ਖੜਾ ਕਰ ਲਿਆ। ਜਾਪਾਨੀ ਕੌਂਸਲ ਮਿਸਟਰ ਹੋਰੀ ਭਾਗ ਸਿੰਘ ਵਲੋਂ ਇੱਕ ਤਾਰ ਲੈ ਕੇ ਆਇਆ। ਭਾਗ ਸਿੰਘ ਕੈਨੇਡਾ ਸਰਕਾਰ ਦੀ ਬੇਨਤੀ ਤੇ ਅਮਰੀਕਾ ਵਿੱਚ ਨਜ਼ਰਬੰਦ ਸੀ। ਕਿਉਂਕਿ ਉਸਦੇ ਕੋਲੋ ਗੀਵਾਲਵਰ ਤੇ ਸਿੱਕਾ ਬਾਰੂਦ ਬਰਾਮਦ ਹੋਇਆ ਸੀ। ਅਤੇ ਉਹ ਰਹੀਮ ਨਾਲ ਜਹਾਜ਼ ਖਰੀਦਣ ਵਾਲਾ ਬਰਾਬਰ ਦਾ ਹਿੱਸੇਦਾਰ ਸੀ। ਉਹ ਸਤਾਰਾਂ ਤਾਰੀਖ ਨੂੰ ਫੜਿਆ ਗਿਆ ਸੀ। ਰਹੀਮ ਨੇ ਆਪਣੇ ਵਲੋਂ ਅਤੇ ਭਾਗ ਸਿੰਘ ਵਲੋਂ ਆਪ ਹੀ ਦਸਤਖਤ ਕਰਕੇ ਜਹਾਜ਼ ਨੂੰ ਤੋਰਨ ਦੀ ਆਗਿਆ ਦੇ ਦਿੱਤੀ ਸੀ। ਹੁਣ ਭਾਗ ਸਿੰਘ ਵਲੋਂ ਤਾਰ ਘੱਲੀ ਗਈ ਸੀ ਕਿ ਉਸਨੇ ਕਿਸੇ ਨੂੰ ਆਪਣੇ ਵੱਲੋਂ ਅਜਿਹਾ ਅਧਿਕਾਰ ਨਹੀਂ ਸੀ ਦਿੱਤਾ। ਇਹ ਤਾਰ ਨੂੰ ਅੱਖੋ ਪਰੋਖੇ ਕੀਤਾ ਜਾ ਸਕਦਾ ਸੀ, ਪਰ ਇਸ ਨਾਲ ਗ੍ਰੀਡ ਦੀ ਬੇਸਬਰੀ ਦਾ ਕੜ ਟੁੱਟ ਗਿਆ। ਉਸਨੂੰ ਹਿੰਦੁਸਤਾਨੀਆ ਦੇ ਵਕੀਲ ਤੇ ਵਿਸ਼ਵਾਸ਼ ਨਹੀਂ ਸੀ। ਉਸਨੂੰ ਡਰ ਸੀ ਕਿ ਹਿੰਦੋਸਤਾਨੀ ਕੀਤੇ ਫੈਸਲੇ ਤੋਂ ਮੁੱਕਰ ਨ ਜਾਣ। ਉਸਨੂੰ ਇਹ

ਜ਼ਰੂਰੀ ਭਾਸਿਆ ਕਿ ਜਹਾਜ਼ ਨਿਯਤ ਸਮੇਂ ਤੋਂ ਪਹਿਲਾਂ ਹੀ ਬੰਦਰਗਾਹ ਨੂੰ ਛੱਡ ਜਾਵੇ। ਉਸਦੀ ਇਹ ਰਾਏ ਹੋਰ ਵੀ ਪੱਕੀ ਬਣ ਗਈ ਜਦੋਂ ਅੱਧੇ ਘੰਟੇ ਪਿੱਛੋਂ ਹਿੰਦੀ -ਦੂਭਾਸ਼ੀਆ, ਹੈਨਰੀ ਗਵਾਈਥਰ ਮੁਸਾਫਰਾਂ ਦਾ ਰੁੱਕਾ ਲੈ ਕੇ ਉਸ ਕੋਲ ਆਇਆ।

ਸ਼੍ਰੀ ਮਾਨ ਜੀ,

ਅਸੀਂ ਸਤਿਕਾਰ ਸਹਿਤ ਆਪ ਨੂੰ ਇਤਲਾਹ ਦਿੰਦੇ ਹਾਂ ਕਿ ਜਹਾਜ਼ 5 ਵਜੇ ਸਵੇਰ ਨੂੰ ਰਿਵਾਨਾ ਹੋਣ ਵਾਲਾ ਹੈ ਅਤੇ ਸਾਨੂੰ ਰਸਤ ਵਿੱਚ ਨ ਹੀ ਅੰਡਿਆ ਦੀ ਤੇ ਨ ਹੀ ਗੋਸ਼ਤ ਦੀ ਕੋਈ ਖੁਰਾਕ ਪ੍ਰਾਪਤ ਹੋਈ ਹੈ। ਜਿਹੜੀ ਕਿ ਸਾਡੇ ਲੰਬੇ ਸਫਰ ਲਈ ਬਹੁਤ ਜ਼ਰੂਰੀ ਹੈ। ਅਸੀਂ ਆਪ ਨੂੰ ਬੇਨਤੀ ਕਰਦੇ ਹਾਂ ਕੁੱਝ ਜਿਉਂਦੇ ਛੱਤਰੇ ਘੱਲ ਦੇਵੋ। ਨਹੀ ਤਾਂ ਕਾਮਾਗਾਟਾ ਮਾਰੂ ਕੱਲ ਸਵੇਰੇ ਰਵਾਨਾ ਨਹੀਂ ਹੋ ਸਕੇਗਾ।

ਨੋਟ - ਆਟਾ ਗੁੰਨਣ ਲਈ ਤਿੰਨ ਵੱਡੀਆਂ ਪਿਤਲ ਦੀਆਂ ਪ੍ਰਾਂਤਾ ਵੀ ਘੱਲ ਦੇਵੋ।

ਗ੍ਰੰਡ ਨੇ ਪਹਿਲਾਂ ਕਰੀਬਨ 1150 ਕਿਲੋ ਗ੍ਰਾਮ ਡੱਬਿਆਂ ਵਿੱਚ ਬੰਦ ਸੈਮਨ ਮੱਛੀ ਖਰੀਦੀ ਸੀ। ਪਰ ਜਦੋਂ ਮੁਸਾਫਰਾਂ ਨੇ ਇਸਤੇ ਇਤਰਾਜ਼ ਕੀਤਾ ਤਾਂ ਉਸਨੇ, ਇਸ ਦੇ ਬਦਲ ਵਿੱਚ ਕੁਝ ਲੈਣ ਦੀ ਬਜਾਏ, ਇਸ ਨੂੰ ਥੋਕ ਵਪਾਰੀਆਂ ਨੂੰ ਲੁਟਾ ਦਿੱਤਾ ਸੀ ਇਸ ਉਮੀਦ ਨਾਲ ਕਿ ਸਿੱਖ ਸ਼ੁੱਧ ਵੈਸ਼ਨੂੰ ਭੋਜਨ ਨਾਲ ਸੰਤੁਸ਼ਟ ਹੋ ਜਾਣਗੇ। ਉਹਨਾਂ ਕੋਲ ਆਟਾ, ਆਲੂ, ਚਾਵਲ, ਦਾਲਾਂ, ਗੋਭੀ, ਗਾਜਰਾਂ, ਪਿਆਜ਼, ਮੱਖਣ, ਅਚਾਰ, ਗਰਮ ਮਸਾਲਾ, ਅਦਰਕ, ਖੰਡ, ਲੂਣ ਅਤੇ ਚਾਹ ਸੀ। ਇਸਨੂੰ ਉਹ ਕਾਫੀ ਸਮਝਦਾ ਸੀ। ਅਖਰੀਲੀ ਮੰਗ ਤੋਂ ਇਸ ਨੇ ਨਿਰਨਾ ਕੀਤਾ ਕਿ ਇਹ ਰਵਾਨਗੀ ਨੂੰ ਪਿੱਛੇ ਪਾਉਣ ਦੀ ਇੱਕ ਹੋਰ ਚਾਲ ਸੀ। ਉਸਨੇ ਤੁਰੰਤ ਹੀ ਨਾਗਰਿਕ ਸੈਨਾ ਅਫਸਰਾਂ ਨਾਲ ਸੰਪਰਕ ਕਾਇਮ ਕੀਤਾ ਅਤੇ ਆਖਿਆ ਸੀ ਕਿ ਉਹ ਮੁੜ ਆਪਣੇ ਦਸਤਿਆਂ ਨੂੰ ਬੁਲਾ ਲੈਣ। ਅਤੇ ਸੀ. ਪੀ. ਆਰ ਦੇ ਨਜ਼ਰਬੰਦੀ ਸ਼ੈੱਡ ਉਤੇ ਤਿਆਰ ਹੋ ਕੇ ਖਲੋ ਜਾਣ। ਉਹ 'ਰੇਨਬੋ' ਜਹਾਜ਼ ਵਲ ਕਮਾਂਡਰ ਹੋਜ਼ ਨਾਲ ਗਲਬਾਤ ਕਰਨ ਲਈ ਜਾ ਰਿਹਾ ਸੀ। ਉਸਨੇ ਆਪਣੇ ਲਾਂਚ ਨੂੰ ਹਾਪਕਿਨਸਨ ਦੇ ਲਾਂਚ ਨਾਲ ਲਾ ਲਿਆ ਅਤੇ ਉਸ ਤੇ ਸਵਾਰ ਹਿੰਦੀ ਦੂਭਾਸ਼ੀਏ ਨੂੰ ਆਪਣੇ ਨਾਲ ਜਾਣ ਲਈ ਕਿਹਾ ਉਸਨੇ ਆਖਿਆ ਉਹ ਹਿੰਦੁਸਤਾਨੀ ਲੋਕਾਂ ਨਾਲ ਹੋਰ ਸਵਾਲ ਜਵਾਬ ਨਹੀਂ ਕਰੇਗਾ ਅਤੇ ਕਾਮਾਗਾਟਾ ਮਾਰੂ ਨੂੰ ਲੰਗਰ ਚੁੱਕਣ ਲਈ ਅਤੇ ਰਵਾਨਾ ਹੋਣ ਲਈ 15 ਮਿੰਟ ਦੇਵੇਗਾ। ਤਾਕਤ ਨਾਲ ਸਭ ਕੁਝ ਕੀਤਾ ਜਾਵੇਗਾ। ਹਾਪਕਿਨਸਨ ਇਸ ਵਿਚ ਭਾਈਵਾਲ ਨਹੀਂ ਬਣਨਾ ਚਾਹੁੰਦਾ ਸੀ ਉਹ ਤੁਰੰਤ ਤੱਟ ਵੱਲ ਗਿਆ ਤਾਂ ਜੋ ਬੱਰੈਲ, ਸਟੀਵਨਜ਼ ਅਤੇ ਦੋਹਾਂ ਪਾਸਿਆਂ ਦੇ ਵਕੀਲਾਂ ਨੂੰ ਬੁਲਾਵੇ। ਉਸ ਨੇ ਗ੍ਰੰਡ ਨੂੰ ਤੰਬੀਹ ਕੀਤੀ ਕਿ ਅਜਿਹਾ ਸਖਤ ਕਦਮ ਚੁੱਕਣ ਤੋਂ ਪਹਿਲਾਂ ਉਹ ਉਹਨਾਂ ਦੀ ਸਲਾਹ ਲੈ ਲਵੇ।

ਦਿਨ ਨੂੰ ਬਹੁਤ ਸਾਰੇ ਹਿੰਦੁਸਤਾਨੀ ਇੰਮੀਗਰੇਸ਼ਨ ਦਫਤਰ ਦੁਆਲੇ ਅਤੇ ਬੰਦਰਗਾਹ ਤੇ ਇਕੱਠੇ ਹੋ ਗਏ ਸਨ। ਇਸ ਕਰਕੇ ਬਹੁਤ ਸਾਰੀ ਭੀੜ ਇਹਨਾਂ ਦੋਹਾ ਥਾਵਾਂ ਵੱਲ ਖਿੱਚੀ ਗਈ ਸੀ। ਪਰ ਇਹ ਭੀੜ ਉਸ ਪੈਮਾਨੇ ਤੇ ਨਹੀਂ ਸੀ ਜਿੰਨੀ ਇੱਕ ਦਿਨ ਪਹਿਲਾਂ, ਇਕੱਠੀ ਹੋਈ ਸੀ ਅਫਵਾਹ ਤੇਜ਼ੀ ਨਾਲ ਖਿਲਰ ਗਈ। ਸ਼ਾਮ ਦੇ ਇਕ ਅਖਬਾਰ ਵਿੱਚ ਖਬਰ ਸੀ ਕਿ ਚਾਰ ਜਪਾਨੀ ਕਰਮਚਾਰੀਆਂ ਨੂੰ ਕਾਮਾਗਾਟਾ ਮਾਰੂ ਤੋਂ ਸੁੱਟ ਦਿੱਤਾ ਗਿਆ ਸੀ ਅਤੇ ਕੈਨੇਡਾ ਦਾ ਇਕ ਪਾਇਲਟ ਬੰਦੀ ਬਣਾ ਲਿਆ ਗਿਆ ਸੀ। ਇਹਨਾਂ ਕਹਾਣੀਆਂ ਦਾ ਕੋਈ ਅਧਾਰ ਨਹੀ ਸੀ। ਆਇਰਸ਼ ਫਿਊਜ਼ੀਲਾਇਰ ਦੇ ਦੋ ਸੌ ਆਦਮੀ, ਬੱਹਤਰਵੀਂ ਹਾਈਲੈਂਡਰਜ਼ ਦੇ ਸਿਪਾਹੀ ਅਤੇ ਡਿਊਕ ਔਫ ਕੈਨਾਨ ਦੀਆਂ ਆਪਣੀਆਂ ਰਾਈਫਲਾਂ ਦੇ ਪਿਛੇ ਪਿਛੇ ਹਜ਼ਾਰਾਂ ਲੋਕ ਸਮੁੰਦਰ ਦੇ ਕੰਢੇ ਤੇ ਇੱਕਤਰ ਹੋ ਗਏ। ਸੈਨਕ ਤੁਰੰਤ ਹੀ ਉਸ ਭੀੜ ਨੂੰ, ਜਿਸਨੂੰ ਉਹਨਾਂ ਨੇ ਆਪ ਹੀ ਆਕਰਸ਼ਤ ਕੀਤਾ, ਖਿਡਾਉਣ ਵਿੱਚ ਜੁਟ ਗਏ। ਜਿਉਂ ਜਿਉਂ ਲੋਕਾਂ ਦੀ ਗਿਣਤੀ ਵਧਦੀ ਗਈ, ਅਧਿਕਜਿਨਾਂ ਨੂੰ ਹਾਪਕਿਨਸਨ ਨੇ ਸਾਵਧਾਨ ਕਰ ਦਿੱਤਾ ਸੀ ਮਿਲਿਆ। ਸਹਿਮਤੀ ਹੋਈ ਸੀ ਕਿ ਕਾਮਾਗਾਟਾ ਮਾਰੂ ਨੂੰ 5 ਵਜੇ ਸਵੇਰ ਤੀਕਰ ਦਾ ਸਮਾਂ, ਜਿਹੜਾ ਕਿ ਪਹਿਲਾਂ ਦਿੱਤਾ ਗਿਆ ਸੀ, ਲੰਗਰ ਚੁੱਕਣ ਲਈ ਦਿੱਤਾ ਜਾਵੇ। ਪਰ ਉਸ ਸਮੇਂ ਤੋਂ ਬਾਅਦ ਕੋਈ ਦੇਰੀ ਹੋਵੇ ਤਾਂ ਰੇਨਬੋ ਤੇ ਸੈਨਕ ਕਾਰਵਾਈ

ਕਰਨ। ਜਦੋਂ ਹਿੰਦੁਤਸਨੀਆਂ ਦਾ ਵਕੀਲ ਏ. ਐਚ. ਮੈਕਨੇਲ ਇਸ ਮੀਟਿੰਗ ਵਿੱਚ ਸ਼ਾਮਲ ਹੋਇਆ ਤਾਂ ਉਸਨੇ ਵੇਖਿਆ ਕਿ ਅਧਿਕਾਰੀ ਜ਼ਰੂਰਤ ਤੋਂ ਵੱਧ ਸ਼ੱਕੀ ਪ੍ਰਤਿਕਰਮ ਕਰ ਰਹੇ ਹਨ। ਉਸਨੇ ਪੇਸ਼ਕਸ਼ ਕੀਤੀ ਕਿ ਜੋ ਮੁਸਾਫਰਾਂ ਨੇ ਮੰਗ ਕੀਤੀ ਹੈ ਉਸਨੂੰ ਉਹ ਆਪਣੇ ਖਰਚੇ ਉੱਤੇ ਖਰੀਦ ਦੇਵੇਗਾ। ਉਸ ਸਮੇਂ ਜਦੋਂ ਰਾਤ ਦੇ 11 ਵੱਜੇ ਸਨ। ਜੋ ਕੁੱਝ ਉਹ ਪ੍ਰਾਪਤ ਕਰ ਸਕਦਾ ਸੀ ਕੇਵਲ ਆਂਡੇ ਸਨ। ਪਰ ਉਸਨੇ ਪੂਰੇ ਤਿੰਨ ਬਕਸੇ ਖਰੀਦੇ ਅਤੇ ਅੱਧੀ ਰਾਤ ਦੇ ਸਮੇਂ ਉਹ ਸਥਾਨਕ ਕਮੇਟੀ ਦੇ ਮੈਬਰਾਂ ਨੂੰ ਨਾਲ ਲੈ ਕੇ ਇਹਨਾਂ ਬਕਸਿਆਂ ਨੂੰ ਕਾਮਾਗਾਟਾ ਮਾਰੂ ਉੱਤੇ ਲੈ ਕੇ ਗਿਆ ਜਦੋਂ ਉਹ ਜਹਾਜ਼ ਤੋਂ ਪਰਤਿਆ ਤਾਂ ਉਸਨੇ ਪੱਤਰ ਪ੍ਰੇਰਕ ਨੂੰ ਦੱਸਿਆ ਕਿ ਜਹਾਜ਼ ਤੇ ਕੋਈ ਮੁਸ਼ਕਲ ਨਹੀਂ ਸੀ। ਮੁਸਫਾਰ ਗੁੱਸੇ ਵਿੱਚ ਨਹੀਂ ਸਨ ਅਤੇ ਜਿੱਥੋਂ ਤੀਕਰ ਉਸਨੂੰ ਦਿਸਦਾ ਸੀ ਉਹ ਨੀਯਤ ਸਮੇਂ ਤੇ ਰੀਵਾਨਾ ਹੋਣ ਦੀ ਤਿਆਰੀ ਕਰ ਰਹੇ ਸਨ।

ਸੱਚੀ ਤਾਂ ਇਹ ਸੀ ਕਿ ਉਹਨਾਂ ਵਿੱਚੋਂ ਕੁੱਝ ਮੁਸਾਫਰ ਜਹਾਜ਼ ਦੀ ਭੱਠੀ ਦੇ ਕਮਰੇ ਵਿੱਚ ਕਰਮਚਾਰੀਆਂ ਦੀ ਮੱਦਦ ਕਰ ਰਹੇ ਸਨ। ਕਪਤਾਨ ਯਾਮਾਮੋਤੋ ਉਸ ਖਤਰੇ ਬਾਰੇ ਸੁਣਕੇ ਜਿਹੜਾ ਕਿ ਤੱਟ ਤੇ ਪੈਦਾ ਕੀਤਾ ਗਿਆ ਸੀ ਅਚੰਭਤ ਰਹਿ ਗਿਆ।

ਸਥਾਨਕ ਤੱਟ ਕਮੇਟੀ ਨੂੰ ਆਗਿਆ ਦਿੱਤੀ ਗਈ ਸੀ ਕਿ ਉਹ ਬਾਕੀ ਰਾਤ ਕਾਮਾਗਾਟਾ ਮਾਰੂ ਤੇ ਠਹਿਰ ਸਕਦੇ ਸਨ। ਚਾਰ ਵਜੇ ਸਵੇਰੇ ਹਾਪਕਿਨਸਨ ਜਿਹੜਾ ਕਿ ਸੀ ਲਾਈਨ ਦੇ ਇੱਕ ਕਮਰੇ ਵਿੱਚ ਮਸਾਂ ਇੱਕ ਘੰਟਾ ਸੁੱਤਾ ਸੀ। ਉਹਨਾਂ ਨੂੰ ਲਿਜਾਣ ਲਈ ਆਇਆ ਕੁੱਝ ਮੁਸਾਫਰ ਅਜੇ ਵੀ ਕਾਮਾਗਾਟਾ ਮਾਰੂ ਉੱਤੇ ਲੱਦ ਰਹੇ ਸਨ। ਹਿੰਦੀ ਦੁਭਾਸ਼ੀਏ ਨੇ ਉਹਨਾਂ ਨੂੰ ਤਾੜਨਾ ਕੀਤੀ ਕਿ ਉਹ ਤੇਜ਼ੀ ਕਰਨ ਜੇ ਉਹ ਜਹਾਜ਼ ਦੀ ਰਵਾਨਗੀ ਤੋਂ ਪਹਿਲਾਂ ਪਹਿਲਾਂ ਸਾਰੀਆਂ ਲੱਕੜਾਂ ਸੁਟਣੀਆਂ ਚਾਹੁੰਦੇ ਸਨ। ਠੰਡੀ ਸਵੇਰ ਸੀ ਅਤੇ ਪਹੁ ਫੁਟਾਲੇ ਦੀ ਪੂਰਬਲੀ ਰੋਸ਼ਨੀ ਵਿੱਚ ਮੁਸਾਫਰ ਡੱਬਦੇ ਕੰਮ ਕਰ ਰਹੇ ਸਨ। ਆਖਰੀ ਲੱਕੜੀ ਠੀਕ ਪੰਜ ਵਜੇ ਤੋਂ ਪਹਿਲਾਂ ਹੀ ਸੁੱਟ ਦਿੱਤੀ ਗਈ ਸੀ ਅਤੇ ਸਮੇਂ ਸਿਰ ਇੰਜਨ ਨੂੰ ਗਰਮਾ ਦਿੱਤਾ ਗਿਆ ਸੀ ਜਿਹੜੇ ਲੋਕ ਅਜੇ ਵੀ ਭਾਰ ਢੋਉ ਜਹਾਜ਼ ਤੇ ਕੰਮ ਕਰ ਰਹੇ ਸਨ, ਕਾਮਾਗਾਟਾ ਮਾਰੂ ਉਤੇ ਛਾਲਾਂ ਮਾਰ ਕੇ ਚੜ੍ਹ ਆਏ। ਅਤੇ 5.10 ਵਜੇ ਸੂਰਜ ਦੇ ਉਦੈ ਹੋਣ ਤੋਂ ਕੁੱਝ ਮਿੰਟ ਪਿੱਛੋਂ ਜਹਾਜ਼ ਨੇ ਲੰਗਰ ਚੁੱਕ ਲਏ। ਜਦੋਂ ਕਾਮਾਗਾਟਾ ਮਾਰੂ ਹੌਲੀ ਹੌਲੀ ਦੂਰ ਹੋ ਰਿਹਾ ਸੀ ਮੁਸਾਫਰਾਂ ਨੇ ਜਿਹੜੇ ਜਹਾਜ਼ ਦੀਆਂ ਬਾਹੀਆਂ ਤੇ ਝੁਕੇ ਹੋਏ ਸਨ ''ਸੀ ਲਾਇਨ'' ਨੂੰ ਅਵਾਜ਼ਾ ਦਿੱਤੀਆਂ। ਕੁਝ ਨੇ ਆਪਣੇ ਸੈਂਡਲ ਤੇ ਬੂਟ ਲਾਹ ਕੇ ਹੱਥਾਂ ਵਿਚ ਫੜਕੇ ਸੀ ਲਾਈਨ ਵਾਲਿਆਂ ਨੂੰ ਦਿਖਾਏ। ਹਾਪਕਿਨਸਨ ਨੇ ਦੱਸਿਆ ਕਿ ਇਸ਼ਾਰਾ ਗੰਡ ਲਈ ਸੀ।

ਸਵੇਰੇ ਤੜਕੇ ਦਰਸ਼ਕਾ ਦੀ ਤੱਟ ਦੇ ਨਾਲ ਨਾਲ ਫੈਲਰੀ ਹੋਈ ਭੀੜ ਨੇ ਅਖੀਰ ਵਿੱਚ ਮਹਿਸੂਸ ਕੀਤਾ ਕਿ ਕੋਈ ਦਿਲਚਸਪ ਹਾਦਸਾ ਨਹੀਂ ਵਾਪਰਨ ਵਾਲਾ ਜਦੋਂ ਉਹਨਾਂ ਨੇ ਤੱਕਿਆ ਕਿ ਕਾਮਾਗਾਟਾ ਮਾਰੂ ਬਰਾਕਟਨ ਪੌਇੰਟ ਦੇ ਦੁਆਲੇ ਹੁੰਦਾ ਹੋਇਆ ਅੱਖੋ ਓਹਲੇ ਹੋ ਗਿਆ ਸੀ ਅਤੇ ਅੱਗੇ ਵੱਧ ਰਿਹਾ ਸੀ। ਉਸ ਦੇ ਪਿੱਛੇ 'ਰੇਨਬੋ' 'ਸੀ ਲਾਇਨ' ਅਤੇ ਦੋ ਹੋਰ ਲਾਂਚ ਸਨ। ਭਾਨ ਸਿੰਘ ਜਿਸਨੇ ਵੈਨਕੂਵਰ ਉਤਰ ਜਾਣ ਦੀ ਵਿਸ਼ੇਸ਼ ਆਗਿਆ ਮੰਗੀ ਸੀ, ਉਸ ਤੋਂ ਉਮੀਦ ਸੀ ਕਿ ਉਹ ਸਮੁੰਦਰ ਵਿਚ ਛਾਲ ਮਾਰ ਦੇਵੇਗਾ ਅਤੇ 'ਸੀ ਲਾਇਨ' ਉਸਨੂੰ ਪਾਣੀ ਵਿੱਚੋਂ ਚੁੱਕ ਲਵੇਗਾ। ਉਸਨੇ ਇਕ ਵਿਦਿਆਰਥੀ ਦੇ ਰੂਪ ਵਿਚ ਗੈਰ ਇਮੀਗਰਾਂਟ ਹੋਣ ਦਾ ਦਾਹਵਾ ਕੀਤਾ ਸੀ ਅਤੇ ਗੁਰਦਿੱਤ ਸਿੰਘ ਨੇ ਇਸ ਦਾਹਵੇ ਨੂੰ ਇਹ ਕਹਿਕੇ ਝੁਠਲਾਇਆ ਸੀ ਕਿ ਭਾਨ ਸਿੰਘ ਇੰਮੀਗ੍ਰੇਸ਼ਨ ਵਾਲਿਆਂ ਨੂੰ ਸਾਰੀ ਇਤਲਾਹ ਦਿੰਦਾ ਸੀ ਅਤੇ ਉਸਦੇ ਇਵਜਾਨੇ ਵੱਜੋਂ ਉਹ ਸਭ ਰਿਐਤਾਂ ਪ੍ਰਾਪਤ ਕਰ ਰਿਹਾ ਸੀ। ਉਸਦੇ ਸਾਥੀ ਮੁਸਾਫਰਾਂ ਨੇ ਉਸਨੂੰ ਜਹਾਜ਼ ਦੇ ਹੇਠਾਂ ਵਾਲੇ ਫਰਸ਼ ਤੇ ਰੱਖਿਆ ਹੋਇਆ ਸੀ। ਰਾਤ ਨੂੰ ਉਸਦੇ ਹੱਥ ਕੜੀ ਮਾਰੀ ਹੁੰਦੀ ਸੀ ਅਤੇ ਜਦੋਂ ਇੰਮੀਗਰੇਸ਼ਨ ਅਧਿਕਾਰੀਆਂ ਨੇ ਰਘੂਨਾਥ ਸਿੰਘ ਨੂੰ ਉਤਾਰ ਲਿਆ ਸੀ ਤਾਂ ਉਹਨਾਂ ਨੇ ਭਾਨ ਸਿੰਘ ਨੂੰ ਲੈ ਜਾਣ ਦਾ ਯਤਨ ਨਹੀਂ ਸੀ ਕੀਤਾ। ਉਹ ਗ੍ਰੰਡ ਨੂੰ ਆਪਣੀ ਬੇਬਸੀ ਪ੍ਰਗਟਾਉ ਖੱਤ ਲਿਖਦਾ ਰਿਹਾ। ''ਉਹ ਮੈਨੂੰ ਰਸਤੇ ਵਿੱਚ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਮੈਂ ਆਪਣਾ ਕਿਰਾਇਆ ਆਪ ਦੇਵਾਂਗਾ ਜੇਕਰ ਮੈਨੂੰ ਕਾਮਾਗਾਟਾ ਮਾਰੂ ਤੋਂ ਮੁਕਤ ਕਰਵਾ ਲਿਆ ਜਾਵੇ ਅਤੇ ਵਾਪਸੀ ਲਈ ਸੀ. ਪੀ. ਆਰ ਦਾ ਜਹਾਜ਼

ਲੈਣ ਦੀ ਆਗਿਆ ਦਿੱਤੀ ਜਾਵੇ। ਮੈਂ ਇਹਨਾ ਅਨਪੜ੍ਹ ਵਹਿਸ਼ੀਆ ਦੇ ਟੋਲੇ ਨਾਲ ਆਪਣੀ ਜਿੰਦਗੀ ਬਰਬਾਦ ਨਹੀਂ ਕਰਨੀ ਚਾਹੁੰਦਾ।'' ਆਪਣੇ ਅੰਤਮ ਖਤ ਦੇ ਉੱਤੇ ਉਸਨੇ ਲਿਖਿਆ ਸੀ ''ਜਦੋਂ ਕਾਮਾਗਾਟਾ ਮਾਰੂ ਚੱਲੇਗਾ, ਮੈਂ ਛਾਲ ਮਾਰ ਦੇਵਾਗਾ ਕਿਉਂਕਿ ਮੈਂ ਆਪਣੀ ਜਿੰਦਗੀ ਚਾਹੁੰਦਾ ਹਾਂ।''

'ਸੀ ਲਾਇਨ' ਦਸ ਗਿਆਰਾ ਕਿਲੋਮੀਟਰ ਦੀ ਦੂਰੀ ਪੋਇੰਟ ਗਿਰੇਅ ਤੀਕਰ ਕਾਮਾਗਾਟਾ ਮਾਰੂ ਦੇ ਨਾਲ ਨਾਲ ਗਿਆ। ਇਕ ਲਾਈਫ ਬੋਟ ਤਿਆਰ ਰੱਖੀ ਗਈ ਸੀ ਅਤੇ ਇਕ ਫੋਟੋ ਗਰਾਫਰ ''ਸੀ ਲਾਇਨ'' ਤੇ ਬੈਠਾ ਹੋਇਆ ਭਾਨ ਸਿੰਘ ਦੀ ਛਾਲ ਦੀ ਉਡੀਕ ਕਰ ਰਿਹਾ ਸੀ। ਪਰ ਉਹ ਪ੍ਰਗਟ ਨਾਹ ਹੋਇਆ। ਜਦੋਂ ਜਹਾਜ਼ ਇਨਲੈਂਟ ਲੰਘਕੇ ਜਾਰਜੀਆ ਸਟਰੇਟ ਵਿੱਚ ਪ੍ਰਵੇਸ਼ ਕਰ ਗਿਆ ਤਾਂ ''ਸੀ ਲਾਇਨ'' ਵਾਪਸ ਮੁੜ ਆਇਆ ਰੇਨਬੋ ਜਾਰਜੀਆ ਸਟਰੇਟ ਅੰਦਰ ਗਲਫ ਆਈਲੈਂਡ ਲੰਘਕੇ ਵਿਕਟੋਰੀਆ ਸ਼ਹਿਰ ਨੂੰ ਲੰਘਕੇ ਵਾਨ-ਦੇ-ਫੂੱਕਾ ਸਟਰੇਟ ਅੰਦਰ 200 ਕਿਲੋਮੀਟਰ ਤੱਕ ਕਾਮਾਗਾਟਾ ਮਾਰੂ ਦੇ ਪਿਛੇ ਗਿਆ।ਪਲਮਰ ਪੈਸੇਜ ਵਿੱਚ ਵਿਕਟੋਰੀਆ ਤੋਂ ਕੁੱਝ ਕਿਲੋਮੀਟਰ ਦੀ ਦੂਰੀ ਤੇ ਦੋ ਜਾਪਾਨੀ ਕਰਮਚਾਰੀਆਂ ਨੇ ਕਾਮਾਗਾਟਾ ਮਾਰੂ ਤੋਂ ਛਾਲਾਂ ਮਾਰ ਦਿੱਤੀਆਂ। ਪਰ ਜਹਾਜ਼ ਦੀਆਂ ਜੀਵਨ -ਬਚਾਉ ਕਿਸ਼ਤੀਆਂ ਵਿੱਚੋਂ ਹੀ ਇੱਕ ਨੇ ਉਹਨਾਂ ਅੱਧ ਡੁੱਬਿਆਂ ਨੂੰ ਚੁੱਕ ਲਿਆ। ਜਦੋਂ ਦੋਵੇਂ ਜਹਾਜ਼ ਕੇਪ ਫਲੈਟਰੀ ਦੇ ਅੰਤਰ -ਰਾਸ਼ਟਰੀ ਪਾਣੀਆਂ ਤੇ ਅਪੜੇ ਤਾਂ ਉਹ ਵੱਖ ਹੋ ਗਏ ਅਤੇ ਕਾਮਾਗਾਟਾ ਮਾਰੂ ਇੱਕਲਾ ਹੀ ਸ਼ਾਂਤ ਸਾਗਰ ਨੂੰ ਚੀਰਦਾ ਹੋਇਆ ਅੱਗੇ ਵਧਦਾ ਗਿਆ।

ਉਸ ਨੇ ਯੋਕੋਹਾਮਾ ਦੇ ਰਸਤੇ ਹਾਂਗਕਾਂਗ ਪੁੱਜਣਾ ਸੀ। ਮੁਸਾਫਰਾਂ ਨੇ ਯਤਨ ਕੀਤਾ ਕਿ ਕੈਨੇਡਾ ਸਰਕਾਰ ਉਹਨਾਂ ਨੂੰ ਸਿੱਧਾ ਕਲਕੱਤੇ ਘੱਲੇ। ਪਰ ਉਹਨਾਂ ਨੂੰ ਦੱਸਿਆ ਗਿਆ ਕਿ ਇੰਜ ਕਰਨਾ ਸੰਭਵ ਨਹੀਂ ਸੀ। ਕਾਮਾਗਾਟਾ ਮਾਰੂ ਦੇ ਵੈਨਕੂਵਰ ਤੋਂ ਰਵਾਨਾ ਹੋਣ ਪਿਛੋਂ ਹਾਂਗਕਾਂਗ ਦੇ ਗਵਰਨਰ ਵੱਲੋਂ ਇੱਕ ਤਾਰ ਆਟਵਾ ਪੁੱਜੀ। 'ਗਵਰਨਰ ਇਹਨਾਂ ਇਮੀਗਰਾਟਾਂ ਨੂੰ ਵਾਪਸ ਹਾਂਗਕਾਂਗ ਨਹੀਂ ਲੈਣਾ ਚਾਹੁੰਦੇ ਸੀ। ਉਸ ਦਾ ਸੁਝਾ ਸੀ ਕਿ ਉਹਨਾਂ ਨੂੰ ਸਿੱਧਿਆਂ ਹੀ ਕਲਕੱਤੇ ਘੱਲ ਦਿਤਾ ਜਾਵੇ। ''ਯਕੀਨੀ ਗੱਲ ਹੈ '' ਉਸਨੇ ਕਿਹਾ ਸੀ ''ਏਡੀ ਵੱਡੀ ਸੰਖਿਆ ਨੂੰ ਏਥੇ ਰੁਜ਼ਗਾਰ ਮਿਲਣਾ ਔਖਾ ਹੈ।'' ਕੈਨੇਡਾ ਤੋਂ ਇਕ ਮਕਾਰ ਜਿਹਾ ਖਤ ਆਇਆ ਕਿ ਕਿਉਂਕਿ ਜਹਾਜ਼ ਹਾਂਗਕਾਂਗ ਤੋਂ ਚਲਿਆ ਸੀ ਕੈਨੇਡਾ ਸਰਕਾਰ ''ਇਸਦੇ ਮੁਸਾਫਰਾਂ ਨੂੰ ਕਿਸੇ ਹੋਰ ਅਸਥਾਨ ਤੇ ਡਿਪੋਰਟ ਨਹੀਂ ਕਰ ਸਕਦੀ ਸੀ। ਨ ਹੀ ਜਹਾਜ਼ ਨੂੰ ਮਜ਼ਬੂਰ ਕਰ ਸਕਦੀ ਸੀ ਕਿ ਉਹ ਉਹਨਾਂ ਮੁਸਾਫਰਾਂ ਨੂੰ ਕਿਸੇ ਹੋਰ ਥਾਂ ਤੇ ਲਿਜਾਵੇ।'' ਬੋਰਡਨ ਦੀ ਸਰਕਾਰ, ਜਿਹੜੀ ਕਿ ਗਵਰਨਰ 'ਮੋਂ' ਦੀ ਮਾਰਚ ਮਹੀਨੇ ਵਿੱਚ ਕਾਮਾਗਾਟਾ ਮਾਰੂ ਦੇ ਰਵਾਨਾ ਹੋਣ ਬਾਰੇ ਦਿੱਤੀ ਗਈ ਤੰਬੀਹ ਬਾਬਤ ਉਕਾ ਅਹਿਸਾਨ ਫਰਾਮੋਸ਼ ਸੀ ਹੁਣ ਗਵਰਨਰ ਨੂੰ ਜਹਾਜ਼ ਦੀ ਵਾਪਸੀ ਤੋਂ ਪੈਦਾ ਹੋਣ ਵਾਲੀ ਪਰੇਸ਼ਾਨੀ ਨੂੰ ਘਟਾਉਣ ਲਈ ਵੀ ਹੱਥ ਨਹੀਂ ਸੀ ਵਧਾ ਰਹੀ।

ਜਿਥੋਂ ਤੱਕ ਕਿ ਕੈਨੇਡਾ ਦੇ ਲੋਕਾਂ ਦਾ ਸੰਬੰਧ ਸੀ, ਮਸਲਾ ਖਤਮ ਹੋ ਗਿਆ ਸੀ। ਪਾਠਕ, ਅਖਬਾਰਾਂ ਦੀ ਸੰਪਾਦਕੀਆਂ ਦੀ ਅੰਤਮ ਟੀਕਾ ਟਿੱਪਣੀ ਵੱਲ ਰੁਖ ਕਰ ਰਹੇ ਸਨ। ਕੈਨੇਡਾ ਦੇ ਪੂਰਬੀ ਭਾਗਾਂ ਤੋਂ ਪ੍ਰਕਾਸ਼ਤ ਹੋਣ ਵਾਲੇ ਅਖਬਾਰਾਂ ਨੇ ਅਧਿਕਾਰੀਆਂ ਦੀ ਕਾਰਵਾਈ ਦੀ ਵਿਸ਼ੇਸ਼ ਤੌਰ ਤੇ 19 ਤਾਰੀਖ ਦੀ ਸਵੇਰ ਨੂੰ ਪੁਲੀਸ ਦੇ ਹਮਲੇ ਦੀ ਆਲੋਚਨਾ ਕੀਤੀ ਅਤੇ ਵਿਰੋਧੀ ਪਾਰਟੀ ਦੇ ਅਖਬਾਰ 'ਵੈਨਕੂਵਰ ਸਨ' ਨੇ ਐਚ. ਐਚ. ਸਟੀਵਨਜ਼ ਤੇ ਬੋਰਡਨ ਦੀ ਸਰਕਾਰ ਨੂੰ ਆੜੇ ਹੱਥੀਂ ਲਿਆ। ਉਕਤ ਅਖਬਾਰ ਦਾ ਮੱਤ ਸੀ ਕਿ ਲਿਬਰਲ ਪਾਰਟੀ ਦੀ ਸਰਕਾਰ ਸਾਰੇ ਮਾਮਲੇ ਨੂੰ 'ਬਿਨਾ ਤਸ਼ੱਦਦ ਦੇ ਜਾਂ ਧਮਕੀ ਦੇ ਜਾਂ ਸ਼ਕਤੀ ਦੇ ਵਿਖਾਵੇ ਦੇ ਨਜਿੱਠ ਸਕਦੀ ਸੀ। ਸਟੀਵਨਜ਼ ਆਪਣੇ ਬਚਾਓ ਹਿੱਤ ਸਿਰ ਕੱਢ ਮੈਥਾਡਿਸਟ ਤੇ ਪਰੈਸ ਬੀਟੀਰੀਅਨ ਚਰਚ ਦੇ ਪਾਦਰੀਆਂ ਦੇ ਖੱਤਾਂ ਨੂੰ ਵਿਖਾ ਕੇ ਜਿਨ੍ਹਾਂ ਵਿੱਚ ਉਸਦੀ ਪ੍ਰਸੰਸਾ ਕੀਤੀ ਗਈ ਸੀ ਆਪਣੇ ਆਪ ਨੂੰ ਠੀਕ ਸਾਬਤ ਕਰ ਰਿਹਾ ਸੀ। 'ਸੰਨ ਅਖਬਾਰ' ਨੇ ਵੀ ਮੰਨਿਆ ਕਿ ਸਰਕਾਰ ਦੇ ਹਾਲਾਤ ਨੂੰ ਬੁਰੀ ਤਰਾਂ ਸੰਭਾਲਣ ਕਾਰਨ ਹੀ 'ਰੇਨਬੋ' ਨੂੰ ਬੁਲਾਉਣਾ ਜ਼ਰੂਰੀ ਹੋ ਗਿਆ ਸੀ। ਮੈਕਨੇਲ ਦੀ ਉਸ ਰਾਏ ਦਾ ਝਲਕਾਰਾ ਕਿਤੇ ਵੀ ਨਹੀਂ ਸੀ ਮਿਲਦਾ ਕਿ ਰਾਜਨੀਤੀ ਦੀ ਰੰਚਕ ਭਰ ਵਰਤੋਂ ਅਤੇ ਹਮਦਰਦੀ ਇਸ ਸੰਕਟ ਨੂੰ ਹਲ ਕਰ ਸਕਦੇ ਸਨ।

ਅਗਸਤ ਦੀ 16 ਤਾਰੀਕ ਨੂੰ ਔਖਾ ਪੰਧ ਕੱਟਣ ਉਪਰੰਤ ਕਾਮਾਗਾਟਾ ਮਾਰੂ ਯੋਕੋਹਾਮਾ ਅਪੜਿਆ ਜਿਸ ਸਮੇਂ ਜਹਾਜ ਸਮੁੰਦਰੀ ਪਾਣੀਆਂ ਵਿਚ ਸੀ, ਯੂਰਪ ਯੁੱਧ ਦੀ ਲਪੇਟ ਵਿਚ ਆ ਚੁੱਕਾ ਸੀ। ਕਨੈਡਾ ਦੇ ਸਮਾਚਾਰ ਪਤਰਾ ਵਿਚ ਯੂਰਪ ਦੀਆਂ ਘਟਨਾਂਵਾ ਨੂੰ ਸੁਰਖੀਆਂ ਵਿਚ ਪ੍ਰਕਾਸਤ ਕੀਤਾ ਗਿਆ ਸੀ । ਪਰ ਹਿੰਦ ਸਰਕਾਰ ਲਈ ਯੁਧ ਕਾਰਨ ਕਾਮਾ ਗਾਟਾ ਮਾਰੂ ਪਹਿਲਾਂ ਨਾਲੋਂ ਵਧੇਰੀ ਸਿਰ ਦਰਦੀ ਬਣ ਗਿਆ ਸੀ ।

ਯੋਕੋਹਾਮਾ ਵਿਚ ਸੋਹਣ ਸਿੰਘ ਭਕਨਾਂ ਜਿਹੜਾ ਕਿ ਗਦਾਰ ਪਾਰਟੀ ਦਾ ਮੁਢਲਾ ਮੈਂਬਰ ਤੇ ਪ੍ਰਧਾਨ ਸੀ ਕਾਮਾਗਾਟਾ ਮਾਰੂ ਦੀ ਉਡੀਕ ਕਰ ਰਿਹਾ ਸੀ । ਉਸਨੂੰ ਉਸਦੇ ਨ ਗਦਰੀ ਮਿੱਤਰਾਂ ਨੇ ਕੈਲੋਫੋਰਨੀਆਂ ਤੋ 200 ਆਟੋਮੈਟਿਕ ਪਸਤੌਲ ਅਤੇ 2000 ਬਾਰੂਦ ਦੇ ਰਾਉਂਦ ਦੇ ਕੇ ਕਾਮਾਗਾਟਾਮਾਰੂ ਨੂੰ ਮਿਲਨ ਭੇਜਿਆ ਸੀ । ਉਹ ਸਨਫਰਾਂਸਿਸਕੋ ਤੋਂ 21 ਜੁਲਾਈ ਨੂੰ ਚਲਿਆ ਅਤੇ 8 ਅਗਸਤ ਨੂੰ ਯੋਕੋਹਾਮਾ ਅਪੜਿਆ। ਦਲਜੀਤ ਸਿੰਘ ਤੇ ਹਰਨਾਮ ਸਿੰਘ ਗੁੱਜਰਵਾਲ ਉਸਦੇ ਹੋਟਲ ਵਿਚ ਆਏ ਤੇ ਅਗਲੇ ਦਿਨ ਉਹ ਜਹਾਜ ਤੇ ਸਵਾਰ ਹੋ ਗਏ ਤਾਂ ਜੋ ਉਹ ਗਦਰ ਪਾਰਟੀ ਦੀਆ ਯੋਜਨਾਂਵਾਂ ਦਾ ਵੇਰਵਾ ਮੁਸਾਫਰਾਂ ਨੂੰ ਦੇਣ । ਇੰਗਲੈਂਡ ਯੁਧ ਵਿਚ ਉਲਝਿਆ ਹੋਇਆ ਸੀ ਅਤੇ ਗਦਰੀ ਆਗੂ ਇਨਕਲਾਬੀ ਰੰਗਰੂਟਾਂ ਦੀ ਭਾਰਤੀ ਅਜਾਦੀ ਦਾ ਡੰਕਾ ਵਜਾ ਰਹੇ ਸਨ ਕਿ ਅੰਗਰੇਜਾਂ ਨੂੰ ਸੱਟ ਮਾਰਨ ਦਾ ਸਮਾਂ ਆ ਗਿਆ ਹੈ ਰਾਤ ਦੇ ਸਮੇ ਪਸਤੌਲ ਨੂੰ ਜਹਾਜ ਤੇ ਲਿਆਂਦਾ ਸੀ ਅਤੇ ਜਪਾਨੀ ਕਰਮਚਾਰੀਆਂ ਵਿਚੋਂ ਇੱਕ ਦੀ ਸਹਾਇਤਾ ਨਾਲ ਜਿਹੜਾ ਕਿ ਤੀਸਰਾ ਇੰਜਨੀਅਰ ਸੀ ਉਸਨੂੰ ਲੁਕਾ ਦਿਤਾ ਗਿਆ ਸੀ। ਭਾਂਵੇ ਲੁਕਣ ਦੀ ਥਾਂ ਗੁਰਦਿੱਤ ਸਿੰਘ ਦੇ ਕੁਝ ਚੋਣਵੇਂ ਨਿਕਟ ਵਰਤੀਆਂ ਤੋਂ ਬਿਨ੍ਹਾਂ ਬਾਕੀ ਸਾਰਿਆਂ ਤੋਂ ਗੁਪਤ ਸੀ। ਹਰ ਇਕ ਨੂੰ ਜਹਾਜ਼ ਪਤਾ ਸੀ ਕਿ ਕੀ ਕੁਝ ਵਾਪਰ ਰਿਹਾ ਸੀ ।

ਯੋਕੋਹਾਮਾ ਵਿਚ ਹਾਂਗਕਾਂਗ ਦੇ ਕਲੋਨੀਅਨ ਸਕੱਤਰ ਦੀ ਚਿੱਠੀ ਵੀ ਆਈ ਹੋਈ ਸੀ ਜਿਸ ਵਿਚ ਮੁਸਾਫਰਾਂ ਨੂੰ ਅਵਾਰਾਗਰਦੀ ਦੇ ਦੋਸ਼ ਵਿਚ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ ਗਈ ਸੀ ਜੇ ਉਹ ਹਾਂਗਕਾਂਗ ਉੱਤਰੇ ਗੁਰਦਿੱਤ ਸਿੰਘ ਨੇ ਯੋਕੋਹਾਮਾ ਦੇ ਬਰਤਾਨਵੀ ਕੌਂਸਲੇਟ ਨੂੰ ਚਿੱਠੀ ਲਿਖਦਿਆਂ ਕਿਹਾ ਜੇ ਉਹਨਾਂ ਨੂੰ ਰਸਦ ਦੇ ਦਿੱਤੀ ਜਾਵੇ ਤਾਂ ਉਸਦੇ ਲੋਕ ਹਿੰਦੋਸਤਾਨ ਦੀ ਕਿਸੇ ਵੀ ਬੰਦਰਗਾਹ ਤੇ ਜਾਣ ਲਈ ਤਿਆਰ ਹੋ ਜਾਣਗੇ ਕੌਂਸਲ ਨੇ ਉਸਦੀ ਮਦਦ ਕਰਨ ਤੋਂ ਨਾਂ ਕਰ ਦਿਤੀ ਕਿਉਂਕਿ ਉਸ ਕੋਲ ਇਸ ਕਾਰਵਾਈ ਲਈ ਉੱਪਰੋਂ ਕੋਈ ਹਦਾਇਤ ਨਹੀਂ ਸੀ ।

ਕਾਮਾਗਾਟਾ ਮਾਰੂ ਦੇ ਮਾਲਕਾਂ ਨੇ ਕਪਤਾਨ ਯਾਮਾਮੋਤੇ ਨੂੰ ਹੁਕਮ ਦਿੱਤਾ ਕਿ ਉਹ ਜਹਾਜ਼ ਨੂੰ ਕੋਬੇ ਲਿਆਵੇ। ਉਹ ਯੋਕੋਹਾਮਾ ਤੋਂ 18 ਨੂੰ ਚਲ ਕੇ ਕੋਬੇ 21 ਨੂੰ ਅਪੜਿਆ ਜਹਾਜ ਜਪਾਨ ਦੇ ਪਾਣੀਆਂ ਵਿਚ ਹੋਣ ਕਾਰਨ ਮਾਲਕ ਉਸਨੂੰ ਵਾਪਸ ਲੈਣਾ ਮੰਗਦੇ ਸਨ। ਅਕੀਰਾ ਨਗਾਟਾ ਨੇ ਅਪਰੈਲ ਦੇ ਮਹੀਨੇ ਮੋਜੀ ਵਿਚ ਖਰੀਦੇ ਹੋਏ ਕੋਲੇ ਲਈ 8000 ਯੈਨਾ ਦਾ ਦਾਹਵਾ ਕੀਤਾ ਜਹਾਜ ਦੀਆਂ ਲਾਈਟਾਂ ਕੱਟ ਦਿੱਤੀਆਂ ਗਈਆਂ ਸਨ ਅਤੇ ਪਾਣੀ ਦੀ ਸਪਲਾਈ ਬੰਦ ਕਰ ਦਿਤੀ ਗਈ ਸੀ । ਜਹਾਜ ਦੇ ਜਪਾਨੀ ਕਰਮਚਾਰੀਆਂ ਦੇ ਰਵੱਈਏ ਵਿਚ ਵੀ ਫਰਕ ਆ ਗਿਆ ਸੀ । ਪਰ ਮੁਸਾਫਰਾਂ ਨੂੰ ਤਟ ਤੇ ਜਾਣ ਦੀ ਸੁਤੰਤਰਤਾ ਸੀ। ਇਸ ਲਈ ਹਾਲਤ ਅਜਿਹੀ ਔਖੀ ਨਹੀਂ ਸੀ ਜਿਹੋ -ਜਿਹੀ ਵੈਨਕੂਵਰ ਵਿਚ ਭੈੜੇ ਦਿਨਾਂ ਵਿਚ ਰਹੀ ਸੀ ।

ਕੁਝ ਮੁਸਾਫਰ ਯੋਕੋਹਾਮਾ ਦੇ ਅਸਥਾਨ ਤੇ ਜਹਾਜ ਤੋਂ ਉੱਤਰ ਗਏ ਸਨ ਅਤੇ ਪੰਦਰਾਂ ਹੋਰ ਕੋਬੇ ਦੇ ਸਥਾਨ ਤੇਉੱਤਰ ਗਏ ਸਨ । ਇੰਨਾਂ ਵਿਚ ਗੁਰਦਿੱਤ ਸਿੰਘ ਦੇ ਦੋ ਪ੍ਰਮੁਖ ਸਾਥੀ ਵੀਰ ਸਿੰਘ, ਹਰਨਾਮ ਸਿੰਘ ਸਨ ਇਹ ਹਰਨਾਮ ਸਿੰਘ ਗੁੱਜਰਵਾਲ ਨਹੀਂ ਸਨ ਜਿਸਨੂੰ ਕਿ ਸੰਘਾਈ ਅਤੇ ਹਾਂਗਕਾਂਗ ਵਿਚ ਧਨ ਦਿੱਤਾ ਗਿਆ ਸੀ ਤਾਂ ਜੋ ਉਹ ਲੋਕਾਂ ਨੂੰ ਭਾਰਤ ਵਿਚ ਸੰਘਰਸ਼ ਕਰਨ ਲਈ ਸਕੱਤਰ ਕਰੇ। ਦੋ ਆਦਮੀ ਜਹਾਜ ਵਿਚ ਸ਼ਾਮਿਲ ਹੋ ਗਏ ਸਨ । ਉਹ ਹੈਦਰਾਬਾਦ ਦੇ ਸਿੰਧੀ ਵਿਦਿਆਰਥੀ ਭਰਾ ਸਨ । ਇਕ 21 ਸਾਲਾ ਜਵਾਹਰ ਮੱਲ ਸੀ ਜਿਹੜਾ ਕਿ ਆਰਟਸ ਦਾ ਗਰੈਜੂਏਟ ਸੀ ਅਤੇ ਉਸਦਾ 17 ਸਾਲ ਦੀ ਉਮਰ ਦਾ ਭਾਈ

ਨਰੈਣ ਦਾਸ ਸੀ। ਜਵਾਹਰ ਮੱਲ ਨੇ ਤਰੁੰਤ ਹੀ ਮੁਸਾਫਰਾਂ ਦਾ ਤੇ ਕੌਬੇ 'ਚ ਵਸਦੇ ਭਾਰਤੀ ਮੂਲ ਦੇ ਲੋਕਾਂ ਦੇ ਜਲੂਸ ਕੱਢਣ ਦੇ ਕੰਮ ਦੀ ਅਗਵਾਹੀ ਸੰਭਾਲ ਲਈ ਹਰ ਦੂਜੇ ਦਿਨ ਉਹ 150 ਮਨੁੱਖਾਂ ਦੀ ਸੰਖਿਆ ਵਿਚ ਨਗਰ 'ਚ ਮਾਰਚ ਕਰਦੇ ਸਨ। ਗੁਰਦਿਤ ਸਿੰਘ ਇਕ ਰਿਕਸ਼ੇ ਤੇ ਫੁੱਲਾਂ ਦੇ ਹਾਰਾ ਨਾਲ ਲੱਦਿਆ ਹੋਇਆ ਬਰਤਾਨਵੀ ਕੌਂਸਲ ਜਨਰਲ ਦੇ ਦਫਤਰ ਤੇ ਪੁੱਜਾ ਫੈਰੇਸਟਰ ਅਤਿ ਪ੍ਰਭਾਵਿਤ ਹੋਇਆ ਜਾਂ ਸ਼ਾਇਦ ਉਹ ਡਰ ਗਿਆ ਸੀ। ਉਸਨੇ ਲੋਕਾਂ ਨੂੰ ਅੰਦਰ ਬੁਲਾਇਆ। ਤੀਹ ਬੰਦੇ ਇੱਕ ਕਤਾਰ ਵਿਚ ਅੰਦਰ ਚਲੇ ਗਏ ਉਨ੍ਹਾਂ ਨੂੰ ਚਾਹ ਪੇਸ਼ ਕੀਤੀ ਗਈ। ਫਰੇਸਟਰ ਉਹਨਾ ਦੇ ਬੁਲਾਰੇ ਜਵਾਹਰ ਮੱਲ ਨੂੰ ਅਤਿ ਖਤਰਨਾਕ ਆਦਮੀ ਸਮਝਦਾ ਸੀ, ਫੇਰ ਵੀ ਫੈਰੇਸਟਰ ਲੋਕਾਂ ਵਿਚ, ਅਤੇ ਮਾਲਕਾਂ ਦੇ ਏਜੰਟ ਸੈਟੋ ਨਾਲ, ਬਹਿ ਗਿਆ। ਇਸਦਾ ਸਿੱਟਾ ਇਹ ਨਿਕਲਿਆ ਕਿ ਉਸਨੇ ਟੋਕੀਓ ਸਥਿਤ ਰਾਜਦੂਤ ਨੂੰ ਤਾਰ ਦਿੱਤੀ। ਰਾਜਦੂਤ ਨੇ ਉਸਨੂੰ ਅਧਿਕਾਰ ਦਿੱਤਾ ਕਿ ਉਹ ਹਿੰਦ ਸਰਕਾਰ ਨਾਲ ਸਿੱਧੀ ਗੱਲ ਬਾਤ ਕਰੇ ਅਤੇ 27 ਅਗਸਤ ਨੂੰ ਉਸਨੇ ਹਿੰਦ ਸਰਕਾਰ ਨੂੰ ਇਕ ਵਿਸ਼ੇਸ਼ ਤਾਰ ਘੱਲੀ।

ਸੈਟੋ ਨੇ ਮੁਸਾਫਰਾ ਨੂੰ ਕੌਬੇ ਦੇ ਅਸਥਾਨ ਤੇ ਜਹਾਜ਼ ਤੋਂ ਉਤਾਰਨ ਦੀ ਧਮਕੀ ਦਿੱਤੀ ਸੀ ਭਾਵੇਂ ਉਹ ਸਮਝਦਾ ਸੀ ਕਿ ਮੁਸਾਫਰਾਂ ਨੂੰ ਹਾਂਗਕਾਂਗ ਤੀਕਰ ਪਹੁੰਚਣ ਲਈ ਕੋਈ ਜ਼ਹਾਜ਼ ਮੁਹਈਆ ਕਰਨਾ ਉਸਦਾ ਫਰਜ਼ ਹੈ। ਉਹ ਇਕ ਹੋਰ ਜਹਾਜ਼ ਦੇਣ ਦੀ ਸੋਚਦਾ ਸੀ। ਕੌਂਸਲ ਫੈਰੇਸਟਰ ਜੇ ਹਿੰਦ ਸਰਕਾਰ ਤੋਂ 19000

ਯੈਨ ਮੰਗੇ ਸਨ ਅਤੇ ਇਹ ਰਕਮ ਨਗਾਟਾ ਦੇ ਕੌਲੇ ਦੇ ਕਲੇਮ ਨੂੰ ਤਾਰਨ ਲਈ ਅਤੇ ਕਾਮਾਗਾਟਾ ਮਾਰੂ ਦੇ ਹਿੰਦ ਪੁੱਜਣ ਤੀਕਰ ਦੇ 20-25 ਦਿਨਾਂ ਦੇ ਸਫਰ ਲਈ ਰਾਸ਼ਨ ਆਦਿ ਲਈ ਸਨ।

ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਜਹਾਜ਼ ਨੂੰ ਖਰੀਦਣਾ ਚਾਹੁੰਦਾ ਸੀ। ਜਵਾਹਰ ਮੱਲ ਨੇ ਜਪਾਨ ਦੇ ਅੰਗਰੇਜ਼ੀ ਅਖਬਾਰਾਂ ਨੂੰ ਦੱਸਿਆ ਕਿ ਮੁਸਾਫਰਾਂ ਦੀ ਹਾਲਤ ਇਤਨੀ ਤਰਸ ਯੋਗ ਸੀ ਕਿ ਉਹਨਾਂ ਕੋਲ ਹਿੰਦੁਸਤਾਨ ਤਾਰ ਦੇਣ ਜੋਗੇ ਵੀ ਪੈਸੇ ਨਹੀਂ ਸਨ ਇਹ ਸਭ ਪ੍ਰਾਪੇਗੰਡਾ ਸੀ। ਗੁਰਦਿੱਤ ਸਿੰਘ ਨੇ ਕਾਫੀ ਪੈਸੇ ਇਕੱਤਰ ਕੀਤੇ ਹੋਏ ਸਨ। ਜਦੋਂ ਤੋਂ ਉਹ ਜਪਾਨ ਪੁੱਜਿਆ ਸੀ ਉਸਨੂੰ ਹੋਰ ਪੈਸੇ ਪ੍ਰਾਪਤ ਹੋਏ ਸਨ। ਉਸਦੇ ਕੈਨੇਡਾ ਤੇ ਅਮਰੀਕਾ ਦੇ ਗਦਰੀ ਮਿੱਤਰਾਂ ਨੇ ਉਸਨੂੰ ਹਜ਼ਾਰਾਂ ਡਾਲਰ ਘੱਲੇ ਸਨ। ਉਸ ਅੰਤਮ ਰਾਤ ਨੂੰ ਜਦੋਂ ਵੈਨਕੂਵਰ ਵਿਚ ਹੁਸੈਨ ਰਹੀਮ, ਮਿੱਤ ਸਿੰਘ ਤੇ ਸਥਾਨਕ ਕਮੇਟੀ ਦੇ ਹੋਰ ਮੈਂਬਰਾਂ ਨੂੰ ਕਈ ਘੰਟਿਆ ਤੀਕਰ ਜਹਾਜ਼ ਤੇ ਠਹਿਰਨ ਦੀ ਆਗਿਆ ਦਿੱਤੀ ਗਈ ਸੀ ਤਦ ਉਹਨਾਂ ਫੈਸਲਾ ਕੀਤਾ ਸੀ ਕਿ ਉਹ ਜਹਾਜ਼ ਨੂੰ ਖਰੀਦ ਲੈਣ ਤਾਂ ਜੋ ਉਹ ਦੁਬਾਰਾ ਕੈਨੇਡੀਅਨ ਕਾਨੂੰਨ ਅਨੁਸਾਰ ਉਸਨੂੰ ਕੱਲਕੱਤੇ ਤੋਂ ਸਿੱਧਾ ਲਿਆ ਸਕਣ। ਉਹਨਾਂ ਨੇ ਅਜੇ ਕੈਨੇਡਾ ਸਰਕਾਰ ਨਾਲ ਅੰਤਮ ਲੇਖਾ ਜੋਖਾ ਨਹੀਂ ਸੀ ਕੀਤਾ ਅਤੇ ਹਾਰ ਨਹੀਂ ਮੰਨੀ ਸੀ। ਕੌਬੇ ਵਿੱਚ ਗੁਰਦਿੱਤ ਸਿੰਘ ਨੇ ਪੇਸ਼ਕਸ਼ ਕੀਤੀ ਅਤੇ ਸੈਟੋ ਤੋਂ ਇੱਕ ਪੱਤਰ ਲਿਆ ਜਿਸ ਵਿੱਚ ਸ਼ਰਤਾਂ ਦਰਜ ਸਨ। ਇਸੇ ਕਾਰਨ ਗੁਰਦਿੱਤ ਸਿੰਘ ਪਾਈ ਪਾਈ ਬਚਾਉਣ ਤੇ ਲੱਗਾ ਹੋਇਆ ਸੀ।

ਹਿੰਦੁਸਤਾਨੀ ਸਰਕਾਰ ਕੋਲ ਫੈਰੇਸਟਰ ਦੀ ਤਾਰ ਮਿਲਣ ਤੇ ਹੋਰ ਕੋਈ ਸਾਧਨ ਨਹੀਂ ਸੀ ਅਤੇ ਉਸਨੇ 19,000 ਯੈਨ ਦੀ ਅਦਾਇਗੀ ਦਾ ਅਧਿਕਾਰ ਰਾਜਦੂਤ ਨੂੰ ਦੇ ਦਿੱਤਾ ਤਾਂ ਜੋ ਮੁਸਾਫਰਾਂ ਨੂੰ ਹਿੰਦੁਸਤਾਨ ਲਿਆਂਦਾ ਜਾ ਸਕੇ। ਜੇਕਰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਜਪਾਨ ਵਿੱਚ ਹੀ ਰੁੱਕੇ ਰਹਿਣ ਦਿੱਤਾ ਜਾਂਦਾ ਤਾਂ ਹਿੰਦੁਸਤਾਨੀ ਜਨਤਾ ਵਿੱਚ ਇਸਦਾ ਸ਼ਕਤੀਸ਼ਾਲੀ ਪ੍ਰਤੀਕਰਮ ਹੋਣਾ ਸੀ। ਨੌ ਹਜ਼ਾਰ ਯੈੱਨ ਸਿੱਧੇ ਹੀ ਮੁਸਾਫਰਾਂ ਨੂੰ ਰਸਦ ਲਈ ਦੇ ਦਿੱਤੇ ਗਏ ਅਤੇ ਉਹ 2 ਸਤੰਬਰ ਬੁੱਧਵਾਰ ਨੂੰ ਰਵਾਨਾ ਹੋਣ ਲਈ ਤਿਆਰ ਹੋ ਗਏ। ਜਦੋਂ ਉਹ ਸ਼ੁਮਦਰੀ ਕੰਢੇ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਨ ਤਾਂ ਉਹਨਾਂ ਨੂੰ ਮਾਲੂਮ ਹੋਇਆ ਕਿ ਹਿੰਦ ਸਰਕਾਰ ਦੀਆਂ ਹਦਾਇਤਾਂ ਅਧੀਨ ਉਹ ਮਦਰਾਸ ਜਾ ਰਹੇ ਸਨ ਨਾ ਕਿ ਕਲਕੱਤੇ। ਉਹਨਾ ਨੇ ਜਹਾਜ਼ ਦੇ ਕਰਮਚਾਰੀਆਂ ਨੂੰ ਮਜ਼ਬੂਰ ਕੀਤਾ ਕਿ ਉਹ ਲੰਗਰ ਸ਼ੁਟ ਦੇਣ ਅਤੇ ਜਦੋਂ

ਕਲਕੱਤੇ ਜਾਣ ਲਈ ਕਾਗਜਾਂ ਦੀ ਕਲੀਅਰੈਂਸ ਹੋ ਗਈ ਤਾਂ ਉਹ ਤੁਰਨ ਲਈ ਸਹਿਮਤ ਹੋਏ। ਆਖਿਰ 3 ਸਤੰਬਰ ਦਿਨ ਵੀਰਵਾਰ ਨੂੰ ਕਾਮਾਗਾਟਾ ਮਾਰੂ ਕੋਬੋ ਤੋਂ ਵਿਦਾ ਹੋਇਆ।

ਸਤੰਬਰ ਦੀ ਅੱਠ ਤਾਰੀਖ ਨੂੰ ਵਾਇਸਰਾਏ ਲਾਰਡ ਹਾਰਡਿੰਗ ਨੇ ਸ਼ਿਮਲੇ ਵਿਖੇ ਕਾਨੂੰਨ ਘੜਨੀ ਕੌਂਸਲ ਦੇ ਉਦਘਾਟਨੀ ਸਦਨ ਨੂੰ ਸੰਬੋਧਨ ਕੀਤਾ (ਸ਼ਿਮਲਾ ਗਰਮੀ ਦੀ ਰੁਤ ਸਮੇਂ ਹਿੰਦ ਦੀ ਰਾਜਧਾਨੀ ਹੁੰਦੀ ਸੀ) ਉਸ ਨੇ ਯੁੱਧ ਅਤੇ ਕਾਮਾਗਾਟਾ ਮਾਰੂ ਬਾਬਤ ਬੋਲਦਿਆਂ ਆਖਿਆ ਕਿ ਉਸਨੇ ਬਰਤਾਨੀਆਂ ਦੇ ਬਾਦਸ਼ਾਹ ਨੂੰ ਬਰਤਾਨਵੀ ਅਤੇ ਹਿੰਦੋਸਤਾਨੀ ਫੌਜ ਦੀ ਸਭ ਤੋਂ ਉੱਤਮ ਅਤੇ ਸਭ ਤੋਂ ਵੱਡੀ ਫੌਜ ਦੀ, ਜਿਹੋ ਜਿਹੀ ਕਦੀ ਵੀ ਪਹਿਲਾਂ ਹਿੰਦੋਸਤਾਨੀ ਤੱਟਾਂ ਤੋਂ ਬਾਹਰ ਨਾ ਗਈ ਹੋਵੇ ਪੇਸ਼ ਕੀਤੀ ਹੈ। ਉਸ ਨੇ ਹਿੰਦੋਸਤਾਨੀਆਂ ਨੂੰ ਕਿਹਾ ਕਿ ਉਹ ਅਸਾਡੇ ਨਿਆਂ ਦੇ ਸ਼ੁੱਭ ਕਾਰਜ ਨੂੰ ਮੁਖ ਰਖਦੇ ਹੋਏ ਅਤੇ ਇਸ ਵਿਸ਼ਵਾਸ਼ ਨੂੰ ਕਿ ਪ੍ਰਭੂ ਸਚ ਦੀ ਰਖਸ਼ਾ ਕਰੇਗਾ ਅੱਗੇ ਰਖਦੇ ਹੋਏ ਦੁਨੀਆਂ ਨੂੰ ਆਪਣੀ ਏਕਤਾ, ਤਿਆਗ ਆਤਮ ਬਲੀਦਾਨ ਤੇ ਹਰ ਸਥਿਤੀ ਵਿੱਚ ਅਚੁੱਕ ਵਿਸ਼ਵਾਸ ਰੱਖਣ ਦਾ ਪ੍ਰਮਾਣ ਦੇਣ ਕਾਮਾਗਾਟਾ ਮਾਰੂ ਦੀ ਪ੍ਰੇਸ਼ਾਨ ਸਮੱਸਿਆ ਨੂੰ ਉਸਦੇ ਛੁਟਿਆਉਣ ਦਾ ਯਤਨ ਕੀਤਾ ਅਤੇ ਆਖਿਆ ਕਿ "ਸਾਨੂੰ ਕਿਸੇ ਨੌਂ ਅਬਾਦੀ ਵਿਰੁੱਧ ਸ਼ਿਕਵਾ ਨਹੀਂ ਅਤੇ ਨਾਂ ਹੀ ਇਹ ਸ਼ਕਾਇਤ ਹੈ ਕਿ ਇਕੱਲੇ ਹਿੰਦੁਸਤਾਨੀਆਂ ਦੇ ਖਿਲਾਫ ਹੀ ਵੱਖਰ-ਵਾਦੀ ਨੀਤੀ ਅਪਨਾਈ ਗਈ ਹੈ।" ਅਤੇ ਇਸ ਗੱਲ ਦਾ ਗਲਤ ਦਾਹਵਾ ਕਰਦਿਆਂ ਉਸਨੇ ਆਖਿਆ ਕਿ ਕੈਨੇਡਾ ਵਿੱਚ ਲਾਗੂ ਕਾਨੂੰਨ ਸਾਰੇ ਮਜਦੂਰਾਂ ਸਮੇਤ ਯੂ. ਕੇ ਨੂੰ ਕੈਨੇਡਾ ਤੋਂ ਦੂਰ ਰੱਖਣ ਲਈ ਰੋਕ ਲਾਉਦਾ ਸੀ। ਉਸਨੇ ਆਖਿਆ ਸਭ ਨੂੰ ਉਸ ਬੇਆਰਾਮੀ ਲਈ ਜਿਹੜੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਹੋਈ ਹੈ ਖੇਦ ਪ੍ਰਗਟਾਣਾ ਚਾਹੀਦਾ ਹੈ। ਪਰ ਇਸ ਸਫਰ ਦੇ ਪ੍ਰਬੰਧਕ ਇਸ ਜੁਰਮ ਲਈ ਉਤਰਦਾਈ ਹਨ। "ਕਿਉਂਕਿ ਉਹਨਾ ਨੂੰ ਇਸ ਗੱਲ ਦਾ ਮੁਕੰਮਲ ਗਿਆਨ ਸੀ ਕਿ ਉਹਨਾਂ ਦੇ ਕੈਨੇਡਾ ਵਿੱਚ ਪ੍ਰਵੇਸ਼ ਨੂੰ ਰੋਕ ਦਿੱਤਾ ਜਾਵੇਗਾ।"

ਲਾਰਡ ਹਾਰਡਿੰਗ ਇੱਕ ਅਜੇਹੀ ਸੰਸਥਾ ਅੱਗੇ ਬੋਲ ਰਿਹਾ ਸੀ ਜਿਸ ਵਿੱਚ 38 ਅਫਸਰ ਸਨ ਤੇ ਕੁਝ ਨਾਮਜਦ ਮੈਂਬਰ। ਇਹਨਾ ਵਿੱਚ ਤਕਰੀਬਨ ਸਾਰੇ ਹੀ ਯੂਰਪੀ ਸਨ। 27 ਚੁਣੇ ਹੋਏ ਮੈਂਬਰ ਸਨ ਜਿਹੜੇ ਕਿ ਤਕਰੀਬਨ ਸਾਰੇ ਹੀ ਹਿੰਦੁਸਤਾਨੀ ਸਨ। ਅਖੀਰਲੀ ਸ਼੍ਰੇਣੀ ਦੇ ਮੈਂਬਰਾਂ ਦੀ ਸਮੂਲੀਅਤ ਇੱਕ ਨਵੀਂ ਕਾਢ ਸੀ ਜਿਹੜੀ ਕਿ ਪੰਜ ਸਾਲ ਪਹਿਲਾਂ ਹੀ ਹੋਂਦ ਵਿਚ ਆਈ ਸੀ। ਬੰਗਾਲ ਦੇ ਸੁਰਿੰਦਰ ਨਾਥ ਬੈਨਰਜੀ ਅਤੇ ਮਦਰਾਸ ਦੀ ਮੁਸਲਮ ਕਮਿਊਨਟੀ ਦੇ ਨੁਮਾਇੰਦੂ ਮੀਰ ਅਸਦ ਅਲੀ ਖਾਂ ਇਹ ਜਾਨਣਾ ਚਾਹੁੰਦੇ ਸਨ ਕਿ ਹਿੰਦ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਕੀਤੇ ਗਏ ਵਿਵਹਾਰ ਸਬੰਧੀ ਕੀ ਕੁਝ ਕੀਤਾ ਹੈ, ਅਤੇ ਅੱਗੋਂ ਕੀ ਯੋਜਨਾ ਸੀ ਜਿਸਦੇ ਫਲਸਰੂਪ ਭਵਿੱਖ ਵਿਚ ਪ੍ਰਵਾਸੀਆਂ ਨਾਲ ਸੁਚੱਜਾ ਸਲੂਕ ਹੋਵੇ। ਜਿਹੜੇ ਉੱਤਰ ਉਹਨਾ ਨੂੰ ਮਿਲੇ ਉਹ ਬਹੁਤੇ ਪ੍ਰਕਾਸ ਪਾਊ ਨਹੀਂ ਸਨ। ਵਾਇਸਰਾਏ ਨੇਂ ਇਹ ਪੋਜੀਸਨ ਸਮਝੀ ਕਿ ਜਦੋਂ ਤੀਕਰ ਮਾਮਲਾ ਕੈਨੇਡਾ ਦੀਆਂ ਅਦਾਲਤਾਂ ਅੱਗੇ ਸੀ, ਹਿੰਦ ਸਰਕਾਰ ਦਖਲ ਨਹੀਂ ਦੇ ਸਕਦੀ ਸੀ। ਜਦੋਂ ਕਨੇਡੀਅਨ ਤਾਕਤ ਦੀ ਵਰਤੋਂ ਸਬੰਧੀ ਰਹੇ ਸਨ, ਉਸਦੀ ਸਰਕਾਰ ਨੇ ਇਸਦੇ ਵਿਰੁੱਧ ਪ੍ਰਗਟਾ ਕੀਤਾ ਸੀ ਅਤੇ ਉਸਨੇ ਕਿਹਾ ਕਿ ਤਾਕਤ ਦੀ ਵਰਤੋਂ ਨਹੀਂ ਕੀਤੀ ਗਈ ਸੀ। ਬੱਸ ਇਹੀ ਸਭ ਕੁਝ ਸੀ ਜਿਸਨੂੰ ਉਹ ਅਤੇ ਉਸਦੇ ਅਧਿਕਾਰੀ ਆਖਣ ਲਈ ਤਿਆਰ ਸਨ।

ਇਸ ਸਥਿੱਤੀ ਦਾ ਇਕ ਹੋਰ ਪਹਿਲੂ ਸੀ ਜਿਸਨੂੰ ਕਿ ਲਾਰਡ ਹਾਰਡਿੰਗ ਪਬਲਿਕ ਅੱਗੇ ਨਹੀਂ ਸੀ ਲਿਆਉਣਾ ਚਾਹੁੰਦਾ ਕਿਉਂਕਿ ਅਜੇਹਾ ਕਰਨਾ ਫਸਾਦਾਂ ਨੂੰ ਸੱਦਾ ਦੇਣ ਦੇ ਤੁੱਲ ਸੀ। ਉਸ ਨੂੰ ਹੌਪਕਿਨਸਨ ਦੀ ਮਿਹਰਵਾਨੀਂ ਨਾਲ ਇਸ ਗੱਲ ਦਾ ਪਤਾ ਸੀ ਕਿ ਉੱਤਰੀ ਅਮਰੀਕਾ ਦੇ ਹਿੰਦੁਸਤਾਨੀ ਇਨਕਲਾਬੀ ਜਨ-ਸਮੂਹ ਦੀ ਵਾਪਸੀ ਨੂੰ ਜਥੇਬੰਦ ਕਰਨ ਵਿੱਚ ਜੁਟੇ ਹੋਏ ਸਨ, ਤਾਂ ਜੋ ਉਹ ਬਗਾਵਤ ਦਾ ਝੰਡਾ ਹਿੰਦੁਸਤਾਨ ਵਿੱਚ ਬਲੰਦ ਕਰ ਸਕਣ। ਬਰਤਾਨੀਆਂ ਵੱਲੋ ਯੁੱਧ ਕਰਨ ਦੇ ਐਲਾਨ ਕੀਤੇ ਜਾਣ ਦੇ ਕੁਝ ਦਿਨਾਂ ਪਿੱਛੋਂ ਹੀ ਫਰੈਜਨੋ, ਸਟਾਕਸਨ, ਸੈਕਰਾਮੈਂਟੋ (ਕੈਲੇਫੋਰਨੀਆਂ) ਅਤੇ ਪੋਰਟਲੈਂਡ ਆਰੇਗਨ ਵਿੱਚ ਲੋਕਾਂ ਨੂੰ ਭਰਤੀ ਕਰਨ ਅਤੇ ਮਾਇਆ ਉਗਰਾਹੁਣ ਲਈ ਮੀਟਿੰਗਾਂ ਹੋਈਆਂ ਸਨ। ਹਾਪਕਿਨਸਨ ਨੇ ਹਿੰਦ

ਸਰਕਾਰ ਨੂੰ ਇਸ ਕਾਰਵਾਈ ਦੀ ਸੂਚਨਾ 11 ਅਗਸਤ ਤੱਕ ਦੇ ਦਿੱਤੀ ਸੀ। ਇਸਤੋਂ ਬਾਅਦ ਉਸਨੇ ਵਿਕਟੋਰੀਆ ਤੋਂ ਸੀ. ਪੀ. ਆਰ ਦੇ ਜਹਾਜ਼ ਐਂਪਰਸ ਆਫ ਇੰਡੀਆ ਰਾਹੀਂ 22 ਅਗਸਤ ਨੂੰ ਤੁਰਨ ਵਾਲੇ 26 ਫਸਾਦੀਆਂ ਦੀ ਸ਼ਨਾਖਤ ਕੀਤੀ। ਵੈਨਕੂਵਰ ਤੋਂ 25 ਅਗਸਤ ਨੂੰ 19 ਆਦਮੀ ਅਤੇ ਸਾਨਫਰਾਂਸਿਸਕੋ ਤੋਂ 63 ਜਣੇ ਪੈਸਿਫਿਕ ਮੇਲ ਸਟੀਮ ਸ਼ਿਪ ਐਂਡ ਕੋ, ਕੋਰੀਆ ਰਾਹੀਂ 29 ਅਗਸਤ ਨੂੰ ਰਵਾਨਾ ਹੋ ਰਹੇ ਸਨ,ਅਗੇਤਰੀ ਸੂਚਨਾ ਮਿਲਣ ਕਰਕੇ ਵਾਇਸਰਾਏ ਨੇ ਵਿਸ਼ੇਸ਼ ਆਰਡੀਨੈਂਸ ਰਾਹੀਂ ਅਧਿਕਾਰ ਪ੍ਰਾਪਤ ਕਰ ਲਏ ਸਨ ਕਿ ਉਹ ਦੇਸ਼ ਵਿਚ ਕਿਸੇ ਵੀ ਦਾਖਲ ਹੋਣ ਵਾਲੇ ਬੰਦੇ ਨੂੰ ਗਰਿਫਤਾਰ ਕਰ ਸਕੇ ਜੋ ਰਾਜ ਦੀ ਸੁਰੱਖਿਆ ਲਈ ਸ਼ਾਂਤੀ ਭੰਗ ਕਰ ਸਕਦਾ ਹੋਵੇ। ਇਹ ਇੰਡੀਅਨ-ਆਰਡੀਨੈਂਸ ਦੀ ਇੱਕ ਸ਼ਾਖਾ ਸੀ ਜੋ 5 ਸਤੰਬਰ ਨੂੰ ਇੱਕ ਕਾਨੂੰਨ ਬਣ ਗਈ ਸੀ।

ਜਦੋਂ ਕਾਮਾਗਾਟਾ ਮਾਰੂ ਕੋਬੇ ਵਿੱਚ ਸੀ, ਤਾਂ ਹਿੰਦ ਸਰਕਾਰ ਨੇ ਕੌਂਸਲ ਜਨਰਲ ਫੋਰੈਸਟਰ ਤੋਂ ਫਸਾਦੀਆਂ ਦੇ ਨਾਉਂ ਦੀ ਲਿਸਟ ਮੰਗੀ।'ਇੱਕੋ ਇੱਕ ਨਾਉਂ ਜਿਹੜਾ ਉਸਨੇ ਘੱਲਿਆ ਸੀ ਉਹ ਜਵਾਹਰ ਮੱਲ ਦਾ ਸੀ'। ਇਹ ਗੱਲ ਵੀ ਵਿਚਾਰ ਅਧੀਨ ਆਈ ਕਿ ਸਿੰਘਾਪੁਰ ਤੋਂ ਬਾਕੀ ਸਫਰ ਲਈ ਜਹਾਜ਼ ਉੱਤੇ ਕੁਝ ਅਫਸਰ ਘੱਲੇ ਜਾਣ। ਪਰ ਅਜੇਹਾ ਕਰਨ ਲਈ ਸਮਾਂ ਕਾਫੀ ਨਹੀਂ ਸੀ। ਫਿਰ ਵੀ ਜਦੋਂ 16 ਸਤੰਬਰ ਨੂੰ ਜਹਾਜ਼ ਸਿੰਘਾਪੁਰ ਅਪੜਿਆ ਤਾਂ ਇਹ ਇੱਕ ਨਿਸ਼ਾਨ ਸੁਦਾ ਜਹਾਜ਼ ਕਰਾਰ ਦੇ ਦਿੱਤਾ ਗਿਆ ਸੀ ਅਤੇ ਉਥੇ ਮੌਜੂਦ ਅਫਸਰਾਂ ਨੇ ਕਿਸੇ ਵੀ ਮੁਸਾਫਰ ਨੂੰ ਸਮੁੰਦਰੀ ਤੱਟ ਤੇ ਉਤਰਨ ਦੀ ਆਗਿਆ ਨਹੀਂ ਸੀ ਦਿੱਤੀ। ਕੁਝ ਲੋਕ ਸਨ ਜਿਹੜੇ ਜਹਾਜ਼ ਤੋਂ ਉਤਰਨਾ ਚਾਹੁੰਦੇ ਸਨ। ਕੁਝ ਨੂੰ ਰੁਜ਼ਗਾਰ ਲੱਭਣ ਦੀ ਆਸ ਸੀ ਅਤੇ ਸਿੰਧੀ ਭਰਾ ਜਵਾਹਰ ਮੱਲ ਤੇ ਨਰੈਨ ਦਾਸ ਚਾਹੁੰਦੇ ਸਨ ਕਿ ਉਹ ਬੰਬਈ ਲਈ ਜਹਾਜ਼ ਬਦਲ ਲੈਣ। ਉਹ ਕਿਸੇ ਬੰਦਰਗਾਹ ਤੋਂ ਨੇੜੇ ਤੋਂ ਨੇੜੇ ਵੀ 5 ਕਿਲੋਮੀਟਰ ਦੀ ਦੂਰੀ ਤੇ ਸਨ। ਗੁਰਦਿੱਤ ਸਿੰਘ ਰਸਦ ਖਰੀਦਨ ਲਈ ਜਹਾਜ਼ ਤੋਂ ਉਤਰਨਾ ਚਾਹੁੰਦਾ ਸੀ। ਪਰ ਉਸ ਨੂੰ ਆਗਿਆ ਨਹੀਂ ਮਿਲੀ ਸੀ ਭਾਵੇਂ ਉਹ ਬਹੁਤ ਸਮਾਂ ਮਲਾਇਆ ਦੀਆਂ ਰਿਆਸਤਾਂ ਦਾ ਵਸਨੀਕ ਰਹਿ ਚੁੱਕਾ ਸੀ ਅਤੇ ਬੀਤੇ ਸਮੇਂ ਵਿੱਚ ਉਥੇ ਅਜ਼ਾਦੀ ਨਾਲ ਆਇਆ ਗਿਆ ਸੀ। ਤਿੰਨ ਚਾਰ ਦਿਨਾਂ ਬਾਅਦ ਮੁਸਾਫਰਾਂ ਨੇ ਫੈਸਲਾ ਕੀਤਾ ਕਿ ਹੋਰ ਦੇਰੀ ਕਰਨ ਦਾ ਕੋਈ ਲਾਭ ਨਹੀਂ। ਸਿੰਘਾਪੁਰ ਦੇ ਅਧਿਕਾਰੀ ਪਿੱਛੇ ਹੱਟਣ ਲਈ ਤਿਆਰ ਨਹੀਂ ਸਨ। 19 ਸਤੰਬਰ ਨੂੰ ਕਾਮਾਗਾਟਾ ਮਾਰੂ ਆਪਣੇ ਸਫਰ ਦੇ ਅੰਤਮ ਭਾਗ ਨੂੰ ਪੂਰਾ ਕਰਨ ਲਈ ਰਵਾਨਾ ਹੋ ਗਿਆ ਸੀ।

ਜਦੋਂ ਕਾਮਾਗਾਟਾ ਮਾਰੂ ਮੱਲਕਾ ਸਟਰੇਟ ਰਾਹੀਂ ਲੰਘਿਆ ਅਤੇ ਉਸਨੇ ਅੰਡੇਮਾਨ ਦੇ ਸਮੁੰਦਰ ਅਤੇ ਬੰਗਾਲ ਦੀ ਖਾੜੀ ਨੂੰ ਪਾਰ ਕੀਤਾ ਤਾਂ ਜਰਮਨੀ ਦਾ ਜਹਾਜ਼ " ਐਮਡਨ" ਉਨ੍ਹਾਂ ਪਾਣੀਆਂ ਵਿੱਚ ਚੱਕਰ ਕੱਟ ਰਿਹਾ ਸੀ ਪਹਿਲਾਂ ਉਹ ਹੁਗਲੀ ਦਰਿਆ ਦੇ ਦਹਾਨੇ ਦੇ ਨੇੜੇ ਪ੍ਰਗਟ ਹੋਇਆ ਅਤੇ 15 ਤਾਰੀਖ ਨੂੰ ਕਲਕੱਤੇ ਤੋਂ ਆ ਰਹੇ ਪੰਜ ਜਹਾਜਾਂ ਨੂੰ ਡਬੋ ਦਿੱਤਾ ਅਗਲੇ ਦੋ ਹਫਤੇ ਉਹ ਬੰਗਾਲ ਦੀ ਖਾੜੀ ਵਿਚ ਭਾਉਂਦਾ ਰਿਹਾ ਅਤੇ ਛੇਵਾਂ ਜਹਾਜ਼ ਡਬੋ ਦਿੱਤਾ। ਉਹ ਰੰਗੂਨ ਦੇ ਨੇੜੇ ਦੇ ਇਲਾਕਿਆਂ ਤੱਕ ਗਿਆ, ਮਦਰਾਸ ਤੇ ਗੋਲਾਬਾਰੀ ਕੀਤੀ ਅਤੇ ਖੁੱਲਮ ਖੁੱਲਾ ਪਾਂਡੀਚਰੀ ਦੇ ਕੋਲੋਂ ਲੰਘਿਆ ਤਿੰਨ ਬਰਤਾਨਵੀ ਜਹਾਜ਼ ਉਸਨੂੰ ਪਕੜਨ ਵਿਚ ਅਸਫਲ ਰਹੇ ਸਨ ਅਤੇ ਉਸਨੂੰ ਰਾਤ ਦੇ ਸਮੇਂ ਸ਼ਕਤੀ ਸ਼ਾਲੀ ਰੋਸ਼ਨੀਆਂ ਦੇ ਪ੍ਰਕਾਸ਼ ਵਿੱਚ ਬੜੀ ਦਲੇਰੀ ਨਾਲ ਕੋਲੇ ਭਰਦੇ ਨੂੰ ਤੱਕਿਆ ਜਾ ਸਕਦਾ ਸੀ। ਇਹ ਪ੍ਰਕਾਸ਼ ਮੀਲਾਂ ਤੀਕਰ ਦੇਖਿਆ ਜਾ ਸਕਦਾ ਸੀ। ਕਲਕੱਤੇ ਦੀ ਬੰਦਰਗਾਹ ਤੇ ਜਹਾਜ਼ਾਂ ਦੀ ਆਵਾਜਾਈ ਕਾਫੀ ਘਟ ਗਈ ਸੀ। ਸਿੱਟੇ ਵਜੋਂ ਬਹੁਤ ਸਾਰੇ ਮਜ਼ਦੂਰ ਬੇਰੁਜ਼ਗਾਰ ਹੋ ਗਏ ਸਨ ਅਤੇ ਇਸ ਤੱਤ ਕਾਲੀਨ ਸਥਿੱਤੀ ਨੂੰ ਸੰਭਾਲਣ ਲਈ ਅਤੇ ਭੋਜਨ ਦੀ ਖਰੀਦ ਲਈ ਸਰਕਾਰ ਨੇ ਵਾਲੰਟਰੀ ਚੰਦੇ ਉਗਰਾਹੁਣ ਦਾ ਯਤਨ ਕੀਤਾ।

ਯੁੱਧ ਦੀ ਸਥਿੱਤੀ, ਕਲਕੱਤੇ ਵਿੱਚ ਬੇਰੁਜ਼ਗਾਰੀ, ਅਤੇ ਜਹਾਜ਼ ਸਬੰਧੀ ਗਦਰ ਦੇ ਸ਼ੱਕੀ ਰਿਸਤੇ, ਸਭ ਅਜਿਹੇ ਬਹਾਨੇ ਸਨ ਜਿੰਨਾਂ ਦੀ ਕਿ ਹਿੰਦੁਸਤਾਨੀ ਅਧਿਕਾਰੀਆਂ ਨੂੰ ਲੋੜ ਸੀ ਤਾਂ ਜੋ ਉਹ ਹਿੰਦੁਸਤਾਨੀ ਆਰਡੀਨੈਂਸ ਅਨੁਸਾਰ ਵਿਸ਼ੇਸ਼ ਪ੍ਰਾਪਤ ਹੋਈ ਨਵੀਂ ਸ਼ਕਤੀ ਨੂੰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਖਿਲਾਫ ਵਰਤ ਸਕੇ। ਪੰਜਾਬ ਅਤੇ ਹਿੰਦ ਸਰਕਾਰ ਦੇ ਮਸ਼ਵਰੇ ਨਾਲ ਬੰਗਾਲ ਦੀ ਸਥਾਨਕ ਸਰਕਾਰ ਨੇ

ਮੁਸਾਫਰਾਂ ਨੂੰ ਕਲੱਕੱਤੇ ਤੋਂ ਦੂਰ ਥਜ-ਥਜ ਘਾਟ ਤੇ ਉਤਰਨ ਦਾ ਫੈਂਸਲਾ ਕੀਤਾ ਅਤੇ ਸਰਕਾਰੀ ਖਰਚੇ ਤੇ ਉਹਨਾਂ ਨੂੰ ਗੱਡੀ ਰਾਹੀਂ ਪੰਜਾਬ ਅਪੜਾਣ ਅਤੇ ਜਿਹੜਾ ਕੋਈ ਐਜੀਟੇਟਰ ਜਾਪੇ ਉਸਨੂੰ ਗਰਿਫਤਾਰ ਕਰਨ ਦਾ ਫੈਂਸਲਾ ਕੀਤਾ। ਪੰਜਾਬ ਦੀ ਪੁਲਿਸ ਦਾ ਇੱਕ ਦਸਤਾ ਕਲਕੱਤੇ ਭੇਜਿਆ ਗਿਆ ਸੀ ਤਾਂ ਜੋ ਜਦੋਂ ਜਹਾਜ਼ ਉਸ ਥਾਂ ਤੇ ਪੁੱਜੇ ਉਹ ਉੱਥੇ ਹਾਜ਼ਰ ਹੋਵੇ।

ਸ਼ਨਿੱਚਰਵਾਰ 26 ਸਤੰਬਰ ਦੀ ਸ਼ਾਮ ਨੂੰ, ਜਦੋਂ ਸਮੁੰਦਰ ਦਾ ਚੜ੍ਹਾ ਸੀ, ਕਾਮਾਗਾਟਾ ਮਾਰੂ ਹੁਗਲੀ ਦਰਿਆ ਦੇ ਦਹਾਨੇਂ ਵਿੱਚ ਦਾਖਲ ਹੋਇਆ। ਉਹ ਕਾਫੀ ਸਪੀਡ ਤੇ ਜਾ ਰਿਹਾ ਸੀ ਜਦੋਂ ਉਹ ਕਲਪੀ ਜੋ ਪੁਰਬੀ ਕੰਢੇ ਤੇ ਸਥਿੱਤਰ ਇੱਕ ਨਿੱਕਾ ਜਿਹਾ ਪਿੰਡ ਸੀ ਅਤੇ ਕਲਕੱਤੇ ਤੋਂ 90 ਕਿਲੋਮੀਟਰ ਤੇ ਸੀ ਪੁੱਜਾ। ਇੱਕ ਯੂਰਪੀ ਅਫਸਰ ਨੇ ਆਪਣੇ ਲਾਂਚ ਵਿਚੋਂ ਸਿਗਨਲ ਕੀਤਾ, ਜਹਾਜ਼ ਥੰਮ ਗਿਆ ਅਤੇ ਉਸਨੇ ਤੱਟ ਤੋਂ ਕਾਫੀ ਦੂਰ ਲੰਗਰ ਸੁੱਟ ਦਿੱਤੇ। ਸਥਾਨਕ ਲੋਕਾਂ ਨੇਂ ਛੋਟੀਆਂ ਛੋਟੀਆਂ ਕਿਸ਼ਤੀਆਂ ਦੁਆਰਾ ਮੁਸਾਫਰਾਂ ਨੂੰ ਆਪਣਾ ਸਾਮਾਨ ਵੇਚਣ ਦਾ ਯਤਨ ਕੀਤਾ ਪਰ ਉਹਨਾਂ ਨੂੰ ਜਹਾਜ਼ ਦੇ ਪਾਇਲਟ ਨੇ ਇਸ਼ਾਰਾ ਦੇ ਕੇ ਦੂਰ ਕਰ ਦਿੱਤਾ। ਮੁਸਾਫਰਾਂ ਨੂੰ ਕੰਢੇ ਤੇ ਜਾਣ ਦੀ ਆਗਿਆ ਨਾਂ ਦਿੱਤੀ ਗਈ।

ਐਤਵਾਰ ਦੀ ਸਵੇਰ ਨੂੰ ਜਹਾਜ਼ ਤੇ ਤਿੰਨ ਉੱਚ-ਅਧਿਕਾਰੀ ਆਏ। ਉਹ ਸਨ ਜੇਮਜ ਡਾਨਲਡ, ਆਲੇ ਦੁਆਲੇ ਦੇ ਜ਼ਿਲੇ ਪਾਰਗਨ ਦਾ ਮੈਜਿਸਟ੍ਰੇਟ ਅਤੇ ਮੁਖ ਪ੍ਰਬੰਧਕ ਅਧਿਕਾਰੀ ਐਚ. ਐਸ. ਏ. ਸਲੋਕਾਕ, ਹਿੰਦ ਸਰਕਾਰ ਦੀ ਕ੍ਰਿਮੀਨਲ ਇੰਨਟੈਲੀਜੈਂਸ ਦਾ ਡਾਇਰੈਕਟਰ ਅਤੇ ਆਰ, ਹੰਫਰੀਜ ਪੰਜਾਬ ਦੇ ਜ਼ਿਲੇ ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ। ਇਹਨਾਂ ਅਧਿਕਾਰੀਆਂ ਨਾਲ ਬਹੁਤ ਸਾਰੇ ਪੰਜਾਬ ਪੁਲੀਸ ਦੇ ਸਿਪਾਹੀ ਅਤੇ ਇੱਕ ਪੰਜਾਬੀ ਡਿਪਟੀ ਸੁਪਰਡੈਂਟ, ਸੁੱਖਾ ਸਿਘ, ਅਤੇ ਪੰਜਾਬ ਪੁਲਿਸ ਦੇ ਦੋ ਹੋਰ ਵਲਾਇਤੀ ਅਫਸਰ ਜੋ ਪੰਜਾਬੁਪੁਲਿਸ ਵਰਦੀ ਵਿੱਚ ਨਹੀਂ ਸਨ। ਪਲ ਭਰ ਗੁਰਦਿੱਤ ਸਿੰਘ ਨੇ ਖਿਆਲ ਕੀਤਾ ਕਿ ਉਹ ਮਿੱਤਰ ਸਨ। ਉਸਨੂੰ ਉਮੀਦ ਸੀ ਕਿ ਭਾਰਤੀ -ਡੈਲੀਗੇਸ਼ਨ ਦੇ ਕੁਝ ਬੁਲਾਰੇ ਆਉਣਗੇ ਜਿਹੜੇ ਉਹਨਾਂ ਦੀਆਂ ਸ਼ਕਾਇਤਾਂ ਨੂੰ ਜਨਤਾ ਅੱਗੇ ਰ ਗੇ। ਪਰ ਜਿਹੜੀਆਂ ਤਾਰਾਂ ਉਸਨੇ ਸਿੰਘਾਪੁਰ ਤੋਂ ਘੱਲੀਆਂ ਸਨ, ਜਾਹਿਰ ਸੀ ਉਹ ਉਹਨਾਂ ਨੂੰ ਨਹੀਂ ਮਿਲੀਆਂ ਇਸ ਦੀ ਥਾਂ ਪੁਲਿਸ ਉਹਨਾਂ ਦੀਆਂ ਕੈਬਨਾਂ ਨੂੰ ਜਹਾਜ਼ ਤੇ ਚਲਾਉਣ ਵਾਲੇ ਕਮਰੇ ਨੂੰ ਅਤੇ ਉਹਨਾਂ ਦੇ ਸਮਾਨ ਨੂੰ ਫਰੋਲ ਰਹੀ ਸੀ ਤਾਂ ਜੋ ਉਹ ਹਥਿਆਰ ਅਤੇ 'ਗਦਰ' ਦੀਆਂ ਕਾਪੀਆਂ ਬਰਾਮਦ ਕਰ ਸਕਣ। ਜਿਹੜੇ ਗੀਵਾਲਵਰ ਯੋਕੋਹਾਮਾ ਤੋਂ ਪਰਾਪਤ ਕੀਤੇ ਗਏ ਸਨ ਉਹ ਹਿਫਾਜਤ ਨਾਲ ਛੁਪਾਏ ਹੋਏ ਸਨ। ਭਾਵੇਂ ਉਹਨਾਂ ਵਿਚੋਂ ਕੁਝ ਨੂੰ ਜੰਗ ਲੱਗ ਗਿਆ ਸੀ ਕਿਉਂਕਿ ਉਹਨਾਂ ਨੂੰ ਤੇਲ ਦੀਆਂ ਟਾਂਚੀਆਂ ਵਿੱਚ ਰੱਖਣ ਦੀ ਥਾਂ ਚਾਦਰਾਂ ਵਿਚ ਲਪੇਟ ਕੇ ਪਾਣੀ ਵਿੱਚ ਰੱਖਿਆ ਗਿਆ ਸੀ। ਪੁਲਿਸ ਨੂੰ ਅੱਧ-ਪਚੱਧਾ ਹੀ ਯਕੀਨ ਹੋਇਆ ਜਦੋਂ ਗੁਰਦਿੱਤ ਸਿੰਘ ਨੇ ਉਹਨਾਂ ਨੂੰ ਦੱਸਿਆ ਕਿ ਸਿੰਘਾਪੁਰ ਲੰਘਣ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਮੁਸਾਫਰਾਂ ਨੇਂ ਜਾਪਾਨੀ ਕਰਮਚਾਰੀਆਂ ਦੀ ਸਹਾਇਤਾ ਨਾਲ ਕੁਝ ਗੀਵਾਲਵਰ ਖ਼ਰੀਦ ਲਏ ਸਨ ਅਤੇ ਉਸਨੇਂ ਉਹਨਾਂ ਹਥਿਆਰਾਂ ਨੂੰ ਜਹਾਜ਼ ਤੋਂ ਸੁਟਵਾ ਦਿੱਤਾ ਸੀ।

ਪੁਲਿਸ ਵਾਲੇ ਸੋਮਵਾਰ ਨੂੰ ਸਾਮਾਨ ਦੀ ਪੜਤਾਲ ਕਰਨ ਅਤੇ ਕੁਝ ਮੁਸਾਫਰਾਂ ਦੀ ਤਲਾਸ਼ੀ ਕਰਨ ਲਈ ਮੁੜ ਆਏ। ਪਰ ਉਹਨਾਂ ਨੂੰ ਕੁਝ ਵੀ ਨਹੀਂ ਸੀ ਲੱਭਿਆ। ਅਤੇ ਕਾਮਾਗਾਟਾ ਮਾਰੂ ਨੂੰ ਹੁਗਲੀ ਦਰਿਆ ਰਹੀਂ ਕਲਕੱਤੇ ਵਲ ਜਾਣ ਦੀ ਇਜ਼ਾਜਤ ਦੇ ਦਿੱਤੀ ਗਈ।

ਮੰਗਲਵਾਰ 29 ਸਤੰਬਰ ਦੀ ਪ੍ਰਭਾਤ ਦੇ ਪਿਛਲੇ ਭਾਗ ਵਿਚ ਕਾਮਾਗਾਟਾ ਮਾਰੂ ਥਜ ਥਜ ਦੇ ਉਦਯੋਗਿਕ ਨਗਰ ਤੇ ਪੁਜਿਆ ਇਹ ਕਲਪੀ ਤੋਂ ਹੁਗਲੀ ਦਰਿਆ ਦੇ ਉਪਰਲੇ ਪਾਸੇ ਵੱਲ ਲੱਗਭੱਗ 65 ਕਿਲੋਮੀਟਰ ਦੀ ਦੂਰੀ ਤੇ ਸੀ ਅਤੇ ਦਰਿਆ ਰਾਹੀਂ ਕਲਕੱਤੇ ਤੋਂ 27 ਕਿਲੋਮੀਟਰ ਦੇ ਕ੍ਰੀਬ ਸੀ ਇਥੇ ਇੱਕ ਲਾਂਚ ਸੀ ਜਿਸ ਵਿੱਚ ਉਹ ਅਧਿਕਾਰੀ ਸਨ ਜਿਹੜੇ ਕਿ ਕਲਪੀ ਦੇ ਸਥਾਨ ਤੇ ਪੁੱਜੇ ਸਨ। ਇਹ ਲਾਂਚ ਜਹਾਜ਼ ਦੇ ਨਾਲ ਹੁੰਦਾ ਹੋਇਆ ਨੇੜੇ ਅਪੜਿਆ ਅਤੇ 11 ਵਜੇ ਇਸ ਵਿਚਲੇ ਲੋਕ ਕਾਮਾਗਾਟਾ ਮਾਰੂ ਉੱਤੇ ਚੜ੍ਹ ਗਏ ਉਹਨਾਂ ਨਾਲ ਕੱਲਕੱਤੇ ਦਾ ਪੁਲਸ ਕਮਿਸ਼ਨ, ਸਰ ਫਰੈਡਰਿਕ ਹੈਲੀਡੇ ਸੀ। ਕਾਮਾਗਾਟਾ ਮਾਰੂ ਨੇ

ਆਪਣੀ ਰਫਤਾਰ ਘਟਾਈ ਅਤੇ ਕੁਝ ਮਿੰਟਾਂ ਬਾਅਦ ਇਸਨੂੰ ਬਜ ਬਜ ਦੇ ਰੇਲਵੇ ਸਟੇਸ਼ਨ ਦੇ ਨਿਕਟ ਹੀ ਇੱਕ ਤਰਦੇ ਜੈਟੀ ਦਾ ਨਾਲ ਬੰਨ੍ਹ ਦਿੱਤਾ ਗਿਆ। ਡਿਪਟੀ ਕਮਿਸ਼ਨਰ, ਹੰਟਰੀ ਨੇ ਗੁਰਦਿੱਤ ਸਿੰਘ ਨੂੰ ਕਪਤਾਨ ਦੀ ਕੈਬਨ ਵਿਚ ਬੁਲਾਇਆ ਅਤੇ ਪਹਿਲੀ ਵਾਰ ਉਸਨੂੰ ਦੱਸਿਆ ਕਿ ਇਸ ਥਾਂ ਉੱਤੇ ਮੁਸਾਫਰਾਂ ਨੂੰ ਜਹਾਜ਼ ਤੋਂ ਉਤਰਨਾ ਪੈਣਾ ਹੈ ਤਾਂ ਜੋ ਉਹ ਪੰਜਾਬ ਨੂੰ ਜਾਣ ਵਾਲੀ ਸਿੱਧੀ ਸਪੈਸ਼ਲ ਰੇਲ ਗੱਡੀ ਫੜ ਸਕਣ। ਗੁਰਦਿੱਤ ਸਿੰਘ ਨੇ ਇਨਕਾਰ ਕਰ ਦਿੱਤਾ ਉਸਦੀ ਸ਼ੱਕ ਦੇ ਕਾਰਨ ਸਨ ਕਿਉਂਕਿ ਬਜ ਬਜ ਦਰਿਆ ਦੇ ਗਲਤ ਪਾਸੇ ਵੱਲ ਸੀ ਅਤੇ ਕੱਲਕੱਤੇ ਜਾਂ ਹੋਰ ਥਾਂ ਦੂਸਰੇ ਪਾਸੇ ਨੂੰ ਜੋੜਨ ਵਾਲਾ ਕੋਈ ਵੀ ਰੇਲ ਦਾ ਪੁਲ ਨਹੀਂ ਸੀ। ਕਲੱਕੱਤੇ ਦੇ ਰੇਲ ਦੇ ਸਟੇਸ਼ਨ ਲੱਗਦੇ ਸਨ। ਹਾਵੜਾ ਸੀ ਜਿਹੜਾ ਦੂਜੇ ਪਾਸੇ ਵੱਲ ਸੀ ਅਤੇ ਉਸ ਸਮੇਂ ਦੇ ਯੂ. ਪੀ. ਅਤੇ ਪੰਜਾਬ ਨੂੰ ਕਲਕੱਤੇ ਨਾਲ ਜੋੜਨ ਵਾਲਾ ਸੀ ਦੂਜਾ ਪੁਲ ਸਿਆਲਦਾ ਸੀ ਜਿਹੜਾ ਕਿ ਬਜ ਬਜ ਦੇ ਪਾਸੇ ਸੀ ਅਤੇ ਪੂਰਬੀ ਬੰਗਾਲ ਤੇ ਆਸਾਮ ਨੂੰ ਜੋੜਣ ਵਾਲਾ ਸਟੇਸ਼ਨ ਸੀ। ਜਿਹੜੀ ਵਿਸ਼ੇਸ਼ ਗੱਡੀ, ਹੁਣ ਕਾਮਾਗਾਟਾ ਮਾਰੂ ਤੋਂ ਕੁਝ ਸੌ ਗਜ ਦੀ ਦੂਰੀ ਤੇ ਖਲੋਤੀ ਸੀ ਉਸਨੇ ਕਲੱਕੱਤੇ ਦੇ ਦੱਖਣੀ ਅਤੇ ਪੂਰਬੀ ਭਾਗਾਂ ਰਾਹੀਂ ਲੰਘਦਿਆਂ ਸਿਆਲਦਾ ਨੂੰ ਪਾਰ ਕਰਦਿਆਂ, ਹੁਗਲੀ ਦੇ ਨਾਲ ਨਾਲ ਜਾਂਦਿਆਂ ਨਿਹਾਟੀ ਦੇ ਸਥਾਨ ਤੋਂ ਰੇਲ ਦੇ ਪੁਲ ਨੂੰ ਪਾਰ ਕਰਨਾ ਸੀ। ਅਧਿਕਾਰੀਆਂ ਨੂੰ ਕਲੱਕਤੇ ਉਤਰਨ ਨਾਲੋਂ ਇਹ ਵਲ ਵਲੇਵੇ ਖਾਂਦਾ ਹੋਇਆ ਰਸਤਾ ਵਧੇਰੇ ਠੀਕ ਲਗਦਾ ਸੀ। ਪਰ ਗੁਰਦਿੱਤ ਸਿੰਘ ਇਸ ਗੱਲ ਨੂੰ ਮੰਨਣ ਤੋਂ ਇਨਕਾਰੀ ਸੀ ਕਿ ਨਿਹਾਟੀ ਦੇ ਸਥਾਨ ਤੇ ਕੋਈ ਪੁਲ ਸੀ ਅਤੇ ਜਦੋਂ ਹੰਟਰੀ ਨੇ ਸੁਝਾ ਦਿੱਤਾ ਕਿ ਮੁਸਾਫਰਾਂ ਦਾ ਇੱਕ ਡੈਪੂਟੇਸ਼ਨ ਸਟੇਸ਼ਨ ਤੇ ਟਾਇਮ ਟੇਬਲ ਵੇਖਣ ਲਈ ਜਾਵੇ ਉਸਨੇ ਫੇਰ ਵੀ ਇਤਰਾਜ਼ ਕੀਤਾ ਕਿਉਂਕਿ ਉਸਨੇ ਕਿਹਾ ਕਿ ਉਸ ਨੇ ਕਾਮਾਗਾਟਾ ਮਾਰੂ ਨਾਲ ਨਿੱਜੀ ਕਾਰੋਬਾਰ ਨਿੱਜਠਣਾ ਸੀ ਅਤੇ ਜਿਹੜਾ ਉਦੋਂ ਤੀਕਰ ਨਿੱਜਠਿਆ ਨਹੀਂ ਸੀ ਜਾ ਸਕਦਾ ਜਦੋਂ ਤੀਕਰ ਉਹ ਖੁਦ ਕਿਸੇ ਕਲੱਕਤੇ ਦੇ ਸਾਲਸ ਅੱਗੇ ਨਾ ਜਾ ਸਕੇ। ਗੁਰਦਿੱਤ ਸਿੰਘ ਨੇ ਜਵਾਹਰ ਮੱਲ ਤੇ ਮੁਸਾਫਰਾਂ ਦੀ ਕਮੇਟੀ ਵੱਲ ਜਿਹੜੇ ਕਿ ਕੈਬਿਨ ਦੇ ਬਾਹਰ ਖਲੋਤੇ ਸਨ ਰੁਖ ਕੀਤਾ ਅਤੇ ਉਹਨਾ ਨਾਲ ਇੱਕ ਜ਼ਰੂਰੀ ਗੱਲ ਬਾਤ ਕਰਨ ਵਿਚ ਜੁਟ ਗਿਆ,ਪੁਲਸ ਅਧਿਕਾਰੀਆਂ ਕੋਲ ਜਿਹੜੇ ਮੁਸਾਫਰਾਂ ਵਿਚ ਖੁੱਲਮ ਖੁੱਲੇ ਫਿਰ ਰਹੇ ਸਨ।

17 ਸ਼ਾਹਪੁਰੀ ਮੁਸਲਮਾਨ ਮੁਸਾਫਰ ਚੁੱਪ ਚੁਪੀਤੇ ਗਏ ਉਹਨਾਂ ਨੇ ਇਸ ਗੱਲ ਦਾ ਦਾਹਵਾ ਕੀਤਾ ਕਿ ਗੁਰਦਿੱਤ ਸਿੰਘ ਅਤੇ ਉਸਦੇ ਸਿੱਖਾਂ ਦੇ ਟੋਲੇ ਨੇ ਉਹਨਾਂ ਨੂੰ (ਡਰਾਇਆ ਧਮਕਾਇਆ) ਸੀ ਤੇ ਉਹਨਾਂ ਦੇ ਸਾਰੇ ਪੈਸੇ ਖੋਹ ਲਏ ਸਨ। ਇੱਕ ਨੇ ਸੰਕੇਤ ਕਰਦਿਆਂ ਕਿਹਾ ਕਿ ਉਹਨਾਂ ਦੀ ਘੰਡੀ ਵੱਡ ਦਿੱਤੀ ਜਾਵੇਗੀ ਅਤੇ ਉਹਨਾਂ ਨੇ ਜਹਾਜ਼ ਤੋਂ ਹੇਠਾਂ ਉਤਰਨ ਦੀ ਇੱਛਾ ਪ੍ਰਗਟਾਈ। ਭਾਨ ਸਿੰਘ ਦੀ ਸਹਾਇਤਾ ਨਾਲ ਜਹਾਜ਼ ਦੇ ਕਪਤਾਨ ਨੇ ਉਤਰਨ ਵਾਲੇ ਪੁਲ ਨੂੰ ਨੀਵਿਆਂ ਕਰ ਦਿੱਤਾ ਅਤੇ ਮੁਸਲਮਾਨ ਆਪਦੇ ਸਮਿਆਨੇ ਸਮੇਤ ਤੁਰਦੇ ਹੋਏ ਆਰਜ਼ੀ ਪੁਲ ਤੇ ਲੱਥ ਗਏ ਹੋਲੀਡੇ ਤੇ ਸਾਲੋਕੋਕ ਉਹਨਾਂ ਨੂੰ ਇੰਡੇ-ਬਰਮਾ ਆਇਲ ਕੰਪਨੀ ਦੇ ਇਹਾਤੇ ਰਾਹੀਂ ਰੇਲਵੇ ਸਟੇਸ਼ਨ ਤੇ ਲੈ ਗਏ ਇਹ ਕੋਈ ਅੱਧ ਕੁ ਕਿਲੋਮੀਟਰ ਦੀ ਦੂਰੀ ਤੇ ਸੀ ਉਹਨਾਂ ਨੂੰ ਗੱਡੀ ਵਿਚ ਬਿਠਾ ਦਿੱਤਾ ਗਿਆ। ਇਸ ਸਮੇਂ ਦੇ ਦੌਰਾਨ ਬਹੁਤ ਸਾਰੇ ਸਿੱਖਾਂ ਨੂੰ ਜਹਾਜ਼ ਤੋਂ ਉੱਤਰਨ ਲਈ ਮਨਾਇਆ ਗਿਆ ਸੀ ਅਤੇ ਜਦੋਂ ਹੋਲੀਡੇ ਤੋ ਸਲੋਕੋਕ ਜਹਾਜ਼ ਤੇ ਪਰਤੇ ਤਾਂ ਉਹਨਾਂ ਤੱਕਿਆ ਬਹੁਤ ਸਾਰਿਆਂ ਨੇਂ ਆਪਣੇ ਬਕਸਿਆਂ ਨੂੰ ਤੇ ਗਠੜੀਆਂ ਨੂੰ ਆਰਜੀ ਪੁਲ ਤੇ ਟਿਕਾਇਆ ਹੋਇਆ ਸੀ ਪਰ ਉਹ ਉਤਰਨ ਨੂੰ ਉਸ ਸਮੇਂ ਤੀਕ ਤਿਆਰ ਨਹੀਂ ਸਨ ਜਦੋਂ ਤੀਕ ਗੁਰਦਿੱਤ ਸਿੰਘ ਜਹਾਜ਼ ਨਾਂ ਛੱਡੇ। ਪੁਲਿਸ, ਜਿਸ ਵਿੱਚ ਪੰਜਾਬੀ ਪੁਲਿਸ ਦੇ 27 ਸਿਪਾਹੀ ਸਨ ਅਤੇ ਜਿਨ੍ਹਾਂ ਕੋਲ ਬੰਦੂਕਾਂ ਦੀ ਥਾਂ ਤਲਵਾਰਾਂ ਸਨ ਇਸ ਮਾਮਲੇ ਨੂੰ ਤਾਕਤ ਨਾਲ ਸੁਲਝਾਉਣ ਤੋਂ ਅਸਮੱਰਥ ਰਹੇ। ਅਧਿਕਾਰੀ ਇਸ ਗੱਲ ਦੀ ਉਡੀਕ ਵਿਚ ਸਨ ਕਿ ਮੁਸਾਫਰ ਆਪਣੀਂ ਮਰਜ਼ੀ ਨਾਲ ਹੀ ਉੱਤਰ ਜਾਣ। ਕੁਝ ਦੇਰੀ ਪਿੱਛੋ ਅੰਤਮ ਮੁਸਾਫਰ ਜਿਨ੍ਹਾਂ ਦੀ ਸੰਖਿਆ 20 ਜਾਂ 30 ਸੀ ਗੁਰਦਿੱਤ ਸਿੰਘ ਨਾਲ ਸਿਰ ਉੱਤੇ ਪਵਿੱਤਰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਚੁੱਕੀ ਪੁਲ ਤੋਂ ਹੇਠਾਂ ਆ ਗਏ। ਸਿੱਖਾਂ ਦੇ ਸਾਰੇ ਸਮੂੰਹ ਨੇ ਇੱਕ ਜਲੂਸ ਦੀ ਸ਼ਕਲ ਵਿਚ ਇਕ ਵੱਡੇ ਦਰਖਤ ਤੀਕਰ ਮਾਰਚ ਕੀਤਾ ਜਿਹੜਾ ਰੇਲ ਦੀ ਪਟੜੀ ਨੂੰ ਪਾਰ ਕਰਨ ਵਾਲੀ ਪੱਧਰ ਥਾਂ ਦੇ ਨੇੜੇ ਸੀ ਅਤੇ ਰੇਲ ਦੇ ਪਲੇਟ ਫਾਰਮ ਤੋਂ 40 ਗਜ਼ ਦੀ ਵਿੱਥ ਤੇ ਸੀ। ਉਹ ਹੇਠਾਂ ਬੈਠ ਗਏ। ਉਹ ਆਪਣਾ

ਸਾਮਾਨ ਆਰਜ਼ੀ ਪੁਲ ਤੇ ਛੱਡ ਆਏ ਸਨ ਉਹਨਾਂ ਕਿਹਾ ਇਹ ਕੁਲੀਆਂ ਦੀ ਡਿਊਟੀ ਸੀ। ਛੁੱਟੀ ਦਾ ਦਿਨ ਸੀ ਤੇ ਜ਼ਿਆਦਾ ਗਿਣਤੀ ਵਿਚ ਕੁਲੀ ਉਪਲਭਦ ਨਹੀਂ ਸਨ। ਉਹਨਾਂ ਨੇ ਸਮਿਆਨਾ ਢੋਹਣਾ ਆਰੰਭ ਦਿੱਤਾ ਸੀ।

ਅਧਿਕਾਰੀਆਂ ਦੀ ਖੁਸ਼ ਫਹਿਮੀ ਸੀ ਕਿ ਮੁਸਾਫਰਾਂ ਵਿੱਚੋਂ ਕੁਝ ਹੀ ਲੋਕ ਗੁਰਦਿੱਤ ਸਿੰਘ ਨਾਲ ਬੱਝੇ ਹੋਏ ਸਨ ਅਤੇ ਬਹੁਗਿਣਤੀ ਕੋਈ ਸਮੱਸਿਆ ਪੈਦਾ ਕਰਨ ਵਾਲੇ ਸਨ। ਪਰ ਹੁਣ ਉਹ ਸਾਰੇ ਹੀ ਇੱਕ ਸਮੱਸਿਆ ਬਣੇ ਹੋਏ ਸਨ। ਡਾਨਲਡ ਨੇ ਰਸਮੀ ਤੰਬੀਹ ਦੇਣ ਦਾ ਫੈਸਲਾ ਕੀਤਾ ਅਤੇ ਇੰਡੀਆ ਆਰਡੀਨੈਂਸ ਦੁਆਰਾ ਪ੍ਰਾਪਤ ਕੀਤੀ ਹੋਈ ਸ਼ਕਤੀ ਦੀ ਇਕ ਨਕਲ ਨੂੰ ਕੱਢਿਆ ਅਤੇ ਮੁਸਾਫਰਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਪੜ੍ਹ ਕੇ ਸੁਣਾਇਆ ਗਿਆ ਅੰਗਰੇਜ਼ੀ ਕੁਝ ਮੁਸਾਫਰ ਹੀ ਭਲੀ ਭਾਂਤ ਸਮਝ ਸਕਦੇ ਸਨ। ਪਰ ਉਨ੍ਹਾਂ ਦੇ ਨੇਤਾਵਾਂ ਨੂੰ ਇਸਦੀ ਪੂਰੀ ਸਮਝ ਸੀ। ਜੋ ਕੁਝ ਅਫਸਰਾਂ ਨੂੰ ਅੱਗੋਂ ਮਿਲਿਆ ਉਹ ਸੀ ਦਲੀਲ ਬਾਜੀ। ਗੁਰਦਿੱਤ ਸਿੰਘ ਨੇ ਸਰਕਾਰ ਤੇ ਦੋਗਲੇਪਣ ਦਾ ਦੋਸ਼ ਲਾਇਆ "ਰੇਲ ਗੱਡੀ ਪੰਜਾਬ ਨੂੰ ਨਹੀਂ ਸੀ ਜਾ ਰਹੀ ਇਹ ਅਵੱਸ ਹੀ ਆਸਾਮ ਨੂੰ ਜਾਵੇਗੀ" ਕਿਉਂਕਿ ਉਹ ਦਰਿਆ ਦੇ ਉਸੇ ਬੰਨੇ ਵੱਲ ਖੜੀ ਹੈ" ਉਸਨੇ ਆਖਿਆ "ਮੁਸਾਫਰ ਚਾਹੁੰਦੇ ਸਨ ਕਿ ਉਹ ਕਲਕੱਤੇ ਕੰਮ ਦੀ ਭਾਲ ਲਈ ਜਾਣ ਕਿਉਂਕਿ ਸਾਲ ਦੇ ਇਸ ਸਮੇਂ ਵਿਚ ਪੰਜਾਬ ਵਿਚ ਕੋਈ ਕੰਮ ਨਹੀਂ ਸੀ ਲਭ ਸਕਦਾ।" "ਕੁਝ ਵੀ ਹੋਵੇ" ਉਸਨੇ ਆਖਿਆ ਉਹ ਆਪਣੇ ਕਾਰੋਬਾਰ ਨੂੰ ਨਜਿੱਠਣ ਬਿਨਾਂ ਉਸ ਥਾਂ ਨੂੰ ਨਹੀਂ ਸੀ ਛੱਡ ਸਕਦਾ।ਕੁਝ ਨੇ ਉਸਦੇ ਪੈਸੇ ਦੇਣੇ ਸਨ ਅਤੇ 533 ਚਾਰ ਪਾਈਆਂ ਤੇ ਹੋਰ ਅਨੇਕਾਂ ਚੀਜਾਂ ਸਨ ਜਿਹੜੀਆਂ ਕਿ ਜਹਾਜ਼ ਤੋਂ ਉਤਾਰੀਆਂ ਨਹੀਂ ਸਨ ਗਈਆਂ। ਉਹਨਾਂ ਨੂੰ ਇਕ ਵਕੀਲ ਦੀ ਲੋੜ ਸੀ ਅਤੇ ਇਹ ਸਭ ਕੁਝ ਨੂੰ ਨਜਿੱਠਣ ਲਈ ਇੱਕ ਹਫਤਾ ਲੱਗ ਜਾਣਾ ਸੀ। ਅਤੇ ਉਸਨੇ ਕਿਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੇਲ ਗੱਡੀ ਵਿਚ ਲਿਜਾਣਾ ਇਕ ਅਪਮਾਨ ਹੋਵੇਗਾ ਉਹਨਾਂ ਨੂੰ ਇਸ ਮਹਾਨ ਬੀੜ ਨੂੰ ਹਾਵੜੇ ਤੇ ਗੁਰਦਵਾਰੇ ਵਿਚ ਲਿਜਾਣਾ ਪਵੇਗਾ।

ਅਧਿਕਾਰੀ ਰੋਹਬ ਵਿਚ ਸਨ ਅਤੇ ਮੁਸਾਫਰ ਭੜਕੇ ਹੋਏ ਹੈਲੀਡੇ ਤੇ ਡਾਨਲਡ ਦੋਵੇਂ ਤਾਰ ਘਰ ਗਏ ਤਾਂ ਜੋ ਉਹ ਸਰ ਵਿਲੀਅਮ ਡਿਊਕ ਨੂੰ ਫੋਨ ਕਰ ਸਕਣ। ਉਹ ਬੰਗਾਲ ਦੀ ਇਗਜੈਕੇਟਿਵ ਕੌਂਸਲ ਦਾ ਇਕੋ ਇਕ ਹੀ ਮੈਂਬਰ ਸੀ ਜੋ ਉਸ ਸਮੇਂ ਉਪਲਭਦ ਸੀ। ਉਹ ਫੌਜ ਮੰਗਦੇ ਸਨ ਪਰ ਡਿਊਕ ਲਈ ਫੌਜ ਦੀ ਮਨਜ਼ੂਰੀ ਦੇਣੀ ਇਕ ਮੁਸ਼ਕਲ ਭਰਿਆ ਕੰਮ ਸੀ। ਉਸਨੂੰ ਪਤਾ ਸੀ ਕਿ ਕੈਨੇਡਾ ਨੂੰ ਵੀ ਤਾਕਤ ਦੀ ਵਰਤੋਂ ਦੇ ਵਿਰੁੱਧ ਤੰਬੀਹ ਕੀਤੀ ਜਾ ਚੁੱਕੀ ਸੀ। ਉਸਨੇ ਫੌਜ ਨੂੰ ਚੁਕੰਨਿਆ ਰੱਖਣ ਦਾ ਵਚਨ ਦਿੱਤਾ ਪਰ ਉਸਨੂੰ ਵਿਸ਼ਵਾਸ਼ ਨਾ ਹੋਇਆ ਕਿ ਇਸਦੀ ਅਵੱਸ਼ਕਤਾ ਪਵੇਗੀ ਉਸਦੀਆਂ ਹਦਾਇਤਾਂ ਸਨ ਜਾਓ ਅਤੇ ਸਿੱਖਾਂ ਨੂੰ ਗੱਡੀ ਤੇ ਸਵਾਰ ਹੋਣ ਲਈ ਮਨਾਉਣ ਦਾ ਯਤਨ ਕਰੋ।

ਬਾਅਦ ਦੁਪਹਿਰ ਦੇ ਲਗਭਗ ਤਿੰਨ ਵੱਜ ਚੁੱਕੇ ਸਨ ਜਦੋਂ ਹੈਲੀਡੇ ਅਤੇ ਡਾਨਲਡ ਰੇਲ ਦੀ ਪਟੜੀ ਦੇ ਨਾਲ ਨਾਲ ਹੁੰਦੇ ਹੋਏ ਲੈਵਲ ਕਰਾਸਿੰਗ ਤੇ ਪਰਤੇ ਸਨ ਤਿੰਨ ਅਤੇ ਚਾਰ ਵਜੇ ਦੇ ਦਰਮਿਆਨੀ ਅਰਸੇ ਵਿਚ ਸਾਰੇ ਸਿੱਖ ਆਪਣੀਆਂ ਥਾਵਾਂ ਤੇ ਉੱਠ ਖਲੋਤੇ ਸਨ। ਸਟੇਸ਼ਨ ਨੂੰ ਜਾਣ ਵਾਲੇ ਰਸਤੇ ਦੇ ਨਾਲ ਨਾਲ ਜਾਣ ਦੀ ਥਾਂ ਉਹਨਾ ਨੇ ਰੇਲ ਦੀ ਪਟੜੀ ਨੂੰ ਪਾਰ ਕੀਤਾ ਪੁਲਿਸ ਉਹਨਾਂ ਨੂੰ ਰੋਕ ਨਹੀਂ ਸਕੀ ਸੀ। ਭਾਵੇਂ ਉਹਨਾਂ ਨੇ 45 ਮੁਸਾਫਰਾਂ ਨੂੰ ਪਰਤਣ ਲਈ ਤੇ ਗੱਡੀ ਤੇ ਸਵਾਰ ਹੋਣ ਲਈ ਰਾਜ਼ੀ ਕਰ ਲਿਆ। ਬਾਕੀਆਂ ਨੇ ਜਿਹੜੇ ਕਿ 250 ਦੀ ਸੰਖਿਆ ਵਿੱਚ ਸਨ ਕਲੱਕੱਤੇ ਵੱਲ ਨੂੰ ਜਾਣ ਵਾਲੀ ਸੜਕ ਚਲਣਾ ਜਾਰੀ ਰੱਖਿਆ। ਪੁਲਿਸ ਜਿਹੜੀ ਡਿਪਟੀ ਸੁਪਰਡੈਂਟ ਸੁੱਖਾ ਸਿੰਘ ਦੀ ਕਮਾਨ ਹੇਠਾਂ ਸੀ ਪਿੱਛੇ ਪਿੱਛੇ ਤੁਰ ਰਹੀ ਸੀ ਉਹਨਾਂ ਨੂੰ ਨੇੜੇ ਰਹਿਣ ਦੀਆਂ ਪਰ ਰਸਤਾ ਨਾ ਰੋਕਣ ਦੀਆਂ ਹਦਾਇਤਾਂ ਸਨ ਡਾਨਲਡ ਨੇ ਬੰਗਾਲ ਸਰਕਾਰ ਦੇ ਮੁੱਖ ਸਕੱਤਰ ਨੂੰ ਫੋਨ ਕੀਤਾ ਸ਼ਾਮ ਦੇ 4 ਅਤੇ 5 ਵਜੇ ਦੇ ਵਿਚਕਾਰ ਕਲੱਕੱਤੇ ਫੋਰਟ ਵਿਲੀਅਮ ਤੋਂ ਸਿਟੀ ਆਫ ਲੰਡਨ ਰੈਜਮੈਂਟ ਦੇ 150 ਸ਼ਾਹੀ ਬੰਦੂਕਚੀਆਂ ਨੂੰ ਮੋਟਰਕਾਰਾਂ ਵਿਚ ਘੱਲ ਦਿੱਤਾ ਗਿਆ। ਹੈਲੀਡੇ ਨੇ ਕੱਲਕੱਤੇ ਦੀ ਪੁਲੀਸ ਦੇ ਹੈੱਡ ਆਫਿਸ ਨੂੰ ਕਾਲ ਕੀਤੀ ਅਤੇ ਗੈਜ਼ਰਵ

ਪੁਲਿਸ ਦੇ ਸੁਪਰਡੈਂਟ ਜੇ. ਐਚ. ਈਸਟਵੁੱਡ ਜਿਹੜਾ ਕਿ ਪੰਜਾਹ ਸਾਲਾਂ ਦਾ ਸੀ ਅਤੇ ਨੀਲ ਮੁੰਹਿਮ ਅਤੇ ਦੱਖਣੀ ਅਫਰੀਕੀ ਯੁੱਧ ਦਾ ਤਜ਼ਰਬੇਕਾਰ ਸੀ ਨੇ ਤੁਰੰਤ ਹੀ 30 ਯੂਰਪੀ ਸਾਰਜੈਂਟਾਂ ਤੇ ਸਿਪਾਹੀਆਂ ਨੂੰ ਇੱਕਤਰ ਕੀਤਾ ਅਤੇ ਉਹ ਉਹਨਾਂ ਨੂੰ ਨਾਲ ਲੈ ਕੇ ਬਜ ਬਜ ਦੇ ਸਥਾਨ ਤੇ ਅਪੜਿਆ ਜਿਹੜਾ ਵੀ ਆਵਾਜਾਈ ਦਾ ਸਾਧਨ ਉਹਨਾਂ ਨੂੰ ਪ੍ਰਾਪਤ ਹੋ ਸਕਿਆ ਉਹ ਤੁਰੰਤ ਹੀ ਉਸਤੇ ਬੈਠ ਗਏ ਜੇਲ੍ਹ ਦੀ ਬੱਸ, ਅੱਗ ਦਾ ਇੰਜਨ,ਟੈਕਸੀਆਂ, ਜੋ ਕੁਝ ਵੀ ਮਿਲ ਸਕਿਆ ।

ਹੈਲੀਡੇ ਡਾਨਲਡ ਅਤੇ ਸਲੋਕਾਕ ਮੋਟਰ ਕਾਰਾਂ ਵਿਚ ਸਵਾਰ ਹੋ ਕੇ ਸ਼ਾਹੀ ਬੰਦੂਕਚੀਆਂ ਨੂੰ ਮਿਲਣ ਲਈ ਰਵਾਨਾ ਹੋਏ ਸਨ। ਪਰ ਜਦੋਂ ਉਹ ਸ਼ਹਿਰ ਤੋਂ ਬਾਹਰ ਤਿੰਨ ਕਿਲੋਮੀਟਰ ਦੀ ਦੂਰੀ ਤੇ ਜਾ ਰਹੇ ਸਿੱਖਾਂ ਕੋਲ ਪੁੱਜ ਗਏ ਤਾਂ ਉਹਨਾਂ ਸੋਚਿਆ ਕਿ ਸਿੱਖਾਂ ਦੇ ਵਿਚਕਾਰ ਦੀ ਲੰਘਣਾ ਖਰਤੇ ਭਰਿਆ ਕੰਮ ਸੀ। ਉਹ ਮੁੜ ਬਜ ਬਜ ਨੂੰ ਪਰਤ ਪਏ ਅਤੇ ਮੇਜਰ ਹੈਟ ਸਟੇਸ਼ਨ ਨੂੰ ਜਾਣ ਵਾਲੀ ਗੱਡੀ ਫੜ ਲਈ। ਇਹ ਸਟੇਸ਼ਨ ਕਲੱਕੱਤੇ ਦੇ ਦੱਖਣ ਵੱਲ ਇੱਕ ਬਰਾਂਚ ਲਾਇਨ ਤੇ ਸੀ ਅਤੇ ਸੰਕਟ ਮਈ ਸਥਾਨ ਤੋਂ ਕਾਫੀ ਦੂਰ ਸੀ ਗੱਡੀ ਵਿਚ ਉਹਨਾਂ ਨਾਲ ਕੁਝ ਉਹ ਮੁਸਾਫਰ ਵੀ ਸਨ ਜੋ ਪਹਿਲਾਂ ਰਜ਼ਾਮੰਦੀ ਨਾਲ ਗੱਡੀ ਤੇ ਸਵਾਰ ਹੋਣਾ ਮੰਨ ਗਏ ਸਨ। ਬਜ ਬਜ ਤੋਂ ਜਾਂਦੀ ਹੋਈ ਸੜਕ ਤੇ ਅਤੇ ਪੰਜ ਜਾਂ ਛੇ ਕਿਲੋਮੀਟਰ ਦੀ ਦੂਰੀ ਤੇ ਸਿੱਖਾਂ ਦਾ ਟਾਕਰਾ ਈਸਟ ਵੁੱਡ ਅਤੇ ਉਸਦੀ ਪੁਲਿਸ ਨਾਲ ਹੋਇਆ ਸਿੱਖਾ ਨੇ ਉਹਨਾਂ ਦੇ ਕੋਲ ਦੀ ਧੱਕੇ ਨਾਲ ਅੱਗੇ ਜਾਣ ਦਾ ਯਤਨ ਕੀਤਾ ਪਰ ਪੁਲਿਸ ਜਿਨ੍ਹਾਂ ਵਿਚੋਂ ਪੰਜ ਕੋਲ ਰੀਵਾਲਵਰ ਸਨ ਅਤੇ ਬਾਕੀਆਂ ਕੋਲ ਲਾਠੀਆਂ ਉਦੋਂ ਤੱਕ ਆਪਣੀ ਥਾਂ ਤੇ ਜੰਮੀ ਰਹੀ ਜਦੋਂ ਤੀਕਰ ਕਿ ਸ਼ਾਹੀ ਬੰਦੂਕਚੀ ਨਹੀਂ ਪੁੱਜ ਗਏ। ਬੰਦੂਕਚੀਆਂ ਨਾਲ ਬੰਗਾਲ ਸਰਕਾਰ ਦਾ ਮੁੱਖ ਸੱਕਤਰ ਜੇ. ਜੀ. ਕੈਮਿਗ ਅਤੇ ਸਰ ਵਿਲੀਅਮ ਡਿਊਕ ਸਨ। ਡਿਊਕ ਆਪਣੀ ਮੋਟਰ ਕਾਰ ਨੂੰ ਗੁਰਦਿੱਤ ਸਿੰਘ ਕੋਲ ਲੈ ਗਿਆ ਅਤੇ ਉਸਤੋਂ ਪੁੱਛਿਆ ਉਹ ਅਤੇ ਉਸ ਦੇ ਸਾਥੀ ਕਿਥੇ ਜਾ ਰਹੇ ਸਨ ।

"ਅਸੀਂ ਕੱਲਕੱਤੇ ਨੂੰ ਜਾ ਰਹੇ ਹਾਂ ।"

"ਕਲਕੱਤੇ ਵਿੱਚ ਤੁਹਾਨੂੰ ਕੀ ਕੰਮ ਹੈ ।"

"ਪਹਿਲਾਂ ਪਵਿੱਤਰ ਗ੍ਰੰਥ ਸਾਹਿਬ ਨੂੰ ਗੁਰਦੁਆਰਾ ਸਾਹਿਬ ਵਿਚ ਜਮਾਂ ਕਰਾਉਣਾ ਹੈ ਤੇ ਫੇਰ ਅਸੀਂ ਗਵਰਨਰ ਨੂੰ ਮਿਲਣਾ ਹੈ ਜਿਸ ਅੱਗੇ ਅਸੀਂ ਆਪਣੀਆਂ ਬਿਪਤਾਵਾ ਬਿਆਨਣੀਆਂ ਹਨ ਸ਼ਕਾਇਤਾਂ ਰੱਖਣੀਆਂ ਹਨ " "ਗਵਰਨਰ ਨੇ ਮੈਨੂੰ ਤੁਹਾਡੀ ਵਿਥਿਆ ਸੁਨਣ ਲਈ ਭੇਜਿਆ ਹੈ ਮੈਂ ਉਸਦਾ ਕਮਿਸ਼ਨਰ ਹਾਂ। "ਜੇਕਰ ਇਹੀ ਗੱਲ ਹੈ ਤਾਂ ਬਹੁਤ ਅੱਛਾ। ਮੈਨੂੰ ਗਹੁ ਨਾਲ ਸੁਣੋ। ਮੈਂ ਤੁਹਾਨੂੰ ਆਪਣੀਆਂ ਬਿਪਤਾਵਾਂ ਦੀ ਵਿਥਿਆ ਦੱਸਾਗਾਂ। ਅਤੇ ਉਸ ਅਨਿਆ ਤੋਂ ਪਰਦਾ ਚੁੱਕਾਂਗਾ ਜਿਸਦੇ ਅਸੀਂ ਸ਼ਿਕਾਰ ਹੋਏ ਹਾਂ।" "
"ਇੱਥੇ ਨਹੀਂ। ਮੇਰੇ ਨਾਲ ਬਜ ਬਜ ਦੇ ਰੇਲਵੇ ਸਟੇਸ਼ਨ ਵਾਪਸ ਚੱਲੋ। ਉਥੇ ਮੈਂ ਤੁਹਾਡਾ ਕੇਸ ਸੁਣਾਗਾਂ।"

ਇਹ ਕੋਈ ਵਿਸ਼ਵਾਸ਼ ਦਵਾਉ ਵਾਅਦਾ ਨਹੀਂ ਸੀ ਪਰ ਅੱਗੇ ਸੜਕ ਤੇ ਫੌਜੀ ਸਨ ਅਤੇ ਉਹ ਥਿਰੀ ਨਟ ਥਿਰੀ ਦੀਆਂ ਰਫਲਾਂ ਨਾਲ ਲੈਸ ਸੀ,ਸਿੱਖਾਂ ਨੂੰ ਆਪਣੀ ਆਖਰੀ ਮੰਜ਼ਿਲ ਸੰਬੰਧੀ ਕੋਈ ਪਕਾ ਪਤਾ ਨਾ ਹੋਣ ਕਾਰਨ ਉਹ ਮੁੜ ਪਏ ਉਹਨਾਂ ਦੇ ਨਾਲ ਨਾਲ ਪੰਜਾਬ ਪੁਲਿਸ ਤੇ ਅੰਗਰੇਜ਼ ਪੁਲਿਸ ਪੈਦਲ ਜਾ ਰਹੀ ਸੀ ਅਤੇ ਮੋਟਰ ਕਾਰਾਂ ਵਿਚ ਸਵਾਰ ਫੌਜ ਉਹਨਾਂ ਦੇ ਪਿੱਛੇ ਪਿੱਛੇ ਜਾ ਰਹੀ ਸੀ ।

ਇਸ ਢੰਗ ਨਾਲ ਜਲੂਸ ਧੀਰੇ ਧੀਰੇ ਪੰਜ ਕਿਲੋ ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਅੱਗੇ ਜਾ ਰਿਹਾ ਸੀ। ਗੁਰਦਿੱਤ ਸਿੰਘ ਉਹਨਾਂ ਦੇ ਨਾਲ ਨਾਲ ਇੱਕ ਸਾਈਕਲ ਤੇ ਸਵਾਰ ਸੀ ਇਹ ਸਾਈਕਲ ਉਸਨੇ ਇਕ ਬੰਗਾਲੀ ਮੁੰਡੇ ਤੋਂ ਜਿਹੜਾ ਉਹਨਾਂ ਨੂੰ ਰਸਤੇ ਵਿਚ ਮਿਲਿਆ ਸੀ ਮੁੱਲ ਲੈ ਲਿਆ ਸੀ। ਇਹ ਇਕ ਤਪਸਾਂ ਭਰਿਆ ਬਾਅਦ ਦੁਪਹਿਰ ਦਾ ਸਮਾਂ ਹੋਵੇਗਾ ਅਤੇ ਬਹੁਤ ਸਾਰੇ ਸਿੱਖਾਂ ਨੇ ਲਾਗਲੀਆਂ ਦੂਕਾਨਾਂ ਜਾਂ ਜੁੜਦੇ ਰਸਤਿਆਂ ਵਿਚ ਪਾਣੀ ਪੀਣ ਲਈ ਖਿਸਕਣ ਦਾ ਯਤਨ ਕੀਤਾ ਪਰ ਅੰਗਰੇਜ਼ ਪੁਲਿਸ ਦੇ ਸਾਰਜੈਂਟ ਉਹਨਾਂ ਦਾ ਪਿੱਛਾ ਕਰਦੇ ਰਹੇ ਅਤੇ ਉਹਨਾਂ ਦੇ ਇੱਕ ਦੋ ਧੱਕੇ ਮਾਰ ਕੇ ਚਲਦੇ ਜਲੂਸ ਦੇ ਵਿੱਚ ਧੱਕ ਦਿੰਦੇ ਇਸ ਤੋਂ ਬਿਨਾਂ ਸਿੱਖ ਖਾਮੋਸ਼ ਸਨ ਤੇ ਵਧੇ ਜਾ ਰਹੇ ਸਨ। ਜਦੋਂ ਹੈਲੀਡੇ ਮੇਜਰ ਹੈਟ ਤੋਂ ਉਹਨਾਂ ਦੇ ਪਿਛਲੇ

ਪਾਸਿਓਂ ਆਪਣੀ ਮੋਟਰ ਕਾਰ ਵਿਚ ਆਇਆ ਤਾਂ ਉਹ ਉਨ੍ਹਾਂ ਦੇ ਵਿੱਚੋਂ ਲੰਘ ਗਿਆ ਅਤੇ ਕੋਈ ਮਾੜੀ ਘਟਨਾ ਨਹੀਂ ਘਟੀ ।

ਸੂਰਜ ਛੁਪ ਗਿਆ ਸੀ ਅਤੇ ਉਹ ਅਜੇ ਬਜ਼ ਬਜ਼ ਤੋਂ ਕੁਝ ਦੂਰੀ ਤੇ ਸਨ । ਜਦੋਂ ਉਹ ਸੱਤ ਵਜੇ ਸ਼ਾਮ ਤੋਂ ਕੁਝ ਪਹਿਲਾਂ ਬਜ ਬਜ ਤੇ ਪੁੱਜੇ ਤਾਂ ਹਨੇਰਾ ਪਸਰ ਰਿਹਾ ਸੀ ਤੇ ਉਹਨਾਂ ਦੇ ਪਿਛਲੇ ਪਾਸੇ ਅੰਬਰ ਤੇ ਚੰਦਰਮਾ ਚੜ੍ਹ ਰਿਹਾ ਸੀ ਸਰ ਵਿਲੀਅਮ ਡਿਉਕ ਅੱਗੇ ਅੱਗੇ ਗੱਡੀ ਰੋਜ਼ਰਵ ਕਰਨ ਲਈ ਆ ਗਿਆ ਸੀ ਤੇ ਗਡੀ ਪਲੇਟ ਫਾਰਮ ਤੇ ਖਲੋਤੀ ਸੀ । ਪਰ ਜਦੋਂ ਪੁਲਿਸ ਲੈਵਲ ਕਰਾਸਿੰਗ ਤੇ ਪੁੱਜੀ ਤਾਂ ਉਸਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਗੱਡੀ ਤਿਆਰ ਸੀ ਜਾਂ ਸਿੱਖਾਂ ਨੂੰ ਰਾਤ ਕੱਟਣ ਲਈ ਮੁੜ ਕਾਮਾਗਾਟਾ ਮਾਰੂ ਵਿਚ ਲਿਜਾਇਆ ਜਾਣਾ ਚਾਹੀਦਾ ਹੈ । ਜਲੂਸ ਠਹਿਰ ਗਿਆ ਅਤੇ ਸਿੱਖਾਂ ਨੂੰ ਕਹਿਆ ਗਿਆ ਕਿ ਉਹ ਰੇਲ ਦੀ ਪਟੜੀ ਦੇ ਪੱਛਮ ਵੰਨੇ ਲਗਦੇ ਘਾਹ ਦੇ ਪਲਾਟ ਤੇ ਬੈਠ ਜਾਣ ਤੇ ਉਡੀਕ ਕਰਨ । ਪਿਛਲੇ ਪਾਸੇ ਕੁਝ ਮੀਟਰ ਦੀ ਵਿੱਥ ਤੇ ਇੱਕ ਟੋਹਬਾ ਸੀ ਜਿਸ ਵਿਚ ਪਾਣੀ ਸੜਕ ਦੀ ਪੱਧਰ ਤੋਂ ਲਗਭਗ ਦੋ ਮੀਟਰ ਨੀਵਾਂ ਸੀ ਨਾਲ ਹੀ ਅੱਗੇ ਵੱਲ ਡੇਹੜ ਮੀਟਰ ਉੱਚੀ ਵੱਲ ਵਲੇਵੇ ਖਾਂਧੀ ਲੋਹੇ ਦੀ ਵਾੜ ਸੀ । ਇਸਦੇ ਉੱਪਰ ਕਿੱਲ ਲੱਗੇ ਹੋਏ ਸਨ ਅਤੇ ਇਹ ਰੇਲ ਦੀ ਪਟੜੀ ਦੇ ਨਾਲ ਨਾਲ ਜਾਂਦੀ ਸੀ । ਇੱਕ ਪਾਸੇ ਖਾਈ ਅਤੇ ਵਾੜ ਦੇ ਵਿਚਕਾਰ ਜਾਂਦਾ ਹੋਇਆ ਰਾਹ ਸੀ ਜਿਹੜਾ ਸਟੇਸ਼ਨ ਦੇ ਪਲੇਟ ਫਾਰਮ ਤੇ ਜਾਂਦਾ ਸੀ ਦੂਜੇ ਪਾਸੇ ਇਕ ਸੜਕ ਸੀ ਜਿਹੜੀ ਕਿ ਮੁਸਾਫਰਾਂ ਦੇ ਉਤਰਨ ਲਈ ਅਰਜ਼ੀ ਪੁੱਲ ਨੂੰ ਜਾਂਦੀ ਸੀ ਜਿਥੇ ਉਹ ਉਸ ਦਪਿਹਰ ਬਾਅਦ ਜਹਾਜ਼ ਤੋਂ ਉੱਤਰੇ ਸਨ ।

ਸਰ ਫਰੈਡਰਿਕ ਹੈਲੀਡੇ ਨੇ ਪੰਜਾਬ ਪੁਲਿਸ ਨੂੰ ਸਿੱਖਾਂ ਦੇ ਸੱਜੇ ਪਾਸੇ ਵਾਲੀ ਬਾਹੀ ਵੱਲ ਇਕ ਕਤਾਰ ਵਿਚ ਤਾਇਨਾਤ ਕਰ ਦਿੱਤਾ ਤਾਂ ਜੋ ਉਹ ਮੁੜ ਕੱਲਕੱਤੇ ਵੱਲ ਜਾਣ ਤੋਂ ਰੋਕੇ ਜਾ ਸਕਣ । ਗੋਰਿਆਂ ਦੀ ਪੁਲਸ ਨੇ ਸਿੱਖਾਂ ਦੇ ਦੂਜੇ ਪਾਸੇ ਇੱਕ ਕਿਤਾਰ ਬਣਾ ਲਈ ਸੀ । ਜਦੋਂ ਸਿੱਖ ਗੁਰੂ ਗ੍ਰੰਥ ਸਾਹਿਬ ਜਿਸ ਨੂੰ ਕਿ ਸਿੱਖ ਇਕ ਹਲਕੇ ਜਿਹੇ ਚਬੂਤਰੇ ਤੇ ਚੁਕ ਕੇ ਆਪਣੇ ਨਾਲ ਲਈ ਫਿਰਦੇ ਸਨ ਦੇ ਆਲੇ ਦੁਆਲੇ ਬੈਠ ਗਏ ਤਾਂ ਹੈਲੀਡੇ ਲੈਵਲ ਕਰਾਸਿੰਗ ਤੀਕਰ ਆ ਗਿਆ । ਉਹ ਸਰ ਵਿਲੀਅਮ ਡਿਉਕ ਦੀ ਭਾਲ ਕਰ ਰਿਹਾ ਸੀ । ਜਿਹੜਾ ਕਿ ਅਸਲ ਵਿਚ ਅਜੇ ਰੇਲਵੇ ਸਟੇਸ਼ਨ ਦੀ ਇਮਾਰਤ ਵਿਚ ਹੀ ਸੀ ਅਜੇ ਹੈਲੀਡੇ ਨੂੰ ਲੈਵਲ ਕਰਾਸਿੰਗ ਤੇ ਆਇਆਂ ਇੱਕ ਮਿੰਟ ਹੀ ਹੋਇਆ ਸੀ ਜਦੋਂ ਕਿ ਭੀੜ ਦੇ ਦੂਜੇ ਪਾਸੇ ਤੋਂ ਕਈ ਵਾਰ ਕੜ ਕੜ ਦੀ ਅਵਾਜ਼ ਆਈ । ਸਿੱਖ ਆਪਣੀਆਂ ਆਪਣੀਆਂ ਥਾਵਾਂ ਤੇ ਖੜ੍ਹੇ ਹੋ ਗਏ । ਇਹ ਅਵਾਜ਼ ਰੀਵਾਲਵਰ ਦੀਆਂ ਗੋਲੀਆਂ ਦੀ ਸੀ ਅਤੇ ਹੈਲੀਡੇ ਆਪਣੇ ਸਿਰ ਤੋਂ ਲੰਘਦੀਆਂ ਗੋਲੀਆਂ ਅਵਾਜ਼ਾਂ ਸੁਣ ਸਕਦਾ ਸੀ ।

ਜ਼ਿਲ੍ਹਾ ਮੈਜਿਸਟਰੇਟ ਡਾਨਲਡ ਸਟੇਸ਼ਨ ਦੀ ਬਾਹੀ ਵੱਲੋਂ ਗੁਰਦਿੱਤ ਸਿੰਘ ਨੂੰ ਬੁਲਾਉਣ ਲਈ ਸਿੱਖਾਂ ਦੇ ਇਕੱਠ ਵੱਲ ਵਧਿਆ ਗੁਰਦਿੱਤ ਸਿੰਘ ਨੇ ਉਸਦੇ ਨੇੜੇ ਜਾਣ ਤੋਂ ਇਨਕਾਰ ਕੀਤਾ ਤੇ ਆਖਿਆ ਕਿ ਡਾਨਲਡ ਉਸ ਨਾਲ ਉਥੇ ਹੀ ਗੱਲ ਕਰੇ ਜਿੱਥੇ ਉਹ ਖੜੋਤਾ ਸੀ । ਇੱਕ ਗੋਰੇ ਪੁਲਿਸ ਸਾਰਜੈਂਟ ਨੂੰ ਜਿਹੜਾ ਉਸ ਦੇ ਪਿਛਲੇ ਪਾਸੇ ਉਸ ਵੱਲ ਵੱਧਣ ਲੱਗਾ ਸੀ ਨੂੰ ਵਾਪਸ ਬੁਲਾ ਲਿਆ ਗਿਆ ਪਰ ਸੁਪਰਡੈਂਟ ਈਸਟ ਵੁੱਡ ਸਿੱਖਾਂ ਵਿਚਕਾਰ ਜਾ ਕੁੱਦਿਆਂ ਸੀ । ਸ਼ਾਇਦ ਆਪਣੇ ਸਿਪਾਹੀਆਂ ਵਿੱਚੋਂ ਕਿਸੇ ਤੋਂ ਬਾਂਸ ਦੀ ਲਾਠੀ ਲੈਣ ਲਈ ਜਾਂ ਸੰਭਵ ਸੀ ਗੁਰਦਿੱਤ ਸਿੰਘ ਨੂੰ ਫੜਣ ਲਈ । ਉਸਨੇ ਕੁਝ ਹੀ ਕਦਮ ਪੁੱਟੇ ਸਨ ਕਿ ਇਕੱਠ ਨੇ ਉਸਨੂੰ ਆਲੇ ਦੁਆਲੇ ਤੋਂ ਵਲ ਲਿਆ ਅਤੇ ਉਸਨੂੰ ਧਰਤੀ ਤੇ ਪਟਕ ਦਿੱਤਾ । ਉਸ ਸਮੇਂ ਗੋਲੀ ਚਲਣੀ ਆਰੰਭ ਹੋਈ ।

ਜਦੋਂ ਹੈਲੀਡੇ ਤੋਂ ਪੁੱਛਿਆ ਗਿਆ ਕੀ ਵਾਪਰਿਆ ਸੀ ਤਾਂ ਉਸਨੇ ਕਿਹਾ ਕਿ ਉਸਨੇ ਭੀੜ ਵਿਚ ਭੀਹ ਜਾਂ ਚਾਲੀ ਸਿੱਖਾਂ ਨੂੰ ਗੋਲੀਆਂ ਚਲਾਉਂਦਿਆਂ ਤੱਕਿਆ ਸੀ ਇਹ ਇੱਕ ਅਜਿਹਾ ਬਿਆਨ ਸੀ ਜਿਸ ਨਾਲ ਉਸਦੇ ਆਪਦੇ ਹੀ ਕੁਝ ਅਫਸਰ ਸਹਿਮਤ ਨਹੀਂ ਸਨ ਅਤੇ ਸੰਭਵ ਸੀ ਕਿ ਹੈਲੀਡੇ ਅਤਿ ਕਥਨੀ ਕਰ

ਰਿਹਾ ਸੀ ਕੁਝ ਗੋਲੀਆਂ ਚਾਰ ਪੁਲਿਸ ਸਾਰਜੈਂਟਾਂ ਵਲੋਂ ਜਿਹੜੇ ਭੀੜ ਵਿਚ ਘਿਰ ਗਏ ਸਨ ਚਲਾਈਆਂ ਗਈਆਂ ਸਨ। ਉਹਨਾਂ ਨੇ ਗੋਲੀਆਂ ਨੂੰ ਇਤਨੀ ਨੇੜੇ ਦੀ ਵਿੱਥ ਤੋਂ ਚਲਾਇਆ ਸੀ ਕਿ ਬਾਦਲ ਸਿੰਘ ਤੇ ਛੇ ਗੋਲੀਆਂ ਲੱਗੀਆਂ। ਪਰ ਬਾਕੀ ਗੋਲੀਆਂ ਮੁਸਾਫਰਾਂ ਵਲੋਂ ਚਲਾਈਆਂ ਗਈਆਂ ਸਨ। ਮੈਲਕਮ ਲੋਮੈਕਸ ਦੇ ਜਿਹੜਾ ਕਿ ਪੂਰਬੀ ਬੰਗਾਲ ਰੇਲਵੇ ਦਾ ਸਹਾਇਕ ਟਰੈਫਕ ਸੁਪਰਡੈਂਟ ਸੀ ਪੇਟ ਵਿਚ ਵੱਜੀਆਂ ਪੰਜਾਬ ਪੁਲਿਸ ਦੇ ਗੋਰੇ ਅਫਸਰਾਂ ਵਿੱਚੋਂ ਡੇਵਿਡ ਪੈਟਰੀ ਦੀ ਬਾਂਹ ਅਤੇ ਪੱਟ ਵਿੱਚ ਦੀ ਪਾਰ ਕਰ ਗਈਆਂ ਅਤੇ ਡਿਪਟੀ ਕਮਿਸ਼ਨਰ ਹੰਟਰੀ ਦੇ ਮੱਥੇ ਉਚੇੜ ਕੇ ਲੰਘ ਗਈਆਂ। ਜਿਵੇਂ ਜਿਵੇਂ ਮੁਸਾਫਰਾਂ ਦਾ ਹੜ ਅੱਗੇ ਵਧਿਆ ਕਲਕੱਤੇ ਦੀ ਪੁਲਿਸ ਤੇ ਪੰਜਾਬ ਦੇ ਸਿਪਾਹੀ ਬਾਂਸ ਦੀਆਂ ਲਾਠੀਆਂ ਮਾਰਦੇ ਤੇ ਤਲਵਾਰਾਂ ਵਾਹੁੰਦੇ ਪਿੱਛੇ ਹਟਦੇ ਗਏ। ਲਾਠੀ ਦੀ ਇੱਕ ਸੱਟ ਨੇ ਥਾਣੇਦਾਰ ਨਾਨਕਚੰਦ ਦੀ ਖੱਬੀ ਬਾਂਹ ਤੋੜ ਦਿੱਤੀ ਅਤੇ ਸਿਪਾਹੀ ਹਰੀ ਸਿੰਘ ਦੀ ਖੱਬੀ ਬਾਂਹ ਦੀ ਹੱਡੀ ਨੂੰ ਕਿਸੇ ਤੇਜ਼ ਹਥਿਆਰ ਦੇ ਵਾਰ ਨੇ ਭੰਨ ਦਿੱਤਾ। ਉਸਦੇ ਸਿਰ ਤੇ ਛੇ ਇੰਚ ਦਾ ਜਖਮ ਹੋ ਗਿਆ ਅਤੇ ਉਸ ਦਾ ਮਗਜ ਨੰਗਾ ਹੋ ਗਿਆ ਸੀ। ਮੁਸਾਫਰ ਪੁਲਿਸ ਨੂੰ ਪਿਛੇ ਧਕਦੇ ਧਕਦੇ ਉਸ ਥਾਂ ਤਕ ਲੈ ਗਏ ਜਿਥੇ ਪੁਲਿਸ ਸੁਪਰਡੈਂਟ ਈਸਟ-ਵੁੱਡ ਪਿੱਠ ਵਿਚ ਗੋਲੀ ਲੱਗਣ ਨਾਲ ਥੱਲੇ ਡਿੱਗਿਆ ਪਿਆ ਸੀ। ਪੁਲਿਸ ਵਾਲੇ ਉਸਨੂੰ ਉਸ ਥਾਂ ਤੋਂ ਘਸੀਟ ਕੇ ਲੈ ਗਏ।

ਸ਼ਾਹੀ ਬੰਦੂਕਚੀ (ਰਾਇਲ ਫਿਯੂਜਲਿਅਰਜ) ਸਭ ਤੋਂ ਬਾਅਦ ਬਜ ਬਜ ਵਿਚ ਪਹੁੰਚੇ ਅਤੇ ਜਦੋਂ ਪਹਿਲੀਆਂ ਗੋਲੀਆਂ ਚਲੀਆਂ ਸਨ ਉਹ ਸੜਕ ਦੇ ਉੱਤਰ ਦੇ ਵਾਸੇ ਵੱਲ ਗੱਡੀ ਦੇ ਟਰੱਕ ਤੋਂ ਅਜੇ ਦੂਰ ਸਨ। ਉਹ ਦੋ ਪਲਟਨਾਂ ਵਿਚ ਦੋ ਦੋ ਬੰਦਿਆਂ ਦੀਆਂ ਕਤਾਰਾਂ ਬਣਾਦੇ ਹੋਏ ਅੱਗੇ ਵੱਧੇ ਆ ਰਹੇ ਸਨ। ਉਹਨਾਂ ਲੋਹੇ ਦੀ ਵਾੜ ਦੇ ਪਿਛੇ ਅਤੇ ਰੇਲ ਦੀ ਪਟੜੀ ਦੇ ਠੀਕ ਸੱਜੇ ਪਾਸੇ ਦੇ ਰਸਤੇ ਦੇ ਨਾਲ ਨਾਲ ਪੋਜ਼ੀਸ਼ਨਾਂ ਲੈ ਲਈਆਂ। ਵਾੜ ਦੇ ਦੂਜੇ ਪਾਸਿਓਂ ਅਤੇ ਘਟ ਰੌਸ਼ਨੀ ਵਿੱਚ ਉਹਨਾਂ ਨੂੰ ਹੋ ਰਹੀ ਕਾਰਵਾਈ ਦਾ ਸੀਮਤ ਦ੍ਰਿਸ਼ ਹੀ ਨਜ਼ਰ ਆਉਂਦਾ ਸੀ। ਉਹਨਾਂ ਦੇ ਕਮਾਂਡ ਅਫਸਰ ਕੈਪਟਨ ਫਰਾਂਸਿਸ ਮੂਰ, ਨੇ ਕੁਝ ਮਿੰਟਾਂ ਜਾਂ ਸਕਿੰਟਾਂ ਲਈ ਉਡੀਕ ਕੀਤੀ ਜਦੋਂ ਪੁਲਿਸ ਅਜੇ ਪਿੱਛੇ ਹੱਟ ਰਹੀ ਸੀ ਪੁਲਸੀਆਂ ਵਿਚੋਂ ਕੁਝ ਨੇ ਰੇਲਵੇ ਸਟੇਸ਼ਨ ਵਿਚ ਸ਼ਰਨ ਲਈ ਸੀ ਤੇ ਕੁਝ ਲੈਵਲ ਕਰਾਸਿੰਗ ਵੱਲ ਨੱਸ ਗਏ ਸਨ। ਕੈਪਟਨ ਮੂਰ ਸਰ ਫਰੈੱਡਰਿਕ ਕੋਲ ਗਿਆ ਜਿਹੜਾ ਕਿ ਅਜੇ ਰੇਲਵੇ ਕਰਾਸਿੰਗ ਤੇ ਹੀ ਖਲੋਤਾ ਹੋਇਆ ਸੀ ਉਸਤੋਂ ਪੁਛਿਆ ਕਿ ਕੀ ਉਹ ਫੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦੇਵੇ। ਹੈਲੀਡੇ ਨੇ 'ਹਾਂ' ਵਿਚ ਉੱਤਰ ਦਿੱਤਾ ਕੁਝ ਚਿਰ ਪਹਿਲਾਂ ਹੀ ਹੈਲੀਡੇ ਦੇ ਪੈਰ ਤੇ ਗੋਲੀ ਲੱਗੀ ਸੀ।

ਜਦੋਂ ਫੌਜ ਨੇ ਗੋਲੀ ਚਲਾਉਣੀ ਆਰੰਭ ਕੀਤੀ ਤਾਂ ਬਹੁਤੇ ਮੁਸਾਫਰਾ ਨੇ ਆਪਣੇ ਪਿਛਲੇ ਪਾਸੇ ਵਾਲੇ ਟੋਹਬੇ ਵਿਚ ਸ਼ਰਨ ਲਈ ਕੁਝ 'ਮੋਦੀ' ਜਾਂ ਪਨਸਾਰੀ ਦੀ ਦੁਕਾਨ ਜਿਹੜੀ ਕਿ ਸਟੇਸ਼ਨ ਤੋਂ 15 ਮੀਟਰ ਦੀ ਦੂਰੀ ਤੇ ਸੀ' ਵੱਲ ਨੱਸ ਗਏ। ਕੁਝ ਲੈਵਲ ਕਰਾਸਿੰਗ ਤੇ ਸਥਿੱਤ ਚੌਂਕੀਦਾਰ ਦੀ ਝੌਂਪੜੀ ਪਿੱਛੇ ਲੁਕ ਗਏ ਜਾਂ ਇੱਕ ਵੱਡੇ ਦਰਖਤ ਦੇ ਤਣੇਂ ਪਿੱਛੇ ਜਿਥੋਂ ਅਜੇ ਵੀ ਮੁਸਾਫਰਾਂ ਦੀਆਂ ਗੋਲੀਆਂ ਆ ਰਹੀਆਂ ਸਨ ਅਤੇ ਫੌਜ ਨੇ ਇਸੇ ਦਰਖਤ ਨੂੰ ਆਪਦੀਆਂ ਗੋਲੀਆਂ ਦਾ ਕੇਂਦਰ ਬਣਾਇਆ ਹੋਇਆ ਸੀ। ਸੱਤ ਵਜੇ ਸ਼ਾਮ ਦੇ ਕਰੀਬ ਫਸਾਦ ਭੜਕੇ ਸਨ। ਇੱਕ ਘੰਟੇ ਦੇ ਅੰਦਰ ਅੰਦਰ ਤਕਰੀਬਨ ਸਾਰੇ ਮੁਸਾਫਰ ਟੋਹਬੇ ਦੇ ਨਾਲ ਨਾਲ ਚਲਦੇ ਹਨੇਰੇ ਵਿਚ ਤੇਲ ਦੀਆਂ ਟਾਂਚੀਆਂ ਵੱਲ ਤੇ ਉਸਤੋਂ ਅੱਗੇ ਦਰਿਆ ਵੱਲ ਖਿਸਕ ਗਏ ਸਨ। ਰਾਤ ਨੂੰ 8 ਵਜੇ ਕੁਝ ਚੌਕੀਦਾਰ ਦੀ ਝੌਪੜੀ ਪਿੱਛੋਂ ਤੇ ਦੁਕਾਨਾਂ ਪਿੱਛੋਂ ਨੱਸ ਉਠੇ ਅਤੇ ਰਾਤ ਦੇ ਹਨੇਰਿਆਂ ਵਿੱਚ ਬਚ ਨਿਕਲੇ। ਫੌਜ ਨੇ ਉਹਨਾਂ ਦੇ ਪਿੱਛੇ ਗੋਲੀਆਂ ਦੀ ਇੱਕ ਬੁਛਾੜ ਕੀਤੀ ਤੇ ਇਸ ਪਿੱਛੋਂ ਚੁੱਪ ਪਸਰ ਗਈ।

ਗੋਲੀ ਚੱਲਦੀ ਥੰਮ ਗਈ ਸੀ ਅਤੇ ਪਰਛਾਵਿਆਂ ਵਿਚ ਪਏ ਜ਼ਖਮੀਆਂ ਵਿਚ ਅੱਠ ਕਾਮਾਗਾਟਾ ਮਾਰੂ ਦੇ ਮੁਸਾਫਰ ਸਨ ਤੇ ਇੱਕ ਬੰਗਾਲੀ ਦਰਸ਼ਕ ਸੀ। ਉਹਨਾਂ ਨੂੰ ਕੱਲਕੱਤੇ ਦੇ ਮੈਡੀਕਲ ਕਾਲਜ ਦੇ ਹਸਪਤਾਲ ਵਿਚ ਲਿਜਾਇਆ ਗਿਆ। ਮੁਸਾਫਰਾਂ ਵਿਚ ਦੋ ਜਿਨ੍ਹਾਂ ਨੂੰ ਪੇਟ ਵਿਚ ਗੋਲੀਆਂ ਲੱਗੀਆਂ ਸਨ। ਰਸਤੇ ਵਿਚ ਹੀ ਦਮ ਤੋੜ ਗਏ ਅਤੇ ਸਥਾਨਕ ਸਰਜਨ ਦੇ ਡਾਕਟਰੀ ਮੁਆਇਨੇ ਦੇ ਪਿੱਛੋਂ ਗੁਮਨਾਮ ਹੀ ਮੁਰਦਾਘਾਟ ਲਿਜਾਏ ਗਏ। ਉਸ ਰਾਤ 25 ਮੁਸਾਫਰ ਫੜ ਲਏ ਗਏ ਸਨ। ਪਰ ਬਾਕੀਆਂ ਦਾ ਲੇਖਾ ਜੋਖਾ ਨਹੀਂ ਸੀ। ਕਪਤਾਨ ਮੂਰ ਨੇ ਰੇਲਵੇ ਸਟੇਸ਼ਨ ਦੇ ਆਲੇ ਦੁਆਲੇ ਪਿਕਟਾਂ ਲਾ ਦਿੱਤੀਆਂ ਸਨ ਅਤੇ ਉਸ ਇਲਾਕੇ ਦੀਆਂ ਸਾਰੀਆਂ ਗੋਰੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਇੱਕਠੇ ਕਰਕੇ ਉਹਨਾਂ ਨੂੰ ਇਕ ਘਰ ਵਿੱਚ ਰੱਖਿਆ ਗਿਆ। ਜਿਸ ਉੱਤੇ ਅੰਗਰੇਜ਼ੀ ਫੌਜ ਦਾ ਹਿਫਾਜਤੀ ਪਹਿਰਾ ਸੀ। ਗੋਲੀ ਚੱਲਣ ਦੀ ਸਮਾਪਤੀ ਤੋਂ ਅੱਧੇ ਘੰਟੇ ਪਿੱਛੋਂ ਇੱਕ ਪੰਜਾਬੀ ਸਿਪਾਹੀ ਨੂੰ ਜਿਸਦੇ ਹੱਥ ਵਿਚ ਕਿਰਪਾਨ ਸੀ ਅਤੇ ਜਿਹੜਾ ਸਟੇਸ਼ਨ ਦੇ ਪਿਛਲੇ ਪਾਸੇ ਪਲਾਟ ਦੀ ਤਲਾਸ਼ੀ ਕਰ ਰਿਹਾ ਸੀ ਨੂੰ ਗਲਤੀ ਨਾਲ ਇਕ ਭਗੌੜਾ ਸਿੱਖ ਸਮਝ ਲਿਆ ਗਿਆ ਅਤੇ ਉਸਨੂੰ ਦੋ ਫੌਜੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ।

ਅਗਲੀ ਪ੍ਰਭਾਤ ਦੇ ਪ੍ਰਕਾਸ਼ ਹੋਣ ਤੀਕ ਸਟੇਸ਼ਨ ਦੇ ਆਲੇ ਦੁਆਲੇ ਤੋਂ ਸਿੱਖਾਂ ਦੀਆ ਲਾਸ਼ਾ ਇੱਕਤਰ ਕੀਤੀਆਂ ਗਈਆਂ। ਇੱਕ ਪੱਤਰਕਾਰ ਜਿਹੜਾ ਬੁੱਧਵਾਰ ਦੀ ਸ਼ਾਮ ਕਲਕੱਤੇ ਤੋਂ ਆਇਆ ਸੀ ਨੇ ਦੇਖਿਆ ਕਿ ਉਹਨਾਂ ਨੂੰ ਲਿਜਾਣ ਦੀ ਤਿਆਰੀ ਕੀਤੀ ਜਾ ਰਹੀ ਸੀ ਅਤੇ ਉਹ ਇੱਕ ਕਤਾਰ ਵਿੱਚ ਰੱਖੇ ਹੋਏ ਸਨ। ਉਸ ਨੇ ਬਿਨਾ ਕਿਸੇ ਜਜਬਾਤ ਤੋਂ ਨਰੀਖਿਆ ਕੀਤੀ ਕਿ ਮਰਨ ਵਾਲੇ ਮੁਸਾਫਰ ਰੱਜੇ ਪੁੱਜੇ ਦਿਸਦੇ ਸਨ। ਪ੍ਰਭਾਤ ਦੀ ਰੋਸ਼ਨੀ ਵਿਚ ਦੋ ਸਥਾਨਕ ਲੋਕਾਂ ਦੀਆਂ ਲਾਸ਼ਾ ਵੀ ਤੱਕੀਆਂ ਗਈਆਂ। ਰੁਕਮਨੀ ਕਾਂਤਾ ਮੌਜੂਮਦਾਰ ਜਿਹੜੀ ਕਿ ਸਥਾਨਕ ਹਸਪਤਾਲ ਕੰਪਾਊਡਰ ਦੀ ਸਬੰਧੀ ਸੀ ਨੂੰ ਫੌਜੀਆਂ ਦੀਆਂ ਗੋਲੀਆਂ ਵੱਜੀਆਂ ਸਨ। ਜਦੋਂ ਉਹ ਹਨੇਰੇ ਵਿੱਚ ਦਰਿਆ ਦੇ ਉੱਪਰ ਵਾਲੇ ਪਾਸਿਓ ਆ ਰਹੀ ਸੀ ਦੀਨਾ ਬੰਧੂ ਪਾਂਡੇ ਨੂੰ ਉਸਦੇ ਮਾਲਕ ਦੀ ਦੁਕਾਨ ਵਿਚ ਪਾਇਆ ਗਿਆ। ਉਸ ਦਾ ਪੇਟ ਕਿਸੇ ਚਾਕੂ ਜਾਂ ਤਲਵਾਰ ਨਾਲ ਪਾੜਿਆ ਹੋਇਆ ਸੀ।

ਬਜ ਬਜ ਦੇ ਆਸ ਪਾਸ ਅਤੇ ਇਸਦੇ ਨਾਲ ਲੱਗਦੇ ਦਿਹਾਤੀ ਇਲਾਕੇ ਵਿਚ ਦੂਰ ਦੂਰ ਤੀਕਰ ਵੱਡੇ ਪੈਮਾਨ ਤੇ ਤਲਾਸ਼ੀ ਲੈਣੀ ਆਰੰਭ ਹੋ ਗਈ ਸੀ। ਸਥਾਨਕ ਪੇਂਡੂਆਂ ਨੇ ਸਿੱਖਾਂ ਨੂੰ ਧਾਨ ਦੇ ਖੇਤਾਂ ਵਿਚ ਲੁਕਦਿਆਂ ਤੱਕਿਆ ਸੀ। ਉਹ ਪਾਣੀ ਵਿੱਚ ਲਿਟੇ ਪਏ ਸਨ ਤੇ ਉਹਨਾਂ ਦੀਆਂ ਸਿਰਫ ਗਰਦਨਾਂ ਹੀ ਪਾਣੀ ਤੋਂ ਬਾਹਰ ਸਨ ਜਾਂ ਉਹ ਉੱਚੇ ਘਾਹ ਵਿਚ ਦਬਕੇ ਹੋਏ ਬੈਠੇ ਸਨ। ਲੋਕਾ ਨੇ ਤਲਾਸ਼ੀ ਲੈਣ ਵਾਲੇ ਫੌਜੀਆਂ ਨੂੰ ਦੱਸਿਆ ਕਿ ਕਾਫੀ ਗਿਣਤੀ ਵਿੱਚ ਸਿੱਖ ਦੋ ਕਿਸ਼ਤੀਆਂ ਵਿੱਚ ਸਵਾਰ ਹੋ ਕੇ ਚਲੇ ਗਏ ਸਨ। ਉਸ ਦਿਨ ਸਿਰਫ 46 ਜਾਂ 48 ਸਿੱਖ ਹੀ ਲੱਭੇ ਸਨ। ਉਹਨਾਂ ਵਿੱਚ ਬਹੁਤ ਸਾਰੇ ਬਜ ਬਜ ਦੇ ਇਲਾਕੇ ਵਿੱਚੋਂ ਕੁਝ ਹੀ ਕਿਲੋਮੀਟਰ ਦੀ ਦੂਰੀ ਦੇ ਅੰਦਰ ਅੰਦਰ ਲੱਭੇ ਗਏ ਸਨ। ਭਾਵੇਂ ਉਹਨਾਂ ਵਿੱਚੋਂ ਇੱਕ ਨੂੰ ਬੈਰਲਾਂ ਤੋਂ ਅਤੇ ਦੂਜੇ ਨੂੰ ਕਲਕੱਤੇ ਦੇ ਦੱਖਣ ਪੱਛਮੀ ਇਲਾਕੇ ਦੇ ਗਾਰਡਨ ਰੀਚ ਸਥਾਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫਤਾਰ ਕੀਤੇ ਜਾਣ ਵਾਲਿਆਂ ਵਿਚ ਛੋਟਾ ਬਲਵੰਤ ਸਿੰਘ ਵੀ ਸੀ ਗੁਰਦਿੱਤ ਸਿੰਘ ਦਾ ਸੱਤ ਵਰ੍ਹਿਆਂ ਦਾ ਪੁੱਤਰ ਫਸਾਦ ਦੇ ਦੌਰਾਨ ਉਸਦਾ ਪਿਤਾ ਉਸਨੂੰ ਪਿੱਛੇ ਛੱਡ ਗਿਆ ਸੀ।

ਗੁਰਦਿੱਤ ਸਿੰਘ ਨੇ ਕਈ ਘੰਟੇ ਇਕ ਤਲਾਬ ਵਿੱਚ ਹੀ ਲੁਕ ਛਿਪਕੇ ਬਤਾਏ। ਪੁਹ ਫੁਟਣ ਤੋਂ ਥੋੜਾ ਜਿਹਾ ਪਹਿਲਾਂ ਉਹ ਸਟੇਸ਼ਨ ਦੇ ਲਾਗੇ ਇੱਕ ਬੰਗਲੇ ਵਿੱਚ ਦਾਖਲ ਹੋ ਗਿਆ। ਘਰ ਦੇ ਸੁਆਮੀ ਨੇ ਉਸਨੂੰ ਸ਼ਰਨ ਨਾ ਦਿੱਤੀ ਪਰ ਉਸਨੇ ਉਸਨੂੰ ਇੱਕ ਰੁਮਾਲ ਤੇ ਸਾਫ ਸੁਥਰੀ ਧੋਤੀ ਦਿੱਤੀ ਅਤੇ ਉਸਨੂੰ ਦਰਿਆ ਤੇ ਲੈ ਗਿਆ ਅਤੇ ਉਸਨੇ ਕਿਸ਼ਤੀ ਵਾਲੇ ਨਾਲ ਗੱਲਬਾਤ ਕੀਤੀ। ਗੁਰਦਿੱਤ ਸਿੰਘ ਨੇ ਕਿਰਾਏ ਦੇ ਅੱਠ ਆਨਿਆ ਦੀ ਥਾਂ ਉਸਨੂੰ ਇਕ ਰੁਪਈਆ ਦਿੱਤਾ ਅਤੇ ਕਿਸ਼ਤੀ ਵਾਲੇ ਨੇ ਉਸਨੂੰ ਇੱਕ ਉੱਪਰ ਛੱਤੀ ਹੋਈ ਸੀਟ ਦੇ ਦਿੱਤੀ। ਇਸ ਢੰਗ ਨਾਲ ਉਹ ਹੁੰਗਲੀ ਦੇ ਦੂਜੇ ਬੰਨੇ ਚਲਿਆ ਗਿਆ ਅਤੇ ਸ਼ਾਮ ਦੇ 10 ਵਜੇ ਤੀਕਰ ਉਹ ਬੰਗਾਲ ਦੀ ਖਾੜੀ ਤੇ ਸਥਿਤਪੁਰੀ ਜਗਨ ਨਾਥ ਨੂੰ ਜਾਣ ਵਾਲੀ ਗੱਡੀ ਤੇ ਸਵਾਰ ਹੋ

ਗਿਆ। ਪੁਰੀ ਦੱਖਣ ਪੱਛਮ ਵੱਲ ਇਕ ਦਿਨ ਤੇ ਇੱਕ ਰਾਤ ਦੇ ਪੰਧ ਦੀ ਦੂਰੀ ਤੇ ਸੀ।

ਘੱਟ ਮੁਸਾਫਰਾਂ ਕੋਲ ਹੀ ਗੁਰਦਿੱਤ ਸਿੰਘ ਵਰਗੇ ਸੰਸਾਰਕ ਅਤੇ ਮਾਦਿਕ ਸਾਧਨ ਪ੍ਰਾਪਤ ਸਨ। ਜਿਉਂ ਹੀ ਬੁਧਵਾਰ ਦੀ ਰਾਤ ਦੇ ਹਨੇਰੇ ਪਸਰੇ ਤਾਂ ਕੁੱਝ ਮੁਸਾਫਰ ਆਪਣੀਆਂ ਲੁਕਣ ਥਾਵਾਂ ਤੋਂ ਜਿਹੜੀਆਂ ਬਜ ਬਜ ਤੋਂ ਇੱਕ ਜਾਂ ਡੇਢ ਕਿਲੋਮੀਟਰ ਦੀ ਦੂਰੀ ਦੇ ਆਲੇ ਦੁਆਲੇ ਸਨ। ਰੋਟੀ ਅਤੇ ਕੱਪੜੇ ਦੀ ਭਾਲ ਵਿਚ ਨਿਕਲ ਤੁਰੇ। ਸਥਾਨਕ ਪੇਂਡੂਆਂ ਦੇ ਕਥਨ ਅਨੁਸਾਰ ਉਹਨਾ ਦਾ ਰਵਈਆ ਉੱਕਾ ਹੀ ਹਿੰਸਕ ਨਹੀਂ ਸੀ। ਸਗੋਂ ਇਸ ਦੀ ਥਾਂ ਉਹ ਭੁੱਖ ਅਤੇ ਸਰਦੀ ਕਾਰਣ ਭੈ ਭੀਤ ਅਤੇ ਉਖੜੇ ਉਖੜੇ ਲੱਗਦੇ ਸਨ। ਉਹਨਾਂ ਦੇ ਪਹਿਰਾਵੇ ਤੋਂ ਉਹਨਾਂ ਦੀਆਂ ਦਾੜ੍ਹੀਆਂ ਤੋਂ ਉਹਨਾਂ ਦੇ ਵਾਲਾ ਤੋਂ ਅਤੇ ਉਹਨਾਂ ਦੀ ਬੋਲਚਾਲ ਤੋਂ ਉਹ ਬੰਗਾਲੀਆਂ ਲਈ ਗੈਰ ਦੇਸ਼ਵਾਸੀ ਭਾਸਦੇ ਸਨ। ਕੁਝ ਨੇ ਬੰਗਾਲੀ ਕੱਪੜਿਆਂ ਦੇ ਬਦਲ ਵਿੱਚ ਸੋਨੇ ਦੇ ਸਿੱਕੇ ਦੇਣੇ ਚਾਹੇ ਪਰ ਸਥਾਨਕ ਲੋਕਾਂ ਨੂੰ ਕੁੱਝ ਦੇ ਕੇ ਖਤਰੇ ਵਿਚ ਪੈਣ ਲਈ ਤਿਆਰ ਨਹੀਂ ਸਨ।

ਬੁੱਧਵਾਰ ਦੇ ਦਿਨ ਬੰਗਾਲ ਦੀ ਸਰਕਾਰ ਨੇ ਇੱਕ ਬਿਆਨ ਜਾਰੀ ਕੀਤਾ ਜਿਸ ਵਿਚ ਦਾਅਵਾ ਕੀਤਾ ਕਿ ਮੁਸਾਫਰਾਂ ਨੇ ਗੋਲੀ ਚਲਾਉਣ ਦੀ ਪਹਿਲ ਕੀਤੀ ਸੀ। ਬਿਨਾ ਕਿਸੇ ਪੁਰਬਲੀ ਸੂਚਨਾ ਦੇਣ ਤੋਂ ਬਿਆਨ ਨੇ ਇਸ ਤਰ੍ਹਾਂ ਨਿਰਣਾ ਕੀਤਾ "ਬੰਗਾਲ ਦੀ ਸਰਕਾਰ ਨੂੰ ਹੋਣ ਵਾਲੇ ਜਾਨੀ ਨੁਕਸਾਨ ਦਾ ਡੂੰਘਾ ਅਫਸੋਸ ਹੈ। ਸਰਕਾਰ ਤਾਂ ਆਪਣੇ ਐਲਾਨ ਕੀਤੇ ਗਏ ਮੰਤਵ ਦੀ ਪੂਰਤੀ ਲਈ ਹੀ ਸਭ ਕਾਰਵਾਈ ਕਰ ਰਹੀ ਸੀ ਕਿ ਮੁਸਾਫਰਾਂ ਨੂੰ ਉਹਨਾਂ ਦੇ ਘਰੀਂ ਪਹੁੰਚਾਇਆ ਜਾਵੇ। ਮੁਸਾਫਰਾਂ ਨੇ ਇਸ ਜਹਾਜ਼ ਦੀ ਯਾਤਰਾ ਵਿਚ ਬਹੁਤ ਰੁਪੈ ਪੈਸੇ ਖਰਚੇ ਸਨ ਤੇ ਡਾਢੇ ਦੁੱਖ ਝੱਲੇ ਸਨ। ਸਰਕਾਰ ਨੂੰ ਕੁੱਝ ਮੁਸਾਫਰਾਂ ਵਿੱਚ ਸਿਆਸੀ ਅਸੰਤੁਸਟਤਾ ਦੀ ਜਾਣਕਾਰੀ ਸੀ ਅਤੇ ਪੰਜਾਬ ਸਰਕਾਰ ਦੀ ਪੂਰੀ ਰਜ਼ਾਮੰਦੀ ਨਾਲ ਇਹ ਸੋਚਦੀ ਸੀ ਕਿ ਉਹਨਾਂ ਨੂੰ ਤੁਰੰਤ ਅਤੇ ਸਿੱਧਿਆਂ ਹੀ ਆਪਣੇ ਇਲਾਕੇ ਵਿੱਚ ਪਹੁੰਚਣਾ ਚਾਹੀਦਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਕਿਸੇ ਹੈ ਜਰਾ ਜਿੰਨਾ ਵੀ ਯਕੀਨ ਨਹੀਂ ਸੀ ਕਿ ਮੁਸਾਫਰਾਂ ਚੋਂ ਕੁਝ ਬੰਦੇ ਅੰਗਰੇਜ਼ ਅਫਸਰਾ ਤੇ ਹਮਲਾ ਕਰਨ ਲਈ ਹਥਿਆਰਬੰਦ ਵੀ ਹੋ ਸਕਦੇ ਸਨ।"

ਜਿਸ ਸਮੇਂ ਇਹ ਬਿਆਨ ਜਾਰੀ ਕੀਤਾ ਗਿਆ। ਉਸ ਸਮੇਂ ਤੀਕ ਮੁਸਾਫਰਾਂ ਚੋਂ 170 ਦੇ ਲੱਗ ਭੱਗ ਹੱਥ ਨਹੀਂ ਸਨ ਲੱਗੇ। ਹੁਣ ਤੱਕ 16 ਮੁਸਾਫਰਾਂ ਦੀ ਦੋ ਬੰਗਾਲੀਆਂ ਦੀ ਇੱਕ ਪੰਜਾਬ ਪੁਲਿਸ ਦੇ ਸਿਪਾਹੀ ਦੀ ਅਤੇ ਰੇਲ ਅਧਿਕਾਰੀ ਲੈਮੋਕਸ ਦੇ ਮਰਨ ਦੀ ਜਾਣਕਾਰੀ ਮਿਲੀ ਸੀ ਸੁਪਰਡੈਂਟ ਈਸਟ ਵੁੱਡ ਪ੍ਰੈਜੀਡੈਂਸੀ ਜੈਨਰਲ ਹਸਪਤਾਲ ਵਿਚ ਗੰਭੀਰ ਰੂਪ ਵਿੱਚ ਜ਼ਖਮੀ ਹੋਇਆ ਪਿਆ ਸੀ ਅਤੇ ਜ਼ਖਮੀ ਬੰਦੇ ਜਿੰਨਾ ਨੂੰ ਮੈਡੀਕਲ ਕਾਲਜ ਦੇ ਹਸਪਤਾਲ ਵਿਚ ਲਿਜਾਇਆ ਗਿਆ ਸੀ, ਸਾਰੇ ਭੈੜੀ ਹਾਲਤ ਵਿੱਚ ਸਨ। ਵੀਰਵਾਰ ਦੀ ਸਵੇਰ ਨੂੰ ਇੱਕ ਸਿੱਖ ਦੀ ਲਾਸ਼ ਨੂੰ ਦਰਿਆ ਵਿਚ ਤਰੀ ਜਾਂਦੀ ਨੂੰ ਤੱਕਿਆ ਗਿਆ। ਉਸਦੇ ਸਿਰ ਵਿਚ ਗੋਲੀ ਮਾਰੀ ਗਈ ਸੀ ਅਤੇ ਲੱਗਦਾ ਸੀ ਉਹ ਲੜਖੜਾਦਾ ਪਾਣੀ ਵਿੱਚ ਆ ਕੇ ਡਿੱਗਾ ਅਤੇ ਡੁੱਬ ਗਿਆ। ਦੁਪਿਹਰ ਨੂੰ ਮੈਡੀਕਲ ਕਾਲਜ ਹਸਪਤਾਲ ਵਿਚ ਪਏ ਜ਼ਖਮੀਆਂ ਵਿੱਚੋਂ ਇੱਕ ਚੱਲ ਵਸਿਆ ਇਸ ਨਾਲ ਮੁਸਾਫਰਾਂ ਦੇ ਮਰਨ ਦੀ ਸੰਖਿਆ 18 ਤੀਕਰ ਪੁੱਜ ਗਈ।

ਚੰਗੀ ਕਿਸਤਮ ਵਾਲੇ ਜਿਹੜੇ ਕਿ ਫਸਾਦ ਹੋਣ ਤੋਂ ਦੋ ਘੰਟੇ ਪਹਿਲਾਂ ਗੱਡੀ ਦੁਆਰਾ ਚਲੇ ਗਏ ਸਨ। ਉਹ 2 ਅਕਤੂਬਰ ਦਿਨ ਸ਼ੁਕਰਵਾਰ ਨੂੰ ਲੁਧਿਆਣੇ ਪੰਜਾਬ ਵਿਚ ਅਪੜੇ। ਉਹ ਸਿੱਧੇ ਹੀ ਆਏ ਸਨ ਤੇ ਉ ਹਨਾਂ ਦੀ ਗੱਡੀ ਤੇਜ਼ ਰਫਤਾਰ ਤੇ ਚੱਲੀ ਸੀ ਅਤੇ ਉਹ ਕੇਵਲ ਨਿਹਾਤੀ ਤੇ ਰੁਕੀ ਸੀ ਜਿੱਥੇ ਮੁਸਾਫਰਾਂ ਨੂੰ ਪਹਿਲੀ ਸ਼ਾਮ ਹਲਕਾ ਜਿਹਾ ਖਾਣਾ ਦਿੱਤਾ ਗਿਆ ਸੀ। ਫੇਰ ਅਲਾਹਾਬਾਦ ਜਾ ਕੇ ਰੁਕੀ ਜਿੱਥੇ ਉਹ ਸਾਰੇ ਹੇਠਾਂ ਉੱਤਰ ਗਏ ਅਤੇ ਓਦੋਂ ਤੀਕਰ ਗੱਡੀ ਤੇ ਮੁੜ ਸਵਾਰ ਹੋਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੀਕਰ ਉਹਨਾਂ ਨੂੰ ਖਾਣਾ ਨਾ ਦਿੱਤਾ ਜਾਵੇ। ਅਤੇ ਫੇਰ ਗੱਡੀ ਦਿੱਲੀ ਰੁਕੀ ਸੀ। ਉਹਨਾਂ ਦੇ ਨਾਲ ਕੇਵਲ ਇੱਕ ਹੀ ਪੁਲਿਸ ਅਫਸਰ ਆਇਆ। ਪਰ ਜਦੋਂ ਉਹ ਲੁਧਿਆਣੇ ਅਪੜੇ ਸਨ ਤਾਂ ਉਹਨਾਂ ਨੇ ਵੇਖਿਆ ਕਿ ਪੰਜਾਬ ਪੁਲਿਸ ਦੀ ਗਾਰਡ ਨਾਲ ਭਰਿਆ ਪਿਆ ਸੀ। ਪੁਲਿਸ ਨੂੰ ਦੱਸਿਆ ਗਿਆ ਸੀ ਕਿ ਉਹ ਮੁਸਾਫਰ ਜਰਮਨ ਦੇ ਜਾਸੂਸ ਸਨ। ਸਾਰੀ ਰਾਤ ਉਹਨਾਂ ਨੂੰ ਗੱਡੀ 'ਚ ਹੀ ਰੱਖਿਆ ਗਿਆ ਅਤੇ ਇਸ ਪਿੱਛੋਂ ਉਹਨਾਂ

ਨੂੰ ਇੱਕ ਸਾਤੇ ਲਈ ਮਿਉਸਪੈਲਟੀ ਦੇ ਇੱਕ ਵੱਡੇ ਕਮਰੇ ਵਿਚ ਡੱਕੀ ਰੱਖਿਆ। ਹਰ ਇੱਕ ਨੂੰ ਅੱਡ ਅੱਡ ਕਰਕੇ ਉਹਨਾਂ ਤੋਂ ਪ੍ਰਸ਼ਨ ਪੁੱਛੇ ਗਏ। ਉਹਨਾਂ ਚੋਂ ਬਹੁਤਿਆਂ ਨੇ ਸੰਖੇਪ ਜਿਹੇ ਬਿਆਨ ਦਿੱਤੇ ਸਨ ਜੋ ਗੁਰਦਿਤ ਸਿੰਘ ਦੀ ਵਫਾਦਾਰੀ ਦਾ ਦਮ ਭਰਦੇ ਸਨ। ਪਰ ਉਹਨਾਂ ਚੋਂ ਦੋ ਬੰਦਿਆਂ ਭਾਨ ਸਿੰਘ ਵਿਦਿਆਰਥੀ ਤੇ ਉਸਦੇ ਦੋਸਤ ਪੋਹਲੋ ਰਾਮ ਨੇ ਗੱਲ ਬਾਤ ਲੰਮੇਰੀ ਕੀਤੀ ਸੀ। ਸਪਤਾਹ ਦੇ ਅੰਤ ਉੱਤੇ ਉਹਨਾਂ ਨੂੰ ਆਪਣੇ ਆਪਣੇ ਪਿੰਡਾਂ ਨੂੰ ਭੇਜ ਦਿੱਤਾ ਗਿਆ ਤੇ ਸਰਕਾਰ ਨੇ ਉਹਨਾਂ ਦਾ ਕਿਰਾਇਆ ਆਪ ਅਦਾ ਕੀਤਾ।

ਬਜ ਬਜ ਦੇ ਅੰਦਰ ਤੇ ਦੁਆਲੇ ਵਿਚ ਤਲਾਸ਼ੀ ਦੇ ਦੂਜੇ ਦਿਨ ਦੇ ਦੌਰਾਨ ਅਧਿਕਾਰੀਆਂ ਨੂੰ ਕਾਮਾਗਾਟਾ ਮਾਰੂ ਦੀ ਨਿਰੋਲ ਇੱਕੋ ਇੱਕ ਇਸਤਰੀ ਮੁਸਾਫਰ ਕਿਸ਼ਨ ਕੌਰ ਜਿਹੜੀ ਕਿ ਆਪਣੇ ਪਤੀ ਸੁੰਦਰ ਸਿੰਘ ਅਤੇ ਦੋ ਬੱਚਿਆਂ ਸਮੇਤ ਛੋਟਾ ਅਜੇ ਬੇਬੀ ਹੀ ਸੀ ਲੁਕੀ ਹੋਈ ਫੜੀ ਗਈ। ਕਿਸ਼ਨ ਕੌਰ ਨੂੰ ਉਸਦੇ ਬੱਚਿਆਂ ਸਮੇਤ ਪੰਜਾਬ ਨੂੰ ਗੱਡੀ ਦੁਆਰਾ ਘੱਲ ਦਿੱਤਾ ਗਿਆ ਅਤੇ ਸੁੰਦਰ ਸਿੰਘ ਨੂੰ ਬੰਦੀ ਬਣਾ ਲਿਆ ਗਿਆ ਅਤੇ ਜੇਲ ਭੇਜ ਦਿੱਤਾ ਗਿਆ। ਪੰਜਾਬ ਤੇ ਬੰਗਾਲ ਦੀ ਪੁਲਿਸ ਹਰ ਇੱਕ ਸਿੱਖ ਨੂੰ ਜਿਹੜਾ ਚੰਗੀ ਤਰ੍ਹਾਂ ਦੱਸ਼ ਨਹੀਂ ਸੀ ਸਕਦਾ ਕਿ ਉਹ ਕੌਣ ਸੀ ਅਤੇ ਕਿੱਥੋਂ ਆਇਆ ਸੀ ਰੋਕਦੀ ਰਹੀ। ਉਹਨਾਂ ਨੇ ਹਾਵੜੇ ਤੇ ਸੈਲਡਾ ਦੇ ਸਟੇਸ਼ਨਾਂ ਤੇ ਵਿਸ਼ੇਸ਼ ਨਿਗਰਾਨੀ ਰੱਖੀ ਹੋਈ ਸੀ। ਉਹਨਾਂ ਜ਼ਿਲਿਆਂ ਜਿੰਨਾ ਵਿਚ ਭਗੌੜਿਆ ਦੇ ਲੁਕੇ ਹੋਣ ਦੀ ਸੰਭਾਵਨਾ ਸੀ ਢੋਲ ਪਿੱਟ ਕੇ ਮੁਨਾਦੀ ਕਰਵਾ ਦਿੱਤੀ ਗਈ ਸੀ ਕਿ ਹਰ ਇੱਕ ਗਿਰਫਤਾਰੀ ਦੇ ਇਵਜ਼ ਵਿੱਚ ਸੌ ਰੁਪਏ ਦਿੱਤੇ ਜਾਣਗੇ। ਫਸਾਦ ਤੋਂ ਬਾਅਦ ਕਈ ਦਿਨਾਂ ਤੱਕ ਗਸ਼ਤੀ ਦਸਤਿਆਂ ਨੇ ਨਾਂਹ ਕੇਵਲ ਬਜ ਬਜ ਦੇ ਗੁਆਢੀ ਇਲਾਕੇ ਨੂੰ ਚੁੰਡ ਮਾਰਿਆ ਸੀ ਸਗੋਂ ਉਹ ਸਾਰੇ ਇਲਾਕੇ ਨੂੰ ਵੀ ਜਿਹੜਾ ਬਜ ਬਜ ਤੋਂ ਪੰਦਰਾਂ ਜਾਂ ਵੀਹ ਕਿਲੋਮੀਟਰ ਅਰਧ ਵਿਆਸ ਦੇ ਸੀ ਹੂੰਝ ਮਾਰਿਆ ਸੀ। ਹਰਨਾਮ ਸਿੰਘ ਜਿਹੜਾ ਵੀਰਵਾਰ ਨੂੰ ਬਜ ਬਜ ਤੋਂ ਲਾਗੇ ਹੀ ਅਰਹਰ ਦੇ ਖੇਤ ਵਿਚ ਗੋਡਿਆ ਪਰਨੇ ਲੁਕਿਆ ਪਿਆ ਮਿਲਿਆ ਉਹ ਦਸ਼ਾ ਬਹੁਤ ਸਾਰੇ ਮੁਸਾਫਰਾਂ ਦੀ ਮੰਦਹਾਲੀ ਦਾ ਨਮੂਨਾ ਸੀ। ਉਸੇ ਦਿਨ ਹੀ ਪੁਲਿਸ ਨੂੰ ਦੱਸਿਆ ਗਿਆ ਕਿ ਅੱਸੀ ਸਿੱਖ ਦੋ ਟੋਲੀਆਂ ਵਿੱਚ ਠੰਡੀਤਾਲਾ ਤੋਂ ਸੇਖਲਾ ਜਾਣ ਵਾਲੀ ਸੜਕ ਦੇ ਨਾਲ ਨਾਲ ਮਾਰਚ ਕਰਦੇ ਹੋਏ ਵੇਖੇ ਗਏ ਸਨ। ਇਹ ਸੜਕ ਕਲਕੱਤੇ ਦੀ ਉੱਤਰ ਪੱਛਮ ਵੱਲ ਤੀਹ ਕਿਲੋਮੀਟਰ ਤੇ ਸੀ।

ਉਸ ਰਾਤ ਪੰਜਾਹ ਫੌਜੀਆਂ ਦੀ ਵਿਸ਼ੇਸ਼ ਟੁਕੜੀ ਨੇ ਉਹਨਾਂ ਵਿੱਚੋਂ 25 ਅਫਸਰਾਂ ਨੂੰ ਇੱਕ ਚਰਾਂਦ ਵਿੱਚ ਸੁਤਿਆ ਨੂੰ ਦਬੋਚ ਲਿਆ। ਫੌਜੀ ਟੁਕੜੀ ਦੇ ਕਥਨ ਅਨੁਸਾਰ ਸਿੱਖਾਂ ਨੇ ਵਾਰਨਿੰਗ ਫਾਇਰ ਦੇ ਉੱਤਰ ਵਿਚ ਗੋਕਾਲਵਰ ਦੇ ਫਾਇਰ ਕੀਤੇ ਅਤੇ ਬਚਕੇ ਨਿਕਲਣ ਦਾ ਯਤਨ ਕੀਤਾ। ਉਹਨਾਂ ਚੋਂ ਸਤਾਰਾਂ ਨੂੰ ਤੁਰੰਤ ਹੀ ਗਿਰਫਤਾਰ ਕਰ ਲਿਆ ਗਿਆ ਅਤੇ ਦੋ ਹੋਰ ਨੂੰ ਸੜਕ ਦੇ ਲਹਿੰਦੇ ਪਾਸੇ ਵੱਲ ਕੁਝ ਕਿਲੋਮੀਟਰ ਤੇ ਹੀ ਬੰਦੀ ਬਣਾ ਲਿਆ ਗਿਆ ਸਪਤਾਹ ਦੇ ਅੰਤ ਤੀਕ ਕੇਵਲ 85 ਭਗੌੜੇ ਹੀ ਸਨ ਜਿਹੜੇ ਫੜੇ ਨਹੀਂ ਗਏ ਸਨ। ਕੁੱਝ ਹੋਰ ਦਿਨਾਂ ਤੀਕ ਪੁਲਿਸ ਨੇ ਕਾਮਾਗਾਟਾ ਮਾਰੂ ਦੇ ਬੰਦਿਆਂ ਨੂੰ ਕਲਕੱਤੇ ਦੇ ਨਿਕਟਵਰਤੀ ਖੇਤਰਾਂ ਚੋਂ ਅਤੇ 24 ਪਰਗਾਨਾ ਚੋਂ ਫੜਨਾ ਜਾਰੀ ਰੱਖਿਆ। ਪਰ 8 ਅਕਤੂਬਰ ਵਾਲੇ ਦਿਨ ਪੰਜਾਂ ਨੂੰ ਮਿਦਨਾਪੁਰ ਚੋਂ ਜਿਹੜਾ ਕਿ ਕੱਲਕੱਤੇ ਦੇ ਪੱਛਮ ਵੱਲ ਸੌ ਕਿਲੋਮੀਟਰ ਦੀ ਦੂਰੀ ਤੇ ਸੀ ਪਕੜਿਆ। ਚਾਰ ਦਿਨ ਬਾਅਦ 19 ਮੁਸਾਫਰਾਂ ਨੂੰ ਬਨਕੁਸ ਚੋਂ ਚੋਰ ਵੀ ਉੱਤਰ ਪੱਛਮ ਵੱਲ ਗਿਰਫਤਾਰ ਕਰ ਲਿਆ ਗਿਆ, ਇਸ ਉਪਰੰਤ ਪੁਲਿਸ ਦੇ ਯਤਨ ਘੱਟ ਸਫਲ ਹੋਏ। ਭਾਵੇਂ ਸਰਕਾਰ ਅਜੇ ਵੀ ਚਾਹੁੰਦੀ ਸੀ ਕਿ ਬਾਕੀ ਬਚਦੇ 40 ਭਗੌੜਿਆਂ ਨੂੰ ਵੀ ਫੜ ਲਿਆ ਜਾਵੇ।

ਸੁਪਰਡੈਂਟ ਈਸਟ ਵੁੱਡ ਜਿਸਨੂੰ ਵਕਤੀ ਤੌਰ ਤੇ ਮੋੜ ਪਿਆ ਲੱਗਦਾ ਸੀ 3 ਅਕਤੂਬਰ ਸ਼ਨਿਚਰਵਾਰ ਦੀ ਸਵੇਰ ਨੂੰ ਅੰਦਰੂਨੀ ਖੂਨ ਦੀ ਨਾਲੀ ਫਟਣ ਨਾਲ ਚੱਲ ਵਸਿਆ। ਉਸ ਦੀ ਅਰਥੀ ਦੇ ਜਾਲੂਸ ਵਿਚ 2000 ਤੋਂ ਵੱਧ ਬੰਦੇ ਸ਼ਾਮਲ ਸਨ। ਉਸਨੂੰ ਪੂਰੇ ਫੌਜੀ ਸਨਮਾਨਾਂ ਨਾਲ ਵਿਦਾ ਕੀਤਾ ਗਿਆ। ਭਾਰਤ ਵਿਚ ਵਸਦੀ ਬਰਤਾਨਵੀ ਕਮਿਊਨਿਟੀ ਵਿੱਚ ਕਿਸੇ ਨੂੰ ਵੀ ਇਹ ਫੁਰਨਾ ਨਹੀਂ ਫੁਰਿਆ

ਕਿ ਕਸੂਰ ਸਰਕਾਰ ਦਾ ਹੋ ਸਕਦਾ ਸੀ ਅਤੇ ਅਜਿਹੇ ਰਵੱਈਏ ਦੇ ਦਰਪੇਸ਼ ਪਰੰਪਰਾਵਾਦੀ ਸਿੱਖ ਨੇਤਾਵਾਂ ਨੇ ਵੀ ਕੋਈ ਸਹਾਸ ਨਹੀਂ ਵਿਖਾਇਆ। 6 ਅਕਤੂਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੋਈ ਇੱਕ ਇਕੱਤਰਤਾ ਵਿਚ ਉਹਨਾਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਅਪਨਾਉਣ ਤੋਂ ਨਾਂਹ ਕਰ ਦਿੱਤੀ। ਉਹਨਾਂ ਨੇ ਬਰਤਾਨਵੀ ਤਾਜ ਸਬੰਧੀ ਆਪਣੇ ਅਚੁੱਕ ਤੇ ਸੰਪੂਰਨ ਵਫਾਦਾਰੀ ਦਾ ਐਲਾਨ ਕੀਤਾ। ਇਸ ਤਰ੍ਹਾਂ 8 ਅਕਤੂਬਰ ਨੂੰ ਕਲਕੱਤੇ ਦੇ ਬੁੜੇ ਬਾਜ਼ਾਰ ਦੇ ਸਿੱਖ ਗੁਰਦੁਆਰੇ ਵਿੱਚ ਸਿਖਾਂ ਨੇ ਤੇ ਕਲੱਕਤੇ 'ਚ ਵਸਦੇ ਪੰਜਾਬੀਆਂ ਨੇ ਮੁਸਾਫਰਾਂ ਦੇ ਤਸ਼ੱਦਦ ਨੂੰ ਅਪਰਾਧ ਕਰਾਰ ਦਿੱਤਾ ਅਤੇ ਮਾਰੇ ਜਾਂ ਜ਼ਖਮੀ ਹੋਏ ਪੁਲਿਸ ਅਫਸਰਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਿਨ੍ਹਾਂ ਨੇ ਇਸ ਇੱਕਤ੍ਰਤਾ ਵਿਚ ਸ਼ਮੂਲੀਅਤ ਕੀਤੀ ਸੀ, ਉਹ ਅਫਵਾਹਾਂ ਦਾ ਖੰਡਨ ਕਰਨਾ ਤੇ ਇਸ ਘਟਨਾ ਦੀਆਂ ਸਿਆਸੀ ਉਲਝਣਾਂ ਦੇ ਮੱਸਲਿਆ ਨੂੰ ਖੁੰਡਿਆ ਕਰਨਾ ਲੋੜਦੇ ਸਨ। ਇਕ ਬੁਲਾਰੇ ਨੇ ਐਲ਼ਾਨ ਕੀਤਾ ਇਹ ਸਿੱਧੇ ਸਾਦੇ ਰੂਪ ਵਿਚ ਇਕ ਵਿੱਕੋਲਿੱਤਰ ਸਥਾਨਕ ਮਸਲਾ ਸੀ। ਭੋਲੇ ਭਾਲੇ ਲੋਕ ਸਰਕਾਰ ਦੇ ਉਪਕਾਰ-ਮਈ ਇਰਾਦਿਆਂ ਨੂੰ ਗਲਤ ਸਮਝ ਬੈਠੇ। ਪਰ ਇਹ ਨ ਹੀ ਬਾਗੀਆਂ ਦਾ ਕੰਮ ਸੀ ਤੇ ਨ ਹੀ ਗੱਲ ਕੱਟ ਹੱਤਿਆਰਿਆ ਦਾ। ਇਹ ਤਾਂ ਸਿੱਧੀ ਗਲਤ ਫਹਿਮੀ ਦਾ ਸਿੱਟਾ ਸੀ। ਉਸਨੇ ਆਸ ਪ੍ਰਗਟ ਕੀਤੀ ਕਿ ਇਸ ਸਭ ਕੁਝ ਨੂੰ ਇਸੇ ਪ੍ਰਕਾਸ਼ ਵਿੱਚ ਲਿਆ ਜਾਵੇਗਾ ਤੇ ਇੰਜ ਹੀ ਇਸ ਪ੍ਰਤੀ ਰਵੱਈਆ ਧਾਰਨ ਕੀਤਾ ਜਾਵੇਗਾ।

ਬਹੁਤ ਸਾਰੇ ਭਾਰਤੀ ਪੱਤਰਕਾਰਾਂ ਪਰੈਸ ਐਕਟ ਦੇ ਅਧੀਨ ਪੁਲਿਸ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ ਕਰਨ ਦਬਕੇ ਰਹੇ ਅਤੇ ਇਹ ਕਾਰਨ ਠੀਕ ਸੀ ਕਿਉਂਕਿ ਪੰਜਾਬੀ ਭਾਸ਼ਾ ਦੇ ਦੋ ਸਮਾਚਾਰ ਪੱਤਰਾਂ "ਖਾਲਸਾ ਅਖਬਾਰ ਤੇ ਸ਼ੇਰੇ ਪੰਜਾਬ ਨੂੰ ਤਾਲਾ ਮਾਰ ਦਿੱਤਾ ਗਿਆ ਸੀ।ਉਹਨਾਂ ਨੇ ਕਠੋਰ ਵਿਰੋਧਾਤਮਿਕ ਲੇਖ ਪ੍ਰਕਾਸ਼ਤ ਕੀਤੇ ਸਨ। ਫਿਰ ਵੀ ਸੁਰਿੰਦਰ ਨਾਥ ਬੈਨਰਜੀ ਜਿਹੜਾ ਕਿ ਬੰਗਾਲ ਦੀ ਮੱਧ ਪੱਖੀ ਵਿਚਾਰਧਾਰਾ ਦੀ ਅਵਾਜ਼ ਸੀ। ਉਸ ਸਮੇਂ ਤੋਂ ਹੀ ਜਦੋਂ ਪੜਤਾਲ ਦੀ ਮੰਗ ਕਰਨ ਲੱਗ ਗਿਆ ਸੀ। ਬੰਗਾਲ ਸਰਕਾਰ ਦਾ ਬਿਆਨ ਆਇਆ ਸੀ। ਉਸ ਦੇ ਅਖਬਾਰ ਬੰਗਾਲੀ ਦੇ ਸੰਪਾਦਕੀ ਲੇਖਾਂ ਦੀ ਲੜੀ ਦੇ ਇਕ ਲੇਖ ਵਿਚ ਉਸਨੇ ਇਸ ਮਾਮਲੇ ਨੂੰ ਇਉਂ ਬਿਆਨਿਆ ਸੀ। "ਅਸਾਡਾ ਵਿਚਾਰ ਹੈ ਕਿ ਅਧਿਕਾਰੀ ਇਸ ਗੱਲ ਨੂੰ ਖੋਲਕੇ ਦੱਸਣ ਕਿ ਉਹਨਾਂ ਨੇ ਇਹ ਕਿਉਂ ਜ਼ਰੂਰੀ ਸਮਝਿਆ ਕਿ ਸਿੱਖ ਪਰਿਵਾਸੀਆਂ ਨੂੰ ਉਹਨਾਂ ਦੇ ਘਰੀਂ ਜਾਣ ਤੇ ਮਜ਼ਬੂਰ ਕੀਤਾ ਜਾਵੇ। ਉਹਨਾਂ ਨੂੰ ਕੱਲਕੱਤੇ ਜਾਣ ਤੋਂ ਕਿਉਂ ਰੋਕਿਆ ਗਿਆ ਸੀ। ਜਦੋਂ ਕਿ ਉਹਨਾਂ ਚੋਂ ਕੁੱਝ ਇੱਕ ਅਜਿਹਾ ਕਰਨਾ ਚਾਹੁੰਦੇ ਸਨ। ਅਜੇਹੀ ਕਾਰਵਾਈ ਨੂੰ ਕਾਨੂੰਨ ਦੀ ਵਿਵਸਥਾ ਨੂੰ ਮੁੱਖ ਰੱਖਕੇ ਜਾਂ ਜੰਤਕ ਸ਼ਾਂਤੀ ਨੂੰ ਸਨਮੁੱਖ ਰੱਖਕੇ ਹੀ ਜਾਇਜ ਠਹਿਰਾਇਆ ਜਾ ਸਕਦਾ ਹੈ। ਨਿਰਸੰਦੇਹ ਅਧਿਕਾਰੀਆਂ ਕੋਲ, ਕੋਈ ਆਪਣਾ ਕਾਰਨ ਮੌਜੂਦ ਹੋਣਗੇ ਅਤੇ ਸ਼ਾਇਦ ਉਹਨਾਂ ਨੇ ਪੁਲਿਸ ਦੀਆਂ ਰਿਪੋਰਟਾ ਤੇ ਅਮਲ ਕੀਤੇ ਹੋਣਗੇ। ਪਰ ਇਹ ਰਿਪੋਰਟਾ ਜਿਵੇਂ ਕਿ ਸਭ ਜਾਣਦੇ ਹਨ। ਹਮੇਸ਼ਾ ਰੱਬੀ ਸੱਚ ਨਹੀਂ ਹੁੰਦੀਆਂ। ਵਾਸਤਵਿਕ ਵਿਚ ਸਾਡਾ ਖਿਆਲ ਹੈ ਕਿ ਜੇ ਉਹਨਾਂ ਨੂੰ ਕਲਕੱਤੇ ਜਾਣ ਦੀ ਆਗਿਆ ਦੇ ਦਿੱਤੀ ਜਾਂਦੀ ਤਾਂ ਕੋਈ ਗੰਭੀਰ ਖਤਰਾ ਨਹੀਂ ਸੀ। ਇਹ ਅਫਸੋਸ ਜਨਕ ਸਾਕਾ ਅਸੀਂ ਮਹਿਸੂਸ ਕਰਦੇ ਹਾਂ ਕਿ ਥੋੜੀ ਜਿਹੀ ਨੀਤੀ ਅਤੇ ਸਿਆਣਪ ਵਰਤਕੇ ਟਾਲਿਆ ਜਾ ਸਕਦਾ ਸੀ"।

ਕੱਲਕੱਤੇ ਦਾ ਉਚ ਅਧਿਕਾਰੀ ਮ੍ਰਿਤ ਅਫਸਰ (ਕੋਰਨੋਰ) ਮੈਲਕਾਮ ਲਾਮੋਕ ਤੇ ਤਿੰਨ ਅਨਾਮ ਸਿੱਖਾਂ ਦੀਆਂ ਮੌਤਾ ਸੰਬੰਧੀ ਪੜਤਾਲ ਕਰ ਰਿਹਾ ਸੀ। ਇਹ ਪਹਿਲੀਆਂ ਮੌਤਾ ਸਨ ਜਿੰਨ੍ਹਾਂ ਦੀ ਉਸਨੂੰ ਸੂਚਨਾ ਦਿੱਤੀ ਗਈ ਸੀ। ਇਹਨਾਂ ਸਿੱਖਾਂ ਨੂੰ ਫਸਾਦ ਵਾਲੀ ਸ਼ਾਮ ਨੂੰ ਮੈਡੀਕਲ ਹਸਪਤਾਲ ਵਿਚ ਲਿਜਾਇਆ ਗਿਆ ਸੀ। ਮਲਵੇ ਦੇ ਆਰੰਭ ਹੋਣ ਤੋਂ ਦੂਜੇ ਦਿਨ ਪਿੱਛੋਂ ਕੋਰੋਨਰ ਜਿਊਰੀ ਦੇ ਮੈਂਬਰਾਂ ਨੂੰ ਲੈ ਕੇ ਮੁਰਦਾਖਾਨੇ ਗਿਆ ਤਾਂ ਜੋ ਉਹ ਉਹਨਾਂ ਦੀਆਂ ਲਾਸ਼ਾਂ ਨੂੰ ਤੱਕ ਸਕਣ। ਇਹ ਇੱਕ ਅਜਿਹਾ ਅਵਸਰ ਸੀ ਜਿਸਨੇ ਇਕ ਵੱਡੀ ਭੀੜ ਨੂੰ ਕੁਲ੍ਹਤਾਲਾ ਦੀ ਗਲੀ ਵੱਲ ਜਿਥੇ ਕਿ ਮੁਰਦਾ ਘਾਟ ਸੀ ਖਿੱਚ ਲਿਆ ਸੀ। ਦੋ ਹਫਤਿਆਂ ਪਿੱਛੋਂ ਜਿਊਰੀ ਦੇ ਰੁਕਨਾਂ ਨੇ ਗਵਾਹੀਆਂ ਸੁਣੀਆਂ ਸਨ। ਮੁੱਖ ਗਵਾਹ, ਪੁਲਿਸ ਕਮਿਸ਼ਨਰ ਸਰ ਫਰੇਡਰਿੱਕ ਹੈਲੀਡੇ ਨੇ ਪਹਿਲੀਆਂ ਗੋਲੀਆਂ ਚਲਦੀਆਂ ਨਹੀਂ ਸੁਣੀਆਂ ਸਨ ਅਤੇ ਤਿੰਨ ਪੁਲਿਸ ਸਾਰਜੈਂਟਾਂ ਪ੍ਰਸ਼ਨ ਕੀਤੇ ਗਏ ਸਨ ਉਹ ਇਹ ਸਨ ਜਿਨ੍ਹਾਂ ਨੇ ਜ਼ਖਮੀਆਂ ਨੂੰ ਹਸਪਤਾਲ ਲਿਆਉਣ ਵਿਚ ਸਹਾਇਤਾ

ਕੀਤੀ ਸੀ ਕੇਵਲ ਇੱਕ ਹੀ ਗਵਾਹ ਸੀ,ਜਿਹੜਾ ਗੋਲੀ ਚੱਲਣ ਸਮੇਂ ਮੌਜੂਦ ਸੀ,ਉਸਨੂੰ ਪਕਾ ਪਤਾ ਨਹੀਂ ਸੀ ਕਿ ਕੀ ਘਟਨਾ ਘਟੀ ਸੀ,ਪੁਲਸ ਸਰਜਨ ਦੀ ਗਵਾਹੀ ਜਿਸਨੇ ਪੋਸਟ ਮਾਰਟਮ ਕੀਤਾ ਸੀ ਅਤੇ ਮੈਡੀਕਲ ਹਸਪਤਾਲ ਸਥਿੱਤ ਸਰਜਨ ਦੀ ਸ਼ਹਾਦਤ ਨੇ ਇਸ ਗੱਲ ਤੋਂ ਬਿਨਾਂ ਕਿ ਲਾਮੈਕਸ ਨੂੰ ਵੱਜਣ ਵਾਲੀਆਂ ਗੋਲੀਆਂ ਦਾ ਕਿੰਨਾ ਵਜਨ ਸੀ ਕੋਈ ਨਿਰਨਾ ਨਹੀਂ ਸੀ ਦਿੱਤਾ । ਫਿਰ ਵੀ ਜਿਊਰੀ ਦੀ ਪੜਤਾਲ ਨੂੰ ਯਕੀਨ-ਦਵਾਊ ਤੇ ਇਨਸਾਫ ਪਸੰਦ ਦੱਸਕੇ ਸਿਵਲ ਅਫਸਰ ਨੇ ਐਲਾਨ ਕੀਤਾ ਕਿ "ਪੁਲਿਸ ਤੇ ਫੌਜ ਕੋਲ ਗੋਲੀ ਚਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਅਤੇ ਸਿੱਖਾਂ ਨੂੰ ਉੱਕਾ ਹੀ ਭੜਕਾਇਆ ਨਹੀਂ ਗਿਆ ਸੀ ।"

ਅਕਤੂਬਰ 13 ਦੀ ਸ਼ਾਮ ਨੂੰ ਮੈਡੀਕਲ ਹਸਪਤਾਲ ਵਿਚ ਉੱਨੀਵਾਂ ਮੁਸਾਫਰ ਟਹਿਲ ਸਿੰਘ ਵੀ ਹੈਜ਼ੇ ਦੇ ਕਾਰਨ ਮਰ ਗਿਆ ਸੀ । ਪੰਜਾਬ ਵਿੱਚ ਸਿੱਖਾਂ ਨੇ ਮੁਸਾਫਰਾਂ ਦੀ ਹਮਦਰਦੀ ਵਿੱਚ ਕਈ ਇੱਕਤਰਤਾਵਾਂ ਕੀਤੀਆਂ ਇਸ ਦੇ ਫਲਸਰੂਪ ਲਾਰਡ ਹਾਰਡਿੰਗ ਨੂੰ ਪੈਟੀਸ਼ਨ ਪੇਸ਼ ਕੀਤੇ ਗਏ ਸਨ ਜਿੰਨਾ ਵਿਚ ਅੰਗੋਰਜ਼ੀ ਭਾਸ਼ਾ ਵਿਚ ਛਪਦੇ ਅਖਬਾਰਾਂ ਦੀ ਗਲਤ ਕਿੱਸੇ ਛਾਪਣ ਖਾਤਰ ਨਿਖੇਧੀ ਕੀਤੀ ਗਈ ਸੀ।

ਉਹਨਾਂ ਨੇ ਬੰਗਾਲ ਸਰਕਾਰ ਦੇ ਬਿਆਨਾ ਨੂੰ ਵੀ ਰੱਦ ਕੀਤਾ ਅਤੇ ਇੱਕ ਨਿਰਪੱਖ ਪੜਤਾਲ ਦੀ ਮੰਗ ਕੀਤੀ । ਇਸ ਮੁਹਿੰਮ ਨੇ ਜਿਸ ਦਾ ਸਮਰੱਥਣ ਸੁਰਿੰਦਰ ਨਾਥ ਬੈਨਰਜੀ ਦੀ ਬੰਗਾਲ ਸਥਿਤ ਸੰਸਥਾ ਇੰਡੀਅਨ ਐਸੋਸੀਏਸ਼ਨ ਨੇ ਵੀ ਕੀਤਾ । ਹਾਰਡਿੰਗ ਨੂੰ ਪ੍ਰਭਾਵਤ ਕੀਤਾ ਕਿ ਪੜਤਾਲ ਕਰਵਾਉਣੀ ਜਰੂਰੀ ਸੀ ਅਤੇ ਇਸ ਨਾਲ ਵਾਇਸਰਾਏ ਦੀ ਨਿਰਪੱਖ ਸ਼ਖਸੀਅਤ ਦੇ ਪ੍ਰਭਾਵ ਦਾ ਵੀ ਬਚਾ ਹੁੰਦਾ ਹੈ। ਅਕਤੂਬਰ 15 ਨੂੰ ਹਿੰਦੁਸਤਾਨ ਦੀ ਸਰਕਾਰ ਨੇ ਇੱਕ ਕਮੇਟੀ ਦੀ ਨਿਯੁਕਤੀ ਦਾ ਐਲਾਨ ਕੀਤਾ। ਇਸਨੇ ਨ ਹੀ ਕੇਵਲ ਬਜ ਬਜ ਦੀ ਦੁਖਾਂਤਮਈ ਘਟਨਾ ਸਬੰਧੀ ਆਪਣੀ ਰਿਪੋਰਟ ਦੇਣੀ ਸੀ ਸਗੋਂ ਕਾਮਾਗਾਟਾ ਮਾਰੂ ਦੇ ਸਾਰੇ ਇਤਿਹਾਸ ਬਾਰੇ ਵੀ ਬਿਆਨ ਦੇਣਾ ਸੀ ।

ਕਮੇਟੀ ਸ਼ਕਤੀਸ਼ਾਲ ਨਹੀਂ ਸੀ ਅਤੇ ਇਹ ਗੱਲ ਲੋਕਾਂ ਦੇ ਧਿਆਨ ਤੋਂ ਬਚ ਨਹੀਂ ਸਕੀ ਸੀ । ਤਿੰਨ ਸਰਕਾਰੀ ਅਧਿਕਾਰੀਆਂ ਅਤੇ ਦੋ ਗੈਰ ਸਰਕਾਰੀ ਅਧਿਕਾਰੀਆਂ ਦੀ ਸੀ । ਗੈਰ ਸਰਕਾਰੀ ਅਧਿਕਾਰੀ ਸਨ ਸਰਦਾਰ ਦਲਜੀਤ ਸਿੰਘ ਕਪੂਰਥਲਾ ਮਹਾਰਾਜੇ ਦਾ ਤਾਇਆ ਅਤੇ ਸਰ ਬਿਜੈ ਚੰਦ ਮਹਿਤਾਬ, ਬਰਦਵਾਨ ਦੇ ਮਹਾਂਅਧੀਰਾਜ । ਉਹ ਆਪਣੀ ਸੁਤੰਤਰ ਰਾਏ ਦੇ ਮਾਲਕ ਨਹੀਂ ਮਿਥੇ ਜਾਂਦੇ ਸਨ, ਫਿਰ ਵੀ ਸੁਰਿੰਦਰ ਨਾਥ ਬੈਨਰਜੀ ਖੁਸ਼ ਸੀ ਕਿਉਂਕਿ ਘਟਨਾ ਵਾਪਰਨ ਦੇ ਜਲਦੀ ਹੀ ਪਿੱਛੋਂ ਵਾਇਸਰਾਏ ਨੇ ਪਬਲਿਕ ਦੇ ਦਬਾਉ ਨੂੰ ਕਬੂਲਿਆ ਸੀ । "ਅਸੀਂ ਕੇਵਲ ਇੱਕੋ ਇੱਕ ਉਮੀਦ ਰੱਖਦੇ ਹਾਂ ।" ਉਸਨੇ ਆਪਣੇ 'ਬੰਗਾਲੀ' ਵਿਚ ਲਿਖਦਿਆ ਆਖਿਆ "ਕਿ ਕਮੇਟੀ, ਜਿਹੜੀ ਕਿ ਦ੍ਰਿੜਤਾ ਤੇ ਨਿਆ ਦੀ ਸਪਿਰਟ ਨਾਲ ਸ਼ਰਸ਼ਾਰ ਸੀ ਅਤੇ ਵਾਇਸਰਾਏ ਦੀ ਤਰਸ ਭਾਵਨਾ ਨਾਲ ਇਕ ਸੁਰ ਸੀ, ਖੁੱਲੇ ਮਨ ਨਾਲ ਆਪਣੇ ਕੰਮ ਵਿਚ ਜੁਟ ਜਾਵੇਗੀ, ਅਤੇ ਆਪਣੀ ਅਣਥੱਕ ਮਿਹਨਤ ਦੁਆਰਾ ਵਾਇਸਰਾਏ ਦੀ ਹਿਤਕਾਰੀ ਅਤੇ ਨਿਆਂ ਪੂਰਬਕ ਨੀਤੀ ਵਿਚ ਲੋਕਾਂ ਦਾ ਵਿਸ਼ਵਾਸ਼ ਮੁੜ ਬਿਹਾਲ ਕਰ ਦੇਵੇਗੀ।'

ਦਿਨ ਸ਼ੁਕਰਵਾਰ 23 ਅਕਤੂਬਰ ਵਾਲੇ ਦਿਨ ਕਮੇਟੀ ਦੀ ਪਹਿਲੀ ਬੈਠਕ ਹਿੰਦ ਸਰਕਾਰ ਦੀ ਕਾਨੂੰਨ ਘਾੜੂ ਵਿਭਾਗ ਦੀ ਪੁਰਾਣੀ ਬਿਲਡਿੰਗ ਵਿਚ ਹੋਈ ਸੀ । ਇਹ ਕੱਲਕੱਤੇ ਦੇ ਟਾਊਨ ਹਾਲ ਦੇ ਪਿੱਛੇ ਸਥਿਤ ਸੀ। ਕਮੇਟੀ ਹਰ ਰੋਜ ਬੰਦ ਕਮਰੇ ਵਿਚ ਬਹਿੰਦੀ ਸੀ ਅਤੇ ਇਸਨੇ ਛੇ ਸਪਤਾਹਾਂ ਵਿੱਚ ਆਪਣਾ ਕੰਮ ਮੁਕਾ ਲਿਆ ਸੀ । ਇਹਨਾਂ ਨੇ ਬਜ ਬਜ ਦਾ ਦੌਰਾ ਵੀ ਕੀਤਾ ਤਾਂ ਜੋ ਕਾਮਾਗਾਟਾ ਮਾਰੂ ਨੂੰ ਤੇ ਬਲਵੇ ਵਾਲੀ ਥਾਂ ਦੇ ਦ੍ਰਿਸ਼ ਨੂੰ ਵੇਖ ਸੱਕਣ। ਅਤੇ ਇਹਨਾਂ ਦੀਆਂ ਕੁਝ ਇੱਕਤਰਤਾਵਾਂ ਜਲੰਧਰ ਪੰਜਾਬ ਵਿਚ ਵੀ ਹੋਈਆਂ ਸਨ ਤਾਂ ਜੋ ਉਹ ਉਹਨਾਂ ਮੁਸਾਫਰਾਂ ਦੀ ਵੀ ਸੁਣਵਾਈ ਕਰ ਸੱਕਣ ਜਿਹੜੇ ਕਿ ਉਸ ਦਿਨ ਗੱਡੀ ਤੇ ਸਵਾਰ ਹੋ ਗਏ ਸਨ ਅਤੇ ਹੁਣ ਆਪਣੇ ਆਪਣੇ ਘਰਾਂ ਵਿਚ ਰਹਿ ਰਹੇ ਸਨ।ਜਦੋਂ ਕਮੇਟੀ ਨੇ ਆਪਣਾ ਕੰਮ ਆਰੰਭ ਕੀਤਾ ਸੀ, ਤਦ 193 ਮੁਸਾਫਰ ਨਜ਼ਰਬੰਦ ਸਨ। ਉਹਨਾਂ 'ਚੋਂ ਬਹੁਤ ਸਾਰੇ ਕਲੱਕਤੇ ਦੀ ਕਾਲੀਘਾਟ ਜੇਲ ਵਿਚ ਸਨ,ਅੱਠ ਜਾਂ ਨੌਂ ਮੈਡੀਕਲ ਹਸਪਤਾਲ ਦੀ ਨਿਗਰਾਨੀ 'ਚ ਸਨ ।

ਅਕਤੂਬਰ ਦੇ ਅੰਤਲੇ ਦਿਨਾਂ ਵਿਚ 10 ਹੋਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਜਦੋਂ ਤੀਕਰ ਪੜਤਾਲ ਸਮਾਪਤ ਨਹੀਂ ਹੋਈ ਸੀ, ਉਹਨਾਂ ਨੂੰ ਬੰਦੀ ਬਣਾਕੇ ਹੀ ਰੱਖਿਆ ਗਿਆ ਸੀ। ਗੁਰਦਿੱਤ ਸਿੰਘ ਮਫਰੂਰ ਸੀ। ਉਸ ਦੀ ਗ੍ਰਿਫਤਾਰੀ ਲਈ ਇੱਕ ਹਜ਼ਾਰ ਰੁਪੈ ਦਾ ਇਨਾਮ ਰੱਖਿਆ ਗਿਆ। ਉਹ ਹੈਦਰਾਬਾਦ ਦੇ ਪੁਰਬੀ ਖਿੱਤੇ ਵਿਚ ਪੁੱਜ ਚੁੱਕਾ ਸੀ। ਉਹ ਆਪਣੀ ਵਿਥਿਆ ਸੁਣਾਉਣੀ ਲੋੜਦਾ ਸੀ। ਉਸਨੇ ਇੱਕ ਸੱਜਣ ਨੂੰ ਉੱਤਰੀ ਭਾਰਤ ਵੱਲ ਅੰਮ੍ਰਿਤਸਰ ਘੱਲਿਆ ਤਾਂ ਜੋ ਉਹ ਸਿੱਖ ਅਖਬਾਰਾਂ ' ਖਾਲਸਾ ਸਮਾਚਾਰ' 'ਸਿੱਖ ਸੇਵਕ' ਤੇ ਹੋਰਨਾਂ ਨੂੰ ਪੱਤਰ, ਤੇ ਸੰਦੇਸ਼ ਅਪੜਾਏ। ਸੰਦੇਸ਼-ਵਾਹਕ ਦੋ ਹਫਤਿਆਂ ਪਿੱਛੋਂ ਇਹ ਖਬਰ ਲੈ ਕੇ ਪਰਤਿਆ ਕਿ ਉਸਦਾ ਲੜਕਾ ਬਲਵੰਤ ਸਿੰਘ ਅਜੇ ਘਰ ਨਹੀਂ ਸੀ ਅਪੜਿਆ ਅਤੇ ਸ਼ਾਇਦ ਉਹ ਜੇਲ੍ਹ ਵਿਚ ਹੀ ਸੀ। ਕਮੇਟੀ ਦੀ ਇੱਛਾ ਅਨੁਸਾਰ ਉਸਨੂੰ ਕਾਲੀਘਾਟ ਦੀ ਜੇਲ ਵਿਚ ਰੱਖਿਆ ਗਿਆ ਸੀ।

ਕਮੇਟੀ ਨੇ ਇਕ ਹਜ਼ਾਰ ਦੇ ਲਗਭਗ ਛੱਪੇ ਹੋਏ ਪੰਨੇ ਤਿਆਰ ਕੀਤੇ ਪਰ ਇੱਕ ਨੂੰ ਵੀ ਪ੍ਰਕਾਸ਼ਿਤ ਨਹੀਂ ਸੀ ਕੀਤਾ ਗਿਆ। ਉਹਨਾਂ ਨੇ ਅਭਾਗੇ ਕਪਤਾਨ ਯਾਮਾਮੋਟੋ, ਮੁੱਖ ਇੰਜੀਨੀਅਰ ਸ਼ੀਓਜ਼ਾਕੀ ਅਤੇ ਮੁੱਖ ਅਫਸਰ ਮਿਆਜੀ ਦੀਆਂ ਸ਼ਹਾਦਤਾਂ ਵੀ ਲਈਆਂ ਸਨ। ਉਹ ਸਾਰੇ ਕਲੱਕੱਤੇ ਚ ਬੈਠੇ ਆਪਣੇ ਜਹਾਜ਼ ਦੀ ਰਿਹਾਈ ਦੀ ਉਡੀਕ ਕਰ ਰਹੇ ਸਨ। ਇਸ ਤੋਂ ਇਲਾਵਾ ਮੈਜਿਸਟ੍ਰੇਟ ਡਾਨੇਲਡ ਅਤੇ ਦੂਜੇ ਅਧਿਕਾਰੀਆਂ, ਅਤੇ ਪੁਲਿਸ ਅਫਸਰਾਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ। ਸਟੇਸ਼ਨ ਮਾਸਟਰ ਤੋਂ ਇੰਡੀਆ ਰੇਲਵੇ ਦੇ ਅਧਿਕਾਰੀਆਂ ਤੋਂ ਅਤੇ ਬਜ ਬਜ ਦੇ ਸਥਾਨਕ ਬਾਸ਼ਿੰਦਿਆਂ ਦੇ ਬਿਆਨ ਵੀ ਲਏ ਗਏ ਜਲੰਧਰ 'ਚ ਕੁਝ ਮੁਸਾਫਰਾਂ ਤੋਂ ਜਿਹੜੇ ਕਿ ਘਰ ਪਰਤ ਚੁੱਕੇ ਸਨ ਵਿਸੇਸ਼ ਤੌਰ ਤੇ ਪੋਲ੍ਹੂ ਰਾਮ ਅਤੇ ਭਾਨ ਸਿੰਘ ਤੋਂ ਜਿਹੜੇ ਵੈਨਕੂਵਰ ਵਾਂਗ ਹੀ ਗੁਰਦਿੱਤ ਸਿੰਘ ਵਿਰੁੱਧ ਹਾਨੀ ਪੁਜਾਊ ਗੱਲਾਂ ਕਹਿਣ ਨੂੰ ਰਜ਼ਾਮੰਦ ਸਨ,ਅੰਤ ਵਿਚ ਬੰਦੀ ਮੁਸਾਫਰਾਂ ਤੋਂ ਵੀ ਉਹਨਾਂ ਨੇ ਗਵਾਹੀਆਂ ਲਈਆਂ ਸਨ। ਕਮੇਟੀ ਦਾ ਕੇਂਦਰੀ ਗਵਾਹ ਅਜੇ ਵੀ ਭਗੌੜਾ ਸੀ "ਗੁਰਦਿੱਤ ਸਿੰਘ ਨਾਲ ਇਨਸਾਫ ਕਰਦੇ ਹੋਏ ਅਸੀਂ ਸਮਝਦੇ ਹਾਂ ਕਿ "ਕਮੇਟੀ ਨੇ ਆਪਣੀ ਰਿਪੋਰਟ ਵਿਚ ਇਕ ਨੋਟ ਦਿੰਦਿਆਂ ਆਖਿਆ ਸੀ। "ਅਸੀਂ ਉਸ ਤੋਂ ਤੱਥਾਂ ਦਾ ਵਿਸਥਾਰ ਪ੍ਰਾਪਤ ਨਹੀਂ ਕਰ ਸਕੇ " ਪਰ ਉਹਨਾਂ ਦੇ ਕਬਜੇ ਵਿਚ ਕਈ ਹਿਸਾਬ ਕਿਤਾਬ ਦੀਆਂ ਕਿਤਾਬਾਂ ਤੇ ਜਹਾਜ਼ ਦੀ ਯਾਤਰਾ ਦਾ ਇਤਿਹਾਸ ਮੌਜੂਦ ਸੀ। ਇਹਨਾ ਨੂੰ ਗੁਰਦਿੱਤ ਸਿੰਘ ਨੇ ਤਿਆਰ ਕੀਤਾ ਸੀ ਅਤੇ ਬਲਵੇ ਤੋਂ ਬਾਅਦ ਇਹਨਾਂ ਨੂੰ ਕਈ ਹੋਰ ਦਸਤਾਵੇਜਾਂ ਸਮੇਤ ਕੈਬਨਾਂ ਚੋਂ ਪ੍ਰਾਪਤ ਕੀਤਾ ਗਿਆ ਸੀ।

ਬੰਦੀਆਂ ਨੇ ਬਿਆਨ ਦਿੱਤਾ ਸੀ ਕਿ ਉਹ ਹਥਿਆਰ ਬੱਧ ਨਹੀਂ ਸਨ, ਨਿਹੱਥੇ ਸਨ, ਤੇ ਪੁਲਿਸ ਨੇ ਉਹਨਾਂ ਉੱਤੇ ਬਿਨਾਂ ਕਿਸੇ ਵਜ੍ਹਾ ਦੇ ਗੋਲੀ ਚਲਾ ਦਿੱਤੀ ਸੀ। ਪੁਲਿਸ ਲਈ ਇਹ ਆਖਣਾ ਸੰਭਵ ਨਹੀਂ ਸੀ ਕਿ ਅਸਲ ਵਿਚ ਪਹਿਲਾਂ ਕਿਸ ਨੇ ਗੋਲੀ ਚਲਾਈ ਸੀ। ਪੜਤਾਲ ਦਾ ਸਿੱਟਾ ਇਹ ਹੋਇਆ ਕਿ ਸਿਕੇ ਦੇ ਵਿਰੁੱਧ ਵੀ ਫੌਜਦਾਰੀ ਮੁਕੱਦਮਾ ਦਾਇਰ ਨਹੀਂ ਕੀਤਾ ਗਿਆ।ਪਰ ਫੇਰ ਵੀ ਕਈ ਸਮਿੱਥ ਐਂਡ ਵੈਸਨ ਮਾਰਕਾ 38 ਬੋਰ ਦੇ ਅਮਰੀਕੀ ਸਾਖਤ ਦੇ ਰੀਵਾਲਵਰ ਇੱਕੋ ਜਿਹੇ ਕਰਮਵਾਰ ਨੰਬਰਾ ਵਾਲੇ ਅਤੇ ਨਿਰਸੰਦੇਹ ਇੱਕੋ ਹੀ ਥਾਂ ਤੋਂ ਆਉਣ ਵਾਲੇ ਹਥਿਆਰ ਬਜ ਬਜ ਚੋਂ ਲੱਭੇ ਸਨ। ਸੁਰੈਣ ਸਿੰਘ ਮੁਸਾਫਰ ਜਿਹੜਾ ਕਿ ਗੁਰਦਿੱਤ ਸਿੰਘ ਦੇ ਪਿੰਡ ਸਰਹਾਲੀ ਦਾ ਸੀ, ਦੇ ਕਬਜੇ ਚੋਂ ਸਮਿੱਥ ਅਤੇ ਵੈਸਨ ਦਾ ਰੀਵਾਲਵਰ ਮਿਲਿਆ। ਉਸਨੂੰ ਬਾਕੀਆਂ ਤੋਂ ਵੱਖ ਕਰਕੇ ਮਿਦਨਾਪੁਰ ਦੀ ਸੈਂਟਰਲ ਜੇਲ ਵਿਚ ਲਿਆਂਦਾ ਗਿਆ ਸੀ। ਉਸਨੇ ਇਸ ਗੱਲ ਦੀ ਸ਼ਹਾਦਤ ਦਿੱਤੀ ਕਿ ਗੁਰਦਿੱਤ ਸਿੰਘ ਨੇ ਉਸਨੂੰ ਇੱਕ ਰੀਵਾਲਵਰ ਤੇ 46 ਕਾਰਤੂਸ ਜਹਾਜ਼ ਤੋਂ ਹੇਠਾਂ ਉਤਰਨ ਤੋਂ ਪਹਿਲਾਂ ਦਿੱਤੇ ਸਨ। ਸਰਹਾਲੀ ਦੇ ਇੱਕ ਹੋਰ ਬੰਦੇ ਮੋਨਾ ਸਿੰਘ ਵੀ ਜਾਪਾਨ ਤੋਂ ਪ੍ਰਾਪਤ ਕੀਤੇ ਰੀਵਾਲਵਰਾਂ ਬਾਬਤ ਦੱਸਿਆ। ਮੋਨਾ ਸਿੰਘ ਕਾਮਾਗਾਟਾ ਮਾਰੂ ਦਾ ਮੁਸਾਫਰ ਤਾਂ ਨਹੀਂ ਸੀ ਕਿ ਪਰ ਪਿੱਛੇ ਜਿਹੇ ਹੀ ਅਮਰੀਕਾ ਤੋਂ ਮੁੜਿਆ ਸੀ ਅਤੇ ਜੋ ਪਿਛਲੇ ਅਕਤੂਬਰ ਵਿਚ ਲਾਇਲਪੁਰ ਵਿਖੇ ਸੰਨ੍ਹ ਲਾਉਂਦਾ ਫੜਿਆ ਗਿਆ ਸੀ। ਕਪਤਾਨ ਯਾਮਾਮੋਤੋ ਨੇ ਇਸ ਸਬੰਧੀ ਕੁੱਝ ਜਾਣਕਾਰੀ ਹੋਣ ਦੀ ਬਾਬਤ ਸਵੀਕਾਰ ਕਰਦਿਆਂ ਆਖਿਆ ਭਾਨ ਸਿੰਘ ਤੇ ~~ਉਸਦੇ~~ ਚੇਲਿਆਂ ਨੇ ਯੋਕੋਹਾਮਾ

ਦੇ ਸਥਾਨ ਤੇ ਮੈਨੂੰ ਦੱਸਿਆ ਸੀ ਕਿ ਰਾਤ ਨੂੰ ਜਹਾਜ਼ ਤੇ ਰੀਵਾਲਵਰਾਂ ਦੀਆਂ ਕੁੱਝ ਪੇਟੀਆਂ ਲਿਆਂਦੀਆਂ ਗਈਆਂ ਸਨ। ਮੈਂ ਆਪ ਇਹ ਪੇਟੀਆਂ ਨਹੀਂ ਸਨ ਤੱਕੀਆਂ। ਮੁੱਖ ਇੰਜੀਨੀਅਰ ਸੀਓਜਾਕੀ ਭਾਨ ਸਿੰਘ ਪੋਹਲੇ ਰਾਮ ਅਤੇ ਪੀਰ ਬਖਸ਼ ਜਿਹੜਾ ਕਿ ਮੈਡੀਕਲ ਕਾਲਜ ਵਿਚ ਜ਼ਖਮੀ ਦੀ ਹਾਲਤ ਵਿਚ ਪਿਆ ਹੋਇਆ ਸੀ ਸਭ ਨੇ ਦੱਸਿਆ ਕਿ ਰਿਵਾਲਵਰਾਂ ਨੂੰ ਜਹਾਜ਼ ਤੇ ਲਿਆਂਦਾ ਗਿਆ ਸੀ। ਪਰ ਸਭ ਦੀਆਂ ਕਹਾਣੀਆਂ ਵੱਖੋ ਵੱਖਰੀਆਂ ਸਨ ਅਤੇ ਕਮੇਟੀ ਸੱਚ ਬਾਰੇ ਕੋਈ ਨਿਰਣਾ ਨਾ ਕਰ ਸਕੀ।

ਜਦੋਂ ਪੜਤਾਲ ਦੀ ਸਮਾਪਤੀ ਹੋਣ ਵਾਲੀ ਸੀ ਉਦੋਂ 92 ਮੁਸਾਫਰਾਂ ਨੂੰ ਉਹਨਾਂ ਦੇ ਘਰੀਂ ਘੱਲ ਦਿੱਤਾ ਗਿਆ। ਉਹ ਹਾਵੜਾ ਦੇ ਸਟੇਸ਼ਨ ਤੋਂ ਦਿੱਲੀ ਐਕਸਪਰੈਸ ਰਾਹੀਂ ਚਾਰ ਟੋਲੀਆਂ ਵਿਚ ਕਰਮਵਾਰ ਇੱਕ ਦੋ ਤਿੰਨ ਤੇ ਚਾਰ ਦਸੰਬਰ ਨੂੰ ਰਵਾਨਾ ਹੋਏ ਸਨ। ਜਦੋਂ ਉਹ ਆਪਣੇ ਆਪਣੇ ਘਰੀਂ ਪੁੱਜ ਗਏ ਤਾਂ ਸਰਕਾਰੀ ਆਦੇਸ਼ ਰਾਹੀਂ ਉਹਨਾਂ ਦੀਆਂ ਹਰਕਤਾਂ ਤੇ ਰੋਕ ਲਾ ਦਿੱਤੀ ਗਈ ਸੀ। ਉਹਨਾਂ ਮੁਸਾਫਰਾਂ ਦੀ ਜੋ ਅਜੇ ਤੀਕਰ ਗਿਰਫਤਾਰੀ ਤੋਂ ਬਚੇ ਹੋਏ ਸਨ। ਭਾਲ ਵਿਚ ਢਿੱਲ ਨਹੀਂ ਪੈਣ ਦਿੱਤੀ ਗਈ ਸੀ। ਮੱਧ ਦਸੰਬਰ ਵਿਚ ਉਕਤ ਵਿੱਚੋਂ ਇਕ ਸਾਧਾ ਸਿੰਘ ਪਿੰਡ ਚੂਹੜਚੱਕ ਜ਼ਿਲ੍ਹਾ ਫੀਰੋਜ਼ਪੁਰ ਨੂੰ ਪੰਜਾਬ ਪਰਤਣ ਸਮੇਂ ਗਿਰਫਤਾਰ ਕਰ ਲਿਆ ਗਿਆ। ਉਸਨੇ ਪੁਲਿਸ ਨੂੰ ਬਿਆਨ ਦਿੱਤਾ ਕਿ ਗੁਰਦਿੱਤ ਸਿੰਘ ਨੇ ਮੁਸਾਫਰਾਂ ਨੂੰ ਹਥਿਆਰ ਬੰਦ ਕੀਤਾ ਸੀ। "ਅਸੀਂ ਬਜ ਬਜ ਦੇ ਤੱਟ ਤੇ ਅਪੜ ਗਏ ਸਾਂ, ਅਤੇ ਸਾਨੂੰ ਦੁਪਹਿਰ ਸਮੇਂ ਉਤਾਰਿਆ ਗਿਆ ਸੀ। ਡਿਪਟੀ ਸੁਪਰਡੈਂਟ ਸੁੱਖਾ ਸਿੰਘ ਤੇ ਪੁਲਿਸ ਆ ਗਈ ਸੀ ਇਸ ਸਮੇਂ ਗੁਰਦਿੱਤ ਸਿੰਘ ਨੇ ਪਿਸਤੌਲਾਂ ਦੀਆਂ ਪੇਟੀਆਂ ਖੋਲ੍ਹੀਆ ਅਤੇ ਉਹਨਾਂ ਨੂੰ ਆਪਣੇ ਦੋਸਤਾਂ ਵਿਚ ਵੰਡ ਦਿੱਤਾ।"

ਜਦੋਂ ਜਨਵਰੀ 1915 ਦੇ ਦੂਜੇ ਸਪਤਾਹ ਹਿੰਦੁਸਤਾਨ ਦੀ ਕਾਨੂੰਨ ਘੜਣੀ ਅੰਸਬਲੀ ਮੁਫ਼ਰ ਇੱਕਤਰ ਹੋਈ ਸੀ ਉਸ ਸਮੇਂ ਕਮੇਟੀ ਦੀ ਰਿਪੋਰਟ ਨੂੰ ਪ੍ਰਕਾਸ਼ਤ ਕੀਤਾ ਗਿਆ ਜਿਵੇਂ ਕਿ ਹਰਇਕ ਨੂੰ ਆਸ ਸੀ, ਕਮੇਟੀ ਨੇ ਅਫਸਰ ਸ਼ਾਹੀ ਦੀ ਪਿੱਠ ਪੂਰੀ ਸੀ। ਕੈਨੇਡਾ ਤੇ ਕੈਨੇਡਾ ਦੇ ਅਧਿਕਾਰੀ ਨਿਖੇਧੀ ਤੋਂ ਬਚ ਗਏ ਸਨ ਅਤੇ ਬਜ ਬਜ ਤੇ ਮੌਜੂਦ ਪੁਲਿਸ ਦੀ ਇਤਨੀ ਹੀ ਆਲੋਚਣਾ ਕੀਤੀ ਗਈ ਸੀ ਕਿ ਉਹਨਾਂ ਨੇ ਹਾਲਾਤ ਦੀ ਸਥਿਤੀ ਨੂੰ ਮੁੱਖ ਰੱਖਕੇ ਧਿਆਨ ਨਾਲ ਜਹਾਜ਼ ਦੀ ਤਲਾਸ਼ੀ ਨਹੀਂ ਲਈ ਸੀ। ਜਹਾਜ਼ ਦੇ ਇਨਕਲਾਬੀ ਚਰਿਤ ਨੂੰ ਵਿਸਾਰ ਦਿੱਤਾ ਗਿਆ ਸੀ। ਕਮੇਟੀ ਬਰਾਵਤ ਨੂੰ ਜ਼ਰੂਰਤ ਤੋਂ ਵੱਧ ਮੁਸ਼ਤਹਰ ਨਹੀਂ ਸੀ ਕਰਨੀ ਚਾਹੁੰਦੀ। ਉਹਨਾਂ ਨੇ ਗੁਰਦਿੱਤ ਸਿੰਘ ਦੇ ਸਿਆਸੀ ਕਿਰਦਾਰ ਨੂੰ ਮਹਾਨਤਾ ਨਹੀਂ ਦਿੱਤੀ। ਪਰ ਉਸ ਦਾ ਚਰਿੱਤਰ ਪੈਸੇ ਬਟੋਰਨ ਵਾਲਾ ਦਰਸਾਇਆ। ਰੀਪੋਰਟ ਦਾ ਸਾਰ ਇਹ ਸੀ "ਲਾਭ ਪ੍ਰਾਪਤੀ ਦੀ ਧੁਨ ਲਈ ਗੁਰਦਿੱਤ ਸਿੰਘ ਨੇ ਲੋਕਾ ਨਾਲ ਫਰੇਬ ਕੀਤਾ। ਉਹਨਾ ਨੂੰ ਇਹ ਚਕਮਾ ਦਿੱਤਾ ਗਿਆ ਕਿ ਉਹ ਵੈਨਕੂਵਰ ਉੱਤਰ ਸਕਦੇ ਸਨ। ਜਦੋਂ ਕਿ ਕਾਨੂੰਨ ਉਹਨਾਂ ਨੂੰ ਇਜਾਜਤ ਨਹੀਂ ਦਿੰਦਾ ਸੀ ਜਦੋਂ ਜਹਾਜ਼ ਨੂੰ ਮੋੜ ਦਿੱਤਾ ਗਿਆ। ਗੁਰਦਿੱਤ ਸਿੰਘ ਨੇ ਆਪਣੀਆਂ ਕਰਤੂਤਾਂ ਤੇ ਪਰਦਾ ਪਾਉਣ ਲਈ ਸਰਕਾਰ ਵਿਰੋਧੀ ਭਾਵਨਾਵਾਂ ਨੂੰ ਉਭਾਰਿਆ ਇਨਕਲਾਬੀਆਂ ਦਾ ਰੋਲ ਅਦਾ ਕਰਨ ਲਈ ਉਸਨੇ ਰਿਵਾਲਵਰ ਖਰੀਦੇ ਅਤੇ ਆਪਣੀ ਗਿਰਫਤਾਰੀ ਦੇ ਡਰੋਂ 29 ਤਾਰੀਖ ਨੂੰ ਰਿਵਾਲਵਰ ਆਪਣੇ ਦੋਸਤਾਂ ਵਿਚ ਵੰਡ ਦਿੱਤੇ ਤਾਂ ਜੋ ਉਹਨਾਂ ਦੀ ਵਰਤੋਂ ਕੀਤੀ ਜਾ ਸਕੇ ਜੇ ਪੁਲਿਸ ਉਹਨਾ ਦੇ ਖਿਲਾਫ ਕੋਈ ਕਦਮ ਚੁੱਕੇ। ਸਾਰਾ ਦੋਸ਼ ਗੁਰਦਿੱਤ ਸਿੰਘ ਦਾ ਸੀ।

ਜੇਕਰ ਜਿਊਰੀ ਘੱਟ ਪੱਖਵਾਦੀ ਹੁੰਦੀ ਤਾਂ ਉਹ ਇਹ ਨੋਟ ਕਰਦੀ ਭਾਵੇਂ ਕੁਝ ਮੁਸਾਫਰਾਂ ਕੋਲ ਅਸਲਾ ਸੀ ਪਰ ਬਜ ਬਜ ਅਜੇਹਾ ਅਸਥਾਨ ਨਹੀਂ ਸੀ ਜਿੱਥੇ ਕਿ ਉਹਨਾਂ ਦੀ ਵਰਤੋਂ ਕੀਤੀ ਜਾਂਦੀ। ਵਿਸ਼ੇਸ਼ ਤੌਰ ਤੇ ਜਦੋਂ ਕਿ ਪੁਲਿਸ ਨੂੰ ਫੌਜ ਦੀ ਕੁਮਕ ਵੀ ਪੁੱਜ ਗਈ ਸੀ ਅਤੇ ਜੇ ਮਸਾਫਰਾਂ ਨੇ ਫਾਇਰ ਕਰਨ ਦੀ ਪਹਿਲ ਕੀਤੀ ਵੀ ਸੀ ਤਾਂ ਇਹ ਜ਼ਰੂਰ ਉਹਨਾਂ ਨੇ ਉਕਸਾਏ ਜਾਣ ਪਿੱਛੋਂ ਅਤੇ ਬਿਨਾ ਕਿਸੇ ਗਿਣਤੀ ਮਿਣਤੀ ਕਰਨ ਤੋਂ ਹੀ ਕੀਤੀ ਸੀ।

ਜਨਵਰੀ ਦੇ ਅੰਤਮ ਭਾਗ ਵਿਚ 87 ਮੁਸਾਫਰਾਂ ਨੂੰ ਜੇਲ੍ਹ ਤੋਂ ਛੱਡ ਦਿੱਤਾ ਗਿਆ ਸੀ ਤੇ ਉਹਨਾਂ

ਨੂੰ ਆਪਣੇ ਆਪਣੇ ਘਰੀ ਘੱਲ ਦਿੱਤਾ ਗਿਆ ਸੀ ਤਕਰੀਬਨ 9 ਮਹੀਨੇ ਬੀਤ ਚੁੱਕੇ ਸਨ ਜਦੋਂ ਕਿ ਕਾਮਾਗਾਟਾ ਮਾਰੂ 376 ਮੁਸਾਫਰਾਂ ਨੂੰ ਲੈ ਕੇ ਯੋਕੋਹਾਮਾ ਤੋਂ ਵੈਨਕੂਵਰ ਪਹੁੰਚਿਆ ਸੀ। ਵੈਨਕੂਵਰ ਅਪੜਣ ਤੋਂ ਥੋੜਾ ਚਿਰ ਪਿੱਛੋਂ ਇੱਕ ਮੁਸਾਫਰ ਹਸਪਤਾਲ ਵਿਚ ਚੱਲ ਵਸਿਆ ਸੀ। ਕੈਨੇਡਾ ਵਾਪਸ ਆਉਣ ਵਾਲੇ 20 ਬੰਦਿਆਂ ਨੂੰ ਜਿਹੜੇ ਕਿ ਕੈਨੇਡਾ ਦੇ ਵਸਨੀਕ ਸਨ ਨੂੰ ਕੈਨੇਡਾ ਉਤਾਰ ਦਿੱਤਾ ਗਿਆ ਸੀ ਅਤੇ ਰਘੂਨਾਥ ਸਿੰਘ ਉਸਦੀ ਪਤਨੀ ਤੇ ਪੁੱਤਰ ਨੂੰ ਜਹਾਜ਼ ਦੀ ਰਵਾਨਗੀ ਤੋਂ ਕੁੱਝ ਹੀ ਦਿਨ ਪਹਿਲਾ ਉਤਾਰ ਲਿਆ ਗਿਆ ਸੀ। 32 ਮੁਸਾਫਰ ਜਪਾਨ ਉੱਤਰ ਗਏ ਸਨ ਅਤੇ ਦੋਵੇ ਸਿੰਧੀ ਭਰਾ ਜਪਾਨ ਤੋਂ ਨਾਲ ਚਲੇ ਗਏ ਸਨ। ਬਜ ਬਜ ਦੇ ਸਥਾਨ ਤੇ 59 ਬੰਦੇ ਗੱਡੀ ਤੇ ਸਵਾਰ ਹੋ ਕੇ ਲੁਧਿਆਣੇ ਚਲੇ ਗਏ ਸਨ। ਕਿਸ਼ਨ ਕੌਰ ਤੇ ਉਸਦੇ ਦੋ ਬੱਚਿਆਂ ਨੂੰ ਬਾਅਦ ਵਿਚ ਘੱਲ ਦਿੱਤਾ ਗਿਆ ਸੀ। ਬਲਵੇ ਦੇ ਪਿੱਛੋਂ 20 ਮੁਸਾਫਰ ਮਰ ਗਏ ਸਨ। ਮਰਨ ਵਾਲਿਆਂ ਦੀ ਸੰਖਿਆ ਇਕ ਵਾਰ ਫੇਰ ਵਧੇਰੀ ਹੋ ਗਈ ਸੀ। 27 ਭਗੌੜੇ ਸਨ। ਜਿੰਨਾ ਵਿਚ ਗੁਰਦਿੱਤ ਸਿੰਘ ਤੇ ਉਸਦਾ ਸਕੱਤਰ ਦਲਜੀਤ ਸਿੰਘ ਵੀ ਸਨ। ਦੋ ਬੰਦੇ ਗ੍ਰਿਫਤਾਰੀ ਤੋਂ ਬਚਕੇ ਪੰਜਾਬ ਪਰਤ ਚੁੱਕੇ ਸਨ ਤੇ ਉਹਨਾਂ ਨੂੰ ਕੁੱਝ ਸਮੇਂ ਲਈ ਨਜ਼ਰਬੰਦ ਕੀਤਾ ਗਿਆ ਸੀ ਅਤੇ ਹੁਣ 179 ਨੂੰ ਕੱਲਕੱਤੇ ਦੀ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ ਸੀ। ਇੱਕਤੀ ਬੰਦੇ ਬੰਦੀਖਾਨੇ ਵਿਚ ਸਨ। ਉਹਨਾਂ ਵਿਚ ਕਮੇਟੀ ਦੇ ਮੈਂਬਰ ਅਮੀਰ ਮਹੁੰਮਦ ਖਾਨ ਨਿਹੰਗ ਅਮਰ ਸਿੰਘ, ਖਾਬੜੇ ਦਾ ਅਮਰ ਸਿੰਘ, ਅਜੀਤਵਾਲ ਦਾ ਸੁੰਦਰ ਸਿੰਘ ਅਤੇ ਹੋਰ ਕਈ ਜਿਹੜੇ ਗੁਰਦਿੱਤ ਸਿੰਘ ਦੇ ਨਿਕਟਵਰਤੀ ਸਨ ਸ਼ਾਮਲ ਸਨ।

ਸਿਰਲੱਥ ਇਨਕਲਾਬੀਆਂ ਦੇ ਗੁੱਟ ਤੋਂ ਬਿਨਾਂ ਜਿਹੜਾ ਕਿ ਮੁਕਾਬਲਤਨ ਛੋਟਾ ਸੀ ਕੋਈ ਹੋਰ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ ਦਿਸਦਾ। ਇਹ ਕੇਵਲ ਪ੍ਰੈਸ ਦਾ ਗਲਾ ਘੁਟੇ ਜਾਣ ਦਾ ਹੀ ਸਵਾਲ ਨਹੀਂ ਸੀ ਹਿੰਦੁਸਤਾਨੀ ਨੇਤਾ ਅੰਗਰੇਜਾ ਦਾ ਇਸ ਵਿਸ਼ਵਾਸ਼ ਅਧੀਨ ਸਮਰਥਨ ਕਰਦੇ ਸਨ ਕਿ ਉਹਨਾਂ ਦੀ ਵਫਾਦਾਰੀ ਸੱਦਕੇ ਉਹਨਾਂ ਨੂੰ ਸਵਰਾਜ ਦੇਣ ਵੱਲ ਕਦਮ ਪੁੱਟੇ ਜਾਣਗੇ ਗਾਂਧੀ ਜੀ ਜਿਹੜੇ ਕਿ ਦੱਖਣੀ ਅਫਰੀਕਾ ਵਿਚ ਸਤਿਆਗ੍ਰਹ ਅੰਦੋਲਣ ਦੇ ਨਾਇਕ ਸਨ ਨੇ ਆਪਣੀਆਂ ਸੇਵਾਵਾਂ ਬਰਤਾਨਵੀ ਸੈਕਟਰੀ ਆਫ ਸਟੇਟ ਨੂੰ ਭੇਂਟ ਕੀਤੀਆਂ ਅਤੇ ਸੇਵਕਾਂ ਦੀ ਐਂਬੂਲੈਂਸ ਕੋਰ ਦੀ ਸਥਾਪਨਾ ਵਿਚ ਸਹਾਇਤਾ ਕੀਤੀ। ਮੱਧ ਖਿਆਲੀਆਂ ਜਿਨ੍ਹਾਂ ਦਾ ਸਰਬ ਹਿੰਦ ਕਾਂਗਰਸ ਤੇ ਕਬਜਾ ਸੀ ਨੇ ਉਹਨਾਂ ਦੀ ਵਫਾਦਾਰੀ ਤੇ ਘੋਰ ਰੋਸ ਪ੍ਰਗਟ ਕੀਤਾ ਅਤੇ ਕਥਿਤ ਅਤਿਵਾਦੀ ਬੀ. ਜੀ. ਤਿਲਕ ਨੇ ਵੀ, ਜਿਹੜਾ ਕਿ ਅਗਸਤ 1914 ਵਿਚ ਜੇਲ 'ਚੋਂ ਆਇਆ ਸੀ, ਉਹਨਾਂ ਦੇ ਇਨਕਲਾਬੀ ਹਿੰਸਾਵਾਦੀ ਕੰਮਾਂ ਦੀ ਨਿੰਦਾ ਕੀਤੀ ਉਸ ਵਿਵਹਾਰ ਤੇ ਜਿਹੜਾ ਕਿ ਕਾਮਾਗਾਟਾ ਮਾਰੂ ਨਾਲ ਕੈਨੇਡਾ ਵਿਚ ਕੀਤਾ ਗਿਆ ਸੀ, ਸਾਰੇ ਹਿੰਦਸਤਾਨੀ ਉਸ ਦੀ ਨਿੰਦਾ ਕਰ ਸਕਦੇ ਸਨ ਪਰ ਹਥਿਆਰਾਂ ਦੀ ਵਰਤੋਂ ਇੱਕ ਵੱਖਰੀ ਗੱਲ ਸੀ ਅਤੇ ਏਥੇ ਪੜਤਾਲੀਆਂ ਕਮੇਟੀ ਦੀ ਰਿਪੋਰਟ ਕਿੰਨੀ ਵੀ ਅਧੂਰੀ ਕਿਉਂ ਨ ਹੋਵੇ ਆਪਣਾ ਮੰਤਵ ਸਿੱਧ ਕਰ ਗਈ ਸੀ ਕਿਉਂਕਿ ਪ੍ਰਾਪਤ ਹੋਣ ਵਾਲੀਆਂ ਗਵਾਹੀਆਂ ਨੂੰ ਮੁੱਖ ਰਖਦਿਆਂ ਹੋਇਆ ਇਸ ਸਿੱਟੇ ਨੂੰ ਕੋਈ ਵੰਗਾਰ ਨਹੀਂ ਸੀ ਸਕਦਾ ਕਿ ਮੁਸਾਫਰ ਹਥਿਆਰ ਬੰਦ ਸਨ ਤੇ ਉਹਨਾਂ ਨੇ ਪੁਲਿਸ ਤੇ ਹਮਲਾ ਕੀਤਾ ਸੀ।

ਗੁਰਦਿੱਤ ਸਿੰਘ ਜਿਹੜਾ ਹੈਦਰਾਬਾਦ ਕੀਮ ਨਗਰ ਵਿਚ ਲੁਕਿਆ ਹੋਇਆ ਸੀ ਅਤੇ ਸਾਰੇ ਸਾਕੇ ਦੀ ਕਥਾ ਆਪ ਲਿਖ ਰਿਹਾ ਸੀ ਨੂੰ ਅੰਮ੍ਰਿਤਸਰ ਦੇ ਗੁਰਮੁੱਖੀ ਅਖਬਾਰਾਂ ਵਿੱਚ ਇਹ ਖਬਰਾਂ ਪੜ੍ਹ ਕੇ ਬਹੁਤ ਦੁਖ ਹੋਇਆ ਕਿ ਸਿੱਖ ਨੇਤਾਵਾਂ ਨੇ ਬਜ ਬਜ ਦੇ ਫਸਾਦੀਆਂ ਨਾਲੋਂ ਸਾਂਝ ਤੋੜ ਲਈ ਸੀ ਅਤੇ ਲੋਕਾਂ ਨੂੰ ਸਲਾਹ ਦੇ ਰਹੇ ਸਨ ਕਿ ਉਹ ਕਿਸੇ ਵੀ ਸਿਆਸੀ ਜਾਂ ਸਰਕਾਰ ਵਿਰੋਧੀ ਕਾਰਵਾਈਆਂ ਵਿਚ ਹਿੱਸਾ ਨਾ ਲੈਣਾਉਹ ਇਸਦਾ ਉੱਤਰ ਦੇਣ ਤੋਂ ਅਸਮੱਰਥ ਸੀਜਿਹੜੇ ਪੱਤਰ ਉਸਨੇ ਸਮਾਚਾਰ ਪੱਤਰਾਂ ਨੂੰ ਲਿਖੇ ਸਨ ਉਹ ਛਾਪੇ ਨਹੀਂ ਸੀ ਗਏ। ਕੇਵਲ ਉਹਨਾਂ ਰਾਜ਼-ਪਲਟਾਊ ਅਖਬਾਰਾਂ ਤੋਂ ਹੀ, ਜਿਹੜੇ ਕਿ ਉੱਤਰੀ ਅਮਰੀਕਾ ਤੋਂ ਹਿੰਦੁਸਤਾਨ 'ਚ ਲਿਆਂਦੇ ਗਏ ਸਨ ਕੋਈ ਭਾਂਪ ਸਕਦਾ ਸੀ ਕਿ ਕਾਮਾਗਾਟਾ ਮਾਰੂ ਦੀ ਕਹਾਣੀ ਦਾ ਇੱਕ ਹੋਰ ਪੱਖ ਵੀ ਹੈ।

ਹਜ਼ਾਰਾ ਸਿੱਖ ਹਿੰਦੁਸਤਾਨ ਪਰਤੇ ਸਨ। "ਆਪਣੇ ਦੇਸ਼ ਨੂੰ ਜਾਵੋ ਅਤੇ ਤੁਰੰਤ ਹੀ ਬਗਾਵਤ ਕਰ ਦੇਵੋ" ਉਹਨਾਂ ਨੂੰ ਆਦੇਸ਼ ਦਿਤਾ ਗਿਆ ਸੀ।"ਤੁਹਾਡਾ ਸੱਤਰੂ ਮੁਸ਼ਕਲਾਂ ਵਿੱਚ ਹੈ। ਉਸਨੂੰ ਜਰਮਨ-ਸ਼ੇਰ ਨੇ ਚੁਪਾਸਿਆ ਤੋਂ ਵਗਲਿਆ ਹੋਇਆ ਹੈ ਹਿੰਦ ਸਰਕਾਰ ਨੂੰ ਹਾਪਕਿਨਸਨ ਨੇ ਉਦੋਂ ਹੀ ਸੂਚਨਾ ਦੇ ਦਿੱਤੀ ਸੀ ਜਦੋਂ ਕਿ ਵਿਕਟੋਰੀਆ ਤੋਂ, ਵੈਨਕੂਵਰ ਤੋਂ, ਅਤੇ ਸਾਨਫਰਾਂਸਿਸਕੋ ਤੋਂ ਦੇਸ਼ ਭਗਤ ਇਨਕਲਾਬੀਆਂ ਦਾ ਅਗਾਊ ਦਸਤਾ 29 ਅਕਤੂਬਰ ਨੂੰ ਤੋਸ਼ਾ ਮਾਰੂ ਜਹਾਜ਼ ਰਾਹੀਂ ਕਲੱਕੱਤੇ ਅਪੜਿਆ ਸੀ। ਕਿਦਰਪੁਰ ਦੀ ਬੰਦਰਗਾਹ ਤੇ ਪੁਲਿਸ ਕਮਿਸ਼ਨਰ ਹੈਲੀਡੇ ਨਾਲ ਉਹਨਾਂ ਦਾ ਸਾਹਮਣਾ ਹੋਇਆ ਹੈਲੀਡੇ ਨਾਲ ਸ਼ਾਹੀ ਬੰਦੂਕਚੀਆਂ ਦੀਆ ਦੋ ਕੰਪਨੀਆਂ ਸਨ ਢਾਕੇ ਦੀ ਅੰਗਰੇਜ਼ੀ ਤੇ ਹਿੰਦੁਸਤਾਨੀ ਪੁਲਿਸ ਦੇ ਵਿਸ਼ੇਸ਼ ਦਸ਼ਤਿਆਂ ਦੇ ਦੋ ਸੌ ਹਥਿਆਰਬੰਦ ਜੁਆਨ ਸਨ ਅਤੇ ਪੰਜਾਬ ਤੋਂ 500 ਜਾਂ 600 ਆਏ ਹੋਏ ਹਿੰਦੁਸਤਾਨੀ ਸੈਨਕ ਸਨ। ਦੋ ਮੁਸਾਫਰਾਂ ਦੇ ਕਬਜੇ ਚੋਂ ਰਿਵਾਲਵਰ ਪ੍ਰਾਪਤ ਹੋਏ ਸਨ ਅਤੇ ਦਸ ਹੋਰਾਂ ਤੋਂ ਬਗਾਵਤ ਭੜਕਾਊ ਪਰਚੇ ਬਰਾਮਦ ਕੀਤੇ ਗਏ ਸਨ। ਬਾਕੀ ਦੇ ਲੋਕ ਉਸੇ ਰਾਤ ਹੀ ਲੁਧਿਆਣੇ ਨੂੰ ਜਾਣ ਵਾਲੀ ਗੱਡੀ ਤੇ ਚੜ੍ਹਾ ਦਿੱਤੇ ਗਏ ਜਿਥੇ ਕਿ ਪੰਜਾਬ ਦੇ ਹਾਕਮਾਂ ਨੇ ਉਹਨਾਂ ਚੋਂ 100 ਨੂੰ ਗਿਰਫਤਾਰ ਕਰ ਲਿਆ ਅਤੇ ਦੂਜਿਆਂ ਨੂੰ ਉਹਨਾਂ ਦੇ ਪਿੰਡ ਵਿੱਚ ਹੀ ਨਜ਼ਰਬੰਦ ਕਰ ਦਿਤਾ ਗਿਆ। ਆਉਣ ਵਾਲੇ ਮਹੀਨਿਆਂ ਵਿਚ ਪੁਲਿਸ ਨੇ ਉਹਨਾਂ ਬੰਦਰਗਾਹਾਂ ਤੇ ਜਿਨ੍ਹਾਂ ਦੁਆਰਾ ਬਾਹਰੋਂ ਹਿੰਦੁਸਤਾਨ ਵਿਚ ਪ੍ਰਵੇਸ਼ ਕੀਤਾ ਜਾਂਦਾ ਸੀ, ਤਾੜ ਰੱਖੀ ਹੋਈ ਸੀ ਅਤੇ ਦੇਸ਼ ਪਰਤਣ ਵਾਲੇ ਸਾਰੇ ਸਿੱਖਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਲੁਧਿਆਣੇ ਦੇ ਕੇਂਦਰੀ ਪੜਤਾਲੀਆ ਦਫਤਰ ਵਿਚ ਸੂਚਨਾ ਦੇਣ। ਉਥੇ ਪੁਲਿਸ ਹਰ ਪਰਿਵਾਸੀ ਦੀ ਤਫਤੀਸ਼ ਕਰਦੀ ਸੀ ਅਤੇ ਜਿਨ੍ਹਾਂ ਨੂੰ ਉਹ ਰਿੰਗ ਲੀਡਰ ਸਮਝਦੀ ਸੀ ਜੇਲ ਭੇਜ ਦਿੱਤੇ ਜਾਂਦੇ ਸਨ। ਬਹੁਗਿਣਤੀ ਅਜ਼ਾਦ ਸਨ ਪਰ ਉਹਨਾਂ ਤੇ ਵੀ ਤਾੜ ਰੱਖੀ ਜਾਂਦੀ ਸੀ।

ਹਿੰਦੁਸਤਾਨ ਵਿਚ ਬਹੁਤ ਘੱਟ ਹਥਿਆਰ ਪੁੱਜੇ ਅਤੇ ਕਿਉਂਕਿ ਉਹਨਾਂ ਦੇ ਬਹੁਤ ਸਾਰੇ ਆਗੂ ਹਵਾਲਾਤਾਂ ਵਿਚ ਡੱਕੇ ਹੋਏ ਸਨ ਗਦਰੀ ਇੱਕ ਨਿਪੁੰਸਕ ਸ਼ਕਤੀ ਬਣ ਕੇ ਰਹਿ ਗਏ ਸਨ। ਕੁਝ ਕੁ ਟੋਲੀਆਂ ਦੇ ਰੂਪ ਵਿਚ ਜ਼ਰੂਰ ਇੱਕਤਰ ਹੋਏ। ਉਹ ਟੋਲੀਆਂ ਵੱਖ ਵੱਖ ਜਿਲ੍ਹਿਆਂ ਵਿੱਚ ਘੁੰਮਦੀਆਂ ਸਨ। ਉਹ ਖਜਾਨਿਆ ਨੂੰ ਲੁੱਟਣ ਦੀਆਂ ਅਸਲਾ ਖਾਨਿਆਂ ਤੇ ਹੱਲੇ ਬੋਲਣ ਦੀਆਂ ਤੇ ਪੁਲਿਸ ਚੌਕੀਆਂ ਤੇ ਹਮਲੇ ਕਰਨ ਦੀਆਂ ਯੋਜਨਾਵਾਂ ਬਣਾਉਂਦੇ ਸਨ ਪਰ ਇਹ ਸਭ ਕੁਝ ਕਿਵੇਂ ਕੀਤਾ ਜਾਵੇ ਇਸਦਾ ਉਹਨਾਂ ਨੂੰ ਕੋਈ ਨਿਸਚਿਤ ਰਸਤਾ ਨਹੀਂ ਸੀ ਲੱਭਦਾ। ਸੰਨ 1914 ਦੇ ਦਸੰਬਰ ਮਹੀਨੇ ਦੇ ਆਰੰਭ ਵਿੱਚ ਜਾਂ ਤਾਂ ਟੋਲੀਆਂ ਖਿੰਡ ਪੁੰਡ ਗਈਆਂ ਸਨ ਜਾਂ ਘੱਟ ਗਈਆ ਸਨ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਰਿਹਾਈ ਉਹਨਾਂ ਲਈ ਵਰਦਾਨ ਸਿੱਧ ਹੋਈ। ਕੁਝ ਮੁਸਾਫਰਾਂ ਨੂੰ ਇਸ ਕਾਰਜ ਲਈ ਭਰਤੀ ਕਰ ਲਿਆ ਗਿਆ ਅਤੇ ਉਹਨਾਂ ਦੀ ਕਹਾਣੀ ਇਸ ਕਾਰਜ ਲਈ ਜੋਸ਼ ਉਪਜਾਊ ਹੋ ਨਿਬੜੀ ਸੀ। ਜਨਵਰੀ 1915 ਤੀਕ ਇਕ ਬੰਗਾਲੀ ਰਾਸ਼ ਬਿਹਾਰੀ ਬੋਸ ਦੇ ਆਉਣ ਨਾਲ ਉਹਨਾਂ ਦੀ ਲੀਡਰੀ ਦੀ ਘਾਟ ਪੂਰੀ ਹੋ ਗਈ। ਇਹੀ ਬੋਸ ਸੀ ਜਿਸ ਨੇ 1912 ਵਿਚ ਲਾਰਡ ਹਾਰਡਿੰਗ ਤੇ ਬੰਬ ਸੁਟਣ ਨੂੰ ਯੋਜਨਾ ਬੱਧ ਕੀਤੀ ਸੀ। ਗਦਰੀਆਂ ਨੇ ਕਈ ਹਿੰਸਕ ਲੁੱਟਾਂ ਕੀਤੀਆਂ ਰੇਲ ਗੱਡੀਆਂ ਨੂੰ ਲੀਹੋ ਲਾਹਣ ਦੇ ਕਈ ਯਤਨ ਕੀਤੇ ਅਤੇ 21 ਫਰਵਰੀ ਬਗਾਵਤ ਕਰਨ ਦੀ ਤਾਰੀਖ ਮਿਥ ਲਈ ਗਈ।

ਉਹਨਾਂ ਨੂੰ ਲਾਹੌਰ ਦੇ 23 ਨੰਬਰ ਰਿਸਾਲੇ ਤੇ ਵਿਸ਼ਵਾਸ਼ ਸੀ ਕਿ ਉਹ ਵਿਦਰੋਹ ਦਾ ਆਰੰਭ ਕਰੇਗਾ ਅਤੇ ਮੀਆਂ ਮੀਰ ਦੇ ਸ਼ਸਤਰ ਭੰਡਾਰ ਤੇ ਹੱਲਾ ਕਰੇਗਾ। ਇਹ ਇੱਕ ਸੰਕੇਤ ਹੋਵੇਗਾ ਜਿਸ ਪਿਛੋਂ ਫੀਰੋਜ਼ਪੁਰ ਰਾਵਲਪਿੰਡੀ ਤੇ ਮਰੇਠ ਦੀਆਂ ਛਾਉਣੀਆਂ ਵਿੱਚ ਇੱਕੋ ਦਿਨ ਅਤੇ ਇੱਕੋ ਸਮੇਂ ਹਮਲੇ ਕੀਤੇ ਜਾਣਗੇ। ਫਰਵਰੀ ਦੇ ਦੂਜੇ ਸਪਤਾਹ ਵਿੱਚ ਇਹ ਸੰਦੇਸ਼ ਉੱਤਰੀ ਹਿੰਦੁਸਤਾਨ ਦੀਆਂ ਸਾਰੀਆਂ ਛਾਉਣੀਆਂ ਦੀਆਂ ਫੌਜਾਂ ਵਿਚ ਅੰਦਰੋ ਅੰਦਰੀ ਪੁੱਜ ਗਿਆ ਪਰ ਮੁਸ਼ਕਲ ਨਾਲ ਹੀ ਅਜਿਹਾ ਕੋਈ ਕਦਮ ਪੁੱਟਿਆ ਗਿਆ

ਜਿਸ ਦਾ ਪੁਲਿਸ ਨੂੰ ਗਿਆਨ ਨਹੀਂ ਸੀ। ਪੁਲੀਸ ਨੂੰ ਇਹ ਜਾਣਕਾਰੀ ਉਹਨਾਂ ਬੰਦਿਆਂ ਤੋਂ ਮਿਲੀ ਸੀ ਜਿਨ੍ਹਾਂ ਨੂੰ ਕਿ ਅੰਮ੍ਰਿਤਸਰ ਬੈਂਕ ਲੁੱਟਣ ਪਿੱਛੋਂ ਪਕੜਿਆ ਗਿਆ ਸੀ। ਅੰਤਮ ਪਲਾਂ ਤੇ ਪੁਲਿਸ ਨੇ ਆਪਣੇ ਜਾਸੂਸ (ਜਿਸਨੂੰ ਕਿ ਪੁਲਿਸ ਨੇ ਗਦਰ ਸਾਜ਼ਸ਼ ਦੇ ਐਨ ਵਿਚਕਾਰ ਛੱਡਿਆ ਹੋਇਆ ਸੀ) ਤੋਂ ਸੰਕੇਤ ਪ੍ਰਾਪਤ ਹੋਣ ਤੇ ਲਾਹੌਰ ਦੇ ਮੁੱਖ ਦਫਤਰ ਤੇ ਛਾਪਾ ਮਾਰਿਆ।

ਵਿਦਰੋਹ ਨਹੀਂ ਸੀ ਹੋਇਆ ਅਤੇ ਸ਼ੱਕੀ ਫੌਜਾਂ ਤੋਂ ਹਥਿਆਰ ਖੋਹ ਲਏ ਗਏ ਸਨ। ਜਨ ਸਧਾਰਣ ਨੇ ਗਦਰੀਆਂ ਦੀ ਕੋਈ ਮਦਦ ਨਹੀਂ ਸੀ ਕੀਤੀ ਅਤੇ ਕੁਝ ਹਾਲਾਤਾਂ ਵਿੱਚ ਤਾਂ ਉਹਨਾਂ ਨੇ ਉਹਨਾਂ ਦਾ ਪਿੱਛਾ ਵੀ ਕੀਤਾ ਸੀ। ਉਹਨਾਂ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਸੀ ਫਿਰ ਵੀ ਪੰਜਾਬ ਦੇ ਗਵਰਨਰ ਨੇ ਨਾ ਹੀ ਵਿਦਰੋਹ ਦੇ ਖਤਰੇ ਨੂੰ ਘਟਾ ਕੇ ਵੇਖਿਆ ਤੇ ਨਾ ਹੀ ਉਸਨੇ ਇਸ ਮਾਮਲੇ ਨੂੰ ਨਰਮੀ ਨਾਲ ਨਜਿੱਠਿਆ। ਮਾਰਚ ਵਿਚ ਉਸਨੇ ਸਿੱਖਾਂ ਦੇ 12 ਸਿਰ ਕੱਢ ਨੇਤਾਵਾਂ ਨੂੰ ਬੁਲਾਇਆ ਸੀ ਤੇ ਉਹਨਾਂ ਨੂੰ ਕਿਹਾ ਕਿ ਉਹ ਸਰਕਾਰ ਨੂੰ ਸਹਿਯੋਗ ਦੇਕੇ ਖੂਨ ਖਰਾਬੇ ਨੂੰ ਰੋਕ ਸਕਦੇ ਹਨ। ਇਸ ਸਮੇਂ ਤੱਕ ਪੰਜਾਬ ਵਿਚ ਲੱਗ ਭੱਗ 3200 ਪਰਿਵਾਸੀ ਪਰਤੇ ਸਨ। ਸਿੱਖਾਂ ਦੀਆਂ ਸਥਾਨਕ ਕਮੇਟੀਆਂ ਸਥਾਪਨ ਕਰ ਦਿੱਤੀਆਂ ਗਈਆਂ ਸਨ ਤਾਂ ਕਿ ਉਹ ਪੁਲਿਸ ਨੂੰ ਗਦਰੀਆਂ ਨਾਲ ਨਿੱਜਠਣ ਵਿਚ ਸਹਿਯੋਗ ਦੇਣ। ਇਸੇ ਸਮੇਂ ਹੀ ਓਡਵਾਇਰ ਨੇ ਉਹ ਕਾਨੂੰਨ ਪ੍ਰਾਪਤ ਕਰ ਲਿਆ ਸੀ ਜਿਸ ਦੁਆਰਾ ਮਕੁੱਦਮਾ ਨਹੀਂ ਸੀ ਚਲਾਉਣਾ ਪੈਂਦਾ ਅਤੇ ਤੁਰੰਤ ਹੀ ਦੋਸ਼ੀ ਨੂੰ ਸਜ਼ਾ ਸੁਣਾ ਦਿੱਤੀ ਜਾਂਦੀ ਸੀ ਦੋਸ਼ੀ ਆਪਣੀ ਸਜ਼ਾ ਵਿਰੁੱਧ ਅਪੀਲ ਵੀ ਨਹੀਂ ਸੀ ਕਰ ਸਕਦਾ। ਅਪਰੈਲ 1915 ਤੋਂ ਲੈ ਕੇ ਮਈ 1917 ਤੱਕ, ਜਦੋਂ ਕਿ ਅੰਤਮ ਫੈਸਲਾ ਸੁਣਾ ਦਿੱਤਾ ਗਿਆ ਸੀ ਸਰਕਾਰ ਵੱਲੋਂ ਅਨੇਕਾ ਮੁੱਕਦਮੇ ਚਲਾਏ ਗਏ ਸਨ। ਉੱਕਤ ਸਮੇਂ ਵਿਚਕਾਰ 175 ਤੇ ਦੋਸ਼ ਲਾਏ ਗਏ ਸਨ ਅਤੇ 2000 ਤੋਂ ਵੱਧ ਗਵਾਹ ਭੁਗਤਾਏ ਗਏ ਸਨ ਵੀਹਾਂ ਨੂੰ ਫਾਂਸੀ ਤੇ ਟੰਗ ਦਿੱਤਾ ਗਿਆ ਸੀ। ਇਕ ਸੌ ਛਿਹੱਤਰਾਂ ਨੂੰ ਅੰਡੇਮਾਨ ਦੇ ਕਾਲੇ ਪਾਣੀਆਂ ਵਿਚ ਉਮਰ ਭਰ ਦੇਸ਼ ਨਿਕਾਲਾ ਦਿੱਤਾ ਗਿਆ ਸੀ ਅਤੇ 58 ਨੂੰ ਹਿੰਦੁਸਤਾਨ ਵਿਚ ਹੀ ਬੰਦੀਖਾਨਿਆਂ ਵਿਚ ਡੱਕ ਦਿੱਤਾ ਗਿਆ ਸੀ। ਸੈਂਕੜਿਆਂ ਨੂੰ ਬਿਨਾਂ ਮੁਕੱਦਮੇ ਚਲਾਇਆ ਦੂਰ ਦੀਆਂ ਹਵਾਲਾਤਾਂ ਵਿਚ ਧੱਕ ਦਿੱਤਾ ਗਿਆ ਸੀ। ਇਹਨਾਂ ਤੋਂ ਵੱਧ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੱਤੇ ਗਏ ਸਨ। ਸਥਾਨਕ ਭਾਸ਼ਾਵਾ ਦੇ ਅਖਬਾਰਾਂ ਨੂੰ ਕਠੋਰਤਾ ਨਾਲ ਦਬਾ ਦਿੱਤਾ ਗਿਆ ਸੀ।

ਗਦਰ ਦੀ ਗੰਜ ਦੀ ਹੱਡੀ ਤੋੜਨ ਪਿੱਛੋਂ ਛੇਤੀ ਹੀ ਦੋ ਇਸ ਕਾਮਾਗਾਟਾ ਮਾਰੂ ਦੇ ਬੰਦਿਆਂ ਨੂੰ ਫੜ ਲਿਆ ਗਿਆ ਸੀ। ਗੁਰਮੁੱਖ ਸਿੰਘ ਨੂੰ ਉਹਨਾਂ ਚਾਰ ਘਰਾਂ ਵਿਚੋਂ ਜਿਹਨਾਂ ਨੂੰ ਗਦਰੀ ਲਾਹੌਰ ਵਿਚ ਵਰਤਦੇ ਸਨ ਇੱਕ ਦੇ ਬਾਹਰ ਤੋ ਅਤੇ ਬਿਸ਼ਨ ਸਿੰਘ ਨੂੰ ਉਸਦੇ ਆਪਣੇ ਪਿੰਡ ਤੋਂ ਹੀ ਫੜ੍ਹ ਲਿਆ ਗਿਆ। ਉਹਨਾਂ ਤੇ ਮੁੱਕਦਮੇ ਚਲਾਏ ਗਏ ਅਤੇ ਗੁਰਮੁੱਖ ਸਿੰਘ ਨੂੰ ਜੀਵਨ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਕਾਮਾਗਾਟਾ ਮਾਰੂ ਇੱਕ ਵੀ ਬੰਦਾ ਸੰਦੇਹ ਤੋਂ ਉੱਪਰ ਨਹੀਂ ਸੀ। ਨਾ ਹੀ ਉਹ 59 ਸਨ ਜਿੰਨਾ ਨੂੰ ਬਜ ਬਜ ਤੋਂ ਗੱਡੀ ਫੜ੍ਹ ਲਈ ਸੀ ਅਤੇ ਫਸਾਦ ਤੋਂ ਬਾਹਰ ਰਹੇ ਸਨ। ਇਹਨਾ ਲੋਕਾਂ ਦੀ ਵੀ ਜੰਗ ਦੇ ਦੌਰਾਨ ਪਿੰਡਾਂ ਵਿਚ ਹੀ ਜੁਹਬੰਦੀ ਕਰ ਦਿੱਤੀ ਗਈ ਸੀ ਨਾ ਹੀ ਉਹਨਾਂ ਨੂੰ ਕੋਈ ਰੁਜਗਾਰ ਮਿਲਦਾ ਸੀ ਤੇ ਨਾ ਹੀ ਉਹ ਖੇਤੀ ਕਰ ਸਕਦੇ ਸਨ। ਕਿਉਂਕਿ ਉਹ ਬੀਜ ਜਾਂ ਹੋਰ ਲੋੜੀਦੀਆਂ ਚੀਜਾਂ ਖਰੀਦਣ ਲਈ ਸ਼ਹਿਰ ਨਹੀਂ ਸਨ ਜਾ ਸਕਦੇ। ਉਹਨਾਂ ਨੇ ਜਮੀਨਾ ਪੱਟੇ ਤੇ ਦੇ ਦਿੱਤੀਆਂ ਅਤੇ ਦਿਨ ਕਟੀ ਕਰਦੇ ਰਹੇ।

ਸੋਹਨ ਸਿੰਘ ਜਿਸਨੇ ਸਨਫਰਾਂਸਿਸਕੋ ਤੋਂ ਰਿਵਾਲਵਰ ਲਿਆਂਦੇ ਸਨ ਤੇ ਉਹਨਾਂ ਨੂੰ ਯੋਕੋਹਾਮਾ ਦੀ ਬੰਦਰਗਾਹ ਤੇ ਕਾਮਾਗਾਟਾ ਮਾਰੂ ਵਿਚ ਪਹੁੰਚਾਇਆ ਸੀ ਕੱਲਕੱਤੇ ਅਪੜਣ ਤੇ ਗਿਰਫਤਾਰ ਕਰ ਲਿਆ ਗਿਆ। ਉਸਤੇ ਮੁੱਕਦਮਾ ਚਲਾਇਆ ਗਿਆ ਤੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਬਾਅਦ ਇਹ ਸਜ਼ਾ ਮੁਆਫ ਕਰ ਦਿੱਤੀ ਸੀ। ਸੰਨ 1915 ਦੀ ਪੱਤਝੜ ਤੀਕਰ ਵੈਨਕੂਵਰ ਦੀ ਸਥਾਨਕ ਕਮੇਟੀ

ਦੇ ਚਾਰ ਮੈਂਬਰ ਹਿੰਦੁਸਤਾਨੀ ਪੁਲਿਸ ਦੇ ਹੱਥ ਆ ਗਏ ਸਨ। ਉਹਨਾਂ ਚੋਂ ਸੱਭ ਤੋਂ ਪ੍ਰਸਿੱਧ ਸੀ ਬਲਵੰਤ ਸਿੰਘ ਇਹ ਉਹੀ ਬਲਵੰਤ ਸਿੰਘ ਸੀ ਜਿਹੜਾ ਅਪਰੈਲ 1914 ਵਿਚ ਗੁਰਦਿੱਤ ਸਿੰਘ ਨੂੰ ਮੋਜੀ ਦੇ ਸਥਾਨ ਤੇ ਮਿਲਿਆ ਸੀ ਅਤੇ ਜਿਸਨੂੰ ਅਮਰੀਕਾ ਦੇ ਅਧਿਕਾਰੀਆਂ ਨੇ ਸੁਮਾਸ ਦੇ ਸਥਾਨ ਤੇ ਗਿਰਫਤਾਰ ਕਰ ਲਿਆ ਸੀ ਬੇਲਾ ਸਿੰਘ ਜਿਹੜਾ ਵੈਨਕੂਵਰ ਵਿਚ ਹਾਪਕਿਨਸਨ ਦੀਆਂ ਅੱਖਾਂ ਅਤੇ ਕੰਨ ਬਣਿਆ ਹੋਇਆ ਸੀ ਅਤੇ ਡਾਕਟਰ ਰਘੁਨਾਥ ਸਿੰਘ ਨੇ ਅਦਾਲਤ ਨੂੰ ਬਲਵੰਤ ਸਿੰਘ ਦੇ ਕਈ ਭਾਬੜ ਮਚਾਊ ਭਾਸ਼ਨਾਂ ਬਾਰੇ ਦੱਸਿਆ ਸੀ ਵਿਸ਼ੇਸ਼ ਤੌਰ ਤੇ ਇਹਨਾਂ ਭਾਸ਼ਨਾਂ ਵਿੱਚ ਉਹ ਭਾਸ਼ਨ ਵੀ ਸੀ ਜਿਹੜਾ ਉਸਨੇ ਮੋਜੀ ਦੇ ਸਥਾਨ ਤੇ ਕਾਮਾਗਾਟਾ ਮਾਰੂ ਮੁਸਾਫਰਾਂ ਅੱਗੇ ਦਿੱਤਾ ਸੀ ਅਤੇ ਦੂਜਾ ਸੀ ਉਹ ਜਿਹੜਾ ਉਸਨੇ ਵੈਨਕੂਵਰ ਵਿੱਚ ਕਾਮਾਗਾਟਾ ਮਾਰੂ ਮੁਸਾਫਰਾਂ ਲਈ ਪਹਿਲੀ ਵਾਰ ਫੰਡ ਇਕੱਤਰ ਕਰਨ ਸਮੇਂ ਦਿੱਤਾ ਸੀ। ਕੁਝ ਗਵਾਹਾਂ ਨੇ ਉਸਤੇ ਦੋਸ਼ ਲਾਇਆ ਸੀ ਕਿ ਉਸਨੇ ਗ੍ਰੰਡ ਹਾਪਕਿਨਸਨ ਤੇ ਬੇਲਾ ਸਿੰਘ ਦੇ ਕਤਲਾਂ ਦੀ ਵਕਾਲਤ ਕੀਤੀ ਹੈ। ਅਦਾਲਤ ਨੇ ਬਲਵੰਤ ਸਿੰਘ ਨੂੰ ਰਿੰਗ ਲੀਡਰ ਕਰਾਰ ਦਿੱਤਾ ਅਤੇ ਸੰਨ 1915 ਵਿੱਚ ਉਸਨੂੰ ਲਾਹੌਰ ਵਿੱਚ ਫਾਂਸੀ ਲਾ ਦਿੱਤਾ ਗਿਆ। ਇਹੋ ਜਿਹਾ ਹਸ਼ਰ ਹੀ ਸੀ ਜਿਸ ਦਾ ਗੁਰਦਿੱਤ ਸਿੰਘ ਨੂੰ ਤੌਖਲਾ ਰਹਿੰਦਾ ਸੀ।

ਮਾਰਚ 1915 ਵਿਚ ਕੁਝ ਸਿੱਖ ਯਾਤਰੂ ਹੈਦਰਾਬਾਦ,ਉਥੇ ਬਹਾਰ ਦੀ ਰੁੱਤ ਦੇ ਮਹਾਨ ਤਿਉਹਾਰ ਹੋਲੇ ਮੁਹੱਲੇ ਉਤੇ ਆਏ। ਉਹ ਨੰਦੇੜ ਵਿਚ ਹਜ਼ੂਰ ਸਾਹਿਬ ਵਿਚ ਇੱਕਤਰ ਹੋਏ ਜਿਥੇ ਦਸਮ ਤੇ ਅੰਤਮ ਗੁਰੂ ਗੋਬਿੰਦ ਸਿੰਘ ਪ੍ਰਾਣ ਤਿਆਗੇ ਸਨ। ਗੁਰਦਿੱਤ ਸਿੰਘ ਨੇ ਉਸ ਸਥਾਨ ਦਾ ਰੁੱਖ ਕਰ ਲਿਆ ਤਾਂ ਜੋ ਉਹ ਉਹਨਾਂ ਦੀ ਸੰਗਤ ਵਿਚ (ਚੋਰੀ ਛੁਪੇ) ਪੰਜਾਬ ਪਰਤ ਸਕੇ। ਉਹ ਉਤਰ ਵੱਲ 800 ਕਿਲੋਮੀਟਰ ਤੀਕਰ ਉਹਨਾਂ ਨਾਲ ਗੱਡੀ ਵਿਚ ਯਾਤਰਾ ਕਰਦਾ ਰਿਹਾ ਜਦੋਂ ਕਿ ਉਸਦੀ ਸਵੈ ਰਖਸ਼ਾ ਦੀ ਅੰਦਰਲੀ ਪ੍ਰਵਿਰਤੀ ਨੇ ਉਸਨੂੰ ਆਖਿਆ। "ਅੱਗੇ ਨ ਜਾਵੋ।" ਇੱਕ ਸਾਲ ਪਿੱਛੋਂ, ਉਹ ਉਸ ਸਮੇਂ ਦੀ ਗਵਾਲੀਅਰ ਰਿਆਸਤ ਵਿਚ ਸਿੱਪਰੀ ਦੇ ਸਥਾਨ ਤੇ ਸਥਿੱਤ ਹੋ ਗਿਆ। ਉਸਨੇ ਆਪਣਾ ਫਰਜ਼ੀ ਨਾਉਂ ਹਰੀ ਸਿੰਘ ਰੱਖ ਲਿਆ ਉਸਨੇ ਪਾਣੀ ਇੱਕਤਰ ਕਰਨ ਅਤੇ ਪੁਣ ਛਾਣ ਕਰਨ ਵਾਲੇ ਸਰੋਵਰ ਬਣਾਉਣ ਤੇ ਨਹਿਰ ਪੁੱਟਣ ਦੇ ਕੰਮ ਦਾ ਠੇਕਾ ਲੈ ਲਿਆ ਸੀ। ਉਸਨੇ ਇੱਕ ਦੋਸਤ ਨੂੰ ਪੈਸਿਆ ਲਈ ਲਿਖਿਆ ਸੀ ਉਥੇ ਉਸਨੇ ਢੇਰ ਨਫਾ ਖੱਟਿਆ ਸੀ। ਉਹ ਮਨ ਵਿੱਚ ਕਈ ਏਕੜ ਜ਼ਮੀਨ ਖਰੀਦਣ ਦਾ ਜੋੜ ਤੋੜ ਕਰ ਰਿਹਾ ਸੀ ਕਿ ਉਸਨੂੰ ਸੂਚਨਾ ਮਿਲੀ ਕਿ ਪੰਜਾਬ ਦੀ ਪੁਲਿਸ ਨੂੰ ਉਸ ਦੇ ਟਿਕਾਣੇ ਦਾ ਪਤਾ ਲੱਗ ਗਿਆ ਹੈ। ਉਹ ਤੁਰੰਤ ਹੀ ਨੱਸ ਤੁਰਿਆ। ਉਹ ਰਾਤ ਨੂੰ ਤੁਰਦਾ ਸੀ ਜਿਵੇ ਕਿ ਬਜ ਬਜ ਤੋਂ ਪਿੱਛੋਂ ਉਸਨੇ ਕਈ ਵਾਰ ਕੀਤਾ ਸੀ। ਉਸਨੂੰ ਭਾਸਦਾ ਸੀ ਜਿਵੇਂ ਪੁਲਿਸ ਹਰ ਥਾਂ ਉਸਦਾ ਪਿੱਛਾ ਕਰ ਰਹੀ ਹੋਵੇ। ਜੇ ਕੋਈ ਅਜਨਬੀ ਉਸਨੂੰ ਮਿਲਦਾ ਤਾਂ ਉਸਨੂੰ ਮੁਖਬਰ ਲਗਦਾ। ਉਸਨੂੰ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸੜਕ ਤੇ ਆਉਣ ਵਾਲੇ ਸਾਰੇ ਲੋਕ ਉਸਦਾ ਨਾਉਂ ਲੈ ਕੇ ਉਸਨੂੰ ਹਾਕਾਂ ਮਾਰਦੇ ਹੋਣ। ਸਿੱਪਰੀ ਤੇ ਬੂੰਦੀ ਦੇ ਵਿਚਕਾਰ ਰਸਤੇ ਵਿੱਚ ਉਹ ਖੇਤਾਂ ਨੂੰ ਚੀਰਦਾ ਹੋਇਆ, ਤੇ ਜੰਗਲਾਂ ਨੂੰ ਗਾਹਉਦਾ ਹੋਇਆ ਵਧੀ ਜਾ ਰਿਹਾ ਸੀ ਪੰਧ ਮੁਕਾਉਣ ਤੀਕਰ ਉਹ ਢੇਰ ਸਮਾਂ ਇੰਜ ਹੀ ਕਰਦਾ ਰਿਹਾ। ਡਰ ਨੇ ਉਸਦੇ ਕਦਮਾਂ ਵਿੱਚ ਫੁਰਤੀ ਭਰ ਦਿੱਤੀ ਸੀ। ਬੂੰਦੀ, ਸਿੱਪਰੀ ਤੋਂ ਪੱਛਮੀ ਪਾਸੇ ਵੱਲ ਸੀ ਤੇ 240 ਕਿਲੋਮੀਟਰ ਦੀ ਦੂਰੀ ਤੇ ਸੀ। ਉਹ ਭਾਉਂਦਾ ਰਿਹਾ ਉਹ ਰਾਜਸਥਾਨ ਦੇ ਕਾਲ ਮਾਰੇ ਹਿੱਸਿਆਂ ਨੂੰ ਉਲਾਂਘਦਾ ਹੋਇਆ ਉਸ ਸਮੇਂ ਦੀ ਬੜੌਦਾ ਰਿਆਸਤ ਜਿਹੜੀ ਕਿ ਗੁਜਰਾਤ ਵਿੱਚ ਸੀ ਵਿਚ ਅਪੜ ਗਿਆ ਉਸ ਸਮੇਂ 1916 ਦਾ ਸੰਨ ਸੀ ਤੇ ਸਤੰਬਰ ਦਾ ਮਹੀਨਾ ਸੀ। ਉਸਨੂੰ ਡਾਕਟਰੀ ਵਿਦਿਆ ਦਾ ਕੁਝ ਗਿਆਨ ਸੀ। ਅਤੇ ਜਦੋਂ ਉਸਨੇ ਵੇਖਿਆ ਕਿ ਉਹ ਇਸ ਵਿਦਿਆ ਲਾਭਕਾਰੀ ਢੰਗ ਨਾਲ ਵਰਤੋਂ ਕਰ ਸਕਦਾ ਸੀ ਉਸਨੇ ਕੁਝ ਪੁਸਤਕਾਂ ਖਰੀਦੀਆਂ ਤਾਂ ਜੋ ਗਿਆਨ ਵਿਚ ਹੋਰ ਵਾਧਾ ਕੀਤਾ ਜਾ ਸਕੇ ਉਸਨੇ ਪ੍ਰਕੈਟਸ ਕਰਨੀ ਆਰੰਭ ਕਰ ਦਿੱਤੀ। ਇਸਤਰ੍ਹਾਂ ਉਸਨੂੰ ਚੌਖੀ ਆਮਦਨੀ ਹੋਣ ਲੱਗ ਪਈ।

ਉਹ ਬੜੌਦਾ ਵਿਚ ਢਾਈ ਸਾਲ ਤੋਂ ਚੁੱਪ ਚਾਪ ਰਹਿੰਦਾ ਆਇਆ ਸੀ। ਉਥੇ ਉਸਨੇ ਜਲ੍ਹਿਆ ਵਾਲੇ ਬਾਗ ਦੇ ਖੂਨੀ ਸਾਕੇ ਬਾਬਤ ਸੁਣਿਆ ਸੰਨ 1919 ਸੀ ਤੇ ਅਪਰੈਲ ਦੀ 13 ਤਾਰੀਖ ਨੂੰ ਵਿਸਾਖੀ ਦੀ ਧਾਰਮਿਕ ਤੇ ਢਾਪਰਕ ਤਿਉਹਾਰ ਦੇ ਅਵਸਰ ਤੇ ਜਲ੍ਹਿਆਂ ਵਾਲੇ ਬਾਗ ਵਿਖੇ ਹਜਾਰਾਂ ਦੀ ਸੰਖਿਆ ਵਿੱਚ ਸਿੱਖ ਮਰਦ ਇਸਤਰੀਆਂ ਤੇ ਬਾਲ ਇੱਕਤਰ ਹੋਏ ਸਨ। ਅੰਗਰੇਜ਼ੀ ਜੈਨਰਲ ਰੈਜੀਨਲਡ ਐਡਵਰਡ ਹੈਰੀ ਡਾਇਰ ਨੇ ਇਸ ਇਕੱਤਰਤਾ ਨੂੰ ਬੜੀ ਬੇਕਿਰਕੀ ਨਾਲ ਖਿਡਾ ਦਿੱਤਾ ਸੀ। ਉਕਤ ਸਥਾਨ ਚਕੋਣੀ ਸ਼ਕਲ ਦਾ ਧਰਤੀ ਦਾ ਖੁਲ੍ਹਾ ਟੋਟਾ ਸੀ ਅਤੇ ਇਸਨੂੰ ਚੁਪਾਸਿਆਂ ਤੋਂ ਢਗਲਿਆ ਹੋਇਆ ਸੀ। ਡਾਇਰ ਨੇ ਗੋਰਖਿਆ ਤੇ ਬਲੋਚੀਆਂ ਦੇ 50 ਬੰਦੂਕਚੀ ਸਿਪਾਹੀ ਲਿਆਂਦੇ। ਇਕੱਤਰਤਾ ਵਿਚ ਮੌਜੂਦ ਲੋਕਾਂ ਉਤੇ ਬਿਨਾਂ ਕਿਸੇ ਸੂਚਨਾ ਦੇ ਤਾੜ ਤਾੜ ਗੋਲੀ ਵਰ੍ਹਾ ਦਿਤੀ ਗਈ। ਗੋਲੀ ਉਦੋਂ ਤੀਕਰ ਚਲਦੀ ਰਹੀ ਤੀਕਰ ਗੋਲੀਆਂ ਖਤਮ ਨਾ ਹੋ ਗਈਆਂ। ਇਸਤੋਂ ਬਾਅਦ ਬਿਨਾ ਜਖਮੀਆਂ ਤੇ ਲਾਸ਼ਾ ਦੀ ਪ੍ਰਵਾਹ ਕੀਤੇ ਉਹ ਸਿਪਾਹੀਆਂ ਨੂੰ ਵਾਪਿਸ ਲੈ ਗਿਆ। ਅੰਮ੍ਰਿਤਸਰ ਵਿਚ ਤੁਰੰਤ ਮਾਰਸ਼ਲ ਲਾਅ ਲਾ ਦਿੱਤਾ ਗਿਆ ਤੇ ਸਖਤ ਸੈਂਸਰ ਸ਼ਿੱਪ ਲਾਗੂ ਕਰ ਦਿੱਤੀ ਗਈ। ਬਾਅਦ ਵਿਚ ਘੇਰਾ ਵਧਾ ਦਿੱਤਾ ਗਿਆ ਤੇ ਸਾਰਿਆਂ ਜਿਲਿਆਂ ਵਿਚ ਇੰਝ ਹੀ ਕੀਤਾ ਗਿਆ। ਪਰ ਇਹ ਸਭ ਕੁਝ ਦੇ ਬਾਵਜੂਦ ਇਸ ਖੂਨੀ ਸਾਕੇ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਅਗਸਤ ਮਹੀਨੇ ਦੇ ਅਖੀਰ ਤੇ ਜਾ ਕੇ ਸਰਕਾਰ ਨੇ ਸਵੀਕਾਰ ਕੀਤਾ ਕਿ 290 ਮੌਤਾਂ ਹੋਈਆਂ ਸਨ ਬਹੁਤ ਸਾਰੇ ਹਿੰਦੁਸਤਾਨੀਆਂ ਦਾ ਯਕੀਨ ਸੀ ਕਿ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਅਧਿਕ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਸਰਕਾਰ ਇਸ ਦੀ ਪੜਤਾਲ ਕਰਨ ਵਿੱਚ ਜਾਂ ਜਨਰਲ ਡਾਇਰ ਦੀ

ਕਰਤੂਤ ਨੂੰ ਨਿੰਦਨ ਵਿਚ ਸੁਸਤੀ ਵਿਖਾ ਰਹੀ ਸੀ ।ਯੁੱਧ ਸਮੇਂ ਜਿਹੜੇ ਗਦਰ ਸਾਜਸ ਦੇ ਮੁਕੱਦਮੇ ਚਲਾਏ ਗਏ ਸਨ ਉਹਨਾਂ ਨੇ ਅਨੇਕਾਂ ਹਿੰਦੁਸਤਾਨੀਆਂ ਨੂੰ ਤਲਮਲਾ ਕੇ ਰੱਖ ਦਿੱਤਾ ਸੀ । ਪਰ ਯੁੱਧ ਮੁੱਕਣ ਤੇ ਬਹੁਤ ਸਾਰੇ ਲੋਕਾਂ ਨੂੰ ਆਸ ਸੀ ਕਿ ਵਧੇਰੀ ਸੁਤੰਤਰਤਾ ਦਿੱਤੀ ਜਾਵੇਗੀ । ਪਰ ਇਹ ਆਸ ਸ਼ੀਘਰ ਹੀ ਕ੍ਰੋਧ ਦਾ ਰੂਪ ਧਾਰ ਗਈ ਜਦੋਂ ਸਰਕਾਰ ਨੇ ਪੁਲਿਸ ਦੀ ਤਾਕਤ ਨੂੰ ਹੋਰ ਵੀ ਵਧਾ ਦਿੱਤਾ । ਮਾਰਚ 1919 ਦੇ ਰੋਲੈਟ ਐਕਟ ਦਾ ਇਹੀ ਮੰਤਵ ਸੀ ਗਾਂਧੀ ਜੋ ਹਿੰਦੁਸਤਾਨੀ ਸਿਆਸਤ ਵਿੱਚ ਨਵੇਂ ਨਵੇਂ ਆਏ ਸਨ ਤੇ ਅਣਪਰਖੇ ਸਨ ਨੇ ਗੈਰ -ਹਿੰਸਾਵਾਦੀ ਅੰਦੋਲਨ ਆਰੰਭ ਕੀਤਾ ਅਤੇ ਇਕ ਕੌਮੀ ਦਿਨ ਮਿਲਿਆ ਜਿਸ ਵਿਚ ਵਰਤ ਰੱਖੇ ਗਏ ਪ੍ਰਾਰਥਨਾਵਾਂ ਹੋਈਆਂ ਅਤੇ ਹੜਤਾਲਾਂ ਕੀਤੀਆਂ ਗਈਆਂ । ਇਹਸਭ ਕੁਝ ਸ਼ਾਤਮਈ ਸੀ ਪਰ ਮੰਦੇਭਾਗਾਂ ਨੂੰ ਨਾਲ ਫਸਾਦ ਭੜਕ ਉੱਠੇ ਅਤੇ ਖ਼ੂਨ ਖਰਾਬਾ ਹੋਇਆ । ਇਸ ਪਿਛੋਂ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਹੋਇਆ ਅਤੇ ਗਾਂਧੀ ਨੂੰ ਧੱਕਾ ਵੱਜਿਆ । ਉਹਨਾਂ ਨੂੰ ਅਹਿਸਾਸ ਹੋਇਆ ਕਿ ਉਹ ਭੁਲੇਖੇ ਵਿਚ ਰਹੇ ਸਨ । ਅੰਗਰੇਜ਼ੀ ਹਕੂਮਤ ਉੱਕਾ ਹੀ ਮਾੜੀ ਸੀ ।

ਗੁਰਦਿੱਤ ਸਿੰਘ ਇਹਨਾਂ ਘਟਨਾਵਾਂ ਨੂੰ ਬੜੇ ਗੁਹ ਨਾਲ ਪੜ੍ਹਦਾ ਆਇਆ ਸੀ । ਉਸਨੇ ਉਹ ਸਮਾਚਾਰ ਪੱਤਰ ਵੀ ਪੜ੍ਹੇ ਸਨ ਜਿਨ੍ਹਾਂ ਵਿਚ ਮੋਤੀ ਲਾਲ ਨਹਿਰੂ ਦਾ ਉਹ ਪ੍ਰਧਾਨਗੀ ਭਾਸ਼ਨ ਸੀ ਜਿਹੜਾ ਉਸਨੇ ਦਸੰਬਰ 1919 ਵਿੱਚ ਅੰਮ੍ਰਿਤਸਰ ਵਿਚ ਹੋਏ ਕਾਂਗਰਸ ਦੇ ਸਮਾਗਮ ਵਿਚ ਪੜ੍ਹਿਆ ਸੀ । ਇਹ ਸਮਾਗਮ ਅੰਮ੍ਰਿਤਸਰ ਦੇ ਕੰਬਾਊ ਸਾਕੇ ਦੇ ਤੁਰੰਤ ਹੀ ਪਿੱਛੋਂ ਕੀਤਾ ਗਿਆ ਸੀ । ਇਸ ਸੈਸ਼ਨ ਵਿਚ 8000 ਡੈਲੀਗੇਟ ਸ਼ਾਮਲ ਹੋਏ ਜੋ ਹਿੰਦੁਸਤਾਨ ਦੇ ਹਰਇਕ ਭਾਗ ਚੋਂ ਆਏ ਸਨ । ਇਸ ਵਿੱਚ ਉਹ ਸਾਰੀਆਂ ਪ੍ਰਮੁੱਖ ਸ਼ਖਸ਼ੀਅਤਾਂ ਪਧਾਰੀਆਂ ਸਨ ਜਿਨ੍ਹਾਂ ਨੇ ਕੌਮੀ ਜੱਦੋ ਜਹਦ ਵਿੱਚ ਹਿੱਸਾ ਪਾਇਆ ਸੀ । ਨਹਿਰੂ ਨੇ ਆਪਣੇ ਤਿੰਨ ਘੰਟਿਆ ਦੇ ਪ੍ਰਧਾਨਗੀ ਭਾਸ਼ਨ ਵਿਚ ਪੰਜਾਬ ਦੀ ਸਥਿਤੀ ਦੇ ਮੁੱਢ ਦਾ ਸਰਵੇਖਣ ਕੀਤਾ ਸੀ । ਉਸਨੇ ਕਾਮਾਗਾਟਾ ਮਾਰੂ ਦੀ ਦੁਰਘਟਨਾ ਸੰਬੰਧੀ ਸੰਖੇਪ ਜਿਹਾ ਸੰਕੇਤ ਦਿੱਤਾ ਉਸਨੇ ਆਖਿਆ ‘‘ਇਸ ਘਟਨਾ ਨਾਲ ਅਸ਼ਾਂਤੀ ਮੁੜ ਬੇਦਾਰ ਹੋਈ ਹੈ ਅਤੇ ਸਰ ਮਾਈਕਲ ਅਡਵਾਇਰ ਨੇ ਇਸ ਨੂੰ ਬਹਾਨਾ ਬਣਾ ਕੇ ਪੁਲਸ ਤਸ਼ੱਦਦ ਹੋਰ ਵਧਾਇਆ ਸੀ ਭਾਸ਼ਨ ਸੰਤੁਲਤ ਸੀ । ਇਸ ਵਿਚ ਕਾਂਗਰਸ ਵਲੋਂ ਬਣਾਈ ਗਈ ਸਬ ਕਮੇਟੀ ਦੀਆਂ ਮੁੱਢਲੀਆਂ ਖੋਜਾਂ ਦਾ ਝਲਕਾਰਾ ਸੀ । ਇਸ ਸਬ-ਕਮੇਟੀ ਵਿਚ ਮੋਤੀ ਲਾਲ ਨਹਿਰੂ ਤੇ ਗਾਂਧੀ ਵੀ ਸ਼ਾਮਲ ਸਨ । ਬਾਅਦ ਵਿਚ ਇਸ ਸਬ -ਕਮੇਟੀ ਨੇ ਸਰਕਾਰ ਵੱਲੋਂ ਨਿਯੁਕਤ ਕੀਤੀ ਗਈ ਸਰਕਾਰੀ ਬਾਡੀ ਦੀ ਪੜਤਾਲ ਦੇ ਸਮਾਨਅੰਤਰ ਪੜਤਾਲ ਕੀਤੀ ਸੀ । ਇਹ ਪੜਤਾਲਾਂ ਜਲ੍ਹਿਆਂ ਵਾਲੇ ਬਾਗ ਦੇ ਦੁਖਾਂਤਾਂ ਭਰੇ ਸਾਕੇ ਸਬੰਧੀ ਸੀ । ਜਦੋਂ ਨਹਿਰੂ ਨੇ ਬਜ ਬਜ ਦਾ ਵਰਨਣ ਕੀਤਾ ਤਾਂ ਉਹਨਾਂ ਨੇ ਤੱਥਾਂ ਨੂੰ ਬਿਨਾਂ ਕਿਸੇ ਅਲੰਕ੍ਰਿਤ ਭਾਸ਼ਾਂ ਦੇ ਬਿਆਨਿਆ ਜਿਨੀ ਕੁ ਉਸਨੂੰ ਇਹਨਾਂ ਤੱਥਾਂ ਦੀ ਜਾਣਕਾਰੀ ਸੀ ਉਸ ਨੇ ਆਖਿਆ ‘‘ਮੁਸਾਫਰਾਂ ਨਾਲ ਨਿਰੰਤਰ ਦੁਰ ਵਿਵਹਾਰ ਕੀਤਾ ਗਿਆ ਸੀ ਤੇ ਜਦੋਂ ਉਹ ਹਿੰਦੁਸਤਾਨ ਵਿੱਚ ਉਤਰੇ ਤਾਂ ਉਹਨਾਂ ਨੇ ਆਪਣੇ ਆਪ ਨੂੰ ਬੰਦੀਆਂ ਦੇ ਰੂਪ ਵਿਚ ਤੱਕਿਆ ਉਹ ਉੱਕਾਹੀ ਹੋਸ਼ ਗਵਾ ਬੈਠੇ ਅਤੇ ਇਸਦਾ ਮੰਦਭਾਗਾ ਸਿੱਟਾ ਸੀ ਬਜ ਬਜ ਦਾ ਫਸਾਦ ਇਹ ਸਭ ਕੁਝ ਸੱਚ ਦੇ ਨੇੜੇ ਸੀ ਪਰ ਇਹ ਉਹ ਕੁਝ ਨਹੀਂ ਸੀ ਜਿਹੜਾ ਕਿ ਗੁਰਦਿੱਤ ਸਿੰਘ ਚਾਹੁੰਦਾ ਸੀ ਇਤਿਹਾਸ ਆਖੇ । ਇਸਨੂੰ ਮਨ ਵਿਚ ਲੈ ਕੇ ਉਹ ਗਾਂਧੀ ਦੇ ਆਸ਼ਰਮ ਜਿਹੜਾ ਕਿ ਅਹਿਮਦਾਬਾਦ ਦੀ ਬਾਹਰਲੀ ਹੱਦ ਤੇ ਸੀ ਗਿਆ ਪਰ ਉਹ ਸ਼ੁੰਨ ਮਸ਼ੁੰਨ ਹੋ ਗਿਆ ਜਦੋਂ ਉਸ ਨੇ ਉਥੇ ਇੱਕ ਸਿੱਖ ਨੂੰ ਵੇਖਿਆ ਗੁਰਦਿੱਤ ਸਿੰਘ ਨੂੰ ਜਾਪਿਆ ਜਿਵੇਂ ਉਹ ਪੁਲਿਸ ਦਾ ਏਜੰਟ ਸੀ ਇਸ ਤੋਂ ਜਲਦੀ ਹੀ ਪਿੱਛੋਂ ਉਸਨੇ ਜੇ. ਬੀ. ਤਿਲਕ ਨਾਲ ਗੱਲਬਾਤ ਕਰਨ ਦੇ ਅਵਸਰ ਨੂੰ ਗਵਾ ਲਿਆ ਤਿਲਕ ਬੜੌਦੇ ਆਇਆ ਹੋਇਆ ਸੀ ਪਰ ਬੇਪਨਾਹ ਹਜੂਮ ਨੇ ਉਸਨੂੰ ਵਗਲਿਆ ਹੋਇਆ ਸੀ । ਉਸ ਦੇ ਨੇੜੇ ਢੁਕਣਾ ਅਸੰਭਵ ਹੋ ਨਿਬੜਿਆ ਸੀ । ਤਦ ਗੁਰਦਿੱਤ ਸਿੰਘ ਨੇ ਬੰਬਈ ਜਾਣ ਦਾ ਫੈਸਲਾ ਕੀਤਾ । ਬੰਬਈ ਇਕ ਅਜਿਹਾ ਅਸਥਾਨ ਸੀ ਜਿਥੇ ਕਿ ਰਾਸ਼ਟਰਵਾਦੀ ਆਗ ਹਰ ਸਮੇਂ ਆਉਂਦੇ ਰਹਿੰਦੇ ਸਨ । ਨਗਰ ਦਾ ਕੇਂਦਰ ਅਤਿ ਖਤਰੇ ਭਰਿਆ ਲਗਦਾ ਸੀ । ਇਸ ਲਈ ਉਸਨੇ ਵਲਦ ਰਾਜ ਦੇ ਫਰਜ਼ੀ ਨਾਉ ਹੇਠਾਂ ਨਗਰ ਤੋਂ 18 ਕਿਲੋਮੀਟਰ ਦੀ ਦੂਰੀ ਤੇ ਮਹਿਲ ਬੰਦਰ ਵਿਚ ਜਹਾਜਾਂ ਦੇ ਯਾਰਡ ਵਿਚ ਨੌਕਰੀ ਲੈ ਲਈ ਪਹਿਲਾਂ ਉਸਨੂੰ ਡਾਕਟਰ ਦੀ ਨੌਕਰੀ ਤੇ ਲਾ ਦਿੱਤਾ ਗਿਆ ਅਤੇ ਬਾਅਦ ਵਿਚ ਉਸਨੇ ਮੈਨੇਜਰ ਦੇ ਕੰਮ

ਦਾ ਚਾਰਜ ਸੰਭਾਲ ਲਿਆ । ਇੱਕ ਮਿੱਤਰ ਨੇ ਉਸਦੀ ਵੀ. ਜੇ. ਪਟੇਲ ਨਾਲ ਜਿਹੜਾ ਕਿ ਗੁਜਰਾਤ ਦਾ ਕਾਂਗਰਸੀ ਆਗੂ ਸੀ ਜਾਣ ਪਛਾਣ ਕਰਵਾ ਦਿੱਤੀ। ਪਰ ਪਟੇਲ ਉਸਨੂੰ ਬੜੇ ਰੁੱਖੇ ਢੰਗ ਨਾਲ ਮਿਲਿਆ ਜਾਂ ਤਾਂ ਪਟੇਲ ਨੂੰ ਉਸਦੀ ਸ਼ਨਾਖਤ ਸਬੰਧੀ ਵਿਸ਼ਵਾਸ਼ ਨਹੀਂ ਸੀ ਤੇ ਜਾਂ ਉਸਨੂੰ ਗੁਰਦਿੱਤ ਸਿੰਘ ਦੀ ਕਹਾਣੀ ਵਿਚ ਦਿਲਚਸਪੀ ਨਹੀਂ ਸੀ । ਮਾਰਚ 1920 ਦੇ ਪਹਿਲੇ ਹਫਤਿਆਂ ਵਿੱਚ ਹੀ ਗਾਂਧੀ ਜੀ ਬੰਬਈ ਆਏ। ਉਹ ਉਥੇ ਅਦਾਲਤ ਦੀ ਮਾਨ ਹਾਨੀ ਦੇ ਕੇਸ ਦੀ ਡਿਫੈਂਸ ਲਈ ਆਏ ਸਨ । ਇਹ ਮੁੱਕਦਮਾ ਉਹਨਾਂ ਉੱਤੇ ਉਹਨਾਂ ਟਿੱਪਣੀਆਂ ਕਰਨ ਦੇ ਅਧਾਰ ਤੇ ਚਲਾਇਆ ਗਿਆ ਸੀ ।ਜਿਹੜੀਆਂ ਉਹਨਾਂ ਨੇ ਆਪਣੇ ਸਮਾਚਾਰ ਪੱਤਰ 'ਯੰਗ ਇੰਡੀਆ' ਵਿੱਚ ਕੀਤੀਆਂ ਸਨ । ਗੁਰਦਿੱਤ ਸਿੰਘ ਨੂੰ ਮੁਲਾਕਾਤ ਦੀ ਆਗਿਆ ਮਿਲ ਗਈ । ਪਰ ਇਹ ਮੁਲਾਕਾਤ ਪਰਾਈਵੇਟ ਨਹੀਂ ਸੀ । ਉਥੇ ਹੋਰ ਲੋਕ ਵੀ ਹਾਜ਼ਰ ਸਨ । ਗੁਰਦਿੱਤ ਸਿੰਘ ਜੋ ਕੁਝ ਇਨਕਸਾਫ ਕਰਨਾ ਚਾਹੁੰਦਾ ਸੀ ਉਸ ਸੰਬੰਧੀ ਉਸਨੂੰ ਤੌਖਲਾ ਸੀ ਕਿ ਕਿਤੇ ਪੁਲਸ ਨੂੰ ਉਸਦਾ ਸੁਰਾਗ ਨਾ ਮਿਲ ਜਾਵੇ । ਗਾਂਧੀ ਜੀ ਨੇ ਗੁਰਦਿੱਤ ਸਿੰਘ ਤੋਂ ਉਸਦਾ ਨਾਮ ਪੁੱਛਿਆ

"ਮੇਰਾ ਕੋਈ ਨਾਮ ਨਹੀਂ, ਜੇ ਹੈ ਵੀ ਤਾਂ ਉਸ ਨੂੰ ਸ਼ਰੇਆਮ ਏਥੇ ਨਹੀਂ ਦੱਸਿਆ ਜਾ ਸਕਦਾ। ਪਰ ਜੇ ਫੇਰ ਵੀ ਆਪ ਇਸ ਗੱਲ ਤੇ ਜ਼ੋਰ ਦਿੰਦੇ ਹੋ ਤਦ ਕਿਰਪਾ ਕਰਕੇ ਮੈਨੂੰ ਆਗਿਆ ਦੇਵੋ ਕਿ ਮੈਂ ਪੰਦਰਾ ਮਿੰਟ ਲਈ ਆਪ ਨਾਲ ਇਕਲ ਵਾਝਿਆ ਗੱਲਾਂ ਕਰ ਸਕਾਂ । " "ਮੇਰੇ ਕੋਲ ਕੋਈ ਸਮਾਂ ਨਹੀਂ । ਇਕੱਲਿਆਂ ਗੱਲਬਾਤ ਦੀ ਕੋਈ ਅਵੱਸ਼ਕਤਾਂ ਨਹੀਂ । " "ਮੈਂ ਬਹੁਤ ਮਹੱਤਵ ਪੂਰਣ ਮਾਮਲਿਆਂ ਸਬੰਧੀ ਗੱਲਾਂ ਕਰਨੀਆਂ ਹਨ । ਕਿਰਪਾ ਕਰਕੇ ਮੈਨੂੰ ਘੱਟੋ ਘੱਟ ਪੰਜ ਮਿੰਟ ਦਾ ਸਮਾਂ ਦੇਵੋ ।"
"ਮੇਰੇ ਕੋਲ ਉੱਕਾ ਹੀ ਕੋਈ ਸਮਾਂ ਨਹੀਂ ।"

ਗੁਰਦਿੱਤ ਸਿੰਘ ਨੇ ਉਸ ਘਰ ਜਿੱਥੇ ਗਾਂਧੀ ਜੀ ਠਹਿਰੇ ਹੋਏ ਸਨ ਅਨੇਕਾਂ ਚੱਕਰ ਮਾਰੇ ਪਰ ਉਹ ਅਵਸਰ ਜਿਸਦੀ ਕਿ ਉਸ ਨੂੰ ਤਲਾਸ਼ ਸੀ ਪ੍ਰਾਪਤ ਨਾ ਹੋਇਆ । ਤਦ ਅਪੈਲ ਦੇ ਮਹੀਨੇ ਵਿਚ ਪੰਜਾਬ ਦਾ ਇੱਕ ਕਾਂਗਰਸੀ ਨੇਤਾ ਪੰਡਤ ਰਾਮ ਭੁਜ ਦੱਤ ਚੌਧਰੀ ਜੋ ਗਾਂਧੀ ਜੀ ਦਾ ਅਤੀ ਨਿਕਟਵਰਤੀ ਸੀ ਦਾ ਬੰਬਈ ਵਿਚ ਆਉਣ ਹੋਇਆ ਅਪਰੈਲ 19 ਵਾਲੇ ਦਿਨ ਗੁਰਦਿੱਤ ਸਿੰਘ ਨੂੰ ਉਸ ਨਾਲ ਇੱਕਲਿਆ ਹੀ ਗੱਲ ਬਾਤ ਕਰਨ ਦਾ ਅਵਸਰ ਹੱਥ ਲੱਗਿਆ ਗੁਰਦਿੱਤ ਸਿੰਘ ਨੇ ਉਸਨੂੰ ਨਾ ਦੱਸਿਆ ਕਿ ਉਹ ਕੌਣ ਸੀ ਪਰ ਉਸਨੇ ਮੋਤੀ ਲਾਲ ਨਹਿਰੂ ਦੇ ਆਖੇ ਹੋਏ ਸਬਦਾਂ ਕਿ ਬਜ ਬਜ ਤੇ ਅਪੜਕੇ ਮੁਸਾਫਰਾਂ ਨੇ ਹੋਸ਼ ਹਵਾਸ ਖੋ ਲਏ ਸਨ ਤੇ ਕਾਨੂੰਨ ਭੰਗ ਕੀਤਾ ਸੀ, ਤੋਂ ਹਮਲਾ ਕਰਨਾ ਆਰੰਭ ਦਿੱਤਾ "ਕਾਮਾਗਾਟਾ ਮਾਰੂ ਦੇ ਨਿਰਦੋਸ਼ ਮੁਸਾਫਰ ਸਿਤਮ ਦੇ ਸ਼ਿਕਾਰ ਹੋਏ ਸਨ ਉਸਨੇ ਚੌਧਰੀ ਨੂੰ ਆਖਿਆ ਸੀ "ਉਹ ਆਪਣੀ ਮੌਤ ਤੀਕ ਜਦੋਂ ਉਹਨਾਂ ਤੇ ਗੋਲੀਆਂ ਦੀ ਵਰਖਾ ਕੀਤੀ ਗਈ ਸੀ ਸ਼ਾਂਤ ਰਹੇ ਸਨ "

ਚੋਹਦਰੀ ਨੇ ਉਤਰ ਦਿੰਦਿਆ ਕਿਹਾ ਕਿ ਮੋਤੀ ਲਾਲ ਨਹਿਰੂ ਨੇ ਉਹੀ ਗਲਾਂ ਦੁਹਰਾਈਆਂ ਹਨ ਜਿਹੜੀਆ ਪਹਿਲਾਂ ਸਰਕਾਰੀ ਪੜਤਾਲੀਏ ਕਮੇਟੀ ਨੇ ਆਖੀਆਂ ਸਨ । ਗੁਰਦਿਤ ਸਿੰਘ ਇਸੇ ਮੌਕੇ ਦੀ ਭਾਲ ਵਿਚ ਸੀ । ਸ਼ਾਇਦ ਤੁਸੀਂ ਸਰਕਾਰ ਵਲੋਂ ਜਾਰੀ ਕੀਤੀ ਗਈ ਉਸ ਰਿਪੋਰਟ ਨੂੰ ਪੜਿਆ ਹੋਵੇਗਾ ਜਿਹੜੀ ਸਰਕਾਰ ਨੇ ਜਲਿਆਂ ਵਾਲੇ ਬਾਗ ਸਬੰਧੀਪ੍ਰਕਾਸ਼ਤ ਕੀਤੀ ਸੀ ਅਤੇ ਜਿਸ ਵਿਚ ਆਖਿਆ ਸੀ ਕਿ ਸਿਰਫ 290 ਬੰਦੇ ਹੀ ਮਰੇ ਸਨ ਕੀ ਉਹ ਸੱਚੀ ਗੱਲ ਸੀ ?

ਚੌਹਦਰੀ ਨੇ ਆਖਿਆ ਕਿ ਉਹ ਸਿਰ ਤੋਂ ਲੈ ਕੇ ਪੈਰਾਂ ਤਕ ਝੂਠੀ ਸੀ ਸਰਕਾਰ ਸਚ ਨੂੰ ਦਬਾ ਰਹੀ ਸੀ।"
" ਤਦ ਸ਼੍ਰੀ ਮਾਨ ਜੀ ਤੁਸੀਂ (ਕਾਮਾਗਾਟਾ ਮਾਰੂ ਸਬੰਧੀ) ਸਰਕਾਰੀ ਪੜਤਾਲੀਆਂ ਕਮੇਟੀ ਦੀ ਸਣੁਚਨਾਂ ਤੇ ਕਿਵੇਂ ਯਕੀਨ ਕਰ ਲਿਆ ਸੀ ।"

ਜਲਿਆਂ ਵਾਲੇ ਬਾਗ ਨਾਲ ਕੀਤੇ ਗਏ ਮੁਕਾਬਲੇ ਨੂੰ ਝੁਠਲਾਇਆ ਨਹੀਂ ਸੀ ਜਾ ਸਕਦਾ । ਕੀ ਤੁਸਾਂ ਨੇ ਸਚੀਆਂ ਗਲਾਂ ਸਬੰਧੀ ਅਨੁਮਾਨ ਹੀ ਲਗਾਇਆ ਹੈ ਜਾਂ ਉਸ ਸਬੰਧੀ ਤੁਹਾਨੂੰ ਕੋਈ ਗਿਆਨ ਹੈ ? ਚੌਹਦਰੀ ਨੇ ਪੁਛਿਆ ਅਤੇ ਕਾਮਾ ਗਾਟਾਮਾਰੂ ਦੇ ਚਾਰਟਰ ਗੁਰਦਿਤ ਸਿੰਘ ਨੇ ਇਸ ਮੌਕੇ ਨੂੰ ਗਨੀਅਤ ਸਮਝਦਿਆਂ ਆਖਿਆ ਕਿ ਗੁਰਦਿਤ ਸਿੰਘ ਅਜੇ ਵੀ ਜਿਉਂਦਾ ਜਾਗਦਾ ਸੀ ਤੇ ਉਹ ਸਾਰੀ ਕਹਾਣੀ ਨੂੰ ਦਸ

ਸਕਦਾ ਸੀ ।

" ਜੇਕਰ ਉਹ ਜਿਉਂਦਾ ਹੈ ਤਾਂ ਕੀ ਉਹ ਮੈਨੂੰ ਮਿਲਨ ਆ ਸਕਦਾ ਹੈ । " ਇਹ ਪਰਖਾਂ ਭਰਿਆ ਪ੍ਰਸ਼ਨ ਸੀ।

ਜੇਕਰ ਹੁਣੇ ਹੀ ਗੁਰਦਿਤ ਸਿੰਘ ਤੁਹਾਡੇ ਕੋਲ ਆ ਜਾਵੇ ਤਾਂ ਤੁਸੀਂ ਉਸਨੂੰ ਕਿਵੇਂ ਪਹਿਚਾਣ ਸਕੋਗੇ ?◗ਹਾਂ ਮੈਂ ਉਸਨੂੰ ਆਪਣੇ ਦਿਲ ਦੁਆਰਾ ਪਛਾਣ ਲਵਾਂਗਾ ।

● ਹਾਂ ਮੈ ਉਹੀ ਅਭਾਗਾ ਹਾਂ ਹਮੇਸ਼ਾ ਆਪਦੀ ਸੇਵਾ ਵਿਚ ਹਾਜਰ ।

●ਹਾਂ ਤੁਸੀਂ ਉਹਨ੍ਹਾ ਖੁਸਕਿਸਮਤ ਦੁੱਖਾਂ ਨਾਂਲ ਮਿੱਧੇ ਬੰਦਿਆਂ ਵਿਚੋਂ ਇਕ ਹੋ ਪਰ ਗੁਰਦਿਤ ਸਿੰਘ ਕਿੱਥੇ ਹੈ ?

ਗੁਰਦਿਤ ਸਿੰਘ ਤੁਹਾਡੇ ਸਾਹਮਣੇ ਹਾਜਰ ਹੈ ।"

ਚੌਹਦਰੀ ਨੇ ਬਜੁਰਗ (ਗੁਰਦਿਤ ਸਿੰਘ) ਨੂੰ ਜੱਫੀ ਵਿਚ ਵਗਲ ਲਿਆ। ਪਰ ਲੰਮੇਰੀ ਵਾਰਤਾ ਸੁਣਨ ਦੀ ਥਾਂ ਚੌਹਦਰੀ ਚਾਹੁੰਦਾ ਸੀ ਕਿ ਉਹ ਸਭ ਕੁਝ ਲਿਖਤੀ ਰੂਪ ਵਿਚ ਦੇ ਦੇਵੇ ਤਾਂ ਜੋ ਬਾਅਦ ਵਿਚ ਉਸਨੂੰ ਪੜਿਆ ਜਾ ਸਕੇ। ਇਹ ਪਿੱਛੋਂ ਪੜਿਆ ਜਾ ਸਕਦਾ ਸੀ। ਇੱਕ ਪੁਰਾਣਾ ਮਾਮਲਾ ਸੀ। ਇਸੇ ਤਰਾਂ ਹੀ ਜਦੋਂ ਗੁਰਦਿਤ ਸਿੰਘ ਪੰਜਾਬ ਦੇ ਮਹਾਨ ਦੇਸ਼ ਭਗਤ ਲਾਲਾ ਲਾਜਪਤਰਾਏ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਅਤੇ ਪਿੱਛੋਂ ਸ਼ੰਕਰ ਲਾਲ ਬੰਕਰ ਨੂੰ (ਜਿਹੜਾਂ ਕਿ ਗਾਂਧੀ ਦਾ ਚੇਲਾ ਸੀ)ਅਤੇ ਅਹਿਮਦਾਬਾਦ ਦੀਆਂ ਮਿਲ ਮਜਦੂਰਾਂ ਨੂੰ ਜਥੇਬੰਦ ਕਰਨ ਹਾਰਾ ਸੀ। ਆਪਣੀ ਵਿਥਿਆ ਦਸਣ ਦੀ ਕੋਸ਼ਿਸ਼ ਕੀਤੀ ਤਾਂ ਦੋਹਾਂ ਚੋਂ ਕਿਸੇ ਨੇ ਕੋਈ ਦਿਲਚਸਪੀ ਨਾ ਦਿਖਾਈ ਤਦ ਗੁਰਦਿਤ ਸਿੰਘ ਨੇ ਇਹ ਜਰੂਰ ਹੀ ਅਨੁਭਵ ਕੀਤਾ ਹੋਵੇਗਾ ਕਿ ਜਦੋਂ ਤੀਕਰ ਉਹ ਸਿੱਖਾਂ ਵਿਚ ਨਹੀਂ ਚਲਿਆ ਜਾਂਦਾ ਉਦੋਂ ਤਕ ਉਸ ਦਾ ਕਿਸੇ ਨੇ ਨਿੱਘਾ ਸਵਾਗਤ ਨਹੀਂ ਸੀ ਕਰਨਾ । ਸਾਲ ਦੇ ਅਖੀਰ ਵਿਚ ਉਹਨੂੰ ਮੋਤੀ ਲਾਲ ਤੇ ਜਵਾਹਰ ਲਾਲ ਨਹਿਰੂ ਨਾਲ ਜਿਹੜੇ ਬੰਬਈ ਦੇ ਵਿਚ ਕਾਂਗਰਸ ਤੇ ਪ੍ਰਗਰਾਮ ਉਲੀਕਣ ਲਈ ਆਏ ਸਨ । ਗੱਲਬਾਂਤ ਕਰਨ ਦਾ ਅਵਸਰ ਮਿਲਿਆ ਉਹਨਾਂ ਨਾਲ ਗੱਲਬਾਤ ਕਰਨ ਉਪਰੰਤ ਉਸਨੂੰ ਕੁਝ ਹੌਸਲਾ ਮਿਲਿਆ ਮੋਤੀਲਾਲ ਨਹਿਰੂ ਅਪਾਣੀ ਗਲਤੀ ਸਵੀਕਾਰ ਕਰਨ ਲਈ ਰਜਾਮੰਦ ਸੀ ਤੇ ਇਸ ਸਬੰਧੀ ਦਸੰਬਰ ਵਿਚ ਹੋਣ ਵਾਲੇ ਨਾਗਪੁਰ ਦੇ ਕਾਮਰ ਸੈਸ਼ਨ ਵਿਚ ਕੁਝ ਨਾਂ ਕੁਝ ਕਰਨ ਲਈ ਸਹਿਮਤ ਹੋ ਗਿਆ ਸੀ ਪਰ ਗੁਰਦਿਤ ਸਿੰਘ ਨੂੰ ਬੀਮਾਰੀ ਨੇ ਘੇਰ ਲਿਆ ਤੇ ਉਹ ਉਕਤ ਸ਼ੈਸ਼ਨ ਵਿਚ ਸ਼ਾਮਿਲ ਨਾ ਹੋ ਸਕਿਆ ।

ਨਾਂਗਪੁਰ ਵਿਖੇ ਕਾਂਗਰਸ ਨੇ ਆਪਣੀ ਵਿਧਾਨ ਵਿਚ ਸੋਧ ਕਰਵਾਉਣ ਦੀ ਨੀਤੀ ਨੂੰ ਤਿਆਗ ਦਿਤਾ ਤੇ ਗਾਂਧੀ ਦੀ ਛਤਰ ਛਾਇਆ ਹੇਠ ਅਹਿੰਸਾ ਤੇ ਨਾਂ ਮਿਲਵਰਤਣ ਦੇ ਪ੍ਰੋਗਰਾਮ ਨੂੰ ਅਪਣਾ ਲਿਆ ਸੀ । ਗਾਂਧੀ ਜੀ ਨੇ ਵਾਹਦਾ ਕੀਤਾ ਸੀ ਕਿ ਇਸ ਦੁਆਰਾ ਇਕ ਸਾਲ ਦੇ ਅੰਦਰ -ਅੰਦਰ ਹੀ ਸੁਤੰਤਰਤਾ ਪ੍ਰਾਪਤ ਹੋ ਜਾਵੇਗੀ । ਇਸ ਗਲ ਨੂੰ ਉਤਸ਼ਾਹ ਅੰਮ੍ਰਿਤਸਰ ਦੇ (ਸਾਕੇ)ਤੋਂ ਮਿਲਿਆ ਸੀ। ਇਸ ਦੁਖਾਂਤ ਭਰੀ ਘਟਨਾਂ ਦਾ ਵਿਸ਼ੇਸ਼ ਪ੍ਰਭਾਂਵ ਸਿਖਾਂ ਤੇ ਪਿਆ ਪਰ ਸਿਖ ਅੰਦੋਲਨ ਦਾ ਰੁਖ ਸਿਆਸੀ ਸਕਲ ਤੇ ਪਿਆ । ਪਰ ਅਖਤਿਆਰ ਕਰਨ ਦੀ ਥਾਂ ਧਾਰਮਿਕ ਐਜੀਟੇਸ਼ਨ ਵਲ ਹੋ ਗਿਆ । ਸੁੱਧਵਾਦੀ ਸਿੱਖ ਗੁਰਦਵਾਰਿਆਂ ਦੇ ਕੰਟਰੋਲ ਦਾ ਮੁਤਾਲਵਾਕਰ ਰਹੇਸਨ । ਹੁਣ ਤੀਕਰ ਇਹਨ੍ਹਾਂ ਪਵਿਤਰ ਧਾਂਮਾ ਤੇ ਸਹਿਜਧਾਰੀਆ ਦਾ ਜਾਂ ਆਖੋ ਉਹਨ੍ਹਾ ਪੁਜਾਰੀਆਂ ਦਾ ਜਿਹੜੇ ਕਿ ਸਹਿਜ ਤੌਰ ਤੇ ਹੀ ਮਰਿਯਾਦਾਵਾਂ ਨੂੰ ਅਪਨਾਉਦੇ ਸਨ ਕਬਜਾ ਸੀ। ਉਹ ਮੋਨੇ ਸਨ। ਉਨ੍ਹਾਂ ਨੂੰ ਹਿੰਦੂਆਂ ਤੋਂ ਨਿਖੇੜਨਾ ਔਖਾ ਸੀ ਉਹ ਹਿੰਦੂਆ ਤੇ ਸਿੱਖਾ ਵਿਚਕਾਰ ਇਕ ਪਲ ਦਾ ਕੰਮ ਕਰਦੇ ਸਨ। ਉਹਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਨਹੀਂ ਸੀ ਪਾਨ ਕੀਤਾ। ਉਹ ਸਿਖ ਗੁਰਦਵਾਰਿਆਂ ਵਿਚ ਹਿੰਦੂ ਦੇਵਤਿਆਂ ਦੇ ਬੁਤ ਰੱਖੇ ਜਾਣ ਨੂੰ ਵੀ ਸਹਿਣ ਕਰ ਲੈਂਦੇ ਸਨ ਤੇ ਉਹਨ੍ਹਾਂ ਨੂੰ ਗੁਰਦਵਾਰਿਆਂ ਦੀ ਮਲਕੀਅਤ ਸਬੰਧੀ ਸਾਰੇ ਹਕ ਪ੍ਰਾਪਤ ਸਨ । ਸਿੰਘ ਸਭਾ ਲਹਿਰ ਦੇ ਅਰੰਭ ਹੋਣ ਦੇ ਸਮੇਂ ਤੋਂ ਹੀ ਇੰਨ੍ਹਾ ਪੁਜਾਰੀਆਂ ਦੇ ਵਿਰੁੱਧ ਜਜਬੇ ਦਾ ਮੁਢ ਬੱਝਿਆ ਸੀ । ਸਿੰਘ ਸਭਾ ਜੋ ਅੰਗਰੇਜਾਂ ਦੇ ਉਤਸ਼ਾਹ ਨਾਲ ਉਨੀਵੀ ਸਦੀ ਦੇ ਅਖੀਰਲੇ ਭਾਗ ਵਿਚ ਹੋਂਦ ਵਿਚ ਆਈ ਨੇ ਸਿਖ ਮਤ 'ਚੋਂ ਹਿੰਦੂ ਅੰਸਨੂੰ ਖਾਰਜ ਕਰਨ ਦਾ ਬੀੜਾ ਚੁਕਿਆ ਜਲਿਆਂ ਵਾਲੇ ਬਾਗ ਦੀ ਘਟਨਾ ਤੋਂ ਪਿੱਛੋਂ ਇਸ ਲਹਿਰ ਨੇ ਧਰਮ ਯੁੱਧ ਦਾ ਰੂਪ

ਧਾਰ ਲਿਆ। ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਆਪਣੀ ਗੁਲਾਮਾਨਾ ਵਫਦਾਰੀ ਅਦਾ ਕਰਦਿਆਂ ਹੋਇਆਂ ਜੈਨਰਲ ਡਾਇਰ ਨੂੰ ਪਵਿਤਰ ਦਸਤਾਰ ਤੇ ਸ੍ਰੀ ਸਾਹਿਬ ਭੇਟ ਕੀਤੀਆਂ ਸਨ। 1920 ਸੰਨ ਤੇ ਨਵੰਬਰ ਮਹੀਨੇ ਵਿਚ ਸਿਖ ਪੰਥ ਦੇ ਨਾਓ ਤੇ ਇਕ ਕਮੇਟੀ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਜੋ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਹਥ ਵਿਚ ਲੈ ਲਵੇ। ਇਸ ਕਮੇਟੀ ਦੇ 175 ਮੈਂਬਰ ਸਨ।ਵਾਲੰਟੀਅਰ ਲੋਕਾਂ ਦੀ ਇਕ ਸੈਨਾ ਹੋਂਦ ਵਿਚ ਆਈ। ਆਪਣੇ -ਆਪ ਨੂੰ ਆਪਣੇ ਆਪ ਨੂੰ ਅਕਾਲੀ ਦਲ ਕਹਿੰਦੇ ਸਨ ਅਰਥਾਤ ਉਹ ਅਮਰ ਸਨ ਉਨ੍ਹਾ ਨੇ ਅਖੰਤੀ ਰਾਖਿਆਂ ਤੋਂ ਧਾਮਾ ਨੂੰ ਖੋਹਣ ਦਾ ਤਹੀਆ ਕੀਤਾ। ਸੰਨ 1921 ਦੀ 20 ਫਰਵਰੀ ਵਾਲੇ ਦਿਨ ਤਥਾ ਨਾਗਪੁਰ ਕਾਂਗਰਸ ਸ਼ੈਸਨ ਦੇ ਡੇਢ ਮਹੀਨੇ ਪਿਛੋਂ120 ਸਿੰਘਾਂ ਦੇ ਜਥੇ ਨੇ ਨਨਕਾਣਾ ਸਾਹਿਬ ਦੇ ਗੁਰਦਆਰੇ ਦਾ ਕਿ ਗੁਰੂ ਨਾਨਕ ਦੀ ਜਨਮ ਭੂਮੀ ਹੈ ਕਬਜਾ ਲੈਣ ਲਈ ਕੂਚ ਕੀਤਾ ਉਹਨਾਂ ਉਤੇ ਪੁਜਾਰੀਆਂ ਦੇ 400 ਦੇ ਕਰੀਬ ਰਾਖਿਆਂ ਨੇ ਘਾਤ ਲਾ ਕੇ ਹਮਲਾ ਬੋਲ ਦਿਤਾ। ਉਹਨਾਂ ਨੂੰ ਮਿਟੀ ਦਾ ਤੇਲ ਪਾ ਕੇ ਸਾੜਿਆ ਗਿਆ ਤੇ ਲਾਸ਼ਾ ਨੂੰ ਜਾਂ ਅਧਮੋਇਆਂ ਨੂੰ ਘਸੀਟ ਕੇ ਇਕ ਟੋਏ ਵਿਚ ਮਚਦੇ ਲਕੜਾਂ ਦੇ ਅੰਬਾਰ ਤੇ ਸੁੱਟ ਦਿਤਾ ਗਿਆ।

ਭਾਵੇਂ ਗੁਰਧਾਮਾ ਦੇ ਕਬਜੇ ਲੈਣ ਤੇ ਚਲਾਏ ਗਏ ਅੰਦੋਲਣ ਨੇ ਹਿੰਦੂਆਂ ਤੇ ਸਿੱਖਾਂ ਵਿਚ ਪਾੜਾ ਪਾ ਦਿੱਤਾ ਤੇ ਸਿੱਖਾਂ ਦੇ ਆਪਣੇ ਵਿਚਕਾਰ ਵੀ ਤਰੇੜ ਆ ਗਈ ਪਰ ਨਨਕਾਣੇ ਦੇ ਜ਼ੁਲਮ ਦੀ ਜਿੰਮੇਵਾਰੀ ਸਰਕਾਰ ਦੇ ਨਾਂ ਲਾਈ ਗਈ। ਸਿੱਖਾ ਲਈ ਤਾਂ ਇਹ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦਾ ਮੁੜ ਵਾਪਰਨਾ ਸੀ। ਸਿੱਖਾਂ ਨੂੰ ਦੱਸਿਆ ਗਿਆ ਕਿ ਸਰਕਾਰੀ ਅਧਿਕਾਰੀਆਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਪੁਜਾਰੀ ਕਿਲੇ ਬੰਦੀਆਂ ਕਰਦੇ ਰਹੇ ਸਨ। ਉਹਨਾਂ ਨੇ ਸਿੱਕਾ ਬਾਰੂਦ ਇਕੱਠਾ ਕੀਤਾ ਹੋਇਆ ਸੀ। ਪਰੰਤੂ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਸੀ। ਗਾਂਧੀ ਨੇ ਆਖਿਆ ਕਿ ਕੁਦਰਤੀ ਇਹ ਸ਼ੱਕ ਪੈਦਾ ਹੁੰਦੀ ਹੈ ਕਿ ਸਰਕਾਰ ਦੀ ਇਸ ਵਿਚ ਮਿਲੀ ਭੁਗਤ ਸੀ। ਉਹਨਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਇਸ ਖੂਨੀ ਸਾਕੇ ਨੂੰ ਹਿੰਦੁਸਤਾਨੀ ਕੌਮ ਦੇ ਨਾਲ ਵਾਪਰੀ ਘਟਨਾ ਦੇ ਰੂਪ ਵਿਚ ਤੱਕਣ ਤੇ ਬਰਤਾਨਵੀ ਰਾਜ ਦੇ ਗੁਲਾਮੀ ਦੇ ਜੁਲੇ ਨੂੰ ਵਗਾਹਕੇ ਮਾਰਨ।

ਜਦੋਂ ਗੁਰਦਿੱਤ ਸਿੰਘ ਨੇ ਨਨਕਾਣਾ ਸਾਹਿਬ ਸਬੰਧੀ ਪੰਜਾਬੀ ਉਰਦੂ ਅਖਬਾਰਾਂ ਵਿਚ ਪੜ੍ਹਿਆ ਤਦ ਉਸਨੇ ਪੰਜਾਬ ਪਰਤਣ ਦਾ ਫੈਸਲਾਕੀਤਾ। ਉਸਨੂੰ ਸਾਲਾਂ ਬੱਧੀ ਇਹੀ ਭੈ ਖਾਂਦਾ ਰਿਹਾ ਸੀ ਕਿ ਮਤੇ ਉਸ ਨੂੰ ਬਿਨਾਂ ਸੁਣਵਾਈ ਦੇ ਗਰਿਫਤਾਰ ਕੀਤਾ ਜਾਵੇ ਅਤੇ ਨਜ਼ਰਬੰਦ ਕਰ ਲਿਆ ਜਾਵੇ। ਇਹ ਸਭ ਕੁਝ ਉਸਨੂੰ ਹਮੇਸ਼ਾ ਲਈ ਖਾਮੋਸ਼ ਕਰ ਦੇਵੇਗਾ ਤੇ ਉਹ ਆਪਣੀ ਕਹਾਣੀ ਦੱਸਣ ਤੋਂ ਅਸਮਰੱਥ ਰਹੇਗਾ। ਹੁਣ ਉਸਨੂੰ ਪੰਜਾਬ ਵਿਚ ਵਾਪਰ ਰਹੀ ਹਫੜਾ ਦਫੜੀ ਪੁਕਾਰ ਰਹੀ ਸੀ। ਉਹ ਇਸ ਸਥਿਤੀ ਵਿਚ ਬਤੌਰ ਕਾਮਾਗਾਟਾ ਮਾਰੂ ਦੇ ਨਾਇਕ ਦੇ ਆਪਣਾ ਹਿੱਸਾ ਪਾਉਣਾ ਚਾਹੁੰਦਾ ਸੀ। ਉਸਨੇ ਆਪਣੇ ਮਾਲਕ ਤੋਂ ਵਿਦਾਇਗੀ ਲਈ ਅਤੇ ਆਪਣੀ ਸਫਰ ਦੇ ਪਹਿਲੇ ਪੜਾ ਉਤੇ 13 ਮਾਰਚ ਨੂੰ ਉਹ ਅਹਿਮਾਦਾਬਾਦ ਅੱਪੜਿਆ। ਇੱਕ ਦੋਸਤ ਰਾਹੀਂ ਉਸਨੇ ਗਾਂਧੀ ਜੀ ਨੂੰ ਮਿਲਣ ਦਾ ਤੇ ਆਪਣੇ ਸਬੰਧੀ ਉਹਨਾਂ ਨੂੰ ਬਿਉਰਾ ਦੇਣ ਦਾ ਪ੍ਰਬੰਧ ਕਰ ਲਿਆ ਪਰ ਉਹ ਗਾਂਧੀ ਜੀ ਕੀ ਇਸ ਸਲਾਹ ਨੂੰ ਕਿ ਉਹ ਆਪਾ ਸਮਰਪਣ ਕਰ ਦੇਵੇ ਮੰਨਣ ਲਈ ਤਿਆਰ ਨਹੀਂ ਸੀ। ਸੁਹਰਤ ਪ੍ਰਾਪਤੀ ਦਾ ਇੱਛਕ ਗੁਰਦਿੱਤ ਸਿੰਘ ਕਰਾਂਚੀ, ਸੱਖਰ, ਮਿੰਟਗੁਮਰੀ ਰਾਹੀਂ ਹੁੰਦਾ ਹੋਇਆ ਲਾਹੌਰ ਦੇ ਸਥਾਨ ਤੇ ਪੰਜਾਬ ਪੁਜਾ। ਹਰ ਪੜਾਅ ਤੇ ਉਸਨੇ ਰਾਸ਼ਟਰੀ ਨੇਤਾਵਾਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਕੁਝ ਚਿਰ ਉਹ ਲਾਹੌਰ ਟਿਕਿਆ ਏਥੇ ਹੀ ਉਹ ਚੌਧਰੀ ਨੂੰ ਦੂਜੀ ਵਾਰ ਮਿਲਿਆ ਤਦ ਉਸਨੇ ਕਾਂਗਰਸ ਦੇ ਕੰਮਾਂ ਵਿੱਚ ਸਰਗਰਮੀ ਨਾਲ ਭਾਗ ਲੈਣਾ ਆਰੰਭ ਕਰ ਦਿੱਤਾ। ਭੇਸ ਵਟਾ ਕੇ ਉਸਨੇ ਸਮੁੱਚੇ ਪੰਜਾਬ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ, ਨਾ-ਮਿਲਵਰਤਣ ਦੇ ਅੰਦੋਲਣ ਦਾ ਸਮਰੱਥਣ ਕੀਤਾ। ਇਸ ਦੌਰੇ ਦੇ ਦੌਰਾਨ ਉਸਨੇ ਵੱਖ ਵੱਖ ਅਸਥਾਨਾਂ ਤੇ ਜਿਵੇਂ ਅੰਮ੍ਰਿਤਸਰ, ਤਰਨਤਾਰਨ, ਭਾਸ਼ਨ ਦਿੱਤੇ ਇਸੇ ਸਾਲ ਦੀ ਗਰਮੀਆਂ ਵਿੱਚ ਉਹ ਮੁੱਖ ਸਿੱਖ ਰਾਸ਼ਟਰੀ ਨੇਤਾਵਾਂ ਨੂੰ

ਮਿਲਿਆ ਅਤੇ ਜਦੋਂ ਇਨ੍ਹਾਂ ਗਰਮੀਆਂ ਦੇ ਅੰਤਮ ਭਾਗ ਵਿੱਚ ਕੇਂਦਰੀ ਸਿੱਖ ਲੀਗ ਨੇ ਲਾਇਲਪੁਰ ਵਿਚ ਆਪਣੀ ਇੱਕਤਰਤਾ ਕੀਤੀ ਤਦ ਅਨੇਕਾਂ ਪੈਂਫਲਟ ਛਾਪ ਕੇ ਵੰਡੇ ਗਏ ਕਿ ਗੁਰਦਿੱਤ ਸਿੰਘ ਸ਼ੀਘਰ ਹੀ ਪ੍ਰਗਟ ਹੋ ਜਾਵੇਗਾ ਸਤੰਬਰ ਤੇ ਅਕਤੂਬਰ ਦੇ ਮਹੀਨਿਆਂ ਵਿਚ ਪੰਜਾਬ ਅਖਬਾਰਾਂ ਨੇ ਗੁਰਦਿੱਤ ਸਿੰਘ ਦੇ ਕਾਰਨਾਮਿਆਂ ਦੇ ਇਤਿਹਾਸ ਨੂੰ ਬਕਾਇਦਾ ਤੌਰ ਤੇ ਛਾਪਣਾ ਆਰੰਭ ਕਰ ਦਿੱਤਾ। ਜੇਕਰ ਉਹ ਕੁਝ ਮਹੀਨੇ ਪਹਿਲਾਂ ਇੱਕ ਭੁੱਲੀ ਵਿਸਰੀ ਹਸਤੀ ਬਣ ਗਿਆ ਸੀ, ਹੁਣ ਉਸਦਾ ਨਾਉਂ ਜਨਤਾ ਦਾ ਮਨਾਂ ਵਿੱਚ ਪੱਕਿਆ ਤੌਰ ਤੇ ਘਰ ਕਰ ਗਿਆ ਸੀ। ਚਾਰ ਅਤੇ ਪੰਜ ਨਵੰਬਰ ਨੂੰ ਦਿੱਲੀ ਵਿਖੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਇਜਲਾਸ ਹੋਇਆ ਅਤੇ ਗੁਰਦਿੱਤ ਸਿੰਘ ਉਸ ਵਿੱਚ ਅੰਬਾਲੇ ਦੇ ਡੈਲੀਗਰੇਟ ਵੱਜੋਂ ਸ਼ਾਮਲ ਹੋਇਆ ਉਥੇ ਉਸਨੇ ਹੋਰ ਡੈਲੀਗੇਟਾਂ ਨਾਲ ਪੁਲਸ ਨੂੰ ਆਪਾ ਸਮਰਪਣ ਕਰਨ ਸੰਬੰਧੀ ਗੱਲਬਾਤ ਕੀਤੀ ਸੀ ਹੁਣ ਸਪੁਰਦੀ ਕਰਣ ਦੇ ਵਕਤ ਸਬੰਧੀ ਮਸਲਾ ਦਰ ਪੇਸ਼ ਆਇਆ। ਇਸ ਸਬੰਧੀ ਦਸੰਬਰ ਮਹੀਨੇ ਵਿੱਚ ਹੋਣ ਵਾਲੀ ਕਾਂਗਰਸ ਦੇ ਸਮਾਗਮ ਦੇ ਮੌਕੇ ਬਾਬਤ ਸੁਝਾ ਦਿੱਤੇ ਗਏ। ਗਾਂਧੀ ਜੀ ਦਾ ਵਿਚਾਰ ਸੀ ਕਿ ਹੋਰ ਦੇਰੀ ਨ ਕੀਤੀ ਜਾਵੇ। ਉਹਨਾਂ ਨੇ ਆਖਿਆ ਇਹ ਗੱਲ, ਕਿ ਗੁਰਦਿੱਤ ਸਿੰਘ ਵਰਗਾ ਦੇਸ਼-ਭਗਤ ਪੁਲਸ ਤੋਂ ਬਚਕੇ ਨੱਸਿਆ ਫਿਰੇ ਕੋਈ ਮਾਣ ਵਾਲੀ ਗੱਲ ਨਹੀਂ। ਪਰ ਗੁਰਦਿੱਤ ਸਿੰਘ ਅਤੇ ਉਸਦੇ ਦੋਸਤ ਚਾਹੁੰਦੇ ਸਨ ਕਿ ਉਸ ਮੌਕੇ ਦਾ ਵੱਧ ਤੋਂ ਵੱਧ ਉਪਯੋਗ ਕੀਤਾ ਜਾਵੇ। ਉਹਨਾਂ ਨੇ ਇਹ ਫੈਸਲਾ ਕੀਤਾ ਕਿ 15 ਨਵੰਬਰ ਨੂੰ ਨਨਕਾਣੇ ਵਿਖੇ ਸਲਾਨਾ ਤਿਉਹਾਰ ਦੇ ਅਵਸਰ ਤੇ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕੀਤਾ ਜਾਵੇ। ਇਹ ਅਵਸਰ ਉਹਨਾਂ ਨੇ ਹੋਣੀਆਂ ਭਰਿਆ ਖਿਆਲ ਕਰਕੇ ਇਸ ਦੀ ਚੋਣ ਕੀਤੀ ਸੀ।

ਇੱਕ ਹਫਤਾ ਪਹਿਲਾਂ, ਉਸਨੇ ਸਮਾਚਾਰ ਪੱਤਰਾਂ ਨੂੰ ਦੱਸਿਆ ਕਿ ਉਹ ਇਸ਼ ਅਵਸਰ ਤੇ ਅਗਿਆਤ ਵਾਸ ਦਾ ਅੰਤ ਕਰਕੇ ਪ੍ਰਗਟ ਹੋਵੇਗਾ ਅਤੇ ਆਪਣੇ ਆਪ ਨੂੰ ਪੁਲੀਸ ਅਧਿਕਾਰੀਆਂ ਦੇ ਸਪੁਰਦ ਕਰ ਦੇਵੇਗਾ। ਨਵੰਬਰ ਦੇ ਮਹੀਨੇ ਦੀ 15 ਤਾਰੀਖ ਸੀ ਤੇ ਪ੍ਰਭਾਤ ਦਾ ਸਮਾਂ ਸੀ। ਗੁਰਦਿੱਤ ਸਿੰਘ ਅਡੋਪਲੇ ਨਨਕਾਣੇ ਦੀਵਾਨ ਵਿਚ ਆ ਪਹੁੰਚਿਆ ਸੀ ਜਿਥੇ 50,000 ਦੇ ਆਲੇ ਦੁਆਲੇ ਸਿੱਖ ਇਕੱਤਰ ਹੋਏ ਸਨ। ਹਜ਼ਾਰਾਂ ਕਾਲੀਆਂ ਪੱਗਾਂ ਬੰਨ੍ਹੀਆ ਹੋਈਆਂ ਸਨ। ਇਹ ਸੋਗ ਪ੍ਰਗਟਾਉ ਪਗੜੀਆਂ ਉਹਨਾਂ ਅਕਾਲੀਆਂ ਦੇ ਮਾਨ ਵੱਜੋਂ ਬੰਨੀਆਂ ਗਈਆਂ ਸਨ, ਜਿਨ੍ਹਾਂ ਨੂੰ ਇਸ ਸਥਾਨ ਤੇ ਨੌਂ ਮਹੀਨੇ ਪਹਿਲਾਂ ਬੇ ਕਿਰਕੀ ਨਾਲ ਮੁਕਾ ਦਿੱਤਾ ਗਿਆ ਸੀ। ਪਹਿਲਾਂ ਮਿਥੇ ਪ੍ਰਬੰਧ ਅਨੁਸਾਰ ਪ੍ਰਭਾਤ ਕੀਰਤਨ ਦੀ ਸਮਾਪਤੀ ਪਿੱਛੋਂ, ਗੁਰਦਿੱਤ ਸਿੰਘ ਨਾਟਕੀ ਅੰਦਾਜ ਨਾਲ ਸਾਹਮਣੇ ਆਇਆ ਅਤੇ ਉਸਨੇ ਇੱਕ ਜੋਸ਼ਾ ਭਰਿਆ ਭਾਸ਼ਨ ਦਿੱਤਾ। ਪੁਲਿਸ ਇਸ ਗੱਲ ਨੂੰ ਭਲੀ ਭਾਂਤ ਸਮਝਦੀ ਸੀ ਕਿ ਗੁਰਦਿੱਤ ਸਿੰਘ ਨੂੰ ਇਸ ਸਮੇਂ ਗ੍ਰਿਫਤਾਰ ਕਰਨਾ ਉਚਿਤ ਨਹੀਂ ਹੋਵੇਗਾ। ਉਸਨੇ ਮੁਕੰਮਲ ਤੌਰ ਤੇ ਦੀਵਾਨ ਵਿੱਚ ਹਿੱਸਾ ਲਿਆ ਅਤੇ ਉਸੇ ਦਿਨ ਹੀ ਦੋ ਹੋਰ ਭਾਸ਼ਨ ਦਿੱਤੇ। ਉਹ ਸ਼ਾਮ ਦੀਆਂ ਪ੍ਰਾਰਥਨਾਵਾਂ ਵਿੱਚ ਹਾਜ਼ਰ ਹੋਇਆ। ਅਗਲੀ ਸਵੇਰ ਨੂੰ ਉਸਨੇ ਆਤਸ਼ਬਾਜੀ ਤੱਕੀ ਅਤੇ ਅਗਲੇ ਦਿਨ ਦੁਪਹਿਰ ਦੇ ਸਮੇਂ ਜਿਵੇਂ ਕਿ ਪੁਲੀਸ-ਕਮਿਸ਼ਨਰ ਦੇ ਨਾਲ ਪੱਤਰਾਂ ਦੁਆਰਾ ਮਿਥਿਆ ਗਿਆ ਸੀ, ਉਸਨੇ ਇੱਕ ਵਿਸ਼ਾਲ ਜਲੂਸ ਦੀ ਅਗਵਾਈ ਕੀਤੀ। ਕਮਿਸ਼ਨਰ ਦੇ ਬੰਗਲੇ ਤੇ ਜਾ ਕੇ ਇਹ ਜਲੂਸ ਰੁਕ ਗਿਆ ਯਾਤਰੂ ਇਸ ਬੰਗਲੇ ਨੂੰ ਜਾਣ ਵਾਲੇ ਰਸਤੇ ਦੇ ਨਾਲ ਲਗਦੇ ਹੋਏ ਮੈਦਾਨ ਵਿੱਚ ਬੈਠ ਗਏ ਸਨ। ਉਹਨਾਂ ਵਿੱਚ ਉਸਦਾ ਪੁੱਤਰ ਸੀ ਬੁਜ਼ਰਗ ਪਿਤਾ ਸੀ ਅਤੇ ਉਸ ਦੀ ਵੱਡੀ ਭੈਣ ਸੀ। ਗੁਰਦਿੱਤ ਸਿੰਘ ਬੰਗਲੇ ਦੇ ਬੂਹੇ ਤੇ ਪੁੱਜਾ ਅਤੇ ਆਪਣੇ ਆਪ ਨੂੰ ਹਵਾਲੇ ਕਰ ਦਿੱਤਾ। ਉਹ ਸੱਤ ਸਾਲ ਇਕ ਮਹੀਨਾ ਤੇ ਸਤਾਰਾਂ ਦਿਨ ਤੀਕਰ ਭਗੌੜੇ ਦੇ ਰੂਪ ਵਿਚ ਰਿਹਾ ਸੀ।

'ਯੰਗ ਇੰਡੀਆ' ਦੇ ਪੰਨਿਆ ਵਿੱਚ ਲਿਖਦਿਆਂ ਹੋਇਆ ਗਾਂਧੀ ਜੀ ਨੇ ਆਖਿਆ "ਸਿੱਖ ਵਧਾਈ ਦੇ ਪਾਤਰ ਹਨ ਕਿ ਉਹਨਾਂ ਨੇ ਸ਼ਾਂਤੀ ਨੂੰ ਬਰਕਰਾਰ ਰੱਖਿਆ ਹੈ।" ਇਹ ਕੋਈ ਮਾੜੀ ਮੋਟੀ ਗੱਲ ਨਹੀਂ ਕਿ ਇੱਕ ਮਨੁੱਖ ਸੱਤਾਂ ਸਾਲਾਂ ਲਈ ਅਗਿਆਤ ਵਾਸ ਰਿਹਾ ਹੋਵੇ। ਪੁਲਿਸ ਦੀਆਂ ਅੱਖਾਂ ਵਿਚ ਧੂਲ ਪਾਉਂਦਾ ਰਿਹਾ ਹੋਵੇ। ਅਤੇ ਅੰਤ ਵਿੱਚ ਖੁੱਲਮ ਖੁੱਲੇ ਤੌਰ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦੇਵੇ ਇਹੋ ਜਿਹੇ ਕਰਾਮਾਤੀ ਕ੍ਰਿਸ਼ਮੇਂ ਟਾਂਵੇ ਟਾਂਵੇ ਮਨੁੱਖ ਹੀ ਵਿਖਾਲਿਆ ਕਰਦੇ ਹਨ। ਪਰ ਸਰਦਾਰ ਗੁਰਦਿੱਤ

ਸਿੰਘ ਨੇ ਇੰਜ ਕਰ ਵਿਖਾਇਆ ਹੈ'' ਇਹਨਾਂ ਸਬਦਾਂ ਨੂੰ ਅਹਿਮਦਾਬਾਦ ਦੇ ਕਾਂਗਰਸ ਸੈਸ਼ਨ ਵਿੱਚ, ਜਿਹੜਾ ਕਿ ਨਾ-ਮਿਲਵਰਤਣ ਲਹਿਰ ਦੇ ਬ੍ਹਾਰਵੇਂ ਮਹੀਨੇ ਵਿਚ ਦਾਖਲ ਹੋਣ ਦੇ ਸਮੇਂ ਹੋਇਆ ਸੀ, ਮੁੜ ਦੁਹਰਾਇਆ ਗਿਆ ਸੀ। ਇਹ ਸੈਸ਼ਨ ਜੋਸ਼ੀਲੇ ਮਾਹੌਲ ਵਿੱਚ ਹੋਇਆ ਉਹਨਾਂ ਨੇ ਸੈਸ਼ਨ ਵਿਚ ਗੁਰਦਿੱਤ ਸਿੰਘ ਤੇ ਬਾਕੀ ਸਿੱਖਾਂ ਨੂੰ ਵਧਾਈ ਦੇਣ ਲਈ ਸਮਾਂ ਕਢ ਲਿਆ ਸੀ ਜੋ ਉਸ ਵਾਤਾਵਰਨ ਵਿਚ ਸ਼ਾਤ ਰਹੇ ਸਨ ਜਦੋਂ ਗੁਰਦਿੱਤ ਸਿੰਘ ਨੇ ਗਰਿਫਤਾਰੀ ਦਿੱਤੀ ਸੀ।

ਇਕ ਸਿਆਣੀ ਸਰਕਾਰ ਉਸ ਤੇ ਮੁਕੱਦਮਾ ਚਲਾਉਣ ਦੀ ਪਰੇਸ਼ਾਨੀ ਨਹੀਂ ਸੀ ਲੈਣੀ ਚਾਹੀਦੀ ਪ੍ਰੰਤੂ ਪੰਜਾਬ ਦੇ ਹਾਕਮਾਂ ਦਾ ਅਜੇਹਾ ਨਜ਼ਰੀਆਂ ਨਹੀਂ ਸੀ। ਉਹ ਗੁਰਦਿੱਤ ਸਿੰਘ ਨੂੰ ਕੱਲਕੱਤੇ ਨੂੰ ਜਾਣ ਵਾਲੀ ਰੇਲ ਗੱਡੀ ਤੇ ਭੇਜਣ ਵਾਲੇ ਸਨ, ਤਾਂ ਜੋ ਉਸ ਤੇ ਬਜ ਬਜ ਵਿਖੇ ਪੁਲਿਸ ਨੂੰ ਚਨੌਤੀ ਦੇਣ ਦੇ ਅਪਰਾਧ ਵਿਚ ਮਕੁੱਦਮਾ ਚਲਾਇਆ ਜਾਵੇ। ਪਰ ਉਸ ਸਮੇਂ ਨੂੰ ਬੰਗਾਲ ਦੀ ਸਰਕਾਰ ਨੇ ਕਿਹਾ ਕਿ ਸਾਨੂੰ ਗੁਰਦਿੱਤ ਸਿੰਘ ਦੀ ਕੋਈ ਜ਼ਰੂਰਤ ਨਹੀਂ ਉਸਨੂੰ ਉਸੇ ਹੀ ਛਿਣ ਰਿਹਾ ਕੀਤਾ ਜਾ ਸਕਦਾ ਸੀ। ਇਸ ਦੀ ਬਜਾਏ ਉਸਨੂੰ ਦੱਖਣੀ ਪੂਰਬੀ ਪੰਜਾਬ ਦੇ ਨਗਰ ਡੇਰਾ ਗਾਜ਼ੀ ਖਾਨ ਵਿੱਚ ਭੇਜ ਦਿੱਤਾ ਗਿਆ ਜਿੱਥੇ ਉਸਨੂੰ 28 ਫਰਵਰੀ 1922 ਤੀਕ ਨਜ਼ਰਬੰਦ ਰੱਖਿਆ ਗਿਆ ਜਦੋਂ ਉਸਨੂੰ ਰਿਹਾ ਕੀਤਾ ਗਿਆ ਤਾਂ ਉਹ ਬੜੀ ਸ਼ਾਨ ਨਾਲ ਵਾਪਸ ਆਇਆ। ਅਤੇ ਹਰਇਕ ਪੜਾਂ ਤੇ ਭਾਸ਼ਨ ਦਿਤਾ। ਉਹ 4 ਮਾਰਚ ਨੂੰ ਲਾਹੌਰ ਤੇ 6 ਮਾਰਚ ਨੂੰ ਅੰਮ੍ਰਿਤਸਰ ਅਪੜਿਆ। ਅੰਮ੍ਰਿਤਸਰ ਦੇ ਸਟੇਸ਼ਨ ਤੇ ਹਜ਼ਾਰਾਂ ਲੋਕਾਂ ਨੇ ਉਸਦਾ ਸੁਆਗਤ ਕੀਤਾ। ਦਿਨ ਦੇ ਸਮਾਪਤ ਹੋਣ ਤੀਕਰ ਉਸ ਨੇ ਦੋ ਰੈਲੀਆਂ ਨੂੰ ਸੰਬੋਧਨ ਕੀਤਾ। ਉਸਦੇ ਭਾਸ਼ਨਾਂ ਦੀ ਭਾਸ਼ਾ ਅੱਗ-ਬਰਸਾਉ ਸੀ। ਉਸਨੇ ਖੁਲੱਮ ਖੁੱਲੇ ਤੌਰ ਤੇ ਗਰਿਫਤਾਰੀ ਨੂੰ ਸੱਦਾ ਦਿਤਾ ਸੀ। ''ਅਸੀਂ ਸਰਕਾਰ ਦੀ ਮਦਦ ਕੀਤੀ ਹੈ ਤੇ ਆਪਣੇ ਆਪ ਨੂੰ ਬਲੀ ਦੇ ਬੱਕਰੇ ਬਣਾਇਆ ਹੈ।'' ਉਸ ਨੇ ਪਹਿਲੇ ਸੰਸਾਰ ਯੁੱਧ ਵਿੱਚ ਭਾਰਤੀਆਂ ਦਾ ਦਿੱਤੇ ਗਏ ਯੋਗਦਾਨ ਵੱਲ ਇਸ਼ਾਰਾ ਕਰਦਿਆਂ ਕਿਹਾ ''ਅਤੇ ਸਾਨੂੰ ਉਸਦੇ ਇਵਜ਼ਾਨੇ 'ਚ ਕੀ ਮਿਲਿਆ? ਜੱਲ੍ਹਿਆਂ ਵਾਲਾ ਬਾਗ,ਉਸਨੇ ਦਾਹਵਾ ਕੀਤਾ ਕਿ ਉਸ ਕੋਲ ਫੁਟੀ ਕੌਡੀ ਨਹੀਂ ਸੀ। ਸਰਕਾਰ ਨੇ ਕਾਮਾਗਾਟਾ ਮਾਰੂ ਦੇ ਨਾਉਂ ਤੇ ਉਸ ਕੋਲੋਂ ਦਸ ਹਜ਼ਾਰ ਰੁਪੈ ਹਥਿਆ ਲਏ ਸਨ। ਪਰ ਉਸਨੇ ਆਖਿਆ ''ਕੋਈ ਪਰਵਾਹ ਨਹੀਂ ਜੇ ਮੈਨੂੰ ਇੱਕ ਲੱਖ ਦਾ ਵੀ ਘਾਟਾ ਪਿਆ ਹੈ। ਹੁਣ ਮੈਂ ਅਸਲੀ ਕੀਮਤ ਤਾਰਾ ਗਾ ਅਤੇ ਉਹ ਹੈ ਮੇਰੀ ਜਿੰਦਗੀ।''

ਅਗਲੇ ਦਿਨ 7 ਮਾਰਚ 1922 ਨੂੰ ਉਸਨੂੰ ਮੁੜ ਫੜ ਲਿਆ ਗਿਆ। ਮਾਰਚ 12 ਨੂੰ ਉਸਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਉੱਤੇ ਬਗਾਵਤ ਪਰਚਾਰਕ ਦਾ ਦੋਸ਼ ਥਾਪਿਆ ਗਿਆ ਉਸਨੇ ਫੈਸਲਾ ਕੀਤਾ ਕਿ ਉਹ ਅਦਾਲਤ ਵਿਚ ਆਪਣਾ ਕੇਸ ਆਪ ਲੜੇਗਾ। ਇਹ ਗਾਂਧੀਵਾਦ ਦੇ ਅਸੂਲਾਂ ਤੋਂ ਵਖਰੀ ਗਲ ਸੀ ਤਾਂ ਜੋ ਜੰਤਾ ਵਿੱਚ ਉਹ ਆਪਣੀ ਕਹਾਣੀ ਦਸ ਸਕੇ, ਕਾਮਾਗਾਟਾ ਮਾਰੂ ਦੀ ਦਾਸਤਾਨ ਨਸ਼ਰ ਕਰ ਸਕੇ। ਕਈ ਵਾਰ ਉਸਦੇ ਮੁੱਕਦਮੇ ਦੇ ਰੀਮਾਂਡ ਲਏ ਗਏ। ਅਤੇ ਮੁੱਕਦਮੇ ਦੀ ਕਾਰਵਾਈ ਨੂੰ ਅਪਰੈਲ ਮਈ ਤੇ ਜੂਨ ਦੇ ਮਹੀਨਿਆਂ ਤੀਕਰ ਲਟਕਾਈ ਰੱਖਿਆ। 26 ਜੁਲਾਈ ਨੂੰ ਉਸਦੇ ਮੁੱਕਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਅੰਮ੍ਰਿਤਸਰ ਦੀ ਅਦਾਲਤ ਨੇ ਉਸਨੂੰ ਪੰਜ ਸਾਲ ਦੀ ਸਜ਼ਾ ਸੁਣਾ ਦਿੱਤੀ ਸੀ।

ਮੀਆਂ ਵਾਲੀ (ਹੁਣ ਪਾਕਿਸਤਾਨ) ਦੀ ਜੇਲ੍ਹ ਵਿਚ ਉਸਨੇ ਪੰਜ ਸਾਲ ਦੀ ਸਜ਼ਾ ਕੱਟੀ। ਉਸਦੇ ਜੇਲ੍ਹ ਜਾਣ ਤੋਂ ਪਹਿਲਾ ਨਾ-ਮਿਲਵਰਤਣ ਦੀ ਲਹਿਰ ਦਮ ਤੋੜ ਬੈਠੀ ਸੀ। ਜਦੋਂ ਕਿ ਸੰਨ 1927 ਵਿੱਚ ਉਹ ਜੇਲ੍ਹ ਤੋ ਰਿਹਾ ਹੋਇਆ ਤਦ ਦੇਸ਼ ਵਿਚ ਮੁਕਾਬਲਤਨ ਖਾਮੋਸ਼ੀ ਸੀ। ਉਸਨੇ ਕਲਕੱਤੇ ਵਿੱਚ ਰਿਹਾਇਸ਼ ਅਖਤਿਆਰ ਕਰ ਲਈ। ਏਥੇ ਉਸਨੇ ਉਸ ਮੁੱਕਦਮੇ, ਜਿਸ ਨੂੰ ਉਸਨੇ ਜੇਲ੍ਹ ਚੋਂ ਆਰੰਭ ਕੀਤਾ ਸੀ ਵਿਅਰਥ ਪੈਰਵੀ ਜਾਰੀ ਰੱਖੀ ਇਹ ਮੁੱਕਦਮਾ ਸੀ ਉਸ ਦੇ 20,000 ਰੁਪੈ ਦੇ ਹਰਜਾਨੇ ਦਾ ਜਿਹੜਾ ਕਿ ਉਸਦੇ ਕਾਮਾਗਾਟਾ ਮਾਰੂ ਦਾ ਘਾਟਾ ਅਤੇ ਮੁੜ ਪ੍ਰਾਪਤ ਕਰਨਾ ਸੀ। ਉਸ ਦੀ ''ਕਾਮਾਗਾਟਾ ਮਾਰੂ ਦੀ ਯਾਤਰਾ'' ਪੁਸਤਕ ਨੂੰ 1928 ਦੇ ਕਰੀਬ ਛਾਪਿਆ ਗਿਆ। ਪੁਸਤਕ ਅੰਗਰੇਜ਼ੀ ਭਾਸ਼ਾ ਵਿੱਚ ਸੀ ਅਤੇ ਉਸਨੇ ਨਿੱਜੀ

ਤੌਰ ਤੇ ਉਸਨੂੰ ਛਪਾਇਆ ਸੀ । ਪੁਸਤਕ ਲਿਖਣ ਸਮੇਂ ਉਸਨੇ ਨਨਕਾਣੇ ਵਿਚ ਅਜੇ ਆਪਣੀ ਗਰਿਫਤਾਰੀ ਨਹੀਂ ਸੀ ਦਿੱਤੀ । ਸੰਨ 1929 ਵਿੱਚ ਲਾਹੌਰ ਵਿੱਚ ਹੋਣ ਵਾਲੇ ਕਾਂਗਰਸ ਦੇ ਸੈਸ਼ਨ ਲਈ ਉਸਨੂੰ ਡੈਲੀਗੇਟ ਚੁਣ ਲਿਆ ਗਿਆ । ਆਪਣੀ ਆਯੂ ਦੇ ਸੱਤਰਵਿਆਂ ਤੀਕਰ ਉਹ ਕਾਂਗਰਸ ਦਾ ਸਰਗਰਮ ਮੈਂਬਰ ਰਿਹਾ । ਉਨੀ ਸੌਂ ਤੀਹਵਿਆਂ ਦੇ ਪਹਿਲੇ ਸਾਲਾਂ ਵਿੱਚ ਮੁੜ ਆਰੰਭ ਕੀਤੀ ਗਈ ਐਜੀਟੇਸ਼ਨ ਵਿੱਚ ਉਹ 1931 ਵਿੱਚ ਪੰਜ ਮਹੀਨੇਂ ਲਈ 1932 ਵਿਚ ਛੇ ਮਹੀਨੇ ਲਈ ਅਤੇ 1933 ਵਿਚ ਹੋਰ ਵਧੇਰੇ ਸਮੇਂ ਲਈ ਜੇਲ੍ਹ ਗਿਆ। ਕਲਕੱਤੇ ਤੋਂ ਪ੍ਰਕਾਸ਼ਤ ਹੋਣ ਵਾਲੇ ਅੰਗਰੇਜ਼ੀ ਭਾਸ਼ਾ ਦੇ 'ਸਟੇਟਸ ਮੈਨ' ਦੈਨਿਕ ਅਖਬਾਰ ਨੇ ਨਿੰਦਕ ਜ਼ਬਾਨ ਵਿੱਚ ਇੱਕ ਲੇਖ ਲਿਖਕੇ ਉਸਤੇ ਚਿੱਕੜ ਸੁੱਟਣ ਦਾ ਯਤਨ ਕੀਤਾ । ਇਸ ਲੇਖ ਵਿੱਚ ਉਸਦਾ ਸਬੰਧ ਗਦਰ ਦੀ ਸਾਜਸ਼ ਨਾਲ ਜੋੜਿਆ ਗਿਆ ਅਤੇ ਦੱਸਿਆ ਗਿਆ ਕਿ ਉਸਨੇ ਆਪਣੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਕਤਲੋ-ਗਾਰਤ ਦਾ ਪ੍ਰਯੋਗ ਕੀਤਾ। ਉਸਨੇ ਇਸ ਲੇਖ ਵਿਰੁੱਧ ਇੱਜ਼ਤ ਹੱਤਕ ਦਾ ਮੁੱਕਦਮਾ ਦਾਇਰ ਕੀਤਾ ਉਹ ਮੁੱਕਦਮਾ ਜਿੱਤ ਗਿਆ ਉਸਨੂੰ ਦੋ ਹਜ਼ਾਰ ਰੁਪੇ ਬਤੌਰ ਮੁਆਵਜ਼ੇ ਦੇ ਦਿੱਤੇ ਗਏ । ਸੰਨ 1935 ਵਿੱਚ ਉਸਨੇ ਅੰਮ੍ਰਿਤਸਰ ਜਿਲ੍ਹੇ ਤੋਂ ਬਤੌਰ ਕਾਂਗਰਸੀ ਉਮੀਦਵਾਰ ਦੇ ਪੰਜਾਬ ਅਸੰਬਲੀ ਦੀ ਚੋਣ ਲੜੀ ਪਰ ਉਸ ਲਈ ਇਹੀ ਕਾਫੀ ਨਹੀਂ ਸੀ ਕਿ ਉਹ ਕਾਮਾਗਾਟਾ ਮਾਰੂ ਵਾਲ ਾ ਬਾਬਾ ਗੁਰਦਿੱਤ ਸਿੰਘ ਸੀ ਉਹ ਬਹੁ ਸਮੰਤੀ ਪ੍ਰਾਪਤ ਨਾ ਕਰ ਸਕਿਆ । ਉਸਨੂੰ ਇੱਕ ਉਭਰਦੇ ਕੌਮਵਾਦੀ ਸਿੱਖ ਪਰਤਾਪ ਸਿੰਘ ਕੈਰੋਂ ਨੇ ਜਿਹੜਾ ਉਸਤੋਂ 41 ਸਾਲ ਛੋਟਾ ਸੀ ਹਰਾ ਦਿੱਤਾ।

ਉਸ ਨੂੰ ਸ਼ਿਕਾਇਤ ਸੀ ਕਿ ਸਰਕਾਰ ਨਾਲ ਟੱਕਰ ਲੈਣ ਦੇ ਫਲਸਰੂਪ ਉਸਦੇ ਸਾਰੇ ਪੈਸੇ ਖਰਚ ਹੋ ਗਏ ਸਨ । ਉਸਨੇ ਜੁਲਾਈ 1939 ਵਿੱਚ ਰਾਮ ਸ਼ਰਨ ਵਿਦਿਆਰਥੀ ਨੂੰ ਜਿਹੜਾ ਉਸਦੀ ਜੀਵਨੀ ਲਿਖ ਰਿਹਾ ਸੀ ਲਿਖਦਿਆਂ ਆਖਿਆ ''ਹੁਣ ਸੱਤਰ ਵਰ੍ਹਿਆਂ ਦੀ ਆਯੂ ਵਿਚ ਮੈਨੂੰ ਮੁਸ਼ੱਕਤਾਂ ਭਰਿਆ ਕੰਮ ਕਰਨਾ ਪੈ ਰਿਹਾ ਹੈ । ਮੇਰੇ ਕੋਲ ਸਮਾਂ ਹੀ ਨਹੀਂ ਬਚਦਾ ਕਿ ਮੈਂ ਸਵੈ-ਜੀਵਨੀ ਲਿਖ ਸਕਾਂ'' ਜਿਹੜਾ ਵੀਹ ਹਜ਼ਾਰ ਰੁਪੈ ਦਾ ਕਲੇਮ ਮੈਂ ਬਰਤਾਨਵੀ ਸਰਕਾਰ ਵਿਰੁੱਧ ਕੀਤਾ ਸੀ ਉਸਨੂੰ ਰੱਦ ਕਰ ਦਿੱਤਾ ਗਿਆ ਹੈ । ਜੇਕਰ ਬਰਤਾਨਵੀਂ ਸਰਕਾਰ ਨਿਆਂ ਸ਼ੀਲ ਹੁੰਦੀ ਤਾਂ ਮੈਨੂੰ ਕਲੇਮ ਹੀਨ ਕਰਨਾ ਪੈਂਦਾ । ਮੇਰੇ ਕੋਲ ਬਹੁਤ ਸਬੂਤ ਹਨ ਕਿ ਇਸ ਸਰਕਾਰ ਨੇ ਮੈਨੂੰ ਕਿਸੇ ਕਸੂਰ ਤੋਂ ਬਿਨਾ ਅਜ਼ੀਮ ਕਸ਼ਟ ਦਿੱਤੇ ਹਨ । ਅਤੇ ਮੈਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ । ਬਰਤਾਨਵੀਂ ਸਰਕਾਰ ਸਾਡੇ ਦੇਸ਼ ਵਾਸ਼ੀਆਂ ਨੂੰ ਇਨਸਾਫ ਨਹੀਂ ਦਿੰਦੀ । ਅਤੇ ਇਸੇ ਅਧਾਰ ਤੇ ਮੈਂ ਜੀਵਨ ਦਾ ਇਹ ਅਸੂਲ ਬਣਾਇਆ ਹੈ ਕਿ ਮੈਂ ਇਸ ਸਰਕਾਰ ਦੀਆਂ ਜੜਾਂ ਪੁੱਟਣ ਲਈ ਅਤੇ ਆਪਣੇ ਦੇਸ਼ ਲਈ ਆਜ਼ਾਦੀ ਲਿਆਉਣ ਲਈ ਤਿਆਰ ਹਾਂ । ਇਸੇ ਕਾਰਨ ਹੀ ਮੈਂ ਇਹ ਸਾਰੀਆਂ ਵਿਪਤਾਵਾਂ ਝੱਲੀਆਂ ਹਨ ।

ਸੰਨ 1920 ਤੋਂ ਉਸਨੇ ਗਾਂਧੀਵਾਦ ਨੀਤੀ ਨੂੰ ਧਾਰਨ ਕਰ ਲਿਆ ਸੀ ਜਦੋਂ ਉਹ ਬ੍ਰਿਧ-ਅਵਸਥਾ ਵਿੱਚ ਸੀ ਉਸਨੇ ਕਦੀ ਨਹੀਂ ਸੀ ਮੰਨਿਆ ਕਿ ਉਸਨੇ ਤਸ਼ੱਦਦ ਦੇ ਤਰੀਕੇ ਅਪਨਾਏ ਸਨ । ਉਸਨੇ ਆਪਣੀਂ ਪੁਸਤਕ ਕਾਮਾਗਾਟਾ ਮਾਰੂ ਦੇ ਸਾਕੇ ਵਿਚ ਰਿਵਾਲਵਰਾਂ ਦਾ ਜਿਹੜੇ ਕਿ ਯੋਕੋਹਾਮਾ ਤੇ ਲਿਆਂਦੇ ਗਏ ਸਨ, ਜਿਕਰ ਨਹੀਂ ਕੀਤਾ ਅਤੇ ਮੁਸਾਫਰਾਂ ਵਿੱਚ ਮੌਜੂਦ ਗਦਰੀ ਸਰਗਰਮੀ ਵੱਲ ਕੋਈ ਸੰਕੇਤ ਨਹੀਂ ਸੀ ਕੀਤਾ । ਉਸਨੇ ਇਸ ਗੱਲ ਤੇ ਝੁਲਾ ਦਿੱਤਾ ਸੀ ਕਿ ਮੁਸਾਫਰਾਂ ਨੂੰ ਬਜ ਬਜ ਅਪੜਣ ਸਮੇਂ ਨਿਹੱਥਿਆਂ ਕਰ ਦਿੱਤਾ ਸੀ । ਉਹ ਆਪਣੀ ਰਾਖੀ ਵਿੱਚ ਵੀ ਕੋਈ ਸੱਟ ਮਾਰਨ ਤੋਂ ਅਸਮਰੱਥ ਸਨ । ਉਹ ਆਪਣੀ ਉੱਕਤ ਕਹਾਣੀ ਤੇ ਆਜ਼ਾਦੀ ਦੀ ਪ੍ਰਾਪਤੀ ਦੇ ਬਾਅਦ ਵੀ ਪੱਕਾ ਰਿਹਾ ।

ਸਤੰਬਰ 1947 ਵਿਚ ਉਸਨੇ ਬੰਗਾਲ ਦੇ ਇਨਕਲਾਬੀ, ਜਤਿੰਦਰ ਨਾਥ ਮੁਕਰ ਜੀ, ਦੀ ਮੌਤ ਦੀ ਬੱਤੀਵੀਂ ਵਰ੍ਹੇ ਗੰਢ ਸਬੰਧੀ ਹੋਣ ਵਾਲੀ ਇਕੱਤਰਤਾ ਦੀ ਕਲਕੱਤੇ ਵਿਚ ਪ੍ਰਧਾਨਗੀ ਕੀਤੀ । ਲੋਕਾਂ ਨੂੰ ਸੰਬੋਧਨ ਕਰਦਿਆਂ ਉਸਨੇ ਆਖਿਆ ਕਿ ਕਾਮਾਗਾਟਾ ਮਾਰੂ ਦਾ ਉਦੇਸ਼ ਵਪਾਰਕ ਸੀ, ਸਿਆਸੀ ਨਹੀਂ ਸੀ। ਉਹ ਚਾਹੁੰਦਾ ਸੀ ਮੁਸਾਫਰਾਂ ਦੀ ਨਿਰਦੋਸਤਾ ਸਿਧ ਕਰ ਸਕੇ । ਜਿਨ੍ਹਾਂ ਨੂੰ ਕੈਨੇਡਾ ਵਿਚ ਦਾਖਲਾ ਨਹੀਂ ਸੀ ਮਿਲਿਆ ਅਤੇ ਜਿਨ੍ਹਾਂ ਨੂੰ ਹਿੰਦੁਸਤਾਨ ਵਿੱਚ ਫੌਜ ਤੇ ਪੁਲਿਸ ਨੇ ਗੋਲੀਆਂ ਦਾ ਸ਼ਿਕਾਰ ਬਣਾਇਆ ਸੀ ।

ਗੁਰਦਿੱਤ ਸਿੰਘ ਦੇ ਅੰਤਮ ਸਮੇਂ ਤੀਕਰ ਕਾਮਾਗਾਟਾ ਮਾਰੂ ਉਸਦੇ ਦਿਲੋ-ਦਿਮਾਗ ਤੇ ਛਾਇਆ ਰਿਹਾ। ਸਤੰਬਰ 1951 ਵਿੱਚ ਉਸਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਲਿਖਦਿਆਂ ਆਖਿਆ ਕਿ ਉਸਦੀ ਸਿਹਤ ਵੱਲ ਨਹੀਂ ਸੀ ਰਹਿੰਦੀ ਅਤੇ ਉਸਦੀ ਇੱਛਾ ਸੀ ਕਿ ਉਸਦੇ ਜਿਉਂਦਿਆਂ ਜਿਉਂਦਿਆਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਇੱਕ ਯਾਦਗਾਰ ਉਸਾਰੀ ਜਾਵੇ। ਬੰਗਾਲ ਦੀ ਸਰਕਾਰ ਵੀ ਇਸ ਯੋਜਨਾ ਨਾਲ ਸਬੰਧਤ ਸੀ। ਥਾਂ ਦੀ ਚੋਣ ਗੁਰਦਿਤ ਸਿੰਘ ਨੇ ਆਪ ਕੀਤੀ। ਇੱਕ ਜਨਵਰੀ 1952 ਵਿੱਚ ਨਹਿਰੂ ਨੇ ਇਸਤੋਂ ਪਰਦਾ ਉਠਾਉਣ ਦੀ ਰਸਮ ਅਦਾ ਕੀਤੀ। ਸੰਨ 1953 ਦੀ ਪੱਤਝੜ ਵਿੱਚ ਉਹ ਨਿਰਬਲ ਹੋਣ ਲੱਗ ਪਿਆ ਅਤੇ ਜਨਵਰੀ 1954 ਵਿਚ ਉਸਦੇ ਦੋਸਤ ਉਸਨੂੰ ਕਲਕਤੇ ਤੋਂ ਵਾਪਸ ਅੰਮ੍ਰਿਤਸਰ ਲੈ ਆਏ ਤਾਂ ਜੋ ਪਾਉਣ ਪਾਣੀ ਦੀ ਬਦਲੀ ਕੀਤੀ ਜਾ ਸਕੇ। ਉਸ ਦੀ ਖਾਹਸ਼ ਸੀ ਕਿ ਮਰਨ ਤੋਂ ਪਹਿਲਾਂ ਉਹ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਮਿਲ ਸਕੇ। ਅੰਮ੍ਰਿਤਸਰ ਦੀ ਸਿੱਖ ਯੂਥ ਫੈਡਰੇਸ਼ਨ ਨੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ ਵਿੱਚ ਇਕ ਕਵੀ ਦਰਬਾਰ ਦਾ ਆਯੋਜਨ ਕੀਤਾ ਇਹ ਕਵੀ ਦਰਬਾਰ 4 ਜੁਲਾਈ 1954 ਨੂੰ ਹੋਇਆ ਅਤੇ ਗੁਰਦਿੱਤ ਸਿੰਘ ਨੇ ਇਸਦੀ ਪ੍ਰਧਾਨਗੀ ਕੀਤੀ ਉਸ ਤੋਂ ਵੀਹ ਦਿਨਾਂ ਬਾਅਦ ਹੀ ਉਹ ਆਪਣੀ ਆਯੂ ਦੇ ਪਚਾਨਵੇਂ ਵਰ੍ਹੇ ਵਿਚ ਪੂਰਾ ਹੋ ਗਿਆ।

ਜਦੋਂ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਵਿਚੋਂ ਕਢ ਦਿਤਾ ਗਿਆ ਸੀ ਉਸ ਤੋਂ ਦੋ ਸਾਤਿਆਂ ਬਾਅਦ ਹਾਪਕਿਨਸਨ ਪਰੈਟਲੈਂਡ ਤੇ ਐਸਟੋਰੀਆ ਦੇ ਸਥਾਨਾਂ ਤੇ ਆਪਣੇ ਮੁਖਬਰਾਂ ਨੂੰ ਮਿਲਣ ਗਿਆ। ਵਿਸ਼ੇਸ਼ ਤੌਰ ਤੇ ਮਹੁੰਮਦ ਦੀਨ ਨੂੰ ਜੋ ਆਰਗਨ ਵਿਚ ਹਿੰਦੁਸਤਾਨੀਆਂ ਦਾ ਨੇਤਾ ਸੀ ਪਰ ਦੂਹਰੀ ਮੁਖਬਰੀ ਕਰ ਰਿਹਾ ਸੀ। ਉਸ ਤੋਂ ਹਾਪਕਿਨਸਨ ਨੂੰ ਸੂਚਨਾ ਮਿਲੀ ਕਿ ਸਾਨਫਰਾਂਸਿਸਕੋ ਤੋ ਕੁਝ ਸਿੱਖ ਹਿੰਦੁਸਤਾਨ ਨੂੰ ਜਾਣ ਵਾਲੇ ਵਾਲੰਟੀਅਰ ਦਸਤੇ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਇਹਨਾਂ ਦਸਤਿਆਂ ਨੂੰ ਭਗਵਾਨ ਸਿੰਘ ਜਾਖ ਤੇ ਮੌਲਵੀ ਬਰਕਤ ਉੱਲਾ ਜੋ ਪਹਿਲਾਂ ਟੋਕੀਓ ਸੀ, ਵਰਗੇ ਗਦਰ ਪਾਰਟੀ ਦੇ ਇਨਕਲਾਬੀਆਂ ਨੇ ਜਥੇਬੰਦ ਕੀਤਾ ਸੀ। ਡਾਕਟਰ ਹਰਦਿਆਲ ਨੂੰ ਜਲਾਵਤਨ ਕਰ ਦੇਣ ਦੀ ਧਮਕੀ ਦਿੱਤੀ ਗਈ ਸੀ ਤੇ ਉਹ ਸਵਿੱਟਜ਼ਰਲੈਂਡ ਚਲਿਆ ਗਿਆ ਸੀ। ਜਿਸ ਦਿਨ ਬਰਤਾਨੀਆਂ ਜੰਗ ਵਿੱਚ ਕੁੱਦਿਆ ਸੀ ਉਸੇ ਦਿਨ ਹੀ ਇਹਨਾਂ ਇਨਕਲਾਬੀਆਂ ਨੇ ਗਦਰ ਲਈ ਵਾਲੰਟੀਅਰ ਭਰਤੀ ਕਰਨੇ ਸ਼ੁਰੂ ਕਰ ਦਿਤੇ ਸਨ। ਉਹਨਾਂ ਦਾ ਯਕੀਨ ਸੀ ਕਿ ਗਦਰ ਦਾ ਸਮਾਂ ਆ ਪੁੱਜਾ ਹੈ। ਉਹ ਫਰੈਜ਼ਨੋ, ਸੈਕਰਾਮੈਂਟੋ, ਪੋਰਟਲੈਂਡ ਤੇ ਐਸਟੋਰੀਆਂ ਤੋਂ ਬੰਦਿਆਂ ਦੀ ਭਰਤੀ ਕਰ ਰਹੇ ਸਨ। ਪੈਸੇ ਇਕੱਠੇ ਕਰ ਰਹੇ ਸਨ। ਉਹਨਾਂ ਦੀ ਯੋਜਨਾ ਸੀ ਕਿ ਤੁਰੰਤ ਹੀ 200 ਤੋਂ 300 ਤੱਕ ਸਿੱਖਾਂ ਨੂੰ ਘੱਲਿਆ ਜਾਵੇ ਤੇ ਪਿੱਛੋਂ ਹੋਰ ਭੇਜੇ ਜਾਣ। ਉਹਨਾਂ ਨੂੰ ਵਚਨ ਦਿੱਤਾ ਗਿਆ ਸੀ ਕਿ ਜਦੋਂ ਉਹ ਹਿੰਦੋਸਤਾਨ ਅਪੜਣਗੇ ਉਹਨਾਂ ਨੂੰ ਹਥਿਆਰ ਤਿਆਰ ਬਰ ਤਿਆਰ ਮਿਲਣਗੇ, ਹਿੰਦੋਸਤਾਨੀ ਫੌਜਾਂ ਇਕ ਦਮ ਬਗਾਵਤ ਕਰ ਦੇਣਗੀਆਂ ਅਤੇ ਅਫਗਾਨਸਤਾਨ ਦਾ ਅਮੀਰ 10 ਲੱਖ ਬੰਦਿਆਂ ਦੀ ਖਾਤਰ ਹਥਿਆਰ ਤੇ ਸਿੱਕਾ ਬਾਰੂਦ ਲਈ ਤਿਆਰ ਸੀ। ਪਰ ਵਾਪਰਿਆ ਇੰਜ ਕਿ ਜਿਹੜੇ ਬੰਦੇ ਪਹਿਲੇ ਦਸਤੇ ਵਿਚ ਗਏ ਉਹਨਾਂ ਨੂੰ ਅੱਗੇ ਕਮਿਸ਼ਨਰ ਹੈਲੀਡੇ ਮਿਲਿਆ ਜਿਹੜਾ ਉਹਨਾਂ ਲਈ ਜੇਲ੍ਹ ਦੇ ਵਰੰਟ ਲਈ ਖਲੋਤਾ ਸੀ।

ਹਾਪਕਿਨਸਨ ਨੇ ਸਾਨਫਰਾਂਸਿਸਕੋ ਵਿਖੇ ਬਰਤਾਨੀਆਂ ਦੇ ਕੌਂਸਲ ਜਨਰਲ ਨੂੰ ਸੂਚਿਤ ਕਰਦਿਆ ਆਖਿਆ ਸੀ ਕਿ ਉਹ ਜਾਣ ਵਾਲੇ ਹਿੰਦੋਸਤਾਨੀਆਂ ਤੇ ਕੜੀ ਨਿਗਰਾਨੀ ਰੱਖੇ। ਕੈਨੇਡਾ ਵਿੱਚ ਵੀ ਇਨਕਲਾਬੀ ਧਿਰ ਇਸ ਆਹਰ ਵਿਚ ਜੁਟੀ ਹੋਈ ਸੀ ਅਤੇ ਹੁਣ ਮਾਲਕਮ ਗੀਡ ਜਿਸ ਨੂੰ ਹਾਪਕਿਨਸਨ ਨੇ ਸਹੀ ਸਿਖਿਆ ਦੇ ਦਿਤੀ ਸੀ, ਹੁਣ ਹਿੰਦੋਸਤਾਨੀਆਂ ਨੂੰ ਜਾਣੋ ਰੋਕਣ ਲਈ ਉਤਨਾ ਹੀ ਕਾਹਲਾ ਸੀ ਜਿੰਨਾ ਪਹਿਲਾਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਪਰਵੇਸ਼ ਨੂੰ ਰੋਕਣ ਲਈ।

ਬੇਲਾ ਸਿੰਘ ਜੋ ਕਿ ਹਾਪਕਿਨਸਨ ਦਾ ਮੁਖ ਮੁਖਬਰ ਸੀ ਅਤੇ ਸਰਕਾਰ ਤੋਂ ਮਾਹਵਾਰੀ 62 ਡਾਲਰ 50 ਸੈਂਟ ਪ੍ਰਾਪਤ ਕਰਦਾ ਸੀ ਨੂੰ ਵੈਨਕੂਵਰ ਤੇ ਵਿਕਟੋਰੀਆਂ ਦੀਆਂ ਬੰਦਰਗਾਹਾਂ ਤੇ ਘੱਲਿਆ ਗਿਆ ਤਾਂ ਜੋ ਉਹ 22 ਤੇ 25 ਅਗਸਤ ਨੂੰ ਜਾਣ ਵਾਲੇ ਮੁਸਾਫਰਾਂ ਦੀ ਪੜਤਾਲ ਕਰੇ। ਉਸਦੀ ਜੇਬ ਰਿਵਾਲਵਰ ਨਾਲ ਉਭਰੀ ਹੋਈ ਵਿਖਾਈ ਦਿੰਦੀ ਸੀ। ਜਿਨ੍ਹਾਂ ਮੁਸਾਫਰਾਂ ਨਾਲ ਬੇਲਾ ਸਿੰਘ ਗਲਬਾਤ ਕਰਦਾ ਸੀ ਉਹਨਾਂ ਨੂੰ ਧਮਕਾਉਣ ਦਾ ਯਤਨ ਵੀ ਕਰਦਾ ਸੀ। ਫੇਰ ਵੀ 45 ਮੁਸਾਫਰ ਜਹਾਜ਼ ਵਿੱਚ ਸਵਾਰ ਹੋ ਗਏ। ਬੇਲਾ ਸਿੰਘ ਨੇ ਉਹਨਾਂ ਦੇ ਨਾਉਂ ਲੈ ਲਏ ਸਨ। ਹਾਪਕਿਨਸਨ ਇਸ ਯੋਗ ਹੋ ਗਿਆ ਸੀ ਕਿ ਉਹ ਹਿੰਦੁਸਤਾਨੀ ਅਧਿਕਾਰੀਆਂ ਨੂੰ ਇਹ ਸੂਚਨਾ ਦੇ ਸਕੇ ਮੁਸਾਫਰਾਂ ਵਿਚੋਂ ਕੌਣ ਬਾਗੀ ਸੀ ਤੇ ਕੌਣ ਨਹੀਂ ਸੀ।

ਮਹੀਨੇ ਦੇ ਅੰਤਲੇ ਦਿਨ ਵੈਨਕੂਵਰ ਦੇ ਇੱਕ ਨਿਵਾਸੀ ਨੇ, ਜਦੋਂ ਉਹ ਵੈਨਕੂਵਰ ਡਾਊਨ ਟਾਊਨ ਦੇ ਪੱਛਮ ਵੱਲ ਸਥਿੱਤ ਨੇਟਿਵ ਇੰਡੀਆਂ ਦੇ ਕਿਟਸਲਾਨੋ ਰੀਜ਼ਰਵ ਵਿਚਦੀ ਲੰਘਦੀ ਹੋਈ ਰੇਲ ਦੀ ਪਟੜੀ ਦੇ ਨਾਲ ਨਾਲ ਜਾ ਰਿਹਾ ਸੀ ਤਾਂ ਘਾਹ ਤੇ ਝਾੜੀਆਂ ਵਿਚਕਾਰ ਇੱਕ ਗਲੀ ਸੜੀ ਲਾਸ਼ ਨੂੰ ਤੱਕਿਆ ਇਹ ਇੱਕ ਸਿੱਖ ਹਰਨਾਮ ਸਿੰਘ ਸੀ, ਜਿਹੜਾ ਬੇਲਾ ਸਿੰਘ ਦਾ ਮਿੱਤਰ ਸੀ ਤੇ ਉਸੇ ਵਾਂਗ ਇੰਮੀਗਰੇਸ਼ਨ ਦੇ ਵਿਭਾਗ ਲਈ ਕੰਮ ਕਰਦਾ ਸੀ। ਉਸਦੇ ਕੋਲ ਵਿਸਕੀ ਦੀ ਖਾਲੀ ਸੁਰਾਹੀ ਪਈ ਸੀ। ਉਸਦੇ ਪੈਰ ਉਸਦੀ ਪੱਗ ਨਾਲ ਬੱਝੇ ਹੋਏ ਸਨ। ਤੇ ਉਸਦਾ ਗਲ, ਇੱਕ ਕੰਨ ਤੋਂ ਲੈ ਕੇ ਦੂਜੇ ਕੰਨ ਤੀਕਰ, ਕੱਟਿਆ ਹੋਇਆ ਸੀ।

ਤਿੰਨ ਮਹੀਨੇ ਪਿੱਛੋਂ ਤੀਜੇ ਐਵਿਨਿਊ ਦੇ ਇੱਕ ਬੋਰਡਿੰਗ ਹਾਊਸ ਵਿਚ ਬੇਲਾ ਸਿੰਘ ਦੇ ਟੋਲੇ ਦੇ

ਇੱਕ ਬੰਦੇ ਅਰਜਣ ਸਿੰਘ ਦੇ ਗਲ ਵਿੱਚ ਗੋਲੀ ਵੱਜੀ। ਇਹ ਘਟਨਾ ਜਾਂ ਤਾਂ ਕਿਸੇ ਹਾਦਸੇ ਦੇ ਕਾਰਨ ਹੋਈ ਸੀ ਜਿਵੇਂ ਕਿ ਗਿਆਰਾਂ ਆਦਮੀਆਂ ਨੇ ਗਵਾਹੀ ਦਿੱਤੀ ਸੀ, ਜਾਂ ਕਿਸੇ ਸੋਚੀ ਸਮਝੀ ਵਿਓਂਤ ਦਾ ਨਤੀਜਾ ਸੀ। ਜਦੋਂ ਤੋਂ ਬੇਲਾ ਸਿੰਘ ਭਗਵਾਨ ਸਿੰਘ ਦੇ ਕੇਸ ਸੰਬੰਧੀ ਇਮੀਗਰੇਸ਼ਨ ਵਿਭਾਗ ਵਿੱਚ ਰਲ ਗਿਆ ਸੀ , ਉਦੋਂ ਤੋਂ ਹੀ ਰਹੀਮ ਅਤੇ ਗੁਰਦਵਾਰੇ ਵਾਲੇ ਹੋਰ ਇਨਕਲਾਬੀ, ਉਸਦਾ ਤੇ ਉਸਦੇ ਮਿੱਤਰਾਂ ਦਾ ਫਸਤਾ ਮੁਕਾਉਣ ਦਾ ਮੁਤਾਲਬਾ ਕਰਦੇ ਆਏ ਸਨ। ਬੇਲਾ ਸਿੰਘ ਦੇ ਮਿੱਤਰ ਸਨ। ਬਾਬੂ ਸਿੰਘ ਤੇ ਗੰਗਾ ਰਾਮ। ਪਰ ਬੇਲਾ ਸਿੰਘ ਆਪ ਇੱਕ ਖਾੜਕੂ ਅਤੇ ਲੜਾਕੇ ਸੁਭਾਅ ਦਾ ਸੀ। ਇੱਕ ਦਲੇਰ ਤੇ ਝਗੜੇ ਮੁੱਲ ਲੈਣ ਵਾਲਾ ਜੋ ਇੰਮੀਗਰੇਸ਼ਨ ਵਿਭਾਗ ਵਿਚ ਆਪਣੇ ਪ੍ਰਭਾਵ ਨੂੰ ਵਰਤਕੇ ਆਪਦੇ ਦੇਸ਼ ਵਾਸੀਆ ਤੇ ਧੌਂਸ ਜਮੌਂਦਾ ਸੀ ਤੇ ਉਹਨਾਂ ਤੋਂ ਪੈਸੇ ਲੈਂਦਾ ਸੀ। ਸਤੰਬਰ ਦੀ ਤੀਹ ਤਾਰੀਖ ਨੂੰ ਉਹ ਸ਼ੇਰ ਦੇ ਘੁਰਨੇ ਵਿੱਚ ਵੜ ਗਿਆ ਜਦੋਂ ਉਹ ਇਨਕਲਾਬੀਆਂ ਦੇ ਸੱਦੇ ਨੂੰ ਕਬੂਲ ਕਰਕੇ ਗੁਰਦੁਆਰੇ ਚਲਿਆ ਗਿਆ ਸੀ। ਇਸ ਅਸਥਾਨ ਤੋਂ ਜਾਣੋ ਉਹ ਅਕਸਰ ਕੰਨੀ ਕਤਰਾਉਂਦਾ ਰਿਹਾ ਸੀ। ਉਸ ਦੇ ਚੇਲੇ ਬਾਹਰ ਲਾਠੀਆਂ ਲਈ ਖੜ੍ਹੇ ਸਨ। ਉਸ ਦੇ ਮਿੱਤਰ ਬਾਬੂ ਸਿੰਘ ਨੂੰ ਕਿਸੇ ਧੋਖੇ ਦਾ ਭੈ ਸੀ ਤੇ ਉਸ ਨੇ ਪੁਲਿਸ ਬੁਲਾ ਲਈ ਸੀ। ਬੇਲਾ ਸਿੰਘ ਦੇ ਵਿਰੋਧੀਆਂ ਨੇ ਜੇ ਉਹਨਾਂ ਦੀ ਕੋਈ ਸਕੀਮ ਸੀ ਵੀ ਉਸਨੂੰ ਅਮਲੀ ਰੂਪ ਨ ਦੇਣ ਦਾ ਫੈਸਲਾ ਕੀਤਾ।

ਉਹ 5 ਤਾਰੀਖ ਦੀ ਸ਼ਾਮ ਨੂੰ ਅਰਜਣ ਸਿੰਘ ਦੇ ਅੰਤਮ ਸੰਸਕਾਰ ਲਈ ਪਰਤਿਆ ਅਤੇ ਗੁਰਦੁਆਰੇ ਦੀ ਦੂਜੀ ਮੰਜ਼ਿਲ ਤੇ ਪੌੜੀਆਂ ਰਾਹੀਂ ਉਪਰ ਚੜ੍ਹ ਗਿਆ ਅਤੇ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਇਆ। ਉਥੇ 38 ਬੰਦੇ ਹਾਜ਼ਰ ਸਨ। ਇਹਨਾਂ ਵਿਚ ਗਰੰਥੀ ਬਲਵੰਤ ਸਿੰਘ ਅਤੇ ਭਾਗ ਸਿੰਘ ਵੀ ਸਨ ਅਤੇ ਇਕ ਨਿੱਕਾਜਿਹਾ ਛੋਹਲਾ ਜਿਹਾ ਆਦਮੀ, ਸੋਹਨ ਲਾਲ ਵੀ ਜਿਹੜਾ ਕਿ ਗਰਮੀਆਂ ਵਿਚ ਕਾਮਾਗਾਟਾ ਮਾਰੂ ਦੀ ਸਥਾਨਕ ਕਮੇਟੀ ਦੇ ਵਕੀਲ ਬਰਡ ਵਿਚਕਾਰ ਇਕ ਲਿੰਕ ਬਣਿਆ ਰਿਹਾ ਸੀ। ਬੇਲਾ ਸਿੰਘ ਨੂੰ ਜਿਹੜਾ ਕਿ ਅਗਲੇ ਪਾਸੇ ਵੱਲ ਬੈਠਾ ਹੋਇਆ ਸੀ, ਉਥੇ ਬੈਠਿਆਂ ਕੁਝ ਹੀ ਸਮਾਂ ਬੀਤਿਆ ਸੀ ਕਿ ਕਾੜ ਕਾੜ ਗੋਲੀਆਂ ਚੱਲੀਆਂ। ਫਿਰ ਪੱਤਰਕਾਰ, ਬਰੂਸ ਮਨੈਲਵੀ, ਜੋ ਨੇੜੇ ਹੀ ਰਹਿੰਦਾ ਸੀ ਤੇ ਜਿਸਨੇ ਰੇਲਵੇ ਕਾਰ ਫੜਨੀ ਸੀ, ਨੇ 7 ਵਜੇ ਤੋਂ ਕੁਝ ਮਿੰਟਾਂ ਪਿੱਛੋਂ ਪਹਿਲੀ ਗੋਲੀ ਚਲਣ ਦੀ ਅਵਾਜ਼ ਸੁਣੀ, ਫੇਰ ਕੁਝ ਵਕਫੇ ਪਿੱਛੋਂ ਇਕ ਦਮ ਗੋਲੀਆਂ ਦੇ ਚੱਲਣ ਦੀ ਗੂੰਜਾਰ ਤੇ ਫੇਰ ਇਕ ਹੋਰ ਵਕਫੇ ਪਿੱਛੋਂ ਅੰਤਮ ਗੋਲੀ ਦੀ ਆਵਾਜ਼। ਪੁਲਿਸ, ਜੋ ਕੁਝ ਮਿੰਟਾਂ ਬਾਅਦ ਹੀ ਪੁਜ ਗਈ ਸੀ, ਨੇ ਤੱਕਿਆ ਕਿ ਫਰਸ਼ ਤੇ ਤਿੰਨ ਜ਼ਖਮੀ ਸਿੱਖ ਪਏ ਸਨ। ਇਕ ਪਿਛਲੇ ਦਰਵਾਜ਼ੇ ਦੇ ਨੇੜੇ ਸੀ ਅਤੇ ਉਸਦੇ ਪਿੱਛੋਂ ਖੱਬੇ ਪਾਸੇ ਵੱਲ ਗੋਲੀ ਮਾਰੀ ਗਈ ਸੀ। ਇਕ ਹੋਰ ਪੱਛਮ ਵੱਲ ਦੀ ਕੰਧ ਨਾਲ ਚੁੜਿਆ ਪਿਆ ਸੀ, ਉਸ ਦੇ ਗੋਡੇ ਤੇ ਗੋਲੀ ਵੱਜੀ ਸੀ। ਉਸ ਤੋਂ ਇਕ ਮੀਟਰ ਦੀ ਵਿਥ ਉਤੇ ਗਰੰਥੀ ਭਾਗ ਸਿੰਘ ਪਿਆ ਸੀ। ਗੋਲੀਆਂ ਉਸ ਦੇ ਫੇਫੜੇ ਅਤੇ ਪੇਟ ਵਿਚ ਲੱਗੀਆਂ ਸਨ। ਲਹੂ ਦੀ ਇਕ ਲੀਹ ਗੁਰਦੁਆਰੇ ਦੀਆਂ ਪੌੜੀਆਂ ਤੋਂ ਲਾਗਲੀ ਬਿਲਡਿੰਗ ਵੱਲ ਜਾਂਦੀ ਸੀ, ਜਿਥੇ ਹੋਰ ਕਈ ਬਚਾ ਲਈ ਭਜ ਗਏ ਸਨ। ਕਈਆਂ ਨੇ ਤੇਜੀ ਵਿੱਚ ਦੂਜੀ ਮੰਜ਼ਲ ਦੀ ਕਰਵੱਟੀ ਤੋਂ ਹੀ ਛਾਲਾਂ ਮਾਰ ਦਿੱਤੀਆਂ ਸਨ ਉਹਨਾਂ ਵਿਚੋਂ ਇੱਕ ਬਦਨ ਸਿੰਘ ਜੋ ਗੁਰਦੁਆਰੇ ਵਿੱਚ ਹੀ ਨਿਵਾਸ ਕਰਦਾ ਸੀ। ਉਸਦੇ ਸਰੀਰ ਦੇ ਉਪਰਲੇ ਭਾਗ ਵਿੱਚ ਹੀ ਗੋਲੀਆਂ ਦਾਗੀਆਂ ਗਈਆਂ ਸਨ।

ਬੇਲਾ ਸਿੰਘ ਨੂੰ ਗਲੀ ਚੋਂ ਹੀ ਫੜ ਲਿਆ ਗਿਆ। ਉਹ ਐਬੂਲੈਂਸ ਦੇ ਕੋਲ ਖੜੋਤਾ ਸੀ ਇਹ ਜ਼ਖਮੀਆਂ ਨੂੰ ਜਿੰਨਾ ਦੀ ਗਿਣਤੀ ਨੌ ਸੀ ਲਿਜਾ ਰਹੀ ਸੀ। ਉਹ ਕੋਲ ਖੜੋਤਾ ਜ਼ਖਮੀਆਂ ਨੂੰ ਤੱਕ ਰਿਹਾ ਸੀ ਜਿੰਨਾ ਰਿਵਾਲਵਰਾਂ ਦਾ ਗੋਲੀਆਂ ਚਲਾਉਣ ਲਈ ਪ੍ਰਯੋਗ ਕੀਤਾ ਗਿਆ ਸੀ। ਉਹਨਾਂ ਚੋਂ ਇੱਕ ਗੁਰਦੁਆਰੇ ਦੇ ਅਗਲੇ ਪਾਸੇ ਚੋਂ ਲੱਭਿਆ ਗਿਆ ਅਤੇ ਦੂਜੇ ਨੂੰ ਲੱਗ ਭੱਗ 300 ਕਾਰਤੂਸਾ ਸਮੇਤ ਬੇਲਾ ਸਿੰਘ ਦੇ ਘਰ ਤੋਂ ਬਰਾਮਦ ਕੀਤਾ ਗਿਆ। ਜੈਨਰਲ ਹਸਪਤਾਲ ਵਿੱਚ ਜਿੱਥੇ ਡਾਕਟਰ ਜਖਮਾਂ ਨੂੰ ਸਾਫ ਕਰ ਰਹੇ ਸਨ ਤੇ ਟਾਂਕੇ ਲਾ ਰਹੇ ਸਨ, ਇੱਕ ਮੈਜਿਸਟਰੇਟ ਜਸਟਿਸ ਆਫ ਪੀਸ ਹਾਪਕਿਨਸਨ ਤੇ ਪੁਲਿਸ ਬੇਲਾ ਸਿੰਘ ਸਮੇਤ ਮੌਜੂਦ ਸਨ। "ਮੈ ਮੁੱਕ ਰਿਹਾ ਹਾਂ ਤੁਸੀਂ ਮੇਰੀ ਕੋਈ ਸਹਾਇਤਾ ਨਹੀਂ ਕਰ ਸਕਦੇ" ਭਾਗ ਸਿੰਘ ਨੇ ਆਪਣਾ ਬਿਆਨ ਦੇਣ ਤੋਂ ਪਹਿਲਾਂ ਆਖਿਆ ਅਤੇ ਜਦੋਂ ਇਹਨਾਂ ਸ਼ਬਦਾਂ ਨੂੰ ਉਸਨੂੰ ਮੁੜ ਪੜਕੇ ਸੁਣਾਇਆ ਜਾ ਰਿਹਾ ਸੀ, ਉਹ ਅੰਤਮ ਸੁਆਸ ਲੈ ਚੁੱਕਾ ਸੀ। ਬਦਨ ਸਿੰਘ ਵੀ ਉਸੇ ਹਸਪਤਾਲ ਵਿਚ

ਦਾਖਲ ਹੋਣ ਦੇ ਥੋੜੇ ਸਮੇਂ ਬਾਅਦ ਚਲ ਵਸਿਆ ।

ਭਾਗ ਸਿੰਘ ਤੇ ਜ਼ਖਮੀਆਂ ਚੋਂ ਹੋਰ ਬਹੁਤਿਆਂ ਨੇ ਉਹੀ ਕਹਾਣੀ ਦੱਸੀ ਸੀ । ਉਹਨਾਂ ਆਖਿਆ ਬੇਲਾ ਸਿੰਘ ਅੰਦਰ ਦਾਖਲ ਹੋ ਕੇ ਗੋਲਕ ਵਿੱਚ ਸਿੱਕਾ ਸੁੱਟਕੇ ਅਗਲੇ ਪਾਸੇ ਵਾਲੀ ਥਾਂ ਤੇ ਬਹਿ ਗਿਆ । ਜਦੋਂ ਅਰਦਾਸ ਹੋ ਰਹੀ ਸੀ ਤਾਂ ਉਹ ਛਾਲ ਮਾਰਕੇ ਉਠਿਆ ਤੇ ਉਸਨੇ ਭਾਗ ਸਿੰਘ ਤੇ ਦੋ ਰਿਵਾਲਵਰਾਂ ਨਾਲ ਗੋਲੀਆਂ ਦਾਗ ਦਿੱਤੀਆ ਅਤੇ ਜਦੋਂ ਸਾਰੇ ਬਚ ਨਿਕਲਣ ਲਈ ਕੋਸ਼ਿਸ਼ ਕਰ ਰਹੇ ਸਨ ਤਾਂ ਉਸਨੇ ਬਾਕੀਆਂ ਵੱਲ ਹਥਿਆਰਾਂ ਦਾ ਰੁੱਖ ਕਰ ਦਿੱਤਾ ।

ਹੋਰ ਗਵਾਹ ਵੀ ਸਨ ਤੇ ਉਹ ਸਨ ਬੇਲਾ ਸਿੰਘ ਦੇ ਮਿੱਤਰ ਜਿਨ੍ਹਾਂ ਨੇ ਕਿਹਾ ਕਿ ਬੇਲਾ ਸਿੰਘ ਨੇ ਸਵੈ ਰਖਸ਼ਾ ਲਈ ਗੋਲੀ ਚਲਾਈ ਸੀ । ਉਹ ਰਤਾ ਜਿੰਨਾ ਇਕ ਪਾਸੇ ਵੱਲ ਭਾਗ ਸਿੰਘ ਦੇ ਨੇੜੇ ਬੈਠਾ ਸੀ ਕੀਰਤਨ ਦੇ ਦੌਰਾਨ ਉਹ ਇੱਕ ਦੂਜੇ ਨਾਲ ਝਗੜ ਪਏ ਸਨ । ਜਦੋਂ ਕੀਰਤਨ ਅਤੇ ਅਰਦਾਸ ਦੀ ਸਮਾਪਤੀ ਹੋ ਗਈ । ਬਦਨ ਸਿੰਘ ਇਹ ਆਖਦਾ ਹੋਇਆ ਹਾਲ ਵਿੱਚੋਂ ਆਇਆ ''ਮੈਂ ਕਰਦਾ ਇਸਨੂੰ ਠੀਕ'' ਤੇ ਉਸ ਨੇ ਆਪਣੀ ਜੇਬ ਵਿਚੋਂ ਕਾਲੇ ਰੰਗ ਦੀ ਪਸਤੌਲ ਕੱਢ ਲਈ । ਬੇਲਾ ਸਿੰਘ ਪਿਛਲੇ ਪਾਸੇ ਵੱਲ ਗਿਆ । ਬਦਨ ਸਿੰਘ ਨੇ ਉਸਤੇ ਗੋਲੀ ਚਲਾਈ ਅਤੇ ਭਾਗ ਸਿੰਘ ਮੰਜੀ ਸਾਹਿਬ ਦੇ ਹੇਠਾਂ ਪਈ ਤਲਵਾਰ ਚੁੱਕਣ ਲਈ ਗਿਆ । ਉਸ ਸਮੇਂ ਬਹੁਤ ਗੋਲੀਆਂ ਚੱਲੀਆਂ ਅਤੇ ਫੇਰ ਬਾਹਰ ਨੱਸਣ ਦੀ ਝਟਪਟੀ ਵਿੱਚ ਘਬਰਾਹਟ ਫੈਲ ਗਈ ।

ਕੋਰਅਨਰ ਅਫਸਰ ਨੇ 9 ਸਤੰਬਰ ਦਿਨ ਬੁੱਧਵਾਰ ਨੂੰ ਆਪਣੀ ਤਫਤੀਸ ਕਰਨੀ ਆਰੰਭ ਕੀਤੀ। ਸਿੱਟੇ ਵਜੋਂ ਬੇਲਾ ਸਿੰਘ ਤੇ ਮੁੱਕਦਮਾ ਚਲਾਉਣ ਦਾ ਆਦੇਸ਼ ਹੋਇਆ। ਬਚਾਅ ਲਈ ਜ਼ਰੂਰੀ ਸੀ ਬੇਲਾ ਸਿੰਘ ਸਬੂਤ ਪੇਸ਼ ਕਰੇ ਕਿ ਉਸਨੂੰ ਇਸ ਤੋਂ ਪਹਿਲਾਂ ਵੀ ਧਮਕੀਆਂ ਮਿਲੀਆਂ ਸਨ । ਜਦੋਂ ਕਿ ਬੇਲਾ ਸਿੰਘ ਦੇ ਦੋਸਤ ਇਸ ਗੱਲ ਦੀ ਗਵਾਹੀ ਦੇਣਗੇ ਅਤੇ ਡਾਕਟਰ ਰਘੁਨਾਥ ਸਿੰਘ ਜਿਹੜਾ ਅਜੇ ਵੀ ਵੈਨਕੂਵਰ ਵਿੱਚ ਸੀ ਵੀ ਉੱਕਤ ਪੱਖ ਹੀ ਅਪਣਾਏਗਾ । ਇੰਨਸਪੈਕਟਰ ਹੌਪਕਿਨਸਨ ਦੀ ਗਵਾਹੀ ਦੀ ਵਿਸ਼ੇਸ਼ ਤੌਰ ਤੇ ਅਵੱਸ਼ਕਤਾ ਸੀ । ਇੰਮੀਗਰੇਸ਼ਨ ਵਿਭਾਗ ਕੋਲ ਉਹਨਾਂ ਲੋਕਾਂ ਵੱਲੋਂ ਦਿੱਤੇ ਗਏ ਦਸੰਬਰ 1913 ਦੇ ਬਿਆਨ ਮੌਜੂਦ ਸਨ । ਜਿਨ੍ਹਾਂ ਨੇ ਰਹੀਮ ਸੋਹਨ ਲਾਲ ਤੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਸੀ ਕਿ ਉਹ ਨ ਕੇਵਲ ਬੇਲਾ ਸਿੰਘ, ਬਾਬੂ ਸਿੰਘ ਤੇ ਗੰਗਾ ਰਾਮ ਨੂੰ ਕਤਲ ਕਰ ਦੇਣਗੇ ਸਗੋਂ ਹਾਪਕਿਨਸਨ ਮੈਲਕਾਮ ਰੀਡ ਨੂੰ ਵੀ ਠਿਕਾਣੇ ਲਾ ਦੇਣਗੇ । ਹਾਪਕਿਨਸਨ ਇਸ ਗੱਲ ਦੀ ਗਵਾਹੀ ਦੇ ਸਕਦਾ ਸੀ।

ਜਦੋਂ ਅਕਤੂਬਰ ਦੇ ਮੱਧ ਵਿਚ ਫੌਜਦਾਰੀ ਅਦਾਲਤ ਆਰੰਭ ਹੋਈ ਤਦ ਬੇਲਾ ਸਿੰਘ ਦੇ ਮੁੱਕਦਮੇ ਨੂੰ ਸਿੱਧਿਆ ਹੀ ਪੇਸ਼ ਨਹੀਂ ਕੀਤਾ ਗਿਆ ਸੀ । ਪੂੰਜੂ ਸਾਰੇ ਗਵਾਹਾਂ ਲਈ ਜ਼ਰੂਰੀ ਸੀ ਕਿ ਉਹ ਹਰ ਸਵੇਰ ਹਾਜਰ ਹੋਣ ਅਤੇ ਆਪਣੇ ਆਪ ਨੂੰ ਬਿਆਨ ਦੇਣ ਲਈ ਤਿਆਰ ਰੱਖਣ 21 ਅਕਤੂਬਰ ਨੂੰ ਜਦੋਂ ਹਾਪਕਿਨਸਨ ਵੈਨਕੂਵਰ ਦੀ ਅਦਾਲਤ ਦੇ ਇਨਕਾਰੀ ਤੌਰ ਵਿੱਚ ਇੰਤਜਾਰ ਕਰ ਰਿਹਾ ਸੀ ਤਾਂ ਮੇਵਾ ਸਿੰਘ ਨੇ ਉਸ ਤੇ ਗੋਲੀ ਚਲਾਈ ਮੇਵਾ ਸਿੰਘ ਹਾਪਕਿਨਸਨ ਦਾ ਭਲੀ ਭਾਂਤ ਜਾਣਿਆ ਪਛਾਣਿਆ ਬੰਦਾ ਸੀ । ਅਤੇ ਉਹਨਾਂ ਚਾਰਾ ਵਿੱਚੋਂ ਇੱਕ ਸੀ ਜਿੰਨਾ ਨੂੰ ਜੁਲਾਈ ਵਿੱਚ ਅਮਰੀਕਾ ਤੋਂ ਖਰੀਦ ਕੀਤੇ ਹੋਏ ਰਿਵਾਲਵਰ ਲਿਆਉਣ ਦੇ ਦੋਸ਼ ਵਿਚ ਫੜਿਆ ਗਿਆ ਸੀ । ਹਾਪਕਿਨਸਨ ਗਵਾਹੀਆ ਦੇਣ ਵਾਲੇ ਕਮਰੇ ਦੇ ਬਾਹਰ ਖੜ੍ਹਾ ਸੀ ਅਤੇ ਉਸਨੇ ਆਪਣੇ ਹੱਥ ਜੇਬਾਂ ਵਿੱਚ ਪਾਏ ਹੋਏ ਸਨ । ਮੇਵਾ ਸਿੰਘ ਉਸ ਵੱਲ ਵਧਿਆ, ਜੇਬ ਚੋਂ ਨਿਕਲ ਪਾਲਸ਼ ਵਾਲਾ 32 ਬੋਰ ਦਾ ਰਿਵਾਲਵਰ ਕੱਢਿਆ ਅਤੇ ਬਿਲਕੁਲ ਨਜ਼ਦੀਕ ਤੋਂ ਗੋਲੀਆਂ ਦਾਗੀਆਂ । ਇੰਨਸਪੈਕਟਰ ਹੇਠਾਂ ਡਿੱਗਦਾ ਗੋਡਿਆਂ ਪਰਨੀ ਹੋ ਗਿਆ ਤੇ ਉਸਨੇ ਮੇਵਾ ਸਿੰਘ ਨੂੰ ਪੱਟ ਤੋਂ ਫੜ ਲਿਆ । ਮੇਵਾ ਸਿੰਘ ਨੇ ਜਿਹੜਾ ਕਿ ਛੋਟੇ ਕੱਦ ਦਾ ਅਤੇ ਸਿਹਤਮੰਤ ਸੀ ਨੇ ਸੱਜੇ ਹੱਥ ਵਿੱਚ ਫੜੇ ਰੀਵਾਲਵਰ ਨਾਲ ਉਸਦੇ ਸਿਰ ਤੇ ਚੁੱਜਾਂ ਮਾਰੀਆਂ ਅਤੇ ਫੇਰ ਉਹ ਰਿਵਾਲਵਰ ਧਰਤੀ ਤੇ ਸੁੱਟਕੇ ਦੂਸਰੇ ਖੱਬੇ ਹੱਥ ਚ ਫੜੇ ਹੋਏ ਮਿੱਡੇ ਨੱਕ ਵਾਲੇ ਰੀਵਾਲਵਰ ਨੂੰ ਆਪਣੇ ਸੱਜੇ ਹੱਥ ਵਿਚ ਬਦਲ

ਲਿਆ ਅਤੇ ਫਾਇਰ ਕਰਦਾ ਰਿਹਾ। ਹਰ ਵਾਰ ਜਦੋਂ ਉਹ ਰੀਵਾਲਵਰ ਦਾ ਘੋੜਾ ਦੱਬਦਾ ਤੇ ਹਵਾ "ਚ" ਉਛਲਦਾ ਅਤੇ ਆਪਣੀਆਂ ਬਾਹਾਂ ਨੂੰ ਉਤਾਂਹ ਵੱਲ ਪਸਾਰਦਾ।

ਗਵਾਹਾਂ ਦੇ ਕਮਰੇ "ਚ" ਮੌਜੂਦ ਲੋਕਾਂ ਚੋਂ ਕਈਆਂ ਨੇ ਗੋਲੀ ਚੱਲਦੀ ਤੱਕੀ ਪਰ ਉਹ ਸੁੰਨ ਹੋਕੇ ਜਾਂ ਭੈਭੀਤ ਹੋ ਕੇ ਅਹਿੱਲ ਰਹੇ। ਸਿਵਾਏ ਕਮਰੇ ਦਾ ਬੂਹਾ ਬੰਦ ਕਰਨ ਦੇ। ਰਿਚਰਡ ਪੋਲੀ ਜਿਹੜਾ ਕਿ ਕਚਿਹਰੀ ਦਾ ਮੁਲਾਜ਼ਮ ਸੀ ਤੇ ਕੁੱਝ ਮੀਟਰਾਂ ਦੀ ਵਿੱਥ ਤੇ ਹੀ ਸੀ। ਸਾਰੀਆਂ ਗੋਲੀਆਂ ਖਤਮ ਹੋਣ ਤੇ ਮੇਵਾ ਸਿੰਘ ਕੋਲ ਗਿਆ ਅਤੇ ਉਸਤੋਂ ਰਿਵਾਲਵਰ ਮੰਗੇ। ਪਰ ਮੇਵਾ ਸਿੰਘ ਨੇ ਉੱਤਰ ਦਿੱਤਾ ਮੈਂ ਇਹਨਾਂ ਨੂੰ ਪੁਲਿਸ ਨੂੰ ਦੇਵਾਂਗਾ। ਜੇਮਜ਼ ਮੈਕਾਅਨ ਜੋ ਸਫਾਈ ਕਰਨ ਵਾਲੇ ਅਮਲੇ ਦਾ ਮੁਖੀ ਸੀ, ਪਹਿਲੀ ਗੋਲੀ ਚੱਲਣ ਸਮੇਂ ਹੀ ਪੌੜੀਆਂ ਤੇ ਚੜ੍ਹ ਗਿਆ ਭੱਜਕੇ ਸਿੱਖ ਵੱਲ ਗਿਆ ਤੇ ਉਸਨੂੰ ਕਾਬੂ ਕਰ ਲਿਆ ਅਤੇ ਹਥਿਆਰ ਖੋਹ ਲਏ। "ਮੈਂ ਗੋਲੀ ਚਲਾਈ ਹੈ" ਮੇਵਾ ਸਿੰਘ ਨੇ ਆਖਿਆ ਸੀ। ਮੈਂ "ਪੁਲਿਸ ਸਟੇਸ਼ਨ ਜਾਣ ਨੂੰ ਤਿਆਰ ਹਾਂ" ਜਿਸ ਸਮੇਂ ਡਾਕਟਰ ਪੁੱਜੇ (ਬਿਲਡਿੰਗ ਵਿਚ ਦੋ ਡਾਕਟਰ ਸਨ) ਹਾਪਕਿਨਸਨ ਮਰ ਚੁੱਕਾ ਸੀ।

ਸਿਵਲ ਅਤੇ ਕੇਂਦਰੀ ਸਰਕਾਰ ਦੇ ਅਧਿਕਾਰੀਆਂ ਨੇ ਸ਼ਹਿਰ ਵਿੱਚ ਹੁਣ ਤੱਕ ਨਿਕਲੇ ਵੱਡੇ ਤੋਂ ਵੱਡੇ ਜਲੂਸਾਂ ਵਰਗੇ ਜਲੂਸ ਦਾ ਪ੍ਰਬੰਧ ਕੀਤਾ। 2000 ਤੋਂ ਵੱਧ ਲੋਕਾਂ ਨੇ ਮਾਰਚ ਕੀਤਾ। ਉਹਨਾਂ ਵਿੱਚ ਨਾਗਰਿਕ ਸੈਨਾ ਪੁਲਿਸ, ਫਾਇਰ ਬਰਗੇਡ, ਇੰਮੀਗਰੇਸ਼ਨ ਤੇ ਕਸਟਮ ਦੇ ਅਧਿਕਾਰੀ, ਅਮਰੀਕਾ ਦੇ ਇੰਮੀਗਰੇਸ਼ਨ ਮਹਿਕਮੇ ਦੇ ਲੋਕ, ਸੀ. ਪੀ ਆਰ ਦੇ ਮੁਲਾਜ਼ਮ ਅਤੇ ਆਰੰਜ ਲਾਜ ਜਿਸ ਨਾਲ ਪਹਿਲਾਂ ਹਾਪਕਿਨਸਨ ਸਬੰਧਤ ਸੀ। ਸੱਭ ਸ਼ਾਮਲ ਸਨ। ਰਸਤੇ ਵਿੱਚ ਜਿੱਥੇ ਕਿਤੇ ਵੀ ਕੋਈ ਹਿੰਦੁਸਤਾਨੀ ਸੀ। ਉਸ ਦੁਆਲੇ ਇੱਕ ਚਿੱਟੇ ਕੱਪੜਿਆ ਵਾਲਾ ਸਿਪਾਹੀ ਮੌਜੂਦ ਸੀ। ਪੁਲਿਸ ਨੂੰ ਸੂਚਨਾ ਮਿਲੀ ਕਿ ਮੈਲਕਾਮ ਗੀਡ ਤੇ ਉਹਨਾਂ ਦਾ ਆਪਣਾ ਮੁਖੀ ਹਿੰਦੁਸਤਾਨੀਆਂ ਦੀ ਹਿੱਟ ਲਿੱਸਟ ਤੇ ਹਨ। ਇਸ ਲਈ ਉਹ ਉਹਨਾਂ ਨੂੰ ਕੋਈ ਅਜਿਹਾ ਮੌਕਾ ਨਹੀਂ ਸੀ ਦੇਣਾ ਚਾਹੁੰਦੇ। ਲੂਈ ਹਾਰਕੋਰਟ ਬਰਤਾਨਵੀ ਬਸਤੀਆਂ ਦੇ ਸਕੱਤਰ ਨੇ ਹਾਪਕਿਨਸਨ ਦੇ ਕਾਮਾਗਾਟਾ ਮਾਰੂ ਸੰਬੰਧੀ ਕੀਤੇ ਗਏ ਕੰਮ ਨੂੰ ਹਿੰਦੁਸਤਾਨ ਦੇ ਸਕੱਤਰ ਵਾਂਗ ਹੀ ਸਲਾਹਿਆ ਸੀ ਅਤੇ ਉਸਨੇ ਤੁਰੰਤ ਹੀ ਪੁੱਛ ਕੀਤੀ ਕਿ ਹਾਪਕਿਨਸਨ ਦੇ ਪਰਿਵਾਰ ਲਈ ਕੀ ਕੀਤਾ ਗਿਆ ਹੈ? ਹਾਪਕਿਨਸਨ ਦੀ ਵਿਧਵਾ ਨੈਲੀ ਸੀ ਜਿਹੜੀ ਲੰਡਨ ਦੇ ਹਾਈਗੇਟ ਜਿਲ੍ਹੇ ਤੋਂ ਸੀ। ਅਤੇ ਉਸਨੇ ਸਟੈਨੋ ਦੀ ਸਿਖਾਲਈ ਲਈ ਹੋਈ ਸੀ। ਉਸਦੀਆਂ ਦੋ ਪੁੱਤਰੀਆਂ ਜੀਨ ਤੇ ਕੌਨਸਟੈਂਸ ਸਨ। ਵੱਡੀ ਛੇ ਸਾਲ ਦੀ ਸੀ ਅਤੇ ਛੋਟੀ ਦੋ ਸਾਲ ਦੀ। ਦੋਵੇਂ ਬੱਚੀਆਂ ਵੈਨਕੂਵਰ ਵਿਚ ਹੀ ਜਨਮੀਆਂ ਸਨ। ਪਤਾ ਲੱਗਾ ਕਿ ਨੈਲੀ ਹਾਪਕਿਨਸਨ ਇੰਡੀਆ ਸਿਵਲ ਸਰਵਿਸ ਪੈਨਸ਼ਨ ਨਹੀਂ ਸੀ ਲੈ ਸਕਦੀ। ਕਿਉਂਕਿ ਉਸਦੇ ਪਤੀ ਨੂੰ ਅਸਿੱਧਿਆ ਤੌਰ ਤੇ ਹੀ ਹਿੰਦੁਸਤਾਨੀ ਸਰਕਾਰ ਵਲੋਂ ਨੌਕਰੀ ਉੱਤੇ ਨਿਯੁਕਤ ਕੀਤਾ ਗਿਆ ਸੀ। ਉਸਨੂੰ ਇੱਕ ਵੱਡੀ ਰਕਮ ਦੇਣ ਦਾ ਵਾਅਦਾ ਕੀਤਾ ਗਿਆ। ਪਰ ਇਹ ਮਾਮਲਾ ਸਰਕਾਰਾ ਵਿਚਕਾਰ ਖਤੋਂ ਖਤਾਬਤ ਤੇ ਨਿਰਭਰ ਸੀ। ਇਸ ਦੀ ਅਦਾਇਗੀ ਕਰਨ ਵਿੱਚ ਜੇਕਰ ਕੀਤੀ ਵੀ ਗਈ ਸੀ ਕੁੱਝ ਦੇਰੀ ਲੱਗੀ। ਕੈਨੇਡੀਅਨ ਇੰਮੀਗਰੇਸ਼ਨ ਨੇ ਨੈਲੀ ਲਈ ਉਹ ਸੱਭ ਕੁਝ ਕੀਤਾ ਜਿਹੜਾ ਉਹ ਕਰ ਸਕਦੀ ਸੀ ਅਤੇ ਉਸਨੂੰ ਵੈਨਕੂਵਰ ਦੇ ਦਫਤਰ ਵਿੱਚ ਇੱਕ ਸੈਟਨੋ ਗਰਾਫਰ ਦੀ ਨੌਕਰੀ ਦੇ ਦਿੱਤੀ। ਉਹ ਇਸ ਦਫਤਰ ਵਿੱਚ ਫਰਵਰੀ 1915 ਤੋਂ ਲੈ ਕੇ ਸੰਨ 1921 ਤੀਕਰ ਕੰਮ ਕਰਦੀ ਰਹੀ ਬਾਅਦ ਵਿੱਚ ਉਹ ਕੈਲੇਫੋਰਨੀਆਂ ਆਪਣੇ ਪਰਿਵਾਰ ਕੋਲ ਚਲੀ ਗਈ।

ਇੰਡੀਆ ਆਫਿਸ ਨੇ ਹਾਪਕਿਨਸਨ ਦੀ ਥਾਂ ਕਿਸੇ ਹੋਰ ਵਿਆਕਤੀ ਨੂੰ ਨਿਯੁਕਤ ਨ ਕਰਨ ਦਾ ਫੈਸਲਾ ਕੀਤਾ। ਪਰ ਕਿਸੇ ਨ ਕਿਸੇ ਕਾਰਨ ਇਹ ਮਹਿਸੂਸਿਆ ਗਿਆ ਕਿ ਇਸ ਕੰਮ ਨੂੰ ਇੱਕ ਅਜਿਹੇ ਅਫਸਰ ਜਿਹੜਾ ਕੈਨੇਡੀਅਨ ਇੰਮੀਗਰੇਸ਼ਨ ਸ਼ਾਖਾ ਵਿੱਚ ਹੋਵੇ ਸੁਪਰਦ ਨ ਕੀਤਾ ਜਾਵੇ। ਇਹ ਇਕ ਅਜਿਹਾ ਫੈਸਲਾ ਸੀ ਜਿਸਨੂੰ ਕੈਨੇਡਾ ਸਰਕਾਰ ਨੇ ਖਿੜੇ ਮਿੱਥੇ ਤੇ ਬਿਨਾਂ ਕਿਸੇ ਢਿੱਲ ਮੱਠ ਤੇ ਸਵੀਕਾਰ ਕਰ ਲਿਆ। ਉਹ ਇਸ ਗੱਲ ਤੇ ਖੁਸ਼ ਸਨ ਕਿ ਹਿੰਦੁਸਤਾਨੀ ਸਰਕਾਰ ਆਪ ਹੀ ਆਪਣੇ ਖੁਫੀਆਂ ਮਾਮਲਿਆਂ

ਸਬੰਧੀ ਜਾਣਕਾਰੀ ਇੱਕਤਰ ਕਰੇਗੀ । "ਮੈਨੂੰ ਅਫਸੋਸ ਹੈ ਸੁਪਰਡੰਟ ਸਕਾਟ ਨੇ ਆਖਿਆ ਕਿ "ਇੰਨਸਪੈਕਟਰ ਹਾਪਕਿਨਸਨ ਨੇ ਬਹੁਤ ਹੱਦ ਤੀਕਰ ਇਸ ਗੱਲ ਕਰਕੇ ਹੀ ਜਾਨ ਗਵਾਈ ਕਿਉਂਕਿ ਉਹ ਦੋਹਰੀ ਕਿਸਮ ਦੀ ਸੇਵਾ ਨਿਪਟਾਦਾ ਸੀ। ਇੱਕ ਕਿਸਮ ਦੇ ਕਰੱਤਵਾਂ ਦੀ ਅਦਾਇਗੀ ਦੂਜੀਆਂ ਦੇ ਨੇਪਰੇ ਚਾੜ੍ਹਣ ਵਿਚ ਉਸਨੂੰ ਖਤਰੇ ਵਿਚ ਪਾ ਦਿੰਦੀ ਸੀ ।

ਮੈਲਕਾਮ ਗੀਡ ਨੂੰ ਉਸਦੀ ਸੁਰੱਖਿਆ ਨੂੰ ਮੁੱਖ ਰਖਦਿਆਂ, ਇੱਕ ਮਹੀਨੇ ਲਈ ਆਟਵਾ ਘੱਲ ਦਿੱਤਾ ਗਿਆ। ਈ. ਬਲੇਕ ਰੌਬਰਟਸਨ ਜਿਹੜਾ ਕਿ ਇਮੀਗਰੇਸ਼ਨ ਵਿਭਾਗ ਦਾ ਡਿਪਟੀ ਸੁਪਰਡੈਂਟ ਸੀ ਨੇ ਉਸਦੀ ਥਾਂ ਚਾਰਜ ਲੈ ਲਿਆ । ਰੌਬਰਟਸਨ ਨੇ ਆਲੇ ਦੁਆਲੇ ਨੂੰ ਨਰੀਖਿਆ, ਆਪਣੇ ਅਮਲੇ ਨਾਲ ਗੱਲਬਾਤ ਕੀਤੀ ਅਤੇ ਨਿਰਨਾ ਕੀਤਾ.ਸੀ ਕਿ ਗ੍ਰੀਡ ਏਥੇ ਨ ਪਰਤੇ । ਉਹ ਅਯੋਗ ਸੀ । ਉਸਨੂੰ ਪੁਲਿਸ ਵਿਚ ਧਕੇਲਣ ਦਾ ਯਤਨ ਕੀਤਾ ਗਿਆ ਪਰ ਗ੍ਰੀਡ ਪੁਲਿਸ ਵਿਚ ਨਹੀਂ ਸੀ ਜਾਣਾ ਚਾਹੁੰਦਾ। ਰੌਬਰਟਸਨ ਨੇ ਅਲਬਰਟਾ ਵਿਚ ਲੈਥਬਰਿੱਜ ਦੇ ਸਥਾਨ ਦੀ ਸਿਫਾਰਸ਼ ਕੀਤੀ ਕਿ ਗ੍ਰੀਡ ਨੂੰ ਉਸੇ ਪਦਵੀ ਤੇ ਅਤੇ ਉਸੇ ਤਨਖਾਹ ਤੇ ਨਿਯੁਕਤ ਕੀਤਾ ਜਾਵੇ । ਪਰ ਗ੍ਰੀਡ ਵੈਨਕੂਵਰ ਰਹਿਣਾ ਚਾਹੁੰਦਾ ਸੀ ਅੰਤ ਵਿੱਚ ਉਸਨੂੰ ਬਿਟ੍ਰਿਸ਼ ਕੋਲੰਬੀਆ ਵਿਚ ਬਸਤੀਆਂ ਦਾ ਇਮੀਗਰੇਸ਼ਨ ਇੰਨਸਪੈਕਟਰ ਨਿਯੁਕਤ ਕਰ ਦਿੱਤਾ ਗਿਆ। ਪਰ ਉਸ ਨੂੰ ਵੈਨਕੂਵਰ ਤੇ ਵਿਕਟੋਰੀਆ ਦੇ ਮੁਆਮਲਿਆ ਉਤੇ ਕੋਈ ਅਧਿਕਾਰ ਨਹੀਂ ਸੀ ਅਤੇ ਇਹੀ ਦੋ ਬੰਦਰਗਾਹਾ ਮਹੱਤਵ ਵਾਲੀਆਂ ਸਨ। ਉਸਨੂੰ ਵੈਨਕੂਵਰ ਇਮੀਗਰੇਸ਼ਨ ਦੀ ਇਮਾਰਤ ਵਿੱਚ, ਉਪਰਲੀ ਮੰਜ਼ਲ ਤੇ ਇਕ ਦਫਤਰ ਵਿੱਚ ਡੱਕ ਦਿੱਤਾ ਗਿਆ ਅਤੇ ਕਈ ਸਾਲਾਂ ਤੱਕ ਇਮੀਗਰੇਸ਼ਨ ਦੇ ਏਜੈਂਟਾਂ ਲਈ ਨਿਰੰਤਰ ਸਿਰ ਦਰਦੀ ਬਣਿਆ ਰਿਹਾ ।

ਕਿਸੇ ਵੀ ਅਫਸਰ ਦਾ ਯਕੀਨ ਨਹੀਂ ਸੀ ਕਿ ਮੇਵਾ ਸਿੰਘ ਨੇ ਆਪਣੇ ਆਪ ਕਾਰਵਾਈ ਕੀਤੀ ਸੀ ਜਿਵੇਂ ਕਿ ਉਹ ਮੇਵਾ ਸਿੰਘ ਨੂੰ ਜਾਣਦੇ ਸਨ, ਉਹ ਅਜਿਹੇ ਕੰਮ ਲਈ ਲੋੜ ਤੋਂ ਵੱਧ ਨਰਮ ਅਤੇ ਡਰੂ ਸੁਭਾਅ ਦਾ ਸੀ। ਮੈਲਕਾਮ ਗੀਡ ਨੇ ਗੋਲੀ ਚੱਲਣ ਉਪਰੰਤ ਕਿਹਾ ਸੀ ਕਿ ਮੇਵਾ ਸਿੰਘ ਆਖਰੀ ਬੰਦਾ ਹੈ ਜਿਸ ਤੇ ਉਸਨੂੰ ਸ਼ੱਕ ਹੋਣਾ ਸੀ ।

ਮੇਵਾ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਸੀ । ਖਾਸ ਤੌਰ ਤੇ 17 ਜੁਲਾਈ ਤੋਂ ਬਾਅਦ ਜਦੋਂ ਕਾਮਾਗਾਟਾ ਮਾਰੂ ਸਬੰਧੀ ਖਲਬਲੀ ਮੱਚੀ ਹੋਈ ਸੀ ਅਤੇ ਜਦੋਂ ਮੇਵਾ ਸਿੰਘ ਨੂੰ ਉਸ ਸਮੇਂ ਗਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਅਮਰੀਕੀ ਸਰਹੱਦ ਦੇ ਨਾਲ ਨਾਲ ਪਸਰੇ ਹੋਏ ਜੰਗਲਾਂ ਵਿਚ ਦੀ ਹੁੰਦਾ ਹੋਇਆ 500 ਰੌਂਦ ਤੇ ਗੋਲਾ ਬਾਰੂਦ ਲਈ ਆ ਰਿਹਾ ਸੀ । ਉਹ ਭਾਗ ਸਿੰਘ ਜਿਹੜਾ ਹੁਣ ਮਰ ਚੁੱਕਾ ਸੀ। ਬਲਵੰਤ ਸਿੰਘ ਤੇ ਸਾਹਰੀ ਦੇ ਹਰਨਾਮ ਸਿੰਘ ਨਾਲ ਉਕਤ ਚੀਜਾਂ ਖਰੀਦਣ ਗਿਆ ਸੀ । ਹਰਨਾਮ ਸਿੰਘ ਬਰਿਟਸ਼ ਕੋਲੰਬੀਆ ਵਿੱਚ ਇੱਕ ਹੋਰ ਮੁੱਖ ਸਖਸੀਅਤ ਸੀ । ਉਹ ਅਮਰੀਕਾ ਵੱਲ ਸਰਹੱਦ ਦੇ ਦੂਜੇ ਪਾਸੇ ਬ੍ਰੂਆਸ ਦੇ ਅਸਥਾਨ ਤੇ ਤਾਰਕਨਾਥ ਦਾਸ ਨੂੰ ਮਿਲੇ । ਅਤੇ ਉਹਨਾਂ ਨੇ ਹਾਰਡ ਵੇਅਰ ਦੇ ਦੋ ਸਟੋਰਾਂ ਤੋਂ 32 ਬੋਰ ਦੇ ਆਟੋਮੈਟਿਕ ਹਥਿਆਰ ਤੇ ਗੋਲੀਆਂ ਦੇ ਕਈ ਬਕਸੇ ਖਰੀਦੇ । ਕੁੱਝ ਕੁ ਪਸਤੌਲ ਹੀ ਜੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਕੌਲ ਪਹੁੰਚਾ ਦਿੱਤੇ ਜਾਂਦੇ ਤੇ ਉਹ ਪੁਲੀਸ ਨੂੰ ਹਮਲੇ ਲਈ ਉਕਸਾ ਦਿੰਦੇ ਤਾਂ ਪ੍ਰਾਪੇਗੰਡੇ ਦਾ ਚੌਖਾ ਕੰਮ ਕਰ ਸਕਦੇ ਸਨ । ਪਰ ਮੇਵਾ ਸਿੰਘ ਜਿਸਨੂੰ ਸੱਭ ਤੋਂ ਪਹਿਲਾਂ ਵਾਪਸ ਭੇਜਿਆ ਗਿਆ ਸੀ ਕੈਨੇਡੀਅਨ ਅਧਿਕਾਰੀਆਂ ਦੇ ਹੱਥਾਂ ਵਿਚ ਆ ਗਿਆ ਸੀ। ਅਮਰੀਕਾ ਦੇ ਅਧਿਕਾਰੀਆਂ ਨੇ ਜਿੰਨਾ ਨੂੰ ਸੁਚੇਤ ਕਰ ਦਿੱਤਾ ਗਿਆ ਸੀ ਦੂਜਿਆਂ ਨੂੰ ਰੋਕ ਲਿਆ ਭਾਵੇਂ ਉਹਨਾਂ ਨੇ ਭਾਗ ਸਿੰਘ ਤੇ ਬਲਵੰ ਤ ਸਿੰਘ ਤੇ ਕੋਈ ਦੋਸ਼ ਨਹੀਂ ਸੀ ਲਾਇਆ ਤੇ ਉਹਨਾਂ ਨੂੰ ਦੋ ਹਫਤਿਆਂ ਬਾਅਦ ਰਿਹਾ ਕਰ ਦਿੱਤਾ ਗਿਆ ਸੀ । ਹਰਨਾਮ ਸਿੰਘ ਘੱਟ ਭਾਗਸ਼ਾਲੀ ਰਿਹਾ ਅਤੇ ਉਸਨੂੰ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ। ਕਿਉਂਕਿ ਕੈਨੇਡਾ ਦੇ ਅਧਿਕਾਰੀਆਂ ਨੇ ਸਿੱਧ ਕਰ ਦਿੱਤਾ ਸੀ ਕਿ ਉਹ ਕੈਨੇਡਾ ਦਾ ਕਾਨੂੰਨੀ ਬਸ਼ਿੰਦਾ ਨਹੀਂ ਸੀ। ਉਸਨੂੰ ਪਹਿਲਾਂ ਵੀ ਇਕ ਵਾਰ ਕੈਨੇਡਾ ਚੋਂ ਕੱਢ ਦਿੱਤਾ ਗਿਆ ਸੀ ।

ਮੇਵਾ ਸਿੰਘ ਨੂੰ ਕਿਹਾ ਗਿਆ ਜੇ ਤੂੰ ਦੱਸ ਦੇਵੇ ਕਿ ਤੁਹਾਡੇ ਮਿੱਤਰ ਕੀ ਘਾੜਤਾਂ ਘੜ ਰਹੇ ਹਨ

ਤਾਂ ਤੇਰੇ ਨਾਲ ਰਿਆਇਤ ਕੀਤੀ ਜਾਵੇਗੀ।'' ਲੁਕਵਾਂ ਹਥਿਆਰ ਰੱਖਣ ਦਾ ਉਸਤੇ ਦੋਸ਼ ਲਾਇਆ ਜਾ ਸਕਦਾ ਸੀ ਤੇ ਉਸਨੂੰ 500 ਡਾਲਰ ਜੁਰਮਾਨਾ ਕੀਤਾ ਜਾ ਸਕਦਾ ਸੀ। ਜਾਂ ਉਸ ਨੂੰ ਕਸਟਮ ਵਾਲਿਆਂ ਨੂੰ ਧੋਖਾ ਦੇਣ ਤੇ ਦਸ ਸਾਲ ਲਈ ਜੇਲ੍ਹ ਵਿੱਚ ਡੱਕਿਆ ਜਾ ਸਕਦਾ ਸੀ। ਫੈਸਲਾ ਮੇਵਾ ਸਿੰਘ ਤੇ ਛੱਡ ਦਿੱਤਾ ਗਿਆ ਸੀ। ਉਸਤੇ ਮੁੱਕਦਮੇ ਦੀ ਕਾਰਵਾਈ ਨੂੰ ਪਿੱਛੇ ਪਾ ਦਿੱਤਾ ਗਿਆ ਸੀ ਤਾਂ ਜੋ ਉਹ ਉੱਕਤ ਗੱਲਾਂ ਤੇ ਵਿਚਾਰ ਕਰ ਸਕੇ। ਅੰਤ ਜਦੋਂ ਉਸਨੇ ਆਪਣੇ ਦੋਸਤਾਂ ਵਿਰੁੱਧ ਬਿਆਨ ਦੇ ਦਿੱਤਾ ਤਾਂ ਉਸਤੇ ਘੱਟ ਦੋਸ਼ ਲਾ ਕੇ ਉਸਨੂੰ ਛੱਡ ਦਿੱਤਾ ਗਿਆ।

ਉਸਦੀ ਕਹਾਣੀ ਨੇ ਅਧਿਕਾਰੀਆਂ ਦੀ ਤਸੱਲੀ ਨਹੀਂ ਸੀ ਕਰਵਾਈ। ਪਰ ਮੇਵਾ ਸਿੰਘ ਨੇ ਉਹਨਾਂ ਨੂੰ ਦੱਸਿਆ ਕਿ ਉਸਨੂੰ ਜਾਨ ਦਾ ਖਤਰਾ ਹੈ। ਹਾਪਕਿਨਸਨ ਉਸ ਦਾ ਸਾਥ ਦਿੰਦਾ ਰਿਹਾ। ਤਾਂ ਜੋ ਉਸ ਤੋਂ ਹੋਰ ਭੇਤ ਲੈ ਸਕੇ। ਅਗਸਤ ਤੇ ਸਤੰਬਰ ਦੇ ਮਹੀਨਿਆਂ ਵਿੱਚ ਹਾਪਕਿਨਸਨ ਨੇ ਉਸ ਨਾਲ ਮੇਲ ਰੱਖਿਆ। ਉਸ ਨਾਲ ਮਿੱਤਰਤਾ ਗੰਢੀ ਅਤੇ ਇੰਮੀਗਰੇਸ਼ਨ ਇੰਨਸਪੈਕਟਰ ਨੂੰ ਇਸ ਤੋਂ ਵੱਧ ਕੋਈ ਹੋਰ ਅਸਚਰਜਤਾ ਨਹੀਂ ਸੀ ਹੋ ਸਕਦੀ ਜਦੋਂ ਮੇਵਾ ਸਿੰਘ ਉਸਤੇ ਪਿਸਤੌਲ ਲੈ ਕੇ ਟੁੱਟ ਪਿਆ।

ਬਲੇਕ ਰੌਬਰਟਸਨ ਉਸਨੂੰ ਥੌੜ ਦਿਲਾ ਸਮਝਦਾ ਸੀ ਜਿਸ ਕਰਕੇ ਉਸਦੇ ਹਮਵਤਨਾ ਨੂੰ ਧੋਖਾ ਹੋਇਆ ਸੀ। ਜਦੋਂ ਉਹਨਾਂ ਨੇ ਉਸਤੇ ਦਬਾਅ ਪਾਇਆ ਤਾਂ ਉਸਨੇ ਇਸਦੀ ਤਲਾਫੀ ਕਰਨ ਲਈ ਹਾਪਕਿਨਸਨ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਪਰ ਸਿੱਖਾਂ ਨੇ ਆਪਣੇ ਲੋਕਾਂ ਨੂੰ ਦੱਸਿਆ ਸੀ ਕਿ ਮੇਵਾ ਸਿੰਘ ਨੇ ਹਾਪਕਿਨਸਨ ਨਾਲ ਇਸ ਲਈ ਮਿੱਤਰਤਾ ਪਾਈ ਸੀ ਅਤੇ ਉਸਦਾ ਸੁਹੀਆ ਬਣਿਆ ਸੀ ਤਾਂ ਜੋ ਉਹ ਹਾਪਕਿਨਸਨ ਤੋਂ ਬਦਲਾ ਚੁਕਾ ਸਕੇ। ਉਹਨਾਂ ਆਖਿਆ ਕਿ ਉਹ ਸੱਚਾ ਸੂਰਬੀਰ ਤੇ ਸ਼ਹੀਦ ਸੀ।

ਗੋਲੀ ਚੱਲਣ ਤੋਂ ਦਸ ਦਿਨ ਬਾਅਦ ਮੇਵਾ ਸਿੰਘ ਤੇ ਕਤਲ ਦਾ ਮੁੱਕਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸ ਜ਼ਾ ਸੁਣਾਈ ਗਈ। ਬੇਲਾ ਸਿੰਘ ਦੇ ਮੁੱਕਦਮੇ ਨੂੰ ਪਿੱਛੇ ਪਾ ਦਿੱਤਾ ਗਿਆ ਤਾਂ ਜੋ ਸਰਕਾਰ ਮੇਵਾ ਸਿੰਘ ਵਿਰੁੱਧ ਤੁਰੰਤ ਅਤੇ ਯਕੀਨੀ ਫੈਸਲਾ ਕਰ ਸਕੇ। ਮੁੱਕਦਮੇ ਦੀ ਕੋਈ ਡੀਫੈਂਸ ਨਹੀਂ ਸੀ। ਕਚਹਿਰੀ ਦਾ ਕਮਰਾ ਖਚਾ ਖੱਚ ਭਰਿਆ ਹੋਇਆ ਸੀ। ਸਾਰੇ ਗੋਰੇ ਸਨ ਚਾਰ ਤੋਂ ਬਿਨਾ ਬਾਕੀ ਸਾਰੇ ਸਿੱਖਾਂ ਨੂੰ ਅਦਾਲਤ ਦੇ ਕਮਰੇ ਦੇ ਬੂਹੇ ਤੇ ਰੋਕ ਦਿੱਤਾ ਗਿਆ ਸੀ। ਉਹਨਾਂ ਨੇ ਗਵਾਹੀ ਸੁਣੀ, ਫੈਸਲਾ ਸੁਣਿਆ ਅਤੇ ਸਜ਼ਾ ਸੁਣੀ ਇਹ ਸੱਭ ਕੁੱਝ 1 ਘੰਟੇ 40 ਮਿੰਟਾ ਦੇ ਅੰਦਰ ਅੰਦਰ ਹੀ ਸਮਾਪਤ ਹੋ ਗਿਆ ਸੀ। ਮੇਵਾ ਸਿੰਘ ਮੁੜ ਮੁੜ ਅੱਖਾਂ ਪੂੰਝਦਾ ਸੀ। ਉਹ ਜੁਰਮ ਦਾ ਇਕਬਾਲ ਕਰਨਾ ਚਾਹੁੰਦਾ ਸੀ। ਉਸਦੇ ਵਕੀਲ ਨੇ ਗਵਾਹਾ ਤੇ ਪ੍ਰਸ਼ਨ ਕਰਨੇ ਜਾਂ ਉਹਨਾਂ ਤੇ ਜਿਰਹਾ ਕਰਨੀ ਤਿਆਗ ਦਿੱਤੀ। ਅਤੇ ਸਰਕਾਰੀ ਵਕੀਲ ਨੇ ਆਪਦਾ ਆਪਣਾ ਕੇਸ ਸੰਖੇਪ ਕਰ ਦਿੱਤਾ। ''ਮੈਨੂੰ ਪਤਾ ਹੈ ਮੈਂ ਹਾਪਕਿਨਸਨ ਨੂੰ ਗੋਲੀ ਮਾਰੀ ਹੈ ਅਤੇ ਮੈਂ ਮਰ ਜਾਣਾ ਹੈ।'' ਮੇਵਾ ਸਿੰਘ ਨੇ ਆਪਦੇ 11 ਪੰਨਿਆ ਦੇ ਉਘੜ ਦੁਘੜੇ ਬਿਆਨ ਵਿੱਚ ਜਿਸਨੂੰ ਉਸਦੇ ਵਕੀਲ ਨੇ ਉਸ ਵਲੋਂ ਪੜ੍ਹਕੇ ਸੁਣਾਇਆ ਸੀ। ਆਖਿਆ ਉਸਨੇ ਹਾਪਕਿਨਸਨ ਤੇ ਰੀਡ ਨੂੰ ਇਸ ਗੱਲੋਂ ਦੋਸ਼ੀ ਕਰਾਰ ਦਿੱਤਾ ਕਿ ਉਹਨਾਂ ਨੇ ਬੇਲਾ ਸਿੰਘ ਹੱਥੋਂ ਗੁਰਦੁਆਰੇ ਦੀ ਪਵਿੱਤਰਤਾ ਭੰਗ ਕਰਵਾਈ ਸੀ।'' ਕੀ ਤੁਸੀਂ ਬਤੌਰ ਈਸਾਆਈਆਂ ਦੇ ਇਸ ਗੱਲ ਨੂੰ ਸੋਚ ਸਕਦੇ ਹੋ ਤੁਸੀ ਗਿਰਜੇ ਵਿੱਚ ਲੋਕਾਂ ਨੂੰ ਗੋਲੀਆਂ ਦੇ ਨਿਸ਼ਾਨੇ ਬਣਦੇ ਤੱਕੋ। ਤਾਂ ਉਥੇ ਹੀ ਚੰਗਾ ਰਹਿ ਜਾਵੇਗਾ।''ਮੈਂ ਪ੍ਰਭੂ ਤੋਂ ਭੈ ਖਾਣ ਵਾਲਾ ਆਦਮੀ ਹਾਂ ਮੈਂ ਸਵੇਰ ਵੇਲੇ ਇੱਕ ਘੰਟਾ ਪਾਠ ਕਰਦਾ ਹਾਂ, ਤੇ ਸ਼ਾਮ ਨੂੰ ਡੇਢ ਘੰਟਾ। ਮੈਂ ਉਸ ਸਮੇਂ ਜਦੋਂ ਕੋਈ ਅਵੱਗਿਆ ਹੋ ਰਹੀ ਹੋਵੇ ਬੇਮੁੱਖ ਨਹੀਂ ਹੋ ਸਕਦਾ। ਹਾਪਕਿਨਸਨ ਨੇ ਮੇਰੇ ਤੇ ਦਬਾਅ ਪਾਇਆ ਸੀ ਕਿ ਮੈਂ ਬੇਲਾ ਸਿੰਘ ਦੇ ਹੱਕ ਵਿੱਚ ਬਿਆਨ ਦੇਵਾ ਮੈਂ ਹਾਪਕਿਨਸਨ ਨੂੰ ਇਸ ਲਈ ਮਾਰਿਆ ਤਾਂ ਜੋ ਆਪਦੇ ਧਰਮ ਦੇ ਨਿਯਮ ਅਤੇ ਇਜਤ ਬਰਕਰਾਰ ਰੱਖ ਸਕਾਂ।

ਉਸਦੀ ਇੱਛਾ ਸੀ ਕਿ ਭਾਗ ਸਿੰਘ ਦੀ ਨਿੱਕੀ ਜਿਹੀ ਬੱਚੀ ਨੂੰ ਅਦਾਲਤ ਵਿੱਚ ਲਿਆਂਦਾ ਜਾਵੇ। ਤਾਂ ਜੋ ਉਹ ਸੱਭ ਕੁਝ ਸੁਣ ਸਕੇ। ਭਾਗ ਸਿੰਘ ਦੀ ਪਤਨੀ ਹਰਨਾਮ ਕੌਰ ਪਿਛਲੀ ਬਹਾਰ ਦੀ ਰੁੱਤੇ ਚੱਲ ਵਸੀ ਸੀ। ਉਹ ਆਪਣੇ ਜੀਵਨ ਦੇ ਅਜੇ ਵੀਹਵਿਆਂ ਵਿਚ ਹੀ ਸੀ। ਉਨ੍ਹਾਂ ਦੀ ਤਿੰਨ ਵਰ੍ਹਿਆਂ ਦੀ

ਯਤੀਮ ਬੱਚੀ ਉਸ ਸਮੇਂ ਹਾਂਗਕਾਂਗ ਵਿੱਚ ਜਨਮੀ ਸੀ ਜਦੋਂ ਉਹ ਕੈਨੇਡਾ ਨੂੰ ਆ ਰਹੇ ਸਨ। ਉਸਨੂੰ ਆਪਣੀ ਮਾਤਾ ਸਮੇਤ ਹੀ ਡਿਪੋਰਟ ਕਰ ਦਿੱਤਾ ਗਿਆ ਸੀ। ਜਦੋਂ ਉਹ 1912 ਦੀ ਜਨਵਰੀ ਵਿੱਚ ਵੈਨਕੂਵਰ ਅਪੜੇ ਸਨ। ਜਦੋਂ ਅਦਾਲਤ ਦੇ ਬਾਹਰ ਜੁੜੀ ਹੋਈ ਭੀੜ ਵਿੱਚੋਂ ਉਹ ਬੱਚੀ ਨਾਹ ਲੱਭੀ ਤਾਂ ਮੇਵਾ ਸਿੰਘ ਅਚਾਨਕ ਸ਼ਬਦ ਗਾਉਣ ਲੱਗ ਪਿਆ ਜਿਸ ਨਾਲ ਹਾਲ ਵਿਚਲੇ ਤਕਰੀਬਨ ਸਾਰੇ ਝੁੰਚਲਾ ਗਏ। ਇੱਕ ਅੰਗਰੇਜ਼ ਇਸਤਰੀ ਜਿਹੜੀ ਅਦਾਲਤ ਦੀ ਦੁਭਾਸ਼ੀਆਂ ਸੀ, ਨੇ ਦੱਸਿਆ ਕਿ ਇਹ ਸ਼ਬਦ ਸਿੱਖਾਂ ਦੇ ਗਰੰਥਾਂ ਵਿਚੋਂ ਹਨ ਅਤੇ ਦੱਸਦੇ ਹਨ ਕਿ "ਇਕ ਚੰਗੇ ਮਨੁੱਖ ਦਾ ਫਰਜ਼ ਹੈ ਉਹ ਸ਼ੁੱਭ ਕਰਮ ਦੇ ਲਈ ਆਪਾ ਨਿਛਾਵਰ ਕਰ ਦੇਵੇ ਅਤੇ ਮੇਵਾ ਸਿੰਘ ਹਰ ਇੱਕ ਨੂੰ ਦੱਸਣਾ ਚਾਹੁੰਦਾ ਹੈ ਕਿ ਵੈਨਕੂਵਰ ਵਿੱਚ ਹਿੰਦੂਆਂ ਦੀ ਉਹੋ ਜਿਹੀ ਦੁਰ ਦਿਸ਼ਾ ਹੈ ਜਿਹੋ ਜਿਹੀ ਮੁਸਲਮਾਨਾਂ ਦੇ ਸ਼ਾਸਨ ਸਮੇਂ ਹਿੰਦ ਵਾਸੀਆਂ ਦੀ ਸੀ।

ਜਦੋਂ ਸਜ਼ਾ ਸੁਣਾਈ ਗਈ ਤਾਂ ਮੇਵਾ ਸਿੰਘ ਦੇ ਚਿਹਰੇ ਤੇ ਚਿੰਤਾਂ ਦਾ ਨਿਸ਼ਾਨ ਨਹੀਂ ਸੀ ਅਤੇ ਉਹ ਸਾਬਤ ਕਦਮੀਂ ਠਰੰਮੇ ਨਾਲ ਅਤੇ ਝੁਕੇ ਸਿਰ ਨਾਲ ਵਾਪਸ ਆਪਣੇ ਸੈੱਲ ਵੱਲ ਤੁਰ ਪਿਆ। ਇਸ ਹਫਤੇ ਦੇ ਅੰਦਰ ਅੰਦਰ ਬੇਲਾ ਸਿੰਘ ਤੇ ਮੁਕੱਦਮਾ ਚਲਾਇਆ ਗਿਆ। ਭਾਗ ਸਿੰਘ ਦੇ ਮਰਨ ਸਮੇਂ ਦੇ ਬਿਆਨ ਨੂੰ ਪੜ੍ਹਕੇ ਸੁਣਾਇਆ ਗਿਆ। ਅਤੇ ਨਾਲ ਹੀ ਹਾਪਕਿਨਸਨ ਦੇ ਕਥਨ ਨੂੰ ਵੀ ਜਿਹੜਾ ਉਸ ਨੇ ਤਿਆਰ ਕੀਤਾ ਹੋਇਆ ਸੀ। ਸੋਹਨ ਲਾਲ ਨੇ ਜਿਸਦੇ ਗੋਡੇ ਵਿੱਚ ਗੋਲੀ ਦਾ ਜ਼ਖਮ ਸੀ ਅਤੇ ਗੁਰਦੁਆਰੇ ਤੋਂ ਸਿੱਖਾਂ ਨੇ ਇੱਕੋ ਕਹਾਣੀ ਦੁਹਰਾਈ, ਜਦੋਂ ਕਿ ਬੇਲਾ ਸਿੰਘ ਦੇ ਦੋਸਤਾਂ ਨੇ ਇੱਕ ਵੱਖਰੀ ਕਹਾਣੀ ਬਿਆਨ ਕੀਤੀ। ਜੱਜ ਨੇ ਜਿਊਰੀ ਨੂੰ ਫੈਸਲੇ ਦਾ ਜ਼ਿੰਮਾ ਦਿੰਦਿਆਂ ਹੋਇਆ ਆਪ ਸ਼ੱਕ ਦੀ ਗੁੰਜਾਇਸ਼ ਨਹੀਂ ਸੀ ਛੱਡੀ ਕਿ ਬੇਲਾ ਸਿੰਘ ਨੂੰ ਰਿਹਾ ਕਰ ਦਿੱਤਾ।

ਹੁਸੈਨ ਰਹੀਮ,ਬਲਵੰਤ ਸਿੰਘ, ਸੋਹਨ ਲਾਲ, ਮਿੱਤ ਸਿੰਘ ਤੇ ਕਰਤਾਰ ਸਿੰਘ ਜਿਹੜੇ ਸਾਰੇ ਹੀ ਸਥਾਨਕ ਕਮੇਟੀ ਦੇ ਮੈਂਬਰ ਸਨ ਨੂੰ ਇਸ ਦੋਸ਼ ਵਿੱਚ ਗਿਰਫਤਾਰ ਕਰ ਲਿਆ ਗਿਆ ਕਿ ਉਹਨਾਂ ਨੇ ਹਾਪਕਿਨਸਨ ਦੇ ਕਤਲ ਲਈ ਮੇਵਾ ਸਿੰਘ ਨੂੰ ਜ਼ਿੰਮਾ ਦਿੱਤਾ ਸੀ। ਸੋਹਨ ਲਾਲ ਦੇ ਵਿਰੁੱਧ ਸੱਭ ਤੋਂ ਪਹਿਲਾਂ ਮੁੱਕਦਮਾ ਚਲਾਇਆ ਗਿਆ ਪਰ ਪਰਸਪਰ ਵਿਰੋਧੀ ਗਵਾਹੀਆਂ ਹੋਣ ਕਾਰਣ ਉਸ ਨੂੰ ਅਤੇ ਅਧਿਕਾਰੀਆਂ ਨੇ ਦੂਜਿਆਂ ਵਿਰੁੱਧ ਵੀ ਮੁੱਕਦਮਾ ਚਲਾਉਣ ਦਾ ਇਰਾਦਾ ਤਿਆਗ ਦਿੱਤਾ।

ਦਸੰਬਰ 1914 ਦਾ ਅੰਤਮ ਭਾਗ ਸੀ। ਬਲਵੰਤ ਸਿੰਘ ਕਰਤਾਰ ਸਿੰਘ ਨਾਲ ਵੈਨਕੂਵਰ ਤੋਂ ਸਨਫਰਾਂਸਿਸਕੋ ਪੁੱਜ ਗਿਆ। ਜਿੱਥੇ ਉਹ ਕੁੱਝ ਦਿਨ ਗਦਰ ਦੇ ਮੁੱਖ ਦਫਤਰ ਵਿਚ ਠਹਿਰੇ। ਉਥੇ ਜਾ ਕੇ ਉਹਨਾਂ ਨੇ ਸੰਘਾਈ ਵਿੱਚ ਕੁਝ ਮਹੀਨੇ ਬਿਤਾਏ। ਜਾਪਦਾ ਸੀ ਉਥੇ ਉਹ ਗਦਰ ਦਾ ਸੰਦੇਸ਼ ਫੈਲਾ ਰਹੇ ਸਨ। ਜੁਲਾਈ 1915 ਵਿੱਚ ਬਲਵੰਤ ਸਿੰਘ ਬੈਂਕਾਂਕ ਵਿੱਚ ਜਾ ਪ੍ਰਗਟ ਹੋਇਆ ਅਤੇ ਜਦੋਂ ਬਰਤਾਨਵੀ ਏਜੰਟਾਂ ਨੇ ਉਸ ਵਿਰੁੱਧ ਸਿਆਮ ਦੀ ਸਰਕਾਰ ਨੂੰ ਸੂਚਨਾ ਪਹੁੰਚਾਈ ਤਾਂ ਉਕਤ ਸਰਕਾਰ ਨੇ ਉਸਨੂੰ ਡਿਪੋਰਟ ਕਰਕੇ ਸਿੰਘਾਪੁਰ ਭੇਜ ਦਿੱਤਾ। ਸਿੰਘਾਪੁਰ ਤੋਂ ਉਸਨੂੰ ਸਮੁੰਦਰੀ ਜਹਾਜ਼ ਵਿਚ ਪੰਜਾਬ ਲਿਜਾਇਆ ਗਿਆ ਤਾਂ ਜੋ ਲਾਹੌਰ ਵਿੱਚ ਉਸਤੇ ਮੁੱਕਦਮਾ ਚਲਾਇਆ ਜਾ ਸਕੇ। ਕੈਨੇਡਾ ਤੋਂ ਆਏ ਹੋਏ ਗਵਾਹਾਂ ਨੇ ਅਦਾਲਤ ਨੂੰ ਦੱਸਿਆ ਕਿ ਉਹ ਹਾਪਕਿਨਸਨ ਦੇ ਮੁੱਕਦਮੇ ਵਿੱਚ ਸ਼ੱਕੀ ਕਰਾਰ ਦਿੱਤਾ ਗਿਆ ਸੀ। ਅਤੇ ਇਸੇ ਤੱਥ ਨੇ ਉਸਨੂੰ ਫਾਂਸੀ ਤੇ ਲਟਕਾਉਣ ਵਿੱਚ ਮਦਦ ਕੀਤੀ ਸੀ। ਕਰਤਾਰ ਸਿੰਘ ਜੋ ਬਲਵੰਤ ਸਿੰਘ ਤੋਂ ਪਹਿਲਾਂ ਹਿੰਦੁਸਤਾਨ ਪਹੁੰਚ ਗਿਆ ਸੀ। ਉਸ ਨੂੰ ਹਿੰਦੁਸਤਾਨ ਅਪੜਣ ਤੋਂ ਕੁੱਝ ਹੀ ਦਿਨਾਂ ਵਿਚ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਨੂੰ ਵੀ ਮੌਤ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ। ਪਰ ਬਾਅਦ ਵਿਚ ਘਟਾ ਕੇ ਉਮਰ ਕੈਦ ਕਰ ਦਿੱਤਾ ਗਿਆ।

ਸੂਹੀਆ ਬੇਲਾ ਸਿੰਘ ਵੈਨਕੂਵਰ ਦੀਆਂ ਗਲੀਆਂ ਵਿੱਚ ਖੁੱਲਮ ਖੁੱਲਾ ਫਿਰ ਰਿਹਾ ਸੀ। ਭਾਵੇਂ ਉਸਦਾ ਇਉਂ ਫਿਰਨਾ ਖਤਰਿਆ ਭਰਿਆ ਸੀ। ਮਾਰਚ 18,1915 ਨੂੰ ਉਸਦੇ ਕੋਟ ਵਿੱਚ ਦੀ ਗੋਲੀ ਲੰਘ ਗਈ ਉਹ ਬਚ ਗਿਆ ਸੀ। ਜਦੋਂ ਕਿ ਉਸਦੇ ਦੋ ਸਾਥੀਆਂ ਉੱਪਰ ਗੋਲੀ ਚਲਾਈ ਗਈ ਸੀ ਅਤੇ ਉਹਨਾਂ

ਚੋਂ ਇੱਕ ਮਾਰਿਆ ਗਿਆ ਸੀ । ਉਹਨਾਂ ਦਾ ਸਾਹਮਣਾ ਗਦਰ ਦੇ ਸਮਰਥਕ ਜਗਤ ਸਿੰਘ ਨਾਲ ਗਰੈੱਨਵਿਲ ਸਟਰੀਟ ਤੇ ਇੱਕ ਸਿੱਖ ਸਟੋਰ ਵਿਚ ਹੋ ਗਿਆ ਸੀ । ਅਪਰੈਲ ਵਿਚ ਬਰਡ ਐਵਿਨਿਊ ਤੇ ਸਥਿਤ ਬੋਰਡਿੰਗ ਹਾਊਸ ਦੇ ਮੁਹਰਲੇ ਪਾਸੇ ਨੂੰ ਇੱਕ ਫਿਸਫੈਟ ਦੁਆਰਾ ਉੱਡਾ ਦਿੱਤਾ ਗਿਆ ਸੀ । ਉਸ ਵਿੱਚ ਬੇਲਾ ਸਿੰਘ ਨੂੰ ਹਮਲਾ ਕਰਨ ਦੇ ਦੋਸ਼ ਵਿੱਚ ਗਿਰਫਤਾਰ ਕਰ ਲਿਆ ਗਿਆ । ਜਦੋਂ ਕਿ ਉਹ ਆਪਣੇ ਵਿਰੋਧੀਆਂ ਚੋਂ ਇੱਕ ਨੂੰ ਮਾਰ ਕੁਟਾਈ ਕਰ ਰਿਹਾ ਸੀ। ਉਸਨੂੰ ਬਾਰਾਂ ਮਹੀਨੇ ਦੀ ਸਜ਼ਾ ਦਿੱਤੀ ਗਈ ਅਤੇ ਉਸਨੇ ਆਪਣੀ ਸਜ਼ਾ ਬਰਨਬੀ ਫਾਰਮ ਦੀ ਜੇਲ ਵਿੱਚ ਬਾਬੂ ਸਿੰਘ ਨਾਲ ਕੱਟੀ । ਜਿਸਨੂੰ ਜਾਹਲਸ਼ਾਜੀ ਦੇ ਦੋਸ਼ ਵਿਚ ਸਜ਼ਾ ਹੋਈ ਸੀ। ਇਸਦੇ ਬਾਵਜੂਦ ਵੀ ਉਹ ਗੈਂਡ ਨੂੰ ਸੁਚਨਾ ਅਪੜਾਦਾ ਰਿਹਾ। ਇਸ ਉਮੀਦ ਤੇ ਕਿ ਉਹ ਛੇਤੀ ਬਾਹਰ ਆ ਸਕੇਗਾ। ਪਰ ਗੈਂਡ ਦਾ ਹੁਣ ਬਹੁਤਾ ਰਸੂਖ ਨਹੀਂ ਰਿਹਾ ਸੀ। ਇਕ ਵਿਸ਼ੇਸ਼ ਕਮਿਸ਼ਨਰ ਜੋ ਹਿੰਦੁਸਤਾਨੀਆਂ ਦੇ ਹਾਲਤ ਸਬੰਧੀ ਤਫਤੀਸ਼ ਕਰ ਰਿਹਾ ਸੀ ਨੇ ਆਖਿਆ ਕਿ ਬੇਲਾ ਸਿੰਘ ਲਈ ਜੇਲ੍ਹ ਹੀ ਸੱਭ ਤੋਂ ਵਧੀਆ ਥਾਂ ਹੈ। ਉਸਨੂੰ ਫਾਂਸੀ ਦਿੱਤੀ ਜਾਣੀ ਚਾਹੀਦੀ ਸੀ। ਅਤੇ ਉਹ ਜੇਲ੍ਹ ਵਿੱਚ ਨਾਂਹ ਹੁੰਦਾ। ਤਾਂ ਉਸਨੂੰ ਕੈਨੇਡਾ ਚੋਂ ਡਿਪੋਰਟ ਕਰ ਦੇਣਾ ਚਾਹੀਦਾ ਸੀ ਕਿਉਂਕਿ ਉਹ ਕਮਊਨਿਟੀ ਦੀ ਸ਼ਾਂਤੀ ਲਈ ਇਕ ਖਤਰਾ ਬਣਿਆ ਹੋਇਆ ਹੈ ।

ਜਦੋਂ ਉਹ 1916 ਵਿਚ ਰਿਹਾ ਹੋਇਆ ਤਾਂ ਉਹ ਹਿੰਦੁਸਤਾਨ ਨੂੰ ਪਰਤ ਗਿਆ ਸੀ । ਅਗਸਤ 1916 ਵਿੱਚ ਉਸਦੇ ਜਿਲ੍ਹੇ ਹੁਸ਼ਿਆਰਪੁਰ ਵਿੱਚ ਇਨਸਪੈਕਟਰ -ਇਕਰਮ ਉੱਲ-ਹੱਕ ਨੇ ਉਸਤੋਂ ਪੂਤਾਲ ਕੀਤੀ । ਰਘੁਨਾਥ ਸਿੰਘ ਨੇ ਬੇਲਾ ਸਿੰਘ ਦਾ ਨਾਓਂ ਇਨਸਪੈਕਟਰ ਹੱਕ ਨੂੰ ਦੇ ਦਿੱਤਾ ਸੀ। ਬੇਲਾ ਸਿੰਘ ਨੇ ਵਫਾਦਾਰ ਪਾਰਟੀ ਦੇ ਹੋਰ ਕਈ ਬੰਦਿਆਂ ਦੇ ਨਾਉਂ ਇਨਸਪੈਕਟਰ ਹੱਕ ਨੂੰ ਦਿੱਤੇ । ਬੇਲਾ ਸਿੰਘ ਦੀ ਤੇ ਇਹਨਾਂ ਹੋਰਨਾਂ ਬੰਦਿਆਂ ਦੀਆਂ ਗਵਾਹੀਆਂ ਦੇ ਕਾਰਨ ਹੀ ਬਲਵੰਤ ਸਿੰਘ ਨੂੰ ਫਾਂਸੀ ਦੇ ਤਖਤੇ ਤੇ ਚੜ੍ਹਾ ਦਿੱਤਾ ਗਿਆ ।

ਸੰਨ 1922-23 ਵਿੱਚ ਜਦੋਂ ਕਿ ਦਹਿਸ਼ਤ ਪਸੰਦ ਜਿੰਨ੍ਹਾਂ ਚੋਂ ਵਧੇਰੀ ਗਿਣਤੀ ਵਿੱਚ ਗਦਰੀ ਸਨ, ਜਲੰਧਰ ਅਤੇ ਹੁਸ਼ਿਆਰਪੁਰ ਦੇ ਜਿਲ੍ਹਿਆਂ ਵਿੱਚ ਨਿਰੰਤਰ ਛਾਪੇ ਮਾਰ ਰਹੇ ਸਨ ਤਾਂ ਪੁਲਿਸ ਨੂੰ ਇੱਕ ਵਾਰ ਫੇਰ ਸਹਾਇਤਾ ਲਈ ਬੇਲਾ ਸਿੰਘ ਵੱਲ ਰੁੱਖ ਕੀਤਾ। ਦਸ ਸਾਲਾਂ ਪਿੱਛੋ ਚੁਨ ਦੀ ਇੱਕ ਸ਼ਾਮ ਨੂੰ ਜਦੋਂ ਬੇਲਾ ਸਿੰਘ ਹੁਸ਼ਿਆਰਪੁਰ ਤੋਂ ਆਉਣ ਵਾਲੀ ਸੜਕ ਤੇ ਜਾ ਰਿਹਾ ਸੀ ਤਾਂ ਉਸਦੇ ਪਿੰਡ ਜੈਨਾ ਦੇ ਬਾਹਰਵਾਰ ਉਸਨੂੰ ਕੁੱਝ ਇਨਕਲਾਬੀਆਂ ਨੇ ਘੇਰ ਲਿਆ ਤੇ ਉਸਦੇ ਟੁਕੜੇ ਟੁਕੜੇ ਕਰਕੇ ਰੱਖ ਦਿੱਤੇ ।

ਹੁਸੈਨ ਰਹੀਮ ਜਿਸਨੇ ਜਲਾਵਤਨੀ ਨੂੰ ਬਿਹਤਰ ਸਮਝ ਲਿਆ ਸੀ । ਯੁੱਧ ਦੀ ਸਮਾਪਤੀ ਤੀਕਰ ਵੈਨਕੂਵਰ ਵਿੱਚ ਹੀ ਰਿਹਾ ਭਾਵੇ ਕਿ ਉਸਨੂੰ ਆਪਦੇ ਕਾਮਾਗਾਟਾ ਮਾਰੂ ਸਬੰਧੀ ਕਲੇਮ ਦਾ ਜਿਸ ਬਾਬਤ ਮਾਰਟਨ ਬੱਰੈਂਲ ਨੇ ਹਮਦਰਦੀ ਵਾਅਦਾ ਕੀਤਾ ਸੀ। ਕੁੱਝ ਵੀ ਪ੍ਰਾਪਤ ਨ ਹੋਇਆ। ਬ੍ਰਿਟਿਸ਼ ਕੋਲੰਬੀਆ ਦੇ ਇੱਕ ਸੇਵਾ ਨਿਯੁਕਤ ਇੰਡੀਅਨ ਸਿਵਲ ਸਰਵਿਸ ਦੇ ਅਫਸਰ ਐਚ. ਸੀ ਕਲਾਮਟਨ ਜਿਹੜਾ ਹੁਣ ਡੰਕਨ ਨਿਵਾਸੀ ਸੀ । ਇਸ ਮਾਮਲੇ ਨੂੰ ਘੋਖ ਕਰਨ ਲਈ ਨਿਯੁਕਤ ਕੀਤਾ ਗਿਆ । ਜਿਵੇਂ ਕਿ ਇਸ ਗੱਲ ਦਾ ਪਤਾ ਹੀ ਸੀ । ਉਸਨੇ ਕੋਈ ਇਵਜਾਨਾ ਦਿੱਤੇ ਜਾਣ ਦੀ ਸਿਫਾਰਸ਼ ਨ ਕੀਤੀ ਸਗੋਂ ਉਲਟਾ ਇਸ ਗੱਲ ਦਾ ਸੁਝਾਅ ਦਿੱਤਾ ਕਿ ਸਰਕਾਰ ਉਸ ਆਦਮੀ ਨੂੰ ਕਾਨੂੰਨੀ ਮਦਦ ਦੇਵੇ ਜਿਹੜਾ ਕਾਮਾਗਾਟਾ ਮਾਰੂ ਠੰਡ ਵਿਚ ਦਿੱਤੇ ਗਏ ਚੰਦੇ ਨੂੰ ਵਾਪਸ ਲੈਣ ਲਈ ਅਦਾਲਤ ਵਿੱਚ ਮੁੱਕਦਮਾ ਦਾਇਰ ਕਰੇ। ਇਸ ਦਾ ਮੁੱਖ ਮਕਸਦ ਸੀ । ਇਨਕਲਾਬੀਆ ਤੇ ਬਾਕੀ ਹਿੰਦੁਸਤਾਨੀ ਕਮਿਊਨਿਟੀ ਦੇ ਵਿਚਕਾਰ ਪਾੜਾ ਪਾਉਣ । ਇਸ ਸਮੇਂ ਮੁੱਠੀ ਭਰ ਲੋਕਾਂ ਨੇ ਰਹੀਮ ਤੇ ਭਾਗ ਸਿੰਘ ਦੀ ਜਾਇਦਾਦ ਵਿਰੁੱਧ ਮੁੱਕਦਮਾ ਦਾਇਰ ਵੀ ਕੀਤਾ। ਉਹ 2000 ਡਾਲਰ ਤੋਂ ਕੁੱਝ ਵਧੇਰੀ ਰਕਮ ਦੀ ਪ੍ਰਾਪਤੀ ਲਈ ਮੁੱਕਦਮੇ ਜਿੱਤ ਵੀ ਗਏ ਸਨ। ਨਿਰਸੰਦੇਹ ਸੱਭ ਨੂੰ ਪਤਾ ਸੀ ਕਿ ਜਿਸ ਧਨ ਨੂੰ ਰਹੀਮ ਕੰਟਰੋਲ ਕਰਦਾ ਸੀ। ਉਹ ਕਦੋਂ ਦਾ ਪ੍ਰਾਪਤ ਸੀ ਮੁੱਕ ਚੁੱਕਾ ਸੀ। ਕੁੱਝ ਰਕਮ ਗੁਰਦਿੱਤ ਸਿੰਘ ਨੂੰ ਦਿੱਤੀ ਗਈ ਸੀ ਅਤੇ ਬਾਕੀ ਬਚਦੀ ਹਿੰਦੁਸਤਾਨ ਵਿਖੇ ਗਦਰ ਦੀਆਂ ਕਾਰਵਾਈਆ ਤੇ ਖਰਚ ਹੋ ਗਈ ਸੀ । ਰਹੀਮ ਨੇ ਆਪਣੀ ਸਪਲਾਈ ਐਂਡ ਟਰੱਸਟ ਕੰਪਨੀ ਬੰਦ ਕਰ

ਦਿੱਤੀ ਸੀ। ਅਤੇ ਉਹ ਇੱਕ ਦੋ ਥੋੜ ਚਿਰੇ ਲੱਕੜੀ ਦੇ ਵਪਾਰ ਜੋ ਉਸਨੇ ਚਲਾਉਣ ਦਾ ਯਤਨ ਕੀਤਾ ਉਹਨਾਂ ਦੇ ਨਾਂ ਤੇ ਕੋਈ ਸਰਮਾਇਆ ਨਹੀ ਸੀ। ਇਸ ਲਈ ਵਾਯੂ ਮੰਡਲ ਨੂੰ ਸਾਫ ਕਰਨ ਲਈ ਸਰਕਾਰ ਨੇ ਉਹਨਾਂ ਲੋਕਾਂ ਦੇ ਕਲੇਮਾਂ ਨੂੰ ਜਿਹੜੇ ਅਦਾਲਤ ਵਿੱਚ ਗਏ ਸਨ। ਆਪ ਹੀ ਅਦਾ ਕਰ ਦਿੱਤਾ ਸੀ। ਸਰਕਾਰ ਨੂੰ ਇਸੇ ਗੱਲ ਦੀ ਤਸੱਲੀ ਸੀ ਕਿ ਇਨਕਲਾਬੀਆਂ ਦੀ ਹਾਨੀ ਹੋਈ ਹੈ।

ਭਾਵੇਂ 1915 ਤੋਂ ਬਾਅਦ ਵੈਨਕੂਵਰ ਵਿੱਚ ਸਤਈ ਤੌਰ ਤੇ ਸ਼ਾਂਤੀ ਜਾਪਦੀ ਸੀ। ਪਰ ਲੜਾਈ ਵਿਚ ਉਲਝੇ ਹੋਣ ਦਾ ਅਹਿਸਾਸ ਅਜੇ ਹਿੰਦੁਸਤਾਨੀਆਂ ਵਿੱਚੋਂ ਗਿਆ ਨਹੀਂ ਸੀ। ਉਹ ਅਜੇ ਵੀ ਮਿੱਤ ਸਿੰਘ, ਮਹੁੰਮਦ ਅਕਬਰ ਤੇ ਗੁਰਦਿਤ ਸਿੰਘ ਬਿਲਗੇ (ਇਕ ਹੋਰ ਗੁਰਦਿੱਤ ਸਿੰਘ) ਦੀ ਲੀਡਰਸ਼ਿਪ ਨੂੰ ਕਬੂਲਦੇ ਸਨ। ਇਹ ਉਹ ਨੇਤਾ ਸਨ ਜਿਹੜੇ ਕਾਮਾਗਾਟਾ ਮਾਰੂ ਦੇ ਮਸਲੇ ਵਿੱਚ ਸਰਗਰਮ ਰਹੇ ਸਨ। ਅਤੇ ਜਿਹੜੇ ਗਦਰ ਦੇ ਅਜੇ ਵੀ ਹਮਦਰਦ ਸਨ। ਮੇਵਾ ਸਿੰਘ ਜਿਸਨੂੰ ਗਦਰ ਪਾਰਟੀ ਦੇ ਸਹਿਤ ਵਿੱਚ ਉਚਿਆਇਆ ਗਿਆ ਸੀ। ਉਸਦੀ ਫਾਂਸੀ ਦੀ ਵਰ੍ਹੇ ਗੰਢ ਅਰਥਾਤ 11 ਜਨਵਰੀ 1915 ਨੂੰ ਉਸਦੀ ਯਾਦ ਤਾਜ਼ਾ ਕੀਤੀ ਗਈ। ਸੰਨ 1917 ਵਿੱਚ ਫਰੇਜ਼ਰ ਮਿੱਲ ਦੇ ਸਥਾਨ ਤੇ ਜਿੱਥੇ ਉਸਦਾ ਸੰਸਕਾਰ ਕੀਤਾ ਗਿਆ ਸੀ। ਗੁਰਦੁਆਰੇ ਵਿੱਚ ਤਿੰਨਾਂ ਦਿਨਾਂ ਲਈ ਮੇਲਾ ਲੱਗਾ। ਅਗਲੇ ਸਾਲ ਜਦੋਂ ਕਿ ਇਸ ਸੂਬੇ ਵਿਚ ਸਿੱਖਾਂ ਦੀ ਗਿਣਤੀ ਮੁਸ਼ਕਲ ਨਾਲ 1000 ਸੀ 500 ਸਿੱਖ ਮੁੜ ਇੱਕਤਰ ਹੋਏ। ਅਤੇ ਆਉਣ ਵਾਲੇ ਸਾਲਾਂ ਵਿੱਚ ਅਰਥਾਤ ਹੁਣ ਤੀਕਰ ਇਸ ਅਵਸਰ ਨੂੰ ਕੈਨੇਡਾ ਤੇ ਅਮਰੀਕਾ ਭਰ ਦੇ ਗੁਰਦੁਆਰਿਆਂ ਵਿੱਚ ਮਨਾਇਆ ਜਾਂਦਾ ਰਿਹਾ ਹੈ।

ਮੁੱਢ ਤੋਂ ਹੀ ਗਦਰ ਪਾਰਟੀ ਨੇ ਜਰਮਨੀ ਤੋਂ ਮਦਦ ਦੀ ਆਸ ਰੱਖੀ ਸੀ। ਜੰਗ ਛਿੜਣ ਪਿੱਛੋਂ ਜਰਮਨ ਦਾ ਪੈਸਾ ਅਤੇ ਹਥਿਆਰ ਤਿਆਰ ਸਨ। ਸਿਰਫ ਮੰਗਣ ਦੀ ਢਿਲ ਸੀ। ਭਾਵੇਂ ਕਿ ਉੱਕਤ ਸ਼ੈਆ ਨੂੰ ਭਾਰਤ ਵਿਚ ਅਪੜਾਣ ਦੀ ਸਮੱਸਿਆ ਕਦੀ ਵੀ ਹੱਲ ਨਹੀਂ ਸੀ ਹੋਈ। ਜਦੋਂ ਸੰਨ 1917 ਵਿੱਚ ਅਮਰੀਕਾ ਵੀ ਯੁੱਧ ਵਿਚ ਸ਼ਾਮਲ ਹੋ ਗਿਆ ਤਾ ਅਮਰੀਕਾ ਦੀ ਸਰਕਾਰ ਨੇ ਬਰਤਾਨੀਆਂ ਦੇ ਦਬਾਅ ਹੇਠਾਂ 105 ਬੰਦਿਆਂ ਤੇ ਜਿੰਨਾ ਵਿਚੋਂ ਹਿੰਦੁਸਤਾਨੀ ਜਰਮਨ ਤੇ ਅਮਰੀਕੀ ਸ਼ਾਮਲ ਸਨ। ਵਿਰੁੱਧ ਅਮਰੀਕਾ ਦੀ ਨਿਰਪੱਖਤਾ ਨੂੰ ਭੰਗ ਕਰਨ ਦਾ ਦੋਸ਼ ਲਾਇਆ। ਸਨਫਰਾਂਸਿਸਕੋ ਵਿਚ 35 ਬੰਦਿਆਂ ਵਿਰੁੱਧ ਸਾਜਸ਼ ਦੇ ਦੋਸ਼ ਵਿੱਚ ਮੁੱਕਦਮਾ ਦਾਇਰ ਕੀਤਾ ਗਿਆ। ਇਸ ਤੇ ਅਮਰੀਕਾ ਸਰਕਾਰ ਦਾ ਅੰਦਾਜ਼ਨ 450,000 ਡਾਲਰ ਦਾ ਖਰਚਾ ਹੋਇਆ। ਭਗਵਾਨ ਸਿੰਘ ਜਾਖ ਨੂੰ 18 ਮਹੀਨਿਆਂ ਦੀ ਕੈਦ ਹੋਈ। ਉਸਨੇ ਇਹ ਕੈਦ ਸੈਨ ਕੁਇੰਟੀਨ ਦੀ ਜੇਲ ਵਿਚ ਕੱਟੀ। ਤਾਰਕਨਾਥ ਦਾਸ ਨੂੰ 22 ਮਹੀਨਿਆਂ ਦੀ ਜੇਲ ਹੋਈ। ਰਿਹਾਈ ਤੋਂ ਉਪਰੰਤ ਉਹ ਦੋਵੇਂ ਅਮਰੀਕਾ ਵਿੱਚ ਹੀ ਵਸ ਗਏ। ਭਗਵਾਨ ਸਿੰਘ ਸੰਨ 1958 ਵਿੱਚ ਹੀ ਹਿੰਦੁਸਤਾਨ ਪਰਤਿਆ। ਗਦਰ ਪਾਰਟੀ ਇਸ ਸੰਕਟ ਚੋਂ ਬਚ ਨਿਕਲੀ ਅਤੇ ਸ਼ਾਤ ਸਾਗਰ ਦੇ ਤੱਟ ਦੇ ਇਲਾਕੇ ਵਿੱਚ ਸਰਗਰਮ ਰਹੀ। ਸੰਨ 1947 ਵਿੱਚ ਜਦੋਂ ਭਾਰਤ ਨੇ ਸੰਤੁਤਰਤਾ ਪ੍ਰਾਪਤ ਕਰ ਲਈ ਤਾਂ ਗਦਰ ਪਾਰਟੀ ਨੂੰ ਬਰਖਾਸਤ ਕਰ ਦਿੱਤਾ ਗਿਆ।

ਜਦੋਂ ਪਹਿਲੇ ਸੰਸਾਰ ਯੁੱਧ ਦੀ ਸਮਾਪਤੀ ਹੋਈ ਤਾਂ 900 ਜਾਂ 1000 ਹਿੰਦੁਸਤਾਨੀ ਬਰਿਟਿਸ਼ ਕੋਲੰਬੀਆ ਵਿਚ ਰਹਿ ਗਏ ਸਨ। ਤਕਰੀਬਨ ਇੱਕ ਹਜ਼ਾਰ 1914-15 ਵਿੱਚ ਵਾਪਸ ਚਲੇ ਗਏ ਸਨ। ਵਾਪਸ ਜਾਣ ਵਾਲਿਆਂ ਦੀ ਸੰਖਿਆ ਇਸ ਤੋਂ ਵੱਧ ਹੋਣੀ ਸੀ। ਪਰ 1915 ਦੀਆਂ ਗਰਮੀਆਂ ਤੱਕ ਇਹ ਪਤਾ ਲੱਗ ਚੁੱਕਾ ਸੀ ਕਿ ਹਿੰਦੁਸਤਾਨੀ ਪੁਲਿਸ ਹਰ ਪਰਤਣ ਵਾਲੇ ਨੂੰ ਗ੍ਰਿਫਤਾਰ ਕਰੀ ਜਾਂਦੀ ਹੈ। "ਖੂਨ ਦੇ ਬਦਲੇ ਖੂਨ ਦੀ ਭਾਵਨਾ" ਇਕ ਸਰਕਾਰੀ ਅਫਸਰ ਹਾਪਕਿਨਸਨ ਦੇ ਕਤਲ ਕਾਰਣ ਬਿਰਿਟਸ਼ ਕੋਲੰਬੀਆ ਵਿਚ ਨਸਲਵਾਦ ਮੱਠਾ ਨਾਂਹ ਹੋਇਆ। ਅਤੇ ਜੇ ਸਰਕਾਰ ਹਿੰਦੁਸਤਾਨੀਆਂ ਵੱਲ ਬੇਦਖਲੀ ਦੀ ਨੀਤੀ ਨੂੰ ਜਾਰੀ ਰੱਖਦੀ ਤਾਂ ਘੱਟ ਵੱਧ ਹੀ ਕਨੇਡੀਅਨ ਲੋਕ ਹੋਣੇ ਸਨ ਜਿੰਨਾ ਨੇ ਇਸ ਵਿਰੁੱਧ ਇਤਰਾਜ ਕਰਨਾ ਸੀ ਜੇਕਰ ਇਹ ਬੇਦਖਲੀ ਦੀ ਨੀਤੀ ਜਾਰੀ ਰਹਿੰਦੀ ਤਾਂ ਕੁੱਝ ਸਮੇਂ ਵਿੱਚ ਕੈਨੇਡਾ ਵਿੱਚ ਹਿੰਦੁਸਤਾਨੀਆਂ ਦਾ ਸਮੁੱਚੇ ਤੌਰ ਤੇ ਖਾਤਮਾ ਹੋ ਜਾਣਾ ਸੀ। ਪਰ 1918 ਵਿੱਚ ਹੋਈ ਇਮੀਪੀਰੀਅਲ ਵਾਰ ਕਾਨਫਰੰਸ ਵਿੱਚ

ਪ੍ਰਧਾਨ ਮੰਤਰੀ ਨੇ ਇਸ ਗੱਲ ਨੂੰ ਮੰਨ ਲਿਆ ਕਿ ਦੇਸ਼ ਵਿੱਚ ਪਹਿਲਾਂ ਤੋ ਰਹਿ ਰਹੇ ਲੋਕਾਂ ਦੇ ਬੱਚਿਆਂ ਤੇ ਪਤਨੀਆਂ ਨੂੰ ਪਰਵੇਸ਼ ਕਰਨ ਦੀ ਆਗਿਆ ਦੇ ਦਿੱਤੀ ਜਾਵੇਗੀ। ਉਹ ਬਰਤਾਨਵੀ ਅਧਿਕਾਰੀਆਂ ਦੇ ਦਬਾਅ ਥੱਲੇ ਝੁਕ ਗਿਆ ਜਿੰਨਾ ਨੇ ਉਸਨੂੰ ਦੱਸਿਆ ਕਿ ਇਸ ਤੋਂ ਜ਼ਿਆਦਾ ਮੱਹਤਵਪੂਰਣ ਗੱਲਾਂ ਦਾਅ ਤੇ ਲੱਗੀਆਂ ਹੋਈਆਂ ਹਨ। ਪੰਜਾਬ ਜਿਹੜਾ ਕਿ ਹਿੰਦੁਸਤਾਨੀ ਫੌਜ ਲਈ ਭਰਤੀ ਕਰਨ ਦਾ ਮੁੱਖ ਅੱਡਾ ਸੀ। ਉਸ ਦੇ ਵਾਯੂਮੰਡਲ ਵਿੱਚ ਜ਼ਹਿਰ ਭਰਨ ਲਈ ਵਿਦਰੋਹੀ ਕੈਨੇਡਾ ਦੀ ਸਥਿਤੀ ਦੀ ਬੜੀ ਹੁਸ਼ਿਆਰੀ ਨਾਲ ਵਰਤੋਂ ਕਰ ਰਹੇ ਹਨ। ਬੋਰਡਨ ਨੂੰ ਕਾਮਾਗਾਟਾ ਮਾਰੂ ਨਾਲ ਹੋਣ ਵਾਲੇ ਨੁਕਸਾਨ ਦਾ ਅਹਿਸਾਸ ਸੀ।

ਸੰਨ 1918 ਤੋਂ ਬਾਅਦ ਕੁੱਝ ਬੰਦਿਆਂ ਨੇ ਪਤਨੀਆਂ ਅਤੇ ਬੱਚੇ ਜ਼ਰੂਰ ਲਿਆਂਦੇ। ਪਰ ਅਜਿਹੇ ਬੰਦਿਆਂ ਦੀ ਗਿਣਤੀ ਵਧੇਰੇ ਨਹੀਂ ਸੀ। ਸ਼ਾਇਦ ਇਸ ਲਈ ਕਿ ਬਹੁਤ ਸਾਰੇ ਹਿੰਦੁਸਤਾਨੀਆਂ ਕੋਲ ਇਸਦੀ ਪਹੁੰਚ ਨਹੀਂ ਸੀ। ਹੋਰ ਪਰਿਵਾਰ ਦੀ ਆਗਿਆ ਨਹੀਂ ਦਿੱਤੀ ਗਈ। ਇਸ ਅਗਲੇ ਦਹਾਕੇ ਅਤੇ ਉਸ ਤੋਂ ਅਗਲੇ ਅਰਸੇ ਦੌਰਾਨ ਨਾ ਹੀ ਵਸੋਂ 'ਚ ਵਾਧਾ ਹੋਇਆ ਤੇ ਨਾ ਹੀ ਕੋਈ ਪਰੀਵਰਤਨ ਆਇਆ। ਬੁਨਿਆਦੀ ਤੌਰ ਤੇ ਉਹੀ ਗਰੁੱਪ ਰਿਹਾ ਜਿਹੜਾ ਕਿ 1904-08 ਦੇ ਸਮੇਂ ਇਸ ਦੇਸ਼ ਵਿੱਚ ਆਇਆ ਸੀ ਅਤੇ ਸਾਰੇ ਯੁੱਧ ਦੇ ਦੌਰਾਨ ਇੱਥੇ ਇਸ ਤਰ੍ਹਾਂ ਹੀ ਟਿਕਿਆ ਰਿਹਾ ਸੀ। ਇਹ ਲੋਕ ਲੋਅਰ ਫਰੇਜ਼ਰ ਵੈਲੀ ਅਤੇ ਵੈਨਕੂਵਰ ਆਈਲੈਂਡ ਵਿੱਚ ਸਥਿਤ ਆਰਾ ਮਿੱਲ ਜਾਂ ਸਿੰਗਲ ਮਿੱਲਾਂ ਵਿੱਚ ਕੰਮ ਕਰਦੇ ਰਹੇ। ਜਾਂ ਬ੍ਰਿਟਿਸ਼ ਕੋਲੰਬੀਆ ਦੇ ਅੰਦਰੂਨੀ ਭਾਗ ਸਿੰਘ ਸਥਿਤ ਲੰਬਰ ਦੇ ਕੈਂਪਾਂ ਵਿਚ ਮੰਦੇ ਦੌਰਾਨ ਕੁਝ ਨੇ ਛੋਟੇ ਬਿਜ਼ਨਸ ਚਲਾਉਣ ਵੱਲ ਝੁਕਾਅ ਕੀਤਾ। ਚਾਹ ਨੂੰ ਇੰਪੋਰਟ ਕਰਨ ਜਾਂ ਵੈਨਕੂਵਰ ਅਤੇ ਵੈਕਟੋਰੀਆ ਵਿਚ ਜਾਲਣ ਵਾਲੀ ਲੱਕੜੀ ਅਤੇ ਘਰੋ ਘਰੀਂ ਵੇਚਣ ਦਾ ਕੰਮ ਵੀ ਸ਼ੁਰੂ ਹੋਇਆ। ਉਹਨਾਂ ਵਿੱਚ ਦੋ ਉੱਘੇ ਬਿਜਨਿਸ ਮੈਨ ਸਨ। ਕਪੂਰ ਸਿੰਘ ਤੇ ਮੇਓ ਸਿੰਘ। ਉਹ ਬਾਰਨੈਂਟ ਦੀ ਕਪੂਰ ਮਿੱਲ ਅਤੇ ਡੰਕਨ ਦੀ ਮੇਓ ਮਿੱਲ ਦੇ ਮਾਲਕ ਸਨ। ਪਰ ਜਦੋਂ ਤੋਂ ਪਹਿਲਾਂ ਹਿੰਦੁਸਤਾਨੀ ਏਥੇ ਆਇਆ ਸੀ। ਉਸਤੋਂ 40 ਵਰ੍ਹਿਆਂ ਬਾਅਦ ਵੀ ਕਿਸੇ ਨੂੰ ਕੈਨੇਡਾ ਦੀ ਸ਼ਹਿਰੀਅਤ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਹੋਏ। ਸੰਨ 1948 ਤੀਕਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰਾਂਤਕ ਕਾਨੂੰਨਾਂ ਅਧੀਨ ਸ਼ਹਿਰੀਅਤ ਦੇ ਅਧਿਕਾਰਾਂ ਦੀ ਵਰਜੋਂ ਬਰਕਰਾਰ ਰਹੀ ਅਤੇ ਹੋਰ ਵੀ ਕਈ ਮਨਾਹੀਆਂ ਸਨ। ਉਦਯੋਗਿਕ ਯੂਨੀਅਨਾਂ ਚੋਂ ਸਮੂਲੀਅਤ ਤੋਂ ਵਾਂਝੇ ਰੱਖਣਾ, ਸਰਕਾਰ ਤੇ ਮਿਉਂਸਪਲੈਟੀ ਦੇ ਕੰਮਾਂ ਤੋਂ ਵਰਜਿਤ ਰੱਖਣਾ, ਵਕਾਲਤ ਤੇ ਡਾਕਟਰੀ ਦੇ ਪੈਸਿਆਂ 'ਚ ਹਿੰਦੁਸਤਾਨੀਆਂ ਲਈ ਪਾਬੰਦੀ ਲਾਉਣਾ। ਆਖਰੀ ਪਾਬੰਦੀ ਕੈਨੇਡਾ ਵਿੱਚ ਜਨਮੇ ਉਹਨਾਂ ਸਿੱਖ ਬੱਚਿਆਂ ਦੇ ਭਵਿੱਖ ਤੇ ਅਸਰ ਪਾਉਂਦੀ ਸੀ। ਜਿੰਨ੍ਹਾਂ ਨੂੰ ਮਾਪਿਆ ਨੇ ਹਾਈ ਸਕੂਲਾਂ ਤੱਕ ਪੜ੍ਹਾ ਦਿੱਤਾ ਸੀ।

ਸੰਨ 1941 ਤੀਕਰ ਕੈਨੇਡਾ ਵਿਚ 1500 ਤੋਂ ਵੱਧ ਹਿੰਦੁਸਤਾਨੀ ਨਹੀ ਸਨ। ਉਹਨਾਂ 'ਚ ਵਧੇਰੀ ਵਸੋਂ ਉਹਨਾਂ ਮਨੁੱਖਾਂ ਦੀ ਸੀ ਜਿਹੜੇ ਵੱਡੀ ਉਮਰ ਦੇ ਸਨ। 50 ਸਾਲ ਤੋਂ ਲੈ ਕੇ 65 ਸਾਲਾਂ ਤੱਕ ਦੇ। ਪਿਛਲੇ ਕੁਝ ਸਾਲਾਂ ਵਿੱਚ ਲੱਗਭਗ 180 ਔਰਤਾਂ ਵੀ ਲਿਆਂਦੀਆਂ ਗਈਆਂ ਸਨ। ਉਹਨਾਂ ਚੋਂ ਬਹੁਤੀਆਂ ਆਪਣੇ ਪਤੀਆਂ ਨਾਲੋਂ ਉਮਰ ਵਿਚ ਬਹੁਤ ਛੋਟੀਆਂ ਸਨ। ਉਹਨਾਂ ਦੇ ਕੈਨੇਡਾ ਚ ਜਨਮੇ ਬੱਚਿਆਂ ਦੀ ਸੰਖਿਆ 424 ਸੀ। ਜਿੰਨ੍ਹਾਂ ਵਿੱਚੋਂ ਕੁਝ ਬਾਲਗ ਅਵਸਥਾ ਚ ਪਰਵੇਸ਼ ਕਰ ਚੁੱਕੇ ਸਨ। ਨਿਰਸੰਦੇਹ ਗੈਰਕਾਨੂੰਨੀ ਪਰਿਵਾਸ ਵੀ ਹੁੰਦਾ ਸੀ। ਇਹਨਾਂ ਵਿੱਚ ਉਹ ਵਿਦਿਆਰਥੀ ਜਿਹੜੇ ਆਪਣੇ ਵੀਜਿਆਂ ਦੀ ਮੁਨਿਆਦ ਤੋਂ ਟੱਪ ਗਏ ਸਨ। ਅਮਰੀਕੀ ਸਿੱਖ ਜਿਹੜੇ ਸਰਹੱਦ ਤੋਂ ਇੱਧਰ ਵੱਲ ਖਿਸਕ ਆਏ ਸਨ ਅਤੇ ਉਹ ਗੱਭਰੂ ਜਿਹੜੇ ਗਲਤ ਆਪਣੇ ਆਪ ਨੂੰ ਕੈਨੇਡੀਅਨ ਬਸ਼ਿੰਦਿਆਂ ਦੇ ਬੱਚੇ ਕਹਿੰਦੇ ਸਨ ਸ਼ਾਮਲ ਸਨ। ਜਦ ਕਦੀ ਸੰਭਵ ਹੁੰਦਾ, ਅਧਿਕਾਰੀ ਉਹਨਾਂ ਵਿਰੁੱਧ ਕਾਰਵਾਈ ਕਰਦੇ। ਪਰ ਇਸਦਾ ਅਧਾਰ ਹੁੰਦਾ ਸੀ ਉਹ ਸੂਚਨਾ ਜਿਹੜੀ ਕਮਿਊਨਿਟੀ ਚੋਂ ਹੀ ਮਿਲ ਸਕਦੀ ਸੀ। ਅਤੇ ਇਸ ਤਰ੍ਹਾਂ ਦੀ ਸੂਚਨਾ ਪਿੱਛੇ ਅਕਸਰ ਭੈੜੇ ਇਰਾਦੇ ਲੁਕੇ ਹੋਏ ਸਨ। ਸੰਨ 1939 ਵਿਚ ਖਾਲਸਾ ਦੀਵਾਨ ਨੂੰ ਇਕ ਹਮਾਇਤੀ ਮਿਲ ਗਿਆ। ਡਾਕਟਰ ਡੀ. ਪੀ. ਪਾਂਡੀਆ ਜੋ ਕੁਝ ਸਮੇਂ ਲਈ ਗਾਂਧੀ ਦਾ ਸਕੱਤਰ ਰਿਹਾ ਸੀ ਅਤੇ ਲੈਕਚਰ ਦੇ ਦੌਰੇ ਤੇ ਵੈਨਕੂਵਰ ਆਇਆ ਸੀ। ਦੂਜਾ ਯੁੱਧ ਛਿੜਣ ਤੇ ਵਿਦੇਸ਼ੀ ਵਿਭਾਗ ਜਿਸਨੂੰ

ਕਾਮਾਗਾਟਾ ਮਾਰੂ ਅਜੇ ਨਹੀਂ ਸੀ ਭੁਲਿਆ । ਹਿੰਦੁਸਤਾਨ ਵਿਚਲੀ ਜੰਤਾ ਦੀ ਨਰਾਜਗੀ ਮੁੱਲ ਲੈਣ ਤੋਂ ਕਤਰਾਦਾ ਸੀ । ਪਾਂਡੀਆਂ ਨੇ ਇਸ ਦਾ ਪੂਰਾ ਪੂਰਾ ਲਾਭ ਉਠਾਇਆ । ਜਿਸਦੇ ਫਲਸਰੂਪ 200 ਗੈਰ ਕਾਨੂੰਨੀ ਪਰਿਵਾਸੀਆਂ ਦੇ ਨਾਓਂ ਰਜਿਸਟਰ ਕਰ ਲਏ ਗਏ ਅਤੇ ਉਹਨਾਂ ਨੂੰ ਇੱਥੇ ਰਹਿਣ ਦਾ ਹੱਕ ਹਾਸਲ ਹੋ ਗਿਆ ।

ਯੁੱਧ ਦੇ ਦੌਰਾਨ ਪਾਂਡੀਆਂ ਦੋਹਾਂ ਦੇਸ਼ਾ ਕੈਨੇਡਾ ਤੇ ਅਮਰੀਕਾ ਵਿੱਚ ਸ਼ਹਿਰੀਅਤ ਦੇ ਹੱਕਾਂ ਦੀ ਪ੍ਰਾਪਤੀ ਲਈ ਤੇ ਪ੍ਰਵਾਸੀ ਕਾਨੂੰਨਾਂ ਚ ਤਬਦੀਲੀ ਕਰਨ ਲਈ ਐਜੀਟੇਸ਼ਨ ਚਲਾਂਦਾ ਰਿਹਾ । ਸੰਨ 1945 ਵਿੱਚ ਕੋਆਪਰੇਟਿਵ ਕਾਮਨ-ਵੈਲਥ ਫੈਡਰੇਸ਼ਨ ਵਲੋਂ ਬਰਿਟਿਸ਼ ਕੋਲੰਬੀਆ ਦੀ ਲੈਜਿਸਲੇਚਰ ਵਿੱਚ ਇੱਕ ਮੱਦ ਪੇਸ਼ ਕੀਤੀ ਗਈ ਜਿਸਦਾ ਮਨੋਰਥ ਸੀ ਹਿੰਦੁਸਤਾਨੀਆਂ ਨੂੰ ਸ਼ਹਿਰੀਅਤ ਪਰਦਾਨ ਕਰਨੀ। ਪਰ ਇਸ ਨੂੰ ਦੋ ਵੋਟਾਂ ਦੇ ਅੰਤਰ ਨਾਲ ਹਾਰ ਹੋਈ। ਕੈਨੇਡਾ ਦੀ ਸਰਕਾਰ ਨੇ ਵਿਤਕਰੇ ਦੀ ਸਮੱਸਿਆ ਨਜਿੱਠਣ ਲਈ ਕਦੀ ਸਾਹਸ ਦਾ ਪ੍ਰਗਟਾਵਾ ਨਹੀਂ ਸੀ ਕੀਤਾ । ਯੁੱਧ ਦੇ ਬਾਅਦ ਦੀ ਸਥਿਤੀ ਅਜਿਹੇ ਕਦਮ ਪੁੱਟੇ ਜਾਣ ਦੀ ਮੰਗ ਕਰਦੀ ਸੀ । ਇੰਡੀਅਨ ਨੈਸ਼ਨਲ ਕਾਂਗਰਸ ਨੇ ਸਮੁੰਦਰੋਂ ਪਾਰ ਵਸਦੇ ਹਿੰਦੁਸਤਾਨੀਆਂ ਦੀਆਂ ਮੰਗਾਂ ਦਾ ਸਰਗਰਮੀ ਨਾਲ ਸਮਰਥਨ ਕੀਤਾ । ਵਿਸ਼ੇਸ਼ ਤੌਰ ਤੇ ਉਹਨਾਂ ਦੇਸ਼ਾਂ ਵਿੱਚ ਜਿਹੜੇ ਕਿ ਬਰਤਾਨਵੀਂ ਤਾਜ ਦੇ ਅਧੀਨ ਸਨ। ਜਿਵੇਂ ਜਿਵੇਂ ਹਿੰਦੁਸਤਾਨ ਅਜ਼ਾਦੀ ਪ੍ਰਾਪਤੀ ਵੱਲ ਵਧਦਾ ਗਿਆ। ਤਿਵੇਂ ਤਿਵੇਂ ਕੈਨੇਡਾ ਵਿੱਚ ਵਸਣ ਵਾਲੀ ਹਿੰਦੁਸਤਾਨੀ ਕਮਿਊਨਿਟੀ ਦੀ ਸਥਿਤੀ ਕੈਨੇਡਾ ਲਈ ਵਧੇਰੇ ਪਰੇਸ਼ਾਨੀ ਵਾਲੀ ਅਤੇ ਸ਼ਰਮਨਾਕ ਬਣਦੀ ਗਈ। ਯੂਨਾਈਟਿਡ ਨੇਸ਼ਨਜ ਦੇ ਚਾਰਟਰ ਵਿਚ ਦਰਜ ਕੀਤੀ ਮੂਲ ਮਨੁੱਖੀ ਹੱਕਾਂ ਦੀ ਧਾਰਾ ਨੇ ਤੇ ਅਮਰੀਕੀ ਕਾਨੂੰਨ ਵਿਚ ਅਜਾਦ ਰੁਚੀਆਂ ਨੇ ਕੈਨੇਡਾ ਨੂੰ ਵੀ ਆਪਣੇ ਨਾਲ ਧਰੀਕ ਲਿਆ । ਵਧ ਫੁੱਲ ਰਹੀ ਆਰਥਕਤਾ ਨੇ ਅਤੇ ਵਧ ਰਹੇ ਲੰਬਰ ਦੇ ਉਦਯੋਗ ਦੇ ਏਸ਼ੀਆ ਵਿੱਚੋਂ ਪਰਿਵਾਸ ਦੀ ਵਿਰੋਧਤਾ ਨੂੰ ਤਕਰੀਬਨ ਖਾਮੋਸ਼ ਕਰ ਦਿੱਤਾ। ਪਰ ਕੁੱਝ ਵੀ ਪ੍ਰਾਪਤ ਨ ਹੋ ਸਕਦਾ ਜੇ ਹਿੰਦੁਸਤਾਨੀ ਕਮਿਊਨਿਟੀ ਵੱਲੋਂ ਆਪ ਚੁਪ ਚਾਪ ਸੁਚੱਜੇ ਜਥੇਬੰਦਕ ਤਰੀਕੇ ਨਾਲ ਯਤਨ ਨਾ ਕੀਤੇ ਜਾਂਦੇ । ਸੰਨ 1947 ਵਿੱਚ ਹਿੰਦੁਸਤਾਨ ਦੀ ਅਜ਼ਾਦੀ ਪਿੱਛੋਂ ਬਿਟ੍ਰਿਸ਼ ਕੋਲੰਬੀਆ ਦੀ ਲੈਜਿਸਲੇਚਰ ਨੇ ਆਖਰਕਾਰ ਸ਼ਹਿਰੀਅਤ ਦੇ ਘੇਰੇ ਨੂੰ ਖੁਲ੍ਹਾ ਕੀਤਾ । ਜਿਸਦੇ ਫਲਸਰੂਪ ਇਸ ਪ੍ਰਾਂਤ ਵਿੱਚ ਵੱਸਦੇ ਹਿੰਦੁਸਤਾਨੀਆਂ ਨੂੰ ਪੂਰੀ ਸ਼ਹਿਰੀਅਤ ਦੇ ਦਿੱਤੀ ਗਈ । ਇਹ ਸੱਭ ਕੁੱਝ ਨੇ ਰਹੀਮ ਤੇ ਉਸਦੇ ਦੋਸਤਾਂ ਨੂੰ ਠੀਕ ਸਿੱਧ ਕਰ ਦਿੱਤਾ। ਜਦੋਂ ਉਹਨਾਂ ਆਖਿਆ ਸੀ ਕਿ ਸਮੁੰਦਰੋਂ ਪਾਰ ਵਸਣ ਵਾਲੇ ਹਿੰਦੁਸਤਾਨੀ ਉਦੋਂ ਤੀਕਰ ਕਿਸੇ ਕਿਸਮ ਦੀ ਆਸ ਨਹੀਂ ਕਰ ਸਕਦੇ । ਜਦੋਂ ਤੀਕਰ ਉਹਨਾਂ ਨੂੰ ਆਪਦੇ ਘਰ ਵਿਚ ਸਵਰਾਜ ਪ੍ਰਾਪਤ ਨਹੀਂ ਹੁੰਦਾ ।

ਪੰਜਾਵਿਆਂ ਵਿੱਚ ਖਾਲਸਾ ਦੀਵਾਨ ਨੇ ਹੌਲੀ ਹੌਲੀ ਇਹ ਅੰਦੋਲਨ ਚਲਾਇਆ ਕਿ ਪਰਿਵਾਸ ਦੀਆਂ ਸ਼੍ਰੇਣੀਆਂ ਦੀ ਗਿਣਤੀ ਵਧਾਈ ਜਾਵੇ। ਪਤੀ ਪਤਨੀ ਤੇ ਨਾਬਾਲਗ ਬੱਚਿਆਂ ਤੋਂ ਇਲਾਵਾ ਸੂਚੀ ਵਿਚ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ । ਭਾਵੇਂ ਉਹਨਾਂ ਨੂੰ ਕੁੱਝ ਪਾਰਲੀਮੈਂਟ ਦੇ ਮੈਂਬਰਾਂ ਦੀ ਹਮਾਇਤ ਹਾਸਲ ਸੀ ਤਬਦੀਲੀਆਂ ਹੌਲੀ ਹੌਲੀ ਆਈਆਂ ਸਨ । ਸੰਨ 1951 ਵਿੱਚ ਕੈਨੇਡੀਅਨ ਸਰਕਾਰ ਨੇ ਮਾਂ-ਪਿਓ, ਪਤੀ-ਪਤਨੀ, ਦੀ ਸਪੌਂਸਰਸ਼ਿਪ ਤੋਂ ਇਲਾਵਾ ਥੋੜੇ ਜਿਹੇ ਹੋਰ ਪਰਵਾਸੀਆਂ ਨੂੰ ਦਾਖਲਾ ਦੇ ਦਿੱਤਾ । ਪਰਿਵਾਸ ਲਈ ਕੋਟਾ ਕਰਮਵਾਰ ਹਿੰਦੁਸਤਾਨ ਪਾਕਿਸਤਾਨ ਤੇ ਸ੍ਰੀ ਲੰਕਾ ਲਈ 150,100,50 ਨਿਸਚਿਤ ਹੋਇਆ । ਸੰਨ 1958 ਵਿੱਚ ਹਿੰਦੁਸਤਾਨੀਆਂ ਲਈ ਵਧਾ ਕੇ 300 ਕਰ ਦਿੱਤਾ ਗਿਆ । ਇਸ ਕੋਟੇ ਨੂੰ ਉਦਯੋਗਿਕ ਨਿਪੁੰਨਤਾ ਜਾਂ ਪੇਸ਼ਾਵਰ ਵਿਅਕਤੀ ਦੁਆਰਾ ਪੂਰਾ ਕੀਤਾ ਜਾਂਦਾ । ਸੰਨ 1962 ਵਿੱਚ ਸ਼ਹਿਰੀਅਤ ਅਤੇ ਪਰਿਵਾਸ ਦੀ ਮੰਤਰੀ ਅਲਨਫੇਅਰ ਕਲੋ ਨੇ ਜਦੋਂ ਬੜੇ ਗੌਰਵ ਨਾਲ ਨਵੇਂ ਵਿਤਕਰਾ ਰਹਿਤ ਕਾਨੂੰਨਾਂ ਦਾ ਐਲਾਨ ਕੀਤਾ ਤਾਂ ਉਸਨੇ ਇਸ ਗੱਲ ਨੂੰ ਵੀ ਸਾਫ ਸਬਦਾਂ ਵਿਚ ਕਿਹਾ ਭਾਵੇਂ ਇਹ ਵਿਰੋਧ ਆਤਮਕ ਭਾਸਦਾ ਸੀ ਕਿ ਹਿੰਦੁਸਤਾਨ ਪਾਕਿਸਤਾਨ ਤੇ ਸ੍ਰੀ ਲੰਕਾ ਲਈ ਕੋਟੇ ਬਰਕਰਾਰ ਰਹਿਣਗੇ। ਸੰਨ 1962 ਤੋਂ 1967 ਤੀਕਰ ਹਿੰਦੁਸਤਾਨ ਤੋਂ ਆਉਣ ਵਾਲੇ

ਪਰਵਾਸੀਆਂ ਦੀ ਸੰਖਿਆ ਦੀ ਔਸਤ 2500 ਵਿਅਕਤੀ ਪ੍ਰਤਿ ਸ਼ਾਲ ਸੀ। ਇਹ ਗਿਣਤੀ ਭੂਤ ਵਿੱਚ ਪਰਿਵੇਸ਼ ਕਰਨ ਵਾਲਿਆਂ ਦੇ ਮੁਕਾਬਲੇ ਵੱਧ ਸੀ। ਪਰ ਕੈਨੇਡਾ ਦੇ ਸਮੁੱਚੇ ਪਰਿਵਾਸੀਆਂ ਦੀ ਗਿਣਤੀ ਦਾ ਅਜੇ ਅਤਿ ਨਿੱਕਾ ਭਾਗ ਸੀ।

ਸੰਨ 1967 ਵਿੱਚ ਲਿਬਰਲ ਸਰਕਾਰ ਵਲੋਂ ਪਰਿਵਾਸ਼ ਦੇ ਕਾਨੂੰਨ ਵਿੱਚ ਪਰੀਵਰਤਨ ਦੇ ਫਲਸਰੂਪ ਪਰਵਾਸੀਆਂ ਦੀ ਗਿਣਤੀ ਵਿੱਚ ਇਕ ਦਮ ਵਾਧਾ ਹੋਇਆ। ਪਰਿਵਾਸੀ ਨਵੇ ਖੇਤਰਾਂ ਵਿੱਚੋਂ ਜਿਵੇਂ ਕਿ ਦੱਖਣ, ਗੁਜਰਾਤ, ਫੀਜੀ, ਪੂਰਬੀ, ਅਫਰੀਕਾ ਤੇ ਪੰਜਾਬ ਚੋਂ ਵੀ ਆਏ ਹਨ ਅਤੇ ਪੁਰਾਣੇ ਸਿੱਖ ਪਰਿਵਾਰ ਜਿਨ੍ਹਾਂ ਦੀਆਂ ਜੜ੍ਹਾਂ ਇਸ ਸਤਾਬਦੀ ਦੇ ਆਰੰਭ ਤੀਕਰ ਜਾਂਦੀਆਂ ਨੇ, ਸਮੁੱਚੀ ਹਿੰਦੁਸਤਾਨੀ ਆਬਾਦੀ ਦਾ ਇੱਕ ਨਿੱਕਾ ਜਿਹਾ ਭਾਗ ਹਨ। ਪਰ ਕਾਮਾਗਾਟਾ ਮਾਰੂ ਨੂੰ ਵਿਸਾਰਿਆ ਨਹੀਂ ਗਿਆ ਅਤੇ ਵੈਨਕੂਵਰ ਦੇ ਗੁਰਦੁਆਰੇ ਵਿੱਚ ਮੇਵਾ ਸਿੰਘ ਦੀ ਫੋਟੋ ਅੱਜ ਵੀ ਉਚੇਰੇ ਸਥਾਨ ਤੇ ਲਟਕ ਰਹੀ ਹੈ।

Notes

Chapter 1: EXCLUSION

1 Hopkinson is listed in *Thackers Directory*, 1907, as Inspector of Police, section B, 18 Cossipore Rd., Calcutta. He appears in the *Vancouver Directory* for the first time in 1908 at 551 Richards. At the time of his death, there was some confusion about his place and date of birth. The baptismal records of the India Office Library show Delhi, 16 June 1880.

2 In 1913–14, Hopkinson was paid £60 a year plus £60 expenses by the India Office. For work in connection with the US immigration office in Vancouver, he was paid $25 a month. At that time, he received $125 a month from the Canadian government: Immigration 808722(1), Record Group 76, Public Archives Canada; also Auditor General's Report, 1913–14.

3 All sums mentioned are in 1914 yen, dollars or rupees.

4 D. S. Dady Burjor, a Parsee cigar importer and part-time interpreter for American immigration authorities in San Francisco, described savings on this scale in a report to Hopkinson, 30 Jan. 1914: C.O. [Colonial Office] 42/978, microfilm, Public Archives Canada. So does a Canadian correspondent to *The Pioneer Mail*, Allahabad, 25 June 1914. One Sikh, arriving on the *Tosa Maru* at Calcutta after some years in North America, had reportedly accumulated $11,000: *Pioneer Mail*, 6 Nov 1914.

5 The point is made by T. R. E. McInnes in his confidential report to Frank Oliver, Minister of the Interior, 2 Oct. 1907: copy, Borden Papers, Public Archives Canada. Often repeated is the story that Sikhs were attracted to Canada after a Sikh regiment had crossed the country by train following Queen Victoria's Jubilee in 1897. This was first offered as a reason for Sikh immigration by David E. Brown, General Superintendent of the Trans-Pacific Service of the C.P.R., when he appeared before Mackenzie King's Oriental Immigration Commission in Nov. 1907. King thought it unlikely and put the responsibility on the steamship companies which meant, in particular, the C.P.R.

6 *The Vancouver Daily Province*, 20 Oct. 1906.

7 E. Blake Robertson, Assistant Superintendent, to W. D. Scott, Superintendent of Immigration, 27 Dec. 1906, and Col. Falkland Warren to Under-Secretary of State for India, copy, 2 Jan. 1907, Immigration 536999(1).

8 McInnes to Oliver, 2 Oct. 1907.

9 Telegram from Viceroy enclosed in Elgin to Grey, 12 Feb. 1908, copy,

Immigration 536999(2); Mackenzie King to Laurier, 31 Jan. 1909, Laurier Papers, Public Archives Canada. Subsequent correspondence from India affirmed the same position. The Canadian government tried to stop the Indian influx with a continuous passage order-in-council issued 8 Jan. 1908, but it was loosely drafted and successfully challenged in court: *British Columbia Reports*, XIII, pp. 415–16. A new continuous passage order, underpinned by an amendment to the Immigration Act, was issued on 27 May 1908, and this was followed by a $200 requirement order on 3 June. These orders were directed against Indians and not the Chinese or Japanese who were covered by other legislation or by treaty. This is clearly stated in a memo from the Minister of the Interior of approximately 5 May 1908: Immigration 536999(3). After the passage of a new Immigration Act in 1910, these orders were reissued unchanged as P.C. 920 and P.C. 926.

10 The dubious legal basis of US Immigration Bureau practice was admitted in an internal memo on Hindu migration filed by the Bureau, 22 Jan. 1914: U. S. Immigration 52903/110, Record Group 85, National Archives, Washington.

11 Teja Singh to J. H. Hill [J. H. MacGill], Vancouver Immigration Agent, 24 Dec. 1908, and MacGill to W. W. Cory, Deputy Minister of the Interior, 21 Jan. and 12 Feb. 1909, Immigration 536999(3). A full account of the Honduras story is given in J. B. Harkin, *The East Indians in British Columbia* (Dept. of the Interior, 1909).

12 Extract from *Liverpool Courier*, 21 May 1908, Immigration 536999(2); Col. E. J. E. Swayne, Governor of British Honduras, confidential memorandum on the Indian community in British Columbia, Dec. 1908, Asiatic Immigration (Confidential Prints), Borden Papers. Police reports on Taraknath were compiled by the Criminal Intelligence Dept. in Delhi along with a host of similar records. During the first World War, a confidential summary was prepared by James Campbell Ker, formerly personal assistant to the Director of Criminal Intelligence. This document, covering the period 1907–17 and titled *Political Trouble in India*, was prepared for senior officials in the British Indian government to give them an overview that weekly intelligence reports, read and burned, never could do. In 1973 *Political Trouble in India* was reprinted and published by Oriental Publishers, Delhi, and it is an invaluable source. Taraknath's background is given on pp. 119–20.

13 Hopkinson, in an affidavit sworn 7 Dec. 1908, and reproduced in Harkin, *The East Indians in British Columbia*, said he was 'formerly of the City of Calcutta; for 4 years an Inspector of the Metropolitan Police.' Governor Swayne, who had come to British Columbia to recruit Indian labourers for British Honduras and had picked up a lot of information from Hopkinson, reported in Dec. 1908 that Hopkinson was on leave from the Calcutta police force. He also recommended that Hopkinson be appointed a Dominion Police officer in communication with the head of the Calcutta police.

14 Ker, *Political Trouble in India*, pp. 230–1.

15 Petition of 130 Indians from Vancouver and Victoria, 20–9 July 1910, MacGill to Scott, 15 July 1910, G. D. Kummar to L. M. Fortier, Superintendent of Immigration, 25 Aug. 1911, Immigration 808722(1); MacGill to Scott, 25 Oct. 1911, Immigration 808722(4).

16 MacGill to Cory, 28 Oct. 1910, Asiatic Immigration, Borden Papers. Rahim later claimed at a public meeting that all he was carrying was a cutting from the *World* which gave a history of explosives: Hopkinson's report of a meeting at O'Brien Hall, Vancouver, 29 Sept. 1913, US Immigration 52903/110. However, MacGill, reporting the day after Rahim's arrest, referred to a bomb-making process written into Rahim's notebook in a hand that was hard to decipher.

17 Harry Gwyther to Immigration Agent, Vancouver, 24 Feb. 1913, Immigration 536999(5).

18 April 1911 issue. Extract given in Ker, p. 201.

19 Ker, p. 128.

20 Emily C. Brown, *Har Dayal: Hindu Revolutionary and Rationalist* (Tucson: Arizona University Press, 1975), pp. 131–2.

21 Gwyther to Immigration Agent, 24 Feb. 1913.

22 Hopkinson to Cory, 11 June 1912, Immigration 536999(5).

23 Swayne, confidential memorandum, Dec. 1908; Brij Lal, 'East Indians in British Columbia, 1904–14: An Historical Study in Growth and Interpretation', M. A. Thesis, University of British Columbia, 1976, p. 69; Arun Coomer Bose, *Indian Revolutionaries Abroad* (Patna: Bharati Biwan, 1971), p. 52.

24 MacGill to Scott, letters one and two, 22 Jan. 1912; Scott to Cory, 1 April 1912, Immigration 536999(4); Malcolm Reid to Cory, 4 June 1912, Immigration 536999(5); [F. C. Blair] Private memorandum re Hindu immigration, particularly with reference to admission of wives and families, copy, H. H. Stevens Papers, City Archives, Vancouver; E. D. McLaren and Geo. C. Pidgeon, 'East Indian Immigration', *Westminster Hall Magazine*, Jan. 1912.

25 Memo on individual cases re Indian immigration to Canada, Immigration 536999(4); Memorandum of conversation with Sundar Singh, 29 May 1914, Loring Christie Papers, Public Archives, Canada; Hopkinson to Cory, 11 Jan. 1911, Immigration 536999(3).

26 Brown, p. 84, quoting from an article by Har Dayal, 'India in America', *The Modern Review*, July 1911, pp. 1–11.

27 Hopkinson's report of meeting at O'Brien Hall, 29 Sept. 1913.

Chapter 2: ENCOURAGEMENT

1 The discipline of the *Ghadr* party was explained by a witness in the 1917–18 San Francisco trial of *Ghadr* leaders: The United States of America vs. Franz Bopp *et al*, XII, p. 1053. This testimony is quoted by Emily C. Brown, p. 143.

2 Ker, *Political Trouble in India*, p. 128.

3 Immigration Inspector, Astoria, Oregon, to Immigration Inspector, Portland, 14 Jan. 1914, copy, C.O. 42/978.
4 Bose, *Indian Revolutionaries Abroad*, pp. 262–3; Minutes of a Board of Inquiry into the matter of Natha Singh, alias Bhagwan Singh, 21 Oct. 1913, copy, Stevens Papers.
5 Lahore Conspiracy Case Judgment, 13 Sept. 1915, Pt. III, A(1) The beginnings of conspiracy and war, p. 4, National Archives of India.
6 Hopkinson to Cory, 25 Oct. 1913, Immigration 536999(6). Lost domicile is discussed in Fortier to Cory, 17 June 1912, Immigration 536999(5).
7 Minutes of a Board of Inquiry into the matter of Gurdit Singh, son of Partab Singh, 22 Oct. 1913, Immigration 536999(7).
8 Hopkinson to Cory, 20 Oct 1913, Immigration 536999(6).
9 Malcolm Reid to Stevens, 30 April 1913, Stevens Papers. Stevens' hand in firing J. H. MacGill, a Liberal appointee, to bring in Reid is evident in the correspondence in MacGill's file: Immigration 334241. In an interview on 29 Oct. 1976, Fred 'Cyclone' Taylor, who had been one of Reid's immigration inspectors, said yes, Stevens got Reid the job after his predecessor was booted out.
10 T. R. E. McInnes to Robert Borden, 2 Dec. 1913, Borden Papers.
11 Hunter had been threatened with impeachment, but in the end was simply admonished by Laurier who had appointed him. The British Columbian government reduced the importance of the Chief Justiceship by creating a Court of Appeal superior to the Supreme Court that Hunter headed: Laurier to Dunsmuir, 10 Feb. 1909, and Laurier to Hunter, 6 April 1909, Laurier Papers.
12 *Daily Province*, 1 Dec. 1913.
13 *The Sun*, Vancouver, 15 Dec. 1913.
14 *The Hindustanee*, Vancouver, 1 Jan. 1914.
15 Statement signed by Mella, Naina Singh, Sajn Singh, Prem Singh, Pal Singh, Natha Singh, Baggat Singh, Caval Singh, Ratan Singh, Jaggatt Singh, copy, Stevens Papers.
16 Jaswant Singh 'Jas', *Baba Gurdit Singh: Komagatamaru* (Jullunder: New Book Co., 1965), p. 40. The author of this well-researched although uncritical biography in Gurmukhi had access to a handwritten account by Gurdit Singh himself. There is an account of Gurdit Singh's early life which is pure invention, in Ted Ferguson, *A White Man's Country* (Toronto: Doubleday Canada, 1975), p. 13.
17 Memo on Hindu migration, 22 Jan. 1914, US Immigration 52903/110; Burjor to Hopkinson, 30 Jan. 1914.
18 Daniel J. Keefe to A. Warner Parker, 7 Dec. 1913, US Immigration 52903/110.
19 Malcolm Reid to H. W. Brodie, C.P.R. General Passenger Agent, 20 Sept. 1913, Immigration 536999(PEI RO).

CHAPTER 3: DEPARTURE

1 Jaswant Singh 'Jas', *Baba Gurdit Singh*, pp. 9–24.
2 Ibid., p. 42.
3 Lt. Col. D. C. Phillott, Short precis of Dr Rughunath Singh's report, 6 Aug. 1914, copy, C.O. 42/985.
4 Borden to W. J. Roche, Minister of the Interior, 3 June 1914, copy, Borden Papers.
5 This is one of the points at issue—just how well Gurdit Singh understood the Canadian law. In a Panjabi language advertisement published on 13 Feb. he wrote: 'Had we any ship of our own we would have taken advantage of that period during which the Immigration laws were cancelled, and we would have been able to land numbers of our own brethren.' This is part of an extract sent from the intelligence office in Simla to J. A. Wallinger in London, 27 April 1914: C.O. 42/979. There is a reference in the *Report of the Komagata Maru Committee of Inquiry* (Calcutta, 1914), p. 2.
6 Criminal Intelligence Office, Simla, to Wallinger, 27 April 1914.
7 Jaswant Singh, *Baba Gurdit Singh*, p. 45. *Lloyd's Register* for 1913–14 shows the *Hong Bee*, 3229 tons and built in 1876 and the *Hong Moh*, 3910 tons and built in 1881. They were owned by Lim Peng Siang of Singapore.
8 Copy of the charter contract, Immigration 879545(3).
9 Jaswant Singh, *Baba Gurdit Singh*, pp. 48–9; Baba Gurdit Singh, *Voyage of Komagatamaru: or India's Slavery Abroad* (Calcutta, n.d), pt. 1, pp. 36–7.
10 Interview, 25 Sept. 1976, with Kartar Singh of the village of Mehli, Jullundur, who was a passenger on the *Komagata Maru*, and who landed at Vancouver airport on 14 Sept. 1976, for his first visit to Canada after his unsuccessful attempt to gain entry in 1914.
11 Severn described the meeting in a 300-word memo enclosed in Governor May's despatch to the Colonial Secretary, 8 April 1914 (copy to the Governor-General of Canada, Governor-General's Numbered Files 332 B, Public Archives Canada). We also have Gurdit Singh's version, a complete dialogue that appears on pp. 38–43 of pt. 1 of his *Voyage of Komagatamaru*. According to Gurdit Singh, Severn agreed to help by writing to the Canadian and Indian governments. 'Would you, if necessary, employ the same principles of passive resistance which Mr Gandhi nowadays employs in South Africa?' Severn is supposed to have asked. 'Oh yes, certainly in the like manner . . .' is Gurdit Singh's purported reply. But this is not consistent with Gurdit Singh's style or actions in 1914 and seems to have been added when he prepared his account for publication during Gandhi's *satyagraha* campaign in 1920–1. In other respects, the dialogue tallies so well with Severn's memo that one must conclude it is based on notes made soon after the conversation.
12 Governor May to Colonial Secretary, 8 April 1914, enclosure no. 1.

13 Borden to W. J. Roche, Minister of the Interior, Borden to Joseph Pope, Under-Secretary of State for External Affairs, and Borden to J. F. Crowly, Governor-General's Office, 7 April 1914, Borden Papers.
14 Extract from *China Press*, Shanghai, 12 April 1914, C.O. 42/979.
15 Ibid.
16 Translation of letter from Nanak Singh to Duleep Singh, 9 April 1914, Governor-General's Numbered Files 332 B.
17 H. Paske Smith, British Consulate, Simonoseki, to Sir W. Conygham Green, British Embassy, Tokyo, 2 May 1914, Governor-General's Numbered Files 332 B.
18 Jaswant Singh, pp. 57–8. He draws on a diary kept by Gurdit Singh. Evidence of venereal infections attributed to the stop at Moji was discovered during the medical examination in Vancouver: Reid to Scott, 25 June 1914, copy, Stevens Papers.
19 Phillott, Precis of Dr Rughunath Singh's report; substance of an article in *Osaka Mainichi*, Osaka, Japan, 21 April 1914, Governor-General's Numbered Files 332 B.
20 Second Supplementary Lahore Conspiracy Case, Judgment, 4 Jan. 1917, Individual case of Balwant Singh, accused no. 3, pp. 56–67; Sir Michael O'Dwyer, *India as I Knew It* (London: Constable, 1926), p. 196.
21 Reid to Scott, 26 May 1914, enclosures, Immigration 879545(1).
22 *Report of Komagata Maru Committee*, appendix iv.
23 Kartar Singh, who was among the fourteen who boarded at Yokohama, said, when interviewed on 25 Sept. 1976, that the cabins were given to Gurdit Singh and the members of the Passengers Committee. The number of cabin passengers is given in Scott to Dr G. L. Milne, Immigration Agent, Victoria, 7 May 1914, Immigration 879545(1).
24 Jaswant Singh, p. 61.

Chapter 4: ARRIVAL

1 H. L. Good to Malcolm Reid, 24 May 1914, and Reid to Scott, 23 May 1914, Immigration 879545(1).
2 Hopkinson to Cory, 27 May 1914, copy, Governnor-General's Numbered Files 332 B; B. A. McKelvie, *Magic, Murder and Mystery* (Duncan, B. C.: Cowichan Leader, 1966), p. 42. McKelvie of the *Daily Province* tagged along with the officials.
3 In filling out his personal data sheet for the Department of the Interior, Hopkinson gave his place and date of birth as Hull, Yorkshire, England, 16 June 1880, although he was born in Delhi as the baptismal records of the India Office show. His parents were William and Agnes Hopkinson, then residing in Allahabad, but Agnes may have been the European name of an Indian wife. The obituaries that appeared after his death say, incorrectly, that he was brought out to India as a child. They also add four years to his age.

Fred Taylor, who at one time shared an office with Hopkinson,

told me that he was part Indian. I asked how he knew and Taylor said that you could see it by looking at him. Sharon Pollock, in her drama *The Komagata Maru Incident*, builds much on the assumption that Hopkinson was a half-caste and the worse for it.

